ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : ਸੋਲ੍ਹਾਂ** **ਪੂ : ਲੜੀ : ਚੌਹਠ ਅਕਤੂਬਰ-ਦਸੰਬਰ, 2013**



*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
Mobile : 00447782-265726

**ਹਰਮਹਿੰਦਰ ਚਹਿਲ**

Email : Chahals57@Yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

**Shiv, Vinod Kumar**

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Model House,
Near Surinder Welding Works, Jalandhar-144003



**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਇਕ ਅੰਦਾਜ਼ੇ ਅਨੁਸਾਰੇ ਲਿਖਣ ਦਾ ਕੰਮ ਨੌਂ ਹਜ਼ਾਰ ਸਾਲ ਪਹਿਲਾਂ ਵਿਕਸਤ ਹੋਇਆ। ਤਿੰਨ ਹਜ਼ਾਰ ਬੀ.ਸੀ. ਦੀਆਂ ਲਿਖਾਵਟਾਂ ਮੈਸੀਪੋਟੇਮੀਆਂ ਵਿਚ ਲੱਭੀਆਂ ਦੱਸੀਆਂ ਜਾਂਦੀਆਂ ਹਨ। ਚੀਨ ਦੇ ਪੇਪਰ ਦੀ ਕਾਢ ਕੱਢਣ ਤੋਂ ਪਹਿਲਾਂ ਹੱਢੀਆਂ, ਲੱਕੜਾਂ, ਪੱਤੇ, ਕੱਪੜੇ ਆਦਿ ਲਿਖਣ ਲਈ ਵਰਤੇ ਜਾਂਦੇ ਰਹੇ ਹਨ। ਪੇਪਰ ਦੀ ਕਾਢ ਨੇ ਲਿਖਣਾ ਤੇ ਲਿਖੇ ਹੋਏ ਨੂੰ ਸਾਂਭਣਾ ਸੌਖਾ ਕਰ ਦਿੱਤਾ। ਫਿਰ ਛਾਪਾਖਾਨਾ ਦੀ ਕਾਢ ਨੇ ਲਿਖਾਰੀਆਂ ਤੇ ਉਹਨਾਂ ਦੀਆਂ ਲਿਖਤਾਂ ਨੂੰ ਇਕ ਨਵਾਂ ਮੋੜ ਦੇ ਦਿੱਤਾ। ਵੀਹਵੀਂ ਸਦੀ ਦੇ ਆਉਂਦਿਆਂ ਕਿਤਾਬ ਨੂੰ ਛਾਪਣਾ ਬਹੁਤ ਅਸਾਨ ਹੋ ਚੁੱਕਿਆ ਸੀ ਤੇ ਵੀਹਵੀਂ ਸਦੀ ਦੇ ਖਤਮ ਹੋਣ ਤਕ ਹੋਰ ਵੀ ਆਸਾਨ। ਕੰਪਿਊਟਰ ਆਉਣ ਤੋਂ ਪਹਿਲਾਂ ਇਕ ਇਕ ਅੱਖਰ ਜੋੜਨ ਦਾ ਅਕਾਊ ਕੰਮ ਲੰਮੇ ਅਰਸੇ ਤਕ ਚੱਲਿਆ। ਕੰਪਿਊਟਰ ਨੇ ਹਰ ਖੇਤਰ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਖਾਸ ਤੌਰ 'ਤੇ ਕਿਤਾਬਾਂ ਛਾਪਣ ਦੇ ਖੇਤਰ ਨੂੰ।

ਲੇਖਕ ਸਾਹਮਣੇ ਹਮੇਸ਼ਾ ਹੀ ਦੋ ਮਸਲੇ ਰਹੇ ਹਨ ਇਕ ਕਿਤਾਬ ਲਿਖਣਾ ਤੇ ਦੂਜੇ ਛਪਵਾਉਣਾ। ਇਕ ਤੀਜਾ ਮਸਲਾ ਵੀ ਹੈ ਕਿ ਕਿਤਾਬ ਨੂੰ ਸਹੀ ਹੱਥਾਂ ਵਿਚ ਪੁਜਦੇ ਕਰਨਾ। ਵੈਸੇ ਤਾਂ ਲੇਖਕ ਦਾ ਇਕ ਕੰਮ ਹੀ ਹੋਣਾ ਚਾਹੀਦਾ ਹੈ; ਲਿਖਣਾ। ਬਾਕੀ ਦੇ ਸਾਰੇ ਕੰਮ ਪ੍ਰਕਾਸ਼ਕ ਦੇ ਹੀ ਹੁੰਦੇ ਹਨ ਪਰ ਪੰਜਾਬੀ ਸਾਹਿਤ ਦਾ ਲੇਖਕ ਏਨਾ ਖੁਸ਼ਕਿਸਮਤ ਨਹੀਂ ਹੈ। ਬਹੁਤ ਸਾਰੇ ਲੇਖਕਾਂ ਦੀਆਂ ਕਿਤਾਬਾਂ ਤਾਂ ਅਣਛਪੀਆਂ ਹੀ ਰਹਿ ਜਾਂਦੀਆਂ ਹਨ। ਜਿਹਨਾਂ ਦੀਆਂ ਛਪਦੀਆਂ ਹਨ ਉਹਨਾਂ ਵਿਚੋਂ90× ਲੇਖਕਾਂ ਨੂੰ ਪਹਿਲਾਂ ਪੈਸੇ ਦੇ ਕੇ ਕਿਤਾਬ ਛਪਵਾਉਣੀ ਪੈਂਦੀ ਹੈ, ਫਿਰ ਆਲੋਚਕਾਂ/ਦੋਸਤਾਂ ਵਿਚ ਵੰਡਣੀ ਹੁੰਦੀ ਹੈ। ਕਿਤਾਬ ਉਪਰ ਸਮਾਗਮ ਵੀ ਰਚਾਉਣੇ ਪੈਂਦੇ ਹਨ। ਅੰਗਰੇਜ਼ੀ ਤੇ ਹੋਰਨਾਂ ਵੱਡੀਆਂ ਜ਼ੁਬਾਨਾਂ ਵਿਚ ਇਹ ਕੰਮ ਪ੍ਰਕਾਸ਼ਕ ਹੀ ਕਰਦੇ ਹਨ ਪਰ ਪੰਜਾਬੀ ਦਾ ਪ੍ਰਕਾਸ਼ਕ ਪੂਰਾ ਬਾਣੀਆਂ ਹੈ। ਉਸ ਨੂੰ ਲੇਖਕ ਨਾਲ ਕੋਈ ਹਮਦਰਦੀ ਨਹੀਂ ਹੈ। ਉਸ ਦਾ ਵਾਹ ਤਾਂ ਸਿਰਫ ਆਪਣੇ ਮੁਨਾਫੇ ਨਾਲ ਹੈ। ਪਹਿਲਾਂ ਤੋਂ ਹੀ ਕਈ ਲੇਖਕ ਪੈਸੇ ਦੇ ਕੇ ਕਿਤਾਬਾਂ ਛਪਵਾਉਂਦੇ ਰਹੇ ਹਨ ਪਰ ਪਹਿਲਾਂ ਇਹ ਅਨੁਪਾਤ 98:02 ਦੀ ਨਹੀਂ ਸੀ ਹੁੰਦੀ। ਬਹੁਤ ਸਾਰੇ ਲੇਖਕਾਂ ਦੀਆਂ ਕਿਤਾਬਾਂ ਪ੍ਰਕਾਸ਼ਕ ਛਾਪ ਦਿੰਦੇ ਸਨ। ਉਹਨਾਂ ਦਿਨਾਂ ਵਿਚ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਲਿਖਤਾਂ ਤੋਂ ਕਮਾਈ ਕੀਤੀ ਵੀ ਸੀ ਜਿਵੇਂ ਕਿ ਜਸਵੰਤ ਸਿੰਘ ਕੰਵਲ, ਨਾਨਕ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ। ਵਕਤ ਨਾਲ ਪ੍ਰਕਾਸ਼ਕ ਲਾਲਚੀ ਹੁੰਦਾ ਗਿਆ ਤੇ ਲੇਖਕ ਨੂੰ ਰੁਆਇਲਟੀ ਦੇਣ ਵੱਲੋਂ ਹੱਥ ਖਿਚਦਾ ਗਿਆ। ਫਿਰ ਪਰਵਾਸੀ ਲੇਖਕਾਂ ਦੀ ਆਵੰਦ ਨੇ ਪ੍ਰਕਾਸ਼ਕ ਨੂੰ ਬਹੁਤ ਹੀ ਲਾਲਚੀ ਬਣਾ ਦਿਤਾ। ਅਸੀਂ ਮੰਨਦੇ ਹਾਂ ਕਿ ਪ੍ਰਕਾਸ਼ਨਾ ਇਕ ਵਪਾਰ ਹੈ, ਉਸ ਨੇ ਕਮਾਈ ਕਰਨੀ ਹੀ ਹੁੰਦੀ ਹੈ ਪਰ ਪਰਵਾਸੀ ਲੇਖਕਾਂ ਨੇ ਖੁੱਲ੍ਹੇ ਪੈਸੇ ਦੇ ਕੇ ਪ੍ਰਕਾਸ਼ਕ ਦੇ ਮੁਨਾਫੇ ਨੂੰ ਬਹੁਤ ਵੱਡਾ ਬਣਾ ਦਿੱਤਾ ਹੈ। ਹੁਣ ਉਹ ਆਪਣੇ ਇਸ ਮੁਨਾਫੇ ਨੂੰ ਛੋਟੇ ਹੁੰਦੇ ਨਹੀਂ ਦੇਖ ਸਕਦਾ। ਆਪਣੇ ਬਚਾਅ ਲਈ ਉਸ ਕੋਲ ਇਕ ਘੜਿਆ-ਘੜਾਇਆ ਜਵਾਬ ਹੁੰਦਾ ਹੈ ਕਿ ਕਿਤਾਬਾਂ ਵਿਕਦੀਆਂ ਨਹੀਂ। ਇਹ ਉਸ ਦੀ ਗੱਲ ਬਿਲਕੁਲ ਗਲਤ ਹੈ। ਸ਼ਾਇਦ ਕਵਿਤਾ ਦੇ ਮਾਮਲੇ ਵਿਚ ਇਹ ਗੱਲ ਹੋਵੇ ਪਰ ਗਲਪ ਸਾਹਿਤ ਵਿਕਦਾ ਹੈ। ਸ਼ਾਇਦ ਸਾਧਾਰਨ ਪਾਠਕ ਕਿਤਾਬ ਖਰੀਦਣ ਤੋਂ ਝਿਜਕਦਾ ਹੋਵੇ ਪਰ ਦੁਨੀਆਂ ਭਰ ਵਿਚ ਜਿੱਥੇ ਵੀ ਪੰਜਾਬੀ ਵਸਦੇ ਹਨ, ਉੱਥੋਂ ਦੀਆਂ ਲਾਇਬ੍ਰੇਰੀਆਂ ਵਿਚ ਪੰਜਾਬੀ ਕਿਤਾਬਾਂ ਦਾ ਇਕ ਵੱਖਰਾ ਸੈਕਸ਼ਨ ਹੁੰਦਾ ਹੈ। ਹਰ ਸ਼ਹਿਰ ਵਿਚ ਕਈ ਕਈ ਲਾਇਬ੍ਰੇਰੀਆਂ ਹਨ। ਸਾਰੇ ਹਿੰਦੁਸਤਾਨ ਵਿਚ ਵੀ ਲਾਇਬ੍ਰੇਰੀਆਂ ਹਨ, ਮਿਲਟਰੀ ਤੇ ਹੋਰ ਮਹਿਕਮਿਆਂ ਦੀ ਵੀ

ਕਿਤਾਬਾਂ ਦੀ ਮੰਗ ਹੈ। ਗਿਣਤੀ ਕਰ ਕੇ ਦੇਖੋ ਕਿ ਜੇ ਦੋ ਦੋ ਕਿਤਾਬਾਂ ਵੀ ਇਕ ਲਾਇਬ੍ਰੇਰੀ ਨੂੰ ਜਾਣ ਤਾਂ ਕਿੰਨੀਆਂ ਗਈਆਂ। ਫਿਰ ਪ੍ਰਕਾਸ਼ਕ ਕਿਵੇਂ ਕਹਿ ਸਕਦਾ ਹੈ ਕਿ ਕਿਤਾਬ ਨਹੀਂ ਵਿਕਦੀ। ਇਕ ਦੋ ਮਲੰਗਾਂ ਨੂੰ ਛੱਡ ਕੇ ਸਭ ਪ੍ਰਕਾਸ਼ਕ ਵਧੀਆ ਕਮਾਈ ਕਰ ਰਹੇ ਹਨ ਪਰ ਲੇਖਕ ਨੂੰ ਕੁਝ ਨਹੀਂ ਦੇ ਰਹੇ। ਹਾਂ, ਹਰੀਸ਼ ਜੈਨ ਤੇ ਮੋਹਨ ਸਿੰਘ ਰਾਹੀ ਨੇ ਕਿਤਾਬਾਂ ਨੂੰ ਨਵੀਂ ਦਿੱਖ ਦਿੱਤੀ ਹੈ। ਹਰੀਸ਼ ਜੈਨ ਇਸ ਖੇਤਰ ਦਾ ਮਾਹਿਰ ਹੈ ਤੇ ਮੋਹਨ ਸਿੰਘ ਰਾਹੀ ਨੂੰ ਕਿਤਾਬਾਂ ਦੀ ਗੈਟ-ਅਪ ਬਣਾਉਣ ਦੀ ਸਮਝ ਹੈ। ਨਵੀਂ ਟੈਕਨੌਲੋਜੀ ਜੇ ਲੇਖਕ ਨੂੰ ਹੱਥ ਨਾਲ ਲਿਖਣ ਦੀ ਜਹਿਮਤ ਤੋਂ ਨਜਾਤ ਦੁਆ ਰਹੀ ਹੈ, ਬਹੁਤੇ ਪੇਪਰ ਕਾਲੇ ਕਰਨ ਤੋਂ ਬਚਾ ਰਹੀ ਹੈ, ਉੱਥੇ ਪ੍ਰਕਾਸ਼ਕ ਲਈ ਵਧੇਰੇ ਮੁਨਾਫੇ ਦੇ ਮੌਕੇ ਪੈਦਾ ਕਰ ਰਹੀ ਹੈ। ਹੁਣ ਸਭ ਕੁਝ ਪ੍ਰਕਾਸ਼ਕ ਦੇ ਕੰਪਿਊਟਰ ਵਿਚ ਪਿਆ ਹੁੰਦਾ ਹੈ, ਜਦੋਂ ਚਾਹੇ ਜਿੰਨੀਆਂ ਚਾਹੇ ਕਿਤਾਬਾਂ ਛਾਪ ਸਕਦਾ ਹੈ। ਛੋਟੇ-ਵੱਡੇ ਸਾਰੇ ਆਰਡਰਾਂ ਨੂੰ ਬਹੁਤ ਅਸਾਨੀ ਨਾਲ ਭੁਗਤਾ ਸਕਦਾ ਹੈ। ਲੇਖਕ ਨੂੰ ਇਸ ਦੀ ਕੰਨਸੋਅ ਤਕ ਨਹੀਂ ਹੁੰਦੀ।

ਕਿਤਾਬ ਦੀ ਪ੍ਰਕਾਸ਼ਨਾ ਵਿਚ ਇਕ ਨਵਾਂ ਮੋੜ ਆ ਰਿਹਾ ਹੈ। ਉਹ ਹੈ ਕਿ ਹੁਣ ਲੇਖਕ ਆਪਣੀ ਕਿਤਾਬ ਆਪ ਛਾਪ ਸਕਦਾ ਹੈ ਤੇ ਉਹ ਵੀ ਜਿੰਨੀਆਂ ਚਾਹੇ ਓਨੀਆਂ ਹੀ। ਆਪ ਹੀ ਇਹਨਾਂ ਨੂੰ ਵੇਚ ਵੀ ਸਕਦਾ ਹੈ। ਇਸ ਬਾਰੇ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਬਹੁਤ ਸਾਰੇ ਲੇਖਕ ਜਾਣਦੇ ਵੀ ਹੋਣਗੇ। ਜੇ ਵੈੱਬ ਸਰਚ ਕਰਦੇ www.blurb.co.uk 'ਤੇ ਜਾਈਏ ਤਾਂ ਤੁਸੀਂ ਦੇਖ ਸਕਦੇ ਹੋ ਕਿ ਉੱਥੇ ਤੁਹਾਨੂੰ ਆਪਣੀ ਕਿਤਾਬ ਆਪ ਛਾਪਣ ਦਾ ਸੱਦਾ ਮਿਲੇਗਾ। ਆਪਣਾ ਅਕਾਊਂਟ ਬਣਾ ਕੇ ਸਾਈਨ-ਇਨ ਕਰ ਸਕਦੇ ਹੋ ਤੇ ਆਪਣੀ ਕਿਤਾਬ ਆਪ ਛਾਪ ਸਕਦੇ ਹੋ। ਇਸ ਦੀ ਕੀਮਤ ਵੀ ਬਹੁਤ ਜਾਇਜ਼ ਜਿਹੀ ਹੈ। ਪੇਪਰ ਬੈਕ ਵਾਲੀ ਸਸਤੀ ਹੈ ਪਰ ਹਾਰਡ ਬੈਕ ਵਾਲੀ ਕੁਝ ਮਹਿੰਗੀ। ਲੇਖਕ ਆਪਣੀ ਲਾਗਤ ਕੱਢ ਕੇ ਜਾਇਜ਼ ਜਿਹਾ ਮੁਨਾਫਾ ਲੈਂਦਿਆਂ ਇਸ ਦੀ ਮਨਮਰਜ਼ੀ ਦੀ ਕੀਮਤ ਰੱਖ ਸਕਦਾ ਹੈ। ਜਦੋਂ ਪਾਠਕ ਕਿਤਾਬ ਆਰਡਰ ਕਰੇਗਾ ਤਾਂ ਉਸ ਦੇ ਹਿੱਸੇ ਦਾ ਮੁਨਾਫਾ ਉਸ ਦੇ ਅਕਾਊਂਟ ਵਿਚ ਪਾ ਦਿੱਤਾ ਜਾਵੇਗਾ। ਇਥੇ ਓਨੀਆਂ ਹੀ ਕਿਤਾਬਾਂ ਛਾਪੀਆਂ ਜਾਂਦੀਆਂ ਹਨ ਜਿੰਨੀਆਂ ਦਾ ਆਰਡਰ ਆਉਂਦਾ ਹੈ। ਇਕ ਕਿਤਾਬ ਵੀ ਹੋ ਸਕਦੀ ਹੈ ਤੇ ਸੌ ਵੀ। ਹਾਂ, ਜਿੰਨੀਆਂ ਜ਼ਿਆਦਾ ਕਿਤਾਬਾਂ ਆਰਡਰ ਹੋਣਗੀਆਂ, ਸਸਤੀਆਂ ਪੈਣਗੀਆਂ। ਲੇਖਕ ਲਈ ਇਹ ਨਵੀਂ ਪ੍ਰਕਾਸ਼ਨਾ ਬਹੁਤ ਹੀ ਸੌਖੀ ਹੈ। ਬਸ ਥੋੜ੍ਹੀ ਜਿਹੀ ਕੰਪਿਊਟਰ ਦੀ ਸਮਝ ਹੋਣੀ ਚਾਹੀਦੀ ਹੈ। ਅੱਜਕਲ੍ਹ ਪਾਠਕਾਂ ਤਕ ਆਪਣੀ ਕਿਤਾਬ ਦੀ ਖ਼ਬਰ ਭੇਜਣ ਲਈ ਲਈ ਫੇਸਬੁੱਕ ਵਰਗੀਆਂ ਕਈ ਥਾਵਾਂ ਉਪਲਭਧ ਹਨ। ਲਾਇਬ੍ਰੇਰੀਆਂ ਨੂੰ ਵੀ ਇਹਨਾਂ ਥਾਂਵਾਂ ਤੋਂ ਕਿਤਾਬਾਂ ਖਰੀਦਣੀਆਂ ਸੌਖੀਆਂ ਹੋਣਗੀਆਂ। ਉਮੀਦ ਕਰਦੇ ਹਾਂ ਕਿ ਲੇਖਕ ਕੁਝ ਕਮਾਈ ਕਰ ਸਕੇਗਾ। ਸਾਨੂੰ ਇਹ ਵੀ ਆਸ ਹੈ ਕਿ ਭਵਿੱਖ ਵਿਚ ਅਜਿਹੀਆਂ ਹੋਰ ਬਹੁਤ ਸਾਰੀਆਂ ਸਾਈਟਾਂ ਸ਼ੁਰੂ ਹੋ ਜਾਣਗੀਆਂ। ਇਵੇਂ ਇਹ ਵੀ ਜਾਪਦਾ ਹੈ ਕਿ ਜਲਦੀ ਹੀ ਲੇਖਕ ਤੇ ਪਾਠਕ ਦੇ ਵਿਚਕਾਰੋਂ ਪ੍ਰਕਾਸ਼ਕ ਨਿਕਲ ਸਕਦਾ ਹੈ।

ਇਸ ਵਾਰ ਅਸੀਂ ਹਰਜੀਤ ਅਟਵਾਲ ਦਾ ਨਵਾਂ ਨਾਵਲ 'ਮੁੰਦਰੀ ਡੌਟ ਕੌਮ ਛਾਪ ਰਹੇ ਹਾਂ। ਜਿਵੇਂ ਕਿ ਇਸ ਦਾ ਨਾਂ ਹੀ ਦੱਸਦਾ ਹੈ ਇਹ ਨਾਵਲ ਨਵੇਂ ਦੌਰ ਦਾ ਨਾਵਲ ਹੈ ਪਰ ਜਿੰਨੀ ਮਰਜ਼ੀ ਦੁਨੀਆਂ ਬਦਲ ਜਾਵੇ, ਜਿੰਨੇ ਮਰਜ਼ੀ ਯੁੱਗ ਬੀਤ ਜਾਣ, ਇਨਸਾਨ ਤਾਂ ਇਨਸਾਨ ਹੀ ਰਹੇਗਾ। ਉਸ ਨੂੰ ਉਵੇਂ ਹੀ ਦਰਦ ਹੋਵੇਗਾ ਜਿਵੇਂ ਧਰਤੀ ਉਪਰਲੇ ਪਹਿਲੇ ਇਨਸਾਨ ਨੂੰ ਹੁੰਦਾ ਹੋਵੇਗਾ। 'ਮੁੰਦਰੀ ਡੌਟ ਕੌਮ'ਮਨੁੱਖੀ ਸੁਭਾਅ ਵਿਚ ਪਈਆਂ ਗੰਢਾਂ ਬਾਰੇ ਹੈ। ਇਨਸਾਨ ਦੀ ਲਿਆਕਤ ਉਸ ਦੇ ਪੈਸੇ ਜਾਂ ਉਸ



ਦੀ ਜ਼ਾਤ-ਪਾਤ ਵਿਚ ਨਹੀਂ ਹੁੰਦੀ। ਇਸ ਨਾਵਲ ਵਿਚ ਲੇਖਕ ਨੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦ ਮੌਕਾ ਮਿਲਦਾ ਹੈ ਤਾਂ ਦਲਿਤ-ਵਰਗ ਦਾ ਇਨਸਾਨ ਵੀ ਬਹੁਤ ਵੱਡੀ ਮੱਲ ਮਾਰ ਸਕਦਾ ਹੈ। ਸਾਡੇ ਸਮਾਜ ਦੀ ਇਹੋ ਮੁਸ਼ਕਲ ਹੈ ਕਿ ਦਲਿਤ-ਵਰਗ ਦੇ ਲੋਕਾਂ ਲਈ ਮੌਕਿਆਂ ਦੀ ਘਾਟ ਹੁੰਦੀ ਹੈ। ਇਹ ਨਾਵਲ ਗਰੀਬ ਘਰ ਦੀ ਇਕ ਕੁੜੀ ਦੀ ਜੀਵਨ-ਯਾਤਰਾ ਹੈ। ਹਰਜੀਤ ਦੇ ਪਹਿਲੇ ਨਾਵਲਾਂ ਦੇ ਮੁਕਾਬਲੇ ਇਹ ਬਹੁਤ ਛੋਟੇ ਅਕਾਰ ਦਾ ਨਾਵਲ ਹੈ। ਨਾਵਲ ਦਾ ਸਾਈਜ਼ ਕਦੇ ਵੀ ਨਾਵਲ ਦੇ ਵਧੀਆ ਹੋਣ ਦਾ ਸਬੂਤ ਨਹੀਂ ਹੁੰਦਾ। ਦੂਜੀ ਗੱਲ ਇਹ ਹੈ ਕਿ ਇਹ ਨਾਵਲ ਉਪਰ ਦੱਸੀ ਟੈਕਨੀਕ ਨਾਲ ਛਪ ਕੇ ਮਾਰਕਿਟ ਵਿਚ ਆ ਚੁੱਕਿਆ ਹੈ। 'ਮੁੰਦਰੀ ਡੌਟ ਕੌਮ' ਲੇਖਕ ਵੱਲੋਂ ਆਪ ਇੰਟਰਨੈੱਟ ਤੋਂ ਕਿਤਾਬਤ ਕੀਤਾ ਪੰਜਾਬੀ ਦੇ ਪਹਿਲਿਆਂ ਨਾਵਲਾਂ ਵਿਚੋਂ ਹੋਵੇਗਾ। ਲੇਖਕ ਨੇ blurb.co.uk ਰਾਹੀਂ ਹੀ ਛਾਪਿਆ ਹੈ। ਲੇਖਕ ਮੁਤਾਬਕ ਉਸ ਨੇ ਆਪਣਾ ਢੁਕਵਾਂ ਜਿਹਾ ਮੁਨਾਫਾ ਰੱਖ ਕੇ ਇਸ ਦੀ ਕੀਮਤ 7.99 ਪਾਊਂਡ ਰੱਖੀ ਹੈ। ਇਹ ਨਾਵਲ ਅਸੀਂ ਛਾਪ ਹੀ ਰਹੇ ਹਾਂ ਪਰ ਜੇ ਕਿਸੇ ਨੇ ਕਿਤਾਬੀ ਰੂਪ ਵਿਚ ਖਰੀਦਣਾ ਹੋਵੇ ਤਾਂ 'ਅਦਾਰਾ ਸ਼ਬਦ' ਦੇ ਫੇਸਬੁੱਕ ਅਕਾਊਂਟ ਉਪਰ ਇਸ ਦਾ ਸਿਰਨਾਵਾਂ ਦਿੱਤਾ ਹੋਇਆ ਹੈ।

http://www.blurb.co.uk/b/4342155-mundri-com

ਇਸ ਵਾਰ ਅਸੀਂ ਹਰਬਖਸ਼ ਮਕਸੂਦਪੁਰੀ ਨਾਲ ਕੀਤੀ ਲੰਮੀ ਮੁਲਾਕਾਤ ਵੀ ਦੇ ਰਹੇ ਹਾਂ। ਹਰਬਖਸ਼ ਮਕਸੂਦਪੁਰੀ ਬਹੁ-ਵਿਧਾਵੀ ਲੇਖਕ ਹਨ। ਉਹਨਾਂ ਨੇ ਕਵਿਤਾ-ਕਹਾਣੀ ਵੀ ਲਿਖੀ ਹੈ, ਆਲੋਚਨਾ ਵੀ ਕੀਤੀ ਹੈ ਤੇ ਜੀਵਨੀ ਵੀ ਲਿਖੀ ਹੈ। ਬਹੁਤ ਸਾਰੇ ਲੇਖ ਵੀ ਲਿਖੇ ਹਨ ਜਿਹੜੇ ਕਿ ਮਨੋਵਿਗਿਆਨ ਨਾਲ ਤੇ ਧਰਮਾਂ ਨਾਲ ਸੰਬੰਧਿਤ ਹਨ। ਉਹਨਾਂ ਇਸਲਾਮ, ਹਿੰਦੂ ਧਰਮ, ਸਿੱਖ ਧਰਮ, ਦਸਮ ਗਰੰਥ, ਜੈਨ ਧਰਮ ਆਦਿ ਬਾਰੇ ਜਾਣਕਾਰੀ ਭਰਪੂਰ ਲੇਖ ਲਿਖੇ ਹਨ। ਉਹਨਾਂ ਦੀ ਦੋ ਹਿੱਸਿਆਂ ਵਿਚ ਛਪੀ ਜੀਵਨੀ ਪਾਠਕ ਦੀ ਜੀਵਨ-ਜਾਚ ਨੂੰ ਵਧੀਆ ਬਣਾਉਣ ਵਿਚ ਸਹਾਈ ਹੋਣ ਵਾਲੀ ਰਚਨਾ ਹੈ। ਪੰਜਾਬੀ ਸਾਹਿਤ ਵਿਚ ਉਹ ਸੱਠ ਸਾਲ ਤੋਂ ਸਰਗਰਮ ਹਨ। ਇੰਗਲੈਂਡ ਵਿਚ ਆ ਕੇ ਵਸਣ ਵਾਲੇ ਪਹਿਲੀ ਪੀੜ੍ਹੀ ਦੇ ਲੇਖਕਾਂ ਵਿਚੋਂ ਹਨ। ਇੰਗਲੈਂਡ ਵਿਚ ਹੀ ਨਹੀਂ ਸਮੁੱਚੇ ਸਾਹਿਤ ਵਿਚ ਹੀ ਉਹ ਮੁਹਰਲੀਆਂ ਸਫਾਂ ਦੇ ਲੇਖਕ ਹਨ। ਉਹਨਾਂ ਦੀ ਆਲੋਚਨਾ ਬਹੁਤ ਸਾਰਥਿਕ ਮੰਨੀ ਜਾਂਦੀ ਹੈ। ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲਿਆਂ ਬਾਰੇ ਉਹਨਾਂ ਦੀ ਇਕ ਕਿਤਾਬ ਹਰ ਨਵੇਂ ਆਲੋਚਕ ਲਈ ਰਾਹ ਦਿਖਾਉਂਦੀ ਰਚਨਾ ਹੈ। ਸਾਨੂੰ ਯਕੀਨ ਹੈ ਕਿ ਉਸ ਨਾਲ ਕੀਤੀ ਇਹ ਮਲਾਕਾਤ ਵੀ ਕਈਆਂ ਲਈ ਪੱਥ-ਪ੍ਰਦਸ਼ਕ ਬਣੇਗੀ। ਇਹ ਮੁਲਾਕਾਤ ਦਲਬੀਰ ਕੌਰ ਨੇ ਕੀਤੀ ਹੈ। ਦਲਬੀਰ ਕੌਰ ਪੰਜਾਬੀ ਦੀ ਪ੍ਰਤਿਭਾਵਾਨ ਕਵਿਤਰੀ ਹੈ ਇਸ ਲਈ ਉਸ ਨੇ ਸਵਾਲ ਵੀ ਵੱਖਰੇ ਕੋਣ ਤੋਂ ਕੀਤੇ ਹਨ। ਦਲਬੀਰ ਕੌਰ ਪ੍ਰੋਫੈਸ਼ਨਲ ਸਾਇਕੌਲੌਜਿਸਟ ਹੈ ਤੇ ਮਨੋਵਿਗਿਆਨ ਬਾਰੇ ਉਸ ਦੀ ਸਮਝ ਇਹ ਸਵਾਲ ਪੁੱਛਣ ਵਿਚ ਬਹੁਤ ਕੰਮ ਆਈ ਹੈ।

**-ਜਿੰਦਰ**

**ਇਸ ਵਾਰ**

## ਵਡੇਰੀ ਕਲਮ ਦੇ ਵੱਡਮੁਲੇ ਸ਼ਬਦ

## ਹਰਬਖਸ਼ ਮਕਸੂਦਪੁਰੀ ਨਾਲ ਵਾਰਤਾਲਾਪ

**–ਦਲਵੀਰ ਕੌਰ**

*ਆਮ ਮਨੁੱਖ ਦਾ ਪਰਬਲ ਸੁਭਾਅ ਹੁੰਦਾ ਹੈ ਕਿ ਉਹ ਨਿੱਜੀ ਨਫਾ ਨੁਕਸਾਨ ਸੋਚਣ ’ਚ ਬਹੁਤਾ ਸਮਾਂ ਬਤੀਤ ਕਰਦਾ ਹੈ ਤੇ ਪਰ ਦੀ ਪ੍ਰਵਾਹ ਬਹੁਤ ਘਟ ਤੇ ਬਾਅਦ ’ਚ ਹੀ ਕਰਦਾ ਹੈ। ਮੇਰਾ ਵਾਹ ਬਹੁਤ ਹੀ ਅਲਪ ਸੰਖਿਆ ਅਜਿਹੇ ਬੰਦਿਆਂ ਨਾਲ ਪਿਆ ਹੈ ਜੋ ਸਰਲ ਤੇ ਸਪੱਸ਼ਟ ਵੀ ਹੋਣ, ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਦੀ ਬਿਰਤੀ ਦੇ ਮਾਲਕ ਵੀ ਹੋਣ, ਦਾਰਸ਼ਨਿਕ ਸੋਚ ਦੇ ਧਾਰਨੀ ਵੀ ਹੋਣ ਤੇ ਵਿਗਿਆਨਿਕ ਦ੍ਰਿਸਟੀ ਤੋਂ ਵੀ ਪਰਪੱਕ ਹੋਣ॥ ਇਹ ਸਾਰੇ ਗੁਣ ਕਿਸੇ ਮਨੁੱਖ ’ਚ ਹੋਣੇਂ ਉਸ ਨੂੰ ਆਮ ਮਨੁੱਖਾਂ ਤੋਂ ਉੱਚਾ ਕਰਦੇ ਹੋਏ ਵੀ ਉਹਨੂੰ ਆਮ ਇਨਸਾਨਾਂ ਦੇ ਦੁੱਖ ਦਰਦ ਦਾ ਭਾਈਵਾਲ ਬਣਾਈ ਰੱਖਦੇ ਨੇ। ਹਰਬਖਸ਼ ਮਕਸੂਦਪੁਰੀ ਜੀ ਨਾਲ ਲੰਬੀ ਗੱਲਬਾਤ ਦੌਰਾਨ ਮੈਨੂੰ ਅਜਿਹੇ ਇਨਸਾਨ ਦੀ ਬਾਰ ਬਾਰ ਦੱਸ ਪੈਂਦੀ ਰਹੀ ਹੈ। ਇਸ ਵਡੇਰੀ ਕਲਮ ਦੇ ਵਡਮੁੱਲੇ ਸ਼ਬਦ ਸੁਹਿਰਦ ਪਾਠਕਾਂ ਲਈ ਸਵਾਲ ਜਵਾਬ ਦੇ ਰੂਪ ਵਿਚ ਹਾਜ਼ਰ ਨੇ।*

? ਤੁਹਾਡੇ ਲੰਬੇ ਤਜਰਬੇ ਮੁਤਾਬਿਕ ਸੰਸਾਰ ਕੀ ਹੈ।

– ਜਿੰਨਾ ਕੁ ਗਿਆਨ ਮੈਨੂੰ ਆਪਣੇ ਜੀਵਨ ਦੇ ਲੰਮੇ ਤਜਰਬੇ ਵਿਚੋਂ ਮਿਲ ਸਕਿਆ ਹੈ ਉਸ ਅਨੁਸਾਰ ਮੈਂ ਇੰਨਾ ਕੁ ਹੀ ਕਹਿ ਸਕਦਾ ਹਾਂ ਕਿ ਜੋ ਕੁਝ ਵੀ ਹੈ ਇਹ ਸੰਸਾਰ ਹੀ ਹੈ, ਇਸ ਤੋਂ ਬਾਹਰ ਹੋਰ ਕੁਝ ਵੀ ਨਹੀਂ ਹੈ। ਚੰਗਾ ਮੰਦਾ ਸਭ ਕੁਝ ਇਹਦੇ ਅੰਦਰ ਹੀ ਵਾਪਰਦਾ ਹੈ। ਨਰਕ ਸੁਰਗ ਤੇ ਅਗਲਾ ਪਿਛਲਾ ਜਨਮ ਬੰਦੇ ਦੀ ਕਲਪਨਾ ਤੋਂ ਵਧ ਹੋਰ ਕੁਝ ਵੀ ਨਹੀਂ ਹੈ। ਇਸ ਸੰਸਾਰ ਵਿਚ ਜੋ ਕੁਝ ਵੀ ਹੈ ਕੁਦਰਤ ਦੀ ਸਮੁੱਚਤਾ ਦਾ ਅਨਿੱਖੜ ਅੰਗ ਹੈ। ਸੰਸਾਰ ਦੀ ਹਰ ਵਸਤ ਕਿਸੇ ਹੋਰ ਵਸਤ ਨਾਲ ਜੁੜੀ ਹੋਈ ਹੈ। ਹਰ ਵਸਤ, ਹਰ ਜੀਵ ਅਪੂਰਨ ਹੈ। ਉਸਤੋਂ ਬਾਹਰ ਦੀਆਂ ਵਸਤ ਜਾਂ ਜੀਵ ਹੀ ਉਹਨੂੰ ਸੰਪੂਰਨ ਕਰਦੇ ਹਨ। ਸੂਰਜ ਚੰਦ ਤਾਰੇ ਸਭ ਇਕ ਦੂਜੇ ਦੇ ਸਹਾਰੇ ਹੀ ਹੋਂਦ ਵਿਚ ਹਨ। ਕੁਦਰਤ ਦੇ ਆਕਰਸ਼ ਗੁਣ ਕਾਰਣ ਇਹ ਸਾਰੇ ਇਕ ਦੂਜੇ ਨਾਲ ਜੁੜੇ ਹੋਏ ਹਨ ਤੇ ਉਦਕਰਖ ਗੁਣ ਦੇ ਕਾਰਨ ਇਕ ਦੂਜੇ ਵਿਚ ਸਮਾ ਜਾਣ ਤੋਂ ਬਚੇ ਹੋਏ ਹਨ॥

? ਬੰਦੇ ਦੀ ਜ਼ਿੰਦਗੀ ’ਚ ਈਮਾਨ ਦਾ ਧੁਰਾ ਕੀ ਹੁੰਦਾ ਹੈ।

– ਇਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਇਹ ਦੇਖਣਾ ਪਏਗਾ ਕਿ ਈਮਾਨ ਹੈ ਕੀ ? ਕਿਸੇ ਪਰਾਸਰੀਰਕ ਵਸਤੂ ਤੇ ਈਮਾਨ ? ਕਿਸੇ ਅਜਿਹੀ ਸ਼ਕਤੀ ਤੇ ਈਮਾਨ ਜਿਹੜੀ ਸਾਡੀ ਸਮਝ ਤੇ ਸਾਡੀ ਪਹੁੰਚ ਤੋਂ ਪਰੇ ਹੈ ? ਮੇਰੇ ਖਿਆਲ ਅਨੁਸਾਰ ਅਜੇਹੀ ਕੋਈ ਚੀਜ਼ ਨਹੀਂ, ਨਾ ਅਜੇਹੀ ਸ਼ਕਤੀ ਦੀ ਹੋਂਦ ਦਾ ਕਿਸੇ ਨੂੰ ਕੁਝ ਪਤਾ ਹੈ। ਇਹ ਸਭ ਕੁਝ ਬੰਦੇ ਦੀ ਕਲਪਨਾ ਹੈ। ਕੋਈ ਬੰਦਾ ਕਲਪਤ ਸ਼ਕਤੀ ਦੀ ਗੱਲ ਤਾਂ ਕਰ ਸਕਦਾ ਹੈ ਤੇ ਉਹਦੇ ਭੈਅ ਵਿਚ ਵੀ ਵਿਚਰ ਸਕਦਾ ਹੈ, ਪਰ ਉਹ ਕਰਦਾ ਉਹ ਕੁਝ ਹੀ ਹੈ ਜਿਹੜਾ ਉਹਨੂੰ ਇਸ ਜੀਵਨ ਵਿਚ ਸਮਾਜਕ ਤੇ ਆਰਥਕ ਪੱਖ ਤੋਂ ਠੀਕ ਬੈਠਦਾ ਹੈ। ਹਰ ਜੀਵ ਨੂੰ ਦੁੱਖ ਲਗਦਾ ਹੈ ਤੇ ਹਰ ਜੀਵ ਸੁੱਖ ਵਿਚ ਰਹਿਣਾ ਚਾਹੁੰਦਾ ਹੈ, ਮੇਰਾ ਯਕੀਨ ਹੈ ਕਿ ਸੁੱਖ ਕਦੀਂ ਵੀ ਕਿਸੇ ਨੂੰ ਸਮੁੱਚੇ ਜੀਵਨ ਨਾਲੋਂ ਕੱਟ ਕੇ ਨਹੀਂ ਮਿਲ ਸਕਦਾ, ਜੇ ਸਾਡੇ ਆਲੇ ਦੁਆਲੇ ਚੀਕਾਂ, ਪੁਕਾਰਾਂ ਹਨ ਤਾਂ ਅਸੀਂ ਇਸ ਸਭ ਕੁਝ ਤੋਂ ਅੱਖਾਂ ਮੀਟ ਕੇ ਖੁਸ਼ ਨਹੀਂ ਰਹਿ ਸਕਦੇ। ਜੇ ਸਾਡੇ ਆਲੇ ਦੁਆਲੇ ਗੰਦ ਹੈ ਤਾਂ ਉਸ ਗੰਦ ਦਾ ਹਿੱਸਾ ਸਾਨੂੰ ਵੀ ਅਵੱਸ਼ ਮਿਲਦਾ ਹੈ। ਜੇ ਪ੍ਰਸੰਨ ਰਹਿਣਾ



ਹੈ ਤਾਂ ਆਪਣੇ ਆਲੇ ਦੁਆਲੇ ਪ੍ਰਸੰਨਤਾ ਦੇ ਬੀਜ ਬੀਜੋ ਅਜੇਹਾ ਸਮਾਜ ਸਿਰਜਣ ਦੇ ਯਤਨਾਂ ਵਿਚ ਹਿੱਸਾ ਪਾਓ ਜਿਸ ਵਿਚ ਹਰ ਤਰ੍ਹਾਂ ਦੀ ਸਮਾਜਕ ਤੇ ਆਰਥਕ ਬਰਾਬਰੀ ਹੋਵੇ ਤੇ ਮਜ੍ਹਬਾਂ, ਜਾਤਾਂ ਤੇ ਜਮਾਤਾਂ ਦੀਆਂ ਵੰਡੀਆਂ ਨਾ ਹੋਣ॥

? ਉਮਰ ਦੇ ਇਸ ਪੜ੍ਹਾ ਤੇ ਪਹੁੰਚ ਕੇ ਤੁਹਾਡੇ ਵਾਸਤੇ ਅਣਮੁੱਲੀ ਚੀਜ਼ ਕੀ ਹੈ ? ਕਿਹੜੀ ਚੀਜ਼ ਦੀ ਉਮਰ ਦੇ ਵਧਣ ਨਾਲ ਅਹਿਮੀਅਤ ਘੱਟਦੀ ਹੈ।

–ਉਮਰ ਦੇ ਇਸ ਪੜਾ ’ਤੇ ਪੁੱਜ ਕੇ ਮੇਰੇ ਲਈ ਉਹ ਹੀ ਅਨਮੋਲ ਘੜੀਆਂ ਹਨ ਜਿਹੜੀਆਂ ਮੈਂ ਉਸ ਤਰ੍ਹਾਂ ਜੀਅ ਸਕਾਂ ਜਿਸ ਤਰ੍ਹਾਂ ਮੈਂ ਜੀਣਾ ਚਾਹਿਆ ਸੀ ਤੇ ਜੀਵਨ ਦੀ ਗਾੜ੍ਹ ਮਾਰ ਤੇ ਖਲਜਗਣ ਵਿਚ ਜੀਅ ਨਹੀਂ ਸਕਿਆ ਸਾਂ। ਉਮਰ ਦੇ ਵਧਣ ਨਾਲ ਧਨ ਦੌਲਤ ਦੀ ਅਹਿਮੀਅਤ ਘਟਦੀ ਹੈ ਤੇ ਚੰਗੀ ਸਿਹਤ ਦੀ ਅਹਿਮੀਅਤ ਵਧਦੀ ਹੈ।

? ਝੂਠੇ ਜਾਂਦੇ ਜਿੱਤ ਇੱਥੇ ਸੱਚੇ ਜਾਂਦੇ ਹਾਰ, ਸੱਚੇ ਖਾਂਦੇ ਵੇਖੇ ਨੇ ਫਰੇਬੀਆਂ ਤੋਂ ਮਾਰ। ਇਸ ਪ੍ਰਤੀ ਤੁਹਾਡੇ ਕੀ ਅਨੁਭਵ ਹਨ।

– ਝੂਠਿਆਂ ਦੀ ਜਿੱਤ ਵਕਤੀ ਹੁੰਦੀ ਹੈ। ਅੰਤ ਵਿਚ ਜਿੱਤ ਸੱਚ ਦੀ ਹੀ ਹੁੰਦੀ ਹੈ। ਸੱਚ ਦਾ ਆਪਣਾ ਹੀ ਨਸ਼ਾ ਹੁੰਦਾ ਹੈ। ਸੱਚ ਵਾਲੇ ਸੁਕਰਾਤ ਵਾਂਗ ਹੱਸਦੇ ਹੱਸਦੇ ਜ਼ਹਿਰ ਪਿਆਲਾ ਵੀ ਪੀ ਲੈਂਦੇ ਹਨ। ਸੱਚ ਨੂੰ ਅਸਹਿ ਕਸ਼ਟ ਵੀ ਝੱਲਣੇ ਪੈਂਦੇ ਹਨ॥ ਅੰਤ ਵਿਚ ਸੱਚ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹੱਸਦਾ ਹੈ ਤੇ ਝੂਠ ਰੋਂਦਾ ਕੁਰਲਾਉਂਦਾ ਹੈ॥ ਮੇਰੀ ਲੰਮੀ ਉਮਰ ਵਿਚ ਅਨੇਕਾਂ ਵੇਰ ਇੰਝ ਹੁੰਦਾ ਰਿਹਾ ਹੈ ਜਿਵੇਂ ਕਿ ਧੋਖੇਬਾਜ਼ ਜਿੱਤ ਗਏ ਹੋਣ ਤੇ ਮੈਂ ਹਾਰ ਗਿਆ ਹੋਵਾਂ, ਪਰ ਸੱਚ ਦੀ ਅੰਤਮ ਜਿੱਤ ਵਿਚ ਮੇਰਾ ਵਿਸ਼ਵਾਸ ਸਦਾ ਕਾਇਮ ਰਿਹਾ ਹੈ। ਧੋਖੇਬਾਜ਼ ਝੂਠ ਦੀ ਜਿੱਤ ਵਿਚ ਯਕੀਨ ਕਰ ਕੇ ਆਪਣੇ ਆਪ ਨੂੰ ਹੀ ਧੋਖਾ ਦਿੰਦੇ ਰਹੇ ਹਨ। ਅੰਤ ਉਹ ਆਪਣੇ ਵਿਛਾਏ ਝੂਠ ਦੇ ਜਾਲ ਵਿਚ ਆਪ ਹੀ ਫਸ ਜਾਂਦੇ ਰਹੇ ਹਨ। ਮੇਰਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਹੈ ਕਿ ਝੂਠ ਦੇ ਬੱਦਲ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਦੇ। ਰਾਤ ਭਾਵੇਂ ਕਿੰਨੀ ਕਾਲੀ ਤੇ ਭਿਆਨਕ ਹੋਵੇ, ਉਹਦਾ ਅੰਤ ਨਿਸਚਿਤ ਹੁੰਦਾ ਹੋ ਤੇ ਸਵੇਰ ਦੇ ਸੂਰਜ ਨੂੰ ਚੜ੍ਹਨੋਂ ਕੋਈ ਰੋਕ ਨਹੀਂ ਸਕਦਾ॥

? ਕਿਹੜੀ ਗੱਲ ਨੇ ਵੱਧ ਤੋਂ ਵੱਧ ਖੁਸ਼ੀ ਤੇ ਵੱਧ ਤੋਂ ਵੱਧ ਦੁੱਖ ਦਿੱਤਾ ਤੁਹਾਨੂੰ ਜ਼ਿੰਦਗੀ ’ਚ।

– ਦੁੱਖ ਅਤੇ ਸੁੱਖ ਦੋਵੇਂ ਹੀ ਇਕ ਦੂਜੇ ਦੇ ਪੂਰਕ ਹੁੰਦੇ ਹਨ। ਸੁੱਖ ਦਾ ਅਹਿਸਾਸ ਤਾਂ ਹੀ ਹੁੰਦਾ ਹੈ ਜੇ ਦੁੱਖ ਵੀ ਭੋਗਿਆ ਹੋਵੇ। ਸੁੱਖ ਦੀ ਪ੍ਰਾਪਤੀ ਦੁੱਖ ਦੇ ਅਹਿਸਾਸ ਵਿਚੋਂ ਹੀ ਪੈਦਾ ਹੁੰਦੀ ਹੈ। ਸੁੱਖ ਦੀ ਜਿਹੜੀ ਮਾਤਰਾ ਸੁਖੀ ਰਹੇ ਬੰਦੇ ਨੂੰ ਤੁੱਛ ਜੇਹੀ ਲਗਦੀ ਹੈ, ਉਹੀ ਮਾਤਰਾ ਸਦਾ ਦੁਖੀ ਰਹੇ ਬੰਦੇ ਨੂੰ ਵੱਡੀ ਲਗਦੀ ਹੈ। ਦੁੱਖ ਦੀ ਉਸੇ ਮਾਤਰਾ ਨੂੰ ਸਦਾ ਦੁਖੀ ਰਿਹਾ ਬੰਦਾ ਘੱਟ ਮਹਿਸੂਸ ਕਰਦਾ ਹੈ ਤੇ ਸਦਾ ਸੁਖੀ ਰਹੇ ਬੰਦੇ ਲਈ ਉਹੀ ਮਾਤਰਾ ਅਸਹਿਣਯੋਗ ਹੁੰਦੀ ਹੈ। ਮੇਰੇ ਜੀਵਨ ਵਿਚ ਵੀ ਅਨੇਕਾਂ ਦੁੱਖ ਆਏ ਪਰ ਮੇਰੇ ਉੱਤੇ ਉਨ੍ਹਾਂ ਦਾ ਅਸਰ ਨਾ ਮਾਤਰ ਹੀ ਹੋਇਆ ਕਿਉਂਕਿ ਮੈਂ ਗ਼ਰੀਬੀ ਤੇ ਤੰਗਦਸਤੀ ਵਿਚ ਜੰਮਿਆ ਪਲਿਆ ਸਾਂ। ਨਿੱਜੀ ਤੌਰ ਤੇ ਤਾਂ ਮੈਨੂੰ ਉਦੋਂ ਬਹੁਤ ਖੁਸ਼ੀ ਮਿਲੀ ਸੀ ਜਦੋਂ ਮੈਂ ੧੬ ਕੁ ਸਾਲ ਦੀ ਉਮਰ ਵਿਚ ‘ਪਹਿਲੀ ਕਿਰਨ ਪਿਆਰ ਦੀ’ ਦੇਖੀ ਸੀ। ਉਸ ਕੁੜੀ ਨਾਲ ਨਾ ਮੈਂ ਕੋਈ ਗੱਲ ਕੀਤੀ ਸੀ ਨਾ ਉਹਨੇ ਮੇਰੇ ਨਾਲ। ਬਸ ਉਹਦੀ ਪਿਆਰ ਦੀ ਇੱਕੋ ਤੱਕਣੀ ਨੇ ਮੇਰੇ ਸੁਪਨਿਆਂ ਨੂੰ ਸੁਨਹਿਰੇ ਬਣਾ ਦਿੱਤਾ ਸੀ॥ ਉਹ ਕੁੜੀ ਨਾ ਮੈਨੂੰ ਮੁੜ ਕਦੀਂ ਮਿਲੀ, ਨਾ ਮੈਂ ਹੀ ਉਹਨੂੰ ਲੱਭਣ ਦਾ ਯਤਨ ਕੀਤਾ। ਬਸ ਇਹੀ ਸੋਚ ਭਾਰੂ ਸੀ ਕਿ ਮੇਰੇ ਵਿਚ ਜ਼ਰੂਰ ਕੁਝ ਹੋਵੇਗਾ ਜਿਹੜਾ ਉਹਨੂੰ ਚੰਗਾ ਲੱਗ ਗਿਆ। ਮੈਨੂੰ ਆਪਣਾ ਆਪ ਚੰਗਾ ਲੱਗਣ ਲੱਗ ਪਿਆ। ਕੁਝ ਹੋਣ ਕੁਝ ਬਣਨ ਦੀ, ਕੁਝ ਕਰਨ ਦੀ ਲੋਚਾ ਮੇਰੇ ਜੀਵਨ ਦਾ ਧੁਰਾ ਬਣ ਗਈ। ਵੱਧ ਤੋਂ ਵੱਧ ਦੁੱਖ ਮੈਨੂੰ ਉਦੋਂ ਹੋਇਆ

ਸੀ ਜਦ ਕੇਵਲ ਦੋ ਮਹੀਨੇ ਮੇਰੇ ਕੋਲ ਰਹਿ ਕੇ ਮੇਰੀ ਪਹਿਲੀ ਪਤਨੀ ਦੀ ਮੌਤ ਹੋ ਗਈ ਸੀ। ਉਹ ਦੁੱਖ ਚਿਰ- ਰਹਿਣਾ ਨਹੀਂ ਸੀ। ਗੁਰਬਾਣੀ, ਪ੍ਰੀਤਲੜੀ ਤੇ ਮਾਰਕਸੀ ਫਲਸਫੇ ਦੀ ਰੌਸ਼ਨੀ ਵਿਚ ਮੈਂ ਨਿੱਜ ਦੇ ਗ਼ਮ ਨੂੰ ਲੋਕਾਂ ਦੇ ਗ਼ੁੰਮ ਵਿਚ ਡੁਬਾਉਣਾ ਸਿੱਖ ਗਿਆ। ਕਰਕੇ ਕਲੇਜੇ ਵਿਚ ਤਾਂ ਰਹਿਣੀ ਸੀ ਤੇ ਉਹ ਹੁਣ ਵੀ ਕਾਇਮ ਹੈ॥

? ਤੁਹਾਡੇ ਵਾਸਤੇ ਰੱਬ ਜਾਂ ਪ੍ਰਮਾਤਮਾ ਦੇ ਕੀ ਅਰਥ ਨੇ ? ਕੀ ਇਹਨਾਂ ਅਰਥਾਂ ਨੂੰ ਕਿਸੇ ਪ੍ਰਸਥਿਤੀ ਨੇ ਹਲਾਇਆ ਡੁਲਾਇਆ ਵੀ।

– ਰੱਬ ਤਾਂ ਬੰਦੇ ਦੀ ਸੋਚ ਦੀ ਹੱਦ ਤੋਂ ਅੱਗੇ ਦੀ ਕਲਪਨਾ ਹੈ। ਜਿਨ੍ਹਾਂ ਪ੍ਰਸਥਿਤੀਆਂ ਜਾਂ ਘਟਨਾਵਾਂ ਦੇ ਕਾਰਣ ਬੰਦੇ ਨੂੰ ਲੱਭਦੇ ਨਹੀਂ ਉਨ੍ਹਾਂ ਨੂੰ ਉਹ ਕਿਸੇ ਪ੍ਰਾਸਰੀਰਕ ਹਸਤੀ ਦੀ ਦੇਣ ਮੰਨ ਲੈਂਦਾ ਹੈ। ਪ੍ਰਾਰੰਭਕ ਸਮਿਆਂ ਵਿਚ ਜਦੋਂ ਮਨੁੱਖ ਨੂੰ ਮੀਂਹ, ਅਨ੍ਹੇਰੀ, ਅੱਗ ਜਾਂ ਦਰਿਆਵਾਂ ਦੇ ਵਹਿਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਤਾਂ ਉਹ ਇਨ੍ਹਾਂ ਨੂੰ ਕਿਸੇ ਅਗੰਮੀ ਸ਼ਕਤੀ ਦੀ ਕਰੋਪੀ ਜਾਂ ਦੇਣ ਮੰਨ ਲੈਂਦਾ ਸੀ। ਅੱਜ ਦੇ ਸਮੇਂ ਵਿਗਿਆਨ ਨੇ ਜਦ ਬਹੁਤੀਆਂ ਅਜਿਹੀਆਂ ਗੱਲਾਂ ਦੇ ਕਾਰਣ ਲੱਭ ਲਏ ਹਨ ਤਾਂ ਮਨੁੱਖ ਦੀ ਸੋਚ ਇਨ੍ਹਾਂ ਤੋਂ ਉਪਰ ਉਠ ਗਈ ਹੈ। ਉਹ ਹੁਣ ਨਾ ਚੰਦ, ਸੂਰਜ ਤੇ ਤਾਰਿਆਂ ਨੂੰ ਦੇਵਤੇ ਮੰਨਦਾ ਹੈ ਤੇ ਨਾ ਉਹਦਾ ਕਿਸੇ ਪਰਾਸ੍ਰੀਰਕ ਸ਼ਕਤੀ ਤੇ ਵਿਸ਼ਵਾਸ ਰਹਿ ਗਿਆ ਹੈ। ਉਂਝ ਅਨ੍ਹੇਰ ਢੋਣ ਵਾਲੇ ਹਾਲੀਂ ਵੀ ਵਥੇਰੇ ਮਿਲ ਜਾਂਦੇ ਹਨ।ਮੈਂ ਬਚਪਨ ਵਿਚ ਤਾਂ ਕਿਸੇ ਅਜੇਹੇ ਰੱਬ ਦੀ ਕਲਪਨਾ ਕਰਦਾ ਸਾਂ ਜਿਹੜਾ ਸਰੀਰਕ ਹੋਂਦ ਵਾਲਾ ਸੀ ਤੇ ਸਭ ਸ਼ਕਤੀਆਂ ਦਾ ਮਾਲਕ ਸੀ। ਪਰ ਜਦ ਮੈਂ ਗੁਰਬਾਣੀ ਦੇ ਗੂੜ੍ਹ ਨੂੰ ਸਮਝਣ-ਯੋਗ ਹੋ ਗਿਆ ਤਾਂ ਮੈਂ ਰੱਬ ਜਾਂ ਪ੍ਰਮਾਤਮਾ ਨੂੰ ਸਰੀਰ ਰਹਿਤ, ਸ਼ਕਲ ਰਹਿਤ, ਲਿੰਗ ਰਹਿਤ ਮੰਨਣ ਲੱਗ ਪਿਆ। ਸੋਚਦਾ ਸਾਂ, ਆਖਰ ਕੋਈ ਤਾਂ ਸ਼ਕਤੀ ਹੋਵੇਗੀ ਜਿਸਨੇ ਦ੍ਰਿਸ਼ਟ ਅਦ੍ਰਿਸ਼ਟ ਸਭ ਕੁਝ ਨੂੰ ਬਣਾਇਆ ਹੋਵੇਗਾ। ਹੌਲੀ ਹੌਲੀ ਇਹ ਸੋਚ ਵੀ ਬੇਅਰਥ ਲੱਗਣ ਲੱਗ ਪਈ। ਇਹ ਜਾਣ ਗਿਆ ਸਾਂ ਕਿ ਅਸੀਂ ਜਿਹੜੇ ਗੁਣ ਪ੍ਰਮਾਤਮਾ ਵਿਚ ਦੇਖਦੇ ਹਾਂ ਉਹ ਤਾਂ ਮਾਦੇ ਭਾਵ ਪਦਾਰਥ ਦੇ ਆਪਣੇ ਗੁਣ ਹਨ। ਪਦਾਰਥ ਅਵਿਨਾਸ਼ੀ ਹੈ, ਅਨਾਦੀ ਹੈ, ਨਾ ਘਟਦਾ ਹੈ ਨਾ ਵਧਦਾ ਹੈ, ਕੇਵਲ ਸ਼ਕਲਾਂ ਬਦਲਦਾ ਹੈ। ਚੇਤਨਾ ਵੀ ਮਾਦੇ ਦੀ ਹਰਕਤ ਵਿਚੋਂ ਪੈਦਾ ਹੁੰਦੀ ਹੈ, ਮਾਦਾ ਚੇਤਨਾ ਵਿਚੋਂ ਪੈਦਾ ਨਹੀਂ ਹੁੰਦਾ। ਕੁੱਲ ਕਾਇਨਾਤ ਦੀ ਏਕਤਾ ਵਿਚ ਮੇਰਾ ਅਟੱਲ ਯਕੀਨ ਹੈ। ਸੂਰਜ, ਧਰਤੀ, ਚੰਦ , ਤਾਰੇ ਸਾਰੇ ਇੱਕ ਦੂਜੇ ਦੀ ਹੋਂਦ ਦੇ ਸਹਾਰੇ ਕਾਇਮ ਹਨ, ਇੱਕ ਦੂਜੇ ਦੀ ਆਕਰਸ਼ਣ ਵਿਚ ਬੱਝੇ ਹੋਏ ਹਨ। ਕਿਸੇ ਇੱਕ ਦੀ ਵੀ ਸੁਤੰਤਰ ਹੋਂਦ ਨਹੀਂ ਹੈ। ਮੈਂ ਜੋ ਕੁਝ ਵੀ ਹਾਂ ਇਸ ਕੁੱਲ ਦਾ ਹਿੱਸਾ ਹਾਂ, ਇਹਦੇ ਵਿਚੋਂ ਹੀ ਪੈਦਾ ਹੋਇਆ ਹਾਂ ਤੇ ਇਹਦੇ ਵਿਚ ਅੰਤ ਸਮਾ ਜਾਵਾਂਗਾ। ਮੇਰੀ ਹੋਣੀ ਧਰਤੀ ਦੇ ਹਰ ਜੀਵ, ਅਜੀਵ ਬਣ ਤ੍ਰਿਣ ਨਾਲ ਜੁੜੀ ਹੋਈ ਹੈ। ਇਹੀ ਸਭ ਕੁੱਝ ਮੇਰਾ ਰੱਬ ਹੈ ਇਹਦੇ ਵਿਚ ਮੇਰਾ ਅਟੱਲ ਵਿਸ਼ਵਾਸ ਹੈ।

? ਰੱਬ 'ਤੇ ਜਾਂ ਰੱਬ ਦੇ ਨਾਂ 'ਤੇ ਹੱਕ ਜਿੰਨਾਂ ਸਾਧ ਰੱਖਦੇ ਨੇ ਓਨਾ ਹੀ ਚੋਰ ਵੀ ਰੱਖਦੇ ਨੇ, ਤੁਹਾਡਾ ਕੀ ਪ੍ਰਤੀਕਰਮ ਹੈ ਇਸ ਪ੍ਰਤੀ।

– ਸਾਧ ਤੇ ਚੋਰ ਦੋਵੇਂ ਹੀ ਰੱਬ ਦੇ ਨਾਉਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੇ ਹਨ। ਜਿਹੋ ਜਿਹਾ ਕੋਈ ਆਪ ਹੁੰਦਾ ਹੈ ਉਹੋ ਜਿਹਾ ਉਹ ਰੱਬ ਨੂੰ ਚਿਤਵ ਲੈਂਦਾ ਹੈ। ਫਿਰਕੂ ਦੰਗੇ, ਫਸਾਦ, ਕਤਲੋਗਾਰਤ ਤੇ ਗੁੰਡਾਗਰਦੀ ਸਭ ਰੱਬ ਦੇ ਨਾਉਂ ਹੇਠ ਚਲਦੇ ਹਨ। ਗੁਰਦੁਆਰਿਆਂ, ਮੰਦਰਾਂ ਤੇ ਮਸੀਤਾਂ ਵਿਚ ਕੀ ਕੀ ਉਪੱਦ੍ਰਭ ਨਹੀਂ ਹੁੰਦੇ ? ਆਪ ਤਾਂ ਰੱਬ ਤੋਂ ਕੋਈ ਨਹੀਂ ਡਰਦਾ, ਸਿਰਫ ਦੂਜਿਆਂ ਨੂੰ ਡਰਾਉਣ ਲਈ ਰੱਬ ਦਾ ਹਊਆ ਖੜਾ ਕਰ ਦਿੰਦੇ ਹਨ॥

? ਸੰਵੇਦਨਸ਼ੀਲਤਾ ਦਾ ਇਨਸਾਨ ਦੀ ਨਿੱਜੀ ਜ਼ਿੰਦਗੀ 'ਚ ਨੈਗੇਟਿਵ ਤੇ ਪੌਜ਼ਿਟਿਵ ਪੱਖ ਕੀ ਹੈ।



– ਸੰਵੇਦਨਸ਼ੀਲ ਬੰਦਾ ਦੂਜੇ ਦੇ ਦੁੱਖ ਨੂੰ ਵੀ ਆਪਣੇ ਦੁੱਖ ਵਾਂਗ ਮਹਿਸੂਸ ਕਰਦਾ ਹੈ। ਸੰਵੇਦਨਾ ਰਹਿਤ ਬੰਦਾ ਆਪਣੇ ਦੁੱਖ ਨੂੰ ਤਾਂ ਵਧਾ ਕੇ ਪੇਸ਼ ਕਰਦਾ ਹੈ ਤੇ ਦੂਜੇ ਦੇ ਦੁੱਖ ਨੂੰ ਦੁੱਖ ਹੀ ਨਹੀਂ ਮੰਨਦਾ। ਸੰਵੇਦਨਸ਼ੀਲ ਬੰਦਾ ਕਈ ਵੇਰ ਆਪਣੇ ਨਿੱਜੀ ਦੁੱਖ ਨੂੰ ਭੁੱਲ ਕੇ ਦੂਜਿਆਂ ਦੇ ਜ਼ਖ਼ਮਾਂ ਤੇ ਮਰਹਮ ਲਾਉਂਦਾ ਹੈ। ਇਹ ਸੰਵੇਦਨਾ ਹੀ ਬੰਦੇ ਨੂੰ ਬੰਦਾ ਬਣਾਉਂਦੀ ਹੈ, ਇਸ ਬਿਨਾਂ ਬੰਦਾ ਪਸ਼ੂ ਵੀ ਨਹੀਂ ਹੁੰਦਾ ਕਿਉਂਕਿ ਪਸ਼ੂਆਂ ਵਿਚ ਵੀ ਸੰਵੇਦਨਾ ਹੁੰਦੀ ਹੈ। ਸੰਵੇਦਨਸ਼ੀਲਤਾ ਦੀ ਵੀ ਇੱਕ ਹੱਦ ਹੁੰਦੀ ਹੈ। ਹੱਦੋਂ ਟੱਪੀ ਸੰਵੇਦਨਸ਼ੀਲਤਾ ਕਈ ਵੇਰ ਦੁਖਾਂਤ ਦਾ ਕਾਰਣ ਵੀ ਬਣ ਜਾਂਦੀ ਹੈ। ਕਿਸੇ ਦਾ ਇਸ ਲਈ ਮੌਤ ਨੂੰ ਗਲ਼ੇ ਲਾ ਲੈਣਾ ਕਿ ਉਸਦਾ ਕੋਈ ਅਤਿ ਪਿਆਰਾ ਬੰਦਾ ਮਰ ਗਿਆ ਹੈ ਜਾਂ ਉਸਨੂੰ ਕਿਸੇ ਅਤਿ ਇੱਛਤ ਵਸਤ ਦੀ ਪ੍ਰਾਪਤੀ ਨਹੀਂ ਹੋਈ, ਇਹ ਅਤਿ ਦੀ ਸੰਵੇਦਨਸ਼ੀਲਤਾ ਹੁੰਦੀ ਹੈ।

? ਤੁਹਾਡੇ ਖਿਆਲ ਮੁਤਾਬਿਕ ਅੱਜ ਦੇ ਦੌਰ 'ਚ ਇਨਸਾਨ ਝੂਠ ਨੂੰ ਰੋਜ਼ਾਨਾ ਜ਼ਿੰਦਗੀ 'ਚ ਕਿਸ ਕੁ ਹੱਦ ਤੱਕ ਵਰਤਦਾ ਹੈ। ਕੋਈ ਨਿੱਜੀ ਤਜਰਬਾ ਦੱਸੋ॥

– ਇਸ ਵੇਲੇ ਤਾਂ 'ਕੂੜ ਫਿਰੇ ਪ੍ਰਧਾਨ ਵੇ ਲਾਲੋ' ਵਾਲੀ ਗੱਲ ਹੈ। ਮੈਨੂੰ ਝੂਠ ਨਾਲ ਸਖਤ ਨਫਰਤ ਹੈ ਤੇ ਸੱਚ ਨਾਲ ਅਥਾਹ ਪਿਆਰ। ਪਰ ਉਹ ਝੂਠ ਝੂਠ ਨਹੀਂ ਹੁੰਦਾ ਜਿਹੜਾ ਸੱਚ ਲਈ ਬੋਲਿਆ ਜਾਵੇ, ਜਿਹੜਾ ਨਿਸ਼ਕਾਮ ਹੋਵੇ ਤੇ ਜਿਸ ਨਾਲ ਆਪਣਾ ਕੋਈ ਨਿੱਜੀ ਲਾਭ ਨਾ ਜੁੜਿਆ ਹੋਵੇ। ਪਰ ਕਿਸੇ ਵੇਲੇ ਅਜਿਹਾ ਸੱਚ ਵੀ ਝੂਠ ਵਰਗਾ ਬਣ ਜਾਂਦਾ ਹੈ ਜਿਸ ਨਾਲ ਸੱਚ ਨੂੰ ਨੁਕਸਾਨ ਪੁੱਜਦਾ ਹੋਵੇ।

ਨਿੱਜੀ ਤਜਰਬਾ ਕਿਹੜਾ ਦੱਸਾਂ ? ਰੋਜ਼ ਤਾਂ ਝੂਠ ਨਾਲ ਵਾਹ ਪੈਂਦਾ ਹੈ। ਸੱਚੇ ਬੰਦੇ ਵਿਚ ਇਹ ਕਮਜ਼ੋਰੀ ਹੁੰਦੀ ਹੈ ਕਿ ਉਹ ਦੂਜਿਆਂ ਨੂੰ ਵੀ ਬਹੁਤੀ ਵੇਰ ਆਪਣੇ ਵਰਗਾ ਹੀ ਸਮਝ ਲੈਂਦਾ ਹੈ। ਮੈਂ ਵੀ ਇਸ ਕਮਜ਼ੋਰੀ ਦੇ ਸਿੱਟੇ ਕਈ ਵੇਰ ਭੁਗਤੇ ਹਨ॥

? soul mate ਕੀ ਹੁੰਦਾ ਹੈ ਤੇ sole mate ਕੀ।

-ਅੰਗਰੇਜ਼ੀ ਦੇ ਸ਼ਬਦ soulmate ਤੇ sole mate ਦੋਵੇਂ ਲਗਪਗ ਸਮਾਨਅਰਥੀ ਹਨ; ਮਨ ਦਾ ਮਿੱਤਰ, ਦਿਲੀ ਦੋਸਤ, ਆਤਮਕ ਆੜੀ ਜਾਂ ਕੇਵਲ ਇੱਕੋ ਇੱਕ ਮਿੱਤਰ, ਦੋਸਤ ਜਾਂ ਆੜੀ॥

? ਆਮ ਤੌਰ 'ਤੇ ਤੁਸੀਂ ਹੱਸਦੇ/ਹਸਾਉਂਦੇ ਦਿਸਦੇ ਹੋ , ਕਿਉਂ।

– ਮੈਂ ਸੋਚਦਾ ਹਾਂ ਹਰ ਬੰਦਾ ਜੰਮਦਾ ਤਾਂ ਰੋਂਦਾ ਹੀ ਹੈ, ਜੀਵਨ ਤਾਂ ਹੱਸਦਾ-ਹੱਸਦਾ ਲੰਘਾਵੇ। ਜੀਵਨ ਹੈ ਕਿੰਨਾ ਕੁ, ਦੋ ਸਾਲ, ਦਸ ਸਾਲ ਜਾਂ ਵੀਹ ਸਾਲ ? ਫੇਰ ਕਿਉਂ ਨਾ ਮਰੀਏ ਵੀ ਹੱਸਦੇ ਹੱਸਦੇ ? ਆਮ ਬੰਦੇ ਦੇ ਜੀਵਨ ਵਿਚ ਸੁੱਖ ਬਹੁਤ ਘੱਟ ਤੇ ਦੁੱਖ ਬਹੁਤ ਵੱਧ ਹਨ। ਮੈਂ ਸੋਚਦਾ ਹਾਂ ਜੇ ਦੁਖੀ ਬੰਦਿਆਂ ਨੂੰ ਕੁਝ ਪੱਲ ਹਸਾ ਲਈਏ ਤਾਂ ਇਹ ਵੀ ਚੰਗੀ ਗੱਲ ਹੈ॥

? ਕੀ ਤੁਸੀਂ ਪੁਨਰ ਜਨਮ ਵਿਚ ਯਕੀਨ ਰੱਖਦੇ ਹੋ।

-ਪੁਨਰ ਜਨਮ ਦਾ ਵਿਚਾਰ ਸਵਾਇ ਮਿੱਥ ਤੋਂ ਹੋਰ ਕੁਝ ਵੀ ਨਹੀਂ। ਪਹਿਲੀ ਵੇਰ ਇਸ ਵਿਚਾਰ ਦੀ ਖੁੱਲ੍ਹ ਕੇ ਵਿਆਖਿਆ ਸ੍ਰੀ ਕ੍ਰਿਸ਼ਨ ਨੇ ਅਰਜਨ ਨਾਲ ਸੰਬਾਦ ਵਿਚ ਕੀਤੀ ਸੀ। ਪੁਨਰ ਜਨਮ ਦੇ ਸਿਧਾਂਤ ਵਿਚ ਮੇਰਾ ਬਿਲਕੁਲ ਯਕੀਨ ਨਹੀਂ।ਆਮ ਲੋਕਾਂ ਦੇ ਪੁਨਰ ਜਨਮ ਦੇ ਵਿਚਾਰ ਨੂੰ ਅਪਣਾ ਲੈਣ ਦਾ ਮੁੱਖ ਤੇ ਵੱਡਾ ਕਾਰਨ ਮੌਤ ਦੇ ਡਰ ਨੂੰ ਭੁਲਾਉਣ ਦੀ ਮਾਨਸਕਤਾ ਹੈ। ਵਕਤੀ ਤੇ ਬਾਹਰਮੁਖੀ ਤੌਰ 'ਤੇ ਭਾਵੇਂ ਇਸਦਾ ਕੁਝ ਲਾਭ ਹੁੰਦਾ ਹੋਵੇ ਪਰ ਹਰ ਬੰਦੇ ਦੇ ਧੁਰ ਅੰਦਰ ਤੱਕ ਮੌਤ ਦਾ ਡਰ ਅੰਤਮ ਘੜੀਆਂ ਤੱਕ ਰਹਿੰਦਾ ਹੈ। ਇਸ ਵਿਚਾਰ ਦਾ ਕੋਈ ਵੀ ਵਿਗਿਆਨਕ ਆਧਾਰ ਨਹੀਂ ਹੈ। ਫੇਰ ਵੀ ਕੋਈ ਨਾ ਕੋਈ ਇਸ ਵਿਚਾਰ ਤੋਂ ਨਿੱਜੀ ਲਾਭ ਪ੍ਰਾਪਤ ਕਰਨ ਲਈ ਆਪਣੇ ਪਿੱਛਲੇ

ਜਨਮ ਦੀਆਂ ਯਾਦਾਂ ਦਾ ਐਲਾਨ ਕਰ ਕੇ ਆਮ ਭੋਲੇ ਭਾਲੇ ਲੋਕਾਂ ਦੀ ਅਗਿਅਨਾਤਾ ਤੋਂ ਲਾਭ ਪ੍ਰਾਪਤ ਕਰਨ ਦਾ ਯਤਨ ਕਰਦਾ ਹੀ ਰਹਿੰਦਾ ਹੈ। ਅਜਿਹੇ ਦਾਅਵੇ ਅੰਤ ਵਿਚ ਸਦਾ ਗਲਤ ਨਿਕਲਦੇ ਹਨ॥

? ਸੌਣ ਤੋਂ ਠੀਕ ਪਹਿਲਾਂ ਤੁਸੀਂ ਕੀ ਸੋਚਦੇ ਹੋ ਤੇ ਠੀਕ ਜਾਗਣ ਵੇਲੇ ਕੀ। ਇਸ ਬਾਰੇ ਆਪਣੇ ਖਿਆਲਾਂ ਦੀ ਸਹੀ ਤਸਵੀਰ ਦਿਓ॥

–ਬਚਪਨ ਵਿਚ ਸੌਣ ਤੋਂ ਪਹਿਲਾਂਕੀਰਤਨ ਸੋਹਿਲੇਦਾ ਪਾਠ ਕਰਦਾ ਹੁੰਦਾ ਸਾਂ ਤੇ ਜਾਗ ਕੇ ਪਹਿਲਾ ਕੰਮਜਪੁਜੀ ਦਾ ਪਾਠ॥ ਚੜ੍ਹਦੀ ਜਵਾਨੀ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਅਸਰ ਹੇਠ ਸੌਣ ਵੇਲੇ ਸੋਚਦਾ ਸਾਂ ਮੈਂ ਕੋਈ ਮਾੜਾ ਕੰਮ ਜਾਂ ਮਾੜਾ ਵਰਤਾਅ ਤਾਂ ਨਹੀਂ ਕੀਤਾ ਤੇ ਜਾਗ ਕੇ ਕਾਮਨਾ ਕਰਦਾ ਸਾਂ ਕਿ ਸਾਰਾ ਦਿਨ ਚੰਗਾ ਚੰਗਾ ਲੰਘੇ, ਨਾ ਮੰਦਾ ਕਹਾਂ ਨਾ ਮੰਦਾ ਕਰਾਂ। ਫੇਰ ਜ਼ਿੰਦਗੀ ਦੀ ਕੌੜੀ ਤੇ ਖਰਭੀ ਅਸਲੀਅਤ ਨੇ ਸਭ ਕੁਝ ਭੁਲਾ ਦਿਤਾ। ਹੁਣ ਸੌਣ ਵੇਲੇ ਝੂਰਦਾ ਹਾਂ ਕਿ ਬੱਸੋਂ ਬਾਹਰੇ ਹਾਲਾਤ ਨੇ ਅਜੇਹਾ ਕੁਝ ਕਰਨ ਨਹੀਂ ਦਿੱਤਾ ਜੋ ਕੁਝ ਮੈਂ ਕਰਨਾ ਚਾਹੁੰਦਾ ਸਾਂ ਤੇ ਜਾਗ ਕੇ ਕਾਮਨਾ ਕਰਦਾ ਹਾਂ ਕਿ ਸਾਰਾ ਦਿਨ ਇਸ ਤਰ੍ਹਾਂ ਲੰਘੇ ਕਿ ਨਾ ਮੈਂ ਕਿਸੇ ਨੂੰ ਮੰਦਾ ਬੋਲਾਂ ਨਾ ਕਿਸੇ ਨਾਲ ਮੰਦਾ ਕਰਾਂ, ਨਾ ਮੈਨੂੰ ਕੋਈ ਮੈਨੂੰ ਮੰਦਾ ਬੋਲੇ, ਨਾ ਮੇਰੇ ਨਾਲ ਮੰਦਾ ਕਰੇ। ਪਰ ਹੋ ਬਹੁਤਾ ਕੁਝ ਉਲਟ ਜਾਂਦਾ ਹੈ॥

? ਜਦ ਤੁਸੀਂ ਬਹੁਤ ਉਦਾਸ ਹੁੰਦੇ ਹੋ। ਉਸ ਹਾਲਤ ਵਿੱਚ ਤੁਸੀਂ ਕੀ ਕਰਦੇ ਹੋ।

–ਅਸਾਵੇਂ ਸਮਾਜਕ ਅਤੇ ਆਰਥਕ ਪ੍ਰਬੰਧ ਨੇ ਜੀਵਨ ਵਿਚ ਦੁਖਾਂ ਤੋਂ ਬਿਨਾਂ ਹੋਰ ਕੁਝ ਘੱਟ ਹੀ ਰਹਿਣ ਦਿੱਤਾ ਹੈ। ਉਦਾਸੀ ਤਾਂ ਹੋਣੀ ਹੀ ਹੋਈ।ਨਾ ਦੁੱਖਾਂ ਤੋਂ ਛੁਟਕਾਰਾ ਮਿਲੇ ਨਾ ਉਦਾਸੀ ਹਟੇ। ਮੈਂ ਜਦ ਉਦਾਸ ਹੋਵਾਂ ਤਾਂ ਘਰੋਂ ਬਾਹਰ ਪਾਰਕ ਵੱਲ ਨਿਕਲ ਜਾਂਦਾ ਹਾਂ॥ਕੁਦਰਤ ਦੀ ਸੁੰਦਰਤਾ ਦਾ ਅਨੰਦ ਮਾਣਦਾ ਸੋਚਦਾ ਹਾਂ, ਇਹ ਪੰਛੀ, ਇਹ ਬੇਲ ਬੂਟੇ ਕਿਉਂ ਉਦਾਸ ਨਹੀਂ ? ਮੈਂ ਕਿਉਂ ਉਦਾਸ ਹਾਂ ? ਇਹ ਸਾਰੇ ਸੁਤੰਤਰ ਹਨ, ਨਾ ਇਨ੍ਹਾਂ ਦੇ ਰਿਸ਼ਤੇ ਹਨ, ਨਾ ਨਾਤੇ ਹਨ, ਨਾ ਧੀਆਂ ਪੁੱਤਰ, ਨਾ ਕੋਈ ਪਤੀ ਹੈ ਨਾ ਪਤਨੀ, ਨਾ ਕੋਈ ਹੁਕਮ ਚਲਾਉਣ ਵਾਲਾ ਹੈ ਨਾ ਹੁਕਮ ਮੰਨਣ ਵਾਲਾ। ਸਾਰੇ ਕੁਦਰਤ ਵਿਚ ਸਹਿਜ ਵਿਚਰਦੇ ਹਨ। ਸਭ ਕੁਝ ਸਹਿਜ ਹੋ ਰਿਹਾ ਹੈ। ਇਹ ਸੋਚ ਕੇ ਆਪਣੇ ਆਪ ਹੀ ਚਿਹਰੇ ’ਤੇ ਪ੍ਰਸੰਨਤਾ ਝਲਕ ਉਠਦੀ ਹੈ। ਸੋਚਦਾ ਹਾਂ:- ਚਿੰਤਾ ਦੀ ਕੀ ਲੋੜ ਹੈ ? ਹਰ ਰਾਤ ਪਿੱਛੋਂ ਦਿਨ ਜ਼ਰੂਰ ਆਉਂਦਾ ਹੈ, ਕਾਲੇ ਤੋਂ ਕਾਲੇ ਬੱਦਲ ਪਿੱਛੇ ਵੀ ਕੋਈ ਨਾ ਕੋਈ ਚਾਨਣ ਦੀ ਕਿਰਨ ਅਵੱਸ਼ ਲੁਕੀ ਹੁੰਦੀ ਹੈ। ਦੁੱਖ ਵੀ ਸੁੱਖਾਂ ਦਾ ਸੁਨੇਹਾ ਲੈ ਕੇ ਆਉਂਦੇ ਹਨ। ਅਸਲ ਵਿਚ ਸੁੱਖ ਦੀ ਕਦਰ ਹੀ ਨਹੀਂ ਹੁੰਦੀ। ਜੇ ਦੁਖ ਨਾ ਹੋਵੇ ਤਾਂ ਦੁੱਖ ਵੰਡਣ ਨਾਲ ਘਟਦੇ ਤੇ ਸੁੱਖ ਵੰਡਣ ਨਾਲ ਵਧਦੇ ਹਨ। ਇਸ ਲਈ ਸਦਾ ਦੂਜਿਆਂ ਨਾਲ ਦੁੱਖ ਸੁੱਖ ਦੋਵੇਂ ਸਾਂਝੇ ਕਰਦੇ ਰਹਿਣ ਨਾਲ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ॥

? ਤੁਸੀਂ ਕੁਝ ਸਮਾਂ ਪਹਿਲਾਂ ਮੌਤ ਦੇ ਨੇੜਿਓਂ ਗੁਜ਼ਰੇ ਹੋ, ਕੀ ਇੰਜ ਹੀ ਹੈ। ਸੋਚ ਜਾਂ ਵਿਵਹਾਰ ’ਚ ਕੋਈ ਤਬਦੀਲੀ ਐਕਸੀਡੈਂਟ ਤੋਂ ਬਾਅਦ ?

– ਮੌਤ ਤਾਂ ਪਰਛਾਵੇਂ ਵਾਂਗ ਸਦਾ ਆਪਣੇ ਨਾਲ ਹੀ ਤੁਰਦੀ ਰਹੀ ਹੈ। ਇਹ ਪਛਾਣ ਤਾਂ ਬਚਪਨ ਤੋਂ ਹੀ ਚਲੀ ਆ ਰਹੀ ਹੈ। ਅਜਿਹੇ ਮਾੜੇ ਮੋਟੇ ਐਕਸੀਡੈਂਟ ਤਾਂ ਕੇਵਲ ਮੌਤ ਦੀ ਅਟੱਲਤਾ ਦਾ ਚੇਤਾ ਹੀ ਕਰਾਉਂਦੇ ਹਨ। ਸਦਾ ਹੱਸਦਾ ਹਸਾਉਂਦਾ ਰਿਹਾ ਹਾਂ। ਇਸੇ ਤਰ੍ਹਾਂ ਹੱਸਦੇ ਹਸਾਉਂਦੇ ਤੁਰ ਜਾਣ ਦੀ ਤਮੰਨਾ ਹੋਰ ਵੀ ਪਰਬਲ ਹੋ ਗਈ ਹੈ॥

? ਤੁਹਾਡਾ ਹੋਰ ਕਿੰਨੇ ਕੁ ਸਾਲ ਜੀਉਣ ਨਾਲ ਸਰ ਸਕਦਾ ਹੈ।

– ਮੇਰਾ ਆਪਣਾ ਇਰਾਦਾ ਕਿਹਨੇ ਪੁੱਛਣਾ ਹੈ ? ਮੌਤ ਨੇ ਜਦ ਆਉਣਾ ਤਾਂ ਆ ਹੀ



ਜਾਣਾ। ਹੱਦ ਤਾਂ ਹਰ ਗੱਲ ਦੀ ਹੁੰਦੀ ਹੈ। ਕਿਵੇਂ ਤੇ ਕਦੋਂ ਦਾ ਕਿਸੇ ਨੂੰ ਕੀ ਪਤਾ ? ਚੁੱਪ ਚੁਪੀਤੇ ਆ ਜਾਵੇ, ਸਦਾ ਤਿਆਰ ਬਰ ਤਿਆਰ ਹਾਂ ਪਰ-ਅਧੀਨ ਅਤੇ ਮੁਹਤਾਜ ਹੋ ਕੇ ਜੀਣਾ ਨਾ ਪਵੇ। ਇਹੀ ਅਰਦਾਸ ਹੈ:-

ਬਾਰਿ ਪਰਾਇ ਬੈਸਣਾ ਸਾਈਂ ਮੁਝੈ ਨਾ ਦੇਹ<br>ਜੇ ਤੂੰ ਐਵੇਂ ਰਖਸੀ ਜੀਉ ਸਰੀਰੋਂ ਲੇਹ

‘ਬਾਬਾ ਫਰੀਦ’

ਚਲਦਾ ਫਿਰਦਾ, ਕੁਝ ਕਰਦਾ, ਕੁਝ ਕਹਿੰਦਾ ਜੀਵਾਂ ਤਾਂ ਹੱਦ ਨਹੀਂ, ਪਰ ਜੇ ਨਿਕੰਮਾ ਤੇ ਨਿਸਬੋਲ ਹੋ ਕੇ ਜੀਣਾ ਪਵੇ ਤਾਂ ਇੱਕ ਦਿਨ ਵੀ ਨਹੀਂ॥

? ਬੇਸ਼ੱਕ ਜ਼ਿੰਦਗੀ ਤੇ ਮੌਤ ਬੰਦੇ ਦੇ ਵੱਸ ’ਚ ਨਹੀਂ ਪਰ ਇਨਸਾਨ ਹੋਣ ਦੇ ਨਾਤੇ ਸਾਡੇ ਮਨ ਦੀਆਂ ਇੱਛਾਵਾਂ ਹੁੰਦੀਆਂ ਹਨ। ਜਿਉਂਦੇ ਜੀਅ ਕਿਹੜੇ ਕੰਮ ਸੰਪੂਰਨਤਾ ’ਚ ਵੇਖਣਾ ਚਾਹੁੰਦੇ ਹੋ॥

– ਬੰਦਾ ਭਾਵੇਂ ਜਾਣਦਾ ਹੀ ਹੈ ਕਿ ਮੌਤ ਕਦੀਂ ਵੀ ਆ ਸਕਦੀ ਹੈ ਫੇਰ ਵੀ ਇਹ ਕੁਦਰਤ ਦਾ ਵਿਧਾਨ ਹੀ ਸਮਝੋ ਕਿ ਉਹ ਬੰਦੇ ਹਰ ਜੀਵ ਅੰਦਰ ਹੋਰ ਜੀਣ ਦੀ ਇੱਛਾ ਮੁੱਕਣ ਨਹੀਂ ਦਿੰਦੀ। ਕੁਦਰਤ ਦੇ ਇਸੇ ਵਿਧਾਨ ਦੇ ਸਦਕੇ ਅਤਿਅੰਤ ਮਾਰੂ ਤੂਫਾਨਾਂ ਵਿਚ ਜਦੋਂ ਲਗਦਾ ਹੈ ਕਿ ਦੁਨੀਆ ਦਾ ਅੰਤ ਆ ਗਿਆ ਹੈ, ਤਾਂ ਵੀ ਜੀਵਨ ਦੀ ਧੜਕਣ ਮੁੜ ਅਰੰਭ ਹੋਣੋ ਰੁਕਦੀ ਨਹੀਂ। ਬੰਦੇ ਦੇ ਮਨ ਦੀਆਂ ਇੱਛਾਵਾਂ ਉਹਦੇ ਆਪਣੇ ਵਸ ਵਿਚ ਨਹੀਂ ਹੁੰਦੀਆਂ, ਉਹ ਤਾਂ ਕੁਦਰਤ ਦੇ ਇਸ ਵਿਧਾਨ ਦਾ ਲਾਜ਼ਮੀ ਸਿੱਟਾ ਹੁੰਦੀਆਂ ਹਨ॥

ਸੰਪੂਰਨਤਾ ਕੁਦਰਤ ਦਾ ਵਿਧਾਨ ਨਹੀਂ ਬਲਕਿ ਚਲਦੇ ਰਹਿਣਾ ਹੀ ਵਿਧਾਨ ਹੈ। ਬੜਾ ਕੁਝ ਕਰਨਾ ਚਾਹਿਆ ਸੀ। ਕੁਝ ਹੋ ਗਿਆ ਕੁਝ ਨਹੀਂ ਹੋਇਆ। ਚੜ੍ਹਦੀ ਜਵਾਨੀ ਦੀਆਂ ਬਰੂਹਾਂ ’ਤੇ ਖੜ੍ਹ ਕੇ ਬੜੇ ਸੁਪਨੇ ਦੇਖੇ ਸਨ ਸਾਵੀਂ ਪਧਰੀ ਤੇ ਸੁਖਾਵੀਂ ਦੁਨੀਆ ਦੇਖਣ/ਸਿਰਜਣ ਦੇ।ਬਹੁਤੇ ਅਧੂਰੇ ਹੀ ਰਹਿ ਗਏ। ਬਸ ਆਪਣੇ ਅੰਤਮ ਸਮੇਂ ਤੱਕ ਯਤਨ ਜਾਰੀ ਰੱਖਾਂ ਤੇ ਚਲਦਾ ਰਹਾਂ, ਇਹੀ ਜੀਵਨ ਦਾ ਮਕਸਦ ਹੈ॥

? ‘ਚੜ੍ਹਦੀ ਜਵਾਨੀ ਦੀਆਂ ਬਰੂਹਾਂ ’ਤੇ ਖੜ੍ਹ ਕੇ ਬੜੇ ਸੁਪਨੇ ਦੇਖੇ ਸਨ ਸਾਵੀਂ ਪਧਰੀ ਤੇ ਸੁਖਾਵੀਂ ਦੁਨੀਆ ਦੇਖਣ/ਸਿਰਜਣ ਦੇ। ਬਹੁਤੇ ਅਧੂਰੇ ਹੀ ਰਹਿ ਗਏ’॥ਤੁਹਾਡੇ ਜਵਾਬ ਦੀ ਹੀ ਇਹ ਪੰਕਤੀ ਤੁਹਾਡੇ ਅੱਗੇ ਸਵਾਲੀਆ ਰੂਪ ’ਚ ਹਾਜ਼ਰ ਹੈ। ਇਸ ਦੇ ਓਹਲੇ ਨੂੰ ਵਿਸਥਾਰ ਦਿਓ। ਇਹ ਵੀ ਦੱਸੋ ਕਿ ਆਪਣੀ ਗੱਲ ਕਹਿਣ ਲਈ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬੋਲੀ ਕਿਉਂ ਬੋਲਣੀ ਪਈ ?

–ਚੜ੍ਹਦੀ ਜਵਾਨੀ ਸਮੇਂ ਕਿਸੇ ਵੇਲੇ ਗੁਰਬਾਣੀ ਦੇ ਪ੍ਰਭਾਵ ਹੇਠ ‘ਸੱਭੈ ਸਾਂਝੀਵਾਲ ਸਦਾਇਨ ਕੋਈ ਨਾ ਦਿਸੇ ਬਾਹਰਾ ਜੀਓ’ ਦੇ ਕੱਥਨ ਅਨੁਸਾਰ ਜਾਤਾਂ, ਧਰਮਾਂ, ਕੌਮਾਂ ਤੇ ਦੇਸਾਂ ਦੇ ਫਰਕਾਂ ਤੋਂ ਉਪਰ ਉੱਠ ਕੇ ਸਰਬ ਮਨੁੱਖਤਾ ਦੀ ਬਰਾਬਰੀ ਦਾ ਸੁਪਨਾ ਦੇਖਿਆ ਸੀ, ਜਿਸਦੀ ਪੂਰਤੀ ਮਾਰਕਸ ਨੂੰ ਪੜ੍ਹਨ ਉਪ੍ਰੰਤ ਸਮਾਜਵਾਦ ਅਤੇ ਸਾਮਯਵਾਦ ਵਿਚ ਦਿਸਣ ਲੱਗ ਪਈ ਸੀ। ਪਰ ਇਸ ਦਾ ਸਾਕਾਰ ਹੋਣਾ ਹੌਲੀ ਹੌਲੀ ਦੂਰ ਹੁੰਦਾ ਗਿਆ। ਗੁਰਬਖਸ਼ ਸਿੰਘ ਦੀ ਬੋਲੀ ਤੇ ਲੇਖਣੀ ਦਾ ਮੇਰੇ ਉੱਤੇ ਉਦੋਂ ਵੀ ਪ੍ਰਭਾਵ ਸੀ ਤੇ ਹੁਣ ਵੀ ਹੈ। ਸਾਵੀਂ ਪੱਧਰੀ ਜ਼ਿੰਦਗੀ ਜਾਂ ਸੁਖਾਵੀਂ ਸੁਧਰੀ ਜ਼ਿੰਦਗੀ ਗੁਰਬਖਸ਼ ਸਿੰਘ ਦੀ ਬੋਲੀ ਵਿਚ ਸਮਾਜਵਾਦ ਤੇ ਸਾਮਯਵਾਦ ਦਾ ਆਦਰਸ਼ਵਾਦੀ ਰੂਪ ਹੀ ਸੀ ਹੋਰ ਕੁਝ ਨਹੀਂ॥

? ਤੁਹਾਡੇ ਤਜਰਬੇ ਅਤੇ ਕਿਆਸ ਮੁਤਾਬਿਕ ਦੱਸੋ ਕਿ ਅੱਜ ਤੋਂ 40 ਸਾਲ ਬਾਅਦ

ਦੁਨੀਆ ਕਿਹੋ-ਜਿਹੀ ਹੋਏਗੀ।

-ਮੈਂ ਹੁਣ ਬਾਰੇ ਸੋਚਣ ਵਿਚ ਯਕੀਨ ਰੱਖਦਾ ਹਾਂ। ਕਿਉਂਕਿ ਜੋ ਬੀਤ ਗਿਆ ਹੈ ਉਹ ਤਾਂ ਬੀਤ ਗਿਆ, ਉਹਦੇ ਬਾਰੇ ਅਸੀਂ ਹੁਣ ਕੁਝ ਨਹੀਂ ਕਰ ਸਕਦੇ। ਜੋ ਹਾਲੀਂ ਆਉਣਾ ਹੈ, ਉਹਦਾ ਕੀ ਪਤਾ ਆਵੇ ਜਾਂ ਨਾ ਆਵੇ। ਇਸ ਲਈ ਹੁਣ ਦਾ ਪੱਲ ਹੀ ਅਨਮੋਲ ਹੈ। ਫੇਰ ਵੀ ਤੇਰੇ ਪ੍ਰਸ਼ਨ ਦਾ ਉੱਤਰ ਦੇਣ ਦਾ ਯਤਨ ਕਰਦਾ ਹਾਂ:- ਭਵਿਖ ਦਾ ਅਨੁਮਾਨ ਕੇਵਲ ਭੂਤ ਕਾਲ ਵਿਚ ਪ੍ਰੀਵਰਤਨ ਦੀ ਰਫਤਾਰ ਤੋਂ ਹੀ ਲਾਇਆ ਜਾ ਸਕਦਾ ਹੈ। ਅੱਜ ਤੋਂ ਚਾਲੀ ਸਾਲ ਪਹਿਲਾਂ ਦੁਨੀਆ ਕਿਹੋ ਜਿਹੀ ਸੀ ? 80 ਸਾਲ ਪਹਿਲਾਂ ਕਿਹੋ ਜਿਹੀ ਸੀ ? 1000 ਸਾਲ ਪਹਿਲਾਂ ਕਿਹੋ ਜਿਹੀ ਸੀ ? ਸੈਂਕੜੇ ਤੁਫਾਨ ਆਏ। ਕਈ ਵੇਰ ਅਜਿਹਾ ਵੀ ਲੱਗਿਆ ਕਿ ਦੁਨੀਆ ਦਾ ਅੰਤ ਆ ਗਿਆ ਹੈ। ਪਰ ਦੁਨੀਆ ਅੱਗੇ ਤੋਂ ਅੱਗੇ ਹੀ ਵੱਧਦੀ ਗਈ। ਇਹ ਤੋਂ ਤਾਂ ਇਹੀ ਸਿੱਟਾ ਨਿਕਲਦਾ ਹੈ ਕਿ ਇਸ ਦੁਨੀਆ ਨੂੰ ਕੁਝ ਨਹੀਂ ਹੋਣ ਲੱਗਾ, ਇਹਨੇ ਅੱਗੇ ਹੀ ਅੱਗੇ ਜਾਣਾ ਹੈ। ਪ੍ਰਗਤੀ ਕੁਦਰਤ ਦਾ ਅਟੱਲ ਨਿਯਮ ਹੈ॥

ਜੇ ਚਾਲੀ ਸਾਲ ਪਹਿਲਾਂ ਦੀ ਦੁਨੀਆ ਦਾ ਹੁਣ ਨਾਲ ਮੁਕਾਬਲਾ ਕਰ ਕੇ ਦੇਖੀਏ ਤਾਂ ਅੰਦਾਜ਼ਾ ਇਹੀ ਬਣਦਾ ਹੈ ਸਾਡੀ ਦੁਨੀਆਂ ਅਗਲੇ ਚਾਲੀ ਸਾਲਾਂ ਵਿਚ ਪਿੱਛਲੇ ਚਾਲੀ ਸਾਲਾਂ ਨਾਲੋਂ ਕਈ ਗੁਣਾਂ ਅੱਗੇ ਲੰਘ ਜਾਵੇਗੀ॥

? 40 ਸਾਲ ਪਿੱਛੋਂ ਇਨਸਾਨੀ ਰਿਸ਼ਤੇ ਕਿਹੋ ਜਿਹੇ ਹੋਣਗੇ ? ਵਿਆਹੁਤਾ ਜੀਵਨ ਦਾ ਕੀ ਥਾਂ ਹੋਵੇਗਾ ? ਜਿਉਣ ਦੇ ਮਕਸਦ ਕਿਹੋ ਜਿਹੇ ਹੋਣਗੇ॥

-ਪਿਛਲੇ ਕੁਝ ਸਾਲਾਂ ਵਿਚ ਜਿਸ ਤਰ੍ਹਾਂ ਵਿਗਿਆਨਕ ਉਨਤੀ ਨਾਲ ਸੰਚਾਰ, ਸੰਪਰਕ ਤੇ ਯਾਤਾਯਾਤ ਸਾਧਨਾਂ ਵਿਚ ਹੈਰਾਨਕੁਨ ਉਨਤੀ ਹੋਈ ਹੈ ਅਤੇ ਕੰਪਿਊਟਰ ਯੁਗ ਨੇ ਦੁਨੀਆ ਨੂੰ ਗਲੋਬਲ ਪਿੰਡ ਵਿਚ ਬਦਲ ਦਿੱਤਾ ਹੈ ਤੇ ਇਸ ਦੇ ਨਾਲ ਹੀ ਔਟੋਮੇਸ਼ਨ ਨਾਲ ਦਿਮਾਗੀ ਤੇ ਜਿਸਮਾਨੀ ਮਿਹਨਤ ਵਿਚ ਫਰਕ ਮਿਟਦਾ ਜਾ ਰਿਹਾ ਹੈ, ਉਸਦੇ ਸਿੱਟੇ ਵਜੋਂ ਪੂੰਜੀਵਾਦ ਵੀ ਹੌਲੀ ਹੌਲੀ ਆਪਣੀ ਪਹਿਲੀ ਸ਼ਕਲ ਗੰਵਾ ਰਿਹਾ ਹੈ। ਜ਼ਰਾ ਕਿਆਸ ਕਰੋ ਚਾਲੀ ਕੁ ਸਾਲ ਤੱਕ ਜਦ ਪੇਦਾਵਰ ਦੇ ਬਹੁਤੇ ਕੰਮ ਰੋਬੋਟਾਂ ਨਾਲ ਹੋਣ ਲੱਗ ਪੈਣਗੇ ਤਾਂ ਮਨੁੱਖ ਹੱਥੋਂ ਮਨੁੱਖ ਦੀ ਮਿਹਨਤ ਦੀ ਲੁੱਟ ਦੀ ਲੋੜ ਕਿੰਨੀ ਕੁ ਰਹਿ ਜਾਵੇਗੀ ? ਜੇ ਮਨੁੱਖ ਹੱਥੋਂ ਮਨੁੱਖ ਦੀ ਲੁਟ ਖਤਮ ਹੋ ਗਈ ਤਾਂ ਕਿਹੋ ਜਿਹਾ ਸਮਾਜ ਹੋਂਦ ਵਿਚ ਆ ਜਾਵੇਗਾ ? ਇਹ ਜਾਣ ਲੈਣਾ ਵੀ ਉੱਚਤ ਹੈ ਕਿ ਸਮਾਜਕ ਰਿਸ਼ਤੇ ਵੀ ਆਰਥਕ ਰਿਸ਼ਤਿਆਂ ਦਾ ਪਰਤੌਅ ਹੀ ਹੁੰਦੇ ਹਨ। ਜਦ ਆਰਥਕ ਰਿਸ਼ਤਿਆਂ ਵਿਚ ਨਿੱਜੀ ਮਾਲਕੀ ਨਾ ਰਹੀ ਤਾਂ ਸਮਾਜਕ ਰਿਸ਼ਤਿਆਂ ਵਿਚ ਵੀ ਨਹੀਂ ਰਹੇਗੀ। ਵਿਵਾਹਤ ਜੀਵਨ ਵਿਚ ਵੀ ਲੱਗ ਪੱਗ ਉਸੇ ਤਰ੍ਹਾਂ ਦਾ ਮਾਲਕ ਤੇ ਕਾਮੇ ਵਾਲਾ ਰਿਸ਼ਤਾ ਹੁੰਦਾ ਹੈ ਜਿਸ ਤਰ੍ਹਾਂ ਦਾ ਪ੍ਰਚਲੱਤ ਆਰਥਕ ਪ੍ਰਬੰਧ ਵਿਚ ਮਾਲਕ ਤੇ ਕਾਮੇ ਦਾ ਹੁੰਦਾ ਹੈ। ਜਦ ਆਰਥਕ ਪ੍ਰਬੰਧ ਵਿਚ ਇਹ ਰਿਸ਼ਤੇ ਨਾ ਰਹੇ ਤਾਂ ਸਮਾਜ ਵਿਚ ਵੀ ਨਹੀਂ ਰਹਿਣਗੇ। ਵਿਆਹ ਵਿਚ ਵੀ ਪਤੀ ਪਤਨੀ ਵਾਲਾ ਰਿਸ਼ਤਾ ਖਤਮ ਹੋ ਜਾਵੇਗਾ, ਇਹਦੀ ਥਾਂ ਹੌਲੀ ਹੌਲੀ ਸ੍ਵੈ ਇੱਛਾ ਤੇ ਅਧਾਰਤ ਲੰਮੀ ਮਿੱਤਰਤਾ ਦਾ ਰਿਸ਼ਤਾ ਪ੍ਰਵਾਨ ਹੋ ਜਾਵੇਗਾ॥

? ਯੂਨਾਨੀ ਫਿਲਾਸਫਰ ਸੁਕਰਾਤ ਕਹਿੰਦਾ ਹੈ ਕਿ ਨਾਸ਼ਮਾਨ ਬੰਦੇ ਕੋਲ ਸਿਆਣਪ ਸਿਰਫ ਨਾਸ਼ਮਾਨ ਬੰਦੇ ਜਿੰਨੀ ਹੀ ਹੋ ਸਕਦੀ ਹੈ। ਤੁਸੀਂ ਇਕ ਸਦੀ ਦਾ ਪੌਣੇ ਤੋਂ ਵੀ ਵੱਧ ਸਮਾਂ ਜੀ ਲਿਆ ਹੋ, ਆਪਣੇ ਖੇਤਰ 'ਤੇ ਖਲੋ ਕਿ ਦੱਸੋ ਕਿ ਹਿਊਮਨ ਵਿਜ਼ਡਮ ਦਾ ਘੇਰਾ ਕੀ ਹੈ।

-ਸੁਕਰਾਤ ਨੇ ਜੋ ਕੁਝ ਵੀ ਕਿਹਾ ਸੀ ਉਹ ਉਹਦੇ ਸਮੇਂ ਦਾ ਸੱਚ ਸੀ। ਉਸ ਸਮੇਂ ਦੇ ਸਮਾਜਕ ਤੇ ਆਰਥਕ ਪ੍ਰਬੰਧ ਦੇ ਅੰਦਰ ਹੀ ਸੁਕਰਾਤ ਦੇ ਗਿਆਨ ਦੀ ਹੱਦ ਹੋ ਸਕਦੀ ਸੀ ਪਰ ਜੇ



ਕੋਈ ਪਰਾਭੌਤਕ ਗੱਲਾਂ ਕਰੇ ਤਾਂ ਉਹ ਗਿਆਨ ਤੋਂ ਬਾਹਰ ਦੀਆਂ ਕਲਪਨਾਵਾਂ ਹੀ ਹੁੰਦੀਆਂ ਹਨ। ਮੈਂ ਅੱਜ ਜਿਸ ਸਮੇਂ ਵਿਚ ਜੀਅ ਰਿਹਾਂ ਉਸ ਸਮੇਂ ਵਿਚ ਗਿਆਨ ਵਿਗਿਆਨ ਨੇ ਨਵੀਆਂ ਸਿੱਖਰਾਂ ਛੋਹ ਲਈਆਂ ਹਨ। ਮੇਰੀ ਸਮਝ ਅਨੁਸਾਰ ਦਾਨਾਈ ਅੱਜ ਦੇ ਗਿਆਨ ਵਿਗਿਆਨ ਦੇ ਹਾਣ ਦੀ ਹੋਣੀ ਹੀ ਸੰਭਵ ਹੈ। ਮੈਂ ਕਿਸੇ ਵੀ ਐਸੀ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਜਿਹਦੀ ਬੁਨਿਆਦ ਤਰਕਸ਼ੀਲਤਾ ਦੇ ਅਨੁਕੂਲ ਨਾ ਹੋਵੇ। ਅੱਜ ਦੇ ਸਮੇਂ ਵਿਚ ਦਾਨਾਈ ਕੌਮਾਂ ਧਰਮਾਂ ਤੇ ਦੇਸਾਂ ਦੀਆਂ ਵੰਡੀਆਂ ਤੋਂ ਉਪਰ ਉੱਠ ਕੇ ਸਰਬ ਮਨੁੱਖਤਾ ਦੇ ਸਾਂਝੇ ਭਾਈਚਾਰੇ ਦੀ ਉਸਾਰੀ ਵਿਚ ਹੀ ਹੈ॥

? ਤੁਹਾਡੇ ਇਸ ਜਵਾਬ ਦੀ ਰੌਸ਼ਨੀ 'ਚ ਤਰਕ ਤੇ ਦਾਨਾਈ ਸਾਹਵੇਂ ਖਲੋ ਕਿ ਦੱਸੋ ਕਿ intellectual modesty ਕਿੰਨੀ ਕੁ ਹੈ ਅੱਜ ਦੇ ਲੋਕਾਂ 'ਚ। moral believes. moral knowledge ਤੇ moral values ਦੇ ਪੱਖੋਂ ਕਿਥੇ ਖੜਾ ਅਜੋਕਾ ਆਮ ਤੇ ਖਾਸ ਇਨਸਾਨ॥

-ਮੇਰੀ ਸਮਝ ਅਨੁਸਾਰ ਤਰਕ ਤੇ ਦਾਨਾਈ ਪ੍ਰਾਪਤ ਗਿਆਨ ਅਤੇ ਆਰਥਕ ਉਨਤੀ 'ਤੇ ਨਿਰਭਰ ਕਰਦੀ ਹੁੰਦੀ ਹੈ। ਕੋਈ ਭਾਵੇਂ ਕਿੰਨਾ ਵੀ ਤਰਕਸ਼ੀਲ ਤੇ ਦਾਨਾ ਹੋਵੇ, ਉਹ ਕੁਝ ਕਹਿਣ ਤੇ ਕਰਨ ਲਗਿਆ ਪ੍ਰਾਪਤ ਵਿਵਸਥਾ ਨੂੰ ਵੀ ਧਿਆਨ ਵਿਚ ਰੱਖਦਾ ਹੈ। ਜੇ ਪ੍ਰਾਪਤ ਵਿਵਸਥਾ ਉਹਦੀ ਦਾਨਾਈ ਤੇ ਤਰਕਸ਼ੀਲਤਾ ਨੂੰ ਬਰਦਾਸ਼ਤ ਕਰਨ ਲਈ ਤਿਆਰ ਹੀ ਨਾ ਹੋਵੇ ਤਾਂ ਵਿਵਸਥਾ ਵਿਚ ਸੁਧਾਰ ਆਉਣ ਤੱਕ ਉਹ ਚੁੱਪ ਰਹਿਣਾ ਹੀ ਯੋਗ ਸਮਝੇਗਾ ਪਰ ਜੇ ਉਹ ਵਿਵਸਥਾ ਦੇ ਵਿਰੋਧ ਵਿਚ ਤਰਕ ਤੇ ਦਾਨਾਈ ਨੂੰ ਵਰਤੇਗਾ ਤਾਂ ਉਹਨੂੰ ਵੀ ਸੁਕਰਾਤ ਵਾਂਗ ਜ਼ਹਿਰ ਦਾ ਪਿਆਲਾ ਪੀਣਾ ਪਏਗਾ। ਖੈਰ ਮੇਰੇ ਸਾਹਮਣੇ ਐਸ ਵੇਲੇ ਇਹੋ ਜਿਹੀ ਕੋਈ ਸਮੱਸਿਆ ਨਹੀਂ। ਕਿਸੇ ਵੀ ਸਮੇਂ ਦੇ ਲੋਕਾਂ ਵਿਚ ਬੌਧਕ ਨਿਮਰਤਾ ਉਸ ਸਮੇਂ ਦੀ ਵਿਵਸਥਾ ਅਨੁਸਾਰ ਹੀ ਹੁੰਦੀ ਹੈ। ਇਕ ਤਰ੍ਹਾਂ ਦੇ ਵਰਤਾਰੇ ਵਿਚ ਜਿਹੜੇ ਲੋਕ ਬੌਧਕ ਨਿਮਰਤਾ ਨਾਲ ਪਰਨਾਏ ਦਿਸਦੇ ਹਨ ਉਹ ਕਿਸੇ ਹੋਰ ਤਰ੍ਹਾਂ ਦੇ ਵਰਤਾਰੇ ਵਿਚ ਨਾ ਬੌਧਕ ਰਹਿੰਦੇ ਹਨ ਨਾ ਨਿਮਰ। ਅੱਜ ਦਾ ਇਨਸਾਨ ਨੇਕ ਵਿਸ਼ਵਾਸ, ਨੇਕ ਗਿਆਨ ਤੇ ਨੇਕ ਕਦਰਾਂ ਦੇ ਪੱਖੋਂ ਉੱਥੇ ਹੀ ਖੜਾ ਹੈ ਜਿੱਥੇ ਉਹ ਪ੍ਰਾਪਤ ਵਿਵਸਥਾ ਵਿਚ ਖੜ ਸਕਦਾ ਹੈ॥

? ਏਸੇ ਜਵਾਬ ਨੂੰ ਅੱਗੇ ਤੋਰਦੇ ਹੋਏ ਮੌਜੂਦਾ ਪ੍ਰਾਪਤ ਵਿਵਸਥਾ ਤੇ ਨਿੱਜੀ ਤਜਰਬੇ ਪੱਖੋਂ ਟਿੱਪਣੀ ਕਰੋ। ਅਰਸਤੂ ਦਾ ਮੰਨਣਾ ਹੈ ਕਿ ਬੋਲੀ ਦੀ ਸ਼ਾਬਦਿਕ ਬਣਤਰ ਤੇ ਇਸ ਵਿੱਚ ਪ੍ਰਗਟਾਇਆ ਗਿਆ ਤਰਕ ਮੌਜੂਦਾ ਸਮੇਂ ਦੀ ਅਸਲੀਅਤ ਦਾ ਸ਼ੀਸ਼ਾ/ਪ੍ਰਤੀਬਿੰਬ ਹੁੰਦੇ ਨੇ, ਤੇ ਕਿਸੇ ਵੀ ਸਮੇਂ ਦੀ ਬੋਲੀ ਦੀ ਬਣਤਰ ਓਸ ਸਮੇਂ ਦਾ ਸੱਚ ਜਾਨਣ ਲਈ ਨਿਰਣਾਇਕ ਸਾਬਤ ਹੋ ਸਕਦੀ ਹੈ। ਤੁਸੀਂ ਆਲੋਚਕ ਤੇ ਲੇਖਕ ਹੋਣ ਨਾਤੇ ਏਸ ਗੱਲ ਨਾਲ ਕਿੰਨਾ ਕੁ ਸਹਿਮਤ ਹੋ ? ਜਿਹੜੇ ਲੇਖਕ ਘੋੜ ਦੌੜ ਵਿੱਚ ਸ਼ਾਮਲ ਹੋ ਜਾਂਦੇ ਨੇ ਓਨ੍ਹਾਂ ਦਾ ਯੋਗਦਾਨ ਇਸ ਸੰਦਰਭ 'ਚ ਕੀ ਹੋਵੇਗਾ ?

- ਇਸ ਸਮੇਂ ਦੀ ਆਰਥਕ ਤੇ ਸਮਾਜਕ ਵਿਵਸਥਾ ਬਹੁਤਿਆਂ ਦੀ ਮਿਹਨਤ ਦੀ ਲੁਟ 'ਤੇ ਥੋੜਿਆਂ ਨੂੰ ਸੁਰਖਸ਼ਤ ਰੱਖਣ ਦੇ ਅਸੂਲ 'ਤੇ ਉਸਰੀ ਹੋਈ ਹੈ। ਇਸ ਲਈ ਆਮ ਲੋਕਾਂ ਨੂੰ ਪੀੜਤ ਰੱਖ ਕੇ ਕੁਝ ਧਨ ਦੌਲਤ ਦੇ ਮਾਲਕ ਐਸ਼ ਉਡਾ ਰਹੇ ਹਨ॥ ਅਰਸਤੂ ਸੱਚਮੁੱਚ ਹੀ ਆਪਣੇ ਸਮੇਂ ਦਾ ਬਹੁਤ ਹੀ ਸੂਝਵਾਨ ਪੁਰਸ਼ ਸੀ। ਉਹਦੀਆਂ ਬਹੁਤੀਆਂ ਗੱਲਾਂ ਅੱਜ ਵੀ ਉਨੀਆਂ ਹੀ ਠੀਕ ਹਨ। ਭਾਵੇਂ ਉਹਦੇ ਸਮੇਂ ਵਿਚ ਗੁਲਾਮਾਂ ਨੂੰ ਬੰਦੇ ਨਹੀਂ ਸਮਝਿਆ ਜਾਂਦਾ ਸੀ। ਉਹਦੇ ਗੁਰੂ ਅਫਲਾਤੂਨ ਦੇ 'ਗਣਰਾਜ' ਵਿਚ ਤਾਂ ਗ਼ੁਲਾਮਾਂ ਨੂੰ ਵੋਟ ਦਾ ਅਧਿਕਾਰ ਵੀ ਨਹੀਂ ਸੀ॥ ਅਰਸਤੂ ਦਾ ਇਹ ਕਥਨ ਅੱਜ ਵੀ ਉੱਨਾ ਹੀ ਸੱਚ ਹੈ ਕਿ ਕਿਸੇ ਸਮੇਂ ਵਿਚ ਭਾਸ਼ਾ ਦੀ ਸ਼ਾਬਦਿਕ ਬਣਤਰ ਤੇ ਇਸ ਵਿਚ ਪ੍ਰਗਟਾਇਆ ਤਰਕ ਸਦਾ ਹੀ ਉਸ ਸਮੇਂ ਦਾ ਪ੍ਰਤੀਬਿੰਬ ਹੁੰਦਾ ਹੈ॥ ਜੇ ਅਸੀਂ ਗੁਰੂ ਨਾਨਕ ਦੀ ਭਾਸ਼ਾ ਦੀ ਬਣਤਰ ਤੇ ਤਰਕ ਨੂੰ ਸਮਝੀਏ ਤਾਂ ਉਸ ਸਮੇਂ ਦਾ ਸੱਚ ਆਪਣੇ ਆਪ ਹੀ ਉਸ ਵਿਚੋਂ ਦਿਸਣ ਲੱਗ ਪੈਂਦਾ ਹੈ। ਸਾਡੇ ਸਮੇਂ ਵਿਚ ਸਾਮਰਾਜ, ਪੂੰਜੀਵਾਦ, ਵਿਅਕਤੀਵਾਦ ਵਰਗੇ ਸ਼ਬਦਾਂ ਦਾ

ਪ੍ਰਚੱਲਤ ਹੋਣਾ ਵੀ ਵਰਤਮਾਨ ਦਾ ਸ਼ੀਸ਼ਾ ਹੈ।ਮੋਟਰ, ਕਾਰ, ਹਵਾਈ ਜਹਾਜ਼, ਇੰਜਣ ਆਦਿ ਸ਼ਬਦ ਅੱਜ ਦੇ ਸਮੇਂ ਵਿਚ ਹੀ ਪ੍ਰਚਲਤ ਹੋ ਸਕਦੇ ਸਨ। ਸਮੇਂ ਤੇ ਸਥਾਨ ਦਾ ਪ੍ਰਭਾਵ ਵੀ ਭਾਸ਼ਾ ਤੇ ਪੈਣਾ ਕੁਦਰਤੀ ਹੈ। ਇੰਗਲੈਂਡ ਵਿਚ ਵਸਦੇ ਪੰਜਾਬੀਆਂ ਦੀ ਪੰਜਾਬੀ ਵਿਚ ਅੰਗਰੇਜ਼ੀ ਦਾ ਮਿਸ਼ਰਣ ਵੀ ਇਹੀ ਦਰਸਾਉਂਦਾ ਹੈ ?

ਪਰ ਜਿਹੜੇ ਲੇਖਕ ਬਿਨਾਂ ਸੰਦਰਭ ਜਾਣੇ ਦੂਜਿਆਂ ਦੀ ਨਕਲ ਕਰਨ ਤੁਰ ਪੈਂਦੇ ਹਨ, ਉਹ ਬੰਦੇ ਨਹੀਂ ਸਿਰਫ ਗੰਗਾ ਰਾਮ ਹੁੰਦੇ ਹਨ ਤੇ ਗੰਗਾ ਰਾਮਾਂ ਦਾ ਇੰਨੀਆਂ ਗੰਭੀਰ ਗੱਲਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ॥

? ਤੁਸੀਂ ਆਪਣੀਆਂ ਤਸਵੀਰਾਂ ਨੂੰ ਕਿੰਨੀ ਕੁ ਹੈਰਾਨੀ ਨਾਲ ਵੇਖਦੇ ਹੋ। ਬਚਪਨ ਦੀਆਂ ਤਸਵੀਰਾਂ ਹੋਣ ਜਾਂ ਨਾ ਹੋਣ ਨਾਲ ਕੀ ਫਰਕ ਪੈਂਦਾ ਹੈ ਇਨਸਾਨ ਤੇ॥

-ਤਸਵੀਰ ਉਸ ਸਮੇਂ ਤੇ ਸਥਾਨ ਨੂੰ ਅੱਖਾਂ ਸਾਹਮਣੇ ਸਾਕਾਰ ਕਰ ਦਿੰਦੀ ਹੈ, ਜਿਸ ਸਮੇਂ ਤੇ ਸਥਾਨ ਵਿਚ ਉਹ ਬਣਾਈ ਗਈ ਹੋਵੇ। ਮੇਰੇ ਬੱਚਪਨ ਦੇ ਦਿਨਾਂ ਵਿਚ ਤਾਂ ਰੋਟੀ ਦਾ ਫਿਕਰ ਹੀ ਸਾਹ ਨਹੀਂ ਲੈਣ ਦਿੰਦਾ ਸੀ। ਤਸਵੀਰ ਕਿਸ ਨੇ ਖਿਚਵਾਣੀ ਸੀ। ਮੇਰੀ ਸਭ ਤੋਂ ਪੁਰਾਣੀ ਤਸਵੀਰ ਕੋਈ 13 ਕੁ ਸਾਲ ਦੀ ਉਮਰ ਦੀ ਹੈ। ਮੇਰੇ ਬਾਪ ਨੇ ਫੀਜੀ ਵਿਚੋਂ ਖਤ ਲਿਖ ਕੇ ਸਾਡੀ ਤਿੰਨਾਂ ਭਰਾਵਾਂ ਦੀ ਤਸਵੀਰ ਮੰਗੀ ਸੀ ਇਸ ਲਈ ਖਿਚਵਾਉਣੀ ਪਈ। ਉਸ ਤਸਵੀਰ ਵਿਚ ਅਸੀਂ ਤਿੰਨੇ ਭਰਾ ਆਪਣੇ ਤਾਏ ਨਾਲ ਹਾਜ਼ਰ ਹਾਂ। ਮੇਰੇ ਬਾਪ ਦੀ ਤੀਹ ਸਾਲ ਦੀ ਉਮਰ ਦੀ ਇਕ ਤਸਵੀਰ ਸਾਡੇ ਘਰ ਕੰਧ 'ਤੇ ਲੱਗੀ ਹੁੰਦੀ ਸੀ। ਉਹ ਉਹਨੇ ਫੀਜੀ ਵਿਚ ਜਾ ਕੇ ਭੇਜੀ ਸੀ। ਸਾਡੀ ਯਾਦਦਾਸ਼ਤ ਵਿਚ ਤਸਵੀਰਾਂ ਬਿਨਾਂ ਹੀ ਬਹੁਤ ਕੁਝ ਟਿਕਿਆ ਰਹਿੰਦਾ ਹੈ। ਹੈਰਾਨੀ ਤਸਵੀਰ ਦੇਖ ਕੇ ਵੀ ਹੁੰਦੀ ਹੈ। ਯਾਦਦਾਸ਼ਤ ਵਿਚੋਂ ਲੱਭ ਕੇ ਵੀ।ਮੇਰੇ ਪਾਸ ਮੇਰੀ ਪਹਿਲੀ ਪਤਨੀ ਦੀ ਇਕ ਛੋਟੀ ਜਿਹੀ ਤਸਵੀਰ ਹੈ, ਵਿਆਹ ਤੋਂ ਪਹਿਲਾਂ ਦੀ, ਉਦੋਂ ਉਹ ਕੋਈ ਚੌਦਾਂ ਸਾਲ ਦੀ ਉਮਰ ਦੀ ਸੀ। ਵਿਆਹ ਪਿੱਛੋਂ ਆਪਣੇ ਨਾਲ ਲੈ ਆਈ ਸੀ। ਉਹ ਤਾਂ ਵਿਆਹ ਦੇ ਪਿੱਛੋਂ ਚਾਰ ਕੁ ਮਹੀਨੇ ਵੀ ਜੀਉਂਦੀ ਨਾ ਰਹੀ ਪਰ ਉਹਦੀ ਤਸਵੀਰ ਮੈਂ ਸਾਂਭ ਕੇ ਰੱਖੀ ਹੋਈ ਹੈ। ਕਈ ਵੇਰ ਝੂਰਦਾ ਹਾਂ ਕਿ ਮੈਂ ਉਹਦੀ ਤਸਵੀਰ ਆਪਣੇ ਨਾਲ ਕਿਉਂ ਨਾ ਖਿਚਵਾਈ। ਪਿਛਲੀ ਵੇਰ ਜਦ ਮੈਂ ਦੇਸ ਗਿਆ ਸੀ ਤਾਂ ਉਹਦੀ ਤਸਵੀਰ ਕੰਪਿਊਟਰ 'ਤੇ ਵੱਡੀ ਕਰਕੇ ਲੈ ਗਿਆ ਸਾਂ। ਉਹ ਤਸਵੀਰ ਮੈਂ ਆਪਣੀ ਸ੍ਵੈਜੀਵਨੀ ਸਮੇਤ ਉਹਦੇ ਭਾਣਜੇ ਨੂੰ ਦੇ ਆਇਆ। ਉਹਦੇ ਭਾਣਜੇ ਦੇ ਬੋਲ ਸਨ-ਸ਼ੁਕਰ ਹੈ ਤੁਸੀਂ ਇਹ ਤਸਵੀਰ ਲੈ ਆਏ। ਸਾਡੀ ਮਾਂ ਦੀ ਕੋਈ ਤਸਵੀਰ ਸਾਡੇ ਪਾਸ ਹੈ ਨਹੀਂ। ਕਿਉਂ ਨਾ ਖਿਚਵਾਈ ਇਹ ਪਛਤਾਵਾ ਰਹਿੰਦਾ ਸੀ। ਹੁਣ ਮਾਸੀ ਦੀ ਤਸਵੀਰ ਦੇਖ ਕੇ ਦਿੱਲ ਨੂੰ ਧਰਵਾਸ ਦੇ ਲਿਆ ਕਰਾਂਗੇ॥

? ਤੁਸੀਂ ਛੇਵੀਂ ਗਿਆਨ ਇੰਦਰੀ (Fth sense) ਵਿੱਚ ਕਿੰਨਾ ਕੁ ਵਿਸ਼ਵਾਸ ਰੱਖਦੇ ਹੋ। ਤੁਹਾਡੇ ਲਈ ਇਸ ਸ਼ਬਦ ਦੇ ਕੀ ਅਰਥ ਹਨ ?

- ਪੰਜ ਗਿਆਨ ਇੰਦਰੀਆਂ ਬਾਰੇ ਤਾਂ ਵੇਦਾਂ ਤੋਂ ਲੈ ਕੇ ਮਨੂ ਸਮ੍ਰਿਤੀ ਆਦਿ ਵਿਚ ਵੀ ਬਹੁਤ ਕੁਝ ਮਿਲ ਜਾਂਦਾ ਹੈ ਪਰ ਇਸ ਛੇਵੀਂ ਬਾਰੇ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਦੇਖਣ, ਸੁਣਨ, ਸੁੰਘਣ , ਚੱਖਣ ਤੇ ਸਪਰਸ਼ ਨਾਲ ਹੀ ਬਾਹਰ ਦੀ ਦੁਨੀਆ ਦਾ ਸਾਨੂੰ ਗਿਆਨ ਹੁੰਦਾ ਹੈ॥ ਸਾਡੀ ਸੋਚ ਸਾਡੀ ਕਲਪਨਾ ਦਾ ਅਰੰਭ ਇਨ੍ਹਾਂ ਗਿਆਨ ਇੰਦਰੀਆਂ ਨਾਲ ਹੀ ਹੁੰਦਾ ਹੈ। ਬਹੁਤ ਕੁਝ ਅਜਿਹਾ ਸਾਡੇ ਅਚੇਤ ਮਨ ਵਿਚ ਇਨ੍ਹਾਂ ਗਿਆਨ ਇੰਦਰੀਆਂ ਰਾਹੀਂ ਜਮ੍ਹਾ ਹੁੰਦਾ ਰਹਿੰਦਾ ਹੈ ਜਿਹਦਾ ਸੁਚੇਤ ਤੌਰ ਤੇ ਸਾਨੂੰ ਪਤਾ ਨਹੀਂ ਹੁੰਦਾ। ਕਈ ਅਜਿਹੇ ਬੰਦੇ ਵੀ ਮਿਲ ਜਾਂਦੇ ਹਨ, ਜਿਹੜੇ ਦੇਖਣ, ਸੁਣਨ, ਸੁੰਘਣ, ਚੱਖਣ ਤੇ ਸਪਰਸ਼ ਸ਼ਕਤੀ ਦੀਆਂ ਕੁਝ ਘਾਟਾਂ ਕਰਕੇ ਅਸਾਧਾਰਣ ਹੁੰਦੇ ਹਨ। ਅਜਿਹੇ ਬੰਦਿਆਂ ਵਿਚ ਕਦੀਂ ਕਦੀਂ ਅਸਚਰਜ ਕਿਸਮ ਦੀ ਅਨੁਭਵ ਸ਼ਕਤੀ ਹੁੰਦੀ ਹੈ। ਕੋਈ ਕੋਈ ਬੰਦਾ



ਅਜਿਹਾ ਵੀ ਮਿਲ ਪੈਂਦਾ ਹੈ ਜਿਹੜਾ ਆਪਣੇ ਪਿਛਲੇ ਜਨਮ ਦੀਆਂ ਗੱਲਾਂ ਦਸਦਾ ਹੈ। ਪਰ ਵਿਗਿਆਨਕ ਪੜਤਾਲ ਨਾਲ ਅਗਲੇ ਪਿਛਲੇ ਜਨਮਾਂ ਬਾਰੇ ਕੁਝ ਵੀ ਸਾਬਤ ਨਹੀਂ ਹੁੰਦਾ। ਮੇਰੀ ਸਮਝ ਅਨੁਸਾਰ ਅਜਿਹਾ ਬਹੁਤਾ ਕੁਝ ਸਾਡੇ ਅਚੇਤ ਮਨ ਵਿਚੋਂ ਆਉਂਦਾ ਹੈ।ਅਸਾਧਾਰਨ ਕਿਸਮ ਦੇ ਬੰਦਿਆਂ ਦਾ ਅਚੇਤ ਮਨ ਆਮ ਬੰਦਿਆਂ ਦੇ ਅਚੇਤ ਮਨ ਨਾਲੋਂ ਵਧੇਰੇ ਕਿਰਿਆਸ਼ੀਲ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਅਜਿਹੇ ਕੁਝ ਦੇ ਪਰਛਾਵੇਂ ਦਿਸਣ ਲੱਗ ਪੈਂਦੇ ਹਨ ਜਿਸ ਬਾਰੇ ਉਨ੍ਹਾਂ ਦੇ ਸੁਚੇਤ ਮਨ ਵਿਚ ਕੋਈ ਗਿਆਨ ਨਹੀਂ ਹੁੰਦਾ। ਉਹ ਇਨ੍ਹਾਂ ਪਰਛਾਵਿਆਂ ਨੂੰ ਕੋਈ ਅਗੰਮੀ ਗੱਲ ਸਮਝ ਲੈਂਦੇ ਹਨ॥

? ਤੁਹਾਡੇ ਮੁਤਾਬਿਕ 1.ਇਸ਼ਕ ਕੀ ਹੈ ? 2. ਇਸ਼ਕ ਮਿਜ਼ਾਜੀ ਕੀ ਹੈ, 3.ਇਸ਼ਕ ਹਕੀਕੀ ਕੀ ਹੈ, 4. ਤੁਹਾਨੂੰ ਤਜਰਬਾ ਕਿਹੜੇ ਦਾ ਹੈ ? ਕੋਈ ਸੰਬੰਧਤ ਘੱਟਨਾ ਨਾਲ ਜਬਾਬ ਦਿਓ॥

- 1. ਇਸ਼ਕ, ਹੱਕ ਤੇ ਮਿਜ਼ਾਜ ਅਰਬੀ ਜ਼ੁਬਾਨ ਦੇ ਸ਼ਬਦ ਹਨ। ਇਸ਼ਕ ਦੇ ਸਮਾਨਅਰਥੀ ਪੰਜਾਬੀ ਸ਼ਬਦ ਪਿਆਰ, ਪ੍ਰੇਮ, ਲਗਨ, ਖਿੱਚ, ਚਾਹਤ, ਤੇਹ ਆਦਿ ਹਨ। 2. ਹੱਕ ਪੰਜਾਬੀ ਦੇ ਸੱਚ ਜਾਂ ਸਤਿ ਦਾ ਸਮਾਨਅਰਥੀ ਹੈ। ਹੱਕ ਨੂੰ ਉਨ੍ਹਾਂ ਪਰਮਾਰਥਕ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ, ਜਿਨ੍ਹਾਂ ਅਰਥਾਂ ਵਿਚ ਗੁਰੂ ਨਾਨਕ ਨੇ ਸੱਚ ਜਾਂ ਸਤਿ ਨੂੰ ਵਰਤਿਆ ਹੈ। 'ਆਦਿ ਸਚੁ ਜੁਗਾਦਿ ਸੱਚੁ ਹੈਭੀ ਸੱਚੁ ਨਾਨਕ ਹੋਸੀ ਵੀ ਸੱਚੁ' ਵਿਚ ਸੱਚ ਦੇ ਉਹੀ ਅਰਥ ਹਨ ਜਿਹੜੇ ਫਾਰਸੀ ਸ਼ਬਦ ਹੱਕ ਦੇ ਹਨਃ ਅਰਥਾਤ ਸਦੀਵੀ ਸੱਚ। ਹੱਕ ਸ਼ਬਦ ਦਾ ਵਿਸ਼ੇਸ਼ਣ ਹੈ ਹਕੀਕੀ , ਜਿਹਦਾ ਮਤਲਬ ਹੈ-ਜੋ ਅਸਲ ਵਿਚ ਹੈ॥ ਇਸ ਲਈ ਇਸ਼ਕ ਹਕੀਕੀ ਦਾ ਅਰਥ ਹੈ ਸਦੀਵੀ ਸੱਚ ਨਾਲ ਪਿਆਰ। 3. ਮਿਜ਼ਾਜ ਦੇ ਪੰਜਾਬੀ ਵਿਚ ਸਮਾਨਅਰਥੀ ਸ਼ਬਦ ਮਨੁੱਖੀ ਸੁਭਾ, ਸਰੀਰਕ ਖਿੱਚ, ਮਨੁੱਖੀ ਪ੍ਰਵਿਰਤੀ ਆਦਿ ਬਣਦੇ ਹਨ। ਮਿਜ਼ਾਜੀ ਮਿਜ਼ਾਜ ਦਾ ਵਿਸ਼ੇਸ਼ਣ ਹੈ। ਪੰਜਾਬੀ ਵਿਚ ਇਹਦੇ ਸਮਾਨਅਰਥੀ ਸ਼ਬਦਃ ਮਨੁੱਖੀ ਸੁਭਾ ਵਾਲਾ, ਸਰੀਰਕ ਜਾਂ ਦੁਨੀਆਵੀ ਬਣਦੇ ਹਨ। ਇਸ ਲਈ ਇਸ਼ਕ ਮਿਜ਼ਾਜੀ ਦਾ ਅਰਥ ਹੈ ਨਾਸ਼ਮਾਨ ਦੁਨਿਆਵੀ ਵਸਤਾਂ ਜਾਂ ਸਰੀਰਾਂ ਨਾਲ ਪਿਆਰ। 4. ਮੇਰੇ ਲਈ ਸਦੀਵੀ ਸੱਚ ਅਨਾਦੀ ਪ੍ਰਕਿਰਤੀ ਤੋਂ ਬਿਨਾਂ ਹੋਰ ਕੁਝ ਨਹੀਂ। ਇਹ ਪ੍ਰਕਿਰਤੀ ਸਦੀਵੀ ਨੇਮ ਦੇ ਅਨੁਸਾਰ ਕਾਇਮ ਹੈ ਤੇ ਚਲਦੀ ਹੈ। ਉਸੇ ਨੇਮ ਦੇ ਅਧੀਨ ਸਾਰੇ ਜੀਵ ਜੰਤੂ ਪ੍ਰਕਿਰਤੀ ਵਿਚ ਪੈਦਾ ਹੁੰਦੇ, ਜੀਉਂਦੇ ਤੇ ਅੰਤ ਇਸੇ ਵਿਚ ਸਮਾਅ ਜਾਂਦੇ ਹਨ। ਪੰਜ ਪ੍ਰਵਿਰਤੀਆਂ ਇਸੇ ਨੇਮ ਅਨੁਸਾਰ ਕੰਮ ਕਰਦੀਆਂ ਹਨ। ਨਰ ਨਾਰੀ ਇਸੇ ਨੇਮ ਦੀ ਪੈਦਾਵਾਰ ਹਨ ਤੇ ਇਸੇ ਨੇਮ ਵਿਚ ਵੱਧੇ ਇਕ ਦੂਜੇ ਵਲ ਖਿੱਚੇ ਜਾਂਦੇ ਹਨ ਤੇ ਇਸ ਖਿੱਚ (ਕਾਮ ਪ੍ਰਵਿਰਤੀ) ਦੇ ਬੱਝੇ ਆਪਣੀ ਨਸਲ ਨੂੰ ਅੱਗੇ ਤੋਰਦੇ ਹਨ। ਇਸੇ ਲਈ ਸਾਡੇ ਭਾਰਤੀ ਮਿਥਿਹਾਸ ਵਿਚ ਕਾਮ ਨੂੰ ਦੇਵਤਾ ਕਿਹਾ ਗਿਆ ਹੈ। ਮੇਰੀ ਸਮਝ ਅਨੁਸਾਰ ਇਸ਼ਕ ਮਿਜ਼ਾਜੀ ਵੀ ਇਸ਼ਕ ਹੱਕੀਕੀ ਦਾ ਹੀ ਪ੍ਰਤੋਅ ਹੈ। ਮਿਜ਼ਾਜ ਦੀ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ, ਉਹ ਵੀ ਸਦੀਵੀ ਸੱਚ ਦੇ ਹੁਕਮ ਕੁਦਰਤ ਦੇ ਬੁਨਿਆਦੀ ਕਾਨੂੰਨ) ਤੋਂ ਬਾਹਰ ਚੱਲ ਹੀ ਨਹੀਂ ਸਕਦਾ। ਜਦ ਕੋਈ ਬੰਦਾ ਵਸਤਾਂ ਦੀ ਸੁੰਦਰਤਾ ਵਲ ਖਿਚ ਅਨੁਭਵ ਕਰਦਾ ਹੈ ਤਾਂ ਉਹ ਉਸ ਸਦੀਵੀ ਸੱਚ ਦੇ ਹੁਕਮ ਨੂੰ ਹੀ ਹੁੰਗਾਰਾ ਭਰਦਾ ਹੈ। ਹਾਂ ਅਸੁਭਾਵਕ ਬੰਦਸ਼ਾਂ ਜਦ ਕਈ ਵੇਰ ਕੁਦਰਤੀ ਪ੍ਰਵਿਰਤੀਆਂ ਦੇ ਸੁਭਾਵਕ ਕੰਮ ਵਿਚ ਰੁਕਾਵਟ ਪਾਉਂਦੀਆਂ ਹਨ ਤਾਂ ਉਨ੍ਹਾਂ ਦਾ ਨਿਕਾਸ ਗ਼ੈਰ ਕੁਦਰਤੀ ਢੰਗ ਨਾਲ ਹੁੰਦਾ ਹੈ। ਇਹਦੇ ਨਾਲ ਹੀ ਸਾਰੇ ਵਿਕਾਰ ਪੈਦਾ ਹੁੰਦੇ ਹਨ॥ਮੈਂ ਹੁਣ ਆਪਣੇ ਬਾਰੇ ਕੀ ਕਹਾਂ ? ਮੈਂ ਵੀ ਤਾਂ ਉਸੇ ਸਦੀਵੀ ਸੱਚ ਦੇ ਨੇਮ ਅਨੁਸਾਰ ਜੰਮਿਆ ਪਲਿਆ ਤੇ ਜੀਵਿਆਂ ਹਾਂ। ਬੰਦਾ ਜਿਸ ਚੰਗੇ ਜਾਂ ਮੰਦੇ ਸਮਾਜਕ ਤੇ ਆਰਥਕ ਪ੍ਰਬੰਧ ਵਿਚ ਰਹਿੰਦਾ ਹੈ ਉਹਦੇ ਅਨੁਸਾਰ ਹੀ ਉਹਨੂੰ ਤੁਰਨਾ ਪੈਂਦਾ ਹੈ। ਸਮਾਜਕ ਪ੍ਰਤੀਬੰਦਸ਼ਾਂ ਭਾਵੇਂ

ਜਾਇਜ਼ ਹੋਣ ਜਾਂ ਨਾਜਾਇਜ਼ ਉਨ੍ਹਾਂ ਦੀ ਰਾਮ ਕਾਰ ਨੂੰ ਤੋੜਕੇ ਜੀਣਾ ਥੀਣਾ ਮਸੀਬਤਾਂ ਨੂੰ ਸੱਦਾ ਦੇਣ ਵਾਲੀ ਗੱਲ ਹੁੰਦੀ ਹੈ। ਕਈ ਬੰਦੇ ਦੁਬੰਗ ਕਿਸਮ ਦੇ ਹੁੰਦੇ ਹਨ। ਉਹ ਆਪਣੀਆਂ ਕੁਦਰਤੀ ਖਾਹਸ਼ਾਂ ਨੂੰ ਦਬਾਉਂਦੇ ਨਹੀਂ ਤੇ ਇਸਦੀ ਸਜ਼ਾ ਵੀ ਭੁਗਤੇ ਹਨ। ਮੈਂ ਕਦੀਂ ਅਜਿਹਾ ਨਹੀਂ ਬਣ ਸਕਿਆ। ਉਂਝ ਮੇਰੇ ਅੰਦਰ ਵੀ ਸਭ ਕੁਝ ਉਹੀ ਵਾਪਰਦਾ ਰਿਹਾ ਹੈ ਜਿਹੜਾ ਹਰ ਬੰਦੇ ਅੰਦਰ ਵਾਪਰਦਾ ਹੈ॥ਮੈਂ ਇਸ਼ਕ ਹਕੀਕੀ ਜਾਂ ਇਸ਼ਕ ਮਿਜਾਜੀ ਦੇ ਚੱਕਰ ਵਿਚ ਨਹੀਂ ਪਿਆ। ਜਿਹੜੀ ਵਸਤ ਦੀ ਪ੍ਰਾਪਤੀ ਸੰਭਵ ਨਾ ਦਿਸੇ, ਬੰਦਾ ਉਸ ਦੀ ਅਪ੍ਰਾਪਤੀ ਨੂੰ ਆਦਰਸ਼ਿਆ ਕੇ ਜੀਣ ਦਾ ਯਤਨ ਕਰਦਾ ਹੈ। ਜਿਵੇਂ ਬਾਬਾ ਫਰੀਦ ਨੇ ਕਿਹਾ ਹੈ:-

'ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁੱਖ
ਜਿਨ੍ਹਾਂ ਖਾਧੀ ਚੋਪੜੀ ਘਣੇ ਸਹਣਗੇ ਦੁੱਖ'

ਥੁੜਾਂ ਮਾਰੇ ਦੁਖਿਆਰੇ ਬੰਦੇ ਹੋਰ ਕਰ ਵੀ ਕੀ ਸਕਦੇ ਹੈ ? ਮੈਂ ਵੀ ਜੀਵਨ ਦੇ ਲੰਮੇ ਪੈਂਡੇ ਵਿਚ ਇਹੀ ਕਰਦਾ ਰਿਹਾ ਹਾਂ। ਵਿਰੋਧੀ ਲਿੰਗ ਦੀ ਖਿਚ ਕੁਦਰਤ ਦਾ ਬੁਨਿਆਦੀ ਨਿਯਮ ਹੈ। ਇਸ ਤੋਂ ਕੋਈ ਬਚ ਨਹੀਂ ਸਕਦਾ। ਇਸ ਖਿਚ ਤੋਂ ਬਿਨਾਂ ਨਾ ਦੁਨੀਆ ਹੋਣੀ ਸੀ, ਨਾ ਪਸੂ ਪੰਛੀ ਤੇ ਨਾ ਬਨੱਸਪਤੀ।।

? ਜ਼ਿੰਦਗੀ 'ਚ ਆਮ ਤੇ ਅਹਿਮ ਫੈਸਲੇ ਲੈਣ ਵੇਲੇ ਤੁਸੀਂ ਜ਼ਿਆਦਾ ਦਿਲ ਦੀ ਵਰਤੋਂ ਕਰਦੇ ਹੋ ਜਾਂ ਦਿਮਾਗ ਦੀ, ਜਾਂ ਫਿਰ ਜੋ ਹੋ ਗਿਆ ਸੋ ਹੋ ਗਿਆ॥

-ਭਾਵਕ ਮਾਮਲਿਆਂ ਵਿਚ ਦਿਲ ਦੀ ਤੇ ਚਿੰਤਨ ਦੇ ਮਾਮਲਿਆਂ ਵਿਚ ਦਿਮਾਗ ਦੀ ਵਰਤੋਂ ਆਪਣੇ ਆਪ ਹੋ ਜਾਂਦੀ ਹੈ।ਪਰ ਆਮ ਤੇ ਅਹਿਮ ਫੈਸਲੇ ਕਰਦੇ ਸਮੇਂ ਨਾ ਦਿਲ ਦੀ ਗੱਲ ਚਲਦੀ ਹੈ ਨਾ ਦਿਮਾਗ ਦੀ। ਸਮਾਜਕ ਤੇ ਆਰਥਕ ਮਜਬੂਰੀਆਂ ਬੰਦੇ ਤੋਂ ਉਹ ਕੁੱਝ ਕਰਵਾ ਲੈਂਦੀਆਂ ਹਨ, ਜੋ ਕੁਝ ਕਰਨ ਲਈ ਨਾ ਉਹਦਾ ਦਿਲ ਮੰਨਦਾ ਹੈ, ਨਾ ਦਿਮਾਗ।ਜਿਹੋ ਜਿਹੀ ਦਸ਼ਾ ਵਿਚ ਮੈਨੂੰ ਜੀਣਾ ਥੀਣਾ ਪਿਆ ਹੈ, ਉਹੋ ਜਿਹੀ ਦਸ਼ਾ ਵਿਚ ਹੋਰ ਕੁਝ ਹੋ ਵੀ ਨਹੀਂ ਸਕਦਾ ਸੀ। ਵਿਪ੍ਰੀਤ ਦਸ਼ਾ ਵਿਚ ਜਿਹੜਾ ਵੀ ਕੋਈ ਦਿਲ ਤੇ ਦਿਮਾਗ ਦੀ ਮਰਜ਼ੀ ਨਾਲ ਚੱਲਣ ਦਾ ਯਤਨ ਕਰਦਾ ਹੈ ਉਹ ਪ੍ਰਾਪਤ ਸਥਿਤੀ ਵਿਚ ਕੁਚਲਿਆ ਜਾਂਦਾ ਹੈ, ਜਿੱਤ ਨਹੀਂ ਸਕਦਾ। ਫੇਰ ਵੀ ਦਿਲ ਤੇ ਦਿਮਾਗ ਦੋਵੇਂ ਆਪਣਾ ਆਪਣਾ ਕੰਮ ਕਰਦੇ ਹੀ ਰਹਿੰਦੇ ਹਨ। ਜੇ ਕੋਈ ਤੁਹਾਨੂੰ ਚੰਗਾ ਲਗਦਾ ਹੈ ਉਹ ਚੰਗਾ ਲਗਦਾ ਹੀ ਰਹਿੰਦਾ ਹੈ। ਜਿਹੜੀ ਗੱਲ ਨੂੰ ਤੁਹਾਡਾ ਦਿਮਾਗ ਠੀਕ ਮੰਨਦਾ ਹੈ ਉਹਨੂੰ ਦਿਮਾਗ ਨੇ ਠੀਕ ਮੰਨਦੇ ਹੀ ਰਹਿਣਾ ਹੈ॥ਉਂਝ ਦਿਲ ਦਾ ਕੰਮ ਤਾਂ ਸਰੀਰ ਦੇ ਸਾਰੇ ਅੰਗਾਂ ਨੂੰ ਖ਼ੂਨ ਪਹੁੰਚਾਉਣਾ ਹੁੰਦਾ ਹੈ ਸੋਚਣਾ ਨਹੀਂ ਹੁੰਦਾ। ਦਿਮਾਗ ਹੀ ਅਸਲ ਵਿਚ ਚੇਤਨਾ ਦਾ ਸਥਾਨ ਹੈ। ਫੇਰ ਵੀ ਭਾਵਕ ਮਾਮਲਿਆਂ ਦਾ ਕੇਂਦਰ ਦਿਲ ਨੂੰ ਸਮਝ ਲਿਆ ਜਾਂਦਾ ਹੈ॥

? ਜੈਨੀ, ਸਨਾਤਨ ਤੇ ਬੋਧੀ ਧਰਮ ਆਪਸ ਵਿਚ ਕੀ ਸਮਾਨਤਾ ਤੇ ਕੀ ਅੰਤਰ ਰਖਦੇ ਨੇ ਅਤੇ ਸਿੱਖ ਧਰਮ ਇਨ੍ਹਾਂ ਨਾਲੋਂ ਕਿਵੇਂ ਵਖਰਾ ਹੈ। ਤੁਹਾਡੇ ਬੋਧ ਮੁਤਾਬਿਕ, ਜੋ ਲੋਕ ਰੋਜ਼ ਪਾਠ ਜਾਂ ਪ੍ਰਾਰਥਨਾ ਕਰਦੇ ਨੇ ਤੁਸੀਂ। ਉਨ੍ਹਾਂ ਬਾਰੇ ਕੀ ਸੋਚਦੇ ਹੋ।

-ਸਨਾਤਨ ਧਰਮ ਈਸ਼ਵਰਵਾਦੀ ਵੀ ਹੈ ਤੇ ਆਸਤਿਕ ਵੀ, ਬੋਧ ਤੇ ਜੈਨ ਧਰਮ ਦੋਵੇਂ ਅਨਈਸ਼ਵਰਵਾਦੀ ਤੇ ਨਾਸਤਿਕ ਹਨ। ਸਨਾਤਨ ਧਰਮ ਵਰਣ ਆਸ਼ਰਮ ਵਿਚ ਯਕੀਨ ਰੱਖਦਾ ਹੈ, ਅਵਤਾਰਵਾਦ ਦਾ ਪੈਰੋਕਾਰ ਹੈ ਤੇ ਵੇਦਾਂ ਨੂੰ ਅਨਾਦੀ ਮੰਨਦਾ ਹੈ। ਬੋਧ ਅਤੇ ਜੈਨ ਧਰਮ ਨਾ ਅਵਤਾਰਵਾਦ ਵਿਚ ਯਕੀਨ ਰੱਖਦੇ ਹਨ, ਨਾ ਵਰਣ ਆਸ਼ਰਮ ਵਿਚ ਤੇ ਨਾ ਵੇਦਾਂ ਨੂੰ ਅਨਾਦੀ ਮੰਨਦੇ ਹਨ। ਸਾਂਝ ਇਹ ਹੈ ਕਿ ਇਹ ਤਿੰਨੇ ਪੁਨਰ ਜਨਮ ਵਿਚ ਯਕੀਨ ਰੱਖਦੇ ਹਨ ਤੇ ਕਰਮਾਂ ਦੇ ਸਿਧਾਂਤ ਨੂੰ ਮੰਨਦੇ ਹਨ। ਪਾਠ ਜਾਂ ਪ੍ਰਾਰਥਨਾ ਦੀ ਜੇ ਕੋਈ ਸਾਰਥਕਤਾ ਹੈ ਤਾਂ ਇੰਨੀ ਕੁ ਹੈ ਕਿ ਇਸ



ਨਾਲ ਮਨੁੱਖ ਦੇ 'ਜੇਹਾ ਸੇਵੈ ਤੇਹਾ ਹੋਵੈ' ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਪ੍ਰਸ਼ਨ ਇਹ ਹੈ ਕਿ ਪ੍ਰਾਰਥਨਾ ਕਰਨ ਵਾਲਾ ਆਪਣੇ ਇਸ਼ਟ ਨੂੰ ਕਿਸ ਰੂਪ ਵਿਚ ਦੇਖਦਾ ਹੈ। ਜੇ ਉਹਦੀ ਕਲਪਨਾ ਆਪਣੇ ਇਸ਼ਟ ਨੂੰ ਮਿਹਰਬਾਨ ਤੇ ਹਰ ਜੀਵ ਵਿਚ ਚਿਤਵਦੀ ਹੈ ਤਾਂ ਉਹ ਆਪ ਵੀ ਮਿਹਰਬਾਨ ਤੇ ਹਰ ਜੀਵ ਦੀ ਸੇਵਾ ਕਰਨ ਵਾਲਾ ਬਣ ਜਾਵੇਗਾ ਪਰ ਜੇ ਉਹ ਆਪਣੇ ਇਸ਼ਟ ਨੂੰ ਕਹਾਰ(ਕਹਿਰ ਵਰਤਾਉਣ ਵਾਲਾ), ਜੱਬਾਰ(ਜਬਰ ਕਰਨ ਵਾਲਾ) ਤੇ ਬਦਲਾਖੋਰ ਚਿਤਵਦਾ ਹੈ ਤਾਂ ਉਹ ਆਪ ਵੀ ਅਜਿਹਾ ਹੀ ਬਣ ਜਾਵੇਗਾ॥ਸਿੱਖ ਧਰਮ, ਸਨਾਤਨ ਧਰਮ ਨਾਲੋਂ ਬੁਨਿਆਦੀ ਤੌਰ ਤੇ ਵਖਰਾ ਨਹੀਂ। ਦੋਵੇਂ ਹੀ ਈਸ਼ਵਰਵਾਦੀ ਹਨ, ਮਾਇਆ ਦੇ ਸਿਧਾਂਤ ਨੂੰ ਮੰਨਦੇ ਹਨ, ਪੁਨਰਜਨਮ ਵਿਚ ਯਕੀਨ ਰੱਖਦੇ ਹਨ ਪਰ ਸਿੱਖ ਦਰਸ਼ਨ ਦਾ ਧੁਰਾ ਬਹੁਤਾ ਉਪਨਿਸ਼ਦਾਂ ਦੀ ਸਿਖਿਆ ਦੇ ਮੁਤਾਬਿਕ ਹੈ। ਇਹ ਸਨਾਤਨ ਧਰਮ ਵਾਲੇ ਕਰਮ ਕਾਂਡਾਂ ਨੂੰ ਤਾਂ ਨਿੰਦਦਾ ਹੈ ਪਰ ਆਪ ਵੀ ਉਹੋ ਜਿਹੇ ਕਰਮ ਕਾਂਡਾਂ ਵਿਚ ਫਸਿਆ ਹੋਇਆ ਹੈ॥

? 11 ਮਾਰਚ 2011 ਨੂੰ ਜਪਾਨ ਵਿਚ ਜੋ ਜਲ ਤੇ ਥੱਲ ਦੇ ਦੋਵੇਂ ਭੁਚਾਲ ਇਕੱਠੇ ਆਏ ਸਨ ਤੇ ਜਿਸ ਹੱਦ ਤੱਕ ਤਬਾਹੀ ਹੋਈ ਸੀ ਇਹ ਸਭ ਵੇਖ ਤੁਸੀਂ ਸਮੁੱਚੇ ਤੌਰ 'ਤੇ ਕੀ ਮਹਿਸੂਸ ਕੀਤਾ।

- ਜਾਪਾਨ ਵਿਚ ਜੋ ਕੁਝ ਵੀ ਹੋਇਆ ਸੀ ਉਹਨੂੰ ਮਹਿਸੂਸ ਤਾਂ ਹਰ ਬੰਦਾ ਕਰਦਾ ਹੀ ਹੈ ਪਰ ਇਸ ਵਰਤਾਰੇ ਨੂੰ ਸਮਝਦੇ ਬਹੁਤ ਥੋੜੇ ਬੰਦੇ ਹਨ। ਧਰਤੀ ਦੀਆ ਪਲੇਟਾਂ ਜਦ ਕਦੀਂ ਇੱਕ ਦੂਜੀ ਨਾਲ ਘਸਰ ਜਾਂਦੀਆਂ ਹਨ ਤਾਂ ਭੁਚਾਲ ਆਉਂਦੇ ਹਨ। ਭੁਚਾਲ ਦੀ ਮਾਤਰਾ ਇਸ ਘਸਰਾਅ ਦੇ ਵੱਧ ਜਾਂ ਘੱਟ ਹੋਣ ਉੱਤੇ ਨਿਰਭਰ ਹੁੰਦੀ ਹੈ। ਪਰ ਜਦੋਂ ਇਹ ਵਰਤਾਰਾ ਸਮੁੰਦਰ ਦੀਆਂ ਤੈਹਾਂ ਹੇਠ ਵਾਪਰਦਾ ਹੈ ਤਾਂ ਸਮੁੰਦਰ ਵਿਚ ਤੂਫਾਨੀ ਲਹਿਰਾਂ ਉਠਦੀਆਂ ਹਨ। ਇਹਨਾਂ ਲਹਿਰਾਂ ਨੂੰ ਹੀ ਸੁਨਾਮੀ ਕਿਹਾ ਜਾਂਦਾ ਹੈ। ਇਹ ਪਹਾੜਾਂ ਵਰਗੀਆਂ ਲਹਿਰਾਂ ਜਦ ਕਿਸੇ ਮੁਲਕ ਦੇ ਤੱਟ ਨਾਲ ਆ ਟਕਰਾਂਦੀਆਂ ਹਨ ਤਾਂ ਇਹੋ ਜਿਹੀ ਭਿਅੰਕਰ ਤਬਾਹੀ ਦਾ ਕਾਰਣ ਬਣਦੀਆਂ ਹਨ ਜਿਹੋ ਜਿਹੀ ਤਬਾਹੀ ਜਾਪਾਨ ਵਿਚ ਹੋਈ ਸੀ। ਇਹੋ ਜਿਹਾ ਵਰਤਾਰਾ ਕੁਝ ਸਮਾਂ ਪਹਿਲਾਂ ਇੰਡੋਨੇਸ਼ੀਆਂ ਦੇ ਨੇੜੇ ਵੀ ਹੋਇਆ ਸੀ ਤੇ ਸੁਨਾਮੀ ਲਹਿਰਾਂ ਨੇ ਇੰਡੋਨੇਸ਼ੀਆਂ ਦੀ ਜਿਸ ਤਰ੍ਹਾਂ ਦੀ ਤਬਾਹੀ ਕੀਤੀ ਸੀ ਉਹ ਤਾਂ ਬਹੁਤ ਭਿਆਨਕ ਸੀ ਹੀ ਪਰ ਤਬਾਹੀ ਭਾਰਤ ਦੇ ਤੱਟਾਂ ਉਪਰ ਵੀ ਘੱਟ ਨਹੀਂ ਹੋਈ ਸੀ। ਇਹੋ ਕੁਝ ਸਦੀਆਂ ਤੋਂ ਵਾਪਰਦਾ ਆ ਰਿਹਾ ਹੈ। ਹਿਮਾਲਾ ਪਰਬਤ ਵਰਗੇ ਪਹਾੜ ਵੀ ਕਿਸੇ ਵੇਲੇ ਧਰਤੀ ਦੀਆਂ ਪਲੇਟਾਂ ਦੀ ਘਸਰ ਤੇ ਫੇਰ ਇੱਕ ਦੂਜੀ ਉਪਰ ਚੜ੍ਹ ਜਾਣ ਨਾਲ ਹੀ ਬਣੇ ਸਨ। ਪਰ ਜੋ ਕੁਝ ਜਾਪਾਨ ਵਿਚ ਕੁਝ ਚਿਰ ਪਹਿਲਾਂ ਹੋਇਆ ਸੀ ਉਹਦਾ ਕਾਰਣ ਪੂੰਜੀਪਤੀਆਂ ਦੇ ਘਿਨਾਉਣੇ ਲਾਲਚ ਹਨ। ਬਿਨਾਂ ਮਨੁੱਖੀ ਨਸਲ ਦੇ ਭਵਿਖ ਦੀ ਚਿੰਤਾ ਕੀਤਿਆਂ ਕੁਦਰਤ ਦੇ ਪ੍ਰਬੰਧ ਵਿਚ ਦਖਲਅੰਦਾਜ਼ੀ ਕੀਤੀ ਜਾਂਦੀ ਹੈ। ਐਟਮੀ ਬਿਜਲੀ ਘਰ ਬਣਾਏ ਜਾਂਦੇ ਹਨ। ਇਹ ਸੋਚਿਆ ਹੀ ਨਹੀਂ ਜਾਂਦਾ ਕਿ ਜੇ ਕਿਸੇ ਹਾਦਸੇ ਨਾਲ ਇਹ ਰੀਐਕਟਰ ਫਟ ਜਾਣ ਤਾਂ ਕਿਹੋ ਜਿਹੀ ਤਬਾਹੀ ਦਾ ਕਾਰਣ ਬਣਨਗੇ ? ਜਪਾਨ ਵਿਚ ਸੁਨਾਮੀ ਦੇ ਅਸਰ ਨਾਲ ਇਹੋ ਕੁਝ ਹੋਆ ਸੀ।ਤੇ ਫਿਕਰ ਪਿਆ ਹੋਇਆ ਸੀ ਕਿ ਪਤਾ ਨਹੀਂ ਕਿੰਨੇ ਲੋਕ ਐਟਮੀ ਕਰਨਾਹਟ ਦ ਸ਼ਿਕਾਰ ਹੋ ਜਾਣਗੇ। ਜੇ ਜਾਪਾਨ ਵਰਗਾ ਅਤਿ ਵਿਕਸਤ ਦੇਸ਼ ਕੁਝ ਨਹੀਂ ਕਰ ਸਕਿਆਂ ਤਾਂ ਭਾਰਤ ਦੇ ਮਹਾਰਥੀ ਜਿਹੜੇ ਇਸ ਵੇਲੇ ਅੰਨ੍ਹੇਵਾਹ ਐਟਮੀ ਰੀਐਕਟਰ ਲਾਉਣ ਵਲ ਤੁਰੇ ਹੋਏ ਹਨ ਅਜਿਹੇ ਵਰਤਾਰੇ ਦੇ ਵਰਤ ਜਾਣ ਪਿੱਛੋਂ ਕੀ ਕਰ ਲੈਣਗੇ ? ਸਮੁੱਚੇ ਤੌਰ ਤੇ ਅਹਿਸਾਸ ਇਹੀ ਬਣਦਾ ਹੈ ਕਿ ਜੇ ਲਾਲਚੀ ਬੰਦੇ ਇਸੇ ਤਰ੍ਹਾਂ ਹੀ ਕੁਦਰਤੀ ਵਰਤਾਰਿਆਂ ਵਿਚ ਦਖਲ ਅੰਦਾਜ਼ੀ ਕਰਦੇ ਰਹੇ ਤਾਂ ਇਸ ਦੁਨੀਆ ਦੇ ਭਵਿਖ ਨੂੰ ਖਤਰੇ ਵਿਚ ਪੈਣ ਤੋਂ ਕੋਈ ਵੀ ਨਹੀਂ ਬਚਾ ਸਕੇਗਾ॥

? ਇਸ ਕਥਨ ਬਾਰੇ ਤੁਹਾਡਾ ਕੀ ਵਿਚਾਰ ਬਣਦਾ ਹੈ:

ਲਹਿਰ ਭਾਲੇ ਲਹਿਰੀ ਕੋ
ਕਪੜਾ ਲੱਭੇ ਸੂਤ
ਜੀਵ ਲੱਭੇ ਬ੍ਰਹਮ ਕੋ
ਤੀਨੋਂ ਊਤ ਕੇ ਊਤ

-ਇਹ ਬਚਨ ਕਬੀਰ ਵਰਗੇ ਕਿਸੇ ਬ੍ਰਹਮਗਿਆਨੀ ਦੇ ਹੀ ਹੋ ਸਕਦੇ ਹਨ। ਉਪਨਿਸ਼ਦ ਦਾ ਕਥਨ ਹੈ:- 'ਅਹੁਮ ਬ੍ਰਹਮ ਅਸਮੀ' ਅਰਥਾਤ 'ਮੈਂ ਬ੍ਰਹਮ ਹਾਂ' ਜਾਂ 'ਏਕੰ ਬ੍ਰਹਮ ਦੁਤੀਉ ਨਾਸਤੀ' ਅਰਥਾਤ ਜੋ ਕੁਝ ਵੀ ਹੈ ਉਹ ਬ੍ਰਹਮ ਹੈ ਤੇ ਬ੍ਰਹਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਲਹਿਰ ਆਪ ਵੀ ਉਹੀ ਕੁਝ ਹੁੰਦੀ ਹੈ ਜਿਸ ਤੋਂ ਉਹ ਉਪਜਦੀ ਹੈ ਅਰਥਾਤ ਪਾਣੀ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦੀ। ਕਪੜਾ ਖੁਦ ਵੀ ਸੂਤ ਹੀ ਹੁੰਦਾ ਹੈ ਹੋਰ ਕੁਝ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਜੀਵ ਵੀ ਆਪ ਬ੍ਰਹਮ ਹੀ ਹੁੰਦਾ, ਹੋਰ ਕੁਝ ਨਹੀਂ। ਫੇਰ ਜੇ ਲਹਿਰ ਨੂੰ ਸਮਝ ਨਹੀਂ ਕਿ ਉਹ ਵੀ ਪਾਣੀ ਹੈ ਤੇ ਕਪੜੇ ਨੂੰ ਪਤਾ ਨਹੀਂ ਕਿ ਉਹ ਆਪ ਵੀ ਸੂਤ ਹੀ ਹੈ ਤੇ ਜੀਵ ਨੂੰ ਪਤਾ ਨਹੀਂ ਕਿ ਉਹ ਆਪ ਵੀ ਬ੍ਰਹਮ ਹੀ ਹੈ ਤਾਂ ਤਿੰਨਾਂ ਨੂੰ ਬੇਸਮਝ ਹੀ ਕਿਹਾ ਜਾਵੇਗਾ। ਸਮਝ ਇਹ ਬਣਦੀ ਹੈ ਕਿ ਜਿਹੜੇ ਬੰਦੇ ਆਪਣੇ ਆਪ ਤੋਂ ਬਾਹਰ ਬ੍ਰਹਮ ਨੂੰ ਲੱਭਦੇ ਹਨ ਉਹ ਊਤ ਹੀ ਹੋ ਸਕਦੇ ਹਨ॥

? 'ਜਿਹੜਾ ਬੰਦਾ ਆਪਣੇ ਆਪ ਤੋਂ ਬਾਹਰ ਬ੍ਰਹਮ ਨੂੰ ਲੱਭਦਾ ਹੈ ਉਹ ਊਤ ਹੀ ਹੋ ਸਕਦਾ ਹੈ'। ਇਹ ਤੁਸੀਂ ਇਨ੍ਹਾਂ ਸਤਰਾਂ ਦਾ ਸਾਰ ਲਿਆ ਹੈ। ਤੁਹਾਡੇ ਮੁਤਾਬਿਕ ਇਹ ਗੱਲ ਆਮ ਇਨਸਾਨ ਦੀ ਪਕੜ 'ਚ ਆ ਜਾਣ ਵਾਲੀ ਹੈ ਤੇ ਕਿੰਨੀ ਕੁ ਉਮਰ ਤੱਕ ਇੰਨੀ ਕੁ ਸਮਝ ਬੰਦੇ ਨੂੰ ਆ ਜਾਣੀ ਚਾਹੀਦੀ ਹੈ ?

- ਮੈਂ ਤਾਂ ਤੇਰੇ ਦਿੱਤੇ ਸਲੋਕ ਦੀ ਵਿਆਖਿਆ ਹੀ ਕੀਤੀ ਹੈ। ਇਹਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ ? ਆਮ ਇਨਸਾਨ ਨਾ ਅਜਿਹੇ ਗੂੜ੍ਹ ਗਿਆਨ ਦੀ ਥਾਹ ਪਾਉਣੀ ਚਾਹੁੰਦਾ ਹੈ ਨਾ ਉਹ ਇਹਦੀ ਲੋੜ ਸਮਝਦਾ ਹੈ। ਕਿੰਨੇ ਕੁ ਬੰਦੇ ਹਨ ਜਿਹੜੇ ਗੁਰੂ ਨਾਨਕ ਦੇ ਮੂਲ ਮੰਤਰ ਨੂੰ ਸਮਝ ਸਕਦੇ ਹਨ ਜਾਂ ਸਮਝਣ ਦੀ ਲੋੜ ਸਮਝਦੇ ਹਨ ? ਹਾਂ ਹਰ ਰੋਜ਼ ਪਾਠ ਕਰਨ ਵਾਲੇ ਲੱਖਾਂ ਮਿਲ ਜਾਣਗੇ। ਇਹ ਸ਼ਲੋਕ ਮਨੁੱਖੀ ਆਤਮਾ ਦੀ ਗੱਲ ਕਰਦਾ ਹੈ ਤੇ ਆਤਮਾ ਤੇ ਪ੍ਰਮਾਤਮਾ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ॥ ਮੈਂ ਆਤਮਾ ਨੂੰ ਸਰੀਰ ਤੋਂ ਵੱਖ ਨਹੀਂ ਸਮਝਦਾ। ਇਹ ਤਾਂ ਮਨੁੱਖ ਦੀ ਸੋਚ ਸਮਝ ਤੇ ਅਨੁਭਵਾਂ ਦਾ ਕੁਲ ਜੋੜ ਹੋਣ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦੀ ਤੇ ਸਰੀਰ ਨਾਲ ਹੀ ਖਤਮ ਹੋ ਜਾਂਦੀ ਹੈ। ਹਾਂ ਇੱਕ ਗੱਲ ਵਿਚ ਮੇਰਾ ਯਕੀਨ ਹੈ ਕਿ ਹਰ ਇਕ ਜੀਵ ਸਰਬ ਸ੍ਰਿਸ਼ਟੀ ਦਾ ਹੀ ਅਨਿੱਖੜ ਅੰਗ ਹੈ। ਇਸ ਲਈ ਇਹਦੀ ਹੋਣੀ ਸਰਬ ਸ੍ਰਿਸ਼ਟੀ ਦੀ ਹੋਣੀ ਨਾਲ ਜੁੜੀ ਹੋਈ ਹੈ॥

? ਤੁਸੀਂ ਇਸਤ੍ਰੀ ਦੀ ਆਜ਼ਾਦੀ ਦਾ ਸਮੁੱਚੇ ਤੌਰ 'ਤੇ ਕੀ ਅਰਥ ਲੈਂਦੇ ਹੋ।

-ਬਚਪਨ ਵਿਚ ਕੁੜੀ ਨਾਲ ਉਹਦੇ ਭਰਾਵਾਂ ਦੇ ਐਨ ਬਰਾਬਰ ਦਾ ਸਲੂਕ ਹੋਵੇ, ਉਹ ਆਪਣੇ ਭਰਾਵਾਂ ਵਾਂਗ ਹੀ ਆਪਣੇ ਮਾਪਿਆਂ ਦੀ ਸੰਪਤੀ ਦੀ ਬਰਾਬਰ ਦੀ ਹੱਕਦਾਰ ਹੋਵੇ, ਉਹਨੂੰ ਹੱਕ ਹੋਵੇ ਉਹ ਵਿਆਹ ਕਰਾਵੇ ਜਾਂ ਨਾ, ਵਿਆਹ ਪਿੱਛੋਂ ਵੀ ਉਹਨੂੰ ਹੱਕ ਹੋਵੇ ਕਿ ਉਹ ਆਪਣੇ ਭਰਾਵਾਂ ਵਾਂਗ ਹੀ ਮਾਪਿਆਂ ਤੋਂ ਮਿਲੀ ਜਾਇਦਾਦ ਦੀ ਮਾਲਕ ਰਹੇ। ਉਸਨੂੰ ਹੱਕ ਹੋਵੇ ਕਿ ਉਹ ਆਪਣੇ ਚੁਣੇ ਜੀਵਨ ਸਾਥੀ ਨਾਲ ਆਪਣੇ ਮਾਪਿਆਂ ਕੋਲ ਜਾਂ ਉਨ੍ਹਾਂ ਤੋਂ ਮਿਲੀ ਜਾਇਦਾਦ ਵਿਚ ਰਹਿ ਸਕੇ। ਉਹ ਜਦ ਵੀ ਚਾਹੇ ਆਪਣੇ ਜੀਵਨ ਸਾਥੀ ਤੋਂ ਵੱਖ ਹੋ ਕੇ ਰਹਿਣ ਲਈ ਆਜ਼ਾਦ ਹੋਵੇ। ਉਹਦਾ ਜੀਵਨ ਸਾਥੀ ਤੇ ਉਹ ਇਕੱਠੇ ਰਹਿੰਦਿਆਂ ਜਿਹੜੀ ਵੀ ਤੇ ਜਿੰਨੀ ਵੀ ਸੰਪਤੀ ਬਣਾਉਣ ਉਸ ਵਿਚ ਉਹਦਾ ਪੂਰਾ ਹੱਕ ਹੋਵੇ। ਉਹ ਹਰ ਗੱਲ ਵਿਚ ਆਦਮੀ ਦੇ ਬਰਾਬਰ ਹੋਵੇ। ਉਹਦੇ ਨਾਲ



ਕਿਤੇ ਵੀ, ਕਿਸੇ ਤਰ੍ਹਾਂ ਵੀ ਆਦਮੀ ਨਾਲੋਂ ਵੱਖਰਾ ਸਲੂਕ ਨਾ ਹੋਵੇ। ਪਰ ਇਹੋ ਜਿਹੀ ਬਰਾਬਰੀ ਤੇ ਸੁਤੰਤਰਤਾ ਮਨੁੱਖੀ ਸਮਾਜ ਦੇ ਉਸ ਯੁਗ ਵਿਚ ਸੀ ਜਿਹਨੂੰ ਆਦਿ ਸਾਮਯਵਾਦ ਕਿਹਾ ਜਾਂਦਾ ਹੈ ਤੇ ਬੇਜਮਾਤ ਸਮਾਜ ਯਾਨੀ ਕਿ ਆਧੁਨਿਕ ਸਾਮਯਵਾਦ ਵਿਚ ਹੀ ਸੰਭਵ ਹੋ ਸਕਦੀ ਹੈ॥

? ਇਸਤਰੀ ਦੀ ਸੁਤੰਤਰਤਾ ਦਾ ਪ੍ਰਸ਼ਨ ਕਦੋਂ ਤੇ ਕਿਵੇਂ ਪੈਦਾ ਹੋਇਆ।

- ਇਹ ਪ੍ਰਸ਼ਨ ਤਾਂ ਉਦੋਂ ਹੀ ਪੈਦਾ ਹੋ ਗਿਆ ਸੀ ਜਦ ਪਹਿਲੀ ਵਾਰ ਇਸਤ੍ਰੀ ਤੋਂ ਬਰਾਬਰੀ ਖੋਹਣ ਦਾ ਯਤਨ ਕੀਤਾ ਗਿਆ ਸੀ। ਹਰ ਸਮੇਂ ਤੇ ਹਰ ਸਮਾਜ ਵਿਚ ਇਸ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ॥ ਸਾਡੇ ਪੰਜਾਬ ਵਿਚ ਹੀਰ ਦੇ ਇਸ਼ਕ ਦੀ ਕਹਾਣੀ ਤੇ ਨਾਲ ਹੀ ਉਹਦੀ ਨਣਦ ਸਹਿਤੀ ਦੀ ਕਹਾਣੀ, ਦੋਵੇਂ ਹੀ ਆਪਣੀ ਮਰਜ਼ੀ ਅਨੁਸਾਰ ਚੋਣ ਦੀ ਆਜ਼ਾਦੀ ਲਈ ਲੜਨ ਦੀਆਂ ਮਿਸਾਲਾਂ ਹੀ ਤਾਂ ਹਨ ਪਰ ਕਾਬਜ਼ ਸਮਾਜਕ ਪ੍ਰਬੰਧ ਦੀਆਂ ਬੰਦਸ਼ਾਂ ਤੋੜ ਕੇ ਆਜ਼ਾਦ ਚੋਣ ਦਾ ਹੱਕ ਪ੍ਰਾਪਤ ਕਰਨ ਲਈ ਲੜਨਾ ਆਮ ਤੌਰ ਤੇ ਦੁਖਾਂਤ ਦਾ ਕਾਰਨ ਬਣਦਾ ਰਿਹਾ ਹੈ ਤੇ ਸਾਡੇ ਦੇਸ਼ ਵਿਚ ਹੁਣ ਵੀ ਬਣਦਾ ਹੈ। ਇਸਤ੍ਰੀ ਦੀ ਸੁਤੰਤਰਤਾ ਲਈ ਬਹੁਤਾ ਜ਼ੋਰ ਪੂੰਜੀਵਾਦੀ ਕਦਰਾਂ ਕੀਮਤਾਂ ਫੈਲਣ ਨਾਲ ਹੀ ਅਰੰਭ ਹੋਇਆ ਤੇ ਵਧਿਆ ਹੈ।ਕਿਉਂਕਿ ਇਸ ਸਮਾਜ ਦੀਆਂ ਕਦਰਾਂ ਕੀਮਤਾਂ ਵਿਅਕਤੀਗਤ ਆਜ਼ਾਦੀ ਦੇ ਅਸੂਲ ਤੇ ਅਧਾਰਤ ਹਨ। ਇਸਤ੍ਰੀ ਹੀ ਨਹੀਂ ਆਦਮੀ ਵੀ ਇਸ ਸਮਾਜ ਵਿਚ ਆਪਣੀ ਚੋਣ ਲਈ ਆਜ਼ਾਦ ਹੈ।ਪਰ ਇਸ ਆਜ਼ਾਦੀ ਨੂੰ ਮਾਣ ਉਹੀ ਸਕਦਾ ਹੈ ਜਿਹੜਾ ਸੰਪਤੀ ਦੀ ਮਾਲਕ ਸ਼੍ਰੇਣੀ ਵਿਚੋਂ ਹੋਵੇ। ਇਸ ਸਮਾਜ ਵਿਚ ਬਹੁਤੀਆਂ ਤੀਵੀਆਂ ਦੀ ਆਜ਼ਾਦੀ ਮਾਣਨ ਦੀ ਇੱਛਾ ਉਨ੍ਹਾਂ ਦੇ ਮੰਡੀ ਦਾ ਮਾਲ ਬਣਨ ਵਿਚ ਜਾ ਮੁਕਦੀ ਹੈ॥

? ਇਸ ਸਭ ਕਾਸੇ ਪਿੱਛੇ ਕੀ ਪ੍ਰਵਿਰਤੀ ਸੀ ਕਿਹੜੀਆਂ ਅਪੂਰਨ ਲੋੜਾਂ ਸਨ ਇਸਤ੍ਰੀ ਦੀਆਂ ? ਕੀ ਤਵੱਕੋ ਸੀ ਉਹਨੂੰ ਸਮਾਜ, ਘਰ ਤੇ ਪ੍ਰਧਾਨ ਤਬਕੇ ਤੋਂ ?

- ਨਿਮਨ ਵਰਗ ਦੇ ਹਰ ਇਨਸਾਨ ਦੀ ਇੱਛਾ ਉਹ ਸੁੱਖ ਪ੍ਰਾਪਤ ਕਰਨ ਦੀ ਹੁੰਦੀ ਹੈ, ਜਿਹੜਾ ਉੱਚ ਵਰਗ ਦੇ ਬੰਦਿਆਂ ਨੂੰ ਪ੍ਰਾਪਤ ਹੁੰਦਾ ਹੈ। ਜਦ ਉਹ ਸੁੱਖ ਉਹਨੂੰ ਨਹੀਂ ਮਿਲਦਾ ਤਾਂ ਉਹ ਹਰ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਵਰਤਦਾ ਹੈ ਜਿਹੜੇ ਸੁੱਖ ਪ੍ਰਾਪਤ ਕਰਨ ਦੀ ਉੱਚ ਵਰਗ ਨੇ ਉਹਦੇ ਲਈ ਮਨਾਹੀ ਕੀਤੀ ਹੋਈ ਹੁੰਦੀ ਹੈ। ਆਦਮੀਆਂ ਦੇ ਮੁਕਾਬਲੇ ਵਿਚ ਔਰਤਾਂ ਵੀ ਦਮਤ ਵਰਗ ਹੁੰਦੀਆਂ ਹਨ, ਭਾਵੇਂ ਆਦਮੀ ਆਪ ਵੀ ਉਚ ਵਰਗ ਦਾ ਦਮਨ ਹੰਢਾ ਰਿਹਾ ਹੁੰਦਾ ਹੈ। ਉਹ ਆਪਣਾ ਸਾਰਾ ਅਕ੍ਰੋਸ਼ ਇਸਤ੍ਰੀ 'ਤੇ ਕਢਦਾ ਹੈ ਤੇ ਇਸਤ੍ਰੀ ਆਪਣਾ ਅਕ੍ਰੋਸ਼ ਆਪਣੇ ਬੱਚਿਆਂ 'ਤੇ ਕੱਢਦੀ ਹੈ ਜਾਂ ਆਪਣੇ ਵਰਗੀਆਂ ਹੋਰ ਇਸਤ੍ਰੀਆਂ 'ਤੇ, ਜਿਸ ਤਰ੍ਹਾਂ ਕਿ ਸੱਸ ਨੂੰਹ 'ਤੇ ਅਤੇ ਨਣਦ ਭਰਜਾਈ 'ਤੇ ਕਢਦੀ ਹੈ। ਉਚ ਜਾਤੀ ਦੀਆਂ ਇਸਤ੍ਰੀਆਂ ਅਪਣਾ ਅਕ੍ਰੋਸ਼ ਨਿਮਨ ਜਾਤਾਂ ਦੀਆਂ ਇਸਤਰੀਆਂ 'ਤੇ ਕਢਦੀਆਂ ਹਨ ਤੇ ਉਹ ਬੰਦੇ ਜਿਹੜੇ ਕਿਸੇ ਬੰਦੇ ਉਤੇ ਆਪਣਾ ਅਕ੍ਰੋਸ਼ ਨਹੀਂ ਕੱਢ ਸਕਦੇ ਉਹ ਜਾਨਵਰਾਂ 'ਤੇ ਕੱਢਦੇ ਹਨ। ਆਸ ਤਾਂ ਹਰ ਬੰਦਾ ਇਹੀ ਰੱਖਦਾ ਹੈ ਕਿ ਉਹਦੇ ਨਾਲ ਬੇਇਨਸਾਫੀ ਨਾ ਹੋਵੇ ਤੇ ਇਸਤ੍ਰੀ ਵੀ ਸਮਾਜ ਵਿਚ ਮਾਣ ਵਾਲਾ ਸਥਾਨ ਪ੍ਰਾਪਤ ਕਰਨਾ ਚਾਹੁੰਦੀ ਹੈ ਪਰ ਮਿਲਦਾ ਉਹਨੂੰ ਬਾਕੀ ਦੇ ਦਮਤ ਜੀਆਂ ਵਾਂਗ ਰਹਿੰਦ ਖੂੰਹਦ ਹੈ॥

? ਸਮਾਂ, ਸਥਾਨ ਤੇ ਪ੍ਰਚਲਤ ਕਦਰਾਂ ਕੀਮਤਾਂ ਨੂੰ ਮੁੱਖ ਰੱਖ ਕੇ ਦਸੋ ਕਿ ਇਸਤ੍ਰੀ ਤੋਂ ਸਮੁੱਚੇ ਪ੍ਰਚਲਤ ਢਾਂਚੇ ਨੂੰ ਕੀ ਆਸਾਂ ਤੇ ਕੀ ਬਰਦਾਸ਼ਤ ਨਹੀਂ।

-ਹਰ ਸਮੇਂ ਦਾ ਪ੍ਰਚਲਤ ਸਮਾਜਿਕ ਢਾਂਚਾ ਤੀਵੀਂ ਤੋਂ ਆਦਮੀ ਦੀ ਅਧੀਨਗੀ ਦੀ ਆਸ ਰੱਖਦਾ ਹੈ। ਉਹਨੂੰ ਇਹੀ ਦਸਿਆ ਜਾਂਦਾ ਹੈ ਕਿ ਆਪਣੇ ਪਤੀ ਨੂੰ ਜਿਵੇਂ ਉਹ ਚਾਹੇ ਖੁਸ਼ ਰੱਖਣਾ, ਉਹਦੇ ਲਈ ਸੰਤਾਨ ਪੈਦਾ ਕਰਨਾ ਤੇ ਪਾਲਣਾ, ਉਹਦੇ ਲਈ ਆਪਣੇ ਸੁੱਖਾਂ ਦਾ ਤਿਆਗ

ਕਰਨਾ, ਉਹਦੀ ਸਦਾ ਸੁੱਖ ਮੰਗਣਾ ਤੇ ਲੋੜ ਪੈਣ 'ਤੇ ਉਸ ਲਈ ਮਰ ਜਾਣਾ ਹੀ ਉਹਦਾ ਧਰਮ ਹੈ। ਪਤੀ, ਖਾਵਿੰਦ ਤੇ ਹਸਬੈਂਡ ਦਾ ਅਰਥ ਹੀ ਮਾਲਕ ਹੁੰਦਾ ਹੈ॥ਪਤੀ ਹੋਰ ਵਸਤਾਂ ਪਸ਼ੂਆਂ ਤੇ ਜ਼ਮੀਨ ਵਾਂਗ ਹੀ ਪਤਨੀ ਦਾ ਵੀ ਮਾਲਕ ਹੁੰਦਾ ਹੈ। ਮਾਲਕ ਤੇ ਅਧੀਨ ਦਾ ਰਿਸ਼ਤਾ ਹੀ ਪ੍ਰਚਲਤ ਢਾਂਚੇ ਵਿਚ ਪ੍ਰਵਾਨ ਰਿਹਾ ਹੈ। ਸਮਾਜਕ ਤੇ ਆਰਥਕ ਪ੍ਰੀਵਰਤਨਾਂ ਨਾਲ ਆਦਮੀ ਤੀਵੀਂ ਦੇ ਸੰਬੰਧਾਂ ਵਿਚ ਫਰਕ ਉਨਾ ਹੀ ਪੈਂਦਾ ਸੀ/ਹੈ ਜਿੰਨਾ ਕੁ ਆਰਥਕ ਪ੍ਰਬੰਧ 'ਤੇ ਕਾਬਜ਼ ਜਮਾਤ ਤੇ ਕਾਮਾ ਜਮਾਤ ਦੇ ਸੰਬੰਧਾਂ ਵਿਚ ਪੈਂਦਾ ਹੈ॥

? ਕਿਉਂ ਤੇ ਕਿਵੇਂ ਇਸ ਵਿਚਾਰ ਨੇ ਮੂਵਮੈਂਟ ਦਾ ਰੂਪ ਧਾਰਨ ਕੀਤਾਂ। ਬਲੈਕ ਸਿਸਟਰਜ਼ ਜਥੇਬੰਦੀ ਦਾ ਇਨ੍ਹਾਂ ਸਵਾਲਾਂ ਨਾਲ ਕਿੰਨਾ ਕੁ ਸੰਬੰਧ ਹੈ ?

– ਭਾਵੇਂ ਹਰ ਯੁਗ ਵਿਚ ਇਸਤ੍ਰੀ ਬਰਾਬਰੀ ਲਈ ਤਾਂਘਦੀ ਰਹੀ ਹੈ ਪਰ ਇਹ ਯਤਨ ਵਿਅਕਤੀਗਤ ਹੀ ਹੁੰਦੇ ਸਨ। ਸਮੁੱਚੇ ਤੌਰ ਤੇ ਇਸਤ੍ਰੀ ਆਦਮੀ ਨੂੰ ਪਤੀ(ਮਾਲਕ) ਪਰਮੇਸ਼ਰ ਮੰਨਣਾ ਆਪਣਾ ਧਰਮ ਸਮਝਦੀ ਰਹੀ ਹੈ। ਜਦ ਯੂਰਪ ਵਿਚ ਕਈ ਥਾਵੀਂ ਆਦਮੀਆਂ ਨੂੰ ਚੁਣਨ ਤੇ ਚੁਣੇ ਜਾਣ ਦਾ ਅਧਿਕਾਰ ਮਿਲ ਗਿਆ ਸੀ, ਉਸ ਵੇਲੇ ਵੀ ਇਸਤ੍ਰੀ ਨੂੰ ਚੁਣੇ ਜਾਣ ਤੇ ਚੁਣਨ ਦਾ ਅਧਿਕਾਰ ਨਹੀਂ ਸੀ। ਔਰਤਾਂ ਦੇ ਹੱਕਾਂ ਲਈ ਉਨ੍ਹੀਵੀਂ ਸਦੀ ਦੇ ਅੰਤ ਦੇ ਨੇੜੇ ਅਵਾਜ਼ ਉਠਾਈ ਜਾਣ ਲੱਗੀ ਸੀ। ਸਫਰੇਜ ਤੇ ਸਫਰਜੈਟ ਮੂਵਮੈਂਟ ਉਦੋਂ ਸਭ ਤੋਂ ਪਹਿਲਾਂ ਫਰਾਂਸ ਵਿਚ ਅਰੰਭ ਹੋਈ ਸੀ ਤੇ ੧੮੯੩ ਵਿਚ ਨਿਊਜ਼ੀਲੈਂਡ ਵਿਚ ਇਸਤ੍ਰੀਆਂ ਨੂੰ ਵੋਟ ਦਾ ਅਧਿਕਾਰ ਮਿਲਿਆ ਸੀ। ਉਸ ਵੇਲੇ ਤਾਂ ਦੁਨੀਆ ਦੇ ਬਹੁਤੇ ਮੁਲਕ ਹਾਲੀਂ ਸਣੇ ਭਾਰਤ ਸਾਮਰਾਜ ਦੀ ਗੁਲਾਮੀ ਹੰਢਾ ਰਹੇ ਸਨ॥

ਬਲੈਕ ਸਿਸਟਰ ਆਰਗਨਾਈਜ਼ੇਸ਼ਨ ੧੯੭੯ ਵਿਚ ਸਾਊਥਾਲ ਦੀਆਂ ਏਸ਼ੀਅਨ ਔਰਤਾਂ ਵਲੋਂ ਨਸਲਵਾਦੀਆਂ ਦੇ ਹੱਥੋਂ ਬਲੇਅਰ ਪੀਚ ਦੀ ਮੌਤ ਨਾਲ ਨਸਲਵਾਦ ਵਿਰੋਧੀ ਗਰੁਪ ਦੇ ਰੂਪ ਵਿਚ ਸ਼ੁਰੂ ਹੋਈ ਸੀ ਪਰ ਬਾਅਦ ਵਿਚ ਇਸ ਨੇ ਏਸ਼ੀਅਨ ਔਰਤਾਂ ਦੇ ਮਨੁੱਖੀ ਹੱਕਾਂ ਲਈ ਤੇ ਘਰਾਂ ਵਿਚ ਹੁੰਦੇ ਏਸ਼ੀਅਨ ਔਰਤਾਂ 'ਤੇ ਹੁੰਦੇ ਜਬਰ ਦੀ ਵਿਰੋਧਤਾ ਕਰਨ ਵਾਲੀ ਆਰਗਨਾਈਜੇਸ਼ਨ ਦਾ ਰੂਪ ਧਾਰਨ ਕਰ ਲਿਆ॥ਇਹ ਲਹਿਰ ਆਪਣੇ ਤੌਰ 'ਤੇ ਚੰਗਾ ਕੰਮ ਕਰ ਰਹੀ ਹੈ। ਪਰ ਬਹੁਤਾ ਕੁਝ ਕਰ ਸਕਣਾ ਪ੍ਰਾਪਤ ਵਿਵਸਥਾ ਵਿਚ ਸੰਭਵ ਨਹੀਂ। ਇਸਤ੍ਰੀ ਦਾ ਪੂਰਨ ਤੌਰ ਤੇ ਸੁਤੰਤਰ ਤੇ ਆਦਮੀ ਦੇ ਬਰਾਬਰ ਦਾ ਦਰਜਾ ਪ੍ਰਾਪਤ ਕਰ ਲੈਣਾ ਹਾਲੀਂ ਸੰਭਵ ਨਹੀਂ। ਅੱਜ ਦੀ ਘਰੇਲੂ ਅਤੇ ਪ੍ਰੋਫੈਸ਼ਨਲ ਇਸਤ੍ਰੀ ਆਪਣੀ ਵਿਦਿਅਕ ਤੇ ਪੇਸ਼ਾਵਰ ਯੋਗਤਾ ਦੇ ਅਨੁਸਾਰ ਹੀ ਪ੍ਰਾਪਤ ਵਿਵਸਥਾ ਵਿਚ ਥੋੜਾ ਜਾਂ ਬਹੁਤਾ ਰੋਲ ਅਦਾ ਕਰ ਸਕਦੀ ਹੈ ਤੇ ਕਰ ਰਹੀ ਹੈ॥

? ਲੇਖਕ ਇਸਤ੍ਰੀ ਦਾ ਇਨ੍ਹਾਂ ਹਾਲਤਾਂ ਨੂੰ ਮੁੱਖ ਰੱਖ ਕੇ ਕੀ ਰੋਲ ਤੇ ਫਰਜ਼ ਰਿਹਾ ਹੈ ਤੇ ਹੁਣ ਹੈ।

– ਲੇਖਕ ਇਸਤ੍ਰੀ ਹੀ ਨਹੀਂ ਲੇਖਕ ਮਰਦ ਵੀ ਇਨ੍ਹਾਂ ਹਾਲਤਾਂ ਵਿਚ ਪਾਠਕਾਂ ਨੂੰ ਸਮਾਜਕ ਪ੍ਰਸਥਿਤੀਆਂ ਤੋਂ ਜਾਣੂ ਕਰਵਾ ਕੇ ਕੁਝ ਨਾ ਕੁਝ ਰੋਲ ਅਦਾ ਕਰਦੇ ਹੀ ਰਹੇ ਹਨ ਤੇ ਕਰਦੇ ਵੀ ਰਹਿਣਗੇ ਪਰ ਮੁੱਖ ਕੰਮ ਇਨ੍ਹਾਂ ਪ੍ਰਸਥਿਤੀਆਂ ਨੂੰ ਬਦਲ ਕੇ ਨਵੀਂਆਂ ਪ੍ਰਸਥਿਤੀਆਂ ਸਿਰਜਣ ਦਾ ਹੈ। ਵਿਗਿਆਨਕ ਯੁਗ ਦੇ ਹਾਣੀ ਵਿਗਿਆਨਕ ਵਿਚਾਰਾਂ ਦੇ ਪਰਚਾਰ ਤੇ ਪਰਸਾਰ ਨਾਲ ਅੱਜ ਦੇ ਲੇਖਕ ਮਰਦ ਅਤੇ ਔਰਤ ਦੋਵੇ ਹੀ ਆਪਣਾ ਯੋਗਦਾਨ ਪਾ ਸਕਦੇ ਹਨ॥

? ਤੁਹਾਡੇ ਖਿਆਲ ਮੁਤਾਬਕ ਅੱਜ ਇਸਤ੍ਰੀ ਲੇਖਕ ਦੇ ਸਾਹਮਣੇ ਕਿਹੜੀਆਂ ਮੁਸ਼ਕਲਾਂ ਹਨ।

– ਮੁਸ਼ਕਲਾਂ ਤਾਂ ਹਰ ਸਮੇਂ ਆਦਮੀ ਲੇਖਕਾਂ ਨੂੰ ਵੀ ਪੇਸ਼ ਆਉਂਦੀਆਂ ਹਨ ਪਰ ਇਸਤ੍ਰੀ ਨੂੰ ਇਸਤ੍ਰੀ ਹੋਣ ਕਰਕੇ ਕੁਝ ਵਧੇਰੇ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਸਾਹਿਤ ਲੇਖਕ ਦੇ ਅੰਦਰ ਦਾ ਸ਼ੀਸ਼ਾ ਹੁੰਦਾ ਹੈ ਤੇ ਸਤਿਯਮ ਉਹਦਾ ਬੁਨਿਆਦੀ ਗੁਣ। ਪਰ ਕੀ ਇਸਤ੍ਰੀ ਲੇਖਕ ਆਦਮੀ ਲੇਖਕ ਵਾਂਗ ਆਪਣੇ ਅੰਦਰ ਦੀ ਗੱਲ ਕਹਿ ਸਕਦੀ ਹੈ ? ਆਪਣੇ ਬਾਰੇ ਤੇ ਆਪਣੇ ਚੌਗਿਰਦੇ ਬਾਰੇ ਜਿਸ ਤਰ੍ਹਾਂ ਖੁੱਲ੍ਹ ਕੇ ਆਦਮੀ ਗੱਲ ਕਰ ਸਕਦਾ ਹੈ। ਜੇ ਐਨ ਉਸੇ ਤਰ੍ਹਾਂ ਇਸਤ੍ਰੀ ਲੇਖਕ ਕਰੇ ਤਾਂ ਉਹਦੇ ਖਿਲਾਫ ਧਰਮ ਤੇ ਸਮਾਜ ਦੇ ਠੇਕੇਦਾਰ ਤੁਫਾਨ ਖੜਾ ਕਰਨ ਤੱਕ ਜਾਂਦੇ ਹਨ॥ਇਸਤ੍ਰੀ ਲੇਖਕ ਨੇ ਜੇ ਸੱਚਮੁੱਚ ਲੇਖਕ ਬਣਨਾ ਹੈ ਤਾਂ ਉਹਨੂੰ ਮਰਦ ਲੇਖਕਾਂ ਵਾਂਗ ਬਹੁਤ ਕੁਝ ਦੇਖਣ ਪਰਖਣ ਸੁਣਨ ਤੇ ਸਮਝਣ ਦੀ ਲੋੜ ਹੁੰਦੀ ਹੈ। ਉਹਦੇ ਖੁੱਲ੍ਹ ਵਿਚਰਨ ਤੇ ਗੱਲ ਕਰਨ ਦਾ ਮਤਲਬ ਆਮ ਆਦਮੀ ਹੀ ਨਹੀਂ ਸਗੋਂ ਆਮ ਲੇਖਕ ਵੀ ਕੁਝ ਹੋਰ ਹੀ ਸਮਝ ਲੈਂਦੇ ਹਨ। ਜੇ ਜ਼ਰਾ ਖੁੱਲ੍ਹ ਕੇ ਗੱਲ ਕਰਦੀ ਹੈ ਤਾਂ ਮਰਦ ਲੇਖਕ ਉਹਨੂੰ ਵਰਤੋਂ ਦੀ ਚੀਜ਼ ਸਮਝ ਕੇ ਉਹਦੇ ਦੁਆਲੇ ਚੱਕਰ ਲਾਉਣੋ ਵੀ ਨਹੀਂ ਝਿਜਕਦੇ ਤੇ ਉਹਦੇ ਬਾਰੇ ਚਠਕਾਰੇ ਲੈ ਲੈ ਗੱਲਾਂ ਵੀ ਕਰਦੇ ਹਨ। ਕੁਝ ਆਲੋਚਕ ਵੀ ਇਸਤ੍ਰੀ ਲੇਖਕਾ ਦੀ ਉਨਤੀ ਵਿਚ ਵਾਧਾ ਬਣ ਖਲੋਂਦੇ ਹਨ। ਉਹ ਦੀ ਖਾਹਮਖਾਹ ਚਾਪਲੂਸੀ ਕਰ ਕੇ ਜਾਂ ਫੇਰ ਜੇ ਉਹ ਉਨ੍ਹਾਂ ਦੀ ਪਰਵਾਹ ਨਹੀਂ ਕਰਦੀ ਤਾਂ ਉਹਦੀ ਖਾਹਮਖਾਹ ਨਿੰਦਾ ਕਰ ਕੇ ਉਹਦੀ ਕਲਾ ਕੌਸ਼ਲਤਾ ਨੂੰ ਨਕਾਰਨ ਦੀ ਕੋਸ਼ਿਸ਼ ਕਰਦੇ ਹਨ॥

? ਇਨਸਾਨ, ਈਮਾਨ ਤੇ ਸ਼ੈਤਾਨ ਸ਼ਬਦਾਂ ਦੀ ਆਪਸੀ ਸਾਂਝ ਕੀ ਹੈ।

–ਇਨਸਾਨ, ਈਮਾਨ ਤੇ ਸ਼ੈਤਾਨ ਵਿਚ ਸਵਾਏ ਅਨੁਪ੍ਰਾਸ ਦੇ ਹੋਰ ਕੋਈ ਸਾਂਝ ਨਹੀਂ ਦਿਸਦੀ। ਪਰ ਮਨੁੱਖੀ ਕਲਪਨਾ ਨੂੰ ਤਾਂ ਕੰਮ ਕਰਨੋ ਰੋਕਿਆ ਨਹੀਂ ਜਾ ਸਕਦਾ। ਉਸ ਅਨੁਸਾਰ ਸ਼ੈਤਾਨ ਇਨਸਾਨ ਦੇ ਈਮਾਨ ਦਾ ਵੈਰੀ ਹੈ। ਕਿਹਾ ਜਾਂਦਾ ਹੈ ਕਿ ਇਨਸਾਨ ਉਹੀ ਅਸਲ ਇਨਸਾਨ ਹੈ ਜਿਹਦਾ ਈਮਾਨ ਸ਼ੈਤਾਨ ਵੀ ਹਿਲਾ ਨਾ ਸਕੇ। ਇਨਸਾਨ ਅਰਬੀ ਜ਼ਬਾਨ ਦਾ ਸ਼ਬਦ ਹੈ ਜਿਸ ਦੇ ਸਮਾਨਅਰਥੀ ਸ਼ਬਦ ਮਾਨਵ, ਮਨੁੱਖ, ਪੁਰਖ ਤੇ ਮਾਨਸ ਹਨ॥ ਈਮਾਨ ਵੀ ਅਰਬੀ ਜ਼ੁਬਾਨ ਦਾ ਸ਼ਬਦ ਹੈ। ਉੱਥੇ ਇਹ ਧਾਰਮਕ ਵਿਸ਼ਵਾਸ ਲਈ ਵਰਤਿਆ ਜਾਂਦਾ ਹੈ। ਈਮਾਨ ਨੂੰ ਅਸੀਂ ਯਕੀਨ ਜਾਂ ਭਰੋਸੇ ਦੇ ਅਰਥਾਂ ਵਿਚ ਵੀ ਵਰਤਦੇ ਹਾਂ॥ਸ਼ੈਤਾਨ ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਦੇ ਅਕੀਦੇ ਅਨੁਸਾਰ ਉਹ ਫਰਿਸ਼ਤਾ ਸੀ ਜਿਹੜਾ ਰੱਬ ਦੇ ਹੁਕਮ ਤੋਂ ਬਾਗੀ ਹੋ ਗਿਆ ਸੀ ਤੇ ਇਸੇ ਕਾਰਣ ਹੁਣ ਤੱਕ ਵੀ ਇਨਸਾਨਾਂ ਨੂੰ ਕੁਰਾਹੇ ਪਾਉਣ ਦਾ ਕੰਮ ਕਰਦਾ ਹੈ। ਇਨ੍ਹਾਂ ਮੱਤਾਂ ਅਨੁਸਾਰ ਬੰਦਾ ਜੋ ਕੁਝ ਵੀ ਮਾੜਾ ਕਰਦਾ ਹੈ ਉਹ ਸ਼ੈਤਾਨ ਦਾ ਵਰਗਲਾਇਆ ਕਰਦਾ ਹੈ। ਪਰ ਸਾਡੇ ਭਾਰਤੀ ਫਲਸਫੇ ਅਨੁਸਾਰ ਨਿਰਾਕਾਰ ਹੀ ਅਕਾਰ ਧਾਰਨ ਕਰਦਾ ਹੈ। ਉਹ ਹੀ ਹਰ ਚੰਗਿਆਈ ਦੇ ਵਿਰੋਧ ਵਿਚ ਬੁਰਾਈ ਪੈਦਾ ਕਰਦਾ ਹੈ। ਦੇਵਤੇ ਤੇ ਰਾਖਸ ਉਹਦੀ ਮਰਜ਼ੀ ਨਾਲ ਹੀ ਬਣੇ ਸਨ। ਚੰਗੇ ਜਾਂ ਮੰਦੇ ਸਾਰੇ ਉਹਦੇ ਹੁਕਮ ਅਨੁਸਾਰ ਚਲਦੇ ਹਨ।ਪਰ ਵਿਗਿਆਨਕ ਮਤ ਅਨੁਸਾਰ ਪ੍ਰਕਿਰਤੀ ਦੇ ਵਿਰੋਧ ਵਿਕਾਸ਼ੀ ਗੁਣ ਦੇ ਕਾਰਨ ਹੀ ਸਭ ਕੁਝ ਹੁੰਦਾ ਤੇ ਵਾਪਰਦਾ ਹੈ ਅਰਥਾਤ ਕੁਦਰਤ ਵਿਚ ਜੋ ਕੁਝ ਵਾਪਰਦਾ ਹੈ ਉਹ ਪਦਾਰਥ ਦੇ ਸੰਜੋਗ ਵਿਯੋਗ ਦੇ ਗੁਣਾਂ ਕਾਰਨ ਹੀ ਵਾਪਰਦਾ ਹੈ। ਕੁਦਰਤ ਵਿਚ ਸੰਜੋਗ ਵਿਯੋਗ ਦਾ ਕਾਰਜ ਪਦਾਰਥ ਦੇ ਆਕਰਖ ਤੇ ਉਦਕਰਖ ਗੁਣਾਂ ਦੇ ਕਾਰਨ ਚਲਦਾ ਹੈ। ਉਪਤ ਖਪਤ ਦਾ ਚਕਰ ਪਦਾਰਥ ਦੇ ਇਨ੍ਹਾਂ ਗੁਣਾਂ ਤੇ ਹੀ ਨਿਰਭਰ ਹੈ। ਇਸ ਤੋਂ ਬਿਨਾਂ ਨਾ ਕੋਈ ਭਗਵਾਨ ਹੈ ਨਾ ਸ਼ੈਤਾਨ। ਸ਼ੈਤਾਨ ਤੇ ਈਮਾਨ ਵੀ ਇਨਸਾਨ ਦੀ ਕਲਪਨਾ ਵਿਚੋਂ ਪੈਦਾ ਹੋਏ ਹਨ, ਹੋਰ ਕੁਝ ਨਹੀਂ॥

? ਕਵਿਤਾ ਅਤੇ ਆਲੋਚਨਾ ਦੇ ਖੇਤਰ ਵਿਚ ਅਹਿਮ ਹਸਤਾਖਰ ਹੋਣ ਦੇ ਨਾ ਤੇ ਹੁਣ ਤੱਕ ਕਿੰਨਾ ਕੁ ਅਨਕਿਹਾ ਰਹਿ ਗਿਆ ਹੈ।

– ਅਹਿਮ ਹਸਤਾਖਰ ਹਾਂ ਕਿ ਨਹੀਂ, ਇਹਦੇ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਮੈਂ ਤਾਂ ਇਸ ਕਥਨ ਦਾ ਵਿਸ਼ਵਾਸ਼ੀ ਰਿਹਾ ਹਾਂ:

ਮੈਂ ਮੂਰਖ ਕੁਛ ਕਹਿਣ ਨਾ ਜਾਣਾਖੈਰ ਜਦ ਪੁੱਛ ਹੀ ਲਿਆ ਹੈ ਤਾਂ ਕੁਝ ਤਾਂ ਕਹਿਣਾ ਹੀ

ਪਏਗਾ।ਆਲੋਚਨਾ ਦੇ ਮੈਦਾਨ ਵਿਚ ਸਾਹਿਤ ਦੇ ਅਰੰਭ ਤੇ ਵਿਕਾਸ ਦੇ ਪੜਾਵਾਂ ਬਾਰੇ ਲਿਖਣ ਦੀ ਤਮੰਨਾ ਅਜੇ ਬਾਕੀ ਹੈ। ਕੁਝ ਆਪਣੇ ਪਸੰਦੀਦਾ ਲੇਖਕਾਂ ਬਾਰੇ ਲਿਖ ਨਹੀਂ ਸਕਿਆ, ਤਮੰਨਾ ਹੈ ਕਿ ਵਿਦਾਇਗੀ ਤੋਂ ਪਹਿਲਾਂ ਲਿਖ ਸਕਾਂ। ਬਹੁਤ ਕੁਝ ਅਨਕਿਹਾ ਪਿਆ ਹੈ। ਕਹਿ ਨਹੀਂ ਸਕਦਾ ਕਿੰਨਾ ਕੁ ਲਿਖ ਸਕਾਂਗਾ। ਇੱਕ ਨਾਵਲ, ਇੱਕ ਕਾਵਿ ਸੰਗ੍ਰਹਿ ਤੇ ਕੁਝ ਦਾਰਸ਼ਨਿਕ ਲੇਖ ਲਿਖ ਸਕਾਂ ਤਾਂ ਆਪਣੇ ਆਪ ਨੂੰ ਭਾਗਸ਼ਾਲੀ ਸਮਝਾਂਗਾ। ਦੇਖੋ ! ਕਿੰਨਾ ਸਮਾਂ ਹੋਰ ਮਿਲਦਾ ਹੈ।

? ਅਪ੍ਰੈਲ 2012 'ਚ, ਭਾਰਤ ਦੇ ਇੱਕ ਵੱਡੇ ਪਾਰਕ ਵਿੱਚ ਰਾਖਿਆਂ ਦੀ ਅਣਗਹਿਲੀ ਕਾਰਣ ਬਹੁ-ਗਿਣਤੀ 'ਚ ਹਿਰਨੀਆਂ ਜੋ ਗਰਭਵਤੀਆਂ ਸਨ ਜੰਗਲੀ ਕੁੱਤਿਆਂ ਨੇ ਮਾਰ ਦਿੱਤੀਆਂ ਤੇ ਕੁਝ ਗੰਭੀਰ ਜ਼ਖ਼ਮੀ ਕਰ ਦਿੱਤੀਆਂ, ਰਿਪੋਰਟਰ ਮੁਤਾਬਿਕ ਗਰਭਵਤੀ ਹੋਣ ਕਾਰਨ ਹਿਰਨੀਆਂ ਆਪਣੇ ਬਚਾਅ ਲਈ ਭੱਜ ਨਹੀਂ ਸਕੀਆਂ, ਮਾਹਿਰਾਂ ਦੇ ਮੁਆਇਨੇ ਮੁਤਾਬਿਕ ਕੁਝ ਹਿਰਨੀਆਂ ਸਦਮੇ ਕਾਰਣ ਹੀ ਮਰ ਗਈਆਂ। ਇਹ ਸਵਾਲ ਨਹੀਂ ਹੈ ਤੁਹਾਡੇ ਵਾਸਤੇ।ਬਸ ਐਨਾਂ ਦੱਸੋ ਕਿ 80 ਸਾਲ ਦੇ ਨਵੇਂ ਜਾਂ ਪੁਰਾਣੇ ਬੰਦੇ ਦਾ ਦਿਲ, ਦਿਮਾਗ, ਰੂਹ ਜਾਂ ਮਨ ਕਿਵੇਂ ਮਹਿਸੂਸ ਕਰ ਰਿਹੈ ? ਇਹ ਪੜ੍ਹਨ ਤੋਂ ਬਾਅਦ, ਤੇ ਮੇਰੇ ਬਿਨਾਂ ਪੁੱਛਿਆਂ ਕੁਝ ਹੋਰ ਕਹਿਣ ਵਾਸਤੇ ਹੈ ਤਾਂ ਕਹੋ !

-ਅਹਿਸਾਸ ਹੀ ਕਵਿਤਾ ਨੂੰ ਜਨਮ ਦਿੰਦੇ ਹਨ। ਇਸ ਘਟਨਾ ਦੇ ਅਹਿਸਾਸ ਹੇਠ ਬਹੁਤ ਹੀ ਖੂਬਸੂਰਤ ਕਵਿਤਾ ਲਿਖੀ ਜਾ ਸਕਦੀ ਹੈ।ਮੈਨੂੰ ਯਕੀਨ ਹੈ ਕਿ ਤੂੰ ਇਸ ਦੇ ਯੋਗ ਹੈਂ। ਅੱਜ ਜੋ ਕੁਝ ਸਾਡੇ ਦੇਸ ਵਿਚ ਇਸਤ੍ਰੀਆਂ ਨਾਲ ਹੋ ਰਿਹਾ ਹੈ ਉਸ ਸਭ ਕੁਝ ਨੂੰ ਹਿਰਨੀਆਂ ਦੇ ਪਰਤੀਕ ਨੂੰ ਵਰਤਕੇ ਬਹੁਤ ਹੀ ਉੱਚ ਪਾਏ ਦੀ ਕਵਿਤਾ ਲਿਖੀ ਜਾ ਸਕਦੀ ਹੈ। ਇਹੋ ਜਿਹੀ ਘਿਨਾਉਣੀ ਵਾਰਦਾਤ ਜਦ ਪਹਿਲੀ ਵਾਰ ਸੁਣੀ ਪੜ੍ਹੀ ਜਾਂਦੀ ਹੈ ਤਾਂ ਅਹਿਸਾਸ ਦੀ ਸ਼ਿੱਦਤ ਵੀ ਇੰਤਹਾ ਦੀ ਹੁੰਦੀ ਹੈ ਪਰ ਜਦ ਅਜਿਹੀਆਂ ਵਾਰਦਾਤਾਂ ਨਿਤ ਹੋਵਣ ਤੇ ਪੜ੍ਹਨ ਸੁਣਨ ਵਿਚ ਆਉਣ ਤਾਂ ਉਨ੍ਹਾਂ ਦਾ ਅਸਰ ਘਟਦਾ ਜਾਂਦਾ ਹੈ। ਤੂੰ ਤਾਂ ਹਿਰਨੀਆਂ ਦੀ ਗੱਲ ਕੀਤੀ ਹੈ, ਸਾਡੇ ਦੇਸ ਦੀਆਂ ਅਖ਼ਬਾਰਾਂ ਵਿਚ ਤਾਂ ਨਿਤ ਅਵਾਰਾ ਕੁੱਤਿਆਂ ਦੇ ਛੋਟੇ ਛੋਟੇ ਬੱਚਿਆਂ ਤੇ ਇਕੱਲੇ ਦੁਕੱਲੇ ਅਪਾਹਜ ਬੰਦਿਆਂ ਨੂੰ ਘੇਰ ਕੇ ਚਬਾ ਜਾਣ ਦੀਆਂ ਖ਼ਬਰਾਂ ਨਿਤ ਛਪਦੀਆਂ ਰਹਿੰਦੀਆਂ ਹਰ। ਜੋ ਕੁਝ ਮਾਸੂਮ ਬੱਚੀਆਂ ਨਾਲ ਕੁੱਤਿਆਂ ਨਾਲੋਂ ਵੀ ਵਧੇਰੇ ਖ਼ੂਨਖਾਰ ਆਦਮੀ ਕਰਦੇ ਹਨ ਉਹ ਕੋਈ ਘਟ ਹਿਰਦੇਵੇਧਕ ਨਹੀਂ ਹੁੰਦਾ। ਚੰਗੇ ਭਲੇ ਦਿਸਦੇ ਧਰਮਾਂ ਦੇ ਪੈਰੋਕਾਰ ਮਾਪੇ ਜਦ ਆਪਣੀਆਂ ਹੀ ਬੱਚੀਆਂ ਨੂੰ ਕੁੱਖਾਂ ਵਿਚ ਹੀ ਕਤਲ ਕਰਦੇ ਹਨ ਤਾਂ ਨਾ ਕੋਈ ਧਰਮਾਂ ਦੇ ਗੁਰੂ ਪੀਰ ਪਹੁੰਚਦੇ ਹਨ ਤੇ ਨਾ ਧਰਮਾਂ ਦੇ ਠੇਕੇਦਾਰ। ਅਜਿਹੀਆਂ ਵਾਰਦਾਤਾਂ 'ਤੇ ਹੰਝੂ ਵਹਾਇਆਂ ਕੁਝ ਨਹੀਂ ਬਣਨਾ। ਲੋੜ ਇਨ੍ਹਾਂ ਹੇਠ ਲੁਕੇ ਕਾਰਨਾਂ ਨੂੰ ਲਭਣ ਤੇ ਅਜਿਹਾ ਪ੍ਰਬੰਧ ਸਿਰਜਣ ਦੀ ਹੈ ਜਿਸ ਹੇਠ ਅਜਿਹਾ ਕੁਝ ਕਦੀ ਨਾ ਵਾਪਰੇ॥

? ਦਾਰਸ਼ਨਿਕ ਲੇਖਾਂ ਦੇ ਸੰਬੰਧ ਵਿਚ ਕਿਹੜੇ ਵਿਸ਼ੇ ਮਨ ਨੂੰ ਜ਼ਿਆਦਾ ਉਬਾਲ ਰਹੇ ਹਨ।

- ਬ੍ਰਹਮੰਡ ਦੀ ਸਿਰਜਨਾ ਕਿਵੇਂ ਹੋਈ ? ਕਦ ਹੋਈ ? ਕਿਸ ਨੇ ਕੀਤੀ ? ਅਜਿਹੇ ਵਿਚਾਰ ਦਰਸ਼ਨ ਦੇ ਘੇਰੇ ਵਿਚ ਆਉਂਦੇ ਹਨ। ਇਹ ਵਿਚਾਰ ਉੱਨਾ ਚਿਰ ਹੀ ਦਰਸ਼ਨ ਹੁੰਦੇ ਹਨ ਜਦ ਤੱਕ ਇਨ੍ਹਾਂ ਨੂੰ ਨਿਰੀਖਸ਼ਣ ਜਾਂ ਤਜਰਬਿਆਂ ਦੁਆਰਾ ਸਹੀ ਨਹੀਂ ਸਾਬਤ ਕਰ ਦਿੱਤਾ ਜਾਂਦਾ। ਨਿਰੀਖਸ਼ਣ ਤੇ ਤਜਰਬਿਆਂ ਦੀ ਕਸਵਟੀ ਤੇ ਪੂਰੇ ਉਤਰਨ ਪਿਛੋਂ ਇਹ ਦਰਸ਼ਨ ਦੇ ਘੇਰੇ ਵਿਚੋਂ ਨਿਕਲ ਕੇ ਵਿਗਿਆਨ ਦੇ ਘੇਰੇ ਵਿਚ ਆ ਜਾਂਦੇ ਹਨ॥ਅਜਿਹੇ ਵਿਚਾਰ ਸਦਾ ਮਨੁੱਖੀ ਮਨ ਵਿਚ ਉੱਠਦੇ ਰਹੇ ਹਨ ਤੇ ਉੱਠਦੇ ਰਹਿਣਗੇ। ਮੈਂ ਵੀ ਅਜਿਹੇ ਵਿਸ਼ਿਆਂ ਬਾਰੇ ਤੇ ਇਨ੍ਹਾਂ ਨਾਲ ਸੰਬੰਧਤ ਹੋਰ ਵਿਸ਼ਿਆਂ ਬਾਰੇ ਸੋਚਦਾ ਰਹਿੰਦਾ ਹਾਂ ਤੇ ਅਜਿਹੇ ਵਿਸ਼ਿਆਂ ਬਾਰੇ ਲਿਖਣ ਲਈ ਤਾਂਘਦਾ ਰਿਹਾ ਹਾਂ॥

? ਤੁਸੀਂ ਕਿਹੜੇ ਦਾਰਸ਼ਨਿਕਾਂ ਨੂੰ ਪੜ੍ਹਿਆ ਤੇ ਕਿੰਨਾ ਕੁ ਪ੍ਰਭਾਵਤ ਹੋਏ ਹੋ। ਕਿਹੜੀਆਂ



ਬ੍ਰਹਿਮੰਡੀ ਨਿਆਮਤਾਂ ਨੂੰ ਤੁਸੀਂ ਨੇੜੇ ਹੋ ਕੇ ਦੇਖਣਾ ਚਾਹੁੰਦੇ ਹੋ ? ਤੇ ਬ੍ਰਹਿਮੰਡ ਦੇ ਸੰਬੰਧ 'ਚ ਤੁਹਾਡਾ ਆਪਣਾ ਫਲਸਫਾ ਕੀ ਹੈ ?

- ਪੜ੍ਹਿਆ ਕਿੰਨੇ ਕੁ ਦਾਰਸ਼ਨਿਕਾਂ ਨੂੰ ਹੈ ? ਇਹ ਕਹਿਣਾ/ਦੱਸਣਾ ਤਾਂ 'ਛੋਟਾ ਮੂੰਹ ਬੜੀ ਬਾਤ' ਵਾਲੀ ਗੱਲ ਹੋਵੇਗੀ। ਉਂਝ ਇੰਨਾ ਕੁ ਹੀ ਕਹਿੰਦਾ ਹਾਂ ਕਿ ਕਪਿਲ ਦੇ ਸਾਂਖ ਸ਼ਾਸ਼ਤਰ, ਕਣਾਦ ਦੇ ਵਿਸ਼ੇਸ਼ਕ ਸ਼ਾਸ਼ਤਰ ਤੇ ਗੌਤਮ ਦੇ ਨਿਯਾਇ ਸ਼ਾਸ਼ਤਰ ਦੇ ਗਿਆਨ ਦਾ ਮੇਰੇ ਤੇ ਬਹੁਤ ਪ੍ਰਭਾਵ ਰਿਹਾ ਹੈ। ਉਪਨਿਸ਼ਦਾਂ ਦੇ 'ਅਹੁੰ ਬ੍ਰਹਮ ਅਸਮੀ' ਦਾ ਤਾਂ ਮੈਂ ਪੈਰੋਕਾਰ ਰਿਹਾ ਹਾਂ। ਦੇਵੀ ਪ੍ਰਸ਼ਾਦ ਚਟੋਪਾਧਯਾ ਦੀ 'ਲੋਕਾਇਤ' ਬਾਰੇ ਲਿਖੀ ਵੱਡ ਆਕਾਰੀ ਪੁਸਤਕ ਨੂੰ ਪੜ੍ਹ ਕੇ ਮੈਨੂੰ ਇਸ ਸ਼ਾਸ਼ਤਰ ਦੇ ਲੋਕ ਮੁਖੀ ਹੋਣ ਬਾਰੇ ਗਿਆਨ ਹੋਇਆ ਸੀ। ਗੀਤਾ ਦੇ ਕਰਮ ਸਿਧਾਂਤ ਦਾ ਵੀ ਮੇਰੇ 'ਤੇ ਚੋਖਾ ਅਸਰ ਰਿਹਾ ਹੈ ਪਰ ਸਭ ਤੋਂ ਵੱਧ ਮਾਰਕਸ ਦੇ 'ਦਵੰਦਵਾਦੀ ਪਦਾਰਥਵਾਦ' ਦਾ ਮੇਰੇ ਖਿਆਲਾਂ ਤੇ ਪ੍ਰਭਾਵ ਹੈ। ਮੈਂ ਰਾਹੁਲ ਸਾਂਕ੍ਰਯਾਤਯਾਇਨ ਦੇ 'ਦਰਸ਼ਨ ਦਿਗ ਦਰਸ਼ਨ' ਦਾ ਨਿਠ ਕੇ ਅਧਿਅਨ ਕੀਤਾ ਹੈ। ਇਹ ਪੁਸਤਕ ਦੁਨੀਆ ਦੇ ਦਾਰਸ਼ਨਿਕ ਇਤਿਹਾਸ ਦਾ ਸਾਰ ਹੈ। ਗੁਰੂ ਨਾਨਕ ਦੇ ਦਰਸ਼ਨ ਨੂੰ ਪੜ੍ਹਦਾ ਸਮਝਦਾ ਤਾਂ ਮੈਂ ਜਵਾਨ ਹੋਇਆ ਸਾਂ। ਨਾਨਕ ਦਰਸ਼ਨ ਤੇ ਉਪਨਿਸ਼ਦਾਂ ਦਾ ਪ੍ਰਭਾਵ ਪ੍ਰਤਖ ਦਿਸਦਾ ਹੈ। ਬ੍ਰਹਮੰਡਕ ਨਿਆਤਮਾਂ ਨੂੰ ਨੇੜੇ ਹੋ ਕੇ ਹੋਰ ਕਿੰਨਾ ਦੇਖਿਆ ਜਾ ਸਕਦਾ ਹੈ ? ਮੇਰਾ ਸਰੀਰ ਮੇਰਾ ਆਪਣਾ ਆਪ, ਮੇਰਾ ਆਲਾ ਦੁਆਲਾ, ਬਨਸਪਤ, ਪਸੂ ਪੰਛੀ, ਧਰਤ ਅਕਾਸ਼, ਅੰਤ੍ਰਿਕਸ਼ ਸਭ ਕੁਝ ਬ੍ਰਹਿਮੰਡ ਦਾ ਹੀ ਤਾਂ ਅਨਿਖੜ ਅੰਗ ਹਨ। ਮੇਰੀ ਅੰਤਮ ਤਮੰਨਾ ਇਹ ਹੈ ਕਿ ਸਮੁੱਚਾ ਜੀਵਨ ਬ੍ਰਹਿਮੰਡਕ ਅਰਥਾਤ ਕੁਦਰਤ ਦੇ ਸਦੀਵੀ ਕਾਨੂੰਨ ਨਾਲ ਇੱਕ ਸੁਰ ਹੋ ਜਾਵੇ ਤਾਂ ਮਜ਼ਹਬਾਂ, ਮੁਲਕਾਂ, ਜਾਤਾਂ ਤੇ ਜਮਾਤਾਂ ਦੇ ਸਾਰੇ ਫਰਕ ਮਿਟ ਜਾਣਗੇ ਤੇ ਇਹ ਦੁਨੀਆ ਜੀਣ/ ਥੀਣ ਯੋਗ ਬਣ ਜਾਵੇਗੀ॥ਇਸ ਵੇਲੇ ਮੇਰਾ ਵਿਸ਼ਵਾਸ ਇਹ ਹੈ ਕਿ ਸਮੁੱਚਾ ਬ੍ਰਹਿਮੰਡ ਇੱਕ ਇਕਾਈ ਹੈ। ਇਸ ਵਿਚ ਵਸਦੇ, ਵਿਚਰਦੇ ਸਾਰੇ ਜੀਵ ਅਜੀਵ ਇਕ ਦੂਜੇ ਨਾਲ ਜੁੜੇ ਹੋਏ ਹਨ ਤੇ ਅਨਿਖੜ ਹਨ। ਸੂਰਜ, ਚੰਦ, ਧਰਤੀ ਤੇ ਹੋਰ ਸਾਰਾ ਤਾਰਾ ਮੰਡਲ। ਇਕ ਦੂਜੇ ਦੇ ਸਹਾਰੇ ਹੀ ਹੋਂਦ ਵਿਚ ਹਨ ਤੇ ਕੁਝ ਵੀ ਸਮੁੱਚ ਤੋਂ ਵੱਖ ਨਹੀਂ ਹੈ। ਛੋਟੇ ਤੋਂ ਛੋਟੇ ਕਣ ਦੀ ਹੋਂਦ ਵੀ ਸਮੁੱਚੇ ਬ੍ਰਹਿਮੰਡ ਦੇ ਸਹਾਰੇ ਹੈ। ਸਮੁੱਚੇ ਬ੍ਰਹਿਮੰਡ ਨੂੰ ਪਦਾਰਥ ਦੇ ਆਕਰਸ਼ ਤੇ ਉਦਕਰਖ ਗੁਣ ਹੀ ਇੱਕਸੁਰ ਰੱਖਦੇ ਹਨ। ਸਾਡਾ ਆਪਣਾ ਸਰੀਰ ਵੀ ਛੋਟੇ ਛੋਟੇ ਕਣਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਕਣਾਂ ਦਾ ਆਪਸੀ ਆਕਰਸ਼ਣ ਇਨ੍ਹਾਂ ਨੂੰ ਇੱਕ ਦੂਜੇ ਦੇ ਨਾਲ ਜੋੜੀ ਰੱਖਦਾ ਹੇ ਤੇ ਉਦਕਰਸ਼ਣ ਇਨ੍ਹਾਂ ਨੂੰ ਇਕ ਦੂਜੇ ਵਿਚ ਸਮਾਅ ਜਾਣ ਤੋਂ ਰੋਕੀ ਰਖਦਾ ਹੈ। ਮੇਰਾ ਵਿਸ਼ਵਾਸ ਹੈ ਕਿ ਮੇਰਾ ਸਰੀਰ ਵੀ ਉਨ੍ਹਾਂ ਤੱਤਾਂ ਦਾ ਹੀ ਬਣਿਆ ਹੋਇਆ ਜਿਨ੍ਹਾਂ ਤੋਂ ਸਮੁੱਚਾ ਬ੍ਰਹਿਮੰਡ ਬਣਿਆ ਹੈ। ਗੁਰਬਾਣੀ ਦੇ 'ਜੋ ਬ੍ਰਹਿਮੰਡੈ ਸੋਈ ਪਿੰਡੈ' ਦਾ ਐਨ ਇਹੀ ਅਰਥ ਹੈ॥

? ਤੁਸਾਂ ਕਿਹਾ ਹੈ ਕਿ ਨਾਨਕ ਦਰਸ਼ਨ 'ਤੇ ਉਪਨਿਸ਼ਦਾਂ ਦਾ ਪ੍ਰਭਾਵ ਪ੍ਰਤਖ ਦਿਸਦਾ ਹੈ। ਇਸ ਦਿਸਦੇ ਪ੍ਰਭਾਵ ਬਾਰੇ ਵਿਸਥਾਰ ਵਿਚ ਦੱਸੋ। (ਅ) ਕਣਾਦ ਦੇ ਵਿਸ਼ੇਸ਼ਕ ਸ਼ਾਸ਼ਤਰ ਤੇ ਕਪਿਲ ਦੇ ਸਾਂਖ ਸ਼ਾਸ਼ਤਰ ਤੇ ਗੁਰੂ ਗਰੰਥ ਵਿਚਕਾਰ ਕੀ ਵਿਚਾਰਧਾਰਕ ਸਾਂਝ ਹੈ ਤੇ ਕੀ ਵਖਰੇਵਾਂ ਹੈ ?

- (ੳ) ਉਪਨਿਸ਼ਦ ਬ੍ਰਾਹਮਣਾਂ ਤੋਂ ਤੰਗ ਆਏ ਕੁਸ਼ਤਰੀਆਂ ਦੇ ਦਿਮਾਗ ਦੀ ਪੈਦਾਵਾਰ ਸਨ। ਬ੍ਰਾਹਮਣਾਂ ਕੁਸ਼ਤਰੀਆਂ ਵਿਚ ਜਮਾਤੀ ਟੱਕਰ ਰਿਗ ਵੇਦ ਦੇ ਸਮੇਂ ਤੋਂ ਹੀ ਚਲਦੀ ਆ ਰਹੀ ਸੀ। ਜਦ ਬ੍ਰਾਹਮਣੀ ਕਰਮ ਕਾਂਡਾਂ ਤੇ ਲੰਮਾਂ ਸਮਾਂ ਚਲਣ ਵਾਲੇ ਯਗ ਅਨੁਸ਼ਠਾਨਾਂ ਵਿਚ ਬ੍ਰਾਹਮਣਾਂ ਹੱਥੋਂ ਹੋ ਰਹੀ ਅੰਨ੍ਹੀ ਲੁੱਟ ਤੋਂ ਕੁਸ਼ਤਰੀ ਤੰਗ ਆ ਗਏ ਤਾਂ ਉਨ੍ਹਾਂ ਨੇ ਬ੍ਰਾਹਮਣਾਂ ਦੇ ਯਗ ਅਨੁਸ਼ਠਾਨਾਂ ਦੀ ਸਮਗਰੀ ਦੇ ਭੁੱਖੇ ਦੇਵੀ ਦੇਵਤਿਆਂ ਦੇ ਵਿਰੋਧ ਵਿਚ ਨਿਰਾਕਾਰ ਅਮੂਰਤ ਬ੍ਰਹਮ ਦੀ ਕਲਪਨਾ ਕੀਤੀ। ਅਸ਼ਵਪਤੀ, ਪ੍ਰਵਹਣ ਜਵਾਲਿ, ਅਜਾਤਾਸ਼ਤਰੂ ਤੇ ਜਨਕ ਸਾਰੇ ਕੁਸ਼ਤਰੀ ਸਨ ਤੇ ਅਮੂਰਤ

ਬ੍ਰਹਮ ਦਾ ਪਰਚਾਰ ਕਰਦੇ ਸਨ। ਕਿਉਂਕਿ ਅਮੂਰਤ ਬ੍ਰਹਮ ਸਰੀਰ ਰਹਿਤ ਸੀ ਇਸ ਲਈ ਉਹਨੂੰ ਭੁੱਖ ਵੀ ਨਹੀਂ ਲਗ ਸਕਦੀ ਸੀ ਤੇ ਉਹਨੂੰ ਯਗ ਅਨੁਸਠਾਨਾਂ ਵਿਚ ਵਰਤੀ ਜਾਂਦੀ ਸਮਗਰੀ ਦੀ ਲੋੜ ਨਹੀਂ ਸੀ॥ ਉਪਨਿਸ਼ਦਾਂ ਦੇ ਕਥਨ 'ਅਹੁਮ ਬ੍ਰਹਮ ਅਸਮੀ' ਅਰਥਾਤ ਮੈਂ ਬ੍ਰਹਮ ਹਾਂ' ਤੇ 'ਏਕਮੇਵਾਦ੍ਵਿਤੀਯੰ' ਅਰਥਾਤ ਬ੍ਰਹਮ ਇੱਕ ਹੈ, ਉਸਤੋਂ ਬਿਨਾਂ ਹੋਰ ਕੁਝ ਵੀ ਨਹੀਂ, ਇਸੇ ਅਮੂਰਤ ਬ੍ਰਹਮ ਦੀ ਗੱਲ ਕਰਦੇ ਹਨ, ਬ੍ਰਹਮ ਕੀ ਹੈ ? ਪ੍ਰਸ਼ਨ ਦੇ ਉੱਤਰ ਵਿਚ ਤੈੱਤਿਰੀਯ ਉਪਨਿਸ਼ਦ ਦਾ ਕਥਨ ਹੈ:- 'ਉਹ ਜਿਸ ਵਿਚੋਂ ਭੂਤ ਜਾਂ ਪ੍ਰਾਣੀ ਪੈਦਾ ਹੁੰਦੇ ਹਨ, ਜਿਸ ਦੇ ਅਧਾਰ ਤੇ ਜੀਂਦੇ ਹਨ ਤੇ ਅੰਤ ਵਿਚ ਜਿਸ ਵਿਚ ਸਮਾਅ ਜਾਂਦੇ ਹਨ।' ਗੁਰੂ ਗੋਬਿੰਦ ਸਿੰਘ ਦੀ ਰਚਨਾ 'ਅਕਾਲ ਉਸਤਤ' ਵਿਚ 'ਤਾਹੀ ਤੇ ਉਪਜ ਸਭੈ ਤਾਹੀ ਮਹਿ ਸਮਾਹਿੰਗੇ' ਦਾ ਕਥਨ ਐਨ ਇਸੇ ਸ਼ਲੋਕ ਦਾ ਇੱਕ ਰੂਪ ਹੈ। ਨਾਨਕ ਬਾਣੀ ਵਿਚ ਇਨ੍ਹਾਂ ਕਥਨਾਂ ਦਾ ਝਲਕਾਰਾ ਸਪਸ਼ਟ ਨਜ਼ਰ ਆਉਂਦਾ ਹੈ। ਗੁਰੂ ਨਾਨਕ ਦਾ ਮੂਲ ਮੰਤਰ ਉਸੇ ਨਿਰਾਕਾਰ ਅਮੂਰਤ ਬ੍ਰਹਮ ਦੀ ਪ੍ਰੀਭਾਸ਼ਾ ਪੇਸ਼ ਕਰਦਾ ਹੈ। ਬ੍ਰਹਮ ਇਕ ਹੈ, ਸਤਿ ਹੈ, ਕਰਤਾ ਹੈ, ਨਿਰਵੈਰ ਹੈ ਨਿਰਭਉ ਹੈ, ਨਾ ਜੰਮਦਾ ਹੈ ਨਾ ਮਰਦਾ ਹੈ। ਉਹ ਕੁਦਰਤ ਵਿਚ ਆਪ ਹੀ ਵਸਿਆ ਹੋਇਆ ਹੈ:-

ਬਲਿਹਾਰੀ ਕੁਦਰਤ ਵਸਿਆ
ਤੇਰਾ ਅੰਤ ਨਾ ਜਾਈ ਲਖਿਆ— ਰਹਿਰਾਸ ਮਹਲਾ ੧
ਉਹ ਆਪ ਹੀ ਤ੍ਰੈਭਵਨ(ਧਰਤ ਆਕਾਸ਼ ਪਾਤਾਲ) ਵਿਚ ਸਮਾਇਆ ਹੋਇਆ ਹੈ:
ਓਨਮ ਅੱਖਰ ਤ੍ਰੈ ਭਵਨ ਸਾਰ———ਸਿਧ ਗੋਸ਼ਟਿ ਮਹਲਾ ੧
ਸਾਰੇ ਜੀਵਾਂ ਅਜੀਵਾਂ ਵਿਚ ਉਹ ਆਪ ਹੀ ਹੈ:-
ਸਭਿ ਮਹਿ ਜੋਤਿ ਜੋਤਿ ਹੈ ਸੋਏ—— ਰਾਗ ਧਨਾਸਰੀ ਮਹਲਾ ੧
ਉਸ ਅਮੂਰਤ ਬ੍ਰਹਮ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ:-
'ਮੰਦਾ ਕਿਸਨੂੰ ਆਖੀਐ ਜਾਂ ਸਭ ਮਹਿ ਸੱਚਾ ਸੋਇ'
'ਨਾ ਕੋ ਵੈਰੀ ਨਾਹਿ ਬਿਗਾਨਾ
ਸਗਲ ਸਮ ਹਮ ਕੋ ਬਨ ਆਈ'

ਭਗਵਦ ਗੀਤਾ ਵੀ ਉਪਨਿਸ਼ਦ ਹੀ ਹੈ। ਗੀਤਾ ਵਿਚ ਭਗਵਾਨ ਦੇ ਮੂੰਹੋਂ ਕਹਾਇਆ ਗਿਆ ਹੈ:-

'ਹਾਥੀ ਵੀ ਮੈਂ ਹਾਂ ਤੇ ਮੁਹਾਬਤ ਵੀ ਮੈਂ ਹੀ ਹਾਂ, ਕੁੱਤਾ ਵੀ
ਮੈਂ ਹਾਂ ਤੇ ਕੁੱਤੇ ਨੂੰ ਖਾ ਜਾਣ ਵਾਲਾ ਚੰਡਾਲ ਵੀ ਮੈਂ ਹੀ ਹਾਂ'

(ਅ.) ਕਪਿਲ ਦੇ ਸਾਂਖ ਸ਼ਾਸ਼ਤਰ, ਭਾਰਦ੍ਵਾਜ (ਕਣਾਦ) ਦੇ ਵਿਸ਼ੇਸ਼ਕ ਸ਼ਾਸ਼ਤਰ ਤੇ ਗੋਤਮ ਦੇ ਨਿਆਇ ਸ਼ਾਸ਼ਤਰ ਦਾ ਕਈ ਕੁਝ ਗੁਰੂ ਗ੍ਰੰਥ ਨਾਲ ਮਿਲਦਾ ਹੈ। ਸਾਂਖ ਜੀਵਨ ਦੀ ਉਤਪਤੀ ਦਾ ਕਾਰਨ ਪੁਰਸ਼ ਤੇ ਪ੍ਰਕਿਰਤੀ ਦਾ ਮੇਲ ਦਸਦਾ ਹੈ। ਇਹ ਵਿਚਾਰ ਗੁਰੂ ਗ੍ਰੰਥ ਨਾਲ ਮੇਲ ਖਾਂਦਾ ਹੈ। ਪੁਰਸ਼ ਉਹੀ ਹੈ ਜਿਸਨੂੰ ਗੁਰੂ ਨਾਨਕ ਨੇ ਪੁਰਖ ਕਿਹਾ ਹੈ। ਇਹੀ ਪੁਰਖ ਉਦੋਂ ਕਰਤਾਪੁਰਖ ਹੁੰਦਾ ਹੈ ਜਦੋਂ ਇਹ ਪ੍ਰਕਿਰਤੀ ਅਰਥਾਤ ਕੁਦਰਤ ਵਿਚ ਮਿਲ ਕੇ ਉਸ ਵਿਚ ਜੀਵਨ ਪੈਦਾ ਕਰ ਦਿੰਦਾ ਹੈ॥

'ਏਕਾ ਮਾਈ ਜੁਗਤ ਬਿਆਈ ਤਿੰਨ ਚੇਲੇ ਪਰਵਾਣੁ'
ਇੱਕ ਸੰਸਾਰੀ ਇੱਕ ਭੰਡਾਰੀ ਇਕ ਲਾਵੈ ਦੀਵਾਨੁ —ਜਪੁਜੀ

ਇਸ ਤੁੱਕ ਵਿਚ ਏਕਾ ਮਾਈ ਪ੍ਰਕਿਰਤੀ ਹੈ। ਪ੍ਰਕਿਰਤੀ ਜੁਗਤ (ਪੁਰਖ ਦੇ ਮੇਲ) ਨਾਲ ਗਰਭਵਤੀ ਹੋ ਜਾਂਦੀ ਹੈ ਤਾਂ ਜੀਵਨ ਦਾ ਅਰੰਭ ਹੋ ਜਾਂਦਾ ਹੈ। ਜੀਵ ਵਿਚ ਤਿੰਨ ਗੁਣ ਹੁੰਦੇ ਹਨ:- ਸੰਸਾਰੀ (ਬੱਚੇ ਪੈਦਾ ਕਰਨੇ, ਭੰਡਾਰੀ (ਖੁਰਾਕ ਲੱਭਣੀ) ਤੇ ਦੀਬਾਨਿ ਅਰਥਾਤ ਚੰਗੇ ਮੰਦੇ ਦੀ



ਸੋਚ। ਨਿਯਾਇ ਸ਼ਾਸ਼ਤਰ ਕਾਰਜ ਤੇ ਕਾਰਣ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ ਭਾਵ ਹਰ ਕਾਰਜ ਦਾ ਕੋਈ ਕਾਰਨ ਅਵੱਸ਼ ਹੁੰਦਾ ਹੈ ਤੇ ਕਾਰਨ ਦੇ ਪੈਦਾ ਹੋਣ ਨਾਲ ਹੀ ਕਾਰਜ ਹੋਂਦ ਵਿਚ ਆਉਂਦਾ ਹੈ॥ ਇਹ ਕਾਰਜ ਤੇ ਕਾਰਨ ਦੀ ਏਕਤਾ ਦਾ ਖਿਆਲ ਗੁਰੂ ਗ੍ਰੰਥ ਵਿਚ ਵੀ ਦੇਖਿਆ ਜਾ ਸਕਦਾ ਹੈ॥ ਜ਼ਰਾ ਗੁਰਬਾਣੀ ਦੀਆਂ ਇਹ ਤੁੱਕਾਂ ਪੜ੍ਹੋ:

'ਜੇਹਾ ਬੀਜੈ ਸੋ ਲੁਣੇ ਕਰਮਾਂ ਸੰਦੜਾ ਖੇਤ'
'ਲੋੜੈ ਦਾਖ ਬਜੌਰੀਅਅ ਕਿੱਕਰ ਬੀਜੈ ਜੱਟ
ਹੰਢੈ ਉਨ ਕਤਾਇਆ ਪਹਿੰਦਾ ਲੋੜੈ ਪੱਟ'

ਇਹੀ ਤਾਂ ਹੈ ਕਰਮ ਅਤੇ ਕਾਰਣ ਦੀ ਏਕਤਾ ਦਾ ਸਿਧਾਂਤ। ਵਿਸ਼ੇਸ਼ਕ ਸ਼ਾਸ਼ਤਰ ਵਾਲੇ ਭਾਰਦ੍ਵਾਜ ਨੂੰ ਕਣਾਦਿ ਇਸ ਲਈ ਕਹਿੰਦੇ ਸਨ ਕਿਉਂਕਿ ਉਹ ਸ੍ਰਿਸ਼ਟੀ ਦੀ ਰਚਨਾ ਕਣਾਂ ਅਰਥਾਤ ਪ੍ਰਮਾਣੂਆਂ ਤੋਂ ਹੋਈ ਮੰਨਦਾ ਸੀ। ਉਹਦੇ ਕਹਿਣ ਅਨੁਸਾਰ ਕਣ ਪਦਾਰਥ ਦਾ ਉਹ ਛੋਟੇ ਤੋਂ ਛੋਟਾ ਰੂਪ ਹੁੰਦਾ ਹੈ ਜਿਸਨੂੰ ਹੋਰ ਵੰਡਿਆ ਨਾ ਜਾ ਸਕੇ। ਕੁਲ ਕਾਇਨਾਤ ਇਨ੍ਹਾਂ ਕਣਾਂ ਦਾ ਹੀ ਜੋੜ ਫਲ ਹੈ। ਇਹ ਕਣ ਜਾਂ ਐਟਮ ਆਪ ਵੀ ਉਹੀ ਕੁਝ ਹੁੰਦਾ ਹੈ ਜਿਸ ਤੋਂ ਸਾਰੀ ਕਾਇਨਾਤ ਬਣੀ ਹੋਈ ਹੁੰਦੀ ਹੈ। ਗੁਰਬਾਣੀ ਦੀ

'ਜੋ ਬ੍ਰਹਿਮੰਡੈ ਸੋਈ ਪਿੰਡੈ'
ਜਾਂ
'ਘਟ ਘਟ ਮੈਂ ਹਰਿ ਜੂ ਵਸੈ ਸੰਤਨ ਕਹਿਓ ਪੁਕਾਰ'
ਦਾ ਇਹੀ ਤਾਂ ਅਰਥ ਹੈ।

ਗੁਰਬਾਣੀ ਅਤੇ ਇਨ੍ਹਾਂ ਸ਼ਾਸ਼ਤਰਾਂ ਦੀ ਸਾਂਝ ਇਥੇ ਹੀ ਖਤਮ ਹੋ ਜਾਂਦੀ। ਇਹ ਤਿੰਨੇ ਸ਼ਾਸ਼ਤਰ ਅਨਈਸ਼ਵਰਵਾਦੀ ਹਨ। ਇਸ ਸਭ ਕੁਝ ਨੂੰ ਇਹ ਸੂਯਮ ਮੰਨਦੇ ਨੇ। ਇਨ੍ਹਾਂ ਦੇ ਪਿੱਛੇ ਕਿਸੇ ਹੋਰ ਸ਼ਕਤੀ ਤੋਂ ਉਹ ਇਨਕਾਰੀ ਹਨ ਜਾਂ ਇਸ ਬਾਰੇ ਚੁੱਪ ਹਨ ਪਰ ਗੁਰਬਾਣੀ ਈਸ਼ਵਰਵਾਦੀ ਹੈ ਭਾਵੇਂ ਇਹ ਉਪਨਿਸ਼ਦਾਂ ਵਾਂਗ ਈਸ਼ਵਰ ਜਾਂ ਬ੍ਰਹਮ ਨੂੰ ਅਮੂਰਤ ਜਾਂ ਨਿਰਾਕਾਰ ਮੰਨਦੀ ਹੈ ਤੇ ਇਸ ਬ੍ਰਹਮ ਨੂੰ ਹਰ ਜੀਵ ਹਰ ਵਸਤ ਵਿਚ ਸਮਾਇਆ ਮੰਨਦੀ ਹੈ। ਇਸ ਲਈ ਉਹ ਬ੍ਰਹਮ ਦੀ ਭਗਤੀ ਨੂੰ ਸਰਬ ਜੀਵਾਂ ਦੇ ਭਲੇ ਤੇ ਸੇਵਾ ਵਿਚ ਦੇਖਦੀ ਹੈ। ਗੁਰਬਾਣੀ ਇਸੇ ਕਾਰਣ ਸ਼ਾਸ਼ਤਰਾਂ ਨਾਲੋਂ ਵਧੇਰੇ ਲੋਕ ਮੁਖੀ ਹੈ॥

? ਦੇਵੀ ਪ੍ਰਸ਼ਾਦ ਚਟੋਪਾਧਯਾ ਦੀ 'ਲੋਕਾਯਤ' ਦੀ ਵਿਸ਼ੇਸ਼ਤਾ ਬਾਰੇ ਥੋੜ੍ਹਾ ਹੋਰ ਵਿਸਥਾਰ ਨਾਲ ਦੱਸੋ! ਰਾਹੁਲ ਸਾਂਕ੍ਰਤਯਾਇਨ ਦੇ 'ਦਰਸ਼ਨ ਦਿਗ ਦਰਸ਼ਨ' ਦਾ ਸਾਰ ਅੰਸ਼ ਕੀ ਹੈ? 'ਜੋ ਬ੍ਰਹਿਮੰਡੈ ਸੋਈ ਪਿੰਡੈ' ਦੀ ਸਮਝ ਰੱਖਣ ਵਾਲੇ ਵੀ ਜੀਵਨ ਬੇ-ਅਰਥ ਵਿਹਾਉਂਦੇ ਵੇਖੇ ਨੇ। ਸਰੀਰ ਤੋਂ ਪਦਾਰਥ ਤੋਂ ਅੱਗੋਂ ਦਾ ਅਨੁਭਵ ਸਾਂਝਾ ਕਰੋ।

- ਰਾਹੁਲ ਸਾਂਕ੍ਰਤਯਾਇਨ (੧੮੯੩-੧੯੬੩) ਤੇ ਦੇਵੀ ਪ੍ਰਸ਼ਾਦ ਚਟੋਪਾਧੀਯਾ (੧੯੧੮-੧੯੯੩) ਦੋਵੇਂ ਹੀ ਵੇਦਾਂ ਸ਼ਾਸ਼ਤਰਾਂ ਤੇ ਸੰਸਕ੍ਰਿਤ ਸਾਹਿਤ ਦੇ ਮਹਾਂ ਪੰਡਤ ਸਨ ਤੇ ਦੋਵੇਂ ਹੀ ਮਾਰਕਸਵਾਦੀ ਸਨ॥

ਦੇਵੀ ਪ੍ਰਸ਼ਾਦ ਨੇ ਭਾਰਤੀ ਦਰਸ਼ਨ ਵਿਚ ਭੌਤਕਵਾਦ ਬਾਰੇ ਡੂੰਘੀ ਖੋਜ ਕੀਤੀ ਤੇ 'ਲੋਕਾਇਤ' ਨਾਉਂ ਦੀ ਲੱਗ ਪੱਗ ੫੦੦ ਸਫੇ ਦੀ ਖੋਜ ਪੁਸਤਕ ਲਿਖੀ ਹੈ। ਇਸ ਪੁਸਤਕ ਵਿਚ ਛੇ ਸ਼ਾਸ਼ਤਰਾਂ ਤੇ ਉਪਨਿਸ਼ਦਾਂ ਦੀ ਪੁਣ ਛਾਣ ਕਰ ਕੇ ਉਸ ਸਮੇਂ ਦੇ ਭੌਤਕਵਾਦੀ ਦਰਸ਼ਨ ਦੀ ਖੋਜ ਪੇਸ਼ ਕੀਤੀ ਹੈ॥

ਰਾਹੁਲ ਸ਼ੰਕਰਾਤਾਯਨ ਸੰਸਕ੍ਰਿਤ, ਪਾਲੀ ਅਤੇ ਅਨੇਕਾਂ ਹੋਰ ਸਨਾਤਨੀ ਬੋਲੀਆਂ ਤੇ

ਸਾਹਿਤ ਦਾ ਮਹਾਪੰਡਤ ਸੀ। ਉਹ ਬਚਪਨ ਤੋਂ ਹੀ ਬਾਗ਼ੀ ਤੇ ਘੁਮੱਕੜ ਕਿਸਮ ਦਾ ਬੰਦਾ ਸੀ। ਸਨਾਤਨੀ ਹਿੰਦੂ ਘਰ ਵਿਚ ਜੰਮਿਆ ਪਲਿਆ ਤੇ ਆਪਣੀ ਖੋਜੀ ਬਿਰਤੀ ਅਨੁਸਾਰ ਹੀ ਤੁਰਦਾ ਹੋਇਆ ਇਸ ਧਰਮ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਖਿਆਲਾਂ ਦੇ ਵਿਕਾਸ ਦੇ ਨਾਲ ਨਾਲ ਤੁਰਦਾ ਬੋਧੀ ਬਣ ਗਿਆ। ਪੁਰਾਣੇ ਬੋਧੀ ਸਾਹਿਤ ਦੀ ਖੋਜ ਕਰਦਾ ਕਰਦਾ ਅਨੇਕਾਂ ਸਥਾਨਾਂ ਤੋਂ ਵਿਚਰਦਾ ਹੋਇਆ ਉਹ ਤਿੱਬਤ ਵਿਚ ਵੀ ਜਾ ਪੁਜਾ ਤੇ ਉੱਥੋਂ ਉਹਨੇ ਬੁੱਧ ਬਾਰੇ ਅਨੇਕਾਂ ਹੱਥ ਲਿਖਤਾਂ ਇਕੱਠੀਆਂ ਕੀਤੀਆ ਤੇ ਅੰਤ ਵਿਚ ਉਹਨੇ ਮਾਰਕਸਵਾਦੀ ਦਰਸ਼ਨ ਨੂੰ ਘੋਖਿਆ ਤੇ ਅਪਣਾ ਲਿਆ। ਉਹ ਬਹੁ-ਭਾਸ਼ੀ ਸੀ। ਉਹ ਜਰਮਨ, ਫਰੈਂਚ, ਇੰਗਲਿਸ਼, ਅਰਬੀ, ਫਾਰਸੀ ਤੇ ਸੰਸਕ੍ਰਿਤ ਬੋਲ ਵੀ ਸਕਦਾ ਸੀ ਤੇ ਲਿਖ ਵੀ ਸਕਦਾ ਸੀ। ਉਹਨੇ ਸਫਰਨਾਮੇ, ਕਹਾਣੀਆਂ, ਨਾਵਲ, ਜੀਵਨੀਆਂ ਹੀ ਨਹੀਂ ਲਿਖੇ ਬਲਕਿ ਉਹਨੇ ਅਨੇਕਾਂ ਭਾਸ਼ਾਵਾਂ ਬਾਰੇ ਵੀ ਲਿਖਿਆ। ਉਹਦੀ ਪੁਸਤਕ 'ਦਰਸ਼ਨ ਦਿਗਦਰਸ਼ਨ' ਪੱਛਮੀ ਤੇ ਪੂਰਬੀ ਦੁਨੀਆ ਦੇ ਸਾਰੇ ਦਰਸ਼ਨਾਂ ਦਾ ਨਿਚੋੜ ਪੇਸ਼ ਕਰਦੀ ਹੈ। ਇਸਦੇ ਨਾਲ ਹੀ ਉਹਨੇ ਇਨ੍ਹਾਂ ਦਰਸ਼ਨਾਂ ਦੇ ਆਪਸੀ ਨਿਖੇੜ ਤੇ ਮੇਲ ਤੇ ਵੀ ਖੁੱਲ੍ਹ ਕੇ ਵਿਚਾਰ ਕੀਤੀ ਹੈ। ਉਹਦਾ ਖਿਆਲ ਹੈ ਕਿ ਕੋਈ ਵੀ ਦਰਸ਼ਨ ਦੂਜੇ ਦਰਸ਼ਨਾਂ ਦੇ ਪ੍ਰਭਾਵ ਤੋਂ ਬਚਿਆ ਹੋਇਆ ਨਹੀਂ ਹੁੰਦਾ। ਉਹ ਦਰਸ਼ਨ ਇਤਿਹਾਸ ਵਿਚ ਦੀ ਨਿਰੰਤਰਤਾ ਤੇ ਵਿਕਾਸ ਨੂੰ ਦੇਖਦਾ ਹੈ॥

'ਜੋ ਬ੍ਰਹਿਮੰਡੇ ਸੋਈ ਪਿੰਡੇ' ਇੱਕ ਖਿਆਲ ਸੀ। ਗੁਰੂਆਂ ਦੀ ਸੁਹਿਰਦ ਕਾਮਨਾ ਸੀ ਕਿ ਉਨ੍ਹਾਂ ਦੇ ਸਿੱਖ ਆਪਣੇ ਆਪ ਦੇ ਅੰਦਰ ਤੇ ਹੋਰ ਜੀਵਾਂ ਅੰਦਰ ਏਕੋ ਬ੍ਰਹਮ ਨੂੰ ਦੇਖਣ ਤੇ ਭਿੰਨ ਭੇਦਾਂ ਨੂੰ ਭੁੱਲ ਜਾਣ। ਇਹ ਸ਼ੁਭ ਕਾਮਨਾ ਤਾਂ ਸੀ ਪਰ ਉਸ ਸਮੇਂ ਦੇ ਸਮਾਜਕ ਆਰਥਕ ਪ੍ਰਬੰਧ ਵਿਚ ਇਹ ਸੰਭਵ ਨਹੀਂ ਸੀ॥ ਮੇਰੇ ਖਿਆਲ ਅਨੁਸਾਰ ਬ੍ਰਹਿਮੰਡ ਹੀ ਸਭ ਕੁਝ ਹੈ ਤੇ ਇਹ ਅਵੰਡ ਹੈ, ਇਹ ਇੱਕ ਹੈ ਤੇ ਜੋ ਕੁਝ ਵੀ ਅਨੇਕ ਦਿਸਦਾ ਹੈ, ਉਹ ਸਭ ਕੁਝ ਆਪਸ ਵਿਚ ਜੁੜਿਆ ਹੋਇਆ॥ 'ਜੋ ਬ੍ਰਹਿਮੰਡੈ ਸੋਈ ਪਿੰਡੈ' ਦਾ ਅਰਥ ਇਹ ਵੀ ਤਾਂ ਹੈ ਕਿ ਸਾਡਾ ਸਰੀਰ ਉਸੇ ਪਦਾਰਥ ਤੋਂ ਬਣਿਆ ਹੋਇਆ ਹੈ ਜਿਸ ਤੋਂ ਬ੍ਰਹਿਮੰਡ॥

? ਇੰਗਲੈਂਡ ਦੀ ਮਹਾਰਾਣੀ ਦੇ ਰਾਜ ਗੱਦੀ ਤੇ ਬੈਠਣ ਦੀ 60 ਵੀਂ ਵਰੇਗੰਢ (ਡਾਇਮੰਡ ਜੁਬਲੀ) ਪਿੱਛੇ ਜਹੇ ਮਨਾਈ ਗਈ ਸੀ ਜਿਸਦਾ ਜਸ਼ਨ ਚਾਰ ਦਿਨ ਚਲਦਾ ਰਿਹਾ ਸੀ। ਸਾਰੇ ਦੇਸ਼ ਦਾ ਮਹੌਲ ਪਹਿਲਾਂ ਵਾਂਗ ਹੀ ਖੁਸ਼ਗਵਾਰ ਸੀ ਤੇ ਇਹ ਵਰ੍ਹੇ-ਗੰਢ ਬੜੀ ਧੂਮ ਧਾਮ ਨਾਲ ਮਨਾਈ ਗਈ। ਉਪਰ ਲਿਖਿਆ ਸਭ ਕੁਝ ਵੇਖਦੇ ਹੋਏ। ਓਸ ਭਾਰਤੀ ਪੰਜਾਬੀ ਇਨਸਾਨ ਦੇ ਮਨ 'ਚ ਕੀ ਖਿਆਲ ਉੱਠ ਸਕਦੇ ਨੇ ਜਿਸਨੂੰ ਇਤਿਹਾਸ ਦਾ ਕੁਝ ਗਿਆਨ ਵੀ ਹੋਵੇ ਤੇ ਗੈਰਤ ਵੀ ਸੋਚ ਦਾ ਹਿੱਸਾ ਹੋਵੇ। ਇੱਕ ਆਮ ਆਇਰਿਸ਼ ਬੰਦਾ ਖ਼ੁੱਦ ਨੂੰ ਇਸ ਸਭ ਦਾ ਹਿੱਸਾ ਕਿਸ ਪੱਖ ਤੋਂ ਬਣਾਏਗਾ ?

-ਇਹੋ ਜਹੇ ਜਸ਼ਨ ਆਪਣੀ ਸਾਮਰਾਜੀ ਹੈਂਕੜ ਦੇ ਅਤੀਤ ਦੀ ਯਾਦ ਵਿਚ ਖਾਹਮਖਾਹ ਡੀਂਗਾਂ ਮਾਰਨ ਲਈ ਅਜਿਹੇ ਪਿਛੋਕੜ ਵਾਲੇ ਲੋਕ ਆਮ ਤੌਰ ਤੇ ਕਰਦੇ ਹੀ ਰਹਿੰਦੇ ਹਨ। ਇੰਗਲੈਂਡ ਦੀ ਮਹਾਰਾਣੀ ਨਾਉਂ ਦੀ ਹੀ ਮਹਾਰਾਣੀ ਰਹਿ ਗਈ ਹੈ। ਵਾਸਤਵ ਵਿਚ ਤਾਂ ਉਹ ਆਪਣੀ ਪਾਰਲੀਮੈਂਟ ਦੀ ਗ਼ੁਲਾਮ ਹੈ। ਬਸ ਇੱਕ ਦਿਖਾਵਾ ਆਪਣੇ ਸ਼ਾਨਦਾਰ ਅਤੀਤ ਦਾ ਇਹ ਜ਼ਾਹਰ ਕਰਨ ਲਈ ਕਿ ਹਾਲੀਂ ਇਸ ਕੌਮ ਦੀ ਦੁਨੀਆ ਵਿਚ ਚੋਖੀ ਪੁੱਛ ਗਿੱਛ ਹੈ, ਬਾਦਸ਼ਾਹਤ ਦੀ ਸੰਸਥਾ ਨੂੰ ਕਾਇਮ ਰੱਖਿਆ ਹੋਇਆ ਹੈ। ਮਹਾਰਾਣੀ ਕਾਮਨਵੈਲਥ ਦੀ ਮੁਖੀ ਹੈ ਤੇ ਕਨੇਡਾ ਆਸਟਰੇਲੀਆ ਵਰਗੇ ਕੁਝ ਦੇਸ਼ਾਂ ਦੀ ਮਹਾਰਾਣੀ ਵੀ ਮੰਨੀ ਜਾਂਦੀ ਹੈ ਤੇ ਉਨ੍ਹਾਂ ਦੇ ਝੰਡਿਆਂ ਤੇ ਬਰਤਾਨੀਆਂ ਦੇ ਝੰਡੇ ਦਾ ਚਿੰਨ ਵੀ ਹੈ। ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਹਾਂ ਇਹ ਕੌਮ ਫਾਕਲੈਂਡਜ਼ 'ਤੇ ਹਾਲੀਂ ਵੀ ਕਬਜ਼ਾ ਜਮਾਂਈਂ ਬੈਠੀ ਹੈ ਤੇ ਆਪਣੇ ਸਾਮਰਾਜ ਦੇ ਕਾਇਮ ਰਹਿਣ ਦੀ ਡੀਂਗ ਮਾਰ ਸਕਦੀ ਹੈ। ਇਹੀ ਕਾਰਣ ਹਨ ਜਿਸ ਲਈ ਇਨ੍ਹਾਂ ਨੇ ਬਾਦਸ਼ਾਹਤ ਨੂੰ ਨਾਮ ਦੇ ਤੌਰ 'ਤੇ ਕਾਇਮ ਰੱਖਿਆ ਹੋਇਆ



ਹੈ॥ ਆਇਰਸ਼ ਲੋਕਾਂ ਦੀ ਇਸ ਸਭ ਕੁਝ ਨਾਲ ਨਫਰਤ ਤਾਂ ਜੱਗ ਜਾਹਰ ਹੈ। ਹਰ ਅਣਖੀ ਹਿੰਦੋਸਤਾਨੀ ਅੰਗਰੇਜ਼ ਹਾਕਮਾਂ ਦੇ ਜ਼ੁਲਮ ਨੂੰ ਸਣੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਕਿਵੇਂ ਭੁਲ ਸਕਦਾ ਹੈ ? ਪਰ ਉਨ੍ਹਾਂ ਕੁਝ ਕੁ ਭਾਰਤੀਆਂ ਦੀ ਅਣਖ ਬਾਰੇ ਕੀ ਕਹੀਏ ਜਿਹੜੇ ਅੰਗਰੇਜ਼ਾਂ ਨਾਲੋਂ ਵੀ ਵੱਧ ਅੰਗਰੇਜ਼ ਬਣ ਕੇ ਮਹਾਰਾਣੀ ਦੀ ਅਰਚਨਾ ਪੂਜਾ ਕਰਦੇ ਹਨ। ਅਜਿਹੇ ਲੋਕ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਦੇ ਵਾਰਸ ਕਹਾਉਣ ਦੇ ਕਦਾਚਿਤ ਹੱਕਦਾਰ ਨਹੀਂ ਹੋ ਸਕਦੇ॥

? 1. ਅਮੂਰਤ ਬ੍ਰਹਮ ਤੇ ਦਿਸਦੀ ਪ੍ਰਕਿਰਤੀ ਵਿੱਚ ਕੀ ਸਾਂਝਾ ਤੇ ਕੀ ਭਿੰਨ ਹੈ ? ਅਕਾਰ ਨਿਰਾਕਾਰ ਤੇ ਕੁਦਰਤ ਅੱਜ ਦੀ ਲਿਖੀ ਜਾ ਰਹੀ ਕਵਿਤਾ ਦੇ ਕਿੰਨਾ ਕੁ ਨੇੜੇ ਹਨ, ਤੇ ਕਿੰਨਾ ਕੁ ਦੂਰ!

2- ਉਪਨਿਸ਼ਦਾਂ 'ਚ ਅੰਨ ਦੀ ਬਹੁਤ ਵੱਡੀ ਮਹੱਤਤਾ ਦੱਸੀ ਗਈ ਹੈ। ਅੰਨ ਨੂੰ ਸਰਬ-ਔਸ਼ਧ ਕਿਹਾ ਗਿਆ ਹੈ। ਪਰ ਨਾਲ ਇਹ ਵੀ ਕਿਹਾ ਗਿਆ ਹੈ ਕਿ ਅੰਨ ਜੀਵਾਂ ਦੁਆਰਾ ਖਾਇਆ ਜਾਂਦਾ ਹੈ ਤੇ ਇਹ ਜੀਵਾਂ ਨੂੰ ਖਾ ਜਾਂਦਾ ਹੈ, ਤੁਹਾਡਾ ਇਸ ਕਥਨ ਬਾਰੇ ਕੀ ਖਿਆਲ ਹੈ ?

3- ਵੇਦ-ਉਪਨਿਸ਼ਦ ਪੜ੍ਹਨ ਤੋਂ ਬਾਅਦ ਤੁਹਾਡੇ ਸ਼ਬਦਾਂ 'ਚ ਪ੍ਰਾਣਾਂ ਦੀ ਵਿਆਖਿਆ ਕੀ ਹੈ ?

1-ਅਮੂਰਤ ਬ੍ਰਹਮ ਦਾ ਭਾਵ ਹੈ ਉਹ ਬ੍ਰਹਮ ਜਿਹੜਾ ਸਰੀਰ ਰਹਿਤ ਹੈ, ਜਿਹਦੀ ਕੋਈ ਸ਼ਕਲ ਸੂਰਤ ਨਹੀਂ, ਜਿਹੜਾ ਨਾ ਜੰਮਦਾ ਹੈ ਨਾ ਮਰਦਾ ਹੈ ਤੇ ਨਾ ਘਟਦਾ ਹੈ ਨਾ ਵਧਦਾ ਹੈ। ਅੰਰਭ ਵਿਚ ਉਹ ਜਿੰਨਾ ਸੀ ਹੁਣ ਵੀ ਉੱਨਾ ਹੀ ਹੈ। ਇਹ ਸਾਰੀਆਂ ਸਿਫਤਾਂ ਤਾਂ ਪਦਾਰਥ ਭਾਵ ਮਾਦਾ ਜਾਂ ਪ੍ਰਕਿਰਤੀ ਦੀਆਂ ਹਨ। ਉਪਨਿਸ਼ਦ ਤਾਂ ਇਹ ਹੀ ਕਹਿੰਦੇ ਹਨ ਕਿ ਅਮੂਰਤ ਬ੍ਰਹਮ ਕਣ ਕਣ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਨੇ ਵੀ ਇਹੀ ਕਿਹਾ:-

'ਬਲਿਹਾਰੀ ਕੁਦਰਤ ਵੱਸਿਆ'।

ਪ੍ਰਕਿਰਤੀ ਆਪ ਹੀ ਅਮੂਰਤ ਬ੍ਰਹਮ ਹੈ ਹੋਰ ਕੁਝ ਨਹੀਂ। ਅਮੂਰਤ ਬ੍ਰਹਮ ਤੇ ਪ੍ਰਕਿਰਤੀ ਦੀ ਏਕਤਾ ਅਨੁਭਵ ਕੀਤੇ ਬਿਨਾਂ ਤੇ ਆਪਣੇ ਆਪ ਨੂੰ ਇਸ ਦਾ ਹੀ ਅੰਗ ਸਮਝੇ ਬਿਨਾਂ ਬੰਦਾ ਹਉਂ ਵਿਚ ਗੁਆਚ ਜਾਂਦਾ ਹੈ, ਅਜਿਹਾ ਬੰਦਾ ਕਵੀ ਤਾਂ ਕੀ ਬੰਦਾ ਵੀ ਨਹੀਂ ਬਣ ਸਕਦਾ। ਬਹੁਤ ਥੋਹੜੇ ਹੀ ਹਨ ਜੋ ਅਸਲ ਕਵੀ ਹਨ, ਬੜੀ ਥੋੜ੍ਹੀ ਕਵਿਤਾ ਹੈ ਜਿਹੜੀ ਇੱਥੋਂ ਤੱਕ ਪੁਜਦੀ ਹੈ॥

2-. ਇਹ ਕਥਨ ਤੈੱਤਿਰੀਯ ਉਪਨਿਸ਼ਦ ਦਾ ਹੈ। ਸਾਡਾ ਸਰੀਰ ਉਨ੍ਹਾਂ ਤੱਤਾਂ ਦਾ ਹੀ ਬਣਿਆ ਹੋਇਆ ਹੈ ਜਿਨ੍ਹਾਂ ਨਾਲ ਧਰਤੀ ਬਣੀ ਹੋਈ ਹੈ। ਪਸ਼ੂ ਪੰਛੀ ਤੇ ਬਨਸਪਤੀ ਸਾਰੇ ਹੀ ਇਨ੍ਹਾਂ ਤੱਤਾਂ ਤੋਂ ਹੀ ਬਣੇ ਹੋਏ ਹੁੰਦੇ ਹਨ। ਇਨ੍ਹਾਂ ਤੱਤਾਂ ਤੋਂ ਬਣੇ ਸਰੀਰ ਨੂੰ ਜੀਵਤ ਰਹਿਣ ਲਈ ਇਨ੍ਹਾਂ ਤੱਤਾਂ ਦੀ ਲੋੜ ਸਦਾ ਰਹਿੰਦੀ ਹੈ ਤੇ ਇਹ ਤੱਤ ਸਾਨੂੰ ਖਾਣ ਯੋਗ ਪਦਾਰਥ ਅਰਥਾਤ ਅੰਨ ਤੋਂ ਹੀ ਮਿਲ ਸਕਦੇ ਹਨ। ਅੰਨ ਤੋਂ ਬਿਨਾਂ ਨਾ ਸਰੀਰ ਤੇ ਨਾ ਜੀਵਨ ਦਾ ਹੋਣਾ ਸੰਭਵ ਹੈ। ਇਸ ਲਈ ਹੀ ਅੰਨ ਨੂੰ ਦੇਵਤਾ ਜਾਂ ਪ੍ਰਮੇਸ਼ਰ ਵੀ ਕਿਹਾ ਜਾਂਦਾ ਹੈ। ਅੰਨ ਨੂੰ ਜੀਵ ਖਾਂਦੇ ਹਨ ਤੇ ਅੰਤ ਵਿਚ ਅੰਨ ਹੀ ਜੀਵਾਂ ਨੂੰ ਖਾ ਜਾਂਦਾ ਹੈ; ਭਾਵ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ। ਕੁਦਰਤ ਵਿਚ ਰੀਸਾਈਕਲਿੰਗ (ਪੁਨਰਸਿਰਜਣਾ) ਸਦਾ ਚਲਦੀ ਰਹਿੰਦੀ ਹੈ। ਸਾਰੇ ਪ੍ਰਾਣੀ ਅੰਤ ਮਿੱਟੀ ਬਣ ਜਾਂਦੇ ਹਨ ਤੇ ਫੇਰ ਉਸੇ ਮਿੱਟੀ ਤੋਂ ਮੁੜ ਪੈਦਾ ਹੋ ਜਾਂਦੇ ਹਨ॥

3- ਪ੍ਰਾਣਾਂ ਦਾ ਅਰਥ ਸਾਹ ਲੈਣ ਦੀ ਪ੍ਰਕਿਰਿਆ ਹੀ ਹੈ ਹੋਰ ਕੁਝ ਵੀ ਨਹੀਂ। ਇਸ ਪ੍ਰਕਿਰਿਆ ਨਾਲ ਹੀ ਸਾਡਾ ਖ਼ੂਨ ਸਾਫ ਹੁੰਦਾ ਹੈ ਤੇ ਸਰੀਰ ਦੇ ਸਾਰੇ ਅੰਗਾਂ ਨੂੰ ਪੁਜਦਾ ਹੈ। ਪ੍ਰਾਣਾਂ ਨਾਲ ਮਿਲੀ ਆਕਸੀਜਨ ਹੀ ਸਾਡੇ ਸਰੀਰ ਤੇ ਦਿਮਾਗ ਨੂੰ ਜੀਵਤ ਰੱਖਦੀ ਹੈ। ਕੁਝ ਚਿਰ ਲਈ ਸਾਹ ਬੰਦ ਰਹਿਣ ਨਾਲ ਦਿਮਾਗ ਅਕਸੀਜਨ ਨਾ ਮਿਲਣ ਕਰਕੇ ਕੰਮ ਕਰਨੋ ਹਟ ਜਾਂਦਾ ਹੈ। ਫਾਂਸੀ ਲੱਗਣ ਜਾਂ

ਗਲ਼ ਘੁਟਣ ਨਾਲ ਮੌਤ ਹੋਣ ਦਾ ਕਾਰਨ ਸਾਹ ਦੇ ਬੰਦ ਹੋਣ ਨਾਲ ਦਿਮਾਗ ਨੂੰ ਆਕਸੀਜਨ ਨਾ ਮਿਲਣਾ ਹੀ ਹੁੰਦਾ ਹੈ। ਪ੍ਰਾਣ ਨਾ ਸਰੀਰ ਵਿਚ ਬਾਹਰੋਂ ਆਉਂਦੇ ਹਨ, ਨਾ ਸਰੀਰ ਦੇ ਖਤਮ ਹੋ ਨਾਲ ਕਾਇਮ ਰਹਿੰਦੇ ਹਨ। ਪ੍ਰਾਣਾਂ ਨੂੰ ਸਰੀਰ ਵਿਚ ਬਾਹਰੋਂ ਆਈ ਆਤਮਾ ਮੰਨਣਾ ਤੇ ਉਸ ਆਤਮਾ ਦਾ ਮੌਤ ਪਿੱਛੋਂ ਵੀ ਕਾਇਮ ਰਹਿਣ ਦਾ ਕਲਪਤ ਖਿਆਲ ਮਨੁੱਖ ਦਾ ਆਪਣੀ ਸੁਵਿਧਾ ਲਈ ਹੀ ਘੜਿਆ ਹੋਇਆ ਹੈ। ਸਰੀਰ ਦੀ ਨਾਸ਼ਮਾਨਤਾ ਤੋਂ ਡਰਿਆ ਬੰਦਾ ਅਜਿਹੇ ਢਕੌਂਸਲੇ ਰਚ ਲੈਂਦਾ ਹੈ॥

? ਵਿਦਿਅਕ ਜਾਣਕਾਰੀ, ਤਜਰਬੇ ਤੇ ਅਨੁਭਵਾਂ ਨੂੰ ਸਾਹਵੇਂ ਰੱਖ ਕੇ ਨਿੱਜ ਤੋਂ ਪਾਰ ਤੱਕ ਵਿਚਰਦਿਆਂ ਤੁਸਾਂ ਚੇਤਨ ਤੌਰ ਤੇ ਕਿੰਨਾ ਕੁਝ ਪੜ੍ਹਿਆ ਗੁੜ੍ਹਿਆ ਤੇ ਸਮੇਂ ਨੇ ਕਿੰਨਾ ਕੁ ਸਿਖਾਇਆ। ਵਿਸਥਾਰ ਨਾਲ ਦੱਸੋ।

– ਬਚਪਨ ਤੋਂ ਹੀ ਜਗਿਆਸਾ ਸੀ ਸੁਣਨ, ਸਮਝਣ ਤੇ ਜਾਣਨ ਦੀ। ਜੀਵਨ ਦੇ ਲੰਮੇ ਪੈਂਡੇ 'ਤੇ ਚਲਦਿਆਂ ਬਹੁਤ ਕੁਝ ਦੇਖਣ, ਸੁਣਨ, ਪੜ੍ਹਨ ਤੇ ਸਮਝਣ ਦਾ ਯਤਨ ਕਰਦਾ ਰਿਹਾ ਹਾਂ। ਸਮਾਂ ਮਹਾਨ ਅਧਿਆਪਕ ਹੈ। ਇਹ ਕਈ ਬਣੀਆਂ ਬਣਾਈਆਂ ਮਾਨਤਾਵਾਂ ਨੂੰ ਗਲਤ ਵੀ ਸਿਧ ਕਰ ਦਿੰਦਾ ਹੈ ਤੇ ਨਵੀਆਂ ਮਾਨਤਾਵਾਂ ਬਣਾਉਣ ਵਿਚ ਵੀ ਸਹਾਈ ਹੁੰਦਾ ਹੈ। ਮੈਂ ਕਿੰਨਾ ਕੁ ਸਿਖ ਸਮਝ ਸਕਿਆ ਹਾਂ ? ਸੋਚਦਾ ਹਾਂ ਕਿ ਜੋ ਕੁਝ ਜਾਣ ਸਕਿਆ ਹਾਂ ਉਹ ਤਾਂ ਗਿਆਨ ਦੇ ਮਹਾਂ ਸਾਗਰ ਵਿਚੋਂ ਕੁਝ ਘੋਗੇ ਚੁਣ ਕੇ ਖੁਸ਼ ਹੋਣ ਵਾਲੀ ਗੱਲ ਹੈ। ਇੱਕ ਮਾਸੂਮ ਬੱਚੇ ਦੀ ਤਰ੍ਹਾਂ ਸਾਗਰ ਦੇ ਕੰਢੇ ਬੈਠਾ ਉਠਦੀਆਂ ਲਹਿਰਾਂ ਨੂੰ ਦੇਖ ਕੇ ਹੀ ਜੀਅ ਪਰਚਾਉਂਦਾ ਰਿਹਾ ਹਾਂ। ਅਥਾਹ ਗਿਆਨ ਸਾਗਰ ਦੀਆਂ ਤੈਹਾਂ ਅੰਦਰ ਲੁਕੇ ਅਨਮੋਲ ਰਤਨਾਂ ਦਾ ਅਨੁਭਵ ਤਾਂ ਸੀ ਤੇ ਉਨ੍ਹਾਂ ਤੱਕ ਪਹੁੰਚਣ ਦੀ ਤਮੰਨਾ ਵੀ ਪਰ ਇਸ ਅਥਾਹ ਤੇ ਅਨੰਤ ਸਾਗਰ ਦਾ ਪਾਰ ਕੌਣ ਪਾ ਸਕਿਆ ਹੈ ?

? ਇਸਤ੍ਰੀ ਦੀ ਦਹਿਸ਼ਤ ਵਿੱਚ ਜੀਣਾ ਕਿੰਨਾ ਕੁ ਔਖਾ ਹੈ ਆਦਮੀ ਲਈ ? ਕੀ ਆਦਮੀ ਵੀ ਇਸਤ੍ਰੀ ਦੁਆਰਾ ਲਾਏ ਗਏ ਤੋਹਮਤਾਂ ਇਲਜ਼ਾਮਾਂ ਨਾਲ ਓਨਾ ਹੀ ਅੰਦਰੋਂ ਟੁੱਟਦਾ ਮਰਦਾ ਹੈ ਜਿੰਨਾ ਕਿ ਇਸਤ੍ਰੀ ?

– ਆਦਮੀ ਹੋਵੇ ਜਾਂ ਇਸਤ੍ਰੀ ਦਹਿਸ਼ਤ ਦਾ ਪ੍ਰਭਾਵ ਘੱਟ ਜਾਂ ਵੱਧ ਸਾਰਿਆਂ 'ਤੇ ਹੁੰਦਾ ਹੈ। ਜਿੰਨਾ ਕੋਈ ਵੱਧ ਕੋਮਲ ਚਿੱਤ ਹੁੰਦਾ ਹੈ ਉੱਨਾ ਹੀ ਵੱਧ ਮਹਿਸੂਸ ਕਰਦਾ ਹੈ ਤੇ ਜਿੰਨਾ ਕੋਈ ਘਟ ਕੋਮਲ ਚਿਤ ਹੁੰਦਾ ਹੇ ਉੱਨਾ ਹੀ ਘੱਟ।ਇਸਤ੍ਰੀ ਦੀ ਦਹਿਸ਼ਤ ਵਿਚ ਕੋਮਲ ਚਿੱਤ ਆਦਮੀ ਲਈ ਵੀ ਜੀਣਾ ਉੱਨਾ ਹੀ ਔਖਾ ਹੁੰਦਾ ਹੈ ਜਿੰਨਾ ਕੋਮਲ ਚਿਤ ਇਸਤ੍ਰੀ ਲਈ ਆਦਮੀ ਦੀ ਦਹਿਸ਼ਤ ਵਿਚ ਜੀਣਾ।ਝੂਠੇ ਤੇ ਬੇਬੁਨਿਆਦ ਇਲਜ਼ਾਮ ਤੇ ਤੋਹਮਤਾਂ ਆਦਮੀ ਨੂੰ ਵੀ ਉੱਨਾ ਹੀ ਅੰਦਰੋਂ ਤੋੜਦੀਆਂ ਤੇ ਮਾਰਦੀਆਂ ਹਨ ਜਿੰਨਾ ਕੁ ਇਸਤ੍ਰੀ ਨੂੰ ਲੰਮਾਂ ਸਮਾਂ ਇੰਝ ਲੰਘਾਉਣ ਨਾਲ ਹਰ ਬੰਦਾ ਸਹੀਂਦੜ ਜਿਹਾ ਹੋ ਕੇ ਸਮੇਂ ਨਾਲ ਸਮਝੌਤਾ ਕਰ ਲੈਂਦਾ ਹੈ। । ਦਰਦ ਤਾਂ ਫੇਰ ਵੀ ਰਹਿੰਦਾ ਹੈ ਪਰ ਮਹਿਸੂਸ ਘੱਟ ਹੁੰਦਾ ਹੈ॥

? ਤੁਹਾਡੀ ਜੀਵਨੀ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਤੁਸੀਂ ਖੁਦ ਨੂੰ ਕਾਫੀ ਬੇ-ਪਸੰਦ ਕਰਦੇ ਰਹੇ ਹੋ, ਹੁਣ ਵੀ ਓਹੀ ਹਾਲ ਹੈ ਜਾਂ ਕੁਝ ਫਰਕ ਪਿਆ ਹੈ।

– ਮੈਂ ਆਪਣੇ ਆਪ ਨੂੰ ਕਦੀਂ ਵੀ ਬੇਪਸੰਦ ਨਹੀਂ ਕਰਦਾ ਸਾਂ। ਜੇ ਇੰਝ ਹੁੰਦਾ ਤਾਂ ਮੈਂ ਜੀਅ ਨਾ ਸਕਦਾ। ਮੈਂ ਬਚਪਨ ਤੋਂ ਦੇਖਦਾ ਰਿਹਾ ਸਾਂ ਕਿ ਲੋਕੀਂ ਵਿਕਲਾਂਗ ਤੇ ਸਰੀਰਕ ਕੱਜ ਵਾਲੇ ਬੰਦਿਆਂ ਲਈ ਅਤਿ ਦੇ ਬੇਅਹਿਸਾਸ, ਬੇਤਰਸ ਤੇ ਕਠੋਰ ਬਣ ਜਾਂਦੇ ਹਨ। ਸਰੀਰਕ ਕੱਜ ਵਾਲੇ ਬੱਚਿਆਂ ਲਈ ਤਾਂ ਉਹਨਾਂ ਦੇ ਆਪਣੇ ਮਾਂ ਪਿਓ ਤੇ ਭੈਣ ਭਰਾਵਾਂ ਵਿਚ ਵੀ ਤਰਸ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਉਹ ਅਜਿਹੇ ਬੱਚਿਆਂ ਅੰਦਰ ਹੀਣਤਾ ਦਾ ਅਹਿਸਾਸ ਭਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਬਚਪਨ ਵਿਚ ਮੇਰੇ ਨਾਲ ਵੀ ਅਜਿਹਾ ਕੁਝ ਵਾਪਰਦਾ ਰਿਹਾ ਸੀ।



ਅਜਿਹੇ ਵਰਤਾਉ ਦਾ ਪ੍ਰਭਾਵ ਵੀ ਮੇਰੇ ਬਾਲ ਮੰਨ 'ਤੇ ਪੈਣਾ ਹੀ ਸੀ। ਇਸ ਪ੍ਰਭਾਵ ਨੇ ਮੈਨੂੰ ਲੁਕ-ਰਹਿਣਾ ਤੇ ਸੰਗਾਊ ਅਵੱਸ਼ ਬਣਾ ਦਿੱਤਾ ਸੀ। ਇਸਦਾ ਮੈਨੂੰ ਲਾਭ ਵੀ ਹੋਇਆ। ਅੰਤਰਮੁਖੀ ਹੋ ਜਾਣ ਨਾਲ ਮਨ ਨੂੰ ਇਕਾਗਰ ਰੱਖਣ ਦਾ ਗੁਣ ਆਪ ਹੀ ਪੈਦਾ ਹੋ ਗਿਆ। ਇਸ ਇਕਾਗਰਤਾ ਦੇ ਗੁਣ ਨਾਲ ਮੇਰੀ ਯਾਦ ਸ਼ਕਤੀ ਵਿਚ ਚੋਖਾ ਵਾਧਾ ਹੋ ਗਿਆ। ਉਹ ਵਿਦਿਆਰਥੀ ਜਿਹੜਾ ਆਪਣੀ ਜਮਾਤ ਵਿਚ ਸਦਾ ਅਗੇ ਤੋਂ ਅਗੇ ਰਿਹਾ ਹੋਵੇ ਉਹ ਆਪਣੇ ਆਪ ਨੂੰ ਬੇਪਸੰਦ ਕਿਵੇਂ ਕਰ ਸਕਦਾ ਹੈ ? ਆਪਣੇ ਲੁਕ-ਰਹਿਣੇ ਤੇ ਸੰਗਾਊ ਸੁਭਾ ਲਈ ਮੈਂ 'ਘਟੀਆਪਨ ਦਾ ਅਹਿਸਾਸ' ਉਕਤੀ ਵਰਤੀ ਸੀ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਉਕਤੀ ਮੇਰੀ ਉਸ ਵੇਲੇ ਦੀ ਮਾਨਸਕ ਦਸ਼ਾ ਲਈ ਐਨ ਠੀਕ ਨਹੀਂ ਸੀ। 'ਘਟੀਆਪਨ ਦਾ ਅਹਿਸਾਸ' ਤੇ 'ਘਟੀਆ ਕਿਹਾ ਜਾਂਦਾ' 'ਸੁਣਨ ਦੀ ਸ਼ਰਮ' ਦੋਹਾਂ ਵਿਚ ਢੇਰ ਅੰਤਰ ਹੁੰਦਾ ਹੈ। ਮੈਂ ਘਟੀਆ ਕਿਹਾ ਜਾਂਦਾ ਸੁਣਨ ਤੋਂ ਅਵੱਸ਼ ਸ਼ਰਮਾਂਦਾ ਸਾਂ। ਪਰ ਆਪਣੇ ਆਪ ਨੂੰ ਬੇਪਸੰਦ ਨਹੀਂ ਕਰਦਾ ਸਾਂ। ਜਿਹੜਾ ਬੰਦਾ ਆਪਣੇ ਆਪ ਨੂੰ ਬੇਪਸੰਦ ਕਰਦਾ ਹੈ, ਉਹ ਤਾਂ ਆਪਣੀ ਹੋਂਦ ਨੂੰ ਹੀ ਨਿਕਾਰ ਦਿੰਦਾ ਹੈ ਤੇ ਜੀਵਨ ਵਿਚ ਕੁਝ ਵੀ ਕਰਨ ਦੇ ਯੋਗ ਹੀ ਨਹੀਂ ਰਹਿੰਦਾ। ਮੈਂ ਕਦੀਂ ਆਪਣੇ ਆਪ ਨੂੰ ਇੰਨਾ ਗਿਆ ਗੁਜ਼ਰਿਆ ਨਹੀਂ ਸਮਝਿਆ ਸੀ। ਆਪਣੀ ਦਿਮਾਗੀ ਚੇਤਨਾ ਤੇ ਚੰਗੀ ਯਾਦ ਸ਼ਕਤੀ ਦਾ ਤਾਂ ਮੈਨੂੰ ਬਚਪਨ ਵਿਚ ਹੀ ਅਹਿਸਾਸ ਹੋ ਗਿਆ ਸੀ॥

? ਅ) ਸਮਰੱਥ ਆਲੋਚਕ ਹੋਣ ਦੇ ਨਾਤੇ ਆਲੋਚਨਾ ਦੇ ਪ੍ਰਚਲਤ ਤੇ ਸਹੀ ਮਾਪਦੰਡਾਂ ਬਾਰੇ ਕੁਝ ਕਹੋ ! ਲੇਖਕ, ਰਚਨਾ ਤੇ ਆਲੋਚਕ ਵਿੱਚ ਕੀ ਸਮਾਨਤਾ ਤੇ ਅੰਤਰ ਲਾਜ਼ਮੀ ਹੈ। ਕੀ ਤੁਸੀਂ ਹੋਰਨਾਂ ਭਾਸ਼ਾਵਾਂ ਦੇ ਆਲੋਚਕਾਂ ਤੇ ਉਨ੍ਹਾਂ ਦੀ ਆਲੋਚਨਾ ਵਿਧੀ ਨੂੰ ਵੀ ਪੜ੍ਹਿਆ ਹੈ ? ਸ) ਤੁਸੀਂ ਕਿੰਨੇ ਕੁ ਲੇਖਕਾਂ ਤੇ ਕੰਮ ਕੀਤਾ ਹੈ ? ਹ) ਇਹ ਆਲੋਚਨਾ ਦਾ ਕੰਮ ਤੁਸੀਂ ਲੇਖਕ ਵੇਖ ਕੇ ਚੁਣਿਆਂ ਜਾਂ ਰਚਨਾ ਪੜ੍ਹਨ ਤੋਂ ਬਾਅਦ ਅਨੈਲਸਿਜ਼ ਕਰਨ ਦਾ ਮਨ ਬਣ ਗਿਆ। ।ਕ) ਕੀ ਤੁਹਾਡੀ ਕੋਈ ਕਵਿਤਾ ਜਾਂ ਆਲੋਚਨਾ ਦੀ ਕਿਤਾਬ ਕਿਸੇ ਕਾਲਜ ਜਾਂ ਯੂਨੀਵਰਸਟੀ ਦੇ ਸਿਲੇਬਸ ਵਿੱਚ ਵੀ ਪੜ੍ਹਾਈ ਗਈ ਹੈ ? ਖ) ਸਾਹਿਤਕ ਸ਼ੜਯੰਤਰਾਂ ਬਾਰੇ ਆਪਣਾ ਤਜਰਬਾ ਦੱਸੋ !

– ਅ) ਮੈਂ ਸਮਰੱਥ ਆਲੋਚਕ ਹਾਂ ਜਾਂ ਨਹੀਂ ? ਇਹ ਤਾਂ ਕਹਿ ਨਹੀਂ ਸਕਦਾ। ਅੱਜ ਆਲੋਚਨਾ ਦੇ ਅਨੇਕਾਂ ਸਿਧਾਂਤ ਤੇ ਮਾਪਦੰਡ ਪ੍ਰਚਲਤ ਹਨ। ਅਸਤਿਤਵਵਾਦ, ਸੰਰਚਨਾਵਾਦ, ਰੂਪਵਾਦ, ਆਧੁਨਿਕਵਾਦ ਤੇ ਉੱਤਰ-ਆਧੁਨਿਕਵਾਦ ਵਰਗੇ ਪੱਛਮੀ ਸੰਸਕ੍ਰਿਤੀ ਵਿਚ ਪੈਦਾ ਹੋਏ ਸਿਧਾਂਤਾਂ ਨੂੰ ਬਿਨਾਂ ਸੋਚੇ ਸਮਝੇ ਆਪਣੀ ਵਿਦਵਤਾ ਦਾ ਝੰਡਾ ਝਲਾਉਣ ਲਈ ਪੰਜਾਬੀ ਸਾਹਿਤ 'ਤੇ ਬੇਸਿਰ ਪੈਰ ਲਾਗੂ ਕਰਨ ਦੇ ਯਤਨ ਕੀਤੇ ਜਾਂਦੇ ਹਨ। ਮੈਂ ਇਨ੍ਹਾਂ ਸਿਧਾਂਤਾਂ ਦੇ ਝਮੇਲੇ ਵਿਚ ਨਹੀਂ ਪੈਂਦਾ। ਰਚਨਾ ਦਾ ਮੂਲ ਪਾਠ ਹੀ ਮੇਰੇ ਲਈ ਮੁੱਖ ਗੱਲ ਹੁੰਦੀ ਹੈ। ਮੈਂ ਪਾਠ ਵਿਚੋਂ ਇਹ ਲੱਭਣ ਦਾ ਯਤਨ ਕਰਦਾ ਹਾਂ ਕਿ ਲੇਖਕ ਨੇ ਕੀ ਕਿਹਾ ਤੇ ਕਿਸ ਤਰ੍ਹਾਂ ਕਿਹਾ ਹੈ ਤੇ 'ਉਸ ਕਹੇ ਗਏ' ਦੀ ਕੀ ਸਾਰਥਕਤਾ ਹੈ ? 'ਕਿਸ ਤਰ੍ਹਾਂ ਕਿਹਾ ਗਿਆ ਹੈ' ਵਿਚ ਹੀ ਮਿਆਰੀ ਕਲਾ ਹੁੰਦੀ ਹੈ। ਜੇ ਰਚਨਾ ਸੱਚ ਹੈ ਤੇ ਸੁੰਦਰ ਹੈ ਤਾਂ ਉਹ ਮਨੁੱਖੀ ਜੀਵਨ ਨੂੰ ਚੰਗੇਰਾ ਤੇ ਸੁਹਣੇਰਾ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਉਂਦੀ ਹੈ। ਲੇਖਕ ਦਾ ਕੰਮ ਸਾਹਿਤ-ਰਚਨਾ ਹੈ, ਸਾਹਿਤ-ਰਚਨਾ ਦਾ ਕੰਮ ਪਾਠਕ ਨੂੰ ਸੁਹਜ ਸੁਆਦ ਦੇਣ ਦੇ ਨਾਲ ਨਾਲ ਉਸ ਅੰਦਰ ਸੱਚ ਤੇ ਸੂਝ ਦੇ ਬੀਜ ਬੀਜਣਾ ਹੈ ਤੇ ਆਲੋਚਕ ਦਾ ਕੰਮ ਸਾਹਿਤ-ਰਚਨਾ ਦੇ ਸੱਚ ਨੂੰ ਜਾਚਣਾ, ਤੋਲਣਾ ਤੇ ਪਰਖਣਾ ਹੈ ਤੇ ਇਸ ਦੇ ਨਾਲ ਹੀ ਸਾਹਿਤਕ ਮਾਪਦੰਡਾਂ ਨੂੰ ਨਿਰਧਾਰਤ ਕਰਨਾ ਹੈ। ਸਾਂਝ ਤਿੰਨਾਂ ਦੀ ਸਾਂਝੇ ਮਕਸਦ ਵਿਚ ਹੈ। ):-ਮੈਂ ਉਸ ਸਭ ਕੁਝ ਨੂੰ ਪੜ੍ਹਨ ਦੀ ਆਦਤ ਨਹੀਂ ਪਾ ਸਕਿਆ ਜਿਹਦੀ ਮੈਂ ਲੋੜ ਨਾ ਸਮਝਦਾ ਹੋਵਾਂ। ਫੇਰ ਵੀ ਮੈਂ ਪੱਛਮੀ ਸਾਹਿਤ ਸਿਧਾਂਤਾਂ ਨੂੰ ਸਮਝਣ ਦਾ ਯਤਨ ਅਵੱਸ਼ ਕਰਦਾ ਰਿਹਾ ਹਾਂ। ਮੈਂ ਆਲੋਚਨਾ ਵਿਚ ਕਦੀਂ

ਵੀ ਇਨ੍ਹਾਂ ਸਿਧਾਂਤਾਂ ਨੂੰ ਵਰਤਣ ਦੀ ਲੋੜ ਨਹੀਂ ਸਮਝੀ ॥ ਸ):- ਮੈਂ ਆਲੋਚਨਾ ਨੂੰ ਇਸਤਰ੍ਹਾਂ ਨਹੀਂ ਅਪਣਾਇਆਂ ਕਿ ਮੈਂ ਆਪਣਾ ਨਾਉਂ ਵੱਡੇ ਆਲੋਚਕਾਂ ਵਿਚ ਗਿਣਵਾ ਸਕਾਂ। ਮੈਂ ਚਾਹੁੰਦਾ ਵੀ ਨਹੀਂ ਕਿ ਮੈਨੂੰ ਆਲੋਚਕਾਂ ਵਿਚ ਗਿਣਿਆ ਜਾਵੇ। ਨਾ ਹੀ ਆਲੋਚਨਾ ਮੇਰਾ ਮੁੱਖ ਸ਼ੌਕ ਕਦੀਂ ਬਣ ਸਕੀ ਹੈ। ਮੈਨੂੰ ਜਦ ਵੀ ਕਿਸੇ ਲੇਖਕ ਦੀ ਲਿਖਤ ਪ੍ਰਭਾਵਤ ਕਰ ਜਾਂਦੀ ਹੈ ਤਦ ਹੀ ਮੈਂ ਉਸ ’ਤੇ ਲਿਖਣ ਲਈ ਉਤਸ਼ਾਹਤ ਹੁੰਦਾ ਹਾਂ। ਅਜਿਹੇ ਲੇਖਕ ਥੋੜ੍ਹੇ ਹੀ ਹਨ ਜਿਨ੍ਹਾਂ ਦੀ ਲਿਖਤ ਨੇ ਮੈਨੂੰ ਪ੍ਰਭਾਵਤ ਕੀਤਾ ਹੈ ਤੇ ਮੈਂ ਉਨ੍ਹਾਂ ’ਤੇ ਲਿਖਣ ਲਈ ਕਲਮ ਚੁੱਕੀ ਹੈ। ਇਹਦਾ ਮਤਲਬ ਇਹ ਨਹੀਂ ਹੈ ਕਿ ਜਿਨ੍ਹਾਂ ਲੇਖਕਾਂ ’ਤੇ ਮੈਂ ਲਿਖਿਆ ਹੈ ਉਨ੍ਹਾਂ ਤੋਂ ਬਿਨਾਂ ਹੋਰ ਚੰਗੇ ਲੇਖਕ ਨਹੀਂ ਹਨ। ਕਈ ਅਜਿਹੇ ਲੇਖਕ ਹਨ, ਜਿਨ੍ਹਾਂ ਦੀਆਂ ਲਿਖਤਾਂ ਨੇ ਮੈਨੂੰ ਪ੍ਰਭਾਵਤ ਕੀਤਾ ਹੈ ਪਰ ਮੈਂ ਉਨ੍ਹਾਂ ’ਤੇ ਲਿਖ ਨਹੀਂ ਸਕਿਆ। ਹ) ਮੇਰੇ ਲਈ ਚੰਗੀ ਰਚਨਾ ਹੀ ਮੁੱਖ ਗੱਲ ਰਹੀ ਹੈ। ਜੇ ਮੈਨੂੰ ਕੋਈ ਲੇਖਕ ਚੰਗਾ ਲਗਿਆ ਹੈ ਤਾਂ ਉਹਦੀ ਚੰਗੀ ਰਚਨਾ ਕਰਕੇ। ਲੇਖਕ ਚੰਗਾ ਜਾਂ ਮਾੜਾ ਆਪਣੀ ਰਚਨਾ ਦੇ ਮਿਆਰ ਕਰਕੇ ਹੁੰਦਾ ਹੈ, ਆਪਣੇ ਕਦ ਕਾਠ, ਸੁਭਾ ਜਾਂ ਧਨ ਦੌਲਤ ਕਰਕੇ ਨਹੀਂ। ਰਚਨਾ ਪੜ੍ਹ ਕੇ ਤੇ ਉਸਦੇ ਗੁਣਾਂ ਨੂੰ ਜਾਣ/ਸਮਝ ਕੇ ਮੈਂ ਉਸ ’ਤੇ ਲਿਖਣ ਦਾ ਮਨ ਬਣਾਉਂਦਾ ਹਾਂ। ਕ):- ਮੈਂ ਇਸ ਗੱਲ ਨੂੰ ਮੁੱਖ ਰਖ ਕੇ ਕਦੀਂ ਨਹੀਂ ਲਿਖਿਆ ਕਿ ਮੇਰੀ ਕਿਤਾਬ ਕਾਲਜ ਜਾਂ ਯੂਨੀਵਰਸਟੀ ਵਿਚ ਪੜ੍ਹਾਈ ਜਾਵੇ। ਜਦ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਅੰਦਰ ਕੁਝ ਅਜਿਹਾ ਹੈ ਜਿਹੜਾ ਕਹਿਣ ਤੇ ਸੁਣਨ ਯੋਗ ਹੈ ਤਾਂ ਹੀ ਮੈਂ ਲਿਖਣ ਲਈ ਕਲਮ ਚੁਕਦਾ ਹਾਂ। ਮੈਂ ਲਿਖਿਆ ਵੀ ਕਿੰਨਾ ਕੁ ਹੈ ? ਮੇਰੇ ਸਾਰੇ ਜੀਵਨ ਦੀ ਕਮਾਈ ਹੈ ਤਿੰਨ ਕਾਵਿ ਸੰਗ੍ਰਹਿ, ਦੋ ਸਮੀਖਿਆ ਪੁਸਤਕਾਂ, ਸ੍ਵੈਜੀਵਨੀ, ਇੱਕ ਲੇਖ ਸੰਗ੍ਰਹਿ ਤੇ ਇੱਕ ਪੁਸਤਕ ਪੰਜਾਬ ਦੀ ਸਿੱਖ ਰਾਜਨੀਤੀ ਤੇ ਇਤਿਹਾਸ ਬਾਰੇ। ਖ):- ਮੈਂ ਸਾਹਿਤਕ ਸ਼ੜਜੰਤਰਾਂ ਬਾਰੇ ਸੁਣਦਾ ਪੜ੍ਹਦਾ ਰਿਹਾ ਹਾਂ। ਇਹ ਵੀ ਸੁਣਦਾ ਰਿਹਾ ਹਾਂ ਕਿ ਇਨਾਮ ਦੇਣ ਵਾਲੇ ਬਹੁਤੇ ਅਦਾਰੇ ਉਪਰ ਤੋਂ ਲੈ ਕੇ ਥੱਲੇ ਤੱਕ ਭ੍ਰਿਸ਼ਟ ਹੋ ਗਏ ਹਨ ਤੇ ਇਨਾਮ ਲੈਣ ਤੇ ਦੇਣ ਲਈ ਜੁਗਾੜ ਬਣਾਏ ਜਾਂਦੇ ਹਨ। ਇਹ ਅਦਾਰੇ ਇੰਨੇ ਬਦਨਾਮ ਹੋ ਗਏ ਹਨ ਕਿ ਜਦ ਵੀ ਕਿਸੇ ਨੂੰ ਇਨਾਮ ਮਿਲਦਾ ਹੈ ਤਾਂ ਜੋੜ ਤੋੜ ਦੀਆਂ ਕਹਾਣੀਆਂ ਨਾਲ ਹੀ ਅੰਰਭ ਹੋ ਜਾਂਦੀਆਂ ਹਨ। ਮੈਨੂੰ ਨਿੱਜੀ ਤੌਰ ’ਤੇ ਇਨ੍ਹਾਂ ਇਨਾਮਾਂ ਦਾ ਕੋਈ ਤਜਰਬਾ ਨਹੀਂ। ਅੱਜ ਤੱਕ ਤਾਂ ਮੈਂ ਇਨ੍ਹਾਂ ਤੋਂ ਬਚਿਆ ਹੋਇਆ ਹਾਂ। ਡਰਦਾ ਵੀ ਹਾਂ ਕਿ ਜੇ ਗਲਤੀ ਨਾਲ ਵੀ ਕੋਈ ਇਨਾਮ ਮਿਲ ਗਿਆ ਤਾਂ ਸ਼ੜਜੰਤਰਕਾਰਾਂ ਦੀ ਕਤਾਰ ਵਿਚ ਮੈਨੂੰ ਵੀ ਸ਼ਾਮਲ ਕਰ ਲਿਆ ਜਾਵੇਗਾ ॥

? ੳ) ਤੁਹਾਡੀ ਸ੍ਵੈਜੀਵਨੀ ਪੜ੍ਹਦਿਆਂ ਮੈਂ ਨੋਟ ਕੀਤਾ ਹੈ ਕਿ ਡਾਕਟਰ ਸੁਖਦੇਵ ਸਿਰਸਾ ਨੇ ਤੁਹਾਨੂੰ ‘ਮਾਰਕਸਵਾਦੀ ਚਿੰਤਕਾਂ’ ਦੇ ਵਰਗ ’ਚ ਰੱਖ ਕੇ ਤੁਹਾਡੇ ਬਾਰੇ ਗੱਲ ਕੀਤੀ ਹੈ! ਤੁਸੀਂ ਇਸ ਨਾਲ ਸਹਿਮਤ ਹੋ ? ਕਿਸੇ ਇਕ ਵਿਚਾਰਧਾਰਾ ਦੀ ਸਾਰੀ ਜ਼ਿੰਦਗੀ ਪ੍ਰੋੜਤਾ ਕਰਦੇ ਜਾਣਾ ਕਿੰਨਾ ਕੁ ਠੀਕ ਹੈ! ਅ) ‘ਗੌਤਮ ਬੁੱਧ ਮੁਤਾਬਿਕ’ ਸਭ ਤੋਂ ਵੱਡੀ ਸਚਾਈ ਹੈ ਪ੍ਰੀਵਰਤਨ। ਜ਼ਿੰਦਗੀ ਦੇ ਇਸ ਮੋੜ ਤੇ ਤੁਸੀਂ ਇਸ ਬਾਰੇ ਕੀ ਕਹੋਗੇ ? ਨਿੱਜੀ ਜ਼ਿੰਦਗੀ ਦੇ ਨੇੜੇ ਤੁਰਦਾ ਜਵਾਬ ਦਿਓ! ੲ) ਗੋਇਟੇ ਆਖਦਾ ਹੈ ਕਿ ‘ਰਚਨਾ ਦੀ ਯਾਤਰਾ ਇੱਕ ਜ਼ਖ਼ਮ ਤੋਂ ਦੂਸਰੇ ਜ਼ਖ਼ਮ ਤੱਕ ਦਾ ਸਫਰ ਹੁੰਦੀ ਹੈ! ਇਸ ਬਾਰੇ ’ਚ ਤੁਹਾਡਾ ਕੀ ਅਨੁਭਵ ਹੈ ? ਸ) ਰਵਿੰਦਰ ਨਾਥ ਠਾਕੁਰ ਦਾ ਕਥਨ ਹੈ ਕਿ ‘ਮੈਂ ਰਚਨਾ ਨੂੰ ਸਰਸਵਤੀ ਦਾ ਵਰਦਾਨ ਮੰਨਦਾ ਹਾਂ’। ਤੁਹਾਡੀ ਉਹ ਕਿਹੜੀ ਰਚਨਾ ਹੈ ਜੋ ਤੁਹਾਨੂੰ ਸਰਸਵਤੀ ਦੇ ਵਰਦਾਨ ਵਾਂਗ ਜਾਪੀ ?

– ੳ) ਮੈਂ ਬ੍ਰਹਿਮੰਡ ਦੀ ਸਿਰਜਣਾ ਕਿਸੇ ਪ੍ਰਾਸਰੀਰਕ ਸ਼ਕਤੀ ਦੇ ਹੁਕਮ ਨਾਲ ਹੋਈ ਨਹੀਂ ਮੰਨਦਾ ਬਲਕਿ ਪਦਾਰਥ ਦੇ ਉਦਕਰਖ ਤੇ ਆਕਰਖ ਗੁਣਾਂ ਕਰਕੇ ਮੰਨਦਾ ਹਾਂ॥ ਮੈਂ ਸਮੁੱਚੇ ਜੀਵਨ ਦੀ ਉਪਜ ਤੇ ਭਾਂਤ ਭਾਂਤ ਦੀਆਂ ਜੀਵਨ ਵੰਨਗੀਆਂ ਦੀ ਉਪਜ ਵਿਕਾਸ ਤੋਂ ਹੋਈ ਮੰਨਦਾ ਹਾਂ। ਮੈਂ



ਮੰਨਦਾ ਹਾਂ ਕਿ ਸਮਾਜ ਦਾ ਵਿਕਾਸ ਇਸ ਵਿਚ ਪੈਦਾ ਹੋਇਆ। ਸ਼੍ਰੇਣੀਆਂ ਦੇ ਆਪਸੀ ਘੋਲ ਨਾਲ ਹੋਇਆ ਹੈ। ਮੈਂ ਮੰਨਦਾ ਹਾਂ ਕਿ ਸਮਾਜ ਵਿਚ ਸਦਾ ਦੋ ਸ਼੍ਰੇਣੀਆਂ ਰਹੀਆਂ ਹਨ, ਇਕ ਸ਼ੋਸ਼ਕ ਸ਼੍ਰੇਣੀ ਤੇ ਦੂਜੀ ਸ਼ੋਸ਼ਤ ਸ਼੍ਰੇਣੀ। ਮੈਂ ਮੰਨਦਾ ਹਾਂ ਕਿ ‘ਨਾ ਕੋ ਵੈਰੀ ਨਾਹਿ ਵਿਗਾਨਾ ਸਗਲ ਸਮ ਹਮ ਕੋ ਬਣ ਆਈ’ ਵਾਲਾ ਸਮਾਜ ਸਿਰਫ ਸ਼੍ਰੇਣੀ ਰਹਿਤ ਸਮਾਜ ਹੀ ਹੋ ਸਕਦਾ ਹੈ। ਜੇ ਮੇਰੀਆਂ ਇਨ੍ਹਾਂ ਮਾਨਤਾਵਾਂ ਨੂੰ ਮਾਰਕਸਵਾਦ ਕਿਹਾ ਜਾ ਸਕਦਾ ਹੈ ਤਾਂ ਮੈਂ ਅਵੱਸ਼ ਮਾਰਕਸਵਾਦੀ ਹਾਂ। ਮੇਰੀ ਸ੍ਵੈਜੀਵਨੀ ਮੇਰੇ ਜੀਵਨ ਅਤੇ ਮੇਰੀ ਸੋਚ ਵਿਚ ਆਏ ਪੜਾ ਦਰ ਪੜਾ ਪ੍ਰੀਵਰਤਨ ਦੀ ਕਹਾਣੀ ਹੈ। ਮੈਂ ਸਿੱਖ ਘਰ ਵਿਚ ਜੰਮਿਆਂ, ਨਿਤ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਪੜ੍ਹਦਾ ਸਮਝਦਾ ਹੀ ਬਚਪਨ ਤੋਂ ਜਵਾਨੀ ਦੀਆਂ ਬਰੂਹਾਂ ਤੱਕ ਪੁੱਜਿਆ ਸਾਂ। ਚੜ੍ਹਦੀ ਜਵਾਨੀ ਦੀਆਂ ਬਰੂਹਾਂ ਤੇ ਪੁੱਜ ਕੇ ਮੈਂ ਇਸ ਸਿੱਟੇ ’ਤੇ ਪੁੱਜ ਗਿਆ ਸਾਂ ਕਿ ਗੁਰੂਆਂ ਦਾ ‘ਨਾ ਕੋ ਵੈਰੀ ਨਾਹਿ ਵਿਗਾਨਾ’ ਦਾ ਅਸੂਲ ਸਿਰਫ ਸ਼ਰੇਣੀ ਰਹਿਤ ਸਮਾਜ ਵਿਚ ਹੀ ਲਾਗੂ ਹੋ ਸਕਦਾ ਹੈ। ਇਹ ਸਮਝ ਅਵੱਸ਼ ਮਾਰਕਸਵਾਦੀ ਸੋਚ ਦੀ ਦੇਣ ਹੈ। ਮਾਰਕਸਦਵਾਦ ਨੇ ਹੀ ਇਹ ਸਿਖਾਇਆ ਸੀ ਕਿ ਕੋਈ ਖਿਆਲ ਆਖਰੀ ਨਹੀਂ ਹੁੰਦਾ ਹੈ, ਕਿਉਂਕਿ ਕੁਦਰਤ ਦਾ ਸਦੀਵੀ ਨੇਮ ਵਿਕਾਸ ਹੈ ਖੜੋਤ ਨਹੀਂ। ਇਸੇ ਲਈ ਮਾਰਕਸ ਨੇ ਆਪਣੇ ਖਿਆਲਾਂ ਨੂੰ ਡੌਗਮੇ (ਕੱਟੜ ਸਿਧਾਂਤ) ਦੇ ਤੌਰ ਤੇ ਅਪਨਾਉਣ ਦੇ ਖਿਲਾਫ ਸਖਤ ਵਾਰਨਿੰਗ ਦਿੱਤੀ ਸੀ। ਮੈਂ ਹਰ ਖਿਆਲ ਨੂੰ ਵਿਗਿਆਨਕ ਦਲੀਲ ਦੀ ਕਸਵਟੀ ’ਤੇ ਪਰਖਣ ਦਾ ਆਦੀ ਰਿਹਾ ਹਾਂ ’ਤੇ ਹੁਣ ਵੀ ਹਾਂ। ਮੈਂ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਨ ਲਈ ਮਨ ਦੇ ਦਰਵਾਜ਼ੇ ਸਦਾ ਖੁੱਲ੍ਹੇ ਰੱਖੇ ਹਨ। ਮੈਨੂੰ ਵੱਖੋ ਵਖਰੇ ਧਰਮਾਂ ਦੇ ਗ੍ਰੰਥਾਂ ਨੂੰ ਤੇ ਸਿਆਸੀ ਤੇ ਸਮਾਜਕ ਰੁਝਾਨਾਂ ਨੂੰ ਪੜ੍ਹਨ ਤੇ ਸਮਝਣ ਦਾ ਸ਼ੌਕ ਸਦਾ ਰਿਹਾ ਹੈ॥ਅ) ਮਹਾਤਾਮਾ ਬੁੱਧ ਨੇ ਠੀਕ ਹੀ ਕਿਹਾ ਸੀ ਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਸਚਾਈ ਪ੍ਰੀਵਰਤਨ ਹੈ। ਮਾਰਕਸ ਦੇ ਸਮੁੱਚੇ ਵਿਚਾਰ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਵਾਸਤਵ ਵਿਚ ਕੁਦਰਤ ਦੀ ਕਾਰ ਵੀ ਪ੍ਰੀਵਰਤਨ ਦੇ ਸਿਧਾਂਤ ਅਨੁਸਾਰ ਹੀ ਚਲਦੀ ਹੈ, ਖੜੋਤ ਨਾਲ ਨਹੀਂ। ਮੈਂ ਬੁੱਧ ਤੇ ਮਾਰਕਸ ਦੇ ਇਸ ਖਿਆਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ੲ) ਗੋਇਟੇ ਨੇ ਠੀਕ ਹੀ ਕਿਹਾ ਹੈ। ਕਲਾ ਤਾਂ ਹੁੰਦੀ ਹੀ ਪੀੜ ਵਿਚੋਂ ਪੈਦਾ ਹੈ। ਹਰ ਚੰਗੀ ਰਚਨਾ ਕਰਨ ਲਈ ਰਚਨਾਕਾਰ ਨੂੰ ਇਸ ਪੀੜ ਵਿਚੋਂ ਮੁੜ ਗੁਜ਼ਰਨਾ ਪੈਂਦਾ ਹੈ। ਪਰ ਮਹਾਪੁਰਸ਼ ਸਦਾ ‘ਚੜ੍ਹਦੀ ਕਲਾ ਵਿਚ ਰਹਿਣ’ ਦਾ ਸੰਦੇਸ਼ ਦਿੰਦੇ ਰਹੇ ਹਨ॥ ਮੇਰਾ ਯਕੀਨ ਹੈ ਕਿ ਜੀਵਨ ਨੇ ਚੰਗੇਰੇ ਤੋਂ ਹੋਰ ਚੰਗੇਰਾ ਬਣਨ ਵਲ ਵਧਣਾ ਹੀ ਹੈ। ਇਸ ਲਈ ਰਚਨਾਕਾਰ ਦਾ ਕੰਮ ਆਸ਼ਾ ਦੇ ਦੀਪ ਨੂੰ ਜਗਾਈ ਰਖਣਾ ਵੀ ਹੈ॥ਸ) ਸ੍ਰਸਵਤੀ ਇਕ ਨਦੀ ਦਾ ਨਾਉਂ ਸੀ। ਰਿਗ ਵੇਦ ਵਿਚ ਇਸ ਨਦੀ ਦਾ ਜ਼ਿਕਰ ਮਿਲਦਾ ਹੈ। ਪਿੱਛੋਂ ਜਾ ਕੇ ਭਾਰਤੀ ਮਿਥਿਹਾਸ ਵਿਚ ਸ੍ਰਸਵਤੀ ਨੂੰ ਵਿੱਦਿਆ ਤੇ ਕਲਾਵਾਂ ਦੀ ਦੇਵੀ ਮੰਨ ਲਿਆ ਗਿਆ। ਕਿਹਾ ਜਾਣ ਲਗ ਪਿਆ ਕਿ ਵਿਦਵਾਨਾਂ ਤੇ ਕਲਾਕਾਰਾਂ ਨੂੰ ਸ੍ਰਸਵਤੀ ਦੇਵੀ ਦਾ ਵਰਦਾਨ ਹੁੰਦਾ ਹੈ। ਟੈਗੋਰ ਅਧਿਆਤਮਵਾਦੀ ਸੀ ਪਰ ਜਿਸ ਗੱਲ ਨੂੰ ਉਹ ਸ੍ਰਸਵਤੀ ਦਾ ਵਰਦਾਨ ਕਹਿੰਦਾ ਹੈ, ਉਹ ਤਾਂ ਕਿਸੇ ਬੰਦੇ ਦਾ ਸੰਵੇਦਨਸ਼ੀਲ ਹੋਣਾ ਤੇ ਇਸ ਕਾਰਨ ਹੀ ਉਹਦੇ ਉੱਤੇ ਉਹ ਛਿਣ ਆਉਣ ਦੀ ਅਵਸਥਾ ਹੁੰਦੀ ਹੈ ਜਿਨ੍ਹਾਂ ਨੂੰ ਅਸੀਂ ਆਪਣੇ ਸ਼ਬਦਾਂ ਵਿਚ ‘ਰਚਨਾਤਮਕ ਛਿਣ’ ਕਹਿ ਸਕਦੇ ਹਾਂ। ਇਹ ਰਚਨਾਤਮਕ ਛਿਣ ਹੀ ਰਚਨਾਕਾਰ ਨੂੰ ਰਚਨਾ ਕਰਨ ਲਈ ਮਜਬੂਰ ਕਰਦੇ ਹਨ। ਇਨ੍ਹਾਂ ਛਿਣਾਂ ਦੇ ਆਉਣ ਤੋਂ ਬਿਨਾਂ ਕੋਈ ਸਾਰਥਕ ਰਚਨਾ ਨਹੀਂ ਕੀਤੀ ਜਾ ਸਕਦੀ। ਮੇਰਾ ਵੀ ਇਹੀ ਤਜਰਬਾ ਹੈ ਕਿ ਇਨ੍ਹਾਂ ਛਿਣਾਂ ਦੇ ਆਉਣ ’ਤੇ ਹੀ ਚੰਗੀ ਰਚਨਾ ਖਾਸ ਤੌਰ ਤੇ ਚੰਗੀ ਕਵਿਤਾ ਲਿਖੀ ਜਾ ਸਕਦੀ॥

? ਮਨੁੱਖੀ ਮਨ ਦੀ ਆਦਿ ਜੁਗਾਦੀ ਪਿਆਸ ਹੈ ‘ਪਿਆਰ, ਪਿਆਰਨਾ, ਪਿਆਰੇ ਜਾਣਾਂ ਜਾਂ ਕਿਸੇ ਮਨ ਦੀ ਥਾਹ ਪਾ ਲੈਣਾ। ਇਸ ਗੱਲ ਨੂੰ ਆਪਣੇ ਤੇ ਲਾਗੂ ਕਰ ਕੇ ਕੁਝ ਕਹੋ!

– ਇਹ ਸੱਚ ਹੈ ਕਿ ਮਨੁੱਖੀ ਮਨ ਦੀ ਆਦਿ ਜੁਗਾਦੀ ਪਿਆਸ ‘ਪਿਆਰ’ ਹੈ। ਮਨੁੱਖ ਹੀ

ਨਹੀਂ ਹਰ ਜੀਵ ਜੰਤੂ ਪਸ਼ੂ ਪੰਛੀ ਵੀ ਪਿਆਰ ਕਰਨਾ ਤੇ ਪਿਆਰਿਆ ਜਾਣਾ ਚਾਹੁੰਦਾ ਹੈ। ਇਹ ਤਾਂ ਕੁਦਰਤ ਦੇ ਕਿਸੇ ਵਡੇਰੇ ਵਿਧਾਨ ਦੀ ਦੇਣ ਹੈ। ਮੈਂ ਭਲਾ ਇਸ ਕੁਦਰਤ ਦੇ ਵਿਧਾਨ ਤੋਂ ਕਿਵੇਂ ਵੱਖ ਰਹਿ ਸਕਦਾ ਸਾਂ ਪਰ ਪਿਆਰ ਕਰਨ ਤੇ ਪਿਆਰ ਪ੍ਰਾਪਤ ਕਰਨ ਵਿਚ ਤਾਂ ਸਦਾ ਪਾੜਾ ਰਿਹਾ ਹੈ। ਮੇਰੇ ਲਈ ਇਹ ਪਾੜਾ ਕੁਝ ਵਧੇਰੇ ਅਲੰਘ ਰਿਹਾ ਹੈ। ਇਹ ਤਮੰਨਾ ਸਦਾ ਰਹੀ ਹੈ ਕਿ ਕੋਈ ਮੈਨੂੰ ਸਮਝੇ, ਸਤਿਕਾਰੇ ਤੇ ਦਿਲੋਂ ਪਿਆਰ ਕਰੇ। ਬੰਦੇ ਦੇ ਬਸ ਤਾਂ ਤਮੰਨਾ ਕਰਨੀ ਹੋ ਸਕਦੀ ਹੈ, ਇਸ ਦਾ ਪੂਰਿਆਂ ਹੋਣਾ ਤਾਂ ਬੰਦੇ ਦੇ ਬਸ ਵਿਚ ਨਹੀਂ ਹੁੰਦਾ॥

? ਲੇਖਕ ਲਈ ਸਾਹਿਤ ਰਚਨਾ ਜਾਂ ਸਿਰਜਣਾ ਸਮਾਜਿਕ ਜਿੰਮੇਦਾਰੀ ਹੋਣੀ ਚਾਹੀਦੀ ਹੈ ਕਿ ਸ਼ੌਕੀਆ। ਵਿਹਾਰ ਅਤੇ ਲਿਖਤ ਦੀ ਆਪਸ ਵਿੱਚ ਕੀ ਸਾਂਝ ਹੈ? ਸੰਜੀਦਾ ਲੇਖਕ ਲਈ ਰੂਹ ਦਾ ਰੱਜ ਕਿਹੜੀ ਸ਼ੈਅ ਬਣਦੀ ਹੈ? ਤੇ ਤੁਸੀਂ ਰੂਹ ਕਿਸ ਚੀਜ਼ ਨਾਲ ਰਜਾਈ?

-ਸਾਹਿਤ ਰਚਨਾ ਜਾਂ ਸਿਰਜਣਾ ਨਾ ਸ਼ੌਕੀਆ ਹੁੰਦੀ ਹੈ ਨਾ ਸਮਾਜਕ ਜ਼ਿੰਮੇਦਾਰੀ। ਇਹ ਤਾਂ ਤਾਂਹੀ ਹੁੰਦੀ ਹੇ ਜੇ ਅੰਦਰ ਕੋਈ ਸੇਕ ਹੋਵੇ, ਕੋਈ ਤੜਪ ਹੋਵੇ ਤੇ ਕੋਈ ਲਗਨ ਹੋਵੇ। ਸਾਹਿਤਕਾਰ ਵੀ ਤਾਂ ਸਮਾਜ ਵਿਚ ਰਹਿੰਦਾ ਹੈ, ਉਹਦੇ ਅੰਦਰ ਦੀ ਤੜਪ ਸੇਕ ਤੇ ਲਗਨ ਵੀ ਤਾਂ ਸਮਾਜ ਦੀ ਦੇਣ ਹੁੰਦੇ ਹਨ॥ ਜੇ ਉਹ ਆਪਣੇ ਅੰਦਰ ਦੀ ਤੜਪ, ਸੇਕ ਤੇ ਲਗਨ ਦਾ ਪ੍ਰਗਟਾ ਕਰੇਗਾ ਤਾਂ ਉਹ ਉਸ ਸਮਾਜ ਦਾ ਵੀ ਤਾਂ ਪ੍ਰਗਟਾ ਅਵੱਸ਼ ਹੋ ਜਾਵੇਗਾ, ਜਿਸ ਸਮਾਜ ਦੀ ਇਹ ਸਭ ਕੁਝ ਦੇਣ ਹੁੰਦੀ ਹੈ। ਹਰ ਦਰਦ ਤੇ ਹਰ ਅਹੁਰ ਦੇ ਕਾਰਣ ਸਮਾਜ ਵਿਚ ਹੀ ਲੁਕੇ ਪਏ ਹੁੰਦੇ ਹਨ। ਜਦੋਂ ਤੁਸੀਂ ਨਿੱਜ ਦੇ ਦੁੱਖ ਦਰਦ ਦੀ ਗੱਲ ਕਰੋਗੇ ਤਾਂ ਉਹ ਉਸ ਸਮਾਜ ਦੀ ਗੱਲ ਵੀ ਤਾਂ ਹੋਵੇਗੀ ਹੀ ਜਿਸ ਵਿਚ ਤੁਸੀਂ ਰਹਿ ਰਹੇ ਹੋਵੋਗੇ। ਵਿਹਾਰ ਕਿਸੇ ਲਿਖਤ ਦਾ ਫਲ਼ ਤਾਂ ਹੋ ਸਕਦਾ ਹੈ ਅਰੰਭ ਨਹੀਂ। ਹਾਂ ਕਿਸੇ ਲਿਖਤ ਨਾਲ ਜੇ ਕਿਸੇ ਲੇਖਕ ਨੂੰ ਮਾਇਕ ਲਾਭ ਪ੍ਰਾਪਤ ਹੁੰਦਾ ਹਾਂ ਤਾਂ ਉਹਨੂੰ ਵਧੇਰੇ ਚੰਗਾ ਲਿਖਣ ਲਈ ਉਤਸ਼ਾਹ ਤਾਂ ਮਿਲੇਗਾ ਹੀ॥ ਪਰ ਕੇਵਲ ਮਾਇਕ ਲਾਭ ਦੀ ਪ੍ਰਾਪਤੀ ਲਈ ਲਿਖਣਾ ਲਿਖਤ ਲਈ ਸ਼ੁਭ ਨਹੀਂ ਹੋ ਸਕਦਾ॥ ਸੰਜੀਦਾ ਲੇਖਕ ਲਈ ਰੂਹ ਦਾ ਰੱਜ ਉਹੀ ਸ਼ੈਅ ਜਾਂ ਸਿਰਜਣਾ ਬਣਦੀ ਹੈ, ਜਿਸ ਦੇ ਹੋਂਦ ਵਿਚ ਆਉਣ ਨਾਲ ਉਹਦੇ ਮਨ ਨੂੰ ਇਹ ਤਸੱਲੀ ਮਿਲੇ ਕਿ ਉਸ ਸ਼ੈਅ ਦੀ ਹੋਂਦ ਨਾਲ ਉਹਦਾ ਆਲਾ ਦੁਆਲਾ ਸੁਹਣਾ ਸੁਹਣਾ ਲਗਣ ਲੱਗ ਪਿਆ ਹੈ। ਮੈਂ ਆਪਣੀ ਰੂਹ ਇੰਝ ਹੀ ਰਿਝਾਂਦਾ ਰਿਹਾ ਹੈ ਕਿ ਮੈਂ ਸਾਰੀ ਉਮਰ ਲਗਦੀ ਵਾਹ ਕਦੀ ਕਿਸੇ ਦਾ ਦਿੱਲ ਨਹੀਂ ਦੁਖਾਇਆ ਤੇ ਸਦਾ ਉਸ ਸੱਚ ਨੂੰ ਫੈਲਾਉਣ ਦਾ ਯਤਨ ਕਰਦਾ ਰਿਹਾ ਹਾਂ ਜਿਹੜਾ ਮੇਰੀ ਸਮਝ ਅਨੁਸਾਰ 'ਸਰਬਤ ਦੇ ਭਲੇ' ਦੀ ਬੁਨਿਆਦ ਬਣਦਾ ਹੈ॥

1. ਉਮਰ ਦੇ ਏਸ ਮੋੜ ਤੇ ਖਲੋ, ਇਤਿਹਾਸ, ਮਿਥਿਹਾਸ, ਦੰਦ ਕਥਾਵਾਂ ਤੇ ਅਨੁਭਵੀ ਵਰਤਮਾਨ ਨੂੰ ਸਾਹਵੇਂ ਰੱਖ ਕੇ ਦੱਸੋ ਕਿ ਮਨੁੱਖੀ ਜ਼ਿੰਦਗੀ ਦਾ ਕਿਹੜਾ ਪਹਿਰ ਅੰਦਰਲੇ ਇਨਸਾਨ ਨਾਲ ਖਹਿ ਕੇ ਗੁਜ਼ਰਦਾ ਹੈ।

-ਜ਼ਿੰਦਗੀ ਦੇ ਹਰ ਮੋੜ 'ਤੇ ਮਨੁੱਖ ਦੇ ਅੰਦਰ ਨਾਲ ਬਾਹਰ ਦਾ ਟੱਕਰਾਉ ਰਹਿੰਦਾ ਹੈ। ਮਨੁੱਖ ਜੋ ਸੋਚਦਾ ਤੇ ਚਾਹੁੰਦਾ ਹੈ ਉਹ ਹੁੰਦਾ ਨਹੀਂ ਜਾਂ ਹੋ ਸਕਦਾ ਨਹੀਂ, ਜੋ ਉਹ ਸੋਚਦਾ ਨਹੀਂ ਜਾਂ ਚਾਹੁੰਦਾ ਨਹੀਂ, ਉਹ ਹੋ ਜਾਂਦਾ ਹੈ। ਸਾਰੀ ਉਮਰ ਮਨੁੱਖ ਬਾਹਰ ਜੋ ਹੁੰਦਾ ਹੈ ਉਸ ਨਾਲ ਹੀ ਸਮਝੌਤਾ ਕਰ ਕੇ ਸਮਾਂ ਲੰਘਾਉਂਦਾ ਰਹਿੰਦਾ ਹੈ। ਜਿਸ ਮਨੁੱਖ ਅੰਦਰ ਜਿੰਨਾ ਵਧੇਰੇ ਗਿਆਨ ਹੁੰਦਾ ਹੈ, ਉੱਨਾ ਹੀ ਉਹ ਵੱਧੇਰੇ ਸੰਵੇਦਨਸ਼ੀਲ ਹੁੰਦਾ ਹੈ ਤੇ ਉਹਨੂੰ ਅੰਦਰ ਤੇ ਬਾਹਰ ਦਾ ਟਕਰਾਅ ਵਧੇਰੇ ਰੜਕਦਾ ਹੈ। ਕਵਿਤਾ ਤਾਂ ਪੈਦਾ ਹੀ ਇਸ ਟਕਰਾਅ ਵਿਚੋਂ ਹੁੰਦੀ ਹੈ। ਹੁਣ ਦੀ ਗੱਲ ਨਹੀਂ ਮੈਂ ਤਾਂ ਸਦਾ ਇਸ ਟਕਰਾਅ ਵਿਚੋਂ ਲੰਘਦਾ ਰਿਹਾ ਹਾਂ॥

2. ਬੰਦੇ ਦੀ ਜ਼ਿੰਦਗੀ ਦਾ ਸੱਚ ਕੀ ਹੈ ਅਤੇ ਕਿਹੜੇ ਹਾਲਾਤ ਵਿਚ ਇਹ ਸੱਚ ਬਦਲ



ਜਾਂਦਾ ਹੈ ਤੇ ਬਦਲਦਾ ਹੈ। ਅੱਜ ਤੋਂ 30 ਸਾਲ ਪਹਿਲਾਂ ਤੁਹਾਡੀ ਜਿੰਦਗੀ ਦਾ ਸੱਚ ਕੀ ਸੀ? ਤੇ ਅੱਜ ਕੀ ਹੈ? ਕੀ ਇਸ ਸੱਚ ਦੇ ਬਦਲਣ ਦਾ ਖਦਸ਼ਾ ਵੀ ਹੈ?

-ਬੰਦੇ ਦੀ ਜ਼ਿੰਦਗੀ ਦਾ ਕੁਦਰਤ ਵੱਲੋਂ ਨਿਰਧਾਰਤ ਸੱਚ ਤਾਂ ਕੇਵਲ ਜੀਣਾ ਹੀ ਹੈ,- ਕੁਦਰਤ ਦੇ ਵਿਧਾਨ ਅਨੁਸਾਰ ਜੰਮਣਾ, ਚੰਗਾ ਜੀਵਨ ਜੀਣਾ, ਬੱਚੇ ਪੈਦਾ ਕਰ ਕੇ ਕੁਦਰਤ ਦਾ ਕਰਜ਼ਾ ਲਾਹੁਣਾ, ਉਨ੍ਹਾਂ ਨੂੰ ਪਾਲਣਾ ਤੇ ਫੇਰ ਮਰ ਜਾਣਾ। ਪਰ ਬੰਦੇ ਦੀ ਕਲਪਨਾ ਸਦਾ ਚੰਗੇਰੇ ਤੇ ਸੁਹਣੇਰੇ ਜੀਵਨ ਦੇ ਸੁਪਨੇ ਸਾਜ਼ਦੀ ਰਹਿੰਦੀ ਹੈ। ਇਸ ਕਲਪਨਾ ਅਨੁਸਾਰ ਬੰਦਾ ਹਮੇਸ਼ਾ ਇਹੀ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਦਾ ਜੀਵਨ ਉਹ ਜੀਅ ਰਿਹਾ ਹੈ ਉਹਦੇ ਨਾਲੋਂ ਚੰਗੇਰਾ ਜੀਵਨ ਹੋਵੇ ਤੇ ਉਹਦੇ ਬੱਚੇ ਉਹਦੇ ਨਾਲੋਂ ਚੰਗੇਰਾ ਜੀਵਨ ਜੀਣ। ੩੦ ਸਾਲ ਪਹਿਲਾਂ ਵੀ ਮੇਰੇ ਜੀਵਨ ਦਾ ਸੱਚ, ਜੀਵਨ ਚੰਗੇਰਾ ਤੇ ਸੁਹਣੇਰਾ ਬਣਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਾ ਸੀ ਤੇ ਹੁਣ ਵੀ ਇਹੀ ਹੈ। ਇਸ ਸੱਚ ਦੇ ਬਦਲਣ ਦਾ ਖਦਸ਼ਾ ਹੀ ਨਹੀਂ ਹੈ ਬਲਕਿ ਸੱਚ ਇਹ ਹੈ ਕਿ ਇਸ ਸੱਚ ਦੇ ਮਾਪਦੰਡ ਸਦਾ ਬਦਲਦੇ ਰਹਿੰਦੇ ਹਨ। ਮਨੁੱਖ ਦਾ ਸੁਪਨਾ ਹੁੰਦਾ ਹੈ ਕਿ ਇਹੋ ਜਿਹਾ ਜੀਵਨ ਹੋਣਾ ਚਾਹੀਦਾ ਹੈ। ਜਦ ਉਹੋ ਜਿਹਾ ਜੀਵਨ ਬਣ ਜਾਂਦਾ ਹੈ ਤਾਂ ਮਨੁੱਖ ਉਸ ਨਾਲੋਂ ਵੀ ਸੁਹਣੇਰੇ ਤੇ ਚੰਗੇਰੇ ਜੀਵਨ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਪ੍ਰੀਵਰਤਨ ਹੀ ਤਾਂ ਕੁਦਰਤ ਦਾ ਨੇਮ ਹੈ ਤੇ ਪ੍ਰੀਵਰਤਨ ਦੀ ਪਹਿਲਾਂ ਕਲਪਨਾ ਹੀ ਕੀਤੀ ਜਾਂਦੀ ਹੈ॥

3. ਕਿਹੜੇ ਹਾਲਾਤਾਂ 'ਚ ਬੰਦਾ ਆਪਣੇ ਆਪ ਤੋਂ ਹਲਕਾ ਪੈ ਜਾਂਦਾ ਹੈ।

– ਜਦ ਬੰਦਾ ਉਹ ਕੁਝ ਕਰਨ ਲਈ ਮਜਬੂਰ ਹੋ ਜਾਂਦਾ ਹੈ ਜੋ ਕੁਝ ਕਰਨ ਲਈ ਉਹਦਾ ਮਨ ਨਾ ਮੰਨਦਾ ਹੋਵੇ ਤਾਂ ਉਹ ਆਪਣੇ ਅੰਤਸ਼ਕਰਣ ਸਾਹਮਣੇ ਹਲਕਾ ਮਹਿਸੂਸ ਕਰਨ ਲੱਗ ਪੈਂਦਾ ਹੈ॥

4. ਕੀ ਕੋਈ ਭਿਆਨਿਕ ਸੁਪਨਾ ਵੀ ਯਾਦ ਹੈ।

– ਸਾਡੇ ਅਚੇਤ ਮਨ ਵਿਚ ਅਨੇਕਾਂ ਅਧੂਰੀਆਂ ਰਹਿ ਗਈਆਂ ਖਾਹਸ਼ਾ, ਖਦਸ਼ਿਆਂ ਤੇ ਭਿਆਨਕ ਡਰਾਂ ਦੇ ਪਰਛਾਵੇਂ ਟਿਕੇ ਰਹਿ ਜਾਂਦੇ ਹਨ ਜਿਹੜੇ ਗਹਿਰੀ ਨੀਂਦ ਦੀ ਅਵਸਥਾ ਵਿਚ ਜਾਗ ਉਠਦੇ ਹਨ। ਇਨ੍ਹਾਂ ਨੂੰ ਅਸੀਂ ਸੁਪਨੇ ਕਹਿ ਦਿੰਦੇ ਹਾ। ਮੈਨੂੰ ਵੀ ਕਈ ਵੇਰ ਅਜਿਹੇ ਸੁਪਨਿਆਂ ਦਾ ਤਜਰਬਾ ਹੁੰਦਾ ਰਿਹਾ ਹੈ॥

? ਕਿਸੇ ਅਜਿਹੇ ਦੁਸ਼ਮਣ ਬਾਰੇ ਦੱਸੋ ਜਿਸ ਦੀ ਬਦੌਲਤ ਤੁਸੀਂ ਕਿਸੇ ਮੁਕਾਮ ਨੂੰ ਹਾਸਿਲ ਕੀਤਾ!

– ਮੈਂ ਕਦੀ ਵੀ ਕਿਸੇ ਨੂੰ ਆਪ ਤਾਂ ਆਪਣਾ ਦੁਸ਼ਮਣ ਬਣਾਇਆ ਨਹੀਂ। ਪਰ ਜੀਵਨ ਤਾਂ ਕੀ ਕੁਦਰਤ ਦੀ ਕਾਰ ਵੀ ਵਿਰੋਧਤਾਈਆਂ ਨਾਲ ਹੀ ਚਲਦੀ ਹੈ। ਚਲਦੇ ਜੀਵਨ ਦੇ ਰਾਹ ਵਿਚ ਅੜਿਕੇ ਤੇ ਟਕਰਾਅ ਤਾਂ ਆਉਂਦੇ ਹੀ ਰਹਿੰਦੇ ਹਨ ਤੇ ਇਹ ਟਕਰਾਅ ਹੀ ਜੀਵਨ ਦੀ ਗੱਡੀ ਨੂੰ ਚਲਦੀ ਰੱਖਣ ਲਈ ਵੰਗਾਰ ਬਣਦੇ ਹਨ। ਮੈਂ ਜੋ ਕੁਝ ਵੀ ਪ੍ਰਾਪਤ ਕੀਤਾ ਹੈ ਇਨ੍ਹਾਂ ਅੜਿਕਿਆਂ ਦੀ ਵੰਗਾਰ ਨੂੰ ਕਬੂਲ ਕੇ ਉਨ੍ਹਾਂ ਨਾਲ ਟੱਕਰ ਲੈ ਕੇ ਹੀ ਕੀਤਾ ਹੈ॥

? ਨਿਪੋਲੀਅਨ ਦੀ ਮਾਂ ਵਰਗੀਆਂ ਮਾਵਾਂ ਦੇ ਜੰਮਣ ਦੀ ਕਿੰਨੀ ਕੁ ਉਮੀਦ ਰੱਖਣੀ ਚਾਹੀਦੀ ਹੈ ਅੱਜ ਦੇ ਦੌਰ 'ਚ।

– ਨਿਪੋਲੀਅਨ ਦੀ ਮਾਂ ਹੀ ਨਹੀਂ , ਅਜਿਹੀਆਂ ਮਾਵਾਂ ਦੀਆਂ ਮਿਸਾਲਾਂ ਦੁਨੀਆ ਦੇ ਇਤਿਹਾਸ ਵਿਚ ਵੀ ਤੇ ਭਾਰਤ ਦੇ ਇਤਿਹਾਸ ਵਿਚ ਵੀ ਅਨੇਕ ਮਿਲ ਜਾਂਦੀਆਂ ਹਨ। ਅੱਜ ਵੀ ਅਜਿਹੀਆਂ ਮਾਵਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ॥ ਅੱਜ ਦੇ ਯੁਗ ਵਿਚ ਜੇ ਨਿਪੋਲੀਅਨ ਦੀ ਮਾਂ ਵਰਗੀਆਂ ਮਾਵਾਂ ਘੱਟ ਹੀ ਮਿਲਦੀਆਂ ਹਨ ਤਾਂ ਨਿਪੋਲੀਅਨ ਵਰਗੇ ਪੁੱਤ ਵੀ ਤਾਂ ਘੱਟ ਹੀ

ਪੈਦਾ ਹੁੰਦੇ ਹਨ॥

?ਮੈਂ ਕਿਧਰੇ ਪੜ੍ਹਿਆ ਸੀ ਕਿ ਮਨੁੱਖ ਦਾ ਮਰ ਮਰ ਕੇ ਵੀ ਕੁਝ ਬਾਕੀ ਰਹਿ ਜਾਂਦਾ ਹੈ! ਤੁਹਾਡਾ ਬਕਾਇਆ ਕੀ ਹੈ ਤੇ ਇਸ ਬਕਾਏ ਨੂੰ ਕਿਵੇਂ ਮੁਖਾਤਿਬ ਹੁੰਦੇ ਹੋ? ਕੰਜੂਸੀ ਨਾ ਕਰਿਓ! ਵਿਸਥਾਰ ਸਹਿਤ ਦੱਸੋ!

– ਮਨੁੱਖ ਦਾ ਮਰ ਕੇ ਕੀ ਰਹਿ ਜਾਂਦਾ ਹੈ? ਕੁਝ ਵੀ ਨਹੀਂ।ਸਰੀਰ ਦੇ ਸਾਰੇ ਅਣੂ ਅਣੂਆਂ ਵਿਚ ਸਮਾ ਜਾਂਦੇ ਹਨ। ਵਾਸਤਵ ਵਿਚ ਜੀਉਂਦਾ ਬੰਦਾ ਮੌਤ ਤੋਂ ਡਰਦਾ ਮਰਨ ਤੋਂ ਪਿੱਛੋਂ ਵੀ ਜੀਂਦੇ ਰਹਿਣ ਦੀ ਕਲਪਨਾ ਕਰਦਾ ਰਹਿੰਦਾ ਹੈ। ਇਸ ਕਲਪਨਾ ਵਿਚੋਂ ਅਗਲੇ ਪਿਛਲੇ ਜਨਮਾਂ ਦੇ ਖਿਆਲ ਪੈਦਾ ਹੁੰਦੇ ਹਨ? ਮਰ ਕੇ ਵਾਸਤਵ ਵਿਚ ਜੋ ਕੁਝ ਬਾਕੀ ਰਹਿ ਜਾਂਦਾ ਹੈ ਉਹ ਤਾਂ ਬੰਦੇ ਦੇ ਚੰਗੇ ਕੰਮ ਹੀ ਹੁੰਦੇ ਹਨ। ਮਹਾਨ ਪੁਰਸ਼ ਲੋਕਾਂ ਲਈ ਜੀਉਂਦੇ ਹਨ ਤੇ ਲੋੜ ਪੈਣ 'ਤੇ ਮਰ ਵੀ ਜਾਂਦੇ ਹਨ। ਜਿੰਨੇ ਕਿਸੇ ਮਹਾਨ ਪੁਰਸ਼ ਦੇ ਕੰਮ ਮਹਾਨ ਹੋਣਗੇ, ਉਨਾ ਹੀ ਵਧੇਰੇ ਲੰਮਾ ਸਮਾਂ ਉਹਦਾ ਨਾਉਂ ਰਹਿੰਦਾ ਹੈ। ਅਜਿਹੇ ਮਹਾਨ ਪੁਰਸ਼ਾਂ ਨੂੰ ਸ਼ਰਧਾਵਾਨ ਬੰਦੇ ਅਵਤਾਰ ਜਾਂ ਪੈਗੰਬਰ ਕਹਿ ਦਿੰਦੇ ਹਨ। ਪਰ ਉਨ੍ਹਾਂ ਲੋਕਾਂ ਦਾ ਨਾਉਂ ਵੀ ਸਦਾ ਜਿਉਂਦਾ ਰਹਿੰਦਾ ਹੈ ਜਿਹੜੇ ਕਿਸੇ ਨਾ ਕਿਸੇ ਖੇਤਰ ਅਥਵਾ ਸਾਇੰਸ, ਮੈਡੀਸਨ, ਦਰਸ਼ਨ ਜਾਂ ਰਾਜਨੀਤੀ ਆਦਿ ਵਿਚ ਵੱਡੀ ਗਿਣਤੀ ਲੋਕਾਂ ਲਈ ਮਹਾਨ ਕੰਮ ਕਰ ਜਾਂਦੇ ਹਨ। ਕਲਾ ਤੇ ਸਾਹਿਤ ਆਦਿ ਵਿਚ ਦਿਲਚਸਪੀ ਰੱਖਣ ਵਾਲੇ ਬੰਦਿਆਂ ਦੇ ਦਿਨ ਰਾਤ ਸਖਤ ਮਿਹਨਤ ਕਰਨ ਪਿੱਛੇ ਵੀ ਪ੍ਰਸਿਧੀ ਦੀ ਲਾਲਸਾ ਕੰਮ ਕਰਦੀ ਹੈ। ਮੇਰਾ ਬਕਾਇਆ ਤਾਂ ਉਹ ਕੰਮ ਹਨ ਜਿਹੜੇ ਮੈਂ ਕਰ ਨਹੀਂ ਸਕਿਆ। ਲਾਲਸਾ ਤਾਂ ਇੰਨੀ ਕੁ ਹੈ ਕਿ ਅਜਿਹਾ ਕੁਝ ਕਰ ਜਾਂਦਾ, ਜਿਸ ਨਾਲ ਮੇਰਾ ਨਾਉਂ ਵੀ ਬਹੁਤਾ ਚਿਰ ਨਾ ਸਹੀ ਥੋੜ੍ਹਾ ਚਿਰ ਹੀ ਰਹਿ ਜਾਂਦਾ। ਉਂਞ ਬੱਚੇ ਪੈਦਾ ਕਰਨੇ ਤੇ ਉਨ੍ਹਾਂ ਦੇ ਪਰਿਵਾਰ ਵਧਦੇ ਫੁਲਦੇ ਦੇਖਣ ਪਿੱਛੇ ਵੀ ਤਾਂ ਇਹ ਹੀ ਲਾਲਸਾ ਹੁੰਦੀ ਹੈ ਕਿ ਮੌਤ ਤੋਂ ਪਿੱਛੋਂ ਕੋਈ ਨਾਉਂ ਲੈਣ ਵਾਲਾ ਰਹਿ ਜਾਵੇ॥

? ਕਲਮੀ ਦੁਨੀਆ ਦੇ ਲੋਕਾਂ ਨੇ ਅੱਗ ਦੇ ਵੱਖ ਵੱਖ ਅਰਥ ਕੱਢੇ ਨੇ! ਤੁਸੀਂ ਇਸ ਸ਼ਾਬਦਿਕ ਜੋੜ ਨੂੰ ਕੀ ਅਰਥ ਦਿੱਤੇ? ਤੇ ਕਿਉਂ?

– ਅੱਗ ਨੂੰ ਸੰਸਕ੍ਰਿਤ ਵਿਚ ਤੇਜ ਵੀ ਕਿਹਾ ਜਾਂਦਾ ਤੇ ਅਗਨੀ ਵੀ। ਗਰਮੀ, ਤਪਸ਼ ਤੇ ਨਿਘ ਵੀ ਅੱਗ ਦੇ ਹੀ ਰੂਪ ਹਨ। ਰਿਗ ਵੇਦ ਵਿਚ ਅਗਨੀ ਨੂੰ ਦੇਵਤਾ ਮੰਨਿਆ ਗਿਆ ਹੈ। ਅਗਨੀ ਉੱਥੇ ਪੁਲਿੰਗ ਹੈ ਇਸਤ੍ਰੀ ਲਿੰਗ ਨਹੀਂ। ਅਗਨੀ ਯਗ ਹੋਮ ਵਿਚ ਵਰਤੀ ਜਾਂਦੀ ਸਮਗਰੀ ਨੂੰ ਹੋਰ ਦੇਵਤਿਆਂ ਤੱਕ ਲੈਜਾਣ ਦਾ ਕੰਮ ਕਰਦਾ ਹੈ॥ਕਲਮੀ ਦੁਨੀਆ ਹੀ ਨਹੀਂ ਆਮ ਲੋਕ ਵੀ ਅੱਗ ਸ਼ਬਦ ਨੂੰ ਅਨੇਕ ਅਰਥਾਂ ਵਿਚ ਵਰਤਦੇ ਹਨ; ਰੋਟੀ ਤੇ ਕਾਮ ਦੀ ਤੀਬਰਤਾ ਲਈ ਵੀ ਇਹ ਸ਼ਬਦ ਵਰਤ ਲੈਂਦੇ ਹਨ।ਉਦਾਰਹਣ ਦੇ ਤੌਰ ਤੇ ਦੇਖੋ:–ਉਹਨੂੰ ਮੇਰੀ ਗੱਲ ਸੁਣ ਅੱਗ ਲੱਗ ਗਈ॥ ਉਹਨੂੰ ਤਾਂ ਖਾਣ ਦੀ ਸਦਾ ਅੱਗ ਲੱਗੀ ਰਹਿੰਦੀ ਹੈ॥ਬਹੁਤੇ ਲੋਕ ਆਪਣੀ ਅੱਗ ਬੁਝਾਉਣ ਲਈ ਔਰਤ ਨੂੰ ਵਰਤਦੇ ਹਨ ਤੇ ਫੇਰ ਬਾਤ ਵੀ ਨਹੀਂ ਪੁੱਛਦੇ। ਇਨ੍ਹਾਂ ਵਾਕਾਂ ਵਿਚ ਅੱਗ ਨੂੰ ਅਨੇਕ ਅਰਥਾਂ ਵਿਚ ਵਰਤਿਆ ਗਿਆ ਹੈ॥

? ਲੂਣ ਤੇਲ ਲੱਕੜੀਆਂ 'ਚ ਸੁਚੇਤ ਲੋਕ ਵੀ ਖੱਪਤ ਹੁੰਦੇ ਰਹਿੰਦੇ ਨੇ। ਕੀ ਵਜ੍ਹਾ ਹੈ?

–ਲੂਣ ਤੇਲ ਲਕੜੀਆਂ ਤਾਂ ਜੀਵਨ ਦੀਆਂ ਅਵੱਸ਼ਕ ਲੋੜਾਂ ਹਨ ਪਰ ਜੇ ਕੋਈ ਇਨ੍ਹਾਂ ਲੋੜਾਂ ਨੂੰ ਹੀ ਜੀਵਨ ਦਾ ਮਕਸਦ ਬਣਾ ਲਵੇ ਤਾਂ ਉਹ ਇਨ੍ਹਾਂ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਜਿਸ ਬੰਦੇ ਨੂੰ ਇਨ੍ਹਾਂ ਵਸਤਾਂ ਨਾਲ ਅਤਿ ਦਾ ਮੋਹ ਪੈ ਜਾਵੇ ਤਾਂ ਇਹ ਮੋਹ ਉਸ ਦੀ ਆਦਤ ਬਣ ਕੇ ਰਹਿ ਜਾਂਦਾ ਹੈ। ਆਦਤ ਤੋਂ ਛੁਟਕਾਰਾ ਪਾਉਣਾ ਅਤਿ ਔਖਾ ਹੁੰਦਾ ਹੈ। ਤਾਂ ਹੀ ਤਾਂ ਵਾਰਸ ਸ਼ਾਹ ਨੇ ਕਿਹਾ ਸੀ–



ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ

?ਆਮ ਬੰਦੇ ਦੀ ਉਮਰ ਇੱਕ ਸਦੀ ਦੇ ਵਿੱਚ ਹੀ ਜੰਮਦੀ, ਜੁਆਨ ਹੁੰਦੀ ਤੇ ਮੌਤ ਦੇ ਮੂੰਹ ਜਾ ਪੈਂਦੀ ਹੈ, ਇਸ ਸੱਚ ਦੇ ਬਾਵਜੂਦ ਵੀ ਬੰਦਾ ਬੰਦੇ ਨਾਲ ਅਤਿ ਦਰਜੇ ਦੀ ਕਮੀਨਗੀ ਕਿਉਂ ਕਰ ਜਾਂਦਾ ਹੈ?

–ਇਹ ਸਭ ਕੁਝ ਅਸਾਵੇਂ ਸਮਾਜਿਕ ਤੇ ਆਰਥਕ ਮਾਹੌਲ ਦੇ ਕਾਰਨ ਹੁੰਦਾ ਹੈ। ਇਸ ਅਸਾਵੇਂ ਮਾਹੌਲ ਵਿਚ ਬੰਦਾ ਦੂਜਿਆਂ ਨਾਲ ਹੀ ਨਹੀਂ ਆਪਣਿਆਂ ਨਾਲ ਵੀ ਕਮੀਨਗੀ ਵਰਤਦਾ ਹੈ। ਜਦ ਚੰਗੇ ਭਲੇ ਧਰਮ ਦੀਆਂ ਗੱਲਾਂ ਕਰਨ ਵਾਲੇ ਆਪਣੀ ਹੀ ਅੰਸ਼ ਨੂੰ ਗਰਭ ਵਿਚ ਮਾਰ ਮੁਕਾ ਦਿੰਦੇ ਹਨ ਤਾਂ ਅਜਿਹੇ ਅਸੁਖਾਵੇਂ ਮਾਹੌਲ ਨੂੰ ਬਦਲਣ ਤੋਂ ਬਿਨਾ ਕਿਵੇਂ ਸਰੇਗਾ?

?ਏਸ਼ੀਅਨ ਸੁਸਾਇਟੀ ਪੱਤ ਅਧਾਰਤ(ਔਨਰਬੇਸਡ) ਸੁਸਾਇਟੀ ਹੈ। ਪੱਤ ਦਾ ਖਿਆਲ (ਕੌਨਸੈਪਟ) ਭਾਵੇਂ ਵਿਅਕਤੀਗਤ ਇੱਜਤ ਮਾਣ ਦੇ ਮਸਲੇ ਤੋਂ ਵਖਰਾ ਹੈ ਪਰ ਆਖਿਰਕਾਰ ਗੱਲ ਘਰ ਪਰਵਾਰ ਦੇ ਸ਼ਕਤੀਸ਼ਾਲੀ ਮੈਂਬਰ ਤੇ ਆ ਰੁਕਦੀ ਹੈ, ਜਿਸਦਾ ਹਰ ਫੈਸਲਾ ਪ੍ਰਵਾਨ ਚੜ੍ਹਨਾ ਹੁੰਦਾ ਹੈ ਤੇ ਇਸ ਵਰਤਾਰੇ ਦੀ ਬਹਾਲੀ ਹੀ ਸਮਝੀ ਜਾਂਦੀ ਪੱਤ ਦੀ ਭਾਵਨਾ ਜਾਂ ਭਰਮ ਨੂੰ ਬਰਕਰਾਰ ਰੱਖਦੀ ਹੈ। ਇਸ ਵਰਤਾਰੇ ਦੇ ਬਦਲਨ ਦੀ ਕਿੰਨੀ ਕੁ ਸੰਭਾਵਨਾ ਹੈ?

– ਇਸ ਵਰਤਾਰੇ ਦੀਆਂ ਜੜ੍ਹਾਂ ਸਾਮੰਤੀ ਸਮਾਜ ਜਾਂ ਕਿਸੇ ਹੱਦ ਤੱਕ ਕਬੀਲਾ ਸਮਾਜ ਦੀਆਂ ਕਦਰਾਂ ਕੀਮਤਾਂ ਵਿਚ ਲੁਕੀਆਂ ਹੋਈਆਂ ਹੁੰਦੀਆਂ ਹੈ। ਜਦ ਇੰਗਲੈਂਡ ਵਿਚ ਵੀ ਸਾਮੰਤੀ ਸਮਾਜ ਸੀ ਤਾਂ ਇੱਥੇ ਵੀ ਇਹੋ ਜਿਹੀਆਂ ਗੱਲਾਂ ਹੁੰਦੀਆਂ ਸਨ। ਜਦੋਂ ਤੱਕ ਇਨ੍ਹਾਂ ਸਾਮੰਤੀ ਤੇ ਕਬੀਲਦਾਰੀ ਸਮਾਜ ਦੀਆਂ ਕਦਰਾਂ ਕੀਮਤਾਂ ਦੀ ਰਹਿੰਦ ਖੂੰਹਦ ਨੂੰ ਜੜ੍ਹਾਂ ਤੋਂ ਉਖਾੜ ਕੇ ਸਦਾ ਲਈ ਦਫਨਾ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਇਹ ਕਦਰਾਂ ਕੀਮਤਾਂ ਸਿਰ ਚੁੱਕਦੀਆਂ ਰਹਿਣਗੀਆਂ। ਸਨਅਤੀ ਉਨਤੀ ਨਾਲ ਉਸਰੇ ਪੂੰਜੀਵਾਦੀ ਸਭਿਆਚਾਰ ਵਿਚ ਬਹੁਤ ਹੱਦ ਤੱਕ ਅਜਿਹੇ ਵਰਤਾਰਿਆਂ ਦੀ ਸੰਭਾਵਨਾ ਘੱਟ ਰਹਿ ਜਾਂਦੀ ਹੈ। ਪਰ ਅਜਿਹੇ ਪੱਤ ਅਧਾਰਤ ਸਦਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ। ਵਿਅਕਤੀ ਅਧਾਰਤ ਸਭਿਆਚਾਰ ਦੇ ਫੈਲਣ ਦਾ ਪ੍ਰਭਾਵ ਤਾਂ ਪੈਂਦਾ ਹੈ, ਪਰ ਇਹ ਵਰਤਾਰਾ ਮੁਕੰਮਲ ਤੌਰ ਤੇ ਖਤਮ ਕਰਨ ਲਈ ਇਸਤ੍ਰੀ ਦੀ ਆਦਮੀ ਦੇ ਨਾਲ ਮੁਕੰਮਲ ਬਰਾਬਰੀ ਹੋਣੀ ਬਹੁਤ ਜ਼ਰੂਰੀ ਹੈ। ਮੁਕੰਮਲ ਬਰਾਬਰੀ ਲਈ ਹਾਲੀਂ ਦਹਾਕਿਆਂ ਵੱਧੀ ਸਖਤ ਸੰਘਰਸ਼ ਕਰਨ ਦੀ ਲੋੜ ਹੈ। ਸਿਖਰ ਦੀ ਵਿਗਿਆਨਕ ਉਨਤੀ ਨਾਲ ਪ੍ਰਬੁੱਧਤਾ ਦਾ ਪੂਰੀ ਤਰ੍ਹਾਂ ਬੋਲਬਾਲਾ ਹੋਣ ਨਾਲ। ਸਾਰੇ ਬੋਦੇ ਹੋ ਚੁੱਕੇ ਖਿਆਲ ਵੀ ਬੇ ਅਸਰ ਹੋ ਜਾਣਗੇ। ਮੌਜੂਦਾ ਸਮੇਂ ਵਿਚ ਪਹਿਲਾਂ ਨਾਲੋਂ ਕਿਤੇ ਵਧੇਰੇ ਤੇਜ਼ੀ ਨਾਲ ਪ੍ਰਬੁੱਧਤਾ ਦਾ ਚਾਨਣ ਫੈਲ ਰਿਹਾ ਹੈ। ਇਸ ਚਾਨਣ ਦੀਆਂ ਤੇਜ਼ ਕਿਰਨਾਂ ਅੱਗੇ ਪੁਰਾਣੇ ਤੇ ਬੋਦੇ ਖਿਆਲ ਟਿਕ ਨਹੀਂ ਸਕਣਗੇ॥

?ਅ.–ਪੱਤ ਅਧਾਰਤ ਮਸਲੇ ਹਮੇਸ਼ਾ ਔਰਤ ਜਾਂ ਜਾਇਦਾਦ ਨਾਲ ਹੀ ਜੁੜਦੇ ਆਏ ਨੇ। ਕਬਜ਼ਾ ਤੇ ਕੰਟਰੋਲ ਦੀ ਮਨਸ਼ਾ ਨਾਲ ਤਸ਼ੱਦਦ ਵੀ ਇਨਾਂ ਦੋਵਾਂ ਪਹਿਲੂਆਂ ਦੇ ਮਾਲਕਾਂ ਦੁਆਰਾ ਹੀ ਹੁੰਦਾ ਹੈ, ਅਜਿਹਾ ਕਿਉਂ? ਖਾਸ ਕਰ ਕੇ ਜਦੋਂ ਘਰ ਦੀ ਗੱਲ ਘਰ 'ਚ ਰੱਖਣ ਵਰਗਾ ਨਿਆਇਕ ਸਦਾਚਾਰ ਵਰਤੋਂ ਵਿੱਚ ਆਉਂਦਾ ਤੇ ਏਸ ਸਦਾਚਾਰ ਦੇ ਮਸਲੇ ਨੂੰ ਅਨਸਦਾਚਾਰਕ ਢੰਗ ਤਰੀਕਿਆਂ ਦੁਆਰਾ ਸਿਰੇ ਚਾੜ੍ਹਿਆ ਜਾਂਦਾ। ਅਜਿਹੇ ਮਸਲਿਆਂ ਨੂੰ ਕੌਣ ਹੱਥ ਪਾਵੇਗਾ?

– ਸਾਮੰਤੀ ਸਮਾਜ ਵਿਚ ਇਸਤ੍ਰੀ ਨੂੰ ਵੀ ਨਿੱਜੀ ਜਾਇਦਾਦ ਸਮਝਿਆ ਜਾਂਦਾ ਹੈ। ਨਿੱਜੀ ਜਾਇਦਾਦ ਹੀ ਅਜਿਹੇ ਪ੍ਰਬੰਧ ਵਿਚ ਆਦਮੀ ਦਾ ਸਮਾਜ ਵਿਚ ਦਰਜਾ ਨਿਸਚਤ ਕਰਦੀ ਹੈ। ਆਦਮੀ ਦੇ ਵੱਡਾ ਜਾਂ ਛੋਟਾ, ਉੱਚਾ ਜਾਂ ਨੀਵਾਂ ਹੋਣ ਦਾ ਮਾਪਦੰਡ ਉਹਦੀ ਨਿੱਜੀ ਜਾਇਦਾਦ

ਹੀ ਹੁੰਦੀ ਹੈ। ਸਾਮੰਤ ਦੇ ਕੋਲ ਜਿੰਨੀ ਬਹੁਤ ਜ਼ਮੀਨ, ਜਿੰਨੀ ਬਹੁਤੀ ਦੌਲਤ, ਜਿੰਨੀਆਂ ਬਹੁਤੀਆਂ ਪਤਨੀਆਂ ਜਾਂ ਰਖੇਲਾਂ ਤੇ ਜਿੰਨੇ ਬਹੁਤੇ ਨੌਕਰ ਚਾਕਰ ਹੋਣ, ਉੱਨਾ ਹੀ ਉਹ ਵਧੇਰੇ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਪੁਰਾਣੇ ਸਮਿਆਂ 'ਚ ਕਿਹਾ ਜਾਂਦਾ ਸੀ ਕਿ ਜ਼ਰ, ਜੋਰੂ ਤੇ ਜ਼ਮੀਨ ਤਿੰਨੇ ਹੀ ਸਾਰੇ ਝਗੜਿਆਂ ਦੀ ਜੜ੍ਹ ਹਨ ਤੇ ਜੰਗਾਂ ਯੁੱਧਾਂ ਦਾ ਕਾਰਨ ਹਨ। ਰਾਮਾਇਣ ਤੇ ਮਹਾਂਭਾਰਤ ਦੀਆਂ ਕਹਾਣੀਆਂ ਪੜ੍ਹਨ ਨਾਲ ਵੀ ਇਹ ਹੀ ਪਤਾ ਲਗਦਾ ਹੈ॥ਸਦਾਚਾਰਕ ਮਾਪਦੰਡ ਵੀ ਸਦਾ ਪ੍ਰਚਲਤ ਆਰਥਕ ਤੇ ਸਮਾਜਕ ਪ੍ਰਬੰਧ ਅਨੁਸਾਰ ਹੀ ਹੁੰਦੇ ਹਨ ਤੇ ਉਸ ਪ੍ਰਬੰਧ ਦੇ ਕਰਤੇ ਧਰਤਿਆਂ ਦਾ ਹੀ ਪੱਖ ਪੂਰਦੇ ਹਨ। ਸਦਾਚਾਰ ਵੀ ਸਦਾ ਸ਼ਕਤੀਸ਼ਾਲੀ ਬੰਦਿਆਂ ਦੇ ਹੱਕ ਵਿਚ ਭੁਗਤਦਾ ਹੈ। ਜਦੋਂ ਉਨ੍ਹਾਂ ਦੇ ਨਿੱਜੀ ਹਿੱਤਾਂ ਨੂੰ ਖਤਰਾ ਦਿੱਸੇ ਤਾਂ ਉਹ ਅਸਦਾਚਾਰ (ਇਮਮੌਰਲੈਟੀ) ਨੂੰ ਵਰਤਣ ਵਿਚ ਵੀ ਝਿਝਕ ਨਹੀਂ ਦਿਖਾਉਂਦੇ। ਮੁੱਖ ਕੰਮ ਸ਼ਕਤੀਸ਼ਾਲੀ ਬੰਦਿਆਂ ਦੇ ਨਿੱਜੀ ਹਿੱਤਾਂ ਦੀ ਰੱਖਿਆ ਦਾ ਹੁੰਦਾ ਹੈ, ਸਦਾਚਾਰ ਤਾਂ ਉਨ੍ਹਾਂ ਲਈ ਨਿੱਜੀ ਲਾਭ ਦੀ ਰਾਖੀ ਲਈ ਇੱਕ ਹਥਿਆਰ ਮਾਤਰ ਹੁੰਦਾ ਹੈ। ਜਦ ਇਹ ਉਨ੍ਹਾਂ ਦੇ ਕੰਮ ਨਾ ਆਉਂਦਾ ਦਿੱਸੇ ਤਾਂ ਉਹ ਅਸਦਾਚਾਰ ਨੂੰ ਆਪਣਾ ਸਦਾਚਾਰ ਬਣਾ ਲੈਂਦੇ ਹਨ॥

? ਕੀ ਅਜਿਹਾ ਵੀ ਕਦੇ ਹੋਇਆ ਹੈ ਕਿ ਤੁਹਾਡਾ ਪੰਜਾਬ ਗਿਆਂ ਦਾ ਵਾਪਸ ਇੰਗਲੈਂਡ ਆਣ ਨੂੰ ਦਿਲ ਨਹੀਂ ਕੀਤਾ ਜਾਂ ਫਿਰ ਹਮੇਸ਼ਾ ਇੰਗਲੈਂਡ ਵਾਪਸ ਪਰਤਣ ਦੀ ਕਾਹਲ ਰਹੀ ?

-ਮੈਂ ਜਦ ਵੀ ਪੰਜਾਬ ਜਾਂਦਾ ਸਾਂ, ਬਚਪਨ ਦੇ ਦਿਨਾਂ ਦੇ ਪੰਜਾਬ ਦੇ ਸੁਪਨੇ ਅੱਖਾਂ ਵਿਚ ਸਮੋਈ ਜਾਂਦਾ ਸਾਂ, ਪਰ ਛੇਤੀ ਹੀ ਪਤਾ ਲੱਗ ਗਿਆ ਕਿ ਉੱਥੇ ਵੀ ਹੁਣ ਉਹ ਕੁਝ ਨਹੀਂ ਰਿਹਾ ਸੀ। ਫੇਰ ਵੀ ਚੋਖਾ ਸਮਾਂ ਉੱਥੇ ਹੀ ਟਿਕੇ ਰਹਿਣ ਦੀ ਲਾਲਸਾ ਜਾਂਦੀ ਨਹੀਂ ਸੀ। ਇਸੇ ਲਾਲਸਾ ਅਧੀਨ ਫਗਵਾੜੇ ਵਿਚ ਘਰ ਵੀ ਲਿਆ ਸੀ। ਜਦੋਂ ਦਾ ਰਿਟਾਇਰ ਹੋਇਆਂ ਹਾਂ। ਹਰ ਸਾਲ ਜਾਂਦਾ ਰਿਹਾ ਸਾਂ ਤੇ ਦੋ ਢਾਈ ਮਹੀਨੇ ਉੱਥੇ ਰਹਿ ਵੀ ਆਉਂਦਾ ਸਾਂ ਪਰ ਆਖਰ ਨੂੰ ਮੁੜ ਆਉਣ ਲਈ ਜੀਅ ਉਤਾਵਲਾ ਹੋ ਹੀ ਜਾਂਦਾ ਸੀ, ਕਿਉਂਕਿ ਆਪਣੇ ਪੁੱਤਰ, ਧੀਆਂ, ਪੋਤੇ, ਦੋਹਤੇ ਤਾਂ ਸਾਰੇ ਇੱਥੇ ਹਨ। ਉਨ੍ਹਾਂ ਤੋਂ ਵੀ ਤਾਂ ਬਹੁਤਾ ਸਮਾਂ ਦੂਰ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਹੁਣ ਤਾਂ ਸਿਹਤ ਹੀ ਅਜਿਹੀ ਹੋ ਗਈ ਹੈ ਕਿ ਇਕੱਲੇ ਲਈ ਜਾਣਾ ਅਸੰਭਵ ਬਣ ਗਿਆ ਹੈ। ਕੁਝ ਅਜਿਹੀ ਹਾਲਤ ਬਣ ਗਈ ਹੈ:-

ਨਾ ਖੁਦਾ ਹੀ ਮਿਲਾ ਨਾ ਵਿਸਾਲਿ ਸਨਮ
ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ

? ਬੇਬਸੀ ਤੇ ਤੇਰਾ ਭਾਣਾ ਮੀਠਾ ਲਾਗੇ ਦੇ ਮਹਾਂ ਵਾਕ ਨੂੰ ਤੁਸੀਂ ਨਿੱਜੀ ਜਿੰਦਗੀ ਦੇ ਸਾਹਵੇਂ ਰੱਖਕੇ ਦੱਸੋ ਕਿ ਆਮ ਬੰਦਾ ਇਨ੍ਹਾਂ ਦੋਹਾਂ ਪੱਖਾਂ ਨਾਲ ਕਿਵੇਂ ਨਿਭੱਦਾ ਹੈ।

-ਮਹਾਨ ਕੋਸ਼ ਅਨੁਸਾਰ ਪੰਜਾਬੀ ਸ਼ਬਦ ਭਾਣਾ ਦੇ ਅਰਥ ਭਾਉਣਾ, ਚੰਗਾ ਲਗਣਾ ਤੇ ਹੁਕਮ ਹਨ। । ਸੰਸਕ੍ਰਿਤ ਦੇ ਸ਼ਬਦ ਭਵ ਦਾ ਅਰਥ ਹੋਣਾ ਜਾਂ ਜੰਮਣਾ ਹੈ। ਭਵ ਤੋਂ ਹੀ ਸ਼ਬਦ ਭਾਵੀ ਅਰਥਾਤ ਹੋਣੀ ਬਣਿਆ ਹੈ। ਭਾਣਾ, ਹੋਣੀ, ਹੁਕਮ ਤੇ ਰਜ਼ਾ ਸਮਾਨਅਰਥੀ ਸ਼ਬਦ ਹਨ॥ਇਹ ਸ਼ਬਦ ਕਰਨਹਾਰ ਦੀ ਮਰਜ਼ੀ ਲਈ ਵਰਤੇ ਜਾਂਦੇ ਹਨ। ਕਰਨਹਾਰ ਕੋਈ ਨਹੀਂ ਹੁੰਦਾ ਸਵਾਇ ਕੁਦਰਤ ਦੇ ਅਟੱਲ ਤੇ ਸਦੀਵੀ ਨੇਮਾਂ ਦੇ। ਇਨ੍ਹਾਂ ਨੇਮਾਂ ਨੂੰ ਹੀ ਭਾਣਾ, ਹੋਣੀ, ਹੁਕਮ ਜਾਂ ਰਜ਼ਾ ਕਹਿ ਲਿਆ ਜਾਂਦਾ ਹੈ॥ਮੈਂ ਨਿੱਜੀ ਜੀਵਨ ਵਿਚ ਜਦ ਵੀ ਔਕੜਾਂ ਵਿਚੋਂ ਲੰਘਦਾ ਸਾਂ ਤਾਂ ਕੁਝ ਚਿਰ ਲਈ ਦੁਖੀ ਤਾਂ ਹੁੰਦਾ ਸਾਂ ਪਰ ਅੰਤ ਵਿਚ ਸਮਝ ਲੈਂਦਾ ਸਾਂ ਕਿ ਇਹ ਔਕੜਾਂ ਕੁਦਰਤ ਦੇ ਅਟੱਲ ਨੇਮਾਂ ਹੇਠ ਹੀ ਪੈਦਾ ਹੋਈਆਂ ਹਨ ਤੇ ਤੇ ਇਨ੍ਹਾਂ ਨੇਮਾਂ ਹੇਠ ਹੀ ਦੂਰ ਹੋ ਜਾਣਗੀਆਂ। ਹਰ ਹੋਣੀ ਦਾ ਕੋਈ ਕਾਰਨ ਅਵੱਸ਼ ਹੁੰਦਾ ਹੈ ਹਰ ਕਾਰਨ ਵਿਚੋਂ ਹੀ ਕਾਰਜ ਪੈਦਾ ਹੁੰਦਾ ਹੈ। ਇੰਜ ਹੀ ਕੁਦਰਤ ਦੀ ਕਾਰ ਚਲਦੀ



ਰਹਿੰਦੀ ਤੇ ਜੀਵਨ ਵਿਕਾਸ ਦੇ ਪੈਂਡੇ ਪਿਆ ਰਹਿੰਦਾ ਹੈ।ਜਿਸ ਬੰਦੇ ਨੂੰ ਕਾਰਜ ਤੇ ਕਾਰਨ ਦੀ ਏਕਤਾ ਦਾ ਪਤਾ ਹੁੰਦਾ ਹੈ, ਉਹ ਔਖਿਆਈਆਂ ਸਾਹਮਣੇ ਹੱਥਿਆਰ ਸੁੱਟ ਕੇ ਬੈਠਾ ਝੂਰਦਾ ਨਹੀਂ, ਸਗੋਂ ਨਵੇਂ ਦਿਸਹਦਿਆਂ ਦੀ ਤਾਲਾਸ਼ ਵਿਚ ਲੱਗਾ ਰਹਿੰਦਾ ਹੈ। 'ਤੇਰਾ ਭਾਣਾ ਮੀਠਾ ਲਾਗੇ' ਵਾਲੀ ਗੱਲ ਕੁਝ ਚਿਰ ਲਈ ਡੋਲਦੇ ਆਮ ਬੰਦੇ ਦੇ ਮਨ ਨੂੰ ਢਾਰਸ ਤਾਂ ਦੇ ਸਕਦੀ ਹੈ ਪਰ ਔਕੜਾਂ ਤੋਂ ਛੁਟਕਾਰਾ ਤਾਂ ਕੁਦਰਤ ਦੇ ਅਟੱਲ ਨੇਮਾਂ ਨੂੰ ਸਮਝ ਕੇ ਉਨ੍ਹਾਂ ਅਨੁਸਾਰ ਚੱਲਣ ਨਾਲ ਹੀ ਮਿਲ ਸਕਦਾ ਹੈ। ਡਾਕਟਰ ਇਕਬਾਲ ਨੇ ਕਿਹਾ ਸੀ:-ਅਮਲ ਸੇ ਜ਼ਿੰਦਗੀ ਬਨਤੀ ਹੈ ਜੰਨਤ ਵੀ ਔਰ ਜਹੱਨਮ ਵੀ ਯਹ ਖ਼ਾਕੀ ਅਪਨੀ ਫ਼ਿਤਰਤ ਮੇਂ ਨਾ ਨੂਰੀ ਹੈ ਨਾ ਨਾਰੀ ਹੈ।

? ਕਿਸੇ ਤਰ੍ਹਾਂ ਦੀ ਵੀ ਕੋਸ਼ਿਸ਼ ਨੂੰ ਕਾਰਜਸ਼ੀਲ ਰੂਪ ਦੇਣ ਲਈ ਘੱਟ ਤੋਂ ਘੱਟ ਮਿੱਟੀ ਪਾਣੀ ਤੇ ਰਗਾਂ 'ਚ ਚਲਦੇ ਖੂਨ ਦਾ ਹੋਣਾਂ ਤਾਂ ਜ਼ਰੂਰੀ ਹੈ। ਕਾਰਜ ਤੇ ਕਾਰਣ ਦੀ ਏਕਤਾ ਨੂੰ ਸਮਝਦੇ ਹੋਏ ਤੁਸੀਂ ਜ਼ਿੰਦਗੀ 'ਚ ਕਿਹੜੇ ਕਠਿਨ ਇਰਾਦਿਆਂ ਨੂੰ ਸਰ-ਅੰਜ਼ਾਮ ਦਿੱਤਾ ? ਅਜਿਹੇ ਲਹਿਜ਼ੇ 'ਚ ਦੱਸੋ ਜਿਸਤੋਂ ਝੁੱਗੀ ਝੌਂਪੜੀ ਜਾਂ ਬੇਘਰ ਮਰਦ ਔਰਤਾਂ ਵੀ ਸੇਧ ਲੈ ਸਕਣ ?

- ਇਹ ਸੱਚ ਹੈ ਕਿ ਹਰ ਤਰ੍ਹਾਂ ਦੇ ਖਿਆਲਾਂ ਨੂੰ ਅਮਲ ਦਾ ਜਾਮਾ ਪਹਿਨਾਉਣ ਲਈ ਨਿੱਤ ਦੀਆ ਬੁਨਿਆਦੀ ਲੋੜਾਂ ਦਾ ਪੂਰੀਆਂ ਹੋਣਾ ਤੇ ਸਰੀਰ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ। ਪਰ ਅਮਲ ਲਈ ਬੰਦੇ ਵਿਚ ਉਤਸ਼ਾਹ ਤੇ ਰੁੱਚੀ ਦਾ ਹੋਣਾ ਵੀ ਉੱਨਾ ਹੀ ਜ਼ਰੂਰੀ ਹੁੰਦਾ ਹੈ। ਕਈ ਬੰਦੇ ਖਿਆਲਾਂ ਵਿਚ ਤਾਂ ਮਹਾਨ ਹੁੰਦੇ ਹਨ ਪਰ ਅਮਲ ਵਿਚ ਸਾਧਾਰਨ ਤੇ ਸੁਸਤ ਹੁੰਦੇ ਹਨ। ਇਸਤੋਂ ਉਲਟ ਕਈ ਬੰਦੇ ਅਮਲ ਵਿਚ ਤਾਂ ਬਹੁਤ ਮਹਾਨ ਤੇ ਚੁਸਤ ਹੁੰਦੇ ਹਨ ਪਰ ਸੂਝ ਵਿਚ ਬਹੁਤ ਹੀ ਸਾਧਾਰਨ ਤੇ ਸੁਸਤ ਹੁੰਦੇ ਹਨ। ਮੈਂ ਵੀ ਤਾਂ ਹੱਡ ਮਾਸ ਦਾ ਬਣਿਆ ਹੋਇਆ ਸਧਾਰਨ ਬੰਦਾ ਹਾਂ। ਸੋਚ ਤੇ ਅਮਲ ਨੂੰ ਹਾਣੀ ਬਣਾ ਸਕਿਆ ਹੋਵਾਂ, ਇਹਦੇ ਬਾਰੇ ਕੁਝ ਵੀ ਕਹਿਣਾ ਛੋਟਾ ਮੂੰਹ ਬੜੀ ਬਾਤ ਵਾਲੀ ਗੱਲ ਹੋਵੇਗੀ। ਸ੍ਰਿਸ਼ਟੀ ਦੀ ਰਚਨਾ ਤੇ ਇਸ ਅੰਦਰ ਹੋ ਰਹੇ ਕਾਰਜਾਂ ਦੇ ਕਾਰਣਾਂ ਬਾਰੇ ਤੇ ਕਾਰਣਾਂ ਵਿਚੋਂ ਪੈਦਾ ਹੁੰਦੇ ਕਾਰਜਾਂ ਬਾਰੇ ਆਪਣੀ ਸਮਰੱਥਾ ਅਨੁਸਾਰ ਪ੍ਰਬੁੱਧਤਾ ਫੈਲਾਉਣ ਦਾ ਸਦਾ ਯਤਨ ਕਰਦਾ ਰਿਹਾ ਹਾਂ। ਅਨ੍ਹੇਰੇ ਵਿਚ ਸੂਰਜ ਲਿਆਉਣਾ ਤਾਂ ਮੇਰੇ ਬਸ ਦੀ ਗੱਲ ਨਹੀਂ ਸੀ ਪਰ ਨਿੱਕੇ ਨਿੱਕੇ ਦੀਪ ਇਸ ਆਸ ਨਾਲ ਜਗਾਉਣ ਦੇ ਯਤਨ ਕਰਦਾ ਰਿਹਾ ਹਾਂ ਕਿ ਦੀਪਾਂ ਤੋਂ ਦੀਪ ਜਗਦੇ ਜਾਣਗੇ ਤੇ ਇੰਝ ਇੱਕ ਦਿਨ ਕਾਲੀ ਬੋਲੀ ਰਾਤ ਦਾ ਸੀਨਾ ਪਾੜ ਕੇ ਪ੍ਰਬੁੱਧਤਾ ਦਾ ਸੁਨਹਿਰੀ ਸੂਰਜ ਚੜ੍ਹ ਆਵੇਗਾ॥ਝੁੱਗੀ ਝੌਂਪੜੀ ਵਾਲੇ ਜਾਂ ਬੇਘਰ ਤੇ ਅਤਿ ਦੀ ਗ਼ਰੀਬੀ ਵਿਚ ਦਿਨ ਕਟੀ ਕਰਨ ਲਈ ਮਜਬੂਰ ਬੰਦਿਆਂ ਲਈ ਤਾਂ ਰੋਟੀ ਦੀ ਪ੍ਰਾਪਤੀ ਹੀ ਅਤਿ ਕਠਨ ਸਮਸਿਆ ਹੁੰਦੀ ਹੈ। ਉਨ੍ਹਾਂ ਕੋਲ ਆਪਣੀ ਅਤਿ ਭੈੜੀ ਦਸ਼ਾ ਦੇ ਕਾਰਨਾਂ ਨੂੰ ਸਮਝਣ ਲਈ ਨਾ ਸਮਾਂ ਹੁੰਦਾ ਹੈ। ਸੂਝ।ਉਹ ਤਾਂ ਵਹਿਮਾਂ ਭਰਮਾਂ, ਜਾਦੂ ਟੂਣਿਆਂ ਤੇ ਚੇਲੇ ਚਾਟੜਿਆਂ ਦੇ ਤੰਦੂਏ ਦੀਆਂ ਤਾਰਾਂ ਵਿਚ ਉਲਝੇ ਹੀ ਜੰਮਦੇ, ਜੀਉਂਦੇ ਤੇ ਖਤਮ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਮਹਾਂ ਨਰਕ ਤੋਂ ਛੁਟਕਾਰਾ ਦੁਆਉਣ ਲਈ ਪਹਿਲਾਂ ਵਹਿਮਾਂ ਭਰਮਾਂ, ਨਰਕਾਂ ਸੁਰਗਾਂ ਦੇ ਮਹਾਜਾਲ ਨੂੰ ਲੀਰੋ ਲੀਰ ਕਰਨਾ ਤੇ ਪ੍ਰਬੁਧਤਾ ਦੇ ਚਾਨਣ ਨਾਲ ਉਨ੍ਹਾਂ ਦੇ ਸੋਚ ਨੂੰ ਪ੍ਰਜਵਲਤ ਕਰਨਾ ਅਵੱਸ਼ਕ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਜਿਹੇ ਮਹਾਜਾਲ ਨੂੰ ਕਾਇਮ ਰੱਖਣ ਵਾਲੇ ਪ੍ਰਬੰਧ ਨੂੰ ਜੜ੍ਹਾਂ ਤੋਂ ਪੁਟ ਕੇ ਉਸਦੀ ਥਾਂ ਉਨ੍ਹਾਂ ਲੋਕਾਂ ਦਾ ਹਿਤੂ ਪ੍ਰਬੰਧ ਉਸਾਰਿਆ ਜਾਵੇ॥

? ਕੀ ਤੁਹਾਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ 'ਚ ਆਮ ਲੋਕ ਵਹਿਮ ਤੇ ਤਰਕ ਦਾ ਫਾਸਲਾ ਸਮਝਣ ਲੱਗ ਜਾਣਗੇ ? ਕੀ ਕਦੇ ਵਹਿਮਾਂ ਭਰਮਾਂ ਤੋਂ ਰਹਿਤ ਸਮਾਜ ਜਾਂ ਸਭਿਅਤਾ ਇਸ ਧਰਤੀ ਤੇ ਜੀਵੀ ਹੋਵੇਗੀ ? ਤੁਹਾਡੇ ਮੁਤਾਬਿਕ ਕਿੰਨੇ ਕੁ ਲੇਖਕ ਜਾਂ ਸਾਹਿਤਕ ਮੱਸ ਰੱਖਣ ਵਾਲੇ ਲੋਕ ਵਹਿਮਾਂ ਭਰਮਾਂ ਤੋਂ ਮੁਕਤ ਹਨ ? ਤੁਹਾਡੇ ਆਪਣੇ ਪਰਿਵਾਰ ਦਾ ਕੀ ਨਜ਼ਰੀਆ ਹੈ ਇਸ ਵਿਸ਼ੇ

ਦੇ ਸੰਬੰਧ 'ਚ ?

– ਮੈਨੂੰ ਲਗਦਾ ਹੀ ਨਹੀਂ ਬਲਕਿ ਇਹ ਅਟੱਲ ਸੱਚ ਹੈ ਕਿ ਭਵਿਖਤ ਵਿਚ ਜਦ ਹਰ ਪਾਸੇ ਤੇ ਹਰ ਇਕ ਲਈ ਵਿੱਦਿਆ ਦੇ ਨਾਲ ਨਾਲ ਵਿਗਿਆਨਕ ਸੂਝ ਦੀ ਪ੍ਰਾਪਤੀ ਲਾਜ਼ਮੀ ਹੋ ਜਾਵੇਗੀ ਤਾਂ ਪ੍ਰਬੁੱਧਤਾ ਦੇ ਫੈਲਣ ਨਾਲ ਤਰਕਸ਼ੀਲਤਾ ਵੀ ਵਧੇਗੀ ਤੇ ਵਹਿਮ ਭਰਮ ਵੀ ਮਿਟਣਗੇ। ਵਹਿਮਾਂ ਭਰਮਾਂ ਤੋਂ ਰਹਿਤ ਸਮਾਜ ਜਾਂ ਸਭਿਅਤਾ ਇਸ ਧਰਤੀ ਤੇ ਕਦੀ ਪਹਿਲਾਂ ਹੋਈ ਹੋਵੇਗੀ ਜਾਂ ਨਹੀਂ ? ਇਸ ਦਾ ਉੱਤਰ ਲੱਭਣ ਲਈ ਇਹ ਦੇਖਣਾ ਪਵੇਗਾ ਕਿ ਕੀ ਕਦੀਂ ਇਸ ਧਰਤੀ ਤੇ ਵਿਗਿਆਨ ਦਾ ਚਾਨਣ ਫੈਲਣ ਨਾਲ ਪ੍ਰਬੁਧਤਾ ਫੈਲੀ ਸੀ ਜਾਂ ਨਹੀਂ ? ਇਸਦਾ ਉੱਤਰ ਹਾਲੀਂ ਤੱਕ ਦੀ ਖੋਜ ਅਨੁਸਾਰ ਨਾਂਹ ਵਿਚ ਹੀ ਮਿਲਦਾ ਹੈ। ਲੇਖਕ ਤੇ ਸਾਹਿਤਕ ਮੱਸ ਰੱਖਣ ਵਾਲੇ ਵੀ ਤਾਂ ਪ੍ਰਾਪਤ ਵਿਵਸਥਾ ਵਿਚ ਹੀ ਵਿਚਰਦੇ ਹਨ। ਉਨ੍ਹਾਂ ਵਿਚ ਵਹਿਮ ਭਰਮ ਘੱਟ ਤਾਂ ਹੋ ਸਕਦੇ ਹਨ ਪਰ ਉਹ ਵੀ ਪੂਰੀ ਤਰ੍ਹਾਂ ਇਨ੍ਹਾਂ ਤੋਂ ਮੁਕਤ ਨਹੀਂ ਹੋ ਸਕਦੇ ॥ਮੇਰੇ ਆਪਣੇ ਪਰਿਵਾਰ ਵਿਚ ਵਹਿਮਾਂ ਭਰਮਾਂ ਲਈ ਕੋਈ ਥਾਂ ਨਹੀਂ। ਇਸਦਾ ਮੁੱਖ ਕਾਰਣ ਮੇਰਾ ਤੇ ਮੇਰੀ ਪਤਨੀ ਦਾ ਸਿੰਘ ਸਭੀਆਂ ਵਾਲਾ ਪਿਛੋਕੜ ਹੈ। ਇਸ ਪਿਛੋਕੜ ਵਿਚ ਇਹ ਤਾਂ ਸਿਖਾਇਆ ਜਾਂਦਾ ਹੈ ਕਿ ਜਾਦੂ ਟੂਣੇ, ਭੂਤ ਪ੍ਰੇਤ ਕੁਝ ਨਹੀਂ ਹੁੰਦੇ ਪਰ ਇੱਕ ਹੋਰ ਵਖਰੀ ਤਰ੍ਹਾਂ ਦੀ ਅੰਨ੍ਹੀ ਆਸਥਾ ਲਈ ਵੀ ਮੈਦਾਨ ਤਿਆਰ ਕੀਤਾ ਜਾਂਦਾ ਹੈ। ਹੁਣ ਇਹ ਤਾਂ ਹਰ ਬੰਦੇ ਦੀ ਆਪਣੀ ਚੋਣ ਤੇ ਨਿਰਭਰ ਹੈ ਕਿ ਉਹ ਇਸ ਨਵੀਂ ਤਰ੍ਹਾਂ ਦੇ ਮਾਇਆ ਜਾਲ ਵਿਚ ਫਸਦਾ ਹੈ ਜਾਂ ਨਹੀਂ। ਇਸ ਗੱਲ ਲਈ ਮੈਂ ਸੁਭਾਗਾ ਹਾਂ ਕਿ ਮੇਰੇ ਬੱਚਿਆਂ 'ਤੇ ਹਾਲੀਂ ਤੱਕ ਨਾਂ ਪੁਰਾਣੇ ਢੰਗ ਦੇ ਵਹਿਮਾਂ ਭਰਮਾਂ ਦਾ ਪ੍ਰਭਾਵ ਹੈ ਨਾ ਨਵੀਂ ਤਰ੍ਹਾਂ ਦੀ ਅੰਨ੍ਹੀ ਆਸਥਾ ਦਾ ?

ਸੁਹਜ ਸਿਰਜਣਾ, ਸਾਹਿਤ ਸਿਰਜਣਾ, ਜੀਵਨ ਸਿਰਜਣਾ ਤੇ ਹਉਂ ਸਿਰਜਣਾ, ਇਨ੍ਹਾਂ ਚੋਹਾਂ ਦੀ ਸਿਰਜਣ ਪ੍ਰਕਿਰਿਆ ਦਾ ਭਾਵਪੂਰਤ ਖੁਲਾਸਾ ਕੀ ਹੈ ਤੇ ਇੱਕ ਦੂਜੇ ਨਾਲੋਂ ਕਿਵੇਂ ਵੱਖ ਨੇ ? ਨਿੱਜੀ ਅਨੁਭਵਾਂ ਨੂੰ ਮੁੱਖ ਰੱਖ ਕੇ ਦੱਸੋ ॥

– ਸਮੁੱਚੇ ਜੀਵਨ ਨੂੰ ਸੁੰਦਰ ਬਣਾਉਣ ਲਈ ਸੁੰਦਰ ਚੁਗਿਰਦਾ, ਸੁੰਦਰ ਵਰਤਾਰਾ, ਸੁੰਦਰ ਸੁਭਾ ਤੇ ਸੁੰਦਰ ਕਦਰਾਂ ਕੀਮਤਾਂ ਦੀ ਸਿਰਜਣਾ ਹੀ ਸੁਹਜ ਸਿਰਜਣਾ ਹੈ। ਸਾਹਿਤ ਸਿਰਜਣਾ ਦਾ ਮਕਸਦ ਵੀ ਸੁਹਜ ਸਿਰਜਣਾ ਹੀ ਹੁੰਦਾ ਹੈ। ਇਸ ਤੋਂ ਬਿਨਾਂ ਸਾਹਿਤ ਸਾਹਿਤ ਨਹੀਂ ਹੁੰਦਾ। ਜੀਵਨ ਸਿਰਜਣਾ ਵੀ ਸੁਹਜ ਸਿਰਜਣਾ ਤੋਂ ਬਿਨਾਂ ਨਹੀਂ ਹੋ ਸਕਦੀ। ਸੁਹਜ ਤੋਂ ਸੱਖਣਾ ਜੀਵਨ ਬੇਅਰਥ ਸਾਹ ਲੈਣ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਹਰ ਤਰ੍ਹਾਂ ਦੀ ਸਿਰਜਣਾ ਤਾਂ ਹੀ ਸਿਰਜਣਾ ਹੈ ਜੇ ਉਹਦੇ ਵਿਚ ਸੁਹਜ ਹੋਵੇ ॥

?1. ਸਾਹਿਤ ਸਿਰਜਣਾ ਦੇ ਮਕਸਦ ਦੀ ਗੱਲ ਚੱਲੀ ਹੈ ਤਾਂ ਇਹ ਵੀ ਦੱਸੋ ਕਿ ਤੁਹਾਡੇ ਮੁਤਾਬਿਕ ਉਹ ਕਿਹੜੇ ਕਵੀ , ਲੇਖਕ ਨੇ ਜਿਨ੍ਹਾਂ ਦੀ ਰਚਨਾ ਸਾਹਿਤ-ਸੁਹਜ ਨਾਲ ਭਰਭੂਰ ਜਾਂ ਅਣਭਰਭੂਰ ਹੈ ?

2. ਅਨੇਕਾਂ ਵਾਰ ਅਜਿਹਾ ਹੋਇਆ ਹੈ ਕਿ ਜਦੋਂ ਤੁਸੀਂ ਕਿਸੇ ਲੇਖਕ ਜਾਂ ਕਵੀ ਦੀ ਰਚਨਾ ਪੜ੍ਹਦੇ ਹੋ ਤਾਂ ਰਚਨਾ 'ਚ ਜਿੰਨਾ ਕੁ ਕਲਮਕਾਰ ਆਪ ਬੋਲਦਾ ਹੈ ਉਸ ਵਿਚੋਂ ਉਸ ਦੀ ਸ਼ਖ਼ਸੀਅਤ ਦੀ ਹਲਕੀ ਜਿਹੀ ਛਵੀ ਮਨ 'ਚ ਉਭਰਦੀ ਹੈ ਪਰ ਇਸ ਕਲਮ ਦੇ ਅਸਲੀ ਵਿਅਕਤੀ ਨੂੰ ਮਿਲਿਆਂ ਮਹਿਸੂਸ ਹੁੰਦਾ ਹੈ ਕਿ ਜਾਂ ਇਹ ਬੰਦਾ ਫਰੌਡ ਹੈ ਜਾਂ ਇਸਦੀ ਰਚਨਾ ॥

3. ਰਚਨਾਤਮਿਕਤਾ 'ਚ ਐਨੀ ਪਰਦੇਦਾਰੀ ਦੀ ਬੁਣਤੀ ਕਿਵੇਂ ਸੰਭਵ ਹੋ ਜਾਂਦੀ ਹੈ ?

–1. ਸੁਹਜ ਤੋਂ ਬਿਨਾਂ ਕਿਸੇ ਵੀ ਰਚਨਾ ਨੂੰ ਸਾਹਿਤ ਨਹੀਂ ਕਿਹਾ ਜਾ ਸਕਦਾ ਤੇ ਸੱਚ ਤੋਂ ਬਿਨਾਂ ਸੁਹਜ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇੱਥੇ ਕਿਸੇ ਦਾ ਨਾਉਂ ਲੈਣਾ ਠੀਕ ਨਹੀਂ ਹੋਵੇਗਾ। ਇੰਨਾ ਹੀ ਕਹਿੰਦਾ ਹਾਂ ਬਹੁਤ ਹੀ ਅਲਪ ਸੰਖਿਆਂ ਲੇਖਕ ਹਨ ਜਿਨ੍ਹਾਂ ਨੂੰ ਸਹੀ ਅਰਥਾਂ



ਵਿਚ ਲੇਖਕ ਕਿਹਾ ਜਾ ਸਕਦਾ ਹੈ। ਬਾਕੀ ਤਾਂ ਸਾਰੇ ਆਪਣੀ ਹਉਂ ਨੂੰ ਪੱਠੇ ਪਾ ਰਹੇ ਹਨ। ਉਨ੍ਹਾਂ ਨੂੰ ਆਪਣਾ ਜੀਅ ਖੁਸ਼ ਕਰਨ ਦਿਓ। ਸਮਾਂ ਬੜਾ ਵਲਵਾਨ ਹੈ। ਇਹ ਆਪ ਹੀ ਨਿਤਾਰਾ ਕਰ ਦਿੰਦਾ ਹੈ। ਸਮਾਂ ਪੈਣ 'ਤੇ ਲੋਕੀਂ ਅਜਿਹੇ ਲੇਖਕਾਂ ਦਾ ਨਾਉਂ ਵੀ ਭੁੱਲ ਜਾਂਦੇ ਹਨ ਤੇ ਯਾਦ ਰਹਿ ਜਾਂਦੇ ਹਨ ਅਸਲੀ ਲੇਖਕ ॥

2. ਅਸਲੀ ਲੇਖਕ ਤਾਂ ਉਹੀ ਹੁੰਦਾ ਹੈ, ਜਿਹਦੀ ਜੀਵਨ-ਜਾਚ ਤੇ ਸਾਹਿਤ ਸਿਧਾਂਤ ਵਿਚ ਕੋਈ ਅੰਤਰ ਨਹੀਂ ਹੁੰਦਾ। ਫਰੌਡ, ਝੂਠ ਜਾਂ ਮੁਲੱਮਾ ਬਹੁਤਾ ਚਿਰ ਨਹੀਂ ਚਲਦਾ। ਮੁਲੱਮਾ ਆਖਰ ਲਹਿ ਜਾਂਦਾ ਹੈ ਤੇ ਸੋਨੇ ਵਾਂਗ ਦਿਸ ਰਹੇ ਗਹਿਣੇ ਵਿਚੋਂ ਪਿੱਤਲ ਆਪ ਹੀ ਜ਼ਾਹਰ ਹੋ ਜਾਂਦਾ ਹੈ॥

3. ਪਰਦੇਦਾਰੀ ਆਪਣੀ ਭਾਂਤ ਦਾ ਵੱਖਰਾ ਕਸਬ ਹੈ ਪਰ ਉਮਰ ਇਸਦੀ ਮੁਲੱਮੇ ਨਾਲੋਂ ਵੱਧ ਨਹੀਂ ਹੁੰਦੀ। ਵਕਤੀ ਤੌਰ 'ਤੇ ਤਾਂ ਇਹ ਕੰਮ ਸਾਰ ਦਿੰਦਾ ਹੈ ਪਰ ਸਮਾਂ ਪੈਣ ਤੇ ਸਾਰੀ ਪਰਦੇਦਾਰੀ ਲਹਿ ਜਾਂਦੀ ਹੈ ਤੇ ਨੰਗਾ ਸੱਚ ਸਾਹਮਣੇ ਆ ਜਾਂਦਾ ਹੈ ॥

?ੳ) :- ਸਿਰਜਣਾ 'ਸ਼ਬਦ' ਮੈਨੂੰ ਅਜਿਹਾ ਜਾਪਦਾ ਜਿਸ ਵਿੱਚ ਇਨਸਾਨ ਜੰਮਦਾ, ਜੀਉਂਦਾ, ਥੀਂਦਾ ਤੇ ਦੁਨਿਆਵੀ ਸਫਰ ਸਮੇਟਦਾ ਹੈ ਅਤੇ ਇਸ ਸਫਰ 'ਚ ਸਮੁੱਚਾ ਗਿਆਨ ਫਲਸਫਾ, ਚਿੰਤਨ, ਵਿਗਿਆਨ, ਕਿਸੇ ਨਾ ਕਿਸੇ ਰੂਪ 'ਚ ਭਾਗੀਦਾਰ ਰਹਿੰਦੇ ਨੇ। ਲੂਣ ਤੇਲ ਲੱਕੜੀਆਂ ਤੋਂ ਇਲਾਵਾ ਪੰਜਾਬੀ ਬੰਦਾ ਇਨ੍ਹਾਂ ਪੱਖਾਂ ਨੂੰ ਕਿੰਨਾ ਕੁ ਜਿਉਂਦਾ ਹੈ ?

ਅ. ਉਹ ਸਮਾਂ ਕਿੰਨਾ ਕੁ ਦੂਰ ਹੈ ਜਦ ਪੰਜਾਬੀ ਅਕਾਦਮਿਕ ਸੰਸਥਾਵਾਂ ਸੰਸਾਰ ਪੱਧਰ ਦਾ ਵਿਵੇਕ ਪੰਜਾਬੀ ਭਾਸ਼ਾ 'ਚ ਉੱਪਲਬੱਧ ਕਰ ਸਕਣਗੀਆਂ ਜਾਂ ਪੰਜਾਬੀ ਸੰਸਾਰ ਪੱਧਰ ਦੇ ਮੌਲਿਕ ਚਿੰਤਨ ਦੀ ਭਾਸ਼ਾ ਬਣੇਗੀ ? ਕੀ ਉਹ ਸਮਾਂ ਆਏਗਾ ਜਦੋਂ ਦੂਜੀਆਂ ਕੌਮਾਂ ਪੰਜਾਬੀ ਸਿੱਖਣ ਵੱਲ ਰੁਚਿਤ ਹੋਣਗੀਆਂ ? ਪੰਜਾਬੀ ਜ਼ੁਬਾਨ ਬਾਰੇ ਫਿਕਰਮੰਦ ਹੋਣਾ ਤੁਹਾਨੂੰ ਕਿਵੇਂ ਲੱਗਦਾ ਹੈ ?

– ੳ) ਸਿਰਜਣਾ ਤੋਂ ਬਿਨਾਂ ਜੀਵਨ ਨਿਰਾਰਥ ਹੁੰਦਾ ਹੈ। ਬੱਚੇ ਨੂੰ ਜਨਮ ਦੇਣਾ, ਪਾਲਣਾ ਪੋਸਣਾ ਤੇ ਜੀਣ ਯੋਗ ਬਣਾਉਣਾ ਵੀ ਤਾਂ ਸਿਰਜਣ ਪ੍ਰਕਿਰਿਆ ਹੈ। ਬੰਦਾ ਸੁਚੇਤ ਤੌਰ ਤੇ ਵੀ ਤੇ ਅਚੇਤ ਵੀ ਸਾਰੀ ਉਮਰ ਸਿਰਜਦਾ ਹੀ ਹੈ। ਸਮੁੱਚਾ ਗਿਆਨ ਫਲਸਫਾ, ਚਿੰਤਨ ਤੇ ਵਿਗਿਆਨ ਇਨਸਾਨ ਦੀ ਸਿਰਜਣ ਪ੍ਰਕਿਰਿਆ ਨੂੰ ਬੱਲ ਤੇ ਸੇਧ ਦਿੰਦੇ ਹਨ। ਪੰਜਾਬੀ ਬੰਦੇ 'ਤੇ ਤਾਂ ਹਾਲ ਦੀ ਘੜੀ 'ਲੂਣ ਤੇਲ ਲਕੜੀਆਂ' ਦਾ ਕਬਜ਼ਾ ਹੈ ਤੇ ਕਬਜ਼ੇ ਦੀ ਇਹਦੀ ਖਾਹਸ਼ ਅਤਿ ਤੱਕ ਪੁੱਜੀ ਹੋਈ ਹੈ। ਬੇਸ਼ੱਕ ਉਹ ਵੀ ਅਚੇਤ ਤੌਰ 'ਤੇ ਸਮੁੱਚੀ ਸਿਰਜਣ ਪ੍ਰਕਿਰਿਆ ਵਿਚ ਭਾਗੀਦਾਰ ਹਨ ਪਰ ਫਲਸਫਾ, ਚਿੰਤਨ, ਵਿਗਿਆਨ ਤੇ ਸੁਚੇਤ ਸਿਰਜਣਾ ਤੋਂ ਹਾਲੀਂ ਕੋਹਾਂ ਦੂਰ ਹਨ। ।ਅ) ਅੱਜ ਦੇ ਯੁਗ ਵਿਚ ਭਾਸ਼ਾਵਾਂ 'ਤੇ ਵੀ ਕੌਮਾਂਤਰੀ ਵਪਾਰ ਤੇ ਉਪਭੋਗਤਾ ਦਾ ਕਬਜ਼ਾ ਹੋ ਚੁੱਕਾ ਹੈ। ਕਿਸੇ ਭਾਸ਼ਾ ਦੀ ਕਦਰ ਸੰਸਾਰ ਮੰਡੀ ਵਿਚ ਉਹਦੀ ਵਪਾਰਕ ਤੇ ਉਪਭੋਗੀ ਉਪਯੋਗਤਾ 'ਤੇ ਹੀ ਨਿਰਭਰ ਕਰਦੀ ਹੈ। ਜਿਸ ਤਰ੍ਹਾਂ ਇਸ ਵੇਲੇ ਪੰਜਾਬੀ ਬੰਦੇ ਪੰਜਾਬ ਵਿਚ ਰਹਿੰਦੇ ਜੀਉਂਦੇ ਵੀ ਪੰਜਾਬੀ ਨੂੰ ਨਜ਼ਰਅੰਦਾਜ਼ ਕਰ ਕੇ ਅੰਗਰੇਜ਼ੀ ਨੂੰ ਚੰਬੜੇ ਹੋਏ ਹਨ, ਉਸਤੋਂ ਇਹੀ ਤਾਂ ਪ੍ਰਗਟ ਹੁੰਦਾ ਹੈ। ਅਜਿਹੀ ਸਥਿਤੀ ਵਿਚ ਪੰਜਾਬ ਦੀਆਂ ਅਕਾਦਮਿਕ ਸੰਸਥਾਵਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ ? ਦੂਜੀਆਂ ਭਾਸ਼ਾਵਾਂ ਦੇ ਲੋਕਾਂ ਨੂੰ ਕੀ ਲੋੜ ਪਈ ਹੈ ਕਿ ਉਹ ਉਸ ਭਾਸ਼ਾ ਵੱਲ ਰੁਚਤ ਹੋਣ ਜਿਸ ਭਾਸ਼ਾ ਨੂੰ ਬੋਲਣ ਵਾਲੇ ਹੀ ਤਿਆਗ ਰਹੇ ਹਨ। ਪੰਜਾਬੀ ਭਾਸ਼ਾ ਦੇ ਭਵਿਖ ਬਾਰੇ ਤਾਂ ਪੰਜਾਬੀ ਭਾਸ਼ਾ ਦੇ ਹਰ ਕਦਰਦਾਨ ਨੂੰ ਫਿਕਰਮੰਦੀ ਹੈ ਵੀ ਤੇ ਹੋਣੀ ਵੀ ਚਾਹੀਦੀ ਹੈ। ਪਰ ਨਿਰੀ ਫਿਕਰਮੰਦੀ ਨੇ ਤਾਂ ਇਸ ਭਾਸ਼ਾ ਦਾ ਕੁਝ ਸੰਵਾਰਨਾ ਨਹੀਂ। ਲੋੜ ਹੈ ਇਸ ਭਾਸ਼ਾ ਨੂੰ ਇਸ ਦੀਆਂ ਜੜ੍ਹਾਂ ਨਾਲ ਜੋੜਣ ਦੀ। ਨਿਰਸੰਦੇਹ ਪੰਜਾਬੀ ਸੰਸਕ੍ਰਿਤ ਭਾਸ਼ਾਈ ਪਰਿਵਾਰ ਦੀ ਇਕ ਸ਼ਾਖਾ ਹੈ। ਪੰਜਾਬੀ ਖਾਸ ਤੌਰ 'ਤੇ ਇਜ਼ਤਦਾਰ ਵਾਲੇ ਸਿੱਖ

ਤਾਂ ਇਸ ਗੱਲ ਤੋਂ ਅੱਖਾਂ ਮੀਟੀ ਰੱਖਣ ਨੂੰ ਹੀ ਆਪਣੀ ਹੈਂਕੜ ਲਈ ਠੀਕ ਸਮਝਦੇ ਹਨ ਤੇ ਪਾਕਸਤਾਨੀ ਪੰਜਾਬ ਵਾਲੇ ਤਾਂ ਸੰਸਕ੍ਰਿਤ ਨੂੰ ਚਿਮਟੇ ਨਾਲ ਛੋਹਣ ਲਈ ਵੀ ਤਿਆਰ ਨਹੀਂ। ਅਜਿਹੇ ਲੋਕ ਪੰਜਾਬੀ ਨੂੰ ਇਸ ਦੀਆਂ ਜੜ੍ਹਾਂ ਤੋਂ ਵੱਖ ਕਰ ਕੇ ਇਸ ਨੂੰ ਯਤੀਮ ਬਣਾ ਦੇਣ ਦੇ ਜ਼ਿੰਮੇਵਾਰ ਹਨ ਤੇ ਉਹ ਹੀ ਇਸਦੇ ਅਸਲੀ ਦੁਸ਼ਮਣ ਹਨ। ਆਪਣੀਆਂ ਜੜ੍ਹਾਂ ਨਾਲ ਜੁੜ ਕੇ ਪੰਜਾਬੀ ਸੰਸਾਰ ਦੀਆਂ ਬਹੁਤੀਆਂ ਭਾਸ਼ਾਵਾਂ ਦੀ ਦੂਰ ਦੇ ਰਿਸ਼ਤੇ ਵਿਚੋਂ ਭੈਣ ਬਣ ਜਾਵੇਗੀ। ਇਸ ਦ੍ਰਿਸ਼ਟੀ ਨਾਲ ਦੇਖੋਗੇ ਤਾਂ ਤੁਹਾਨੂੰ ਅੰਗਰੇਜ਼ੀ ਭਾਸ਼ਾ ਨਾਲ ਵੀ ਅਨੇਕਾਂ ਸਾਂਝਾ ਦਿੱਸ ਪੈਣਗੀਆਂ। ਜੇ ਇਹ ਹੈਂਕੜਬਾਜ਼ ਇਸ ਤਰ੍ਹਾਂ ਪੰਜਾਬੀ ਨੂੰ ਯਤੀਮ ਬਣਾਉਣ ਲਈ ਆਪਣਾ ਪੂਰਾ ਟਿੱਲ ਨਾ ਲਾਉਂਦੇ ਤਾਂ ਪੰਜਾਬੀ ਅੱਜ ਦੇ ਛੋਟੇ ਪੰਜਾਬ ਦੀ ਭਾਸ਼ਾ ਨਹੀਂ ਸੀ ਹੋਣੀ ਸਗੋਂ ਇਹਨੇ ਸਣੇ ਹਰਿਆਣਾ ਤੇ ਹਿਮਾਚਲ ਪ੍ਰਦੇਸ ਦੇ ਭਾਰਤ ਦੇ ਇੱਕ ਬਹੁਤ ਵੱਡੇ ਖੇਤਰ ਦੀ ਭਾਸ਼ਾ ਬਣ ਜਾਣਾ ਸੀ॥

? ਸਿਧਾਰਥ, ਗੁਰੂ ਨਾਨਕ ਦੇਵ ਜੀ ਤੇ ਸ਼ਹੀਦ ਭਗਤ ਸਿੰਘ, ਤਿੰਨਾਂ ਦੇ ਫੱਲਸਫਿਆਂ ਵਿੱਚ ਕੋਈ ਸਮਾਨਤਾ ਹੈ ? ਸਿਧਾਰਥ ਦਾ ਜੰਗਲ ਵੱਲ ਰੁਖ ਕਰਨਾ, ਗੁਰੂ ਨਾਨਕ ਦੇਵ ਜੀ ਦਾ ਪੈਦਲ ਭ੍ਰਮਣ, ਭਗਤ ਸਿੰਘ ਦਾ ਬਾਗੀਪਨ ? ਇਨ੍ਹਾਂ ਤਿੰਨਾਂ ਫੈਸਲਿਆਂ ਦਾ ਆਮ ਇਨਸਾਨ ਲਈ ਤੇ ਅੱਜ ਦੇ ਬੰਦੇ ਲਈ ਕੀ ਮਹੱਤਵ ਹੈ ?

– ਸਿਧਾਰਥ (ਬੁੱਧ), ਗੁਰੂ ਨਾਨਕ ਤੇ ਸ਼ਹੀਦ ਭਗਤ ਸਿੰਘ ਤਿੰਨਾਂ ਦਾ ਮੰਤਵ ਆਪਣੇ ਆਪਣੇ ਸਮੇਂ ਦੇ ਆਮ ਲੋਕਾਂ ਨੂੰ ਦੁਖਾਂ ਤੋਂ ਮੁਕਤੀ ਦੁਆਉਣਾ ਸੀ ਪਰ ਤਿੰਨਾਂ ਦੇ ਢੰਗ ਵੱਖ ਵੱਖ ਸਨ। ਸਿਧਾਰਥ ਦੁਖਾਂ ਦਾ ਕਾਰਣ ਮਨੁੱਖ ਦੀਆਂ ਇੱਛਾਵਾਂ ਨੂੰ ਮੰਨਦਾ ਸੀ ਤੇ ਇਨ੍ਹਾਂ ਦੇ ਤਿਆਗ ਵਿਚ ਹੀ ਮੁਕਤੀ ਦਾ ਰਾਹ ਦੱਸਦਾ ਸੀ। ਗੁਰੂ ਨਾਨਕ ਇਸ ਤੋਂ ਉਲਟ 'ਹਸੰਦਿਆਂ, ਖਲੰਦਿਆਂ, ਪਹਿਨੰਦਿਆਂ' ਆਪਣੇ ਅਸਲੇ ਨਾਲ ਜੁੜਨ ਵਿਚ ਮੁਕਤੀ ਦੀ ਪ੍ਰਾਪਤੀ ਲੱਭਦਾ ਸੀ ਪਰ ਭਗਤ ਸਿੰਘ ਹਥਿਆਰਬੰਦ ਇਨਕਲਾਬ ਰਾਹੀਂ ਲੁਟੇਰੇ ਪ੍ਰਬੰਧ ਨੂੰ ਖਤਮ ਕਰ ਕੇ ਉਸਦੀ ਥਾਂ ਲੋਕ ਹਿੱਤੂ ਪ੍ਰਬੰਧ ਸਥਾਪਤ ਕਰਨ ਨੂੰ ਮੁਕਤੀ ਦਾ ਰਾਹ ਦੱਸਦਾ ਸੀ। ਅੱਜ ਦਾ ਇਨਸਾਨ ਇਨ੍ਹਾਂ ਤਿੰਨਾਂ ਫਲਸਫਿਆਂ ਤੋਂ ਬਹੁਤ ਕੁਝ ਪ੍ਰਾਪਤ ਕਰ ਸਕਦਾ ਹੈ ਪਰ ਮੁਕਤੀ ਦਾ ਅੰਤਮ ਰਾਹ ਇਨਕਲਾਬ ਵਿਚੋਂ ਹੀ ਨਿਕਲਦਾ ਹੈ।



**ਸ੍ਵੈਜੀਵਨੀ 'ਤੱਤੀਆਂ ਠੰਡੀਆਂ ਛਾਵਾਂ' ਵਿਚੋਂ**

# ਕੁਝ ਦਿਨਾਂ ਦਾ ਸੁਰਗ

**ਹਰਬਖਸ਼ ਮਕਸੂਦਪੁਰੀ**

1949 ਦਾ ਮਈ ਦਾ ਮਹੀਨਾ ਸੀ। ਸਾਡਾ ਮੈਟ੍ਰਿਕ ਦਾ ਇਮਤਿਹਾਨ ਹੋ ਰਿਹਾ ਸੀ। ਇਮਤਿਹਾਨ ਦਾ ਕੇਂਦਰ ਆਰੀਆ ਕਾਲਜ ਨਵਾਂ ਸ਼ਹਿਰ ਸੀ। ਅਸੀਂ ਸਣੇ ਮਾਸਟਰ ਮੂਲ ਰਾਜ ਦੇ ਨਵਾਂ ਸ਼ਹਿਰ ਦੀ ਸਰਾਂ ਵਿਚ ਡੇਰਾ ਲਾਇਆ ਹੋਇਆ ਸੀ। ਰੋਜ਼ ਇਮਤਿਹਾਨ ਦਾ ਪਰਚਾ ਦੇਣ ਪਿੱਛੋਂ ਅਸੀਂ ਇੱਥੇ ਆ ਟਿਕਦੇ, ਅਗਲੇ ਪਰਚੇ ਦੀ ਤਿਆਰੀ ਕਰਦੇ ਤੇ ਰਾਤ ਇੱਥੇ ਹੀ ਕੱਟਦੇ ਸਾਂ। ਸ਼ਾਮ ਦੇ ਪੰਜ ਕੁ ਵਜੇ ਦਾ ਸਮਾਂ ਸੀ। ਮੈਂ ਸਰਾਂ ਦੀ ਛੱਤ ਤੇ ਇਕਾਂਤ ਥਾਂ 'ਤੇ ਬੈਠਾ ਅਗਲੇ ਪਰਚੇ ਦੀ ਤਿਆਰੀ ਵਿਚ ਜੁਟਿਆ ਹੋਇਆ ਸਾਂ। ਥੱਲਿਉਂ ਇੱਕ ਮੁੰਡਾ ਮੇਰੇ ਕੋਲ ਆਇਆ ਤੇ ਕਹਿਣ ਲੱਗਾ, ਓਏ ਹਰਬਖਸ਼! ਤੇਰਾ ਬਾਪੂ ਆਇਆ,।ਕੌਣ ਆਇਆ ?ਇਹ ਕਹਿ ਕੇ ਮੈਂ ਸੋਚੀਂ ਪੈ ਗਿਆ, ਕੌਣ ਹੋਵੇਗਾ ? ਤਾਇਆ ਹੋਣਾ ? ਮੇਰੇ ਬਾਰੇ ਪੁੱਛਦਾ ਹੋਵੇਗਾ। ਇਹਨੀਂ ਮੇਰਾ ਬਾਪੂ ਸਮਝ ਲਿਆ ਓਏ ਤੇਰਾ ਬਾਪੂ, ਹੋਰ ਕੌਣ ? ਚੱਲ ਤੁਰ ਥੱਲੇ ਨੂੰ ! ਹੁਣ ਮੈਂ ਸਾਰੀ ਗੱਲ ਸਮਝ ਗਿਆ ਸਾਂ। ਕੁੱਝ ਫਿਕਰ ਵੀ ਹੋਇਆ। ਤਾਏ ਨੂੰ ਇਮਤਿਹਾਨ ਦੇ ਦਿਨਾਂ ਵਿਚ ਕੀ ਕੰਮ ਆ ਪਿਆ ਹੋਵੇਗਾ ? ਇਹ ਸੋਚਦਾ ਉਹਦੇ ਨਾਲ ਥੱਲੇ ਨੂੰ ਤੁਰ ਪਿਆ। ਤਾਇਆ ਮੰਜੇ ਤੇ ਬੈਠਾ ਸੀ। ਮੁੰਡੇ ਉਹਦੀ ਸੇਵਾ ਵਿਚ ਜੁਟੇ ਹੋਏ ਸਨ। ਤਾਇਆ ਮੁੰਡਿਆਂ ਦੀਆਂ ਘਰੋਂ ਲਿਆਂਦੀਆਂ ਪਿੰਨੀਆਂ ਨਾਲ ਚਾਹ ਦਾ ਅਨੰਦ ਮਾਣ ਰਿਹਾ ਸੀ। ਉਹਨੇ ਮੈਨੂੰ ਦੇਖਦਿਆਂ ਹੀ ਕਿਹਾ, ਕਈ ਦਿਨ ਹੋ ਗਏ, ਤੂੰ ਆਇਆ ਹੀ ਨਾ, ਮੈਂ ਕਿਹਾ ਮੈਂ ਆਪ ਹੀ ਮਿਲ ਆਵਾਂ। ਤਾਇਆ! ਹਾਲੇ ਤਾਂ ਤਿੰਨ ਦਿਨ ਹੋਰ ਇੱਥੇ ਲੱਗ ਜਾਣੇ ਆਂ। ਹੋਰ ਸਾਰੇ ਠੀਕ ਆ ? ਹੋਰ ਤਾਂ ਠੀਕ ਆ। ਪੂਨੀਆਂ ਤੋਂ ਬੰਦਾ ਆਇਆ ਸੀ ਤੈਨੂੰ ਦੇਖਣ ਲਈ ਕਹਿੰਦਾ ਸੀ, ਉਹ ਵੀ ਫੀਜੀ ਵਿਚ ਬੰਤਾ ਸਿਹੁੰ ਕੋਲ ਰਹਿੰਦਾ ਸੀ। ਉਹਨੇ ਆਪਣੀ ਲੜਕੀ ਦਾ ਰਿਸ਼ਤਾ ਕਰਨਾ। ਪੁੱਛਦਾ ਸੀ, ਮੁੰਡਾ ਕਦੋਂ ਆਵੇਗਾ ? ਉਹਨੂੰ ਸਭ ਕੁੱਝ ਪਸੰਦ ਆ। ਬੱਸ ਉਹਨੇ ਰਿਸ਼ਤਾ ਕਰਨ ਆਉਣਾ ਆਉਂਦੇ ਐਤਵਾਰ ਨੂੰ ? ਮੈਂ ਕਿਹਾ ਮੁੰਡੇ ਨੂੰ ਦੱਸ ਆਵਾਂ। ਫੇਰ ਤੂੰ ਆ ਜਾਏਂਗਾ ਉੱਦਣ ?ਇਹ ਸਭ ਕੁੱਝ ਇੱਕੋ ਸਾਹੇ ਕਹਿ ਗਿਆ।ਤਾਇਆ! ਇੰਨੀ ਵੀ ਕੀ ਕਾਹਲੀ ਆ ? ਮੈਂ ਤਾਂ ਹਾਲੇ ਹੋਰ ਪੜ੍ਹਨਾ ਚਾਹੁੰਦਾ ? ਚਾਰ ਸਾਲ ਹੋਰ ਪੜ੍ਹਨ ਪਿੱਛੋਂ ਕਰਾ ਲਵਾਂਗਾ। ਮੇਰੀ ਗੱਲ ਵਿਚੋਂ ਕੱਟ ਕੇ ਤਾਏ ਨੇ ਕੁੱਝ ਤਰਲੇ ਜਿਹੇ ਨਾਲ ਕਿਹਾ, ਨਾ ਮੇਰਾ ਪੁੱਤ! ਇਹ ਰਿਸ਼ਤਾ ਖੁੰਝਣ ਨਹੀਂ ਦੇਣਾ। ਇੱਦਾਂ ਦੇ ਰਿਸ਼ਤੇ ਤਾਂ ਕਰਮਾਂ ਨਾਲ ਹੀ ਮਿਲਦੇ ਆ। ਨਾਂਹ ਨਹੀਂ ਕਰੀਦੀ। ਇੱਕ ਪਲ ਲਈ ਮੈਂ ਤਾਏ ਦੇ ਮੂੰਹ ਵੱਲ ਦੇਖਿਆ ਤੇ ਉਹਦੇ ਚਿਹਰੇ ਨੂੰ ਭਾਂਪਦਿਆਂ ਧੀਮੀ ਸੁਰ ਵਿਚ ਕਿਹਾ, ਚੰਗਾ ਤਾਇਆ! ਮੈਂ ਆ ਜਾਵਾਂਗਾ ਸਨਿਚਰਵਾਰ ਨੂੰ ॥ਚੰਗਾ ਮੇਰਾ ਪੁੱਤ! ਮੈਂ ਚਲਦਾ। ਖਿਆਲ ਰੱਖੀਂ, ਢਿੱਲ ਨਾ ਕਰੀਂ। ਤਾਇਆ ਮੰਜੇ ਤੋਂ ਉਠ ਖੜ੍ਹਾ ਹੋਇਆ। ਮੇਰੇ ਨਾਲ ਹੀ ਕੁੱਝ ਹੋਰ ਮੁੰਡੇ ਵੀ ਤੁਰ ਪਏ ਤੇ ਅਸੀਂ ਤਾਏ ਨੂੰ ਬਹਿਰਾਮ ਵਾਲੀ ਬੱਸ ਤੇ ਚੜ੍ਹਾ ਆਏ। ਸ਼ੁੱਕਰਵਾਰ ਨੂੰ ਆਖਰੀ ਪਰਚਾ ਸੀ। ਮੈਂ ਉਸੇ ਦਿਨ ਰਾਤ ਨੂੰ ਘਰ ਪੁੱਜ ਗਿਆ। ਪਰਚੇ ਸਾਰੇ ਚੰਗੇ ਹੋ ਗਏ ਸਨ। ਹੁਣ ਤਾਂ ਨਤੀਜੇ ਦੀ ਉਡੀਕ ਸੀ। ਨਤੀਜਾ ਆਉਣ ਤੱਕ ਵਿਹਲ ਹੀ ਵਿਹਲ ਸੀ। ਜਾਂਦਿਆਂ ਹੀ ਘਰ ਦਿਆਂ ਦੇ ਮੂੰਹਾਂ ਤੇ ਖ਼ੁਸ਼ੀ ਦਾ ਖੇੜਾ ਦੇਖਿਆ। ਉਹ ਖ਼ੁਸ਼ ਸਨ ਕਿ ਚਲੋ ਤਿੰਨਾਂ ਮੁੰਡਿਆਂ ਵਿਚੋਂ ਇੱਕ ਦਾ ਤਾਂ ਰਿਸ਼ਤਾ ਹੋਣ ਲੱਗਾ ਸੀ। ਪੂਨੀਆਂ ਵਾਲਿਆਂ ਐਤਵਾਰ ਨੂੰ ਆਉਣਾ ਸੀ ਸਗਨ ਪਾਉਣ। ਮੈ ਸੋਚਾਂ ਵਿਚ ਪਿਆ ਹੋਇਆ ਸਾਂ, ਜੇ ਨਾਂਹ ਕਹਿ ਦੇਵਾਂ ਤਾਂ ਘਰਦਿਆਂ ਦੇ ਸੁਪਨਿਆਂ ਦਾ ਕੀ ਬਣੇਗਾ ? ਜੇ ਹਾਂ ਕਹਿ ਦੇਵਾਂ ਤਾਂ ਉੱਚ-ਵਿੱਦਿਆ ਪ੍ਰਾਪਤੀ ਦੇ ਮੇਰੇ ਸੁਪਨੇ ਦਾ ਕੀ ਬਣੇਗਾ ? ਆਪਣੇ ਦੋਹਾਂ ਵੱਡੇ ਭਰਾਵਾਂ ਤੋਂ ਪਹਿਲਾਂ ਜੇ ਮੇਰਾ ਵਿਆਹ ਹੋ ਗਿਆ ਤਾਂ ਇਨ੍ਹਾਂ ਦੇ ਵਿਆਹ ਕਦੀ ਨਹੀਂ ਹੋਣੇ, ਇਸ ਗੱਲ ਦਾ ਕੌਣ ਜ਼ਿੰਮੇਵਾਰ ਹੋਵੇਗਾ ? ਪੰਜਾਬ ਦੇ ਜੱਟਾਂ ਦੇ ਘਰਾਂ ਵਿਚ ਇਹ ਆਮ ਵਰਤਾਰਾ ਸੀ।

ਅਤਿ ਦੀ ਗ਼ਰੀਬੀ ਵਿਚ ਲਿਤਾੜੇ ਟੱਬਰਾਂ ਦੇ ਮੁੰਡਿਆਂ ਨੂੰ ਤਾਂ ਉਂਝ ਹੀ ਰਿਸ਼ਤੇ ਆਉਣੇ ਮੁਸ਼ਕਿਲ ਸਨ। ਇਸ ਲਈ ਉਨ੍ਹਾਂ ਦਿਨਾਂ ਵਿਚ ਲੋਕੀਂ ਬੜੇ ਭਰਾ ਦੇ ਕੁਆਰੇ ਹੁੰਦਿਆਂ ਥੋੜ੍ਹੇ ਕੀਤੇ ਛੋਟੇ ਲਈ ਰਿਸ਼ਤਾ ਲੈਣਾ ਨਹੀਂ ਮੰਨਦੇ ਸਨ।ਮੇਰੇ ਦੋਵੇਂ ਭਰਾ ਕੁਆਰੇ ਰਹਿ ਗਏ ਸਨ, ਇਸ ਲਈ ਮੈਂ ਵੀ ਕਿਸੇ ਹੱਦ ਤੱਕ ਜ਼ਿੰਮੇਵਾਰ ਸਾਂ।ਜਦ ਵੀ ਕੋਈ ਰਿਸ਼ਤਾ ਹੋਣ ਦੀ ਸੰਭਾਵਨਾ ਬਣਦੀ ਤਾਂ ਅਗਲੇ ਕਹਿੰਦੇ ਛੋਟੇ ਨੂੰ ਕਰ ਦਿੰਦੇ ਹਾਂ, ਜਿਹੜਾ ਪੜ੍ਹਦਾ ਹੈ। ਹਾਲਾਂਕਿ ਮੇਰੇ ਦੋਵੇਂ ਭਰਾ ਮੇਰੇ ਨਾਲੋਂ ਸੁਹਣੇ ਸੁਨੱਖੇ ਸਨ।ਪਰ ਥੋੜ੍ਹੀ ਜ਼ਮੀਨ ਰੁਕਾਵਟ ਬਣੀ ਹੋਈ ਸੀ।ਪੂਨੀਆਂ ਵਾਲਿਆਂ ਨੇ ਵੀ ਮੈਨੂੰ ਬਿਨਾਂ ਦੇਖਿਆਂ ਇਸ ਕਰਕੇ ਪਸੰਦ ਕਰ ਲਿਆ ਸੀ ਕਿ ਮੈਂ ਪੜ੍ਹਦਾ ਸਾਂ।ਇੱਕ ਪਾਸੇ ਮੇਰੇ ਤਾਏ, ਮੇਰੀ ਮਾਂ ਤੇ ਮੇਰੇ ਚਾਚੇ ਦੀਆਂ ਭਾਵਨਾਵਾਂ ਸਨ ਤੇ ਦੂਜੇ ਪਾਸੇ ਮੇਰੇ ਆਪਣੇ ਸੁਪਨੇ।ਸਾਰੀ ਰਾਤ ਸੋਚਦਾ ਰਿਹਾ ਤੇ ਸਵੇਰੇ ਉਨ੍ਹਾਂ ਦੀ ਮਰਜ਼ੀ ਅੱਗੇ ਆਤਮ-ਸਮਰਪਣ ਕਰ ਦਿੱਤਾ।ਪੜ੍ਹਾਈ ਦਾ ਕੀ ਬਣੇਗਾ ? ਕੁੜੀ ਕਿਹੋ ਜਿਹੀ ਹੋਵੇਗੀ ? ਸਾਰੇ ਸਵਾਲਾਂ ’ਤੇ ਕਾਟਾ ਫੇਰ ਦਿੱਤਾ।ਉਸ ਵੇਲ਼ੇ ਆਪਣੇ ਆਪ ’ਤੇ ਭਰੋਸਾ ਸੀ ਕਿ ਜਿਹੇ ਜਿਹੀ ਵੀ ਅਵਸਥਾ ਹੋਵੇਗੀ ਮੈਂ ਪਾਰ ਅਵੱਸ਼ ਲੱਗ ਜਾਵਾਂਗਾ। ਇਹ ਵੀ ਯਕੀਨ ਸੀ, ਜਿਹੋ ਜਿਹੀ ਜੀਵਨ ਸਾਥਣ ਮਿਲ ਗਈ, ਉਹਨੂੰ ਹੀ ਆਪਣਾ ਰੰਗ ਚਾੜ੍ਹ ਕੇ ਆਪਣੇ ਸੁਪਨਿਆਂ ਦੀ ਰਾਣੀ ਬਣਾ ਲਵਾਂਗਾ॥ਦੀਪ ਦੇ ਪਿਆਰ ਨੇ ਤਾਂ ਕੀ ਰੁਕਾਵਟ ਬਣਨਾ ਸੀ ? ਉਹਦੇ ਪਿਆਰ ਨੂੰ ਤਾਂ ਮੈਂ ਲੋਕ-ਪਿਆਰ ਵਿਚ ਬਦਲ ਲਿਆ ਸੀ। ਜਿਹੜਾ ਨਵਾਂ ਫਲਸਫਾ ਮੇਰੇ ਅੰਦਰ ਘਰ ਕਰ ਕੇ ਬਹਿ ਗਿਆ ਸੀ, ਉਹਦੇ ਵਿਚ ਨਾ ਤਾਂ ਕੋਈ ਆਪਣਾ ਸੀ, ਨਾ ਬਿਗਾਨਾ ਸੀ।ਜਦ ਆਪਣਾ ਕੋਈ ਨਾ ਹੋਵੇ ਤਾਂ ਪਿਆਰ-ਭੁੱਖੀ ਆਤਮਾ ਨੂੰ ਸਾਰੇ ਹੀ ਆਪਣੇ ਦਿੱਸਣ ਲੱਗ ਪੈਂਦੇ ਹਨ।ਜਦ ਸਾਰੇ ਹੀ ਆਪਣੇ ਹੋਣ ਤਾਂ ਸਾਰਿਆਂ ਵਿਚੋਂ ਜਿਸਨੇ ਵੀ ਮੁਸਕਰਾ ਕੇ ਕੋਈ ਗੱਲ ਕੀਤੀ ਉਹ ਹੀ ਪਿਆਰਾ ਲੱਗਣ ਲੱਗ ਪਿਆ।ਦੀਪ ਨੂੰ ਕਿਹੜਾ ਮੈਂ ਇੰਨਾ ਜਾਣ ਸਕਿਆ ਸਾਂ ? ਜੇ ਹੋਰ ਕੋਈ ਉਸ ਵਰਗਾ ਤੇ ਉਹੋ ਜਿਹਾ ਲੱਗਦਾ ਤਾਂ ਉਹਨੇ ਵੀ ਅਨ੍ਹੇਰੇ ਵਿਚ ਦੀਪ ਬਣ ਕੇ ਚਾਨਣ ਦੇਣ ਲੱਗ ਪੈਣਾ ਸੀ।

ਐਤਵਾਰ ਨੂੰ ਪੂਨੀਆਂ ਵਾਲ਼ੇ ਆਏ ਤੇ ਸਗਨ ਪਾ ਗਏ।ਉਸ ਦਿਨ ਤੋਂ ਮੇਰੀ ਹੋਣ ਵਾਲੀ ਪਤਨੀ ਹੀ ਮੇਰੇ ਸੁਪਨਿਆਂ ਦੀ ਰਾਣੀ ਬਣ ਗਈ ਤੇ ਦੀਪ ਇੱਕ ਮਿੱਠੀ ਯਾਦ ਬਣ ਕੇ ਉਨ੍ਹਾਂ ਸੁਪਨਿਆਂ ਵਿਚ ਹੀ ਸਮਾ ਗਈ॥ਦੋ ਕੁ ਮਹੀਨੇ ਪਿੱਛੋਂ ਹੀ ਪੂਨੀਆਂ ਵਾਲੇ ਵਿਆਹ ਲਈ ਜ਼ੋਰ ਪਾਉਣ ਲੱਗ ਪਏ।ਕੁੜੀ ਦੇ ਤਾਏ ਨੇ ਵਿਆਹ ਕਰਨਾ ਸੀ।ਉਹ ਫੀਜੀ ਤੋਂ ਆਇਆ ਸੀ।ਉਮਰ ਕਾਫ਼ੀ ਹੋ ਚੁੱਕੀ ਸੀ, ਸੋਚਦਾ ਸੀ ਕਿ ਜੀਂਦਾ ਜਾਗਦਾ ਕੰਨਿਆਦਾਨ ਕਰ ਜਾਵੇ।ਉਸ ਵੇਲੇ ਤੱਕ ਮੈਂ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਕੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਦਾਖਲ ਹੋ ਚੁੱਕਾ ਸਾਂ।ਘਰ ਦਿਆਂ ਦੀ ਸਲਾਹ ਸੀ ਕਿ ਵਿਆਹ ਹੋ ਜਾਵੇ ਫੇਰ ਪੜ੍ਹਦਾ ਰਹਾਂ ਜਿੰਨਾ ਚਿਰ ਮਰਜ਼ੀ।ਪੂਨੀਆਂ ਵਾਲੇ 24 ਅਕਤੂਬਰ ਦਾ ਸਾਹਾ ਦੇ ਗਏ। ਸਾਡੇ ਘਰ ’ਤੇ ਸਿੰਘ-ਸਭੀਆਂ ਦੇ ਸਮਾਜ ਸੁਧਾਰ ਦਾ ਅਸਰ ਤਾਂ ਪਹਿਲਾਂ ਹੀ ਸੀ ਤੇ ਮੈਂ ਵੀ ਉਸ ਅਸਰ ਤੋਂ ਬਚਿਆ ਹੋਇਆ ਨਹੀਂ ਸਾਂ।ਉਪਰੋਂ ਗੁਰਬਖਸ਼ ਸਿੰਘ ਪ੍ਰੀਤ-ਲੜੀ ਦੇ ਪ੍ਰੀਤ-ਫਲਸਫੇ ਦਾ ਡੰਗਿਆ ਹੋਇਆ ਵੀ ਸਾਂ। ਬਸ ਸਾਦੇ ਤੋਂ ਸਾਦਾ ਵਿਆਹ ਕਰਨ ਦਾ ਐਲਾਨ ਕਰ ਦਿੱਤਾ। ਸਿੰਘ-ਸਭੀਆਂ ਵਾਲੀ ਅੜੀ ਮੇਰੇ ਵਿਚ ਨਹੀਂ ਸੀ। ਇਸ ਲਈ ਕੁੜੀ ਦੇ ਮਾਪਿਆਂ ਦੀ ਇਹ ਗੱਲ ਮੰਨ ਲਈ ਕਿ ਜਨੇਤ ਇੱਕ ਰਾਤ ਰੱਖਣਗੇ ਤੇ ਵਿਆਹ ਬੇਦੀ ਰੀਤਾਂ ਅਨੁਸਾਰ ਕਰਨਗੇ।ਪੂਨੀਆਂ ਵਾਲਾ ਬਜ਼ੁਰਗ ਸਨਾਤਨੀ ਸੀ, ਉਹ ਬੇਦੀ-ਵਿਆਹ ਕਰਨਾ ਚਾਹੁੰਦਾ ਸੀ।ਸਾਡੇ ਵੱਲੋਂ ਕੋਈ ਉਜ਼ਰ ਨਹੀਂ ਸੀ।ਮੈਨੂੰ ਤਾਂ ਕੀ ਹੋਣਾ ਸੀ ? ਮੇਰੇ ਲਈ ਵਿਆਹ ਤਾਂ ਦੋ ਦਿਲਾਂ ਦਾ ਮੇਲ ਸੀ।ਸਰੀਰਾਂ ਨੂੰ ਗ੍ਰੰਥ ਦੁਆਲੇ ਘੁਮਾ ਦਿੱਤਾ ਜਾਂ ਅਗਨੀ ਦੁਆਲੇ ਕੀ ਫਰਕ ਪੈਂਦਾ ਸੀ ? ਬੇਦੀ-ਵਿਆਹ ਵਿਚ ਆਪਣਾ ਹੀ ਇੱਕ ਰੁਮਾਂਸ ਹੁੰਦਾ ਹੈ, ਜਿਹੜਾ ਅਨੰਦ-ਵਿਆਹ ਵਿਚੋਂ ਗ਼ਾਇਬ ਹੁੰਦਾ ਹੈ। ਬੇਦੀ ਵਿਆਹ ਵਿਚ ਮੁੰਡੇ ਕੁੜੀ ਦੀ ਪੂਰੀ ਸ਼ਮੂਲੀਅਤ ਹੁੰਦੀ ਹੈ। ਜਿਹਨੂੰ ਮੈਂ ਆਪਣੇ ਸੁਪਨਿਆਂ ਦੀ ਰਾਣੀ ਪਹਿਲਾਂ ਹੀ ਬਣਾ ਚੁੱਕਾ ਸਾਂ, ਜਦੋਂ



ਉਹਨੂੰ ਸਾਲੂਆਂ ਵਿਚ ਲਪੇਟੀ ਨੂੰ ਮੇਰੇ ਕੋਲ ਹੀ ਪੀੜ੍ਹੀ ਜਿਹੀ ’ਤੇ ਹਵਨ ਕੁੰਡ ਦੇ ਸਾਹਮਣੇ ਬੈਠਾ ਦਿੱਤਾ, ਤਾਂ ਮੈਂ ਮਹਿਸੂਸ ਕੀਤਾ ਹੁਣ ਆਪਣੇ ਸ੍ਵੈ ਨੂੰ ਇਸ ਹਵਨ ਕੁੰਡ ਵਿਚ ਆਹੂਤੀ ਦੇ ਕੇ ਖਤਮ ਕਰ ਦੇਣ ਦਾ ਸਮਾਂ ਆ ਗਿਆ ਹੈ, ਉਹਦੇ ਲਈ ਵੀ ਤੇ ਮੇਰੇ ਲਈ ਵੀ। ਸੰਸਕ੍ਰਿਤ ਵਿਚ ਉਚਾਰੇ ਗਏ ਸਲੋਕਾਂ ਦੇ ਅਰਥਾਂ ਦਾ ਨਾ ਮੈਨੂੰ ਪਤਾ ਸੀ ਨਾ ਉਹਨੂੰ।ਜਦੋਂ ਪੰਡਤ ਨੇ ਆਹੂਤੀ ਪਾਉਣ ਲਈ ਲੱਕੜੀ ਦੀ ਇੱਕ ਕੜਛੀ ਜਿਹੀ ਸਾਡੇ ਦੋਹਾਂ ਦੇ ਜੁੜੇ ਹੱਥਾਂ ਵਿਚ ਫੜਾ ਦਿੱਤੀ ਤੇ ਸਵਾਹਾ ਦਾ ਸ਼ਬਦ ਉਚਰਨ ਦੇ ਨਾਲ ਹੀ ਅਸਾਂ ਦੋਹਾਂ ਨੇ ਅਹੂਤੀ ਅਗਨ ਕੁੰਡ ਵਿਚ ਪਾ ਦਿੱਤੀ ਤਾਂ ਮੈਂ ਮਹਿਸੂਸ ਕੀਤਾ, ਹਰਬਖ਼ਸ਼ ਨਾਂ ਦਾ ਬੰਦਾ ਅੱਜ ਖਤਮ ਹੋ ਗਿਆ ਹੈ। ਜੋ ਇਸ ਅਗਨ ਕੁੰਡ ਵਿਚੋਂ ਪੈਦਾ ਹੋਵੇਗਾ ਉਹ ਦੋਹਾਂ ਦਾ ਸਾਂਝਾ ਰੂਪ ਹੋਵੇਗਾ।ਉਸ ਦਾ ਨਾਂ ਹਰਬਖ਼ਸ਼ ਹੋਵੇ ਜਾਂ ਕੁੱਝ ਹੋਰ ਕੀ ਫਰਕ ਪੈਂਦਾ ਹੈ ? ਜੋ ਕੁੱਝ ਵੀ ਹੋਵੇਗਾ ਉਸ ਵਿਚ ਉਸਦਾ ਅੱਧ ਸਦਾ ਸਲਾਮਤ ਰਹੇਗਾ, ਜਿਹਦੇ ਹੱਥਾਂ ਨਾਲ ਮੇਰੇ ਹੱਥਾਂ ਨੇ ਜੁੜ ਕੇ ਆਹੂਤੀ ਪਾਈ ਹੈ।ਵਿਆਹ ਸੰਪੂਰਨ ਹੋ ਗਿਆ। ਜੰਞ ਦੀ ਵਾਪਸੀ ’ਤੇ ਮੈਂ ਆਪਣੀ ਅਰਧੰਗਣੀ ਨੂੰ ਡੋਲੀ ਵਿਚ ਬੈਠਾ ਕੇ ਆਪਣੇ ਪਿੰਡ ਲੈ ਆਇਆ।ਇੱਕ ਰਾਤ ਉਹ ਮੇਰੇ ਘਰ ਵਿਚ ਰਹੀ।ਮੈਂ ਉਹਦੇ ਨਾਲ ਗੱਲਾਂ ਤਾਂ ਕੀ ਕਰ ਸਕਣੀਆਂ ਸਨ, ਉਹਦਾ ਮੂੰਹ ਵੀ ਦੇਖ ਨਾ ਸਕਿਆ।ਉਹਦੇ ਨਾਲ ਆਈ ਨਾਇਣ ਪਰਛਾਵੇਂ ਵਾਂਗ ਉਹਦੇ ਨਾਲ ਹੀ ਰਹੀ।ਬੱਸ ਉਹਦੀ ਅਵਾਜ਼ ਹੀ ਕੰਨੀਂ ਪਈ, ਸੁਰੀਲੀ ਬੰਸਰੀ ਵਰਗੀ ਅਵਾਜ਼।ਇੰਨਾ ਪਤਾ ਲੱਗਾ ਕਿ ਉਹਦਾ ਨਾਉਂ ਜੀਤੋ ਸੀ।ਉਹ ਅਗਨ ਕੁੰਡ ਵਿਚ ਆਪਾ ਮਿਟਾ ਕੇ ਮੁੜ ਸੁਰਜੀਤ ਹੋਈ ਸੀ, ਇਸ ਲਈ ਉਹ ਮੇਰੇ ਲਈ ਸੁਰਜੀਤ ਬਣ ਗਈ॥

ਵਹੁਟੀ ਤਾਂ ਕੁੜੇ ਚੰਦ ਦਾ ਟੁਕੜਾ
ਰੂਪ ਚੜ੍ਹਿਆ ਕਿਤੇ ਵਹੁਟੀ ਨੂੰ !

ਇੰਨੀ ਸੁਹਣੀ ਕੁੜੇ ! ਸਾਡੇ ਪਿੰਡ ਵਿਚ ਕੋਈ ਨਹੀਂਬਸੰਤ ਕੌਰੇ ! ਤੂੰ ਤਾਂ ਪਿਛਲੇ ਜਨਮ ’ਚ ਮੋਤੀ ਪੁੰਨ ਕੀਤੇ ਹੋਣੇ, ਜੋ ਤੈਨੂੰ ਇੰਨੀ ਸੁਹਣੀ ਨੋਂਹ ਮਿਲ ਗਈ।ਹਵਾ ਵਿਚ ਤੈਰਦੇ ਇਹ ਛੋਟੇ ਛੋਟੇ ਵਾਕ ਮੇਰੇ ਕੰਨਾਂ ਵਿਚ ਸ਼ਹਿਦ ਘੋਲੀ ਜਾ ਰਹੇ ਸਨ॥ਸੂਰਤ ਦੀ ਤਾਂ ਉਹ ਸੁਹਣੀ ਸੀ ਹੀ, ਉਹਦੀ ਸੀਰਤ ਨੇ ਪਹਿਲੇ ਦਿਨ ਹੀ ਮੇਰੇ ਮਨ ਨੂੰ ਮੋਹ ਲਿਆ।ਮੈਂ ਤਾਂ ਰਸਮਾਂ ਰੀਤਾਂ ਲਈ ਬਹੁਤਾ ਉਤਸ਼ਾਹਿਤ ਨਹੀਂ ਸਾਂ। ਪਰ ਕੁੱਝ ਆਪਣੇ ਹੀ ਖਹਿੜੇ ਪਏ ਹੋਏ ਸਨ ਕਿ ਕੰਗਣਾ ਖੇਲਣ/ਖੋਲ੍ਹਣ ਦੀ ਰਸਮ ਜ਼ਰੂਰ ਕਰਨੀ ਹੈ।ਇੱਕ ਦੋਂਹ ਨੇ ਜ਼ਰਾ ਸ਼ੁਗ਼ਲ ਲਈ ਮੇਰੇ ਹੱਥ ਨੂੰ ਕੰਗਣਾ ਅਜੇਹੇ ਢੰਗ ਨਾ ਬੰਨ੍ਹਿਆਂ ਕਿ ਉਹਦੀਆਂ ਗੰਢਾਂ ਹੱਥਾਂ ਨਾਲ ਤਾਂ ਕੀ ਦੰਦਾਂ ਨਾਲ ਵੀ ਖੁੱਲ੍ਹ ਨਾ ਸਕਣ।ਮੈਂ ਵੀ ਉਨ੍ਹਾਂ ਦੇ ਬਹਿਕਾਵੇ ਵਿਚ ਆ ਗਿਆ।ਸੋਚਿਆ ਚਲੋ ਇੰਦਾਂ ਹੀ ਸਹੀ ਉਹਦੇ ਹੱਥਾਂ ਦੀ ਛੋਹ ਤਾਂ ਕੁੱਝ ਚਿਰ ਲਈ ਪ੍ਰਾਪਤ ਹੋ ਜਾਵੇਗੀ। ਇੱਕ ਪਰਾਤ ਕੱਚੀ ਲੱਸੀ ਨਾਲ ਭਰੀ ਹੋਈ ਸਾਡੇ ਵਿਚਾਲੇ ਪਈ ਸੀ।ਅਸੀਂ ਦੋਵੇਂ ਪੀਹੜੀਆਂ ਉੱਤੇ ਬੈਠੇ ਸਾਂ।ਪਹਿਲਾਂ ਕੱਚੀ ਲੱਸੀ ਵਿਚ ਸੁੱਟਿਆ ਕੋਈ ਸਿੱਕਾ ਲੱਭਣ ਦਾ ਮੁਕਾਬਲਾ ਸੀ।ਦੋ ਵਾਰ ਉਹਨੇ ਮੈਥੋਂ ਪਹਿਲਾਂ ਹੀ ਸਿੱਕਾ ਚੁੱਕ ਆਪ ਹੀ ਛੱਡ ਦਿੱਤਾ ਤੇ ਇਸ ਤਰ੍ਹਾਂ ਆਪ ਹਾਰ ਕੇ ਮੇਰੀ ਜਿੱਤ ਵਿਚ ਸਹਾਈ ਹੋਈ।ਫੇਰ ਉਹਨੇ ਪਹਿਲਾਂ ਮੇਰਾ ਕੰਗਣਾ ਖੋਲ੍ਹਣਾ ਸੀ।ਉਹਨੇ ਕੁੱਝ ਪਲਾਂ ਵਿਚ ਆਪਣੀਆਂ ਫਲੀਆਂ ਵਰਗੀਆਂ ਉਂਗਲੀਆਂ ਨਾਲ ਕੰਗਣਾ ਖੋਲ੍ਹ ਕੇ ਸਭ ਨੂੰ ਹੈਰਾਨ ਕਰ ਦਿੱਤਾ।ਜਦੋਂ ਮੇਰੀ ਵਾਰੀ ਆਈ ਤਾਂ ਮੇਰੀਆਂ ਉਗਲਾਂ ਕੰਮ ਹੀ ਨਾ ਕਰਨ।ਉਹਨੇ ਆਪ ਹੀ ਦੂਜੇ ਹੱਥ ਨਾਲ ਖਿੱਚ ਕੇ ਕੰਗਣਾ ਢਿੱਲਾ ਕਰ ਦਿੱਤਾ। ਮੈਂ ਅਸਾਨੀ ਨਾਲ ਖੋਲ੍ਹ ਕੇ ਕੰਗਣਾ ਉਹਦੇ ਹੱਥ ਫੜਾ ਦਿੱਤਾ।ਮੇਰੀ ਜਿੱਤ ਦੇਖ ਕੇ ਮੇਰੇ ਪਾਸੇ ਦਿਆਂ ਨੇ ਖਿੜ ਕਿੱਲੀ ਪਾ ਦਿੱਤੀ। ਇਹ ਤਾਂ ਮੈਂ ਹੀ ਜਾਣਦਾ ਸਾਂ ਕਿ ਉਹਨੇ ਆਪ ਗਵਾਈਏ ਤਾਂ ਸ਼ਹੁ ਪਾਈਏ ਵਾਲੇ ਕਥਨ ਤੇ ਚਲਦਿਆਂ ਮੇਰੇ ਦਿਲ ਤੇ ਆਪਣੀ ਜਿੱਤ ਦੀ ਮੋਹਰ ਲਾ ਦਿੱਤੀ ਸੀ। ਫੇਰ ਸਾਨੂੰ ਦੋਹਾਂ ਨੂੰ ਮੱਥਾ ਟੇਕਣ ਗੁਰਦੁਆਰੇ ਲੈ ਜਾਣਾ ਸੀ।ਗੁਰਦੁਆਰਾ ਸਾਡੇ ਘਰ ਦੇ ਕੋਲ ਹੀ ਸੀ।ਜਦੋਂ ਸਾਨੂੰ ਦੋਹਾਂ ਨੂੰ ਗੁਰਦੁਆਰੇ ਲੈ ਕੇ ਗਏ ਤਾਂ ਨਿਹੰਗ ਗੁਰਮੁਖ ਸਿੰਘ ਸਾਨੂੰ ਆਉਂਦੇ ਦੇਖਦਿਆਂ ਹੀ ਗੁਰਦੁਆਰੇ ਨੂੰ ਜੰਦਰਾ

ਲਾ ਕੇ ਖਿਸਕ ਗਿਆ। ਗੁਰੂ ਘਰ ਦਾ ਕੋਈ ਵਜ਼ੀਰ ਦਿਲ ਵਿਚ ਇੰਨਾ ਕੀਨਾ ਰੱਖ ਸਕਦਾ ਸੀ ਇਹ ਮੈਂ ਪਹਿਲੀ ਵਾਰ ਦੇਖਿਆ ਸੀ। ਚੰਗੇ ਭਾਗਾਂ ਨੂੰ ਦੂਜਾ ਗੁਰਦੁਆਰਾ ਵੀ ਨੇੜੇ ਹੀ ਸੀ, ਸੋ ਬਜ਼ੁਰਗਾਂ ਦੀ ਖ਼ੁਸ਼ੀ ਲਈ ਉੱਥੇ ਜਾ ਕੇ ਮੱਥਾ ਟੇਕ ਆਏ। ਹੋਰ ਕੁੱਝ ਚਿਰ ਨੂੰ ਉਹਨੂੰ ਤੋਰਨ ਦਾ ਸਮਾਂ ਆ ਜਾਣਾ ਸੀ। ਮੈਂ ਸੋਚਦਾ ਸਾਂ, ਜਿਨ੍ਹਾਂ ਨੇ ਸਾਰੀ ਉਮਰ ਇਕੱਠਿਆਂ ਲੰਘਾਉਣੀ ਹੈ ਉਨ੍ਹਾਂ ਨੂੰ ਮੌਕਾ ਤਾਂ ਮਿਲਣਾ ਚਾਹੀਦਾ ਹੈ, ਇੱਕ ਦੂਜੇ ਨੂੰ ਜਾਣਨ ਦਾ, ਨਾ ਤਾਂ ਮੇਰੇ ਵਿਚ ਹੀ ਇੰਨੀ ਹਿੰਮਤ ਸੀ ਕਿ ਅਜੇਹੀ ਮੰਗ ਕਰ ਸਕਦਾ, ਨਾ ਮੇਰੀ ਇਹ ਮੰਗ ਕਿਸੇ ਨੇ ਮੰਨਣੀ ਸੀ। ਹੋਰ ਹੁਣ ਕੀ ਹੋ ਸਕਦਾ ਸੀ ? ਮੈਂ ਇੱਕ ਦਰਜਨ ਲਿਫਾਫੇ ਡਾਕਖ਼ਾਨੇ ਤੋਂ ਲੈ ਆਇਆ ਤੇ ਨਾਲ ਹੀ ਚਿੱਠੀਆਂ ਲਿਖਣ ਲਈ ਇੱਕ ਹਲਕੇ ਨੀਲੇ ਸਫ਼ਿਆਂ ਵਾਲਾ ਪੈਡ। ਮੈਂ ਸਾਰੇ ਲਿਫਾਫਿਆਂ 'ਤੇ ਆਪਣਾ ਕਾਲਜ ਦਾ ਸਰਨਾਮਾ ਲਿਖ ਦਿੱਤਾ। ਇਹ ਚੀਜ਼ਾਂ ਉਹਨੂੰ ਦੇਣ ਲਈ ਮੈਂ ਅੱਖ ਬਚਾ ਕੇ ਉਹਦੇ ਨਾਲ ਆਈ ਨਾਇਣ ਦੇ ਹਵਾਲੇ ਕਰ ਦਿੱਤੀਆਂ, ਸੋਚਿਆ ਸੀ, ਉਹ ਮੈਨੂੰ ਪੱਤਰ ਲਿਖੇਗੀ, ਮੈਂ ਉਹਨੂੰ ਲਿਖਾਂਗਾ। ਇਸ ਤਰ੍ਹਾਂ ਦੂਰ ਰਹਿੰਦੇ ਹੋਏ ਵੀ ਦਿਲਾਂ ਦੇ ਨੇੜੇ ਹੋ ਜਾਵਾਂਗੇ। ਮੈਂ ਵਾਪਸ ਕਾਲਜ ਆ ਗਿਆ। ਉਹ ਚਿੱਠੀਆਂ ਲਿਖਦੀ ਰਹੀ, ਮੈਂ ਜਵਾਬ ਲਿਖਦਾ ਰਿਹਾ। ਇਹ ਸਿਲਸਿਲਾ ਤਿੰਨ ਕੁ ਮਹੀਨੇ ਚਲਦਾ ਰਿਹਾ। ਚਿੱਠੀਆਂ ਵਿਚੋਂ ਜਿਹੜੀ ਉਹਦੀ ਤਸਵੀਰ ਉਭਰੀ ਸੀ, ਉਹ ਬਹੁਤ ਭੋਲੀ ਭਾਲੀ, ਵਲ਼-ਛੱਲ ਰਹਿਤ, ਪਤੀ ਸਮਰਪਿਤ ਕੁੜੀ ਦੀ ਸੀ। ਸਕੂਲ ਤਾਂ ਉਹ ਗਈ ਨਹੀਂ ਸੀ। ਘਰ ਵਿਚ ਹੀ ਗੁਰਮੁਖੀ ਲਿਖਣੀ ਸਿੱਖ ਗਈ ਸੀ। ਮੈਂ ਖ਼ੁਸ਼ ਸਾਂ ਕਿ ਇਹੋ ਜਿਹੀ ਕੁੜੀ ਨੂੰ ਹੀ ਮੈਂ ਆਪਣੇ ਵਿਚਾਰਾਂ ਦੀ ਕੁਠਾਲੀ ਵਿਚ ਢਾਲ਼ ਕੇ ਆਪਣੇ ਵਰਗੀ ਬਣਾ ਸਕਦਾ ਸਾਂ। ਚਿੱਠੀਆਂ ਉਹਦੀਆਂ ਸਿੱਧੀ-ਸਾਦੀ ਪੇਂਡੂ ਕੁੜੀ ਦੀਆਂ ਸਿੱਧੀਆਂ ਸਾਦੀਆਂ ਸਨ॥

ਤੁਸੀਂ ਮੈਨੂੰ ਕਦੀ ਭੁਲਦੇ ਨਹੀਂ, ਤੁਹਾਡੀ ਸ਼ਕਲ ਅੱਖਾਂ ਸਾਹਮਣੇ ਰਹਿੰਦੀ ਹੈ।ਰੱਬ ਤੁਹਾਨੂੰ ਸਦਾ ਤੰਦਰੁਸਤ ਰੱਖੇ।ਮੇਰੀ ਉਮਰ ਵੀ ਤੁਹਾਨੂੰ ਲੱਗ ਜਾਵੇ।ਕੁੱਝ ਇਹੋ ਜਿਹੇ ਵਾਕਾਂ ਨਾਲ ਉਹਦੀਆਂ ਚਿੱਠੀਆਂ ਭਰੀਆਂ ਹੁੰਦੀਆਂ ਸਨ। ਮੇਰੇ ਉੱਤੇ ਪ੍ਰੀਤ-ਲੜੀ ਦੀ ਜੀਵਨ-ਜਾਚ ਦਾ ਪ੍ਰਭਾਵ ਚੋਖਾ ਪੈ ਚੁੱਕਾ ਸੀ। ਉਹੀ ਬਹੁ ਬਚਨੀ ਸੰਬੋਧਨੀ ਸ਼ਬਦਾਵਲੀ ! ਜੀ ! ਜੀ ! ਤੁਸੀਂ ਜੀਸੁਰਜੀਤ ਜੀ ਨਾਲ ਭਰੀਆਂਪਿਆਰ ਕਬਜ਼ਾ ਨਹੀਂ ਪਛਾਣ ਹੈ, ਦਾ ਸੁਨੇਹਾ ਦਿੰਦੀਆਂ ਚਿੱਠੀਆਂ ਮੈਂ ਉਹਨੂੰ ਲਿਖਦਾ ਰਿਹਾ ਤੇ ਨਾਲ ਹੀ ਚੰਗੇਰੇ ਜੀਵਨ ਲਈ ਜੀਵਨ-ਚੰਗਿਆੜੀ ਨੂੰ ਭਖਦੀ ਰੱਖਣ ਦਾ ਉਪਦੇਸ਼ ਦਿੰਦਾ ਰਿਹਾ। ਬੱਸ ਉਹਨੂੰ ਆਪਣੇ ਰੰਗ ਯਾਅਨੀ ਕਿ ਪ੍ਰੀਤ-ਰੰਗ ਵਿਚ ਰੰਗਣ ਦੀ ਲਿੱਲ੍ਹ ਲੱਗੀ ਹੋਈ ਸੀ।

ਇਹੋ ਜਿਹੀਆਂ ਚਿੱਠੀਆਂ ਲਿਖਣ ਲਈ ਬਹੁਤਾ ਸਮਾਂ ਨਾ ਮਿਲਿਆ। 1950 ਦੇ ਫਰਵਰੀ ਮਹੀਨੇ ਦੇ ਅਰੰਭ ਵਿਚ ਹੀ ਕਾਲਜ ਦਾ ਖਰਚ ਕਿਸੇ ਪਾਸਿਉਂ ਵੀ ਮਿਲ ਸਕਣ ਦੀ ਆਸ ਮੁੱਕ ਜਾਣ ਕਰਕੇ ਮੈਨੂੰ ਪੜ੍ਹਾਈ ਵਿੱਚੇ ਛੱਡ ਕੇ ਘਰ ਵਾਪਸ ਆਉਣਾ ਪੈ ਗਿਆ। ਪੂਨੀਆਂ ਵਾਲਿਆਂ ਨੂੰ ਜਦੋਂ ਪਤਾ ਲੱਗਾ ਤਾਂ ਉਹ ਖ਼ੁਸ਼ ਹੀ ਹੋਏ ਤੇ ਉਨ੍ਹਾਂ ਮੁਕਲਾਵਾ ਦੇਣ ਦਾ ਸੁਨੇਹਾ ਭੇਜ ਦਿੱਤਾ। ਇਸ ਤਰ੍ਹਾਂ ਮੇਰੇ ਸੁਪਨਿਆਂ ਦੀ ਰਾਣੀ ਮੇਰੀ ਸੁਰਜੀਤ ਮਾਰਚ ਮਹੀਨੇ ਦੇ ਅਰੰਭ ਵਿਚ ਇੱਕ ਮਹੀਨੇ ਲਈ ਮੇਰੇ ਕੋਲ ਆ ਗਈ। ਉਹਦੀ ਪਿਆਰੀ ਸੂਰਤ ਪਹਿਲੀ ਵਾਰ ਦੇਖੀ ਤਾਂ ਦੇਖਦਾ ਹੀ ਰਹਿ ਗਿਆ। ਉਸ ਵਰਗੀ ਹੋਰ ਕੋਈ ਕੁੜੀ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਨਹੀਂ ਦੇਖੀ। ਉਹਦੇ ਸ਼ਹਿਦ-ਮਿੱਠੇ ਬੋਲਾਂ ਤੇ ਉਹਦੇ ਮਨਮੋਹਣੇ ਸੁਭਾ ਨੇ ਸਾਡੇ ਸਾਰੇ ਟੱਬਰ ਦੇ ਦਿਲ ਤਾਂ ਮੋਹ ਹੀ ਲਏ ਸਨ, ਕੁੱਝ ਦਿਨਾਂ ਵਿਚ ਹੀ ਉਹਦੀ ਕੀਰਤੀ ਸਾਰੇ ਪਿੰਡ ਵਿਚ ਫੈਲ ਗਈ। ਉਹ ਰਾਤ ਜਿਸਦੀ ਉਡੀਕ ਹਰ ਕੁੜੀ ਮੁੰਡੇ ਨੂੰ ਹੁੰਦੀ ਹੈ, ਉਹ ਰਾਤ ਜਿਸਨੂੰ ਸੁਹਾਗ-ਰਾਤ ਕਹਿੰਦੇ ਹਨ, ਕਿਹੋ ਜਿਹੀ ਰਹੀ ? ਉਸ ਵੇਲੇ ਤੱਕ ਮੈਨੂੰ ਕਿਸੇ ਕੁੜੀ ਦੀ ਛੋਹ ਤਾਂ ਕੀ ਪ੍ਰਾਪਤ ਹੋਣੀ ਸੀ, ਬੋਲ ਸਾਂਝੇ ਕਰਨ ਦੀ ਹਿੰਮਤ ਵੀ ਨਹੀਂ ਹੋਈ ਸੀ। ਕਵੀ ਰਾਜ ਹਰਨਾਮ ਦਾਸ ਦਾਹਦਾਇਤ ਨਾਮਹ ਖਾਵੰਦ। ਆਪ ਤਾਂ ਉਹਦੇ ਆਉਣ ਤੋਂ ਪਹਿਲਾਂ ਹੀ ਪੜ੍ਹ ਚੁੱਕਾ ਸਾਂ। ਉਹਦੇ ਲਈ ਹਦਾਇਤ ਨਾਮਹ ਬੀਵੀਵੀ ਲਿਆ ਕੇ ਰੱਖਿਆ ਹੋਇਆ ਸੀ। ਕਵੀ ਰਾਜ ਹਰਨਾਮ ਦਾਸ ਦੀਆਂ



ਸਾਰੀਆਂ ਗੱਲਾਂ ਸੱਚ ਸਮਝ ਕੇ ਪੱਲੇ ਬੰਨ੍ਹੀਆਂ ਹੋਈਆਂ ਸਨ। ਚਿੱਠੀਆਂ ਨੇ ਇੰਨਾ ਕੰਮ ਜ਼ਰੂਰ ਕਰ ਦਿੱਤਾ ਸੀ ਕਿ ਉਹਦੇ ਕੋਲ ਜਾਣ ਤੇ ਗੱਲਾਂ ਕਰਨ ਦੀ ਝਿਜਕ ਨਹੀਂ ਸੀ। ਉਹਨੂੰ ਵੀ ਸ਼ਾਇਦ ਇਵੇਂ ਹੀ ਲੱਗਦਾ ਹੋਵੇ ਕਿ ਅੱਜ ਉਹ ਆਪਣੇ ਮਹਿਰਮ ਨੂੰ ਹੀ ਮਿਲਣ ਲੱਗੀ ਹੈ। ਘਰ ਦਾ ਕਮਰਾ ਤਾਂ ਇੱਕ ਹੀ ਸੀ, ਜਿਹਦੇ ਤਾਕੀਆਂ ਦਰਵਾਜ਼ੇ ਝੀਤਾਂ ਵਾਲੇ ਸਨ। ਦੱਬੀ ਜੀਭ ਤੋਂ ਕੱਢੀ ਅਵਾਜ਼ ਵੀ ਬਾਹਰ ਸੁਣਦੀ ਸੀ। ਅਜੇਹੇ ਵਾਤਾਵਰਣ ਵਿਚ ਪਹਿਲੇ ਮੇਲ ਦਾ ਰੁਮਾਂਸ ਤਾਂ ਉੱਡ ਜਾਂਦਾ ਹੈ। ਸਹਿਮਿਆਂ ਸਹਿਮਿਆਂ ਮੈਂ ਦੱਬੇ ਪੈਰੀਂ ਉਹਦੇ ਮੰਜੇ ਕੋਲ ਗਿਆ ਤੇ ਕਿਹਾ:-ਸੁਰਜੀਤ ਜੀ ! ਤੁਸੀਂ ਮੇਰੇ ਘਰ ਨੂੰ ਆਪਣੀ ਪੈਰ-ਛੋਹ ਨਾਲ ਪਵਿਤਰ ਕੀਤਾ ਇਸ ਲਈ ਤੁਹਾਡਾ ਸ਼ੁਕਰੀਆ।ਅਨ੍ਹੇਰੇ ਵਿਚ ਨਾ ਉਹ ਦਿੱਸਦੀ ਸੀ, ਨਾ ਉਹਦਾ ਚਿਹਰਾ, ਬੱਸ ਬੰਸਰੀ ਦੀ ਸੁਰ ਵਰਗੀ ਮੱਧਮ ਅਵਾਜ਼ ਸੁਣੀ:-

ਜੀਅ।'

ਤੁਸੀਂ ਠੀਕ ਹੋ, ਹੋਰ ਸਾਰੇ ਠੀਕ ਸਨ ?ਹਾਂ ਜੀ !ਮੈਂ ਉਹਦੇ ਮੰਜੇ ਦੀ ਹੀਂਅ ਤੇ ਬੈਠ ਗਿਆ। ਉਹ ਵੀ ਮੇਰੇ ਵਾਂਗ ਹੀ ਬੈਠੀ ਸੀ। ਉਹਨੇ ਉੱਠ ਕੇ ਮੇਰੇ ਪੈਰੀਂ ਹੱਥ ਲਾਏ, ਮੈਂ ਫੜ ਕੇ ਉਹਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ, ਸੁਰਜੀਤ ਜੀ ! ਤੁਹਾਡੀ ਥਾਂ ਮੇਰੇ ਪੈਰਾਂ ਵਿਚ ਨਹੀਂ, ਮੇਰੇ ਦਿਲ ਵਿੱਚ ਹੈ। ਫੇਰ ਹਿਦਾਇਤਨਾਮੇ ਦੀਆਂ ਸਾਰੀਆਂ ਹਦਾਇਤਾਂ ਭੁੱਲ ਗਈਆਂ। ਮੇਰੇ ਹੱਥਾਂ ਦੀਆਂ ਹਰਕਤਾਂ ਦੇ ਜਵਾਬ ਵਿਚ ਉਹਨੇ ਕਿਹਾ, ਜੀ ! ਮੈਂ ਬੀਮਾਰ ਆਂ।ਮੈਨੂੰ ਉਦੋਂ ਕਿਹੜਾ ਪਤਾ ਸੀ ਕਿ ਕਿਸੇ ਕੁੜੀ ਵਲੋਂ ਕਹੇ ਇਨ੍ਹਾਂ ਸ਼ਬਦਾਂ ਦੇ ਕੋਈ ਵਿਸ਼ੇਸ਼ ਅਰਥ ਵੀ ਹੁੰਦੇ ਹਨ। ਮੈਂ ਪੁੱਛਿਆ, ਕੀ ਗੱਲ ਹੈ ? ਬੁਖਾਰ ਹੈ ਕਿ ਸਿਰ ਦੁਖਦਾ ?ਉਹਨੇ ਇੰਨਾ ਹੀ ਕਿਹਾ, ਨਹੀਂ ਜੀ।ਇੰਨੇ ਚਿਰ ਨੂੰ ਪਤਾ ਨਹੀਂ ਕਿੱਥੋਂ ਕੋਈ ਡਰ ਜਿਹਾ ਦਿਮਾਗ ਵਿਚ ਆਇਆ ਤੇ ਮੈਂ ਕੁੱਝ ਠੰਢਾ ਜਿਹਾ ਤੇ ਸ਼ਰਮਿੰਦਾ ਜਿਹਾ ਹੋ ਕੇ, ਉਹਦੇ ਮੰਜੇ ਤੋਂ ਉਠ ਕੇ ਚੁੱਪ-ਚੁਪੀਤਾ ਆਪਣੇ ਮੰਜੇ 'ਤੇ ਆ ਬੈਠਾ। ਮੈਂ ਕਿੰਨਾ ਚਿਰ ਸੋਚਦਾ ਰਿਹਾ, ਪਤਾ ਨਹੀਂ ਕੀ ਹੋ ਗਿਆ ? ਮੇਰੇ ਵਿਚ ਜ਼ਰੂਰ ਕੋਈ ਨੁਕਸ ਹੋਣਾ।ਕੁੱਝ ਚਿਰ ਪਿੱਛੋਂ ਉਹਦੀ ਅਵਾਜ਼ ਕੰਨਾਂ ਨੇ ਸੁਣੀ, ਕੀ ਹੋਇਆ ਜੀ ? ਗੁੱਸੇ ਹੋ ਗਏ ?ਉਹਦੇ ਇਹ ਸ਼ਬਦ ਸੁਣਦਿਆਂ ਹੀ ਮੇਰੇ ਅੰਦਰੋਂ ਗੁਰਬਖਸ਼ ਸਿੰਘੀ ਆਦਰਸ਼ਪਿਆਰ ਕਬਜ਼ਾ ਨਹੀਂ ਪਛਾਣ ਹੈਜਾਗ ਪਿਆ। ਮੈਂ ਉਠ ਕੇ ਉਹਦੇ ਕੋਲ ਉਹਦੇ ਮੰਜੇ 'ਤੇ ਜਾ ਬੈਠਾ ਤੇ ਕਿਹਾ, ਆਪਣੀ ਜਾਨ ਨਾਲ ਵੀ ਕਦੀ ਕੋਈ ਗੁੱਸੇ ਹੁੰਦਾ ਹੈ ? ਉਂਜ ਹੀ ਪਤਾ ਨਹੀਂ, ਮੈਂ ਡਰ ਗਿਆ ਕਿ ਮੈਂ ਤੁਹਾਡੀ ਇੱਛਾ ਦੇ ਵਿਰੁੱਧ ਤਾਂ ਨਹੀਂ ਜਾ ਰਿਹਾ। ਬੱਸ ਸੋਚੀਂ ਪੈ ਗਿਆ। ਫੇਰ ਉਹਦੇ ਨਾਲ ਪੈ ਕੇ ਤੇ ਉਹਨੂੰ ਆਪਣੇ ਨਾਲ ਘੁੱਟ ਕੇ ਪਿਆਰ ਕਬਜ਼ਾ ਨਹੀਂ ਪਛਾਣ ਹੈਤੇ ਲੰਮਾ ਲੈਕਚਰ ਝਾੜ ਦਿੱਤਾ॥ਦੂਜੇ ਦਿਨ ਕਵੀ ਰਾਜ ਹਰਨਾਮ ਦਾਸ ਦੇ ਹਿਦਾਇਤਨਾਮੇ ਦੀਆਂ ਹਦਾਇਤਾਂ ਤੇ ਨਿਗਾਹ ਮਾਰੀ। ਉਹਨੇ ਲਿਖਿਆ ਸੀ, ਪਤੀ ਨੂੰ ਪਹਿਲੇ ਦਿਨ ਹੀ ਪਤਨੀ ਨਾਲ ਹਮਬਿਸਤਰ ਹੋਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ। ਇੱਕ ਦੋ ਦਿਨ ਉਹਨੂੰ ਆਪਣੇ ਭਰੋਸੇ ਵਿਚ ਲੈਣ 'ਤੇ ਉਸ ਨਾਲ ਖੁੱਲ੍ਹਣ ਦਾ ਯਤਨ ਕਰਨਾ ਚਾਹੀਦਾ ਹੈ। ਮਾਸਕ-ਧਰਮ ਦੇ ਦਿਨਾਂ ਵਿਚ ਤਾਂ ਉਹਦੇ ਬਿਲਕੁਲ ਨੇੜੇ ਨਹੀਂ ਜਾਣਾ ਚਾਹੀਦਾ।ਫੇਰ ਅਗਲੀਆਂ ਤਿੰਨ ਰਾਤਾਂ ਅਸੀਂ ਇਕੱਠੇ ਸੌਂਦੇ ਰਹੇ। ਇਨ੍ਹਾਂ ਤਿੰਨ ਰਾਤਾਂ ਵਿਚ ਮੈਂ ਉਹਦਾ ਤੇ ਉਹਦੇ ਸਰੀਰ ਦਾ ਇੰਨਾ ਕੁ ਵਾਕਫ਼ ਹੋ ਗਿਆ ਕਿ ਸਭ ਕੁੱਝ ਆਪਣਾ ਆਪਣਾ ਲੱਗਣ ਲੱਗ ਪਿਆ। ਆਪਣੇ ਆਪ ਤੋਂ ਸੰਗ-ਸੰਕੋਚ ਕਾਹਦੀ ? ਫੇਰ ਚੌਥੀ ਰਾਤ ਨੂੰ ਦੋਵੇਂ ਸਰੀਰ ਇੱਕ ਹੋ ਗਏ।

ਮਹੀਨਾ ਘੜੀਆਂ ਪਲ ਬਣ ਕੇ ਉੱਡ ਗਿਆ। ਉਹਦਾ ਪਿਉ ਆਇਆ ਤੇ ਉਹਨੂੰ ਲੈ ਗਿਆ। ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਸਰੀਰ ਵਿੱਚੋਂ ਮੇਰੀ ਆਤਮਾ ਉਹ ਨਾਲ ਹੀ ਲੈ ਗਿਆ ਹੋਵੇ। ਸਾਡੇ ਪੱਤਰਾਂ ਦਾ ਸਿਲਸਿਲਾ ਫੇਰ ਸ਼ੁਰੂ ਹੋ ਗਿਆ। ਉਨ੍ਹੀਂ ਦਿਨੀਂ ਬੰਗਿਆਂ ਵਿਚ ਅਮਰ ਨਾਥ ਗੌਤਮ ਨੇ ਟਾਈਪ ਸਿਖਾਉਣ ਦਾ ਸਕੂਲ ਖੋਲ੍ਹਿਆ ਹੋਇਆ ਸੀ। ਉੱਥੇ ਮੈਂ ਰੋਜ਼ ਟਾਈਪ ਸਿੱਖਣ ਜਾਂਦਾ ਸਾਂ। ਪੂਨੀਆਂ ਪਿੰਡ ਬੰਗਿਆਂ ਦੇ ਰੇਲਵੇ ਸਟੇਸ਼ਨ ਦੇ ਬਿਲਕੁਲ ਨੇੜੇ ਰੇਲਵੇ ਲਾਈਨ ਤੋਂ ਪਾਰ ਸੀ। ਆਪਣੀ

ਸੱਸ ਦਾ ਮੈਂ ਲਾਡਲਾ ਜੁਆਈ ਸਾਂ। ਉਹ ਲੱਗ ਪੱਗ ਹਰ ਰੋਜ਼ ਆ ਕੇ ਮੈਨੂੰ ਮਿਲ ਜਾਂਦੀ ਸੀ। ਮਾਂ-ਧੀ ਦੋਹਾਂ ਦੀ ਸਾਂਝ ਹੀ ਅਜੇਹੀ ਸੀ ਕਿ ਉਹ ਸੁਰਜੀਤ ਬਾਰੇ ਦੱਸ ਜਾਂਦੀ ਸੀ, ਉਹ ਤੈਨੂੰ ਬਹੁਤ ਚੇਤੇ ਕਰਦੀ ਹੈ, ਬੱਸ ਰੋਣ ਹੀ ਲੱਗ ਪੈਂਦੀ ਹੈ। ਰੋਜ਼ ਹੀ ਮੈਨੂੰ ਕਹਿੰਦੀ ਰਹਿੰਦੀ ਆ, ਜਾ ਕੇ ਮਿਲ ਆ, ਮੈਂ ਆ ਜਾਂਦੀ ਹਾਂ। ਕੀ ਕਰਾਂ ਪੁੱਤ, ਮੈਥੋਂ ਵੀ ਰਿਹਾ ਨਹੀਂ ਜਾਂਦਾ, ਆ ਹੋ ਜਾਂਦਾ। ਮੇਰਾ ਕਿਹੜਾ ਕੋਈ ਢਿੱਡੋਂ ਜੰਮਿਆਂ ਪੁੱਤ ਆ, ਤੂੰ ਹੀ ਤਾਂ ਹੈਂ ਸਭ ਕੁੱਝ, ਮੈਂ ਤਾਂ ਤੇਰੇ ਬੋਲ ਸੁਣਨ ਨੂੰ ਤਰਸ ਜਾਂਦੀ ਆਂ। ਮੇਰਾ ਬੜਾ ਜੁਆਈ ਆ, ਉਹ ਤਾਂ ਅੜਬ ਬਹੁਤ ਆ, ਬੋਲਣ ਦਾ ਵੀ ਪਤਾ ਨਹੀਂ, ਤੇਰੇ ਬੋਲ ਸੁਣ ਕੇ ਤਾਂ ਪੁੱਤ ਦਿਲ ਨੂੰ ਠੰਢ ਪੈ ਜਾਂਦੀ ਆ। ਇਹੋ ਜਿਹੀਆਂ ਗੱਲਾਂ ਉਹ ਰੋਜ਼ ਹੀ ਕਰਦੀ ਸੀ। ਗੁਰਬਖਸ਼ ਸਿੰਘ ਪ੍ਰੀਤ-ਲੜੀ ਦੀਆਂ ਲਿਖਤਾਂ ਨੇ ਮੇਰੇ ਬੋਲਾਂ ਵਿਚ ਵਧੇਰੇ ਹੀ ਮਿੱਠਤ ਭਰ ਦਿੱਤੀ ਸੀ। ਉਹਦਾ ਅਸਰ ਪ੍ਰਤੱਖ ਦਿਸ ਰਿਹਾ ਸੀ॥ ਮੇਰੀ ਸੱਸ ਦਾ ਨਾਉਂ ਸੰਤੀ ਸੀ, ਸੁਹਣੀ ਸੁਨੱਖੀ, ਐਨ ਆਪਣੀ ਧੀ ਵਰਗੀ, ਪਰ ਪਤਲੀ ਪਤੰਗ ਤੇ ਉਮਰ ਦੇ ਅਸਰ ਨਾਲ ਚਿਹਰਾ ਝੁਰੜਾਇਆ ਹੋਇਆ। ਮੇਰੇ ਵਿਆਹ ਸਮੇਂ ਉਹਦੀ ਬੜੀ ਧੀ ਵਿਆਹੀ ਹੋਈ ਸੀ ਤੇ ਦੋ ਬੱਚੀਆਂ ਦੀ ਮਾਂ ਸੀ। ਉਹਦਾ ਪਤੀ ਅੜਬ ਜਿਹਾ ਅਨਪੜ੍ਹ ਜੱਟ ਸੀ। ਘਰ ਵਾਲੀ ਦੀ ਨਿਤ ਠੁਕਾਈ ਕਰਨੀ ਉਹਦੇ ਲਈ ਮਾਮੂਲੀ ਗੱਲ ਸੀ। ਇਹੀ ਕਾਰਨ ਸੀ ਕਿ ਮੇਰੀ ਸੱਸ ਮੈਨੂੰ ਬਹੁਤ ਪਿਆਰ ਕਰਦੀ ਸੀ॥

ਮਈ ਦਾ ਮਹੀਨਾ ਆ ਗਿਆ। ਮੇਰੀ ਮਾਂ ਦੇ ਦੰਦ ਖਰਾਬ ਹੋ ਗਏ ਸਨ। ਉਹਨੇ ਆਪਣੇ ਸਾਰੇ ਰਹਿੰਦੇ ਦੰਦ ਕਢਵਾ ਕੇ ਨਵਾਂ ਜਬਾੜਾ ਲੁਆਉਣਾ ਸੀ। ਘਰ ਵਿਚ ਉਹ ਇਕੱਲੀ ਸੀ। ਇੱਕ ਦਿਨ ਉਹ ਪੂਨੀਏ ਜਾ ਪੁੱਜੀ ਤੇ ਆਪਣੀ ਤਕਲੀਫ਼ ਉਨ੍ਹਾਂ ਨੂੰ ਦੱਸੀ ਤੇ ਕੁੜੀ ਨੂੰ ਭੇਜ ਦੇਣ ਲਈ ਕਿਹਾ। ਕੁੜੀ ਦੇ ਤਾਏ ਨੇ ਕਿਹਾ ਸਾਨੂੰ ਕੋਈ ਇਤਰਾਜ਼ ਨਹੀਂ, ਮੁੰਡਾ ਅਗਲੇ ਐਤਵਾਰ ਆ ਕੇ ਕੁੜੀ ਨੂੰ ਲੈ ਜਾਵੇ ਮੈਨੂੰ ਹੋਰ ਕੀ ਚਾਹੀਦਾ ਸੀ ? ਤੜਫਿਆ ਤਾਂ ਪਿਆ ਸਾਂ ਉਹਦੀ ਜੁਦਾਈ ਵਿਚ। ਮੈਂ ਸਨਿਚਰਵਾਰ ਰਾਤ ਨੂੰ ਉਹਨਾਂ ਦੇ ਘਰ ਜਾ ਪੁੱਜਾ। ਸਵੇਰੇ ਦਸ ਕੁ ਵਜੇ ਰੋਟੀ ਖਾਣ ਪਿੱਛੋਂ ਉਹਨੂੰ ਆਪਣੇ ਸਾਈਕਲ ਦੇ ਕੈਰੀਅਰ ਤੇ ਬੈਠਾ ਕੇ ਆਪਣੇ ਪਿੰਡ ਨੂੰ ਚੱਲ ਪਿਆ। ਉਹ ਕੁੱਝ ਉਦਾਸ ਜਿਹੀ ਲੱਗੀ। ਮੈਂ ਪੁੱਛ ਹੀ ਲਿਆ, ਕੀ ਗੱਲ ਆ ਸੁਰਜੀਤ ਜੀ ! ਤੁਸੀਂ ਉਦਾਸ ਕਿਉਂ ਹੋ ?ਉੱਦਾਂ ਤਾਂ ਜੀ ਕੁੱਝ ਨਹੀਂ, ਤੁਸੀਂ ਸੋਚਦੇ ਹੋਵੋਂਗੇ, ਤਰੌਜਾ ਲੈ ਕੇ ਚੱਲੀ ਆ ਕੀ ਦਿੱਤਾ ਇਨ੍ਹਾਂ ਨੇ, ਮੈਂ ਤਾਂ ਜੀ ਤੁਹਾਨੂੰ ਪਹਿਲਾਂ ਹੀ ਲਿਖਦੀ ਰਹੀ ਸੀ, ਇਨ੍ਹਾਂ 'ਤੋਂ ਮੈਨੂੰ ਕੋਈ ਆਸ ਨਹੀਂ। ਇਹ ਕਹਿ ਕੇ ਉਹ ਚੁੱਪ ਕਰ ਗਈ। ਗੱਲ ਇਹ ਸੀ ਕਿ ਉਹਦੇ ਬਾਪ ਨੇ ਦੂਜਾ ਵਿਆਹ ਕਰਵਾ ਲਿਆ ਸੀ। ਉਹਦੀ ਮਤਰੇਈ ਇੱਕ ਮੁੰਡੇ ਦੀ ਮਾਂ ਬਣ ਚੁੱਕੀ ਸੀ। ਉਹਦੀ ਮਰਜ਼ੀ ਬਿਨਾਂ ਘਰ ਵਿਚ ਪੱਤਾ ਵੀ ਨਹੀਂ ਹਿਲਦਾ ਸੀ। ਉਹਦੇ ਜਵਾਬ ਵਿਚ ਮੈਂ ਕਿਹਾ,ਇਹਦਾ ਮਤਲਬ ਤਾਂ ਇਹ ਹੋਇਆ ਕਿ ਤੁਸੀਂ ਹਾਲੀਂ ਮੈਨੂੰ ਪੂਰੀ ਤਰ੍ਹਾਂ ਸਮਝਿਆ ਹੀ ਨਹੀਂ। ਮੈਂ ਆਪਣੀ ਜਾਨ ਨੂੰ ਤਾਂ ਆਪਣੇ ਨਾਲ ਲਿਜਾ ਰਿਹਾ ਹਾਂ। ਹੋਰ ਮੈਨੂੰ ਕੀ ਚਾਹੀਦਾ ਹੈ ?

ਮੇਰੀ ਗੱਲ ਸੁਣਨ ਪਿੱਛੋਂ ਉਹਨੇ ਸਾਈਕਲ ਦੇ ਕੈਰੀਅਰ ਤੇ ਬੈਠੀ ਨੇ ਬੜੇ ਮੋਹ ਨਾਲ ਮੇਰੇ ਦੁਆਲੇ ਬਾਂਹ ਵਲ਼ ਲਈ॥ ਮਹੀਨਾ ਕੁ ਲੰਘ ਗਿਆ। ਉਹੀ ਇੱਕ ਮਹੀਨਾ ਸੀ ਜਿਸ ਵਿਚ ਅਸੀਂ ਅਸਲ ਜੀਵਨ ਜੀਵਿਆ ਸੀ। ਸਮਾਂ ਉਡਦਾ ਜਾ ਰਿਹਾ ਸੀ ਤੇ ਸਮੇਂ ਦੇ ਨਾਲ ਅਸੀਂ ਵੀ। ਪੈਰ ਧਰਤੀ ਤੇ ਹੀ ਨਹੀਂ ਲਗਦੇ ਸਨ। ਘਰ ਵਿਚ ਗ਼ਰੀਬੀ ਸੀ। ਤੰਗੀਆਂ ਤੁਰਸ਼ੀਆਂ ਸਨ ਕੁੱਝ ਵੀ ਨਹੀਂ ਦਿੱਸ ਰਿਹਾ ਸੀ। ਉਸ ਵੇਲ਼ੇ ਮੈਂ ਟਾਈਪ ਤਾਂ ਸਿੱਖਣ ਜਾਂਦਾ ਹੀ ਸਾਂ ਤੇ ਨਾਲ ਹੀ ਕਿਤੇ ਕੋਈ ਕੰਮ ਲੱਭਣ ਦੇ ਯਤਨ ਵਿਚ ਵੀ ਸਾਂ। ਪਰ ਫਿਕਰ ਨਾਂ ਦੀ ਕੋਈ ਚੀਜ਼ ਦਿੱਸਦੀ ਨਹੀਂ ਸੀ। ਜੀਵਨ ਵਿਚ ਜੋ ਚਾਹੀਦਾ ਸੀ ਉਹ ਤਾਂ ਮਿਲ ਗਿਆ ਸੀ। ਉਹ ਵੀ ਬਹੁਤ ਖ਼ੁਸ਼ ਰਹਿੰਦੀ ਸੀ। ਹਰ ਵੇਲੇ ਖਿੜੀ ਖਿੜੀ, ਘਰ ਦੇ ਸਾਰੇ ਕੰਮ ਵੀ ਕਰੀ ਜਾਂਦੀ ਸੀ ਤੇ ਹਰ ਆਏ ਗਏ ਦਾ ਜ਼ੀ ! ਜੀ ! ਹਾਂ ਜੀ ! ਨਾਲ ਦਿਲ ਵੀ ਮੋਹੀ ਜਾਂਦੀ ਸੀ। ਮੈਂ ਸੋਚ ਵੀ ਨਹੀਂ ਸਕਦਾ ਸਾਂ, ਉਹਨੂੰ ਵੀ ਕੋਈ ਦੁੱਖ ਜਾਂ ਚਿੰਤਾ ਹੋਵੇਗੀ। ਪਰ ਕਿਤੇ ਕਿਤੇ ਉਹ ਅਚਾਨਕ ਹੀ ਚੁੱਪ



ਹੋ ਜਾਂਦੀ। ਇੱਕ ਦਮ ਉਦਾਸ ਜਿਹੀ ਦਿੱਸਣ ਲੱਗ ਪੈਂਦੀ। ਜਦੋਂ ਮੈਂ ਪੁੱਛਦਾ ਤਾਂ ਮੁਸਕਰਾ ਕੇ ਟਾਲ ਜਾਂਦੀ ਤੇ ਕਹਿੰਦੀ, ਨਹੀਂ, ਮੈਨੂੰ ਕਾਹਦਾ ਫਿਕਰ ਹੋਣਾ ? ਤੁਸੀਂ ਮੇਰੇ ਕੋਲ ਹੋ, ਹੋਰ ਕੀ ਚਾਹੀਦਾ ਰੱਬ ਕੋਲੋਂ। ਕੁੱਝ ਉਹਦੇ ਹੌਸਲੇ ਵਾਲੇ ਜਵਾਬ ਨੇ ਤੇ ਕੁੱਝ ਉਹਦੀ ਪਿਆਰ ਭਰੀ ਤੱਕਣੀ ਤੇ ਮੁਸਕਰਾਹਟ ਨੇ ਮੇਰੇ ਸਾਰੇ ਫਿਕਰ ਦੂਰ ਕਰ ਦੇਣੇ॥ ਇੱਕ ਰਾਤ ਅਚਾਨਕ ਮੇਰੀ ਜਾਗ ਖੁੱਲ੍ਹੀ ਤਾਂ ਮੈਂ ਉਹਦੇ ਹਟਕੋਰੇ ਜਿਹੇ ਸੁਣੇ। ਉਹ ਮੇਰੇ ਨਾਲ ਹੀ ਲੰਮੀ ਪਈ ਰੋ ਰਹੀ ਸੀ। ਮੈਂ ਉਹਨੂੰ ਆਪਣੇ ਨਾਲ ਘੁੱਟ ਕੇ ਪੁੱਛਿਆ, ਮੇਰੀ ਜਾਨ ! ਕੀ ਗੱਲ ਹੈ ?ਕੁਛ ਨਹੀਂ ਜੀ ! ਮੈਂ ਤਾਂ ਬਿਲਕੁਲ ਠੀਕ ਹਾਂ। ਤੁਸੀਂ ਮੇਰੇ ਕੋਲ ਹੋ। ਮੈਨੂੰ ਹੋਰ ਕੀ ਚਾਹੀਦਾ ਰੱਬ ਕੋਲੋਂ ?ਉਹਦਾ ਆਮ ਵਰਗਾ ਜਵਾਬ ਸੀ। ਫੇਰ ਰੋ ਕਿਉਂ ਰਹੇ ਸੀ ? ਮੈਂ ਪੁੱਛਿਆ।ਪਤਾ ਨਹੀਂ ਕੋਈ ਸੁਪਨਾ ਹੋਣਾ। ਇਹ ਕਹਿ ਕੇ ਉਸਨੇ ਮੈਨੂੰ ਆਪਣੇ ਨਾਲ ਘੁੱਟ ਲਿਆ ਤੇ ਨਿਸ਼ਚਿੰਤ ਹੋ ਕੇ ਸੌਂ ਗਈ। ਦੂਜੇ ਦਿਨ ਮੈਂ ਵਿਹਲਾ ਜਿਹਾ ਸਮਾਂ ਦੇਖ ਕੇ ਉਹਨੂੰ ਕੋਲ ਬੈਠਾ ਲਿਆ। ਘਰ ਵਿਚ ਸਾਥੋਂ ਬਿਨਾਂ ਹੋਰ ਕੋਈ ਨਹੀਂ ਸੀ। ਮੈਂ ਉਹਨੂੰ ਪਿਆਰ ਨਾਲ ਘੁੱਟਦਿਆਂ ਕਿਹਾ, ਇੱਕ ਗੱਲ ਪੁੱਛਣੀ ਆਂ। ਮੇਰੀ ਸੌਂਹ ਲੱਗੇ ਜੇ ਸੱਚ ਨਾ ਦੱਸੋਂ। ਹਾਂ ! ਮੈਂ ਮਰ ਜਾਵਾਂ, ਤੁਸੀਂ ਆਪਣੀ ਸੌਂਹ ਕਿਉਂ ਦਿੰਦੇ ਓਂ ? ਤੁਹਾਡੇ ਬਿਨਾਂ ਮੇਰਾ ਇਸ ਦੁਨੀਆ ਵਿਚ ਹੋਰ ਕੌਣ ਹੈ ? ਰੱਬ ਮੇਰੀ ਉਮਰ ਵੀ ਤੁਹਾਨੂੰ ਲਾ ਦੇਵੇ।ਹੁਣ ਸੌਂਹ ਤਾਂ ਪੈ ਹੀ ਗਈ ਹੈ। ਅੱਛਾ ਫੇਰ ਹੁਣ ਸੱਚ ਦੱਸੋ। ਰਾਤੀਂ ਰੋਂਦੇ ਕਿਉਂ ਸੀ ? ਉਹਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਤੇ ਚਿਹਰੇ ਤੇ ਉਦਾਸੀ ਛਾ ਗਈ। ਫੇਰ ਉਹਨੇ ਡੂੰਘੀ ਉਦਾਸੀ ਵਿਚੋਂ ਕਿਹਾ,ਇੱਕ ਗੱਲ ਯਾਦ ਆ ਗਈ ਸੀ। ਮੈਂ ਤਾਂ ਬਥੇਰਾ ਭੁੱਲਣਾ ਚਾਹੁੰਦੀ ਹਾਂ, ਭੁੱਲਦੀ ਹੀ ਨਹੀਂ।ਗੱਲ ਤਾਂ ਦੱਸੋ ਕੀ ਆ ? ਮੈਂ ਉਤਸੁਕ ਜਿਹਾ ਹੋ ਕੇ ਪੁੱਛਿਆ।ਮੈਂ ਜਦ ਹਾਲੀਂ ਛੋਟੀ ਜਿਹੀ ਸੀ ਤਾਂ ਇੱਕ ਜੋਤਸ਼ੀ ਨੇ ਕਿਹਾ ਸੀ, 'ਜਦ ਇਹ ਕੁੜੀ ਵੀਹਵੇਂ ਸਾਲ ਵਿਚ ਹੋਵੇਗੀ, ਜਾਂ ਤਾਂ ਇਹਦੀ ਮੌਤ ਹੋ ਜਾਵੇਗੀ ਜਾਂ ਇਹਦੇ ਪਤੀ ਦੀ'। ਇਹ ਕਹਿ ਕੇ ਉਹ ਫੁੱਟ ਫੁੱਟ ਕੇ ਰੋਣ ਲੱਗ ਪਈ। ਬੱਸ ਇੰਨੀ ਗੱਲ ਸੀ ? ਜੋਤਸ਼ੀ ਕਿਹੜੇ ਰੱਬ ਹੁੰਦੇ ਆ ? ਮੈਂ ਤਾਂ ਕਦੀ ਕੋਈ ਜੋਤਸ਼ੀ ਨਹੀਂ ਦੇਖਿਆ, ਜਿਹਦਾ ਕਿਹਾ ਕਦੀ ਸੱਚ ਹੋਇਆ ਹੋਵੇ। ਇਹ ਤਾਂ ਲੋਕਾਂ ਨੂੰ ਬੁੱਧੂ ਬਣਾ ਕੇ ਪੈਸੇ ਬਟੋਰਦੇ ਹੁੰਦੇ ਆ। ਇਨ੍ਹਾਂ ਨੂੰ ਕੁੱਝ ਪਤਾ ਹੋਵੇ ਤਾਂ ਇੱਦਾਂ ਦਰ ਦਰ ਮੰਗਦੇ ਫਿਰਨ ?ਇਹ ਕਹਿ ਕੇ ਮੈਂ ਆਪ ਵੀ ਸੋਚੀਂ ਪੈ ਗਿਆ। ਸੋਚਦਾ ਸਾਂ,ਪਤਾ ਨਹੀਂ ਕਿੰਨੇ ਲੋਕ ਇਨ੍ਹਾਂ ਜੋਤਸ਼ੀਆਂ ਦੀਆਂ ਅਟਕਲਾਂ ਨੂੰ ਸੱਚ ਸਮਝ ਕੇ ਬਰਬਾਦ ਹੋਏ ਹੋਣਗੇ ?ਫੇਰ ਵੀ ਮੇਰੇ ਮਨ ਨੂੰ ਧਰਵਾਸ ਜਿਹਾ ਨਹੀਂ, ਮੈਂ ਤਾਂ ਰੱਬ ਅੱਗੇ ਇਹੀ ਅਰਦਾਸ ਕਰਦੀ ਆਂ, ਜੋ ਕੁੱਝ ਹੋਣਾ ਮੈਨੂੰ ਹੋਵੇ। ਮੇਰੀ ਉਮਰ ਵੀ ਤੁਹਾਨੂੰ ਲੱਗ ਜਾਵੇ। ਉਹਨੇ ਹਟਕੋਰੇ ਲੈਂਦੀ ਨੇ ਕਿਹਾ,।ਫੇਰ ਮੈਂ ਵੀ ਕਾਹਦੇ ਲਈ ਜੀਣਾ ? ਜੀਵਾਂਗੇ ਤਾਂ ਇਕੱਠੇ ਮਰਾਂਗੇ ਤਾਂ ਇਕੱਠੇ, ਮੈਂ ਥੋੜਾ ਜਿਹਾ ਹੱਸ ਕੇ ਕਿਹਾ॥ ਉਹਨੇ ਮੇਰੇ ਮੂੰਹ ਤੇ ਹੱਥ ਰੱਖ ਕੇ ਕਿਹਾ, ਰੱਬ ਦੇ ਵਾਸਤੇ ਇੱਦਾਂ ਨਾ ਕਹੋ। ਤੁਸੀਂ ਜੀਂਦੇ ਰਹੋਂਗੇ ਤਾਂ ਮੈਂ ਮਰ ਕੇ ਵੀ ਜੀਂਦੀ ਰਹੂੰਗੀ।ਚੱਲੋ ਛੱਡੋ ਕਿਹੜੀਆਂ ਦਿਲ-ਢਾਉਣੀਆਂ ਗੱਲਾਂ ਲੈ ਬੈਠੇ ? ਹੁਣ ਜ਼ਰਾ ਮੁਸਕਰਾਹਟ ਦਾ ਪ੍ਰਸ਼ਾਦ ਮਿਲ ਜਾਵੇ , ਉਹ ਮੁਸਕਰਾ ਪਈ ਤੇ ਗੱਲ ਇੱਥੇ ਹੀ ਮੁੱਕ ਗਈ॥ ਫੇਰ ਇੱਕ ਰਾਤ ਉਹ ਸੁੱਤੀ ਪਈ ਬਰੜਾ ਰਹੀ ਸੀ; ਰੱਬਾ ! .. ਮੇਰੀ... ਉਮਰ. ਇਨ੍ਹਾਂ.. ਨੂੰ .. ਲਾ ਦੇ। ਮੈਂ ਉਹਦੇ ਮੱਥੇ ਤੇ ਹੱਥ ਰੱਖ ਕੇ ਦੇਖਿਆ। ਉਹਨੂੰ ਤੇਜ਼ ਬੁਖਾਰ ਚੜ੍ਹਿਆ ਹੋਇਆ ਸੀ। ਸਵੇਰੇ ਉੱਠੇ ਤਾਂ ਬੁਖਾਰ ਉਸੇ ਤਰ੍ਹਾਂ ਸੀ। ਗ਼ਰੀਬ ਘਰਾਂ ਵਿਚ ਜਿਸ ਤਰ੍ਹਾਂ ਦੇ ਅਹੁਰ ਪਹੁਰ ਹੁੰਦੇ ਹਨ, ਸ਼ੁਰੂ ਹੋ ਗਏ। ਕੋਈ ਫਰਕ ਨਾ ਪਿਆ। ਰਾਤ ਆਈ, ਬੁਖਾਰ ਫੇਰ ਵੀ ਨਾ ਉੱਤਰਿਆ। ਸਾਡੇ ਪਿੰਡ ਤੋਂ ਦੋ ਕੁ ਮੀਲ 'ਤੇ ਬਹਿਰਾਮ ਪਿੰਡ ਵਿਚ ਇੱਕ ਹਕੀਮ ਸੀ, ਸਾਰੇ ਇਲਾਕੇ ਵਿਚ ਪ੍ਰਸਿੱਧ, ਉਹਨੂੰ ਲਿਆਂਦਾ। ਉਹ ਤਿੰਨਾਂ ਦਿਨਾਂ ਲਈ ਪੁੜੀਆਂ ਦੇ ਗਿਆ। ਬੁਖਾਰ ਵਧਦਾ ਹੀ ਗਿਆ॥ ਅਗਲੇ ਦਿਨ ਅਸੀਂ ਉਹਨੂੰ ਬੰਗਿਆਂ ਦੇ ਮਸ਼ਹੂਰ ਡਾਕਟਰ ਕਰਤਾਰ ਸਿੰਘ ਕੋਲ ਲੈ ਗਏ। ਉਹਨੇ ਚੈੱਕ ਕਰ ਕੇ ਦੱਸਿਆ ਕਿ ਟਾਈਫ਼ਾਈਡ ਹੈ, ਕੁੱਝ ਦਿਨ ਰਹੇਗਾ, ਫੇਰ ਆਪੇ ਹਟ ਜਾਵੇਗਾ। ਇਸ ਬੀਮਾਰੀ ਦਾ ਇਲਾਜ ਉਦੋਂ ਕੋਈ ਨਹੀਂ ਸੀ। ਇਸ ਬੁਖਾਰ ਨੂੰ ਮਿਆਦੀ ਬੁਖਾਰ ਵੀ ਕਹਿ ਦਿੰਦੇ ਸਨ ਤੇ ਬੜੀ ਮਾਤਾ ਵੀ। ਮਾਤਾ ਸਮਝਣ ਵਾਲੇ ਦਵਾ ਦੀ

ਥਾਂ ਮਾਤਾ ਦੀਆਂ ਭੇਟਾਂ ਗਾ ਕੇ ਸਿਹਤਯਾਬੀ ਦੀਆਂ ਅਰਦਾਸਾਂ ਕਰਦੇ ਹੁੰਦੇ ਸਨ। ਨਾ ਮੈਂ ਅਜੇਹੀਆਂ ਗੱਲਾਂ ਵਿਚ ਯਕੀਨ ਰੱਖਦਾ ਸਾਂ ਨਾ ਮੇਰੇ ਘਰ ਵਾਲੇ। ਪੂਨੀਆਂ ਵਾਲਿਆਂ ਦਾ ਸਾਰਾ ਟੱਬਰ ਰੋਜ਼ ਆਉਂਦਾ। ਕੋਈ ਨਾ ਕੋਈ ਇਹ ਵੀ ਕਹਿ ਦਿੰਦਾ ਕਿ ਮਾਤਾ ਦੀਆਂ ਮੰਨਤਾਂ ਮੰਨਣੀਆਂ ਚਾਹੀਦੀਆਂ। ਮੰਨਦਾ ਤਾਂ ਬੰਦਾ ਉਸ ਗੱਲ ਨੂੰ ਹੀ ਹੈ ਜਿਸ ਨੂੰ ਮਨ ਮੰਨਦਾ ਹੋਵੇ। ਮੈਂ ਚੁੱਪ ਕਰ ਰਹਿੰਦਾ॥ ਉਹਦੀ ਸਿਹਤ ਦਿਨ ਪੁਰ ਦਿਨ ਵਿਗੜਦੀ ਗਈ। ਡਾਕਟਰ ਤੋਂ ਇੰਨਾ ਕੁ ਪਤਾ ਲੱਗਾ, ਇੱਕ ਦਵਾਈ ਇਸ ਬੀਮਾਰੀ ਦੀ ਹੁਣੇ ਹੁਣੇ ਬਣੀ ਤਾਂ ਸੀ, ਪਰ ਹਾਲੀਂ ਉਹ ਆਮ ਡਾਕਟਰਾਂ ਕੋਲ ਪੁੱਜੀ ਨਹੀਂ ਸੀ। ਇਹ ਦਵਾਈ ਬਹੁਤ ਕੀਮਤੀ ਸੀ, ਹਜ਼ਾਰਾਂ ਰੁਪਈਆਂ ਵਿਚ ਮਿਲਦੀ ਸੀ। ਮੇਰੇ ਕੋਲ ਤਾਂ ਫੁੱਟੀ ਕੌਡੀ ਵੀ ਨਹੀਂ ਸੀ। ਸੋਚਦਾ ਸਾਂ, ਕਾਸ਼ ਮੈਂ ਵੀ ਅਮੀਰ ਹੁੰਦਾ। ਉਸ ਦਿਨ ਤੋਂ ਮੈਨੂੰ ਗ਼ਰੀਬੀ ਦੇ ਜੀਵਨ ਤੋਂ ਸਖ਼ਤ ਨਫ਼ਰਤ ਹੋ ਗਈ। ਇਹ ਕੁੜੀ ਜਿਹੜੀ ਮੌਤ ਦੇ ਮੂੰਹ ਵਿਚ ਫਸੀ ਪਈ ਸੀ, ਜੇ ਇਹਦਾ ਵਿਆਹ ਕਿਸੇ ਅਮੀਰ ਘਰ ਵਿਚ ਹੋਇਆ ਹੁੰਦਾ ਤਾਂ ਵੀ ਇਹਦੀ ਇਹ ਹਾਲਤ ਹੁੰਦੀ? ਇਹ ਸੋਚ ਕੇ ਮੈਨੂੰ ਆਪਣੇ ਆਪ ਨਾਲ ਵੀ ਨਫ਼ਰਤ ਹੋਣ ਲੱਗ ਪਈ। ਡਾਕਟਰ ਕਰਤਾਰ ਸਿੰਘ ਦੇ ਹਸਪਤਾਲ ਆਉਣ ਦੇ ਹਫਤੇ ਕੁ ਪਿਛੋਂ ਉਹ ਸਾਨੂੰ ਸਾਰਿਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਗਈ। ਪੂਨੀਆਂ ਵਾਲਿਆਂ ਦੇ ਕਹਿਣ ਤੇ ਉਹਦਾ ਸਰੀਰ ਆਪਣੇ ਪਿੰਡ ਲੈ ਜਾਣ ਦੀ ਥਾਂ ਪੂਨੀਆਂ ਲੈ ਜਾ ਕੇ ਅਗਨ ਭੇਟ ਕਰ ਦਿੱਤਾ ਗਿਆ। ਉਸ ਦਿਨ 1950 ਦੇ ਜੁਲਾਈ ਮਹੀਨੇ ਦੀ 24 ਤਾਰੀਖ਼ ਸੀ। ਇਸੇ ਤਾਰੀਖ਼ ਨੂੰ ਅਕਤੂਬਰ 49 ਵਿਚ ਮੇਰਾ ਵਿਆਹ ਹੋਇਆ ਸੀ। ਵਿਆਹ ਦੇ 8 ਮਹੀਨਿਆਂ ਪਿੱਛੋਂ ਤੇ ਮੇਰੇ ਕੋਲ ਕੇਵਲ ਤਿੰਨ ਕੁ ਮਹੀਨੇ ਰਹਿ ਕੇ ਉਹ ਮੈਨੂੰ ਸਦੀਵੀ ਵਿਛੋੜਾ ਦੇ ਗਈ। ਜੋਤਸ਼ੀ ਦੀ ਭਵਿਖ ਬਾਣੀ ਦੱਸਣ ਦੇ ਤਿੰਨ ਹਫਤੇ ਪਿਛੋਂ ਐਨ ਉਹੀ ਕੁੱਝ ਵਾਪਰ ਗਿਆ। ਮੈਂ ਨਾ ਉਦੋਂ ਅਜੇਹੀਆਂ ਭਵਿਖ ਬਾਣੀਆਂ ਵਿਚ ਯਕੀਨ ਰੱਖਦਾ ਸਾਂ, ਨਾ ਹੁਣ ਰੱਖਦਾ ਹਾਂ। ਆਖਰ ਇਹ ਸਭ ਕੁੱਝ ਐਨ ਉਸੇ ਤਰ੍ਹਾਂ ਕਿਵੇਂ ਹੋ ਗਿਆ?

ਵੀਹਵੇਂ ਸਾਲ ਵਿਚ ਜਾਂ ਇਹਦੀ ਮੌਤ ਹੋ ਜਾਵੇਗੀ ਜਾਂ ਇਹਦੇ ਪਤੀ ਦੀ।ਮੇਰੀ ਉਮਰ ਵੀ ਰੱਬ ਤੁਹਾਨੂੰ ਲਾ ਦੇਵੇਉਹਦੇ ਮੂੰਹੋਂ ਨਿਕਲੇ ਇਹ ਸ਼ਬਦ ਸਦਾ ਮੇਰੇ ਦਿਲ ਵਿਚ ਕਟਾਰ ਵਾਂਗ ਖੁਭੇ ਰਹੇ। ਤੇ ਹੁਣ ਉਮਰ ਦੇ ਸਤੱਤਰਵੇਂ ਵਰ੍ਹੇ ਵਿਚ ਵੀ ਕਦੀ ਕਦੀ ਇਹ ਗੱਲ ਅਚਾਨਕ ਤੀਰ ਵਾਂਗ ਦਿਲ ਵਿਚੋਂ ਲੰਘ ਜਾਂਦੀ ਹੈ। ਕੀ ਮੈਂ ਉਹਦੀ ਉਮਰ ਦੇ ਸਾਲ ਤਾਂ ਨਹੀਂ ਜੀਅ ਰਿਹਾ? ਉਹਦੀ ਮੌਤ ਤੋਂ ਪਿੱਛੋਂ ਇੱਕ ਮਹੀਨੇ ਤੱਕ ਮੈਂ ਕੁੱਝ ਵੀ ਸੋਚਣੋਂ ਅਸਮਰੱਥ ਹੋਇਆ ਰਿਹਾ। ਇਹ ਹੀ ਸੋਚ ਭਾਰੂ ਸੀ ਕਿ ਜੀਵਨ ਦਾ ਹੁਣ ਕੋਈ ਅਰਥ ਹੀ ਨਹੀਂ ਰਹਿ ਗਿਆ। ਆਪਣੇ ਹੀ ਕਹੇ ਸ਼ਬਦਜੀਵਾਂਗੇ ਤਾਂ ਇਕੱਠੇ ਜੀਵਾਂਗੇ, ਮਰਾਂਗੇ ਤਾਂ ਇਕੱਠੇ ਮਰਾਂਗੇ। ਸਿਰ ਵਿਚ ਹਥੌੜੇ ਵਾਂਗ ਵੱਜ ਰਹੇ ਸਨ। ਮੌਤੋਂ ਬਾਅਦ ਦੇ ਜੀਵਨ ਵਿਚ ਮੇਰਾ ਕੋਈ ਵਿਸ਼ਵਾਸ ਨਹੀਂ ਸੀ। ਜੇ ਰਤੀ ਵੀ ਹੁੰਦਾ ਤਾਂ ਮੈਂ ਅੱਜ ਜੀਂਦਾ ਨਾ ਹੁੰਦਾ। ਜੇ ਮਰ ਕੇ ਉਹਨੂੰ ਮਿਲ ਨਹੀਂ ਸਕਣਾ ਸੀ, ਫੇਰ ਮਰਦਾ ਵੀ ਕਿਸ ਆਸ 'ਤੇ? ਆਖਰ ਆਪਣੇ ਆਪ ਨੂੰ ਕਹਿੰਦਾ, ਉਹ ਤਾਂ ਮਰੀ ਹੀ ਨਹੀਂ, ਉਹਦਾ ਬਹੁਤ ਕੁੱਝ ਤਾਂ ਮੇਰੇ ਨਾਲ ਹੀ ਜੀਂਦਾ ਰਹਿਣਾ ਹੈ। ਫੇਰ ਏਸ ਜੀਵਨ ਨੂੰ ਕਿਉਂ ਨਾ ਕਿਸੇ ਲੇਖੇ ਲਾਇਆ ਜਾਵੇ? ਕਦੀ ਕਦੀ ਇਹ ਵੀ ਸੋਚ ਆ ਜਾਂਦੀ, ਮੈਂ ਤਾਂ ਜੀਅ ਹੀ ਉਹਦੀ ਦਿੱਤੀ ਉਮਰ ਨਾਲ ਰਿਹਾ ਹਾਂ ਕਹਿੰਦੀ ਤਾਂ ਸੀ, 'ਰੱਬਾ! ਮੇਰੀ ਉਮਰ ਵੀ ਇਨ੍ਹਾਂ ਨੂੰ ਲਾ ਦੇ'। ਇਨ੍ਹਾਂ ਅਤਿ ਦੇ ਸੰਕਟ-ਗ੍ਰਸਤ ਦਿਨਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਵਿਚਾਰਾਂ ਤੇ ਮਾਰਕਸਵਾਦ ਦੀ ਸੂਝ ਜਿੰਨੀ ਕੁ ਉਸ ਵੇਲੇ ਸੀ, ਨੇ ਮੇਰੀ ਰਹਿਨੁਮਾਈ ਕੀਤੀ। ਮੈਂ ਇਸ ਰੌਸ਼ਨੀ ਵਿਚ ਆਪਣੇ ਜੀਵਨ ਨੂੰ ਕਿਸੇ ਮਕਸਦ ਲਈ ਲੇਖੇ ਲਾਉਣ ਲਈ ਮਨ ਬਣਾ ਲਿਆ॥



ਨਾਵਲ

# 'ਮੁੰਦਰੀ ਡੌਟ ਕੌਮ'
# (mundri.com)

ਹਰਜੀਤ ਅਟਵਾਲ

## ਇਕ

ਉਹ ਸ਼ਾਇਦ ਹਾਲੇ ਹੋਰ ਪਿਆ ਰਹਿੰਦਾ ਪਰ ਪਰਦੇ ਪਾੜ ਕੇ ਪਾਰ ਹੁੰਦੀ ਧੁੱਪ ਨੇ ਅਜਿਹਾ ਹੋਣ ਨਾ ਦਿਤਾ। ਉਸ ਨੇ ਘੜੀ ਦੇਖੀ, ਛੇ ਵੀ ਨਹੀਂ ਸਨ ਵੱਜੇ। ਇਕ ਵਾਰ ਉਸ ਦੇ ਦਿਲ ਨੇ ਚਾਹਿਆ ਕਿ ਜੇ ਕਿਤੇ ਇਕ ਕੱਪ ਚਾਹ ਦਾ ਬਿਸਤਰ ਵਿਚ ਹੀ ਮਿਲ ਜਾਂਦਾ ਤਾਂ ਕਿੰਨਾ ਵਧੀਆ ਹੁੰਦਾ। ਉਸੇ ਪਲ ਉਸ ਨੇ ਮਨ ਵਿਚ ਹੀ ਕਿਹਾ, -'ਟਿੱਕਾ ਸਿਆਂ, ਸਿਗੀਆਂ। ਬੈੱਡ ਟੀ ਦੇਣ ਵਾਲੀਆਂ ਵੀ ਸਿਗੀਆਂ ਪਰ...।' ਇਸ ਤੋਂ ਅੱਗੇ ਉਸ ਦੇ ਮਨ ਵਿਚ ਹਲਕੀ ਜਿਹੀ ਟੀਸ ਉਠੀ ਤੇ ਉਹ ਉਠ ਕੇ ਬਹਿ ਗਿਆ। ਅੰਗੜਾਈ ਲਈ ਤੇ ਛਾਲ ਮਾਰ ਕੇ ਬਿਸਤਰ ਵਿਚੋਂ ਨਿਕਲ ਆਇਆ। ਪਰਦੇ ਹਟਾਉਂਦਿਆਂ ਉਹ ਸਮਝ ਗਿਆ ਕਿ ਅੱਜ ਦਾ ਦਿਨ ਬਹੁਤ ਖ਼ੂਬਸੂਰਤ ਹੋਵੇਗਾ। ਇਕ ਤਾਂ ਐਤਵਾਰ ਤੇ ਦੂਜੇ ਅਜਿਹਾ ਮੌਸਮ, ਇਹ ਸਮੇਲ ਕਦੇ ਕਦੇ ਹੀ ਹੁੰਦਾ ਹੈ।

ਗੁਸਲ ਗਿਆ ਉਹ ਸੋਚਣ ਲਗਿਆ ਕਿ ਅੱਜ ਦਾ ਦਿਨ ਕਿਵੇਂ ਲੰਘਾਇਆ ਜਾਵੇ। ਨਾਸ਼ਤਾ ਕਰਕੇ ਉਹ ਪਾਰਕ ਦਾ ਗੇੜਾ ਕੱਢੇਗਾ। ਫਿਰ ਗੁਰਦਵਾਰੇ ਜਾਵੇਗਾ ਤੇ ਦੁਪਿਹਰ ਦਾ ਖਾਣਾ ਉਥੇ ਹੀ ਖਾਵੇਗਾ। ਸ਼ਾਮ ਨੂੰ ਆ ਕੇ ਵੀਡਿਓ ਤੇ ਕੋਈ ਫਿਲਮ ਦੇਖੇਗਾ ਪਰ ਜੇ ਕੋਈ ਆ ਗਿਆ ਤਾਂ ਇਹ ਸਭ ਬਦਲ ਵੀ ਸਕਦਾ ਹੈ। ਅੱਜ ਸ਼ਾਮੋ ਤਾਂ ਆਉਣੋ ਰਹੀ। ਜੇ ਸੋਢੀ ਨਾ ਘਰ ਹੋਇਆ ਤਾਂ ਬੱਚੇ ਤਾਂ ਹੋਣਗੇ ਹੀ। ਸ਼ਾਇਦ ਸ਼ਿੰਦਾ ਆ ਜਾਵੇ। ਸ਼ਿੰਦਾ ਉਸ ਦਾ ਪੇਂਡੂ ਸੀ ਤੇ ਦੋਸਤ ਵੀ। ਉਸ ਦੀ ਘਰਵਾਲੀ ਮੀਟ ਨਹੀਂ ਸੀ ਖਾਂਦੀ। ਭਾਵੇਂ ਉਹ ਬਣਾ ਦਿੰਦੀ ਸੀ ਪਰ ਉਸ ਨੂੰ ਬਣਾਉਣਾ ਨਹੀਂ ਸੀ ਆਉਂਦਾ। ਸ਼ਿੰਦਾ ਛੁੱਟੀ ਵਾਲੇ ਦਿਨ ਮੀਟ ਖਾਣ ਹੀ ਉਸ ਕੋਲ ਜਾਂਦਾ। ਸਾਰੇ ਦੋਸਤ ਹੀ ਆਖਦੇ ਕਿ ਟਿੱਕੇ ਵਰਗਾ ਮੀਟ ਬਣਾਉਣ ਵਾਲਾ ਪੂਰੇ ਬਰਮੀਘੰਮ ਵਿਚ ਹੀ ਨਹੀਂ। ਲੈਂਬ ਵਿਚ ਉਹ ਅਚਾਰ-ਮਸਾਲਾ ਪਾਉਂਦਾ ਤੇ ਚਿੱਕਨ ਵਿਚ ਨਿੰਬੂ। ਖਾਣ ਵਾਲਾ ਉਂਗਲੀਆਂ ਚੱਟਦਾ ਰਹਿ ਜਾਂਦਾ। ਗੁਸਲ ਤੋਂ ਬਾਹਰ ਨਿਕਲਦਿਆਂ ਉਸ ਨੂੰ ਮੋਹਣ ਦਾ ਖਿਆਲ ਆਇਆ ਕਿ ਸ਼ਾਇਦ ਉਸ ਨੂੰ ਹੀ ਉਸ ਦੀ ਲੋੜ ਹੋਵੇ ਤੇ ਉਹ ਉਸ ਦੀ ਮੱਦਦ ਕਰਾਉਣ ਚਲੇ ਜਾਵੇ। ਸ਼ਿੰਦੇ ਵਾਂਗ ਮੋਹਣ ਵੀ ਉਸ ਦਾ ਦੋਸਤ ਸੀ ਜਿਸ ਨਾਲ ਉਹ ਦਿਲ ਫਰੋਲ ਲਿਆ ਕਰਦਾ। ਮੋਹਣ ਦੀ ਫਰਨੀਚਰ ਦੀ ਦੁਕਾਨ ਸੀ ਜਿਸ ਵਿਚ ਲੋੜ ਪੈਣ 'ਤੇ ਟਿੱਕਾ ਮੱਦਦ ਕਰਾ ਦਿਆ ਕਰਦਾ।

ਉਹ ਹੇਠਾਂ ਰਸੋਈ ਵਿਚ ਆ ਗਿਆ। ਟੈਲੀ ਓਨ ਕੀਤਾ ਤੇ ਨਾਲ ਹੀ ਕੁੱਕਰ ਚਲਾ ਕੇ ਚਾਹ ਰੱਖ ਦਿਤੀ। ਚਾਹ ਬਣ ਰਹੀ ਸੀ ਤਾਂ ਉਸ ਦੇ ਮਨ ਵਿਚ ਆਇਆ ਕਿ ਕਿਉਂ ਨਾ ਚਾਹ ਨਾਲ ਇਕ ਪਰੌਂਠਾ ਵੀ ਲਾਹ ਲਵੇ। ਉਸ ਨੇ ਦੂਜਾ ਬਰਨਰ ਚਲਾ ਕੇ ਉਸ ਉਪਰ ਤਵਾ ਰੱਖਿਆ ਤੇ ਫਰਿੱਜ ਵਿਚੋਂ ਗੁੰਨਿਆਂ-ਹੋਇਆ-ਆਟਾ ਕੱਢ ਲਿਆ। ਇਕ ਪੇੜਾ ਲੈ ਕੇ ਬਾਕੀ ਵਾਪਸ ਰੱਖ ਦਿਤਾ। ਪੇੜੇ ਨੂੰ ਪਲੇਥਣ ਲਾ ਕੇ ਵੇਲਣ ਲੱਗਿਆ। ਪਰੌਂਠਾ

ਬਣਦਿਆਂ ਹੀ ਚਾਹ ਵੀ ਬਣ ਗਈ। ਉਸ ਨੇ ਰਸੋਈ ਵਾਲਾ ਟੈਲੀ ਬੰਦ ਕਰ ਦਿਤਾ ਤੇ ਲੌਂਜ ਵਾਲਾ ਚਲਾ ਲਿਆ। ਚਾਹ ਦੀਆਂ ਚੁਸਕੀਆਂ ਲੈਂਦਾ, ਪਰੌਂਠਾ ਖਾਂਦਾ ਉਹ ਖਬਰਾਂ ਦੇਖਦਾ ਰਿਹਾ। ਟੋਰੀ ਪਾਰਟੀ ਦਾ ਕੋਈ ਮੰਤਰੀ ਥੈਚਰ ਦੀ ਸਰਕਾਰ ਦੀਆਂ ਪਰਾਪਤੀਆਂ ਬਾਰੇ ਦੱਸ ਰਿਹਾ ਸੀ। ਉਸ ਨੇ ਮਨ ਹੀ ਮਨ ਥੈਚਰ ਨੂੰ ਗਾਲ਼ ਕੱਢੀ ਕਿ ਉਸ ਦੀਆਂ ਨੀਤੀਆਂ ਦੇਸ਼ ਦਾ ਭੱਠਾ ਬਿਠਾ ਰਹੀਆਂ ਸਨ ਤੇ ਚੈਨਲ ਬਦਲ ਲਿਆ। ਖਾਣ-ਪੀਣ ਤੋਂ ਬਾਅਦ ਉਸ ਸੋਚਣ ਲਗਿਆ ਕਿ ਕਿਉਂ ਨਾ ਹੂਵਰ ਕਰ ਲਿਆ ਜਾਵੇ। ਉਸ ਨੇ ਹੂਵਰ ਚੁੱਕਿਆ ਹੀ ਸੀ ਕਿ ਫੋਨ ਦੀ ਘੰਟੀ ਖੜਕ ਪਈ। ਉਸ ਨੇ ਫੋਨ ਉਠਾਇਆ, ਇਹ ਸ਼ਿੰਦੇ ਦਾ ਸੀ। ਸ਼ਿੰਦੇ ਨੇ ਪੁੱਛਿਆ,

—ਕਿੱਦਾਂ ਬਈ ਮਾਂ ਦਿਆ ਟਿੱਕਿਆ ਅੱਜ ਘਰੇ ਆਂ?

—ਤੈਨੂੰ ਦੱਸਿਆ ਤਾਂ ਸੀ ਬਈ ਐਤਕੀਂ ਸੰਡੇ-ਮੰਡੇ ਦੀ ਛੁੱਟੀ ਐ।

—ਕੀ ਪਰੋਗਰਾਮ ਆ ਫੇਰ ਅੱਜ ਦਾ?

—ਤੂੰ ਦੱਸ।

—ਆ ਜਾ ਖੰਭੇ ਆਲ਼ੇ 'ਚ।

—ਨਹੀਂ, ਓਥੇ ਨਹੀਂ, ਕਿਤੇ ਹੋਰ ਬੈਠਦੇ ਆਂ, ਉਥੇ ਸਾਲ਼ੀ ਅਨਪੜ ਜੰਤਾ, ...ਸਾਲ਼ਿਆਂ ਨੂੰ ਨਾ ਬੋਲਣ ਦਾ ਪਤਾ ਤੇ ਨਾ ਕੁਸ਼ ਹੋਰ, ਮੈਂ ਕਹਿੰਨਾ ਕਿ ਪੱਬ ਨਾਲ਼ੋਂ ਘਰ ਹੀ ਬੈਠਦੇ ਆਂ, ਆ ਜਾਹ ਏਧਰ ਈ।

—ਨਹੀਂ, ਅਸਲ 'ਚ ਮੇਰੇ ਕੋਲ ਲੰਡਨੋਂ ਤਾਰਾ ਆਉਣ ਲਗਿਆ, ਤੈਨੂੰ ਪਤਾ ਬਈ ਸ਼ਹਿਰੀਏ ਮਿਡਲੈਂਡ ਆ ਕੇ ਮੈਲ਼ ਪੀਣੀ ਮੰਗਦੇ ਆ।

ਆਖਦਾ ਸ਼ਿੰਦਾ ਹੱਸਣ ਲਗਿਆ। ਮਾਈਲਡ ਬੀਅਰ ਨੂੰ ਆਮ ਤੌਰ 'ਤੇ ਮੈਲ਼ ਕਿਹਾ ਜਾਂਦਾ ਜਿਹੜੀ ਕਿ ਲੰਡਨ ਵਿਚ ਬਹੁਤ ਘੱਟ ਮਿਲਦੀ ਸੀ। ਬਾਰਾਂ ਵਜੇ ਵਿਕਟੋਰੀਆ ਪੱਬ ਵਿਚ ਮਿਲਣਾ ਤੈਅ ਹੋ ਗਿਆ। ਟਿੱਕਾ ਕਾਹਲੀ ਕਾਹਲੀ ਹੂਵਰ ਕਰਨ ਲਗਿਆ। ਉਹ ਸੋਚ ਰਿਹਾ ਸੀ ਕਿ ਹੋ ਸਕਦਾ ਸੀ ਕਿ ਸ਼ਿੰਦਾ ਤਾਰੇ ਨੂੰ ਲੈ ਕੇ ਉਸ ਦੇ ਘਰ ਵੀ ਆ ਜਾਵੇ। ਘਰ ਦੀ ਸਫਾਈ ਹੋਣੀ ਤਾਂ ਜ਼ਰੂਰੀ ਸੀ। ਉਸ ਦੇ ਘਰ ਦੀ ਸਫਾਈ ਤੇ ਉਸ ਦੇ ਖਾਣੇ ਬਣਾਉਣ ਦੇ ਹੁਨਰ ਨੂੰ ਦੇਖ ਕੇ ਸ਼ਿੰਦਾ ਕਹਿਣ ਲਗਦਾ,

—ਟਿੱਕਿਆ, ਜੇ ਤੇਰੇ ਵਿਚ ਥੋੜੀਆਂ ਜਿਹੀਆਂ ਚੀਜ਼ਾਂ ਹੋਰ ਫਿੱਟ ਕਰਾ ਲਈਏ ਤਾਂ ਤੂੰ ਔਰਤ ਦਾ ਪੂਰਾ ਕੰਮ ਦੇ ਸਕਦਾਂ!

ਉਸ ਦੀ ਗੱਲ ਸੁਣ ਕੇ ਟਿੱਕਾ ਹੱਸਦਾ ਤੇ ਆਖਦਾ,

—ਜਿਹੜਾ ਮਰਦ ਔਰਤ 'ਤੇ ਨਿਰਭਰ ਕਰਦਾ ਮੈਂ ਓਹਨੂੰ ਮਰਦ ਨਹੀਂ ਸਮਝਦਾ, ਇਸ ਨਿਰਭਰ ਹੋ ਜਾਣ ਦਾ ਈ ਔਰਤ ਫਾਇਦਾ ਉਠਾਈ ਜਾਂਦੀ ਆ।

—ਓ ਮਾਂ ਦਿਆ ਟਿੱਕਿਆ, ਤੈਨੂੰ ਤਾਂ ਜਿੱਦਾਂ ਔਰਤ ਨਾਲ ਨਫਰਤ ਹੋਈ ਪਈ ਆ। ਇਸੇ ਲਈ ਆਹ ਦੂਜੀ ਵੀ ਘਰੋਂ ਦੂੜਾ 'ਤੀ।

—ਏਦਾਂ ਦੀ ਗੱਲ ਨਹੀਂ ਯਾਰ, ਔਰਤ ਦੀ ਤਾਂ ਸਭ ਨੂੰ ਲੋੜ ਐ, ਇਹ ਤਾਂ ਹੁਣ ਕਿਸਮਤ ਈ ਮਾੜੀ ਹੋਵੇ ਤਾਂ ਮੈਂ ਕੀ ਕਰਾਂ!

—ਤੈਨੂੰ ਕਿਹਨੇ ਕਿਹਾ ਸੀ ਕਿ ਐਮ. ਏ. ਪਾਸ ਲਿਆ?...ਤੂੰ ਓਹਦੇ ਤੋਂ ਪਰੋਫੈਸਰੀ ਕਰਾਉਣੀ ਸੀ?



—ਓਹ ਨਹੀਂ ਯਾਰ, ਤੈਨੂੰ ਤਾਂ ਪਤਾ ਹੀ ਆ, ਸਾਡੀ ਭੈਣ ਦੀ ਚੁੱਕ ਨੇ ਈ ਮੇਰਾ ਘਰ ਖਰਾਬ ਕੀਤਾ, ਪਹਿਲਾਂ ਵੀ ਤੇ ਹੁਣ ਵੀ।

ਆਖ ਟਿੱਕਾ ਲੰਮਾ ਸਾਹ ਲਿਆ। ਸ਼ਿੰਦੇ ਨੂੰ ਵੀ ਪਛਤਾਵਾ ਜਿਹਾ ਹੁੰਦਾ ਕਿ ਇਹ ਗੱਲ ਉਸ ਨੇ ਕਿਉਂ ਕਹਿ ਦਿਤੀ। ਸ਼ਿੰਦਾ ਹੀ ਉਸ ਦਾ ਇਕ ਅਜਿਹਾ ਦੋਸਤ ਸੀ ਜਿਸ ਦੇ ਕੁਝ ਕਹਿਣ ਦਾ ਉਹ ਗੁੱਸਾ ਨਹੀਂ ਸੀ ਕਰਦਾ, ਨਹੀਂ ਤਾਂ ਕਿਸੇ ਨੇ ਕੁਝ ਕਿਹਾ ਨਹੀਂ ਤੇ ਟਿੱਕੇ ਨੇ ਅਗਲੇ ਨੂੰ ਲੰਮੇ ਹੱਥੀਂ ਲਿਆ ਨਹੀਂ।

ਦੋ ਦੋ ਪਤਨੀਆਂ ਵਲੋਂ ਛੱਡ ਜਾਣ ਵਾਲੀ ਗੱਲ ਦੀ ਉਹ ਬਹੁਤ ਨਮੋਸ਼ੀ ਮੰਨਦਾ ਸੀ। ਉਸ ਨੂੰ ਦੁੱਖ ਵੀ ਬਹੁਤ ਸੀ। ਉਹ ਯਕੀਨ ਕਰੀ ਬੈਠਾ ਸੀ ਕਿ ਉਸ ਦੀ ਭੈਣ ਤੇ ਭਣੋਈਏ ਨੇ ਹੀ ਦੋਵੇਂ ਵਾਰ ਉਸ ਦਾ ਘਰ ਪੁੱਟਿਆ ਸੀ। ਪਹਿਲੀ ਕੇਵਲਾਂ ਵੇਲੇ ਵੀ ਤੇ ਫਿਰ ਰਜਨੀ ਵੇਲੇ ਵੀ। ਇਹ ਠੀਕ ਸੀ ਕਿ ਰਜਨੀ ਕੁਝ ਜ਼ਿਆਦਾ ਪੜ੍ਹੀ ਲਿਖੀ ਸੀ ਪਰ ਕੇਵਲਾਂ ਤਾਂ ਘਰੇਲੀ ਕੁੜੀ ਸੀ। ਭਾਵੇਂ ਇੰਗਲੈਂਡ ਛੋਟੀ ਹੁੰਦੀ ਹੀ ਆ ਗਈ ਸੀ ਪਰ ਇੰਡੀਅਨ ਕੁੜੀਆਂ ਵਰਗੀ ਹੀ ਸੀ। ਘਰ ਦੇ ਸਾਰੇ ਕੰਮਾਂ ਵਿਚ ਮਾਹਰ ਤੇ ਪਤੀ ਦਾ ਹਰ ਕਹਿਣਾ ਮੰਨਣ ਵਾਲੀ। ਟਿੱਕੇ ਮੁਤਾਬਕ ਉਸ ਦੀ ਭੈਣ ਅੰਮਰਤੀ ਨੇ ਕੇਵਲਾਂ ਨੂੰ ਅਜਿਹੀ ਪੱਟੀ ਪੜ੍ਹਾਈ ਕਿ ਉਸ ਦਾ ਘਰ ਉੱਜੜ ਗਿਆ। ਅੰਮਰਤੀ ਤੇ ਉਸ ਦਾ ਪਤੀ ਗੋਪਾਲ ਟਿੱਕੇ ਦੇ ਦੁਸ਼ਮਣ ਬਣੇ ਬੈਠੇ ਸਨ। ਅੰਮਰਤੀ ਨੇ ਘਰ ਲੈਣ ਵੇਲੇਟਿੱਕੇ ਤੋਂ ਪੰਜ ਹਜ਼ਾਰ ਪੌਂਡ ਉਧਾਰੇ ਲਏ ਸਨ। ਛੇ ਮਹੀਨੇ ਵਿਚ ਵਾਪਸ ਮੋੜਨ ਦਾ ਵਾਅਦਾ ਕੀਤਾ ਸੀ ਪਰ ਮੋੜੇ ਨਹੀਂ ਸਨ। ਟਿੱਕਾ ਹਿਸਾਬੀ ਜਿਹਾ ਬੰਦਾ ਸੀ। ਉਸ ਨੇ ਆਪਣੇ ਪੈਸੇ ਮੰਗੇ। ਅੰਮਰਤੀ ਹਾਲੇ ਵਾਪਸ ਕਰਨ ਦੀ ਹਾਲਤ ਵਿਚ ਨਹੀਂ ਸੀ। ਇਵੇਂ ਦੋ ਸਾਲ ਲੰਘ ਗਏ ਪਰ ਜਦ ਤਕ ਭੈਣ-ਭਰਾ ਵਿਚ ਬਹੁਤ ਸਾਰੀ ਕੁੜੱਤਣ ਭਰ ਚੁੱਕੀ ਸੀ। ਦੋ ਕੁ ਵਾਰ ਤਾਂ ਟਿੱਕਾ ਆਪਣੇ ਭਣੋਈਏ ਗੋਪਾਲ ਨੂੰ ਗਾਲ਼ਾਂ ਵੀ ਕੱਢ ਚੁੱਕਿਆ ਸੀ। ਇਹਨਾਂ ਦਿਨਾਂ ਵਿਚ ਹੀ ਟਿੱਕੇ ਦਾ ਆਪਣੀ ਪਤਨੀ ਕੇਵਲਾਂ ਨਾਲ ਝਗੜਾ ਹੋ ਗਿਆ। ਟਿੱਕਾ ਉਸ ਉਪਰ ਹੱਥ ਚੁੱਕ ਬੈਠਾ ਸੀ। ਕੇਵਲਾਂ ਘਰੋਂ ਚਲੇ ਗਈ। ਕੇਵਲਾਂ ਦੀ ਮਾਂ ਨੇ ਸਮਝੌਤਾ ਕਰਾਉਣ ਲਈ ਅੰਮਰਤੀ ਤੇ ਗੋਪਾਲ ਨੂੰ ਵਿਚ ਪਾ ਲਿਆ ਪਰ ਉਹਨਾਂ ਨੇ ਸੁਲਾਹ ਕਰਾਉਣ ਦੀ ਥਾਂ ਲੜਾਈ ਵਧਾ ਦਿਤੀ। ਟਿੱਕਾ ਇਵੇਂ ਹੀ ਸਮਝਦਾ ਸੀ ਭਾਵੇਂ ਇਸ ਦਾ ਕਾਰਨ ਟਿੱਕੇ ਦਾ ਵਾਪਸ ਨਾ-ਮੁੜਨ ਵਾਲਾ ਸੁਭਾਅ ਸੀ। ਉਹ ਕੇਵਲਾਂ ਦੀ ਕੁੱਟ-ਮਾਰ ਕਰਕੇ ਵੀ ਚਾਹੁੰਦਾ ਸੀ ਕਿ ਉਹੀ ਆ ਕੇ ਉਸ ਤੋਂ ਮੁਆਫੀ ਮੰਗੇ ਪਰ ਅਜਿਹਾ ਨਾ ਹੋ ਸਕਿਆ ਤੇ ਗੱਲ ਤਲਾਕ ਤਕ ਪੁੱਜ ਗਈ।

ਤਲਾਕ ਤੋਂ ਬਾਅਦ ਉਹ ਇੰਡੀਆ ਗਿਆ ਤਾਂ ਉਸ ਦੀ ਭਰਜਾਈ ਨੇ ਐਮ. ਏ. ਕਰ ਕੇ ਹਟੀ ਆਪਣੀ ਰਿਸ਼ਤੇਦਾਰ ਕੁੜੀ ਰਜਨੀ ਦਾ ਵਿਆਹ ਉਸ ਨਾਲ ਕਰਵਾ ਦਿਤਾ। ਇਹ ਸਭ ਕੁਝ ਬਹੁਤ ਜਲਦੀ ਹੋ ਗਿਆ ਸੀ। ਟਿੱਕਾ ਚਾਹੁੰਦਾ ਵੀ ਸੀ ਕਿ ਇਕ ਵਕਫਾ ਦੇ ਕੇ ਹੀ ਹੋਰ ਵਿਆਹ ਕਰਾਵੇ ਪਰ ਇਵੇਂ ਹੋ ਨਾ ਸਕਿਆ। ਰਜਨੀ ਇੰਗਲੈਂਡ ਆ ਗਈ। ਉਸ ਵਿਚ ਸਾਰੇ ਹੀ ਗੁਣ ਸਨ ਪਰ ਘਰ ਦੇ ਕੰਮਾਂ ਵਿਚ ਉਹ ਨਿਪੁੰਨ ਨਹੀਂ ਸੀ। ਕੁਝ ਦੇਰ ਤਾਂ ਟਿੱਕਾ ਸਬਰ ਨਾਲ ਦੇਖਦਾ ਰਿਹਾ ਪਰ ਫਿਰ ਉਸ ਗੁੱਸਾ ਆਉਣ ਲਗਿਆ। ਉਹ ਸਫਾਈ ਪਸੰਦ ਤਾਂ ਸੀ ਹੀ। ਆਮ ਖਾਣਾ ਵੀ ਉਸ ਦੇ ਨੱਕ ਹੇਠ ਨਹੀਂ ਸੀ ਆਉਂਦਾ। ਰਜਨੀ ਦੇ ਕੀਤੇ ਹਰ ਕੰਮ ਨੂੰ ਉਸ ਨੂੰ ਦੁਬਾਰਾ ਕਰਨਾ ਪੈਂਦਾ। ਉਹ ਖਿਝਦਾ, ਰਜਨੀ ਨੂੰ ਗਾਲ਼ਾਂ ਕੱਢਣ ਲੱਗ ਪੈਂਦਾ। ਕਿਸੇ ਹੱਦ ਤਕ ਉਹ ਰਜਨੀ ਦਾ ਕੇਵਲਾਂ ਨਾਲ ਮਨ ਹੀ ਮਨ

ਮੁਕਾਬਲਾ ਕਰਦਾ ਰਹਿੰਦਾ ਸੀ। ਕਦੇ ਕਦੇ ਗੁੱਸੇ ਵਿਚ ਆਇਆ ਟਿੱਕਾ ਰਜਨੀ ਦੇ ਚੁਪੇੜ ਵੀ ਮਾਰ ਦਿੰਦਾ। ਰਜਨੀ ਦਾ ਮਾਮਾ ਗਲਾਸਗੋ ਰਹਿੰਦਾ ਸੀ। ਉਸ ਨੂੰ ਪਤਾ ਚੱਲਿਆ ਤਾਂ ਉਸ ਨੇ ਆ ਕੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹ ਕੁਝ ਵੀ ਨਾ ਕਰ ਸਕਿਆ। ਟਿੱਕਾ ਰਜਨੀ ਲਈ ਹੋਰ ਸਖਤ ਹੁੰਦਾ ਗਿਆ। ਰਜਨੀ ਮਾਨਸਿਕ ਰੋਗਣ ਹੋ ਗਈ। ਡਾਕਟਰ ਨੇ ਟਿੱਕੇ ਨੂੰ ਸਲਾਹ ਦਿਤੀ ਕਿ ਰਜਨੀ ਨੂੰ ਹਰ ਵੇਲੇ ਘਰ ਨਹੀਂ ਰਹਿਣਾ ਚਾਹੀਦਾ, ਬਾਹਰ ਲੋਕਾਂ ਨੂੰ ਵੀ ਮਿਲਣਾ ਚਾਹੀਦਾ ਹੈ। ਇਕ ਦਿਨ ਰਜਨੀ ਜ਼ਿਦ ਕਰਕੇ ਅੰਮਰਤੀ ਨੂੰ ਮਿਲਣ ਚਲੇ ਗਈ। ਉਥੋਂ ਵਾਪਸ ਆਉਣ ਦੀ ਥਾਂ ਉਹ ਆਪਣੇ ਮਾਮੇ ਕੋਲ ਸ਼ਰਣ ਲੈਣ ਲਈ ਗਲਾਸਗੋ ਵਾਲੀ ਬੱਸ ਚੜ੍ਹ ਗਈ। ਟਿੱਕਾ ਇਕ ਵਾਰ ਫਿਰ ਇਕੱਲਾ ਰਹਿ ਗਿਆ। ਉਹ ਸੋਚ ਰਿਹਾ ਸੀ ਕਿ ਅੰਮਰਤੀ ਨੇ ਹੀ ਰਜਨੀ ਨੂੰ ਗਲਾਸਗੋ ਜਾਣ ਦੀ ਸਲਾਹ ਦਿਤੀ ਸੀ।...

ਵਿਕਟੋਰੀਆ ਪਾਰਕ ਲੰਘ ਕੇ ਵਿਕਟੋਰੀਆ ਪੱਬ ਸੀ। ਅੱਜ ਵਰਗੀ ਧੁੱਪ ਹੁੰਦੀ ਤਾਂ ਟਿੱਕਾ ਇਸ ਪੱਬ ਵਿਚ ਆ ਬੈਠਦਾ। ਇਥੇ ਆਪਣੇ ਬੰਦੇ ਘੱਟ ਹੁੰਦੇ ਪਰ ਫਿਰ ਵੀ ਕੋਈ ਨਾ ਕੋਈ ਮਿਲ ਹੀ ਜਾਂਦਾ। ਟਿੱਕਾ ਕਿਸੇ ਨਾਲ ਅੱਖ ਮਿਲਾਏ ਬਿਨਾਂ ਬਾਹਰ ਲਗੀਆਂ ਕੁਰਸੀਆਂ ਉਪਰ ਜਾ ਬਹਿੰਦਾ। ਕਹਿੰਦੇ ਨੇ ਬੀਅਰ ਤੇ ਧੁੱਪ ਦਾ ਬਹੁਤ ਸੁਮੇਲ ਹੁੰਦਾ ਹੈ। ਟਿੱਕਾ ਨੇ ਪੱਬ ਵਿਚ ਜਾ ਕੇ ਆਲੇ-ਦੁਆਲੇ ਨਜ਼ਰ ਮਾਰੀ। ਸ਼ਿੰਦੇ ਹੁਰੀਂ ਅਜੇ ਨਹੀਂ ਸਨ ਆਏ। ਉਹ ਕਾਊਂਟਰ 'ਤੇ ਗਲਾਸ ਭਰਾ ਹੀ ਰਿਹਾ ਸੀ ਕਿ ਚਾਚਾ ਚਾਹਲ ਉਸ ਦੇ ਬਰਾਬਰ ਆ ਖੜਿਆ। ਚਾਚੇ ਨਾਲ ਉਸਦੀ ਵਾਹਵਾ ਬਣਦੀ ਸੀ। ਉਹ ਬੋਲਿਆ,

—ਆ ਬਈ ਚਾਚਾ, ਦੱਸ ਕੀ ਪੀਏਂਗਾ?

—ਭਤੀਜ, ਮੈਲ਼ ਹੀ ਲੈ ਲਾ।

ਉਹ ਦੋਵੇਂ ਆਪੋ ਆਪਣੇ ਗਲਾਸ ਫੜੀ ਇਕ ਪਾਸੇ ਆ ਬੈਠੇ। ਟਿੱਕਾ ਬੈਠਦਿਆਂ ਹੀ ਪੁੱਛਣ ਲਗਿਆ,

—ਸੁਣਾ ਬਈ ਚਾਚਾ, ...ਦੁਕਾਨ ਵੇਚ ਕੇ ਵਿਹਲਾ ਹੋ ਗਿਐਂ?

—ਹਾਂ ਭਤੀਜ, ਘਰ ਵਾਲੀ ਪੈਰ ਨਹੀਂ ਸੀ ਲੱਗਣ ਦਿੰਦੀ।

—ਕੀ ਹੋ ਗਿਆ ਚਾਚਾ?

—ਬੱਸ ਤੇਰੇ ਵਾਲ਼ਾ ਕੰਮ ਹੋਣ ਨੂੰ ਫਿਰਦਾ। ਨਿਆਣੇ ਆਪਣੇ ਵਲ ਕੀਤੇ ਹੋਏ ਆ, ਸਾਰਾ ਦਾ ਸਾਰਾ ਭੂਰ-ਚੂਰ ਈ ਤੰਗ ਕਰਦਾ!

ਆਖਦਾ ਚਾਹਲ ਉਦਾਸ ਹੋ ਗਿਆ। ਟਿੱਕੇ ਨੇ ਕਿਹਾ,

—ਚਾਚਾ, ਮੈਂ ਤਾਂ ਸੋਚਦਾ ਸੀ ਕਿ ਤੂੰ ਹਰ ਵੇਲੇ ਖੁਸ਼ ਰਹਿੰਨਾਂ, ਤੂੰ ਸੁਖੀ ਹੋਵੇਂਗਾ।

—ਖੁਸ਼ ਰਹਿਣ ਨੂੰ ਤਾਂ ਕਿਹੜੇ ਮੇਰੇ ਫੋੜੇ ਹੋਏ ਆ! ਉਹਨਾਂ ਸਾਲ਼ਿਆਂ 'ਤੇ ਮੈਂ ਧਾਰ ਨਹੀਂ ਮਾਰਦਾ, ਕੱਲ ਨੂੰ ਜਾਂਦੀ ਆ ਤਾਂ ਅੱਜ ਜਾਵੇ ਪਰ ਨਿਆਣਿਆਂ ਬਾਰੇ ਸੋਚਦਾਂ, ...ਓਦਾਂ ਟਿੱਕਿਆ, ਮੈਂ ਇਕ ਗੱਲ ਦੱਸਾਂ, ਇਥੇ ਦੇ ਨਿਆਣੇ ਵੀ ਸਾਲ਼ੇ ਸਪੋਲ਼ੀਏ ਆ। ਤੂੰ ਚੰਗਾ ਰਹਿ ਗਿਆ, ਤੇਰੇ ਕੋਈ ਹੈ ਨਾ ਸੀ।

—ਕਾਹਦਾ ਚੰਗਾ ਚਾਚਾ, ਦੋ ਵਾਰ ਸਾਲ਼ੀ ਕਿਸਮਤ ਗੰਦੀ ਨਿਕਲ਼ ਗਈ, ਲੋਕ ਸੋਚਦੇ ਆ ਕਿ ਮੇਰੇ 'ਚ ਨੁਕਸ ਐ ਕੋਈ।



—ਟਿੱਕਾ ਸਿਆਂ, ਲੋਕਾਂ ਨੂੰ ਸਦਾ ਦੋ ਉਂਗਲਾਂ ਦਿਖਾ ਕੇ ਰੱਖੀਦੀਆਂ, ਲੋਕ ਭੈਣ ਦੇਣੇ ਬਹੁਤ ਗੰਦੀ ਕੌਮ ਹੁੰਦੀ ਆ, ਤੁਹਾਨੂੰ ਡਿਗੇ ਨੂੰ ਦੇਖ ਕੇ ਖੁਸ਼ ਹੁੰਦੇ ਆ।

ਉਹਨਾਂ ਦੇ ਗੱਲਾਂ ਕਰਦਿਆਂ ਸ਼ਿੰਦਾ ਤੇ ਤਾਰਾ ਵੀ ਆ ਗਏ। ਟਿੱਕਾ ਜਾ ਕੇ ਕਾਊਂਟਰ ਤੋਂ ਉਹਨਾਂ ਲਈ ਵੀ ਗਲਾਸ ਭਰਾ ਲਿਆਇਆ। ਤਾਰਾ ਪਹਿਲਾਂ ਵੀ ਬਰਮੀਘੰਮ ਆਇਆ ਹੀ ਰਹਿੰਦਾ ਸੀ ਇਸ ਲਈ ਚਾਚੇ ਚਾਹਲ ਦਾ ਵੀ ਵਾਕਫ ਸੀ। ਸ਼ਿੰਦੇ ਨੇ ਬੈਠਦਿਆਂ ਹੀ ਕਿਹਾ,

—ਅਸੀਂ ਲੇਟ ਹੋ ਗਏ ਬਈ, ਗਲਾਸਗੋ ਤੋਂ ਫੋਨ ਆ ਗਿਆ ਸੀ, ਤੇਰੇ ਰਿਸ਼ਤੇਦਾਰਾਂ ਦਾ।

ਰਜਨੀ ਦਾ ਮਾਮਾ ਸ਼ਿੰਦੇ ਦਾ ਵੀ ਵਾਕਫ ਸੀ। ਫੋਨ ਵਾਲੀ ਗੱਲ ਸੁਣ ਕੇ ਟਿੱਕਾ ਖੁਸ਼ ਹੋ ਗਿਆ ਤੇ ਬੋਲਿਆ,

—ਅੱਛਾ! ਆ ਗਏ ਸਿੱਧੇ ਰਾਹ 'ਤੇ! ...ਉਹਨਾਂ ਨੂੰ ਕਹਿਣਾ ਸੀ ਕਿ ਆ ਕੇ ਸੌਰੀ ਮੰਗਣ ਪਹਿਲਾਂ।

ਉਸ ਦੀ ਗੱਲ ਸੁਣ ਕੇ ਸ਼ਿੰਦਾ ਚੁੱਪ ਕਰ ਗਿਆ। ਟਿੱਕੇ ਦੇ ਦੁਬਾਰਾ ਪੁੱਛਣ 'ਤੇ ਉਸ ਨੇ ਦੱਸਿਆ,

—ਉਹ ਕਹਿੰਦੇ ਕਿ ਟਿੱਕਾ ਸੌਰੀ ਮੰਗੇ ਤੇ ਵਾਅਦਾ ਕਰੇ ਕਿ ਮੁੜ ਕੇ ਕੁੜੀ ਨੂੰ ਨਹੀਂ ਕੁੱਟਦਾ।

—ਏਹਨਾਂ ਦੀ ਭੈਣ ਨੂੰ...!

ਟਿੱਕੇ ਨੇ ਭਾਰੀ ਜਿਹੀ ਗਾਲ਼ ਕੱਢੀ। ਸ਼ਿੰਦਾ ਬੋਲਿਆ,

—ਮੈਂ ਤਾਂ ਕਿਹਾ ਸੀ ਬਈ ਸੌਰੀ-ਸੂਰੀ ਵਾਲੀ ਕੋਈ ਗੱਲ ਨਹੀਂ ਹੁੰਦੀ, ਮੈਂ ਟਿੱਕੇ ਨੂੰ ਕਹੂੰ ਕਿ ਸ਼ਾਂਤੀ ਰੱਖੇ, ਤੁਸੀਂ ਵੀ ਕੁੜੀ ਨੂੰ ਸਮਝਾਓ ਪਰ ਉਹ ਇਸੇ ਗੱਲ 'ਤੇ ਅੜੇ ਹੋਏ ਆ ਕਿ ਟਿੱਕਾ ਆ ਕੇ ਮੁਆਫੀ ਮੰਗੇ ਤੇ ਕੁੜੀ ਲੈ ਜਾਵੇ।

—ਤੁਸੀਂ ਭੈਣ ਦਿਓ ਯਾਰੋ ਟਿੱਕੇ ਨੂੰ ਮੋਮ ਦਾ ਨੱਕ ਸਮਝੀ ਬੈਠੇ ਆਂ! ਉਹਨੂੰ ਆਪਣੀ ਮਾਂ ਨੂੰ ਕੋਈ ਘਰ ਦਾ ਕੰਮ ਸਿਖਾਇਆ ਨਹੀਂ ਤੇ ਮੜ੍ਹ ਦਿਤਾ ਮੇਰੇ ਗਲ਼!

## ਦੋ

ਘਰ ਵੜਦਿਆਂ ਹੀ ਸ਼ਰਾਬ ਦੀ ਬੋਅ ਤੇਜ਼ੀ ਨਾਲ ਉੜਦੀ ਹੋਈ ਪੂਨਮ ਦੇ ਨੱਕ ਵਿਚ ਆ ਵੜੀ। ਉਸ ਨੇ ਮਨ ਵਿਚ ਹੀ ਕਿਹਾ, -'ਹਾਏ ਹਾਏ ਵੇ ਮਰ ਜਾਏਂ ਦੀਪਿਆ!' ਫਰੰਟ ਰੂਮ ਵਿਚ ਦੀਪਾ ਬੋਤਲ ਖੋਹਲੀ ਬੈਠਾ ਸੀ। ਉਸ ਨੇ ਪੂਨਮ ਨੂੰ ਦੇਖਦਿਆਂ ਹੀ ਸ਼ਰਾਰਤ ਵਿਚ ਅੱਖ ਮਾਰੀ ਤੇ ਮਿੰਨਾ ਜਿਹਾ ਮੁਸਕ੍ਰਾਇਆ। ਪੂਨਮ ਗੁੱਸੇ ਨਾਲ ਬੋਲੀ,

—ਨਹੀਂ ਟਲ਼ਿਆ ਨਾ! ਓਹ ਰੱਬ ਦਿਆ ਬੰਦਿਆ, ਕੁਸ਼ ਤਾਂ ਸੋਚ! ...ਇਹ ਸ਼ਰਾਬ ਨੇ ਇਕ ਦਿਨ ਤੈਨੂੰ ਲੈ ਜਾਣਾਂ!

ਦੀਪੇ ਨੇ ਦੋਵੇਂ ਬਾਹਾਂ ਖੋਹਲੀਆਂ ਤੇ ਜੱਫੀ ਪਾਉਣ ਦਾ ਇਸ਼ਾਰਾ ਕਰਦਾ ਬੋਲਿਆ

—ਆਜਾ ਮੇਰੀ ਜਾਨ! ਸੀਨੇ ਠੰਡ ਪਾ ਦੇ।

ਪੂਨਮ ਨੇ ਅੱਗੇ ਹੋ ਕੇ ਉਸ ਦੇ ਦੋਵੇਂ ਗੋਡੇ ਅਲੱਗ ਕੀਤੇ ਤੇ ਚੰਗੀ ਤਰ੍ਹਾਂ ਦੇਖਦੀ ਬੋਲੀ,

—ਪਜਾਮਾ ਤਾਂ ਨਹੀਂ ਫੇਰ ਭੇ'ਹ ਲਿਆ?

—ਤੇਰੀ ਮਾਂ ਨੂੰ...! ...ਕੀ ਸਮਝਦੀ ਆਂ ਤੂੰ ਮੈਨੂੰ?

ਦੀਪਾ ਉਸ ਨੂੰ ਪਰ੍ਹੇ ਧੱਕਦਾ ਬੋਲਿਆ।

—ਸ਼ਰਾਬੀ! ਬਿਓੜਾ!

ਫਿਰ ਉਸ ਕੋਲ ਬੈਠਦੀ ਕਹਿਣ ਲੱਗੀ,

—ਦੀਪੇ, ਮੈਂ ਤੇਰੀ ਦੁਸ਼ਮਣ ਨਹੀਂ ਪਰ ਤੇਰੀ ਸਿਹਤ ਖਰਾਬ ਹੋ ਰਹੀ ਐ। ਤੂੰ ਦਿਨੇ ਈ ਪੀਣ ਬਹਿ ਜਾਨਾਂ!

—ਬਾਪੂ ਵੀ ਇਹੋ ਕਹਿੰਦਾ ਬਈ ਸ਼ਰਾਬ ਤੇ ਸੂਰਜ ਦੀ ਦੁਸ਼ਮਣੀ ਹੁੰਦੀ ਐ, ਡਾਕਟਰ ਕਹਿੰਦਾ ਬਈ ਸ਼ਰਾਬ ਦੀ ਲਿਵਰ ਨਾਲ ਦੁਸ਼ਮਣੀ ਹੁੰਦੀ ਐ ਇਹ ਸਭ ਸਾਲ਼ੇ ਦੁਸ਼ਮਣੀ ਦੀਆਂ ਈ ਗੱਲਾਂ ਕਿਉਂ ਕਰਦੇ ਆ।

ਆਖਦਾ ਦੀਪਾ ਹੱਸਣ ਲਗਿਆ। ਉਸ ਨੂੰ ਸਾਰੇ ਹੀ ਪੀਣੋਂ ਰੋਕਦੇ ਸਨ ਪਰ ਉਸ ਨੂੰ ਜਦ ਵੀ ਵਕਤ ਲਗਦਾ ਜਾਂ ਸਬੱਬ ਬਣਦਾ ਤਾਂ ਪੀ ਲੈਂਦਾ। ਹੋਰਨਾਂ ਸ਼ਰਾਬੀਆਂ ਵਾਂਗ ਪੀਣ ਦਾ ਬਹਾਨਾ ਲੱਭਦਾ ਰਹਿੰਦਾ। ਪੂਨਮ ਬਹੁਤ ਖਿਝਦੀ। ਪੂਨਮ ਕੀ ਉਸ ਦੀ ਮਾਂ ਆਤਮੀ, ਉਸ ਦਾ ਪਿਓ ਬੂਝਾ ਸਿੰਘ ਤੇ ਡਾਕਟਰ ਵੀ, ਸਭ ਗੁੱਸੇ ਹੁੰਦੇ ਪਰ ਉਹ ਸਭ ਨੂੰ ਟਿੱਚ ਸਮਝਦਾ।ਉਦਾਂ ਦੀਪਾ ਦਿਲ ਦਾ ਬਹੁਤ ਚੰਗਾ ਸੀ। ਪੂਨਮ ਨੂੰ ਬਹੁਤ ਪਿਆਰ ਕਰਦਾ ਸੀ। ਪੂਨਮ ਦੀ ਹਰ ਖਾਹਸ਼ ਦਾ ਪੂਰਾ ਪੂਰਾ ਧਿਆਨ ਰੱਖਦਾ। ਜਦ ਪੂਨਮ ਇੰਡੀਆ ਤੋਂ ਆਈ ਸੀ ਤਾਂ ਉਸ ਦਾ ਲੈਸਟਰ ਸ਼ਹਿਰ ਵਿਚ ਕੋਈ ਵਾਕਫ ਨਹੀਂ ਸੀ। ਉਹ ਸੋਚਿਆ ਕਰਦੀ ਸੀ ਕਿ ਉਹ ਬਹੁਤ ਇਕੱਲੀ ਪੈ ਜਾਵੇਗੀ ਪਰ ਦੀਪੇ ਨੇ ਅਜਿਹਾ ਨਹੀਂ ਸੀ ਹੋਣ ਦਿਤਾ।

ਹੁਣ ਤਾਂ ਪੂਨਮ ਨੂੰ ਦੋ ਸਾਲ ਹੋ ਗਏ ਸਨ ਆਈ ਨੂੰ ਕਾਫੀ ਸਾਰੀ ਵਾਕਫੀ ਬਣਾ ਲਈ ਸੀ। ਕੰਮ ਉਪਰ ਮਨਜੀਤ, ਮਿਸਜ਼ ਭੰਗੂ ਵਰਗੀਆਂ ਭੈਣਾਂ ਜਿਹੀਆਂ ਸਹੇਲੀਆਂ ਸਨ। ਇਕ ਗੱਲ ਜਿਹੜੀ ਚੰਗੀ ਹੋਈ ਸੀ ਉਹ ਇਹ ਕਿ ਉਸ ਨੂੰ ਆਉਂਦੀ ਨੂੰ ਹੀ ਕੰਮ ਮਿਲ ਗਿਆ ਸੀ। ਭਾਈ ਜੀਤ ਸਿੰਘ ਦੀ ਪਤਨੀ ਮਨਜੀਤ ਜਿਸ ਕਪੜੇ ਦੀ ਫੈਕਟਰੀ ਵਿਚ ਕੰਮ ਕਰਦੀ ਸੀ ਉਥੇ ਹੀ। ਭਾਈ ਜੀਤ ਸਿੰਘ ਕਈ ਸਾਲਾਂ ਤੋਂ ਗੁਰਦਵਾਰੇ ਦਾ ਗ੍ਰੰਥੀ ਸੀ ਜਿਹੜਾ ਕਿ ਉਹਨਾਂ ਦੇ ਘਰ ਦੇ ਨਜ਼ਦੀਕ ਹੀ ਸੀ। ਉਹਨਾਂ ਦਾ ਉਥੇ ਆਉਣਾ-ਜਾਣਾ ਆਮ ਸੀ। ਪੂਨਮ ਨੂੰ ਤਾਂ ਵੈਸੇ ਹੀ ਗੁਰਦਵਾਰੇ ਜਾਣਾ ਚੰਗਾ ਲਗਦਾ ਸੀ, ਫਿਰ ਮਨਜੀਤ ਉਥੇ ਹੁੰਦੀ। ਪੂਨਮ ਸ਼ਬਦ ਬਹੁਤ ਸੁਹਣੇ ਪੜ੍ਹ ਲੈਂਦੀ ਸੀ। ਦੀਪੇ ਦੇ ਮਾਂਪਿਓ ਦਾ ਘਰ ਵੀ ਗੁਰਦਵਾਰੇ ਦੇ ਨਾਲ ਹੀ ਸੀ। ਪੂਨਮ ਉਹਨਾਂ ਦੇ ਘਰ ਵੀ ਜਾ ਆਇਆ ਕਰਦੀ ਸੀ। ਉਹਨਾਂ ਦੇ ਘਰ ਜਾਂਦੀ ਤਾਂ ਸਾਰੇ ਘਰ ਦੀ ਸਫਾਈ ਕਰ ਦਿੰਦੀ। ਉਹਨਾਂ ਦਾ ਖਾਣਾ ਵੀ ਬਣਾ ਆਉਂਦੀ। ਦੀਪੇ ਦੀ ਬੁੱਢੀ ਮਾਂ ਉਸ ਨੂੰ ਕਹਿਣ ਲਗਦੀ,

—ਮੇਰਾ ਕਮਲ਼ਾ ਪੁੱਤ ਰੁਲ਼ ਜਾਣਾ ਸੀ, ਚੰਗਾ ਹੋਇਆ ਧੀਏ, ਤੂੰ ਏਹਨੂੰ ਆ ਕੇ ਸਾਂਭ ਲਿਆ।

ਪੂਨਮ ਨੂੰ ਦੀਪੇ ਦੀ ਸ਼ਰਾਬ ਉਸ ਦੀ ਸਿਹਤ ਲਈ ਮਾੜੀ ਹੋਣ ਕਰਕੇ ਤਾਂ



ਬੁਰੀ ਲੱਗਦੀ ਹੀ ਸੀ ਪਰ ਸ਼ਰਾਬੀ ਹੋਇਆ ਦੀਪਾ ਘਰ ਦਾ ਵੀ ਕੋਈ ਕੰਮ ਨਾ ਕਰ ਸਕਦਾ ਤੇ ਨਾ ਹੀ ਪੂਨਮ ਨੂੰ ਕੰਮ 'ਤੇ ਛੱਡਣ ਜਾ ਸਕਦਾ। ਕੰਮ ਨੂੰ ਸਿੱਧੀ ਬੱਸ ਕੋਈ ਜਾਂਦੀ ਨਹੀਂ ਸੀ। ਉਸ ਨੂੰ ਕਿਸੇ ਤੋਂ ਲਿਫਟ ਲੈਣੀ ਪੈਂਦੀ ਜਾਂ ਫਿਰ ਮੀਲ ਤੋਂ ਵੱਧ ਤੁਰਨਾ ਪੈਂਦਾ। ਫਿਰ ਚੰਗੀ ਗੱਲ ਇਹ ਹੋਈ ਕਿ ਪੂਨਮ ਨੇ ਡਰਾਈਵਿੰਗ ਲਾਇਸੰਸ ਲੈ ਲਿਆ ਜਿਸ ਦਾ ਫਾਇਦਾ ਹੋਇਆ ਕਿ ਹੁਣ ਪੂਨਮ ਨੂੰ ਕਿਤੇ ਜਾਣ ਲਈ ਦੀਪੇ ਵਲ ਨਾ ਝਾਕਣਾ ਪੈਂਦਾ। ਇਸ ਦਾ ਉਲਟਾ ਅਸਰ ਇਹ ਵੀ ਹੋਇਆ ਕਿ ਉਸ ਦੀ ਸ਼ਰਾਬ ਹੋਰ ਵਧ ਗਈ। ਪੂਨਮ ਉਸ ਦਾ ਹੋਰ ਵੀ ਫਿਕਰ ਕਰਨ ਲੱਗੀ। ਇਕ ਦਿਨ ਉਸ ਨੂੰ ਸਕੀਮ ਸੁੱਝੀ ਕਿ ਕਿਉਂ ਨਾ ਦੀਪਾ ਕੰਮ ਕਰਨ ਲੱਗੇ ਜਿਸ ਨਾਲ ਉਸ ਦੀ ਇਕ ਰੁਟੀਨ ਬਣ ਜਾਵੇਗੀ, ਵਕਤ ਸਿਰ ਤਿਆਰ ਹੋਣਾ, ਕੰਮ 'ਤੇ ਜਾਣਾ ਆਦਿ। ਇਸ ਤਰ੍ਹਾਂ ਸ਼ਰਾਬ ਘੱਟ ਜਾਵੇਗੀ। ਉਸ ਨੇ ਇਹ ਗੱਲ ਦੀਪੇ ਨਾਲ ਕੀਤੀ ਤਾਂ ਉਹ ਬੋਲਿਆ,

—ਮੇਰੀ ਜਾਨ, ਬਹੁਤ ਸਾਲ ਹੋ ਗਏ ਕੰਮ ਛੱਡੇ ਨੂੰ, ਹੁਣ ਵਿਹਲੀਆਂ ਖਾਣ ਦੀ ਆਦਤ ਪੈ ਚੁੱਕੀ ਐ, ਕੰਮ ਨਹੀਂ ਕਰ ਹੋਣਾ। ਫੇਰ ਖਰਚੇ ਦਾ ਕੰਮ ਵੀ ਚੱਲੀ ਹੀ ਜਾਂਦਾ।

—ਗੱਲ ਤਾਂ ਤੇਰੀ ਇਕ ਰੁਟੀਨ ਬਣਾਉਣ ਦੀ ਐ।

ਦੀਪੇ ਨੂੰ ਗੱਲ ਤਾਂ ਪੂਨਮ ਦੀ ਠੀਕ ਲੱਗ ਰਹੀ ਸੀ ਪਰ ਕੰਮ ਕਰਨ ਦਾ ਉਸ ਦਾ ਮਨ ਨਹੀਂ ਸੀ। ਉਹ ਬੋਲਿਆ,

—ਕੋਈ ਕੈਸ਼ ਇਨ ਹੈਂਡ ਵਾਲੀ ਜੌਬ ਮਿਲ ਜਾਵੇ ਤਾਂ ਠੀਕ, ਜੇ ਕਾਰਡ 'ਤੇ ਕੰਮ ਕੀਤਾ ਤਾਂ ਆਹ ਮਿਲਦੇ ਪੈਸੇ ਬੰਦ ਹੋ ਜਾਣੇ ਆਂ।

—ਓਹ ਜਿਹੜਾ ਮੋਟੇ ਮੋਟੇ ਆਨਿਆਂ ਵਾਲਾ ਤੇਰਾ ਦੋਸਤ ਐ ਤਰਸੇਮ, ਉਹਦੀ ਦੁਕਾਨ 'ਤੇ ਕਰ ਲੈ।

—ਤਰਸੇਮ ਮੇਰਾ ਦੋਸਤ ਐ, ਉਹਦੇ ਥੱਲੇ ਮੈਂ ਕੰਮ ਭਲਾ ਕਿੱਦਾਂ ਕਰ ਸਕਦਾਂ। ਚੱਲ ਤੂੰ ਫਿਕਰ ਨਾ ਕਰ, ਮੈਂ ਸੋਚਦਾਂ ਕੁਸ਼।

ਪਤਨੀ ਨੂੰ ਟਰਕਾਉਣ ਲਈ ਦੀਪੇ ਨੇ ਕਿਹਾ।

ਤਰਸੇਮ ਦੀਪੇ ਦਾ ਪੁਰਾਣਾ ਦੋਸਤ ਸੀ। ਉਸ ਦੀ ਘਰਵਾਲੀ ਬਹੁਤੀ ਸੁਹਣੀ ਨਹੀਂ ਸੀ ਇਸ ਲਈ ਜਦ ਕਿਸੇ ਸੁੰਦਰ ਔਰਤ ਨੂੰ ਦੇਖਦਾ ਤਾਂ ਉਹ ਲਾੜ੍ਹਾਂ ਸੁੱਟਣ ਲਗਦਾ। ਪੂਨਮ ਨੂੰ ਦੇਖ ਕੇ ਤਾਂ ਉਸ ਦਾ ਮਨ ਬਹੁਤਾ ਹੀ ਮਚਲਣ ਲਗਿਆ ਸੀ। ਪੂਨਮ ਨੂੰ ਪਤਾ ਸੀ। ਉਹ ਜਾਣ ਬੁੱਝ ਕੇ ਉਸ ਨੂੰ ਹਰ ਗੱਲ ਵਿਚ ਦੋ ਵਾਰੀ ਭਾਜੀ ਕਹਿ ਕੇ ਬੁਲਾਉਂਦੀ। ਤਰਸੇਮ ਕਦੇ ਕਦੇ ਦੀਪੇ ਦੀ ਗੈਰਹਾਜ਼ਰੀ ਵਿਚ ਵੀ ਆ ਕੇ ਦਰਵਾਜ਼ੇ ਦੀ ਘੰਟੀ ਕਰ ਦਿੰਦਾ। ਇਵੇਂ ਆਏ ਦੀ ਪੂਨਮ ਗੱਲਾਂ ਗੱਲਾਂ ਵਿਚ ਚੰਗੀ ਤਰ੍ਹਾਂ ਖੁੰਭ ਠੱਪ ਕੇ ਤੋਰਦੀ ਪਰ ਤਰਸੇਮ ਬੇਸ਼ਰਮ ਸੀ। ਉਹ ਫਿਰ ਆ ਜਾਂਦਾ।

ਮਿਸਜ਼ ਭੰਗੂ ਨੂੰ ਪਤਾ ਚੱਲਿਆ ਕਿ ਪੂਨਮ ਆਪਣੇ ਪਤੀ ਲਈ ਕੰਮ ਲੱਭਦੀ ਫਿਰਦੀ ਹੈ ਤਾਂ ਉਹ ਬੋਲੀ,

—ਮੈਂ ਆਪਣੇ ਹਸਬੈਂਡ ਨੂੰ ਪੁੱਛਦੀ ਆਂ, ਸਾਡੇ ਰੈਸਟੋਰੈਂਟ 'ਤੇ ਸ਼ਾਇਦ ਫੂਡ ਡਲਿਵਰ ਕਰਨ ਲਈ ਡਰਾਈਵਰ ਦੀ ਲੋੜ ਹੋਵੇ।

ਅਗਲੇ ਦਿਨ ਹੀ ਮਿਸਜ਼ ਭੰਗੂ ਨੇ ਆ ਕੇ ਕਹਿ ਦਿਤਾ ਕਿ ਦੀਪਾ ਸ਼ਾਮ ਨੂੰ ਜਾ ਕੇ ਉਸ ਦੇ ਪਤੀ ਨੂੰ ਮਿਲ ਲਵੇ, ਨਾਲ ਆਪਣੇ ਰੈਸਟੋਰੈਂਟ ਦਾ ਸਿਰਨਾਵਾਂ ਵੀ ਲਿਖਵਾ

ਦਿਤਾ।

ਉਸੇ ਸ਼ਾਮ ਪੂਨਮ ਦੀਪੇ ਨੂੰ ਰੈਸਟੋਰੈਂਟ ਲੈ ਗਈ। ਇਹ ਲੈਸਟਰ ਦੀ ਰਿੰਗ ਰੋਡ 'ਤੇ ਹੀ ਪੈਂਦਾ ਸੀ। ਮਿਸਟਰ ਭੰਗੂ ਜਿਵੇਂ ਉਹਨਾਂ ਨੂੰ ਉਡੀਕ ਹੀ ਰਿਹਾ ਸੀ। ਗੱਲਬਾਤ ਕਰਦਾ ਉਹ ਦੱਸਣ ਲਗਿਆ,

—ਇਕ ਡਰਾਈਵਰ ਹੁੰਦਾ ਸੀ ਸਾਡੇ ਨਾਲ ਕੰਮ ਕਰਦਾ ਪਰ ਉਹ ਕਿਸੇ ਗੱਲੋਂ ਛੱਡ ਗਿਆ, ਹੁਣ ਅਸੀਂ ਆਹ ਨਾਲਦੇ ਟੈਕਸੀ ਵਾਲਿਆਂ ਨੂੰ ਕਹਿ ਦਿੰਨੇ ਆਂ। ਹਰ ਰੋਜ਼ ਪੰਦਰਾਂ ਤੋਂ ਪੱਚੀ ਤਕ ਡਲਿਵਰੀਆਂ ਹੁੰਦੀਆਂ, ਕਈ ਵਾਰ ਮੌਸਮ ਵਧੀਆ ਹੋਵੇ ਤਾਂ ਘੱਟ ਵੀ, ...ਵੀਕ ਐਂਡ ਤੇ ਵੀਕ ਡੇਅ ਦਾ ਵੀ ਫਰਕ ਹੁੰਦਾ। ਦੋ ਪੌਂਡ ਇਕ ਡਲਿਵਰੀ ਦੇ ਤੇ ਨਾਲੇ ਅਸੀਂ ਕਾਰ ਦੀ ਗੈਸ ਦੇ ਪੈਸੇ ਵੀ ਦੇ ਦਿੰਨੇ ਆਂ, ਦੇਖ ਲਓ ਜੇ ਕਰਨਾਂ ਤਾਂ ਅੱਜ ਈ ਆ ਜਾਓ।

ਦੀਪੇ ਨੂੰ ਮਿਸਟਰ ਭੰਗੂ ਦਾ ਗੱਲ ਕਰਨ ਦਾ ਤਰੀਕਾ ਵਧੀਆ ਲਗਿਆ। ਉਸੇ ਦਿਨ ਤੋਂ ਹੀ ਕੰਮ ਸ਼ੁਰੂ ਕਰ ਲਿਆ। ਉਹ ਪੂਨਮ ਨੂੰ ਘਰ ਛੱਡ ਕੇ ਅੱਠ ਵਜੇ ਕੰਮ ਤੇ ਪੁੱਜ ਗਿਆ। ਰਾਤ ਨੂੰ ਗਿਆਰਾਂ ਵਜੇ ਤਕ ਕੰਮ ਕਰਦਾ ਰਿਹਾ। ਉਹ ਰੈਸਟੋਰੈਂਟ ਵਿਚ ਇਕ ਪਾਸੇ ਬੈਠਾ ਰਹਿੰਦਾ। ਜਦ ਕੋਈ ਡਲਿਵਰੀ ਆਉਂਦੀ ਤਾਂ ਭੱਜ ਕੇ ਦੇ ਆਉਂਦਾ। ਗੋਰੇ ਗਾਹਕ ਉਸ ਨੂੰ ਕਾਫੀ ਸਾਰੀ ਟਿੱਪ ਵੀ ਦੇ ਦਿੰਦੇ। ਉਸ ਦਿਨ ਉਸ ਨੇ ਸ਼ਰਾਬ ਨਾ ਪੀਤੀ। ਹਾਂ, ਕੰਮ ਤੋਂ ਘਰ ਆ ਕੇ ਬੋਤਲ ਖੋਹਲ ਲਈ ਤੇ ਦੇਰ ਤਕ ਪੀਂਦਾ ਰਿਹਾ ਤੇ ਸਵੇਰੇ ਦੇਰ ਤਕ ਸੁੱਤਾ ਰਿਹਾ। ਉਹ ਰੋਜ਼ਾਨਾ ਕੰਮ 'ਤੇ ਜਾਣ ਲੱਗ ਪਿਆ। ਦਿਨੇ ਉਹ ਬਿਲਕੁਲ ਸ਼ਰਾਬ ਨਾ ਪੀਂਦਾ। ਛੇਤੀ ਹੀ ਉਸ ਦਾ ਇਹ ਰੋਜ਼ ਦਾ ਕੰਮ ਬਣ ਗਿਆ। ਫਿਰ ਉਸ ਦੇ ਹੱਥ ਵਿਚ ਪੈਸੇ ਵੀ ਆਉਣ ਲੱਗ ਪਏ। ਕਈ ਹਫਤੇ ਤਕ ਉਹ ਬਿਨਾਂ ਨਾਗਾ ਕੰਮ ਕਰਦਾ ਰਿਹਾ।

ਇਕ ਦਿਨ ਅਮਰੀਕ ਨੇ ਸ਼ਰਾਬ ਕੱਢੀ ਤਾਂ ਪਹਿਲੇ ਤੋੜ ਦੀ ਬੋਤਲ ਦੀਪੇ ਨੂੰ ਦੇ ਗਿਆ। ਅਮਰੀਕ ਦੀਪੇ ਦੇ ਦੋਸਤਾਂ ਦੇ ਗਰੁੱਪ ਵਿਚ ਸੀ। ਇਵੇਂ ਕਦੇ ਕਦੇ ਘਰ ਦੀ ਕੱਢ ਲਿਆ ਕਰਦਾ ਸੀ। ਸ਼ਰਾਬ ਕੱਢ ਕੇ ਦੋਸਤਾਂ ਨੂੰ ਪਾਰਟੀ ਵੀ ਕਰ ਦਿਆ ਕਰਦਾ। ਸ਼ਾਮ ਨੂੰ ਦੀਪਾ ਕਾਰ ਚਲਾਉਣ ਜੋਗਾ ਨਾ ਰਿਹਾ। ਪੂਨਮ ਅਮਰੀਕ ਨੂੰ ਬੁਰਾ-ਭਲਾ ਬੋਲਦੀ ਆਪ ਦੀਪੇ ਨਾਲ ਤੁਰ ਪਈ ਕਿ ਕਾਰ ਉਹ ਚਲਾਈ ਜਾਵੇਗੀ ਤੇ ਦੀਪਾ ਅਗੇ ਖਾਣਾ ਡਲਿਵਰ ਕਰਦਾ ਜਾਵੇਗਾ। ਮੁੜ ਕੇ ਇਹ ਕੰਮ ਕਰਨ ਦਾ ਇਕ ਤਰੀਕਾ ਹੀ ਬਣ ਗਿਆ ਕਿ ਜੇ ਕਦੇ ਦੀਪਾ ਸ਼ਰਾਬ ਪੀ ਲੈਂਦਾ ਤਾਂ ਪੂਨਮ ਕਾਰ ਚਲਾਉਣ ਲਈ ਉਸ ਦੇ ਨਾਲ ਚਲੇ ਜਾਂਦੀ ਪਰ ਉਹ ਦੀਪੇ ਦਾ ਧਿਆਨ ਰਖਦੀ ਕਿ ਉਹ ਪੀਵੇ ਨਾ। ਜੇ ਕਦੇ ਕੋਈ ਪਾਰਟੀ ਹੁੰਦੀ ਜਾਂ ਦੋਸਤਾਂ ਵਿਚ ਬੈਠਣਾ ਹੁੰਦਾ ਤਾਂ ਦੀਪਾ ਪਹਿਲਾਂ ਹੀ ਮਿਸਟਰ ਭੰਗੂ ਨੂੰ ਦੱਸ ਦਿੰਦਾ ਤਾਂ ਜੋ ਉਹ ਆਪਣਾ ਕੋਈ ਹੋਰ ਇੰਤਜ਼ਾਮ ਕਰ ਲਵੇ। ਦੀਪੇ ਨੂੰ ਹੁਣ ਕੰਮ ਦੀ ਚੂੰਢ ਜਿਹੀ ਪੈ ਗਈ। ਇੰਡੀਆ ਜਾਣ ਤਕ ਉਹ ਇਵੇਂ ਹੀ ਕੰਮ ਕਰਦਾ ਰਿਹਾ।

ਇਹਨਾਂ ਦਿਨਾਂ ਵਿਚ ਹੀ ਦੀਪੇ ਦੇ ਬਾਪੂ ਦੀ ਮੌਤ ਹੋ ਗਈ ਤੇ ਮਹੀਨਾ ਕੁ ਬਾਅਦ ਉਸ ਦੀ ਮਾਂ ਦੀ ਵੀ। ਦੀਪੇ ਨਾਲੋਂ ਉਹਨਾਂ ਦੀ ਮੌਤ ਦਾ ਦੁੱਖ ਪੂਨਮ ਨੂੰ ਵਧੇਰੇ ਸੀ ਕਿਉਂਕਿ ਉਹ ਪੂਨਮ ਨੂੰ ਬਹੁਤ ਪਿਆਰ ਕਰਦੇ ਸਨ।



## ਤਿੰਨ

ਇੰਟਰਨੈਸ਼ਨਲ ਏਅਰਪੋਰਟ ਬਰਮੀਘੰਮ। ਇਹ ਲੰਡਨ ਦੇ ਹੀਥਰੋ ਏਅਰਪੋਰਟ ਜਿੱਡਾ ਤਾਂ ਨਹੀਂ ਪਰ ਦੇਸ਼ ਦੇ ਦੂਜੇ ਨੰਬਰ ਦਾ ਜ਼ਰੂਰ ਹੈ ਜਿਵੇਂ ਬਰਮੀਘੰਮ ਇੰਗਲੈਂਡ ਦਾ ਦੂਜਾ ਵੱਡਾ ਸ਼ਹਿਰ ਹੈ। ਇਥੇ ਅੰਤਰਰਾਸ਼ਟਰੀ ਉਡਾਨਾਂ ਚੜਦੀਆਂ ਉਤਰਦੀਆਂ ਹਨ। ਹਜ਼ਾਰਾਂ-ਲੱਖਾਂ ਯਾਤਰੂ ਇਸ ਹਵਾਈ ਅੱਡੇ ਨੂੰ ਵਰਤਦੇ ਹਨ। ਏਅਰਪੋਰਟ ਉਪਰ ਹਜ਼ਾਰਾਂ ਕਰਮਚਾਰੀ ਕੰਮ ਕਰਦੇ ਹਨ ਤੇ ਇਸ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਈ ਕੰਪਨੀਆਂ ਤੇ ਕਈ ਫਰਮਾਂ ਕੰਮ ਕਰ ਰਹੀਆ ਹਨ। ਇਹਨਾਂ ਕੰਪਨੀਆਂ ਵਿਚੋਂ ਇਕ ਕੰਪਨੀ ਦਾ ਨਾਂ ਹੈ; ਸਕਾਈਲੌਰਡ ਗੋਰਮਿਟ। ਇਹ ਕੰਪਨੀ ਐਮ ਫੋਰਟੀ ਟੂ ਤੋਂ ਏਅਰਪੋਰਟ ਵਲ ਮੁੜਦਿਆਂ ਹੀ ਖੱਬੇ ਪਾਸੇ ਵੱਡੇ ਸਾਰੀ ਇੰਡਸਟਰੀਅਲ ਇਸਟੇਟ ਵਿਚ ਸਥਿੱਤ ਹੈ। ਇਸ ਦੇ ਸਾਈਨ ਮੇਨ ਰੋਡ ਤੋਂ ਮਿਲ ਜਾਂਦੇ ਹਨ। ਸੜਕ ਦੁਆਲੇ ਝਾੜੀਆਂ-ਰੁੱਖਾਂ ਕਾਰਨ ਭਾਵੇਂ ਇਹ ਇਮਾਰਤ ਸੜਕ ਤੋਂ ਨਜ਼ਰ ਨਹੀਂ ਆਉਂਦੀ ਪਰ ਉਸ ਪਾਸੇ ਨੂੰ ਮੁੜਦਿਆਂ ਹੀ ਦਿਸ ਪੈਂਦੀ ਹੈ। ਖੁਲ੍ਹੀ ਚੌੜੀ ਦੋ-ਮੰਜ਼ਲਾ ਇਮਾਰਤ ਉਪਰ ਮੋਟੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਹੈ; ਸਕਾਈਲੌਰਡ ਗੋਰਮਿਟ।ਇਹ ਕੰਪਨੀ ਏਅਰਲਾਈਨਾਂ ਦੇ ਮੁਸਾਫਿਰਾਂ ਲਈ ਖਾਣਾ ਤਿਆਰ ਕਰਦੀ ਹੈ। ਕਈ ਏਅਰਲਾਈਨਾਂ ਨੂੰ ਇਹਨਾਂ ਦਾ ਖਾਣਾ ਜਾਂਦਾ ਹੈ। ਹਵਾਈ ਜਹਾਜ਼ ਵਿਚ ਖਾਣੇ ਤੇ ਪੀਣੇ ਵਾਲੇ ਸਮਾਨ ਵਾਲੀਆਂ ਟਰਾਲੀਆਂ ਇਥੇ ਭਰੀਆਂ ਜਾਂਦੀਆਂ ਹਨ ਤੇ ਜਹਾਜ਼ ਵਿਚੋਂ ਮੁੜਦੀਆਂ ਟਰਾਲੀਆਂ ਇਥੇ ਖਾਲੀ ਕੀਤੀਆਂ ਜਾਂਦੀਆਂ ਹਨ। ਹਜ਼ਾਰ ਤੋਂ ਵੱਧ ਲੋਕ ਇਥੇ ਕੰਮ ਕਰਦੇ ਹਨ। ਚੌਵੀ ਘੰਟੇ ਕੰਮ ਚਲਦਾ ਹੈ।

ਇਸ ਦੋ-ਮੰਜ਼ਲੀ ਇਮਾਰਤ ਦੇ ਹੇਠਲੇ ਹਿੱਸੇ ਦਾ ਵੱਡਾ ਭਾਗ ਰਸੋਈ ਦੇ ਤੌਰ 'ਤੇ ਬਣਿਆ ਹੋਇਆ ਹੈ। ਇਥੇ ਭਾਂਤ ਭਾਂਤ ਦਾ ਖਾਣਾ ਬਣਦਾ ਹੈ। ਜੋ ਅਗੇ ਢੱਕਣ ਵਾਲੇ ਟਰੇਆਂ ਵਿਚ ਬੰਦ ਕੀਤਾ ਜਾਂਦਾ ਹੈ। ਉਹੋ ਟਰੇਅ ਜੋ ਮੁਸਾਫਿਰਾਂ ਨੂੰ ਹਵਾਈ ਜਹਾਜ਼ ਵਿਚ ਵਰਤਾਏ ਜਾਂਦੇ ਹਨ। ਹਰ ਏਅਰਲਾਈਨ ਦਾ ਆਪਣਾ ਮੈਨਿਓ ਹੁੰਦਾ ਹੈ। ਏਅਰ ਇੰਡੀਆ ਦਾ ਹੋਰ, ਏਅਰ ਚਾਈਨਾ ਦਾ ਹੋਰ ਤੇ ਜਪਾਨ ਏਅਰ ਲਾਈਨ ਦਾ ਹੋਰ। ਇਵੇਂ ਹੀ ਅਰਬੀ ਤੇ ਅਫਰੀਕੀ ਏਅਰ ਲਾਈਨਾਂ ਦੇ ਵੱਖਰੇ ਵੱਖਰੇ ਮੈਨਿਓ ਹੁੰਦੇ ਹਨ। ਇਥੇ ਸੈਂਕੜੇ ਸ਼ੈਫ ਜਾਂ ਬਾਵਰਚੀ ਕੰਮ ਕਰਦੇ ਹਨ। ਇਹ ਖਾਣਾ ਤਿਆਰ ਹੋ ਕੇ ਉਪਰਲੀ ਮੰਜ਼ਲ ਦੇ ਪਹਿਲੇ ਹਾਲ ਵਿਚ ਚਲੇ ਜਾਂਦਾ ਹੈ ਜਿਥੇ ਕਨਵੇਅਰ ਚਲਦੀ ਹੈ ਜਿਸ ਉਪਰ ਟਰੇਅ ਰੱਖੇ ਜਾਂਦੇ ਹਨ ਤੇ ਕਾਮੇ ਇਹਨਾਂ ਨੂੰ ਭਰੀ ਜਾਂਦੇ ਹਨ। ਇਕ ਕਾਮੇ ਨੇ ਹਰ ਡੱਬੇ ਵਿਚ ਇਕ ਆਈਟਮ ਪਾਉਣੀ ਹੁੰਦੀ ਹੈ। ਜਦੋਂ ਡੱਬਾ ਭਰ ਜਾਂਦਾ ਹੈ ਤਾਂ ਇਕ ਕਾਮਾ ਟਰੇਅ ਦਾ ਢੱਕਣ ਬੰਦ ਕਰਕੇ ਇਸ ਨੂੰ ਅੱਗੇ ਟਰਾਲੀ ਵਿਚ ਰੱਖਦਾ ਜਾਂਦਾ ਹੈ। ਟਰਾਲੀ ਭਰ ਜਾਵੇ ਤਾਂ ਅੱਗੇ ਚੈੱਕਰ ਇਸ ਦਾ ਨਰੀਖਣ ਕਰਦਾ ਹੈ ਕਿ ਟਰਾਲੀ ਦੇ ਹਰ ਡੱਬੇ ਵਿਚ ਮਾਲ ਸਹੀ ਪਾਇਆ ਗਿਆ ਹੈ ਕਿ ਨਹੀਂ। ਉਸ ਕੋਲ ਲਿਸਟ ਤਾਂ ਹੁੰਦੀ ਹੀ ਹੈ ਕਿ ਇਕ ਡੱਬੇ ਵਿਚ ਏਅਰ ਲਾਈਨ ਦੇ ਆਰਡਰ ਮੁਤਾਬਕ ਕੀ-ਕੀ ਚਾਹੀਦਾ ਹੈ। ਇਹ ਚੈੱਕਰ ਇਸ ਟਰਾਲੀ ਨੂੰ ਅਗਾਂਹ ਧੱਕ ਦਿੰਦਾ ਹੈ। ਇਵੇਂ ਹੀ ਦੂਜੇ ਹਾਲ ਵਿਚ ਟਰਾਲੀਆਂ ਵਿਚ ਸੁੱਕਾ ਮਾਲ ਲੱਦਿਆ ਜਾਂਦਾ ਹੈ ਜਿਵੇਂ ਕਿ ਜੂਸ, ਪਾਣੀ, ਕੋਕ ਜਾਂ ਹੋਰ ਸੋਢੇ। ਇਹਨਾਂ ਦੀ ਵੀ ਲਿਸਟ ਹੁੰਦੀ ਹੈ ਕਿ ਕਿੰਨਾ ਕਿੰਨਾ ਮਾਲ ਇਕ ਟਰਾਲੀ ਵਿਚ ਚਾਹੀਦਾ ਹੈ। ਕਾਮੇ ਟਰਾਲੀ ਭਰ ਦਿੰਦੇ ਹਨ, ਚੈੱਕਰ ਚੈੱਕ

ਕਰ ਕੇ ਪਾਸ ਕਰ ਦਿੰਦਾ ਹੈ ਤੇ ਅੱਗੇ ਮੁੱਖ ਹਾਲ ਵਿਚ ਧੱਕ ਦਿੰਦਾ ਹੈ। ਇਵੇਂ ਹੀ ਤੀਜੇ ਹਾਲ ਵਿਚ ਸ਼ਰਾਬ ਤੇ ਬੀਆਰ ਹੁੰਦੀ ਹੈ। ਆਰਡਰ ਮੁਤਾਬਕ ਟਰਾਲੀ ਭਰ ਦਿਤੀ ਜਾਂਦੀ ਹੈ ਤੇ ਚੈੱਕਰ ਚੈੱਕ ਕਰ ਕੇ ਅੱਗੇ ਤੋਰ ਦਿੰਦਾ ਹੈ। ਚੌਥੇ ਹਾਲ ਵਿਚ ਜਹਾਜ਼ ਵਿਚ ਡਿਊਟੀ-ਫਰੀ ਵਿਕਣ ਵਾਲਾ ਸਮਾਨ ਹੁੰਦਾ ਹੈ ਜਿਵੇਂ ਕਿ ਸਿਗਰਟਾਂ, ਪਰਿਫਿਊਮ, ਸ਼ਰਾਬ ਦੀਆਂ ਬੋਤਲਾਂ ਆਦਿ। ਵੱਖਰੀ ਏਅਰ ਲਾਈਨ ਦਾ ਵੱਖਰਾ ਆਰਡਰ ਤਿਆਰ ਕਰਕੇ ਟਰੱਕਾਂ ਵਿਚ ਚਾੜਨ ਲਈ ਤਿਆਰ ਕਰ ਦਿਤਾ ਜਾਂਦਾ ਹੈ। ਟਿੱਕਾ ਇਥੇ ਹੀ ਇਕ ਚੈੱਕਰ ਵਜੋਂ ਕੰਮ ਕਰਦਾ ਸੀ।

ਹਵਾਈ ਜਹਾਜ਼ ਵਿਚੋਂ ਵਾਪਸ ਮੁੜੀਆਂ ਟਰਾਲੀਆਂ ਵਿਚੋਂ ਬਚਿਆ ਸਮਾਨ ਕੱਢ ਲਿਆ ਜਾਂਦਾ ਹੈ। ਖਾਣੇ ਵਾਲੇ ਟਰੇਅ ਤਾਂ ਸਿਧਾ ਖਰਾਬ ਹੀ ਡਸਟ-ਬਿਨ ਵਿਚ ਹੀ ਜਾਂਦੇ ਹਨ ਪਰ ਦੂਜੇ ਮਾਲ ਨੂੰ ਸੰਭਾਲ ਲਿਆ ਜਾਂਦਾ ਹੈ। ਬਚੇ ਹੋਏ ਮਾਲ ਨੂੰ ਦੁਬਾਰਾ ਵਰਤ ਲਿਆ ਜਾਂਦਾ ਹੈ। ਇਸ ਬਚੇ ਹੋਏ ਮਾਲ ਦਾ ਬਹੁਤਾ ਰਿਕਾਰਡ ਨਹੀਂ ਹੁੰਦਾ ਇਸ ਲਈ ਸ਼ਰਾਬ ਦੀ ਕਾਮਿਆਂ ਨੂੰ ਖੁਲ੍ਹ-ਖੇਡ ਹੁੰਦੀ ਹੈ। ਜੋ ਜਿੰਨੀ ਚਾਹੇ ਪੀ ਸਕਦਾ ਹੈ। ਭਾਵੇਂ ਇਹ ਹੈ ਤਾਂ ਗੈਰਕਨੂੰਨੀ ਹੀ ਪਰ ਅਫਸਰ ਅੱਖਾਂ ਮੀਟ ਲੈਂਦੇ ਹਨ। ਬਹੁਤੀ ਵਾਰ ਉਹ ਵੀ ਬਾਕੀ ਕਾਮਿਆਂ ਨਾਲ ਰਲ਼ ਜਾਂਦੇ ਹਨ।

ਇਕ ਦਿਨ ਮੈਨੇਜਰ ਪੀਟਰ ਕੈਂਬਰਲੇ ਨੇ ਫੂਡ ਸ਼ੈਕਸ਼ਨ ਦੇ ਸਾਰੇ ਚੈੱਕਰਾਂ ਨੂੰ ਆਪਣੇ ਕਮਰੇ ਵਿਚ ਬੁਲਾਇਆ ਤੇ ਕਹਿਣ ਲਗਿਆ,

—ਲੁਕ ਮਾਈ ਫਰੈਂਡਜ਼, ਆਪਣੀ ਪਰੋਡੱਕਸ਼ਨ ਘੱਟ ਹੈ, ਕਨਵੇਅਰਾਂ ਦੀਆਂ ਬੈਲਟਾਂ 'ਤੇ ਔਰਤਾਂ ਪੂਰੀ ਤਰ੍ਹਾਂ ਕੰਮ ਨਹੀਂ ਕਰਦੀਆਂ, ਗੱਲਾਂ ਬਹੁਤੀਆਂ ਕਰਦੀਆਂ ਕੰਮ ਨਾਲੋਂ, ਮੈਂ ਤੁਹਾਡੇ ਤੋਂ ਆਸ ਰੱਖਦਾਂ ਕਿ ਉਹਨਾਂ ਤੋਂ ਜ਼ਿਆਦਾ ਕੰਮ ਲਵੋਂ।

ਸਾਰੇ ਇਕ ਦੂਜੇ ਵਲ ਤੱਕਣ ਲੱਗੇ। ਫਿਰ ਸਾਰੇ ਟਿੱਕੇ ਵਲ ਦੇਖਿਆ ਕਿਉਂਕਿ ਕੰਮ ਕਰਨ ਵਾਲੀਆਂ ਔਰਤਾਂ ਵਿਚੋਂ ਜ਼ਿਆਦਾ ਗਿਣਤੀ ਏਸ਼ੀਅਨ ਔਰਤਾਂ ਦੀ ਸੀ। ਜੇ ਕਿਸੇ ਨੂੰ ਬੋਲੀ ਦੀ ਸਮੱਸਿਆ ਪਵੇ ਤਾਂ ਟਿੱਕਾ ਹੀ ਕੰਮ ਆਉਂਦਾ ਹੈ। ਮੈਨੇਜਰ ਪੀਟਰ ਕੈਂਬਰਲੇਨੇ ਇਕ ਵਾਰ ਫਿਰ ਆਪਣੀ ਗੱਲ ਦੁਹਰਾਈ, ਇਸ ਵਾਰ ਉਹ ਵੀ ਜਿਵੇਂ ਟਿੱਕੇ ਨੂੰ ਹੀ ਮੁਖਾਤਬ ਹੋ ਰਿਹਾ ਹੋਵੇ। ਟਿੱਕਾ ਬੋਲਿਆ,

—ਮਿਸਟਰ ਕੈਂਬਰਲੇ, ਅਸੀਂ ਸਾਰੇ ਤਾਂ ਚੈੱਕਰ ਹਾਂ, ਸਾਡਾ ਕੰਮ ਹੈ ਉਹਨਾਂ ਵਲੋਂ ਤਿਆਰ ਕੀਤੇ ਮਾਲ ਨੂੰ ਚੈੱਕ ਕਰਨਾ, ਜੇ ਕਿਧਰੇ ਗਲਤੀ ਹੋਵੇ ਤਾਂ ਕੰਟਰੋਲਰ ਨੂੰ ਇਸ ਬਾਰੇ ਦੱਸਣਾ ਪਰ ਵਰਕਰਾਂ ਨੇ ਕਿਹੜਾ ਕੰਮ ਕਰਨਾ ਹੈ ਤੇ ਕਿਵੇਂ ਕਰਨਾ ਹੈ ਇਹ ਡਿਊਟੀ ਤਾਂ ਕੰਟਰੋਲਰ ਦੀ ਹੈ।

—ਮਿਸਟਰ ਸਿੰਘ, ਤੂੰ ਹੀ ਉਹਨਾਂ ਦੀ ਮੱਦਦ ਲਈ ਸਾਡੇ ਕੋਲ ਆਉਂਨਾ ਹੁੰਨਾਂ।

—ਮਿਸਟਰ ਕੈਂਬਰਲੇ, ਮੈਂ ਕਦੇ ਕਦੇ ਕਿਸੇ ਨਾਲ ਸਿਰਫ ਟਰਾਂਸਲੇਟਰ ਦੇ ਤੌਰ ਤੇ ਆਉਂਨਾ ਨਾ ਕਿ ਯੂਨੀਅਨ ਰੈੱਪ ਵਜੋਂ। ਜਿਸ ਦਿਨ ਤੁਸੀਂ ਮੈਨੂੰ ਕੰਟਰੋਲਰ ਬਣਾ ਦਿਓਗੇ ਤਾਂ ਮੈਂ ਤੁਹਾਡਾ ਇਹ ਕੰਮ ਵੀ ਕਰ ਦੇਵਾਂਗਾ।

ਆਖਦਾ ਟਿੱਕਾ ਹੱਸਣ ਲਗਿਆ ਤੇ ਨਾਲ ਹੀ ਨਾਲ ਦੇ ਚੈੱਕਰ ਵੀ ਹੱਸੇ। ਪੀਟਰ ਕੈਂਬਰਲੇ ਵੀ ਉਸ ਦੇ ਵਿਅੰਗ ਨੂੰ ਸਮਝਦਾ ਹੱਸਿਆ ਤੇ ਬੋਲਿਆ,



—ਜੇ ਮੇਰੇ ਵੱਸ ਹੁੰਦਾ ਤਾਂ ਮੈਂ ਜ਼ਰੂਰ ਬਣਾ ਦਿੰਦਾ ਪਰ ਹੁਣ ਤੁਸੀਂ ਸਾਰੇ ਮੇਰਾ ਇਹ ਕੰਮ ਕਰੋ, ਤੁਹਾਨੂੰ ਪਤਾ ਕਿ ਬਰਨੀ ਅੱਜਕਲ ਛੁੱਟੀਆਂ ਤੇ ਹੈ ਤੇ ਮਾਈਕ ਨੂੰ ਇਹ ਕੁਝ ਸਮਝਦੀਆਂ ਨਹੀਂ।

ਟਿੱਕੇ ਨੇਹੱਥ ਖੜਾ ਕਰਦਿਆਂ ਆਖਿਆ,

—ਮਿਸਟਰ ਕੈਂਬਰਲੇ, ਮੈਂ ਇਕ ਹੋਰ ਸਾਧਾਰਣ ਜਿਹੀ ਗੱਲ ਕਹਿਣੀ ਚਾਹੁੰਨਾ, ਮਾਈਂਡ ਨਾ ਕਰਨਾ, ਮੈਂ ਯੂਨੀਆਨ ਵਿਚ ਨਹੀਂ ਹਾਂ ਪਰ ਮੈਨੂੰ ਪਤਾ ਯੂਨੀਅਨ ਵਾਲੇ ਵੀ ਕੁਝ ਨਹੀਂ ਕਰ ਰਹੇ। ਗੱਲ ਇਹ ਹੈ ਕਿ ਕੋਈ ਵੇਲਾ ਸੀ ਜਦੋਂ ਇਕ ਕਾਮੇ ਮਗਰ ਰੋਜ਼ਾਨਾ ਸੱਤ ਜਾਂ ਅੱਠ ਟਰਾਲੀਆਂ ਔਸਤਨ ਭਰਦੀਆਂ ਸਨ ਤੇ ਫਿਰ ਇਹ ਗਿਣਤੀ ਦਸ ਹੋ ਗਈ, ਹੁਣ ਔਸਤਨ ਇਕ ਕਾਮਾ ਵੀਹ ਟਰਾਲੀਆਂ ਰੋਜ਼ਾਨਾ ਭਰ ਰਿਹਾ ਪਰ ਤਨਖਾਹ ਓਨੀ ਦੀ ਓਨੀ ਐ ਇਹ ਕਿਉਂ? ਤੇ ਤੁਸੀਂ ਇਕ ਕਾਮੇ ਤੋਂ ਕਿੰਨੇ ਕੁ ਕੰਮ ਦੀ ਆਸ ਰੱਖਦੇ ਓ?

—ਦੇਖ ਸਿੰਘ, ਟੋਰੀ ਸਰਕਾਰ ਦੀਆਂ ਪ੍ਰਾਪਤੀਆਂ! ਇਕੌਨਮੀ ਬੂਮ ਕਰ ਰਹੀ ਆ, ਜੇ ਕਾਮਾ ਪੂਰੀ ਤਰ੍ਹਾਂ ਕੰਮ ਨਹੀਂ ਕਰੇਗਾ ਤਾਂ ਇਕੌਨਮੀ ਦਾ ਗਰਾਫ ਉਪਰ ਕਿਵੇਂ ਜਾਵੇਗਾ, ਅੱਠ ਘੰਟੇ ਦੇ ਕੰਮ ਵਿਚ ਛੁੱਟੀਆਂ ਈ ਕਿੰਨੀਆਂ ਹੁੰਦੀਆਂ ਸੀ, ਦੇਖ ਏਸ ਸਰਕਾਰ ਨੇ ਆ ਕੇ ਸਭ ਕੁਝ ਕਿਵੇਂ ਸੋਧ ਦਿਤਾ, ਜਿਵੇਂ ਤੁਸੀਂ ਕਾਮੇ ਔਖੇ ਓ ਏਵੇਂ ਈ ਉਪਰਲੇ ਦਬਾਅ ਤੋਂ ਮੈਨੇਜਮੈਂਟ ਵੀ ਔਖੀ ਆ ਪਰ ਇਹ ਹੈ ਸਹੀ।

—ਇਹ ਬੂਮਿੰਗ ਨਕਲੀ ਐ, ਦੇਖੋ, ਟੋਰੀ ਸਰਕਾਰ ਸਾਰੇ ਮਹਿਕਮੇ ਤਾਂ ਵੇਚੀ ਜਾਂਦੀ ਆ।

—ਮਿਸਟਰ ਸਿੰਘ, ਆਪਾਂ ਸਿਆਸਤ ਦੀ ਗੱਲ ਛੱਡੀਏ ਤੇ ਆਪਣੀ ਕੰਪਨੀ ਦੀ ਕਰੀਏ, ਆਪਾਂ ਏਹਦੀ ਬੇਹਤਰੀ ਲਈ ਕੰਮ ਕਰਨਾ ਜਿਥੋਂ ਆਪਾਂ ਤਨਖਾਹ ਲੈਂਨੇ ਆਂ।

—ਮੈਂ ਤਾਂ ਕਦੇ ਵੀ ਕੰਮ ਤੋਂ ਪਿਛੇ ਨਹੀਂ ਹਟਿਆ।

—ਮੈਂ ਇਹ ਗੱਲ ਨਹੀਂ ਕਹਿ ਰਿਹਾ, ਮੈਂ ਤਾਂ ਕਹਿ ਰਿਹਾ ਸੀ ਕਿ ਇਹ ਔਰਤਾਂ ਤੇਰੀ ਭਾਸ਼ਾ ਸਮਝਦੀਆਂ ਤੂੰ ਇਹਨਾਂ ਨੂੰ ਸਮਝਾ ਕਿ ਗੱਲਾਂ ਘੱਟ ਤੇ ਕੰਮ ਜ਼ਿਆਦਾ।

ਮੈਨੇਜਰ ਦੀ ਗੱਲ 'ਤੇ ਟਿੱਕੇ ਨੇ ਸਿਰ ਜਿਹਾ ਮਾਰਿਆ ਤੇ ਬਾਕੀ ਦੇ ਚੈੱਕਰ ਵੀ ਉਸ ਦੀ 'ਹਾਂ' ਵਿਚ 'ਹਾਂ' ਮਿਲਾਉਂਦੇ ਮੈਨੇਜਰ ਦੇ ਦਫਤਰ ਵਿਚੋਂ ਤੁਰ ਪਏ। ਮੈਨੇਜਰ ਨੂੰ ਟਿੱਕੇ ਦੇ ਸੁਭਾਅ ਦਾ ਪਤਾ ਸੀ ਕਿ ਉਸ ਨੇ ਮਨ ਆਈ ਗੱਲ ਹੀ ਕਰਨੀ ਸੀ। ਉਹ ਨੂੰ ਇਹ ਵੀ ਪਤਾ ਸੀ ਕਿ ਟਿੱਕਾ ਬਹੁਤ ਵਧੀਆ ਕਾਮਾ ਸੀ ਪਰ ਕੰਮ ਆਪਣੀ ਮਰਜ਼ੀ ਨਾਲ ਹੀ ਕਰਦਾ ਸੀ। ਉਹ ਹਰ ਟੀਮ ਵਿਚ ਫਿੱਟ ਹੋ ਜਾਂਦਾ।ਕਦੇ ਕੋਈ ਕੰਮ ਰੁਕਿਆ ਹੁੰਦਾ ਤਾਂ ਟਿੱਕਾ ਮੂਹਰੇ ਹੋ ਕੇ ਕੰਮ ਨੂੰ ਮੁਕਾਉਣ ਦੀ ਕੋਸ਼ਿਸ਼ ਕਰਦਾ। ਕਿਸੇ ਹੋਰ ਕਾਮੇ ਨਾਲ ਹੱਥ ਪਵਾਉਣ ਤੋਂ ਵੀ ਪਿੱਛੇ ਨਾ ਹਟਦਾ। ਇਕ ਵਾਰ ਜਦ ਕੰਟਰੋਲਰ ਬਰਨੀ ਨੂੰ ਹੇਠਾਂ ਰਸੋਈ ਵਿਚ ਭੇਜਿਆ ਗਿਆ ਸੀ ਤਾਂ ਉਹ ਟਿੱਕੇ ਨੂੰ ਵੀ ਆਪਣੇ ਨਾਲ ਲੈ ਗਿਆ ਸੀ। ਉਹ ਬਰਨੀ ਦਾ ਸਭ ਤੋਂ ਵਿਸ਼ਵਾਸ ਵਾਲਾ ਕਾਮਾ ਸੀ।

ਟਿੱਕੇ ਨੇ ਕਨਵੇਅਰ ਤੇ ਆ ਕੇ ਦੇਖਿਆ ਕਿ ਮੈਨੇਜਰ ਨੇ ਬੈਲਟ ਚੱਲਣ ਦੀ ਸਪੀਡ ਕੁਝ ਵਧਾ ਦਿਤੀ ਸੀ। ਉਹ ਸਮਝ ਗਿਆ ਕਿ ਇਸ ਸਪੀਡ ਨੂੰ ਵਧਾਉਣ ਲਈ ਹੀ ਉਹ ਸਾਰੇ ਚੈੱਕਰਾਂ ਨੂੰ ਆਪਣੇ ਯਕੀਨ ਵਿਚ ਲੈਣਾ ਚਾਹੁੰਦਾ ਸੀ। ਸਪੀਡ ਵਧਣ ਨਾਲ ਹੁਣ ਟਰੇਆਂ ਭਰਨ ਵਾਲੀਆਂ ਔਰਤਾਂ ਨੂੰ ਕਾਹਲੀ ਕਾਹਲੀ ਹੱਥ ਮਾਰਨਾ ਪੈਂਦਾ ਸੀ। ਪੰਜਾਬੀ

ਔਰਤਾਂ ਵਿਚੋਂ ਬਹੁਤੀਆਂ ਟਿੱਕੇ ਨਾਲ ਗੱਲ ਕਰਕੇ ਖੁਸ਼ ਨਹੀਂ ਸਨ। ਉਹ ਡਰਦੀਆਂ ਸਨ ਕਿ ਪਤਾ ਨਹੀਂ ਅੱਗੋਂ ਟਿੱਕਾ ਕੀ ਕਹਿ ਦੇਵੇ। ਇਸ ਲਈ ਉਹਨਾਂ ਨੇ ਮੌਰਸ਼ੀਅਨ ਮੂਲ ਦੀ ਭਾਰਤੀ ਔਰਤ ਰਾਹੀਂ ਸ਼ਿਕਾਇਤ ਕਰਵਾਈ। ਤਾਨੀਆਂ ਕਹਿਣ ਲੱਗੀ,

—ਲੁਕ ਪਰਮੀਤ, ਬੈਲਟ ਸੋ ਫਾਸਟ!

—ਫਾਸਟ ਦਾ ਮਤਲਬ ਕੰਮ ਫਾਸਟ ਕਰੋ, ਇਹ ਮੈਨਜਮੈਂਟ ਦਾ ਹੁਕਮ ਐ, ਮੈਂ ਏਹਦੇ ਵਿਚ ਕੁਝ ਨਹੀਂ ਕਰ ਸਕਦਾ।

ਉਹ ਮੋਢੇ ਹਿਲਾਉਂਦਾ ਤੁਰ ਗਿਆ। ਪੰਜਾਬੀ ਔਰਤਾਂ ਕਚੀਰਾ ਜਿਹਾ ਕਰਦੀ ਰਹੀਆਂ।

ਪੰਜਾਬੀ ਔਰਤਾਂ ਦਾ ਬਿਨਾਂ ਮਤਲਵ ਬੋਲੀ ਜਾਣਾ ਟਿੱਕੇ ਨੂੰ ਚੰਗਾ ਨਹੀਂ ਸੀ ਲੱਗਦਾ। ਉਹਨਾਂ ਦੇ ਬੜਬੋਲੇਪਨ ਦਾ ਟਿੱਕਾ ਵੀ ਸ਼ਿਕਾਰ ਹੋ ਚੁੱਕਿਆ ਸੀ ਪਰ ਟਿੱਕੇ ਨੇ ਵੀ ਅਜਿਹਾ ਸਬਕ ਦਿਤਾ ਸੀ ਕਿ ਉਹ ਟਿੱਕੇ ਨਾਲ ਗੱਲ ਕਰਨੋਂ ਹੀ ਡਰਨ ਲਗੀਆਂ। ਜਦ ਕੰਮ 'ਤੇ ਪਤਾ ਚੱਲਿਆ ਕਿ ਟਿੱਕੇ ਦੀ ਦੂਜੀ ਘਰਵਾਲੀ ਵੀ ਚਲੇ ਗਈ ਹੈ ਤਾਂ ਮਹਿੰਦਰ ਕੋਰ ਕਹਿਣ ਲੱਗੀ,

—ਵੇ ਟਿੱਕਿਆ, ਤੇਰੇ ਪੱਲੇ ਵੀ ਕੁਸ਼ ਹੈ?

ਟਿੱਕੇ ਦੀ ਇਹ ਦੁਖਦੀ ਰਗ ਸੀ। ਕਈ ਲੋਕ ਉਸ ਉਪਰ ਇਹੋ ਤੋਹਮਤ ਲਾਉਣ ਲਗਦੇ ਸਨ। ਉਹ ਔਖਾ ਹੁੰਦਾ ਬੋਲਿਆ,

—ਆ ਜਾ ਕਿਸੇ ਵੇਲੇ, ਦਿਖਾ ਦਿੰਨਾ ਮੇਰੇ ਕੋਲ ਜੋ ਕੁਸ਼ ਹੈਗਾ।

—ਵੇ ਟਿੱਕਿਆ, ਅਕਲ ਨਾਲ ਬੋਲ, ਮੈਂ ਤੇਰੀਆਂ ਮਾਵਾਂ ਵਰਗੀ ਆਂ!

—ਜੇ ਮਾਵਾਂ ਵਰਗੀ ਆਂ ਤਾਂ ਆਪਣੀ ਕਿਸੇ ਕੁੜੀ ਨੂੰ ਭੇਜ ਦੇ, ਉਹ ਤੈਨੂੰ ਆ ਕੇ ਸਾਰੀ ਕਹਾਣੀ ਦੱਸ ਦੇਊ।

ਮਹਿੰਦਰ ਕੋਰ ਤਾਂ ਜਿਵੇਂ ਸੁਸਰੀ ਵਾਂਗ ਸੌਂ ਗਈ ਹੋਵੇ। ਉਹ ਬੋਲਣ ਜੋਗੀ ਰਹੀ ਹੀ ਨਹੀਂ ਸੀ। ਉਸ ਦੇ ਨਾਲ ਖੜੀ ਗੁਰਬੰਸ ਕੋਰ ਜੋ ਟਿਚਰਬਾਜ਼ੀ ਦੀ ਮਾਹਰ ਮੰਨੀ ਜਾਂਦੀ ਸੀ, ਬੋਲੀ,

—ਚੱਲ ਵੇ ਟਿੱਕਿਆ, ਤੇਰੇ ਨਾਲ ਮੈਂ ਚਲਦੀ ਆਂ, ਦੇਖਦੀ ਆਂ ਤੇਰੇ ਕੋਲ ਕੀ ਆ, ਜਿਹਦੇ ਸਿਰ ਤੇ ਐਨਾਂ ਬੋਲਦਾਂ!

—ਨਹੀਂ, ਮੈਂ ਤੇਰੇ ਨਾਲ ਜਾ ਕੇ ਕੋਈ ਬਿਮਾਰੀ ਨਹੀਂ ਲਵਾਉਣੀ।

ਕਹਿ ਕੇ ਟਿੱਕਾ ਆਪਣੇ ਕੰਮ ਨੂੰ ਜਾ ਲਗਿਆ ਤੇ ਸਾਰੀਆਂ ਔਰਤਾਂ ਉਸ ਨੂੰ ਬੁਰਾ-ਭਲਾ ਬੋਲਦੀਆਂ ਰਹੀਆਂ। ਉਸ ਤੋਂ ਬਾਅਦ ਉਹ ਟਿੱਕੇ ਨਾਲ ਸਿਰਫ ਕੰਮ ਦੀ ਗੱਲ ਹੀ ਕਰਦੀਆਂ। ਵੈਸੇ ਟਿੱਕਾ ਕਿਸੇ ਦੇ ਸਿਰ ਨਹੀਂ ਸੀ ਆਉਂਦਾ। ਜੇ ਕੋਈ ਉਸ ਨਾਲ ਹੱਸ ਕੇ ਬੋਲਦਾ ਤਾਂ ਉਹ ਵੀ ਖੁਸ਼ ਹੋ ਕੇ ਮਿਲਦਾ। ਜਦੋਂ ਉਹਨਾਂ ਦੀ ਵਾਰੀ ਜੂਸ ਤੇ ਕੋਕ ਭਰਨ ਦੀ ਆਉਂਦੀ ਤਾਂ ਟਿੱਕਾ ਅੱਗੇ ਹੋ ਕੇ ਉਹਨਾਂ ਦੀ ਮੱਦਦ ਕਰਦਾ। ਉਸ ਨੂੰ ਪਤਾ ਸੀ ਕਿ ਇਹ ਕੰਮ ਭਾਰਾ ਹੈ ਤੇ ਔਰਤਾਂ ਲਈ ਜੂਸ ਦੇ ਬਾਰਾਂ ਡੱਬਿਆਂ ਦਾ ਕੇਸ ਜਾਂ ਕੋਕ ਦੀਆਂ ਬੋਤਲਾਂ ਦੇ ਕੇਸ ਚੁੱਕਣੇ ਔਖੇ ਹੁੰਦੇ।

ਕੰਮ ਉਪਰ ਬਹੁਤ ਸਾਰੀਆਂ ਔਰਤਾਂ ਕੰਮ ਕਰਦੀਆਂ ਸਨ। ਹਰ ਰੰਗ ਦੀਆਂ ਤੇ ਹਰ ਉਮਰ ਦੀਆਂ। ਟਿੱਕਾ ਜਵਾਨ ਸੀ ਤੇ ਖੂਬਸੂਰਤ ਵੀ ਸੀ। ਕਈ ਔਰਤਾਂ ਉਸ ਤੇ



ਮਰਦੀਆਂ ਸਨ, ਕਈ ਉਸ ਦੇ ਨੇੜੇ ਹੋਣ ਦੀ ਕੋਸ਼ਿਸ਼ ਵੀ ਕਰਦੀਆਂ ਪਰ ਉਹ ਦੂਰ ਹੀ ਰਹਿੰਦਾ। ਉਸ ਦਾ ਕੰਮ ਸ਼ਮਿੰਦਰ ਦੇ ਨੇੜ ਨਾਲ ਚੱਲੀ ਜਾਂਦਾ ਸੀ। ਸ਼ਮਿੰਦਰ ਜਿਸ ਨੂੰ ਸਾਰੇ ਸ਼ਾਮੋ ਕਹਿੰਦੇ ਸਨ, ਟਿੱਕੇ ਦੇ ਮਾਮੇ ਦੇ ਮੁੰਡੇ, ਸੋਢੀ ਦੀ ਪਤਨੀ ਸੀ। ਸੋਢੀ ਦੀ ਕਾਰਾਂ ਦੀ ਗੈਰਿਜ ਸੀ, ਉਹ ਸਾਰਾ ਦਿਨ ਕੰਮ ਵਿਚ ਫਸਿਆ ਰਹਿੰਦਾ ਤੇ ਜਦ ਟਿੱਕੇ ਦੀ ਸ਼ਾਮ ਦੀ ਜਾਂ ਰਾਤ ਦੀ ਸ਼ਿਫਟ ਹੁੰਦੀ ਤਾਂ ਦਿਨ ਵੇਲੇ ਸ਼ਾਮੋ ਉਸ ਦੇ ਘਰ ਆ ਜਾਂਦੀ। ਟਿੱਕਾ ਔਰਤ ਦੇ ਇੰਨੇ ਕੁ ਸਾਥ ਨਾਲ ਹੀ ਖੁਸ਼ ਸੀ।

## ਚਾਰ

ਸਵੇਰੇ ਨਲ਼ਕੇ ਦੇ ਗਿੜਨ ਤੇ ਭਾਂਡਿਆਂ ਦੇ ਖੜਕਣ ਨੇ ਟਿੱਕੇ ਦੀ ਨੀਂਦ ਤੋੜ ਦਿਤੀ। ਉਸ ਨੂੰ ਕੁਝ ਪਲ ਇਹ ਸਮਝਣ ਨੂੰ ਲੱਗ ਗਏ ਕਿ ਉਹ ਕਿਥੇ ਸੀ। ਰਾਤੀਂ ਹੀ ਉਹ ਪਿੰਡ ਪੁੱਜਾ ਸੀ। ਉਸ ਦਾ ਛੋਟਾ ਭਰਾ ਜਗਮੀਤ ਉਸ ਨੂੰ ਦਿੱਲੀ ਤੋਂ ਲੈ ਕੇ ਆਇਆ ਸੀ। ਉਹ ਰਾਤ ਦਾ ਥੱਕਿਆ ਹੋਇਆ ਸੀ ਨਹੀਂ ਤਾਂ ਇੰਨੀ ਦੇਰ ਤਕ ਸੌਣ ਦਾ ਤਾਂ ਉਹ ਆਦੀ ਨਹੀਂ ਸੀ। ਉਹ ਉੱਠ ਕੇ ਬੈਠ ਗਿਆ ਤੇ ਵਾਸ਼ਰੂਮ ਜਾਣ ਬਾਰੇ ਸੋਚਣ ਲਗਿਆ। ਰਾਤ ਦੀ ਸ਼ਰਾਬ ਨਾਲ ਉਸ ਦਾ ਸਿਰ ਦੁਖ ਰਿਹਾ ਸੀ। ਉਹ ਇੰਨੀ ਪੀਂਦਾ ਨਹੀਂ ਸੀ। ਉਹ ਹੈਰਾਨ ਸੀ ਕਿ ਜਗਮੀਤ ਕਿੰਨੀ ਪੀ ਜਾਂਦਾ ਹੈ। ਉਹ ਉਠ ਕੇ ਗੁਸਲ ਜਾਣ ਲਗਿਆ ਤਾਂ ਵਿਹੜੇ ਵਿਚ ਕੰਮ ਕਰਦੀ ਜ਼ੁਬੈਦਾ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਦਿਤੀ। ਉਹ ਵਾਪਸ ਆਇਆ ਤਾਂ ਉਸ ਦੀ ਮਾਂ ਉਸ ਲਈ ਚਾਹ ਲੈ ਕੇ ਆ ਗਈ। ਵਿਹੜੇ ਵਿਚ ਲਗੇ ਨਿੰਬੂਆਂ ਦੇ ਬੂਟੇ ਵਲ ਦੇਖ ਕੇ ਉਸ ਦਾ ਦਿਲ ਕੀਤਾ ਕਿ ਕਿਉਂ ਨਾ ਨਿੰਬੂ-ਪਾਣੀ ਪੀਤਾ ਜਾਵੇ। ਉਹ ਬੋਲਿਆ,

—ਮਾਤਾ, ਪਹਿਲਾਂ ਮੈਨੂੰ ਸਕੰਜਵੀ ਲਿਆ ਦੇ।

—ਇੰਨੀ ਠੰਡ ਵਿਚ ਸਕੰਜਵੀ?

ਰਾਜ ਕੋਰ ਨੇ ਜ਼ਰਾ ਕੁ ਹੈਰਾਨ ਹੋ ਕੇ ਕਿਹਾ ਤੇ ਫਿਰ ਉਸ ਨੇ ਵਿਹੜੇ ਵਲ ਮੂੰਹ ਕਰਦਿਆਂ ਅਵਾਜ਼ ਮਾਰੀ,

—ਨੀਂ ਇਕਰਾ, ਜਾਹ ਨਿੰਬੂ ਤੋੜ ਕੇ ਸਕੰਜਵੀ ਬਣਾ ਲਿਆ।

ਥੋੜੇ ਮਿੰਟਾਂ ਵਿਚ ਹੀ ਗੋਰੀ ਜਿਹੀ ਭਰਵੇਂ ਜੁੱਸੇ ਵਾਲੀ ਜਵਾਨ ਕੁੜੀ ਹੱਥ ਵਿਚ ਸਕੰਜਵੀ ਦਾ ਗਲਾਸ ਲਈ ਉਸ ਦੇ ਮੂਹਰੇ ਖੜੀ ਸੀ। ਟਿੱਕੇ ਨੇ ਉਸ ਵਲ ਦੇਖਿਆ ਤਾਂ ਕੁੜੀ ਨੇ ਨੀਵੀਂ ਪਾ ਲਈ। ਉਸ ਦੇ ਹੱਥੋਂ ਗਲਾਸ ਫੜਦਾ ਟਿੱਕਾ ਸੋਚ ਹੀ ਰਿਹਾ ਸੀ ਕਿ ਕੌਣ ਹੋਵੇਗੀ ਕਿ ਜ਼ੁਬੈਦਾ ਅੰਦਰ ਆ ਗਈ ਤੇ ਬੋਲੀ,

—ਇਹ ਮੇਰੀ ਛੋਟੀ ਆ, ਇਕਰਾ।

—ਉਹੀ ਜਿਹੜੀ ਪਿਛਲੀ ਵਾਰੀ ਸਕੂਲ ਜਾਣ ਲਈ ਰੋਂਦੀ ਸੀ?

—ਆਹੋ ਜੀ, ਉਹੀ। ਹੁਣ ਤਾਂ ਏਹਨੇ ਦਸ ਕਰ ਲਈਆਂ।

—ਅੱਗੇ ਨਹੀਂ ਪੜੀ?

—ਅਸੀਂ ਗਰੀਬਾਂ ਨੇ ਅੱਗੇ ਕੀ ਪੜਾਉਣਾ ਜੀ! ਸਕੂਲ ਤਕ ਤਾਂ ਫੀਸ ਹੈ ਨਾ

ਸੀ, ਹੁਣ ਤਾਂ ਇਹ ਆ ਕਿ ਜਦ ਵੀ ਹਿੰਮਤ ਹੋਈ ਏਹਦਾ ਵਿਆਹ ਕਰ ਦੇਣਾਂ ਤੇ ਬਸ ਮੈਂ ਵਿਹਲੀ ਹੋ ਜਾਣਾਂ।

ਟਿੱਕੇ ਨੂੰ ਯਾਦ ਸੀ ਕਿ ਪਿਛਲੀ ਵਾਰੀਜ਼ੁਬੈਦਾ ਨੇ ਟਿੱਕੇ ਤੋਂ ਕੁੜੀ ਦੇ ਵਿਆਹ ਲਈ ਮੱਦਦ ਵੀ ਮੰਗੀ ਸੀ ਤੇ ਟਿੱਕੇ ਨੇ 'ਹਾਂ' ਕਰ ਦਿਤੀ ਸੀ। ਉਸ ਨੇ ਪੁੱਛਿਆ,

—ਦੇਖਿਆ ਕੋਈ ਮੁੰਡਾ ਏਹਦੇ ਲਈ?

—ਮੁੰਡਾ ਤਾਂ ਮੇਰੇ ਭਰਾ ਦਾ ਈ ਹੈਗਾ ਸੀ ਪਰ ਉਹ ਦਾਜ ਮੰਗਦੇ ਆ, ਮੈਂ ਗਰੀਬਣੀ ਵਿਆਹ ਕਰ ਦੇਵਾਂ ਇਹੋ ਬਹੁਤ ਆ, ਦਾਜ ਕਿਥੋਂ ਦੇਊਂ! ਤੁਹਾਨੂੰ ਪਤਾ ਈ ਆ ਬਈ ਮੁੰਡੇ ਮੇਰੇ ਦੋਨੋਂ ਨਿਕੰਮੇ, ਤੀਜਾ ਨਿਕੰਮਾ ਉਹਨਾਂ ਦਾ ਪਿਓ, ਮੈਂ 'ਕੱਲੀ ਤੀਮੀ-ਮਾਨੀ ਕੀ ਕਰਾਂ!

ਟਿੱਕਾ ਇਸ ਟੱਬਰ ਨੂੰ ਓਦੋਂ ਤੋਂ ਹੀ ਜਾਣਦਾ ਸੀ ਜਦ ਇਹ ਸੀਤਾ ਪੁਰ ਤੋਂ ਆ ਕੇ ਉਹਨਾਂ ਦੇ ਪਿੰਡ ਵਸੇ ਸਨ। ਜ਼ੁਬੈਦਾ ਦਾ ਪਤੀ ਅਹਿਮਦ ਉਸ ਕੋਲ ਸ਼ਰਾਬ ਪੀਣ ਆ ਜਾਇਆ ਕਰਦਾ ਸੀ। ਟਿੱਕਾ ਆਪ ਤਾਂ ਭਾਵੇਂ ਘੱਟ ਪੀਂਦਾ ਪਰ ਆਏ ਗਏ ਦੇ ਮੂਹਰੇ ਬੋਤਲ ਜ਼ਰੂਰ ਰੱਖਦਾ। ਜਗਮੀਤ ਪੂਰੀ ਪੇਟੀ ਦਾ ਹੀ ਇੰਤਜ਼ਾਮ ਕਰ ਰੱਖਦਾ। ਜਗਮੀਤ ਟਿੱਕੇ ਦਾ ਛੋਟਾ ਭਰਾ ਸੀ ਪਰ ਉਸ ਦਾ ਆਪਣਾ ਅਲੱਗ ਘਰ ਸੀ। ਉਹਨਾਂ ਦੇ ਪਿਓ ਨੇ ਪਹਿਲਾਂ ਹੀ ਦੋਵਾਂ ਭਰਾਵਾਂ ਲਈ ਵੱਖ-ਵੱਖ ਘਰ ਬਣਾ ਦਿਤੇ ਹੋਏ ਸਨ। ਰਾਜ ਕੌਰ ਦੀ ਟਿੱਕੇ ਵਾਲੇ ਘਰ ਵਿਚ ਹੀ ਰਹਿੰਦੀ ਸੀ ਕਿਉਂਕਿ ਉਸ ਦੀ ਜਗਮੀਤ ਦੀ ਘਰਵਾਲੀ ਧੰਨਵੰਤੀ ਨਾਲ ਬਣਦੀ ਨਹੀਂ ਸੀ। ਧੰਨਵੰਤੀ ਟਿੱਕੇ ਨੂੰ ਵੀ ਬਹੁਤਾ ਪਸੰਦ ਨਹੀਂ ਸੀ ਕਰਦੀ। ਇਹ ਧੰਨਵੰਤੀ ਹੀ ਸੀ ਜਿਸ ਨੇ ਆਪਣੇ ਰਿਸ਼ਤੇ ਵਿਚੋਂ ਕੁੜੀ ਰਜਨੀ ਦਾ ਰਿਸ਼ਤਾ ਟਿੱਕੇ ਨੂੰ ਕਰਾਇਆ ਸੀ ਤੇ ਟਿੱਕੇ ਨੇ ਉਹ ਕੁੜੀ ਛੱਡ ਦਿਤੀ ਹੋਈ ਸੀ। ਟਿੱਕੇ ਨੂੰ ਇਸ ਦੀ ਕੋਈ ਪਰਵਾਹ ਨਹੀਂ ਸੀ। ਟਿੱਕਾ ਤਾਂ ਜਗਮੀਤ ਨੂੰ ਵੀ ਕਈ ਵਾਰ ਦੱਬਕੇ ਮਾਰ ਜਾਂਦਾ। ਅਸਲ ਟਿੱਕਾ ਜਗਮੀਤ ਨਾਲ ਖਫਾ ਸੀ ਕਿ ਉਸ ਦੀ ਅੰਮਰਤੀ ਨਾਲ ਬੋਲ-ਚਾਲ ਕਿਉਂ ਸੀ। ਉਸ ਦਾ ਕਹਿਣਾ ਸੀ ਕਿ ਅੰਮਰਤੀ ਨੇ ਉਸ ਦਾ ਦੋ ਵਾਰ ਘਰ ਪੱਟਿਆ ਸੀ ਇਸ ਲਈ ਜਗਮੀਤ ਨੂੰ ਵੀ ਉਸ ਨਾਲ ਸਬੰਧ ਤੋੜ ਲੈਣੇ ਚਾਹੀਦੇ ਸਨ ਪਰ ਜਗਮੀਤ ਅਜਿਹਾ ਨਹੀਂ ਸੀ ਕਰ ਸਕਿਆ। ਉਸ ਨੂੰ ਆਪਣੀ ਭੈਣ ਨਾਲ ਬਹੁਤ ਪਿਆਰ ਸੀ। ਇਸੇ ਗੁੱਸੇ ਵਿਚ ਟਿੱਕੇ ਕਈ ਵਾਰ ਜਗਮੀਤ ਨੂੰ ਘੱਟ-ਵੱਧ ਬੋਲ ਜਾਂਦਾ ਪਰ ਜਗਮੀਤ ਚੁੱਪ ਰਹਿੰਦਾ। ਉਸ ਨੇ ਟਿੱਕੇ ਦਾ ਕੌਅ ਪਾਇਆ ਹੋਇਆ ਸੀ। ਫਿਰ ਟਿੱਕੇ ਦਾ ਉਹਨਾਂ ਨੂੰ ਫਾਇਦਾ ਵੀ ਤਾਂ ਬਹੁਤ ਸੀ। ਜਗਮੀਤ ਨਾਲ ਦੇ ਪਿੰਡ ਦੇ ਸਕੂਲ ਵਿਚ ਪੜਾਉਂਦਾ ਸੀ। ਕੰਮ 'ਤੇ ਜਾਣ ਲਈ ਟਿੱਕੇ ਨੇ ਉਸ ਨੂੰ ਸਕੂਟਰ ਲੈ ਦਿਤਾ ਹੋਇਆ ਸੀ। ਉਸ ਦੇ ਮੁੰਡੇ ਤੇ ਕੁੜੀ ਲਈ ਵੀ ਹਰ ਵਾਰ ਟਿੱਕਾ ਕੁਝ ਨਾ ਕੁਝ ਲੈ ਕੇ ਆਉਂਦਾ।

ਰਾਜ ਕੌਰ ਨੂੰ ਆਪਣੇ ਪੁੱਤ ਦੇ ਇਕ ਵਾਰ ਫਿਰ ਘਰ ਟੁੱਟ ਜਾਣ ਦਾ ਬਹੁਤ ਦੁੱਖ ਸੀ। ਇਕ ਦਿਨ ਉਹ ਬੋਲੀ,

—ਟਿੱਕੇ ਪੁੱਤ, ਪਤਾ ਨਹੀਂ ਕੈਸੀ ਕਿਸਮਤ ਪਾਈ ਐ ਤੂੰ!...ਚੱਲ ਉਹਦੀਆਂ ਉਹ ਜਾਣੇ, ਦੇਖੀਏ ਕੋਈ ਕੁੜੀ?

—ਨਹੀਂ ਮਾਤਾ, ...ਮੈਂ ਇਕੱਲਾ ਬਹੁਤਾ ਖੁਸ਼ ਆਂ।

—ਮੈਂ ਜਾਣਦੀ ਆਂ, ਤੇਰੇ ਸੁਭਾਅ ਨੂੰ ਵੀ ਜਾਣਦੀ ਆਂ ਪਰ ਇਥੋਂ ਕਿਸੇ ਸਾਦੇ



ਜਿਹੇ ਘਰ ਦੀ ਕੁੜੀ ਠੀਕ ਰਹਿ ਜਾਣੀ ਆਂ। ਸਗੋਂ ਭਾਵੇਂ ਹਾਲੇ ਉਥੇ ਨਾ ਲੈ ਜਾ ਤੇ ਇਥੇ ਈ ਰਹਿਣ ਦੇਵੀਂ।

ਟਿੱਕੇ ਨੇ ਕੋਈ ਉਤਰ ਨਾ ਦਿਤਾ।ਰਾਜ ਕੌਰ ਪੁੱਤ ਦਾ ਰੁਖ਼ ਦੇਖ ਕੇ ਉੱਠ ਖੜੀ ਤੇ ਨਾਸ਼ਤੇ ਦੇ ਆਹਰੇ ਲੱਗ ਗਈ। ਇਕਰਾ ਉਸ ਨੂੰ ਚਾਹ ਦਾ ਕੱਪ ਤੇ ਘਰ ਦੇ ਬਣਾਏ ਬਿਸਕੁਟ ਦੇ ਗਈ। ਉਸ ਨੇ ਪੁੱਛਿਆ,

—ਤੇਰਾ ਨਾਂ ਬਹੁਤ ਖੂਬਸੂਰਤ ਐ, ਏਹਦੇ ਮਤਲਬ ਦਾ ਪਤਾ?

—ਹਾਂ ਟਿੱਕਾ ਜੀ, ਮੇਰਾ ਬਾਬਾ ਹਰ ਰੋਜ਼ ਕੁਰਾਨ ਪੜਦਾ ਹੁੰਦਾ ਸੀ, ਉਹਨੇ ਈ ਰੱਖਿਆ ਸੀ।

—ਤੂੰ ਵੀ ਪੜਦੀ ਹੁੰਨੀ ਆ ਕੁਰਾਨ?

—ਨਹੀਂ ਟਿੱਕਾ ਜੀ, ਮੈਨੂੰ ਨਹੀਂ ਪੜਨੀ ਆਉਂਦੀ, ਓਦਾਂ ਮੇਰੇ ਚਾਚੇ-ਤਾਇਆਂ ਦੀਆਂ ਕੁੜੀਆਂ ਨੇ ਉਰਦੂ ਸਿੱਖੀ ਹੋਈ ਆ ਤੇ ਪੜ੍ਹ ਲੈਂਦੀਆਂ।

ਇਕ ਪਲ ਲਈ ਉਹ ਰੁਕੀ ਕਿ ਸ਼ਾਇਦ ਟਿੱਕਾ ਕੋਈ ਹੋਰ ਗੱਲ ਪੁੱਛੇ ਤੇ ਫਿਰ ਤੁਰ ਪਈ।

ਟਿੱਕੇ ਦੀ ਮਾਂ ਨੇ ਉਸ ਦਾ ਨਾਂ ਟਿੱਕਾ ਏਨੇ ਚਾਅ ਨਾਲ ਰੱਖਿਆ ਸੀ ਕਿ ਉਹ ਚਾਹੁੰਦੀ ਸੀ ਕਿ ਛੋਟੇ ਵੱਡੇ ਸਾਰੇ ਹੀ ਉਸ ਨੂੰ ਟਿੱਕਾ ਕਹਿਣ। ਇਸੇ ਲਈ ਇਕਰਾ ਨੂੰ ਵੀ ਟਿੱਕਾ ਜੀ ਕਹਿਣ ਦੀ ਹੀ ਹਿਦਾਇਤ ਸੀ। ਕੁਝ ਦੇਰ ਬਾਅਦ ਰਾਜ ਕੌਰ ਉਸ ਦੇ ਕੋਲ ਆ ਬੈਠੀ ਤੇ ਇਕਰਾ ਬਾਰੇ ਦੱਸਣ ਲੱਗੀ,

—ਬਹੁਤ ਸਚਿਆਰੀ ਕੁੜੀ ਆ, ਸ਼ਹਿਰ ਕੰਮ ਕਰਦੀ ਸੀ, ਸਕੂਟਰੀ ਖਰਾਬ ਹੋਣ ਕਰਕੇ ਵਿਹਲੀ ਹੀ ਸੀ।...ਓਦਾਂ ਜ਼ੁਬੈਦਾ ਤਾਂ ਘਰ ਦੀ ਸਫਾਈ ਤੇ ਰਸੋਈ ਦਾ ਕੰਮ ਕਰਨ ਆ ਹੀ ਜਾਇਆ ਕਰਦੀ ਆ।

—ਅਹਿਮਦ ਤਾਂ ਮੁੜ ਕੇ ਨਹੀਂ ਆਇਆ ਕਦੇ?

—ਇਕ ਦੋ ਕੁ ਵਾਰ ਆਇਆ ਪਰ ਇਹ ਤਿੰਨੇ ਈ ਉਹਨੂੰ ਪੈ ਜਾਂਦੀਆਂ ਤੇ ਦੁੜਾ ਦਿੰਦੀਆਂ, ਇਹ ਇਕਰਾ ਬਹੁਤ ਲੜਾਕੀ ਆ, ਵੱਡੀ ਫਰੀਦਾ ਵੀ ਆਦਮੀ ਨੇ ਛੱਡ ਦਿਤੀ, ਇਥੇ ਪਿੰਡ ਹੀ ਹੁੰਦੀ ਆ।

—ਹੁਣ ਕਿਹਦੇ ਘਰ ਰਹਿੰਦੇ ਆ?

—ਇਥੇ ਈ ਨੱਥੂ ਮੱਲ ਕੇ ਘਰ 'ਚ ਆ।

ਇੰਨੇ ਚਿਰ ਵਿਚ ਹੀ ਇਕਰਾ ਮੂਲੀ ਵਾਲੇ ਪਰੌਂਠੇ ਲੈ ਕੇ ਆ ਗਈ। ਟਿੱਕੇ ਨੇ ਪਰੌਂਠਿਆਂ ਦੀ ਤਰੀਫ ਕੀਤੀ ਤਾਂ ਰਾਜ ਕੌਰ ਬੋਲੀ,

—ਹੁਣ ਦੱਸ ਦੇ ਕੀ ਕੀ ਖਾਣਾ, ਮੀਟ-ਮੱਛੀ ਬਹੁਤ ਸੁਹਣਾ ਬਣਾਉਂਦੀ ਆ ਇਕਰਾ।

ਟਿੱਕੇ ਨੂੰ ਕਿਸੇ ਦੇ ਹੱਥ ਦਾ ਬਣਿਆਂ ਕਦੇ ਚੰਗਾ ਹੀ ਨਹੀਂ ਸੀ ਲਗਦਾ, ਉਸ ਸੋਚਦਾ ਸੀ ਕਿ ਉਸ ਤੋਂ ਚੰਗਾ ਕੋਈ ਕੀ ਬਣਾਵੇਗਾ ਪਰ ਇਕਰਾ ਦੇ ਹੱਥ ਦੇ ਬਣੇ ਪਰੌਂਠੇ ਖਾ ਕੇ ਉਸ ਨੂੰ ਮਹਿਸੂਸ ਹੋਇਆ ਕਿ ਉਹ ਵਧੀਆ ਕੁੱਕ ਹੋਵੇਗੀ।

ਅਗਲੀ ਸਵੇਰ ਟਿੱਕੇ ਨੇ ਇਕਰਾ ਨੂੰ ਆਪਣੇ ਕੋਲ ਕੁਰਸੀ 'ਤੇ ਬੈਠਾ ਲਿਆ ਤੇ ਪੁੱਛਿਆ,

—ਮੈਨੂੰ ਪਤਾ ਚਲਿਆ ਕਿ ਤੂੰ ਬਹੁਤ ਲੜਾਕੀ ਐਂ?

—ਨਹੀਂ ਟਿੱਕਾ ਜੀ, ਐਵੇਂ ਲੋਕ ਗੱਲਾਂ ਬਣਾ ਲੈਂਦੇ ਆ, ਜਦ ਕੋਈ ਗੱਲ੍ਹ ਈ ਆ ਪਵੇ ਤਾਂ ਫੇਰ ਬੰਦਾ ਕੀ ਕਰੇ।

—ਅੱਛਾ! ਤੂੰ ਤੇ ਬਈ ਬੜੀ ਦਿਲਚਸਪ ਕੁੜੀ ਐਂ। ਸੁਣਾ ਕੋਈ ਲੜਾਈ ਜਿਹੜੀ ਤੂੰ ਲੜੀ ਹੋਵੇ।

ਸੁਣ ਕੇ ਇਕਰਾ ਸ਼ਰਮਾ ਗਈ ਤੇ ਇਕੱਠੀ ਜਿਹੀ ਹੋ ਗਈ। ਉਹ ਕੁਝ ਨਾ ਬੋਲੀ। ਟਿੱਕੇ ਨੇ ਆਪਣਾ ਸਵਾਲ ਦੁਹਰਾਇਆ ਤਾਂ ਉਹ ਹੌਲੇ ਜਿਹੇ ਦੱਸਣ ਲੱਗੀ,

—ਕਈ ਲੋਕ ਕੰਮੀ-ਕਮੀਨ ਜ਼ਾਤ ਦੇ ਲੋਕ ਕਹਿ ਜਾਂਦੇ ਆ, ਕਈ ਸਾਨੂੰ 'ਕੱਲੀਆਂ ਨੂੰ ਦੇਖ ਕੇ ਵੀ ਵੱਧ ਘੱਟ ਬੋਲ ਜਾਂਦੇ ਆ, ਸਕੂਲੇ ਵੀ ਮੈਂ ਪੜ੍ਹਨ 'ਚ ਹੁਸ਼ਿਆਰ ਸੀ ਤੇ ਕੁੜੀਆਂ ਬਹੁਤ ਖਾਰ ਖਾਂਦੀਆਂ ਨੀ, ...ਆਹ ਪਿਛਲੇ ਹਫਤੇ ਈ ਦੇਵਾ ਸੂੰਹ ਦੀ ਨੋਂਹ ਨੇ ਮੈਨੂੰ ਕੋਈ ਗੱਲ ਕਹੀ, ਮੈਂ ਗੁੱਤੋਂ ਫੜ ਲਈ, ਆਪ ਸਭਿਆਰ ਨੂੰ; ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ!

—ਤੈਨੂੰ ਤੇ ਸੱਚੀਂ ਬਹੁਤ ਗੁੱਸਾ ਆਉਂਦਾ!

—ਟਿੱਕਾ ਜੀ, ਗੁੱਸਾ ਮੈਨੂੰ ਆਪਣੀ ਹਾਲਤ 'ਤੇ ਆਉਂਦਾ, ਸਾਡੀ ਜ਼ਿੰਦਗੀ ਵੀ ਲੋਕਾਂ ਵਾਂਗੂੰ ਆਮ ਕਿਉਂ ਨਹੀਂ? ਭਰਾ ਛੱਡ ਗਏ, ਪਿਓ ਵੀ ਏਦਾਂ ਦੀ ਹੀ ਨਿਕਲਿਆ, ਸਾਡੇ ਸਿਰ 'ਤੇ ਕਿਸੇ ਮਰਦ ਦੀ ਕੋਈ ਛਾਂ ਈ ਨਹੀਂ, ਫੇਰ ਆਹ ਘੋਰ ਗਰੀਬੀ! ਹੋਰਨਾਂ ਵਾਂਗੂੰ ਮੈਂ ਕਿਉਂ ਨਹੀਂ ਹੋਰ ਅੱਗੇ ਪੜ੍ਹ ਸਕੀ?...ਘੱਟੋ ਘੱਟ ਮਾਸਟਰਨੀ ਈ ਬਣ ਜਾਂਦੀ, ਸਮਾਜ 'ਚ ਕੋਈ ਰੁਤਬਾ ਤਾਂ ਹੁੰਦਾ, ...ਗੁੱਸਾ ਤਾਂ ਆਉਣਾ ਈ ਹੋਇਆ!

—ਇਹ ਤਾਂ ਸੱਚ ਐ ਇਕਰਾ।

—ਟਿੱਕਾ ਜੀ, ਆਹ ਉੱਚੀਆਂ ਜਾਤਾਂ ਵਾਲੇ ਲੋਕ ਵੀ ਬਹੁਤ ਤੰਗ ਕਰਦੇ ਆ, ਆਹ ਲੰਬੜਾਂ ਦਾ ਛੋਟਾ ਚੇਤੂ, ਵਿਆਹ ਹੁੰਦਾ ਨਹੀਂ ਸੀ ਤੇ ਇਹ ਤੀਵੀਂ ਮੁੱਲ ਲੈ ਆਇਆ। ਉਹ ਮੁੱਲ ਦੀ ਤੀਵੀਂ ਈ ਨਹੀਂ ਮਾਣ! ਅਖੇ ਹਮ ਤੋਂ ਬੈਂਸ ਹੋਤੇ ਹੈਂ ਤੇ ਕਹਿੰਦੀ ਕੁੜੀ ਵਿਆਹੁਣੀ ਆਂ ਸੰਧੂਆਂ ਦੇ ਤੇ ਮੁੰਡਾ ਵਿਰਕਾਂ ਦੇ।

—ਮੈਂ ਨਹੀਂ ਮੰਨਦਾ ਉੱਚੀ-ਨੀਵੀਂ ਜ਼ਾਤ ਨੂੰ, ਇਨਸਾਨ ਤਾਂ ਇਨਸਾਨ ਹੁੰਦਾ।

—ਮੈਨੂੰ ਪਤਾ ਟਿੱਕਾ ਜੀ, ਤੁਸੀਂ ਨਹੀਂ ਮੰਨਦੇ, ਮਾਤਾ ਜੀ ਵੀ ਨਹੀਂ ਮੰਨਦੇ, ...ਪਿੰਡ ਵਿਚ ਕਿੰਨੇ ਕੁ ਲੋਕ ਆ ਜਿਹੜੇ ਸਾਨੂੰ ਰਸੋਈ 'ਚ ਵੜਨ ਦਿੰਦੇ ਆ ਤੇ ਮੈਂ ਇਥੇ ਤੁਹਾਡੀ ਰੋਟੀ ਬਣਾ ਰਹੀ ਆਂ! ਤਾਂਹੀ ਤਾਂ ਮੈਂ ਤੁਹਾਡੀ ਏਨੀ ਕਦਰ ਕਰਦੀ ਆਂ। ...ਬਹੁਤ ਸਾਰੇ ਲੋਕ ਆ ਪਿੰਡ ਵਿਚ ਜੋ ਨਸ਼ਤਰ ਮਾਰਦੇ ਰਹਿੰਦੇ ਆ।

ਹੌਲੀ ਹੌਲੀ ਇਕਰਾ ਉਸ ਨਾਲ ਗੱਲਾਂ ਵਿਚ ਖੁੱਲ੍ਹਣ ਲੱਗੀ। ਕਿੰਨਾ ਕਿੰਨਾ ਚਿਰ ਬੈਠੀ ਗੱਲਾਂ ਕਰਦੀ ਰਹਿੰਦੀ। ਇਕਰਾ ਬਿਨਾਂ ਕਿਸੇ ਮੇਕ-ਅੱਪ ਦੇ ਸੁਹਣੀ ਲਗਦੀ। ਕਈ ਵਾਰ ਉਹ ਜ਼ਰਾ ਕੁ ਮੂੰਹ ਉਪਰ ਨੂੰ ਚੁੱਕ ਕੇ ਕੇ ਦੇਖਦੀ ਤਾਂ ਉਸ ਨੈਣ-ਨਕਸ਼ ਹੋਰ ਵੀ ਉਭਰ ਕੇ ਸਾਹਮਣੇ ਆਉਣ ਲਗਦੇ। ਇਕ ਦਿਨ ਬੋਲੀ,

—ਮਾਤਾ ਜੀ ਕਹਿੰਦਾ ਆ ਕਿ ਮੇਰਾ ਪੁੱਤ, ਟਿੱਕਾ ਦੁਨੀਆਂ ਦਾ ਹਰ ਕੰਮ ਕਰ ਸਕਦਾ।

—ਸਾਰੀਆਂ ਮਾਵਾਂ ਨੂੰ ਆਪਣੇ ਪੁੱਤ ਏਦਾਂ ਦੇ ਹੀ ਲਗਦੇ ਹੁੰਦੇ ਆ।



ਟਿੱਕੇ ਨੇ ਹੱਸਦੇ ਹੋਏ ਕਿਹਾ। ਇਕਰਾ ਚੁੱਪ ਕਰ ਗਈ। ਟਿੱਕੇ ਨੇ ਪੁੱਛਿਆ,

—ਤੇਰਾ ਤਾਂ ਨਹੀਂ ਕੋਈ ਕੰਮ ਕਰਨ ਵਾਲ਼ਾ?

—ਹੈ ਇਕ, ਜੇ ਕਰ ਸਕੋਂ ਤਾਂ।

ਟਿੱਕੇ ਨੇ ਸੋਚਿਆ ਕਿ ਸ਼ਾਇਦ ਇਹ ਇੰਗਲੈਂਡ ਸੱਦ ਲੈਣ ਲਈ ਕਹੇਗੀ। ਉਸ ਨੇ ਫਿਰ ਪੁੱਛਿਆ,

—ਦੱਸ ਇਕਰਾ, ਤੂੰ ਕੀ ਚਾਹੁੰਨੀ ਐਂ?

—ਟਿੱਕਾ ਜੀ, ਮੈਨੂੰ ਜੱਟੀ ਬਣਾ ਦਿਓ!

ਕਹਿੰਦੀ ਇਕਰਾ ਤਾੜੀ ਮਾਰ ਕੇ ਜ਼ੋਰ ਨਾਲ ਹੱਸੀ। ਟਿੱਕੇ ਨੇ ਵੀ ਹੱਸਣ ਵਿਚ ਉਸ ਦਾ ਸਾਥ ਦਿਤਾ ਪਰ ਉਸ ਨੂੰ ਸਮਝ ਨਹੀਂ ਲੱਗੀ ਕਿ ਇਹ ਇਕਰਾ ਦਾ ਵਿਅੰਗ ਹੈ ਜਾਂ ਮੰਗ।

ਇਕਰਾ ਸਵੇਰੇ ਚਾਹ ਵੇਲੇ ਹੀ ਉਹਨਾਂ ਦੇ ਘਰ ਆ ਜਾਂਦੀ ਟਿੱਕੇ ਨੂੰ ਨਾਸ਼ਤਾ ਕਰਾ ਕੇ ਜਾਂਦੀ। ਦਿਨ ਭਰ ਟਿੱਕਾ ਕਿਸੇ ਰਿਸ਼ਤੇਦਾਰ ਨੂੰ ਜਾਂ ਕਿਸੇ ਦੋਸਤ ਨੂੰ ਮਿਲਣ ਗਿਆ ਰਹਿੰਦਾ। ਸ਼ਾਮ ਨੂੰ ਪਰਤਦਾ ਤੇ ਇਕਰਾ ਸ਼ਾਮ ਨੂੰ ਫਿਰ ਆ ਜਾਂਦੀ। ਇਕ ਦਿਨ ਟਿੱਕਾ ਪੁੱਛਣ ਲਗਿਆ,

—ਤੇਰੀ ਸਕੂਟਰੀ ਨੂੰ ਕੀ ਹੋਇਆ?

—ਐਕਸੀਡੈਂਟ ਹੋ ਗਿਆ ਸੀ, ਪੰਜ ਕੁ ਸੌ ਰੁਪੱਈਆ ਲਗਣਾ, ਹੁਣ ਬਣਾਉਂਗੀ।

ਟਿੱਕੇ ਨੇ ਜੇਬ੍ਹ ਵਿਚੋਂ ਪੰਜ ਸੋ ਰੁਪਏ ਕੱਢੇ ਤੇ ਉਸ ਨੂੰ ਫੜਾਉਂਦਾ ਬੋਲਿਆ,

—ਆਹ ਲੈ, ਆਪਣੀ ਸਕੂਟਰੀ ਠੀਕ ਕਰਾ ਲੈ।

—ਨਹੀਂ ਟਿੱਕਾ ਜੀ, ਏਦਾਂ ਨਹੀਂ, ਹੁਣ ਮਾਤਾ ਨੇ ਮੈਨੂੰ ਤਨਖਾਹ ਦੇ ਦੇਣੀ ਆਂ,...ਕਰਾ ਲਊਂ।

ਇਕਰਾ ਨੇ ਇੰਨੀ ਸਖਤੀ ਨਾਲ ਕਿਹਾ ਕਿ ਟਿੱਕੇ ਨੂੰ ਪੈਸੇ ਵਾਪਸ ਜੇਬ੍ਹ ਵਿਚ ਪਾਉਣੇ ਪਏ। ਉਸ ਕੋਲ ਦੋ ਤਿੰਨ ਕਿਸਮ ਦੇ ਬੌਡੀ ਸਪਰੇਅ ਪਏ ਸਨ ਉਸ ਨੇ ਇਕਰਾ ਨੂੰ ਦੇਣ ਦੀ ਕੋਸ਼ਿਸ਼ ਕੀਤੀ ਪਰ ਇਕਰਾ ਨੇ ਨਾਲ ਲਏ। ਉਸ ਦੇ ਮਨ ਵਿਚ ਇਕਰਾ ਲਈ ਇਕ ਖਾਸ ਜਿਹੀ ਜਗਾਹ ਬਣਨ ਲੱਗੀ। ਇਕ ਦਿਨ ਸ਼ਾਮ ਨੂੰ ਉਹ ਇਕੱਲਾ ਹੀ ਘਰ ਬੈਠਾ ਸੀ। ਦੋ ਗਲਾਸੀਆਂ ਲਾਈਆਂ ਹੋਈਆਂ ਸਨ। ਉਹ ਬੋਲਿਆ,

—ਇਕਰਾ, ਤੇਰੀਆਂ ਅੱਖਾਂ ਬਹੁਤ ਸੁਹਣੀਆਂ, ਬਲੌਰੀ, ਬਿਊਟੀਫੁੱਲ!

ਇਕਰਾ ਕੁਝ ਨਾ ਬੋਲੀ ਤੇ ਸ਼ਰਮ ਨਾਲ ਅੱਖਾਂ ਝੁਕਾ ਲਈਆਂ। ਟਿੱਕੇ ਨੇ ਫਿਰ ਕਿਹਾ,

—ਤੈਨੂੰ ਪਹਿਲਾਂ ਵੀ ਕਿਸੇ ਨੇ ਕਹੀ ਇਹ ਗੱਲ।

—ਕਹਿਣ ਨੂੰ ਤਾਂ ਟਿੱਕਾ ਜੀ, ਬਥੇਰੇ ਮਰਦ ਕਹਿ ਜਾਂਦੇ ਆ ਪਰ ਸੱਚ ਤਾਂ ਨਹੀਂ ਹੁੰਦਾ।

—ਪਰ ਤੇਰੀਆਂ ਅੱਖਾਂ ਤਾਂ ਸੱਚੀਂ ਹੀ ਬਹੁਤ ਸੁਹਣੀਆਂ।

—ਹੋ ਸਕਦਾ ਤੁਹਾਡੇ ਦੇਖਣ ਦੇ ਤਰੀਕੇ ਵਿਚ ਈ ਕੁਸ਼ ਹੋਵੇ।

ਇਕਰਾ ਨੇ ਕਿਹਾ। ਟਿੱਕੇ ਨੇ ਸੋਚਿਆ ਕਿ ਸ਼ਾਇਦ ਉਹ ਉਸ ਨੂੰ ਚੰਗੀ ਲਗਣ ਲੱਗੀ ਹੈ, ਇਸ ਕਰਕੇ ਉਸ ਦੀ ਹਰ ਚੀਜ਼ ਹੀ ਸੁਹਣੀ ਜਾਪ ਰਹੀ ਹੈ। ਇਕਰਾ ਰੋਟੀ ਦੇ

ਕੇ ਚਲੇ ਗਈ ਤੇ ਉਹ ਸਾਰੀ ਰਾਤ ਉਹਦੇ ਬਾਰੇ ਸੋਚਦਾ ਰਿਹਾ। ਇਕਰਾ ਪਹਿਲੀ ਕੁੜੀ ਸੀ ਜਿਸ ਬਾਰੇ ਉਹ ਇੰਨਾ ਸੋਚ ਰਿਹਾ ਸੀ। ਸਵੇਰੇ ਉਠਦਾ ਹੀ ਉਹ ਆਪਣੇ ਆਪ ਨੂੰ ਲਾਹਣਤਾਂ ਪਾਉਣ ਲੱਗਿਆ। ਇਕਰਾ ਪਿੰਡ ਦੀ ਕੁੜੀ ਹੈ ਤੇ ਉਸ ਤੋਂ ਵੀਹ ਸਾਲ ਉਮਰ ਵਿਚ ਵੀ ਘੱਟ ਹੋਵੇਗੀ, ਕਿਸੇ ਨੂੰ ਉਸ ਦੀ ਸੋਚ ਬਾਰੇ ਪਤਾ ਚਲੇਗਾ ਤਾਂ ਕੀ ਸੋਚੇਗਾ।

ਸਵੇਰੇ ਇਕਰਾ ਚਾਹ ਦੇਣ ਆਈ ਤਾਂ ਟਿੱਕਾ ਚੁੱਪ-ਚੁੱਪ ਸੀ। ਇਕਰਾ ਹੱਸਦੀ ਹੋਈ ਪੁੱਛਣ ਲੱਗੀ,

—ਕੀ ਹੋਇਆ ਟਿੱਕਾ ਜੀ, ਕਿਹੜਾ ਸੱਪ ਸੁੰਘ ਗਿਆ?...ਕੀ ਰਾਤ ਵਾਲ਼ੇ ਵਪਾਰੀ ਲੱਦ ਗਏ?

—ਤੂੰ ਮੇਰੀ ਕਹੀ ਦਾ ਬੁਰਾ ਤਾਂ ਨਹੀਂ ਮਨਾਇਆ?

ਜਵਾਬ ਵਿਚ ਇਕਰਾ ਨੇ 'ਨਾਂਹ' ਵਿਚ ਛੋਟਾ ਜਿਹਾ ਸਿਰ ਮਾਰਿਆ। ਟਿੱਕੇ ਦੇ ਦਿਲ ਵਿਚ ਇਕ ਤਾਰ ਜਿਹੀ ਫਿਰ ਗਈ। ਉਸ ਨੇ ਕਿਹਾ,

—ਤੂੰ ਬਹੁਤ ਬਿਊਟੀਫੁੱਲ ਐਂ ਇਕਰਾ, ਰੀਅਲੀ!

ਇਕਰਾ ਉਵੇਂ ਹੀ ਖੜੀ ਰਹੀ। ਟਿੱਕੇ ਨੇ ਫਿਰ ਕਿਹਾ,

—ਇਕਰਾ, ਮੇਰਾ ਯਕੀਨ ਕਰ ਤੂੰ ਬਹੁਤ ਖੂਬਸੂਰਤ ਐਂ।

ਇਕ ਦਿਨ ਉਹ ਜ਼ਰਾ ਕੁ ਨਸ਼ੇ ਵਿਚ ਸੀ। ਇਕਰਾ ਉਸ ਦੇ ਕਮਰੇ ਵਿਚ ਆਈ ਤਾਂ ਉਸ ਨੇ ਕਿਹਾ,

—ਇਕਰਾ, ਮੇਰੀ ਜਾਨ, ਕੀ ਹਾਲ 'ਆ ਤੇਰਾ?

—ਠੀਕ ਆਂ ਟਿੱਕਾ ਜੀ।

—ਇਕਰਾ, ਮੈਨੂੰ ਲੱਗਦਾ, ਮੈਨੂੰ ਤੇਰੇ ਨਾਲ਼ ਪਿਆਰ ਹੋ ਗਿਆ।

ਟਿੱਕੇ ਨੂੰ ਪਤਾ ਹੀ ਨਹੀਂ ਚਲਿਆ ਇਹ ਸ਼ਬਦ ਉਹ ਕਦੋਂ ਤੇ ਕਿਵੇਂ ਬੋਲ ਗਿਆ। ਇਕਰਾ ਉਵੇਂ ਹੀ ਚੁੱਪ-ਚਾਪ ਉਸ ਦੇ ਸਾਹਮਣੇ ਖੜੀ ਰਹੀ। ਕੁਝ ਦੇਰ ਬਾਅਦ ਰਾਜ ਕੌਰ ਦੇ ਅਵਾਜ਼ ਮਾਰਨ ਤੇ ਚਲੀ ਗਈ। ਟਿੱਕੇ ਦੇ ਸਿਰ ਨੂੰ ਇਕ ਖ਼ੁਮਾਰ ਜਿਹਾ ਚੜ੍ਹਨ ਲੱਗਿਆ। ਦਿਲ ਵਿਚ ਅਜੀਬ ਜਿਹੀ ਗੁਦਗੁਦੀ ਹੋਣ ਲੱਗੀ। ਦੋ ਪਤਨੀਆਂ ਤੇ ਫਿਰ ਸ਼ਾਮੋ ਨਾਲ ਸਬੰਧਾਂ ਸਮੇਂ ਵੀ ਅਜਿਹਾ ਕੁਝ ਨਹੀਂ ਸੀ ਹੋਇਆ ਕਦੇ। ਫਿਰ ਜ਼ਰਾ ਕੁ ਠੰਡੇ ਮਨ ਨਾਲ ਸੋਚਿਆ ਕਿ ਇਹ ਕੀ ਮਾਜਰਾ ਹੈ। ਉਹ ਕਿਸ ਪਾਸੇ ਨੂੰ ਤੁਰ ਪਿਆ ਹੈ। ਇਹ ਗਰੀਬ ਨੂੰ ਕੋਈ ਗਲਤ ਸੁਫਨਾ ਤਾਂ ਨਹੀਂ ਦਿਖਾ ਰਿਹਾ। ਉਹ ਕਿਸੇ ਦੀ ਜ਼ਿੰਦਗੀ ਖਰਾਬ ਤਾਂ ਨਹੀਂ ਕਰਨ ਜਾ ਰਿਹਾ।

ਇਕਰਾ ਹੁਣ ਖਾਮੋਸ਼ ਜਿਹਾ ਰਹਿਣ ਲੱਗੀ। ਕਈ ਵਾਰ ਉਸ ਵਲ ਦੇਖਣ ਲੱਗਦੀ ਤੇ ਨਿਰੰਤਰ ਦੇਖਦੀ ਜਾਂਦੀ। ਤੀਜੇ-ਚੌਥੇ ਦਿਨ ਉਸ ਨੇ ਪੁੱਛਿਆ,

—ਟਿੱਕਾ ਜੀ, ਸੱਚ ਬੋਲ ਰਹੇ ਓ ਕਿ ਝੂਠ?

—ਬੋਲ ਤਾਂ ਸੱਚ ਰਿਹਾਂ ਪਰ ਤੂੰ ਏਹਨੂੰ ਝੂਠ ਈ ਸਮਝ।

—ਜੋ ਕੁਸ਼ ਐ ਮੈਂ ਤਾਂ ਉਹੀ ਸਮਝ ਸਕਦੀ ਆਂ, ਝੂਠ ਨੂੰ ਸੱਚ ਕਿੱਦਾਂ ਸਮਝਾਂ ਤੇ ਸੱਚ ਨੂੰ ਝੂਠ ਕਿੱਦਾਂ?

ਇਕਰਾ ਜਿਵੇਂ ਕਿਧਰੋਂ ਦੂਰੋਂ ਬੋਲ ਰਹੀ ਸੀ। ਟਿੱਕੇ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਹੁਣ ਉਹ ਕੀ ਕਹੇ ਜਾਂ ਕੀ ਕਰੇ। ਕੁਝ ਦੇਰ ਬਾਅਦ ਇਕਰਾ ਬੋਲੀ,



—ਟਿੱਕਾ ਜੀ, ਅਸੀਂ ਗਰੀਬ ਲੋਕ ਤਾਂ ਅਮੀਰਾਂ ਦੀ ਪਿਆਰ ਦੀ ਖੇਡ ਦੇ ਖਿਡੌਣੇ ਹੁੰਦੇ ਆਂ, ਪਿਆਰ ਵਿਚ ਅਮੀਰੀ-ਗਰੀਬੀ ਦਾ ਵੀ ਕਦੇ ਮੇਲ਼ ਹੋਇਆ?...ਇਹ ਤਾਂ ਫਿਲਮਾਂ ਦੀਆਂ ਗੱਲਾਂ ਹੈਗੀਆਂ। ਗਰੀਬ ਦਿਮਾਗ ਵਲੋਂ ਵੀ ਗਰੀਬ ਹੁੰਦਾ ਤੇ ਅਮੀਰ ਦੀ ਸਧਾਰਣ ਕਹੀ ਗੱਲ ਨੂੰ ਦਿਲ ਤੇ ਲਾ ਲੈਂਦਾ ਤੇ ਅਮੀਰ ਠੋਕਰ ਮਾਰ ਕੇ ਤੁਰਦਾ ਹੁੰਦਾ।

—ਤੂੰ ਠੀਕ ਕਹਿੰਦੀ ਐਂ ਇਕਰਾ, ਮੇਰੇ ਜਜ਼ਬੇ ਵੀ ਆਰਜ਼ੀ ਜਿਹੇ ਆ, ਦੋ ਹਫਤੇ ਹੋਰ ਆਂ ਏਥੇ, ਤੂੰ ਮੇਰੀ ਕਹੀ ਗੱਲ ਬਾਰੇ ਬਹੁਤਾ ਨਾ ਸੋਚ।

—ਮੈਨੂੰ ਪਤਾ ਟਿੱਕਾ ਜੀ, ਜ਼ਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ!

ਕਹਿ ਕੇ ਇਕਰਾ ਇਕ ਦਮ ਚਲੇ ਗਈ। ਟਿੱਕੇ ਨੇ ਫੈਸਲਾ ਕਰ ਲਿਆ ਕਿ ਹੁਣ ਉਹ ਇਕਰਾ ਬਾਰੇ ਨਹੀਂ ਸੋਚੇਗਾ ਪਰ ਇਵੇਂ ਉਹ ਕਰ ਨਾ ਸਕਿਆ। ਜਦ ਕਦੇ ਉਸ ਨੇ ਇਕ ਅੱਧੀ ਗਲਾਸੀ ਪੀਤੀ ਹੁੰਦੀ ਤਾਂ ਉਸ ਦਾ ਦਿਲ ਕਰਨ ਲਗਦਾ ਕਿ ਉਠ ਕੇ ਇਕਰਾ ਨੂੰ ਬਾਹਾਂ ਵਿਚ ਲੈ ਲਵੇ। ਜਦ ਵੀ ਇਕਰਾ ਆਲੇ ਦੁਆਲੇ ਹੁੰਦੀ ਤਾਂ ਉਹ ਆਪਣੇ ਆਪ ਨੂੰ ਸਾਵਧਾਨ ਕਰਦਾ ਰਹਿੰਦਾ।

ਇਕ ਦਿਨ ਪਿੰਡ ਵਿਚ ਕੋਈ ਮਰਗ ਹੋ ਗਈ ਤੇ ਰਾਜ ਕੌਰ ਇਕਰਾ ਨੂੰ ਹਿਦਾਇਤਾਂ ਦਿੰਦੀ ਮਕਾਣੇ ਚਲੇ ਗਈ। ਇਕਰਾ ਨੇ ਟੇਡੀ ਜਿਹੀ ਨਜ਼ਰ ਨਾਲ ਟਿੱਕੇ ਵਲ ਦੇਖਿਆ। ਟਿੱਕੇ ਤੋਂ ਉਸ ਦੀ ਨਜ਼ਰ ਦੀ ਮਾਰ ਝੱਲੀ ਨਾ ਗਈ ਤੇ ਅੱਗੇ ਹੋ ਕੇ ਉਸ ਦਾ ਹੱਥ ਫੜ ਲਿਆ ਤੇ ਫਿਰ ਖਿੱਚ ਕੇ ਉਸ ਨੂੰ ਛਾਤੀ ਨਾਲ ਲਾ ਲਿਆ। ਫਿਰ ਕੰਬਦੀ ਜਿਹੀ ਅਵਾਜ਼ ਵਿਚ ਕਿਹਾ,

—ਜਾ ਘਰ ਦਾ ਬੂਹਾ ਬੰਦ ਕਰ ਆ।

ਇਕਰਾ ਘਰ ਦੇ ਮੁੱਖ ਬੂਹੇ ਨੂੰ ਕੁੰਡੀ ਮਾਰ ਆਈ ਤੇ ਕਮਰੇ ਦਾ ਦਰਵਾਜ਼ਾ ਟਿੱਕੇ ਨੇ ਬੰਦ ਕਰ ਦਿਤਾ। ਇਕਰਾ ਨੂੰ ਬਿਸਤਰ ਤੇ ਪਾਉਂਦਾ ਉਹ ਪੁੱਛਣ ਲੱਗਿਆ,

—ਪਹਿਲਾਂ ਵੀ ਕਿਸੇ ਮਰਦ ਨਾਲ...?

—ਜੀ ਦੋ ਵਾਰ...।

ਇਕਰਾ ਨੇ ਬੇਝਿਜਕ ਹੋ ਕੇ ਜਵਾਬ ਦਿਤਾ। ਉਸ ਦਾ ਉਤਰ ਸੁਣ ਕੇ ਟਿੱਕਾ ਹੈਰਾਨ ਰਹਿ ਗਿਆ ਪਰ ਉਸ ਨੂੰ ਇਕਰਾ ਦਾ ਇਵੇਂ ਸੱਚ ਬੋਲਣਾ ਬਹੁਤ ਚੰਗਾ ਲੱਗਿਆ।

ਟਿੱਕੇ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਅਸਮਾਨ ਵਿਚ ਉਡਿਆ ਫਿਰ ਰਿਹਾ ਹੋਵੇਤੇ ਇਕਰਾ ਦਾ ਉਸ ਨੇ ਹੱਥ ਫੜਿਆ ਹੋਇਆ ਹੋਵੇ। ਹੁਣ ਉਸ ਨੂੰ ਇਕਰਾ ਤੋਂ ਅੱਗੇ ਕੁਝ ਵੀ ਦਿਸਣਾ ਬੰਦ ਹੋ ਗਿਆ। ਇਕਰਾ ਵੀ ਸੁਫਨਮਈ ਹੋਈ ਪਈ ਸੀ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਟਿੱਕੇ ਨਾਲ ਉਸ ਦੇ ਇੰਨੀ ਜਲਦੀ ਇੰਨੇ ਡੂੰਘੇ ਸਬੰਧ ਪੈਦਾ ਹੋ ਜਾਣਗੇ।

ਉਸ ਦਿਨ ਤੋਂ ਬਾਅਦ ਉਹ ਵੀ ਬਦਲ ਗਿਆ ਤੇ ਇਕਰਾ ਵੀ। ਦੋਵੇਂ ਚੁੱਪ ਜਿਹੇ ਇਕ ਦੂਜੇ ਵਲ ਦੇਖਦੇ ਰਹਿੰਦੇ। ਇਕਰਾ ਉਸ ਨਾਲ ਬਹੁਤੀ ਗੱਲ ਨਾ ਕਰਦੀ ਤੇ ਉਹ ਵੀ ਨਾ। ਟਿੱਕੇ ਨੂੰ ਤਾਂ ਇਕ ਇਹ ਵੀ ਡਰ ਸੀ ਕਿ ਜੇ ਘਰ ਵਿਚ ਉਸ ਦੀ ਮਾਂ ਨੂੰ ਜਾਂ ਭਰਾ ਨੂੰ ਕਿਸੇ ਤਰ੍ਹਾਂ ਪਤਾ ਚੱਲ ਗਿਆ ਤਾਂ ਇਕਰਾ ਦੀ ਤੇ ਉਸ ਦੇ ਪਰਿਵਾਰ ਦੀ ਖੈਰ ਨਹੀਂ। ਪਿੰਡ ਦੇ ਹੋਰ ਲੋਕ ਵੀ ਉਹਨਾਂ ਦੇ ਮਗਰ ਪੈ ਜਾਣਗੇ। ਉਹ ਉਸ ਨਾਲ ਆਪਣੇ ਇਸ ਰਿਸ਼ਤੇ ਨੂੰ ਪਰਦੇ ਵਿਚ ਰੱਖਣਾ ਚਾਹੁੰਦਾ ਸੀ। ਸ਼ਾਇਦ ਇਕਰਾ ਵੀ ਇਹੋ ਚਾਹ ਰਹੀ ਸੀ।

ਇਕ ਸ਼ਾਮ ਟਿੱਕਾ ਜਗਮੀਤ ਦੇ ਘਰ ਬੈਠਾ ਸੀ। ਕਈ ਵਾਰ ਇਵੇਂ ਹੀ ਹੁੰਦੀ ਕਿ ਉਹ ਜਗਮੀਤ ਵਲ ਚਲੇ ਜਾਂਦਾ ਤੇ ਰੋਟੀ ਵੀ ਓਧਰ ਹੀ ਖਾ ਲੈਂਦਾ। ਵੈਸੇ। ਦੋਵੇਂ ਭਰਾ ਬੈਠੇ ਪੀ ਰਹੇ ਸਨ। ਆਦਤ ਮੁਜਬ ਟਿੱਕਾ ਆਪਣਾ ਇਕੋ ਪੈੱਗ ਪਾ ਕੇ ਬੈਠਾ ਸੀ ਤੇ ਜਗਮੀਤ ਇਕ ਤੋਂ ਬਾਅਦ ਦੂਜਾ ਤੇ ਦੂਜੇ ਤੋਂ ਬਾਅਦ ਤੀਜਾ ਖਿੱਚੀ ਜਾ ਰਿਹਾ ਸੀ। ਅਚਾਨਕ ਇਕਰਾ ਉਹਨਾਂ ਪਾਸ ਆਈ ਤੇ ਕਹਿਣ ਲੱਗੀ,

—ਟਿੱਕਾ ਜੀ, ਮਾਤਾ ਜੀ ਪੁੱਛਦੇ ਆ ਕਿ ਰੋਟੀ ਐਥੇ ਖਾਣੀ ਆਂ ਕਿ ਓਧਰ ਆਉਣਾ?

—ਚੱਲ ਤੂੰ ਮੈਂ ਆਉਂਨਾ।

ਟਿੱਕੇ ਨੇ ਕਿਹਾ ਤੇ ਇਕਰਾ ਚਲੇ ਗਈ। ਜਗਮੀਤ ਦਾ ਨਸ਼ਾ ਖਿੜਿਆ ਹੋਇਆ ਸੀ, ਕਹਿਣ ਲੱਗਿਆ,

—ਬੜੇ ਭਾਈ, ਮਿਰਚ ਆ ਨਿਰੀ, ...ਬਹੁਤ ਕੌੜੀ, ਜੇ ਕਿਤੇ ਖਾ ਹੋ ਜਾਏ ਤਾਂ ਜ਼ਿੰਦਗੀ ਸੁਧਰ ਜਾਏ, ਸਾਰੀ ਉਮਰ ਸੂਗਰ ਨਾ ਹੋਵੇ। ਖਾ ਜਾਹ ਜੇ ਖਾ ਹੁੰਦੀ ਆ ਤਾਂ।

—ਜਗਮੀਤ, ਤੈਨੂੰ ਨਸ਼ਾ ਬਹੁਤਾ ਈ ਹੋ ਗਿਆ ਲਗਦਾ।

—ਨਹੀਂ ਬੜੇ ਭਾਈ, ਬਹੁਤ ਵਧੀਆ ਨਾਰ ਐ, ਅਲ਼ਕ ਵਿਛੇਰੀ, ਕਿਸੇ ਨੂੰ ਪਿੰਡੇ 'ਤੇ ਹੱਥ ਨਹੀਂ ਰੱਖਣ ਦਿੰਦੀ, ਦੇਖ ਲੈ ਸ਼ਾਇਦ ਤੇਰੀ ਕਿਸਮਤ 'ਚ ਈ ਹੋਵੇ।

—ਜੇ ਮੈਂ ਤੇਰੇ ਥੱਪੜ ਮਾਰਿਆ ਤਾਂ ਪੱਗ ਓਹ ਦੌੜੀ ਫਿਰਨੀ ਆਂ!

ਟਿੱਕੇ ਨੇ ਕਿਹਾ ਤੇ ਉਠ ਕੇ ਤੁਰ ਪਿਆ। ਜਗਮੀਤ ਦੰਦ ਜਿਹੇ ਕੱਢੀ ਜਾ ਰਿਹਾ ਸੀ।...

ਟਿੱਕੇ ਦੇ ਜਾਣ ਦਾ ਦਿਨ ਆ ਗਿਆ। ਇਕਰਾ ਬੋਲੀ,

—ਟਿੱਕਾ ਜੀ, ਬਸ, ਤਮਾਸ਼ਾ ਖਤਮ? ...ਹੁਣ ਤੂੰ ਕੌਣ ਤੇ ਮੈਂ ਕੌਣ?

—ਮੈਨੂੰ ਵੀ ਏਦਾਂ ਹੀ ਲਗਦਾ ਇਕਰਾ।

ਟਿੱਕੇ ਨੇ ਕਿਹਾ ਪਰ ਉਸ ਦਾ ਦਿਲ ਕਹਿ ਰਿਹਾ ਸੀ ਕਿ ਤਮਾਸ਼ਾ ਤਾਂ ਹੁਣ ਸ਼ੁਰੂ ਹੋਇਆ। ਇਕਰਾ ਨੇ ਫਿਰ ਆਖਿਆ,

—ਮੇਰੇ ਲਈ ਕੀ ਹੁਕਮ ਐਂ?

ਟਿੱਕੇ ਨੂੰ ਕੋਈ ਉੱਤਰ ਨਾ ਔੜਿਆ, ਕੁਝ ਦੇਰ ਬਾਅਦ ਬੋਲਿਆ,

—ਤੂੰ ਓਦਾਂ ਕਰ ਜਿਦਾਂ ਤੇਰਾ ਦਿਲ ਕਹਿੰਦਾ।

—ਅੱਗੇ ਦਿਲ ਦੇ ਆਖੇ ਲੱਗ ਕੇ ਤਾਂ ਮੈਂ ਇਥੇ ਤਕ ਪੁੱਜ ਗਈ ਆਂ। ਦਿਲ ਤਾਂ ਮੈਨੂੰ ਰੋਲ਼-ਰੋਲ਼ ਕੇ ਮਾਰ ਦੇਵੇਗਾ।

—ਇਕਰਾ, ਮੈਨੂੰ ਕੁਝ ਨਹੀਂ ਸੁੱਝ ਰਿਹਾ, ...ਮੈਂ ਤੈਨੂੰ ਕੀ ਦੱਸਾਂ?

—ਅਗਲੇ ਸਾਲ ਤਕ ਉਡੀਕਾਂ?

—ਨਾ, ਬਿਲਕੁਲ ਨਾ ਉਡੀਕੀਂ, ਵੈਸੇ ਮੈਂ ਆਊਂਗਾ ਜ਼ਰੂਰ।

—ਟਿੱਕਾ ਜੀ, ਤੁਸੀਂ ਹਰ ਰਾਹ ਆਪਣੇ ਵਲ ਨੂੰ ਜਾਂਦਾ ਹੀ ਕਿਉਂ ਖੁਲ੍ਹਾ ਰੱਖਣਾ ਚਾਹੁੰਦੇ ਓ?

—ਇਕਰਾ, ਤੇਰੇ ਲਈ ਸਾਰੇ ਰਾਹ ਹੀ ਖੁਲ੍ਹੇ ਆ, ਮੈਨੂੰ ਤਾਂ ਆਪ ਨਹੀਂ ਪਤਾ ਚਲਦਾ ਕਿ ਕੀ ਕਰਾਂ ਤੇ ਕੀ ਕਹਾਂ।



ਟਿੱਕੇ ਨੇ ਉਸ ਨੂੰ ਕੁਝ ਪੈਸੇ ਦੇਣੇ ਚਾਹੇ ਪਰ ਉਸ ਨੇ ਨਾ ਲਏ। ਕੁਝ ਹੋਰ ਤੋਹਫੇ ਵੀ ਇਨਕਾਰ ਦਿਤੇ। ਇਕਰਾ ਦਾ ਦਿਲ ਕਰਦਾ ਸੀ ਕਿ ਟਿੱਕੇ ਦਾ ਫੋਨ ਨੰਬਰ ਲੈ ਲਵੇ ਪਰ ਉਸ ਨੇ ਨਾ ਲਿਆ। ਤੁਰਨ ਸਮੇਂ ਉਸ ਨੂੰ ਪਤਾ ਸੀ ਕਿ ਇਕਰਾ ਰਸੋਈ ਦੇ ਦਰਵਾਜ਼ੇ ਓਹਲੇ ਖੜੀ ਉਸ ਨੂੰ ਦੇਖ ਰਹੀ ਸੀ। ਉਸ ਦਾ ਧਿਆਨ ਵੀ ਰਸੋਈ ਵੱਲ ਹੀ ਸੀ।

## ਪੰਜ

ਟਿੱਕੇ ਦੇ ਵਾਪਸ ਇੰਗਲੈਂਡ ਪੁੱਜਦਿਆਂ ਹੀ ਕ੍ਰਿਸਮਸ ਦੀ ਤਿਆਰੀ ਸ਼ੁਰੂ ਹੋ ਗਈ। ਹਾਈ ਸਟ੍ਰੀਟਾਂ 'ਤੇ ਲਾਈਟਾਂ ਲਾ ਦਿਤੀਆਂ ਗਈਆਂ ਤੇ ਹਰ ਪਾਸੇ ਹੀ ਕੰਮ ਦਾ ਜ਼ੋਰ ਵਧ ਗਿਆ ਸੀ। ਸਕਾਈਲੌਰਡ ਗੋਰਮਿਟ ਵਿਚ ਵੀ ਅੱਜਕਲ ਕੰਮ ਜ਼ੋਰਾਂ 'ਤੇ ਸੀ। ਓਵਰ ਟਾਈਮ ਲੱਗ ਰਿਹਾ ਸੀ। ਹਰ ਪਾਸੇ ਭੱਜ ਦੌੜ ਲਈ ਹੋਈ ਸੀ। ਕ੍ਰਿਸਮਸ ਹੋਰ ਨੇੜੇ ਹੋਈ ਤਾਂ ਪਾਰਟੀਆਂ ਦੇ ਦੌਰ ਸ਼ੁਰੂ ਹੋ ਗਏ। ਹੁਣ ਸਾਰੀਆਂ ਫੈਕਟਰੀਆਂ ਛੁੱਟੀਆਂ ਲਈ ਬੰਦ ਹੋ ਜਾਣੀਆਂ ਸਨ। ਛੁੱਟੀਆਂ ਤੋਂ ਪਹਿਲਾਂ ਪਹਿਲਾਂ ਸਾਰੇ ਕੰਮ ਵੀ ਨਿਪਟਾਉਣੇ ਸਨ ਤੇ ਪਾਰਟੀਆਂ ਵੀ ਭੁਗਤਾਉਣੀਆਂ ਸਨ। ਟਿੱਕਾ ਵੀ ਇਸ ਭੱਜ ਦੌੜ ਦਾ ਹੀ ਇਕ ਹਿੱਸਾ ਸੀ। ਉਸ ਨੂੰ ਵੀ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਸ਼ਿੰਦੇ ਦਾ ਇੰਡੀਆ ਤੋਂ ਲਿਆਂਦਾ ਕੁਝ ਸਮਾਨ ਉਸ ਨੂੰ ਪਹੁੰਚਾ ਨਹੀਂ ਸੀ ਸਕਿਆ ਤੇ ਸ਼ਾਮੋ ਦੇ ਸੂਟ ਵੀ ਹਾਲੇ ਉਸ ਦੇ ਅਟੈਚੀ ਵਿਚ ਹੀ ਪਏ ਸਨ। ਸ਼ਾਮੋ ਉਸ ਦੇ ਘਰ ਦੇ ਦੋ ਗੇੜੇ ਮਾਰ ਕੇ ਮੁੜ ਗਈ ਸੀ ਪਰ ਟਿੱਕਾ ਹਰ ਵੇਲੇ ਓਵਰਟਾਈਮ ਹੀ ਲਾ ਰਿਹਾ ਹੁੰਦਾ ਜਾਂ ਫੋਨ ਦੀ ਤਾਰ ਕੱਢ ਕੇ ਸੁੱਤਾ ਪਿਆ ਹੁੰਦਾ।

ਇਕ ਦਿਨ ਕਿਸੇ ਨੇ ਉਸ ਦਾ ਦਰਵਾਜ਼ਾ ਆ ਖੜਕਾਇਆ। ਟਿੱਕਾ ਸੁੱਤਾ ਹੀ ਪਿਆ ਸੀ। ਉਸ ਨੇ ਪਰਦਾ ਹਟਾ ਕੇ ਦੇਖਿਆ ਤਾਂ ਸ਼ਿੰਦਾ ਖੜਾ ਸੀ। ਉਸ ਨੇ ਦਰਵਾਜ਼ਾ ਖੋਹਲਿਆ ਤਾਂ ਸ਼ਿੰਦੇ ਨੇ ਇਕਦਮ ਪੁੱਛਿਆ,

—ਮਾਂ ਦਿਆ ਟਿੱਕਿਆ, ਜੀਂਦਾਂ ਕਿ ਮਰ ਗਿਆਂ?

ਟਿੱਕਾ ਹੱਸਣ ਲੱਗਿਆ ਤੇ ਉਸ ਨੂੰ ਅੰਦਰ ਲੰਘ ਆਉਣ ਦਾ ਇਸ਼ਾਰਾ ਕਰਦਾ ਫਰੰਟ ਰੂਮ ਵਲ ਤੁਰ ਪਿਆ। ਸ਼ਿੰਦਾ ਫਿਰ ਬੋਲਿਆ,

—ਮੈਂ ਕਿਹਾ ਬੰਦੇ ਦਾ ਪਤਾ ਲਵਾਂ, ਪਿੰਡ ਦੀ ਖਬਰ-ਸਾਰ ਪੁੱਛਾਂ।

—ਪਿੰਡ ਸਾਰੇ ਠੀਕ ਆ, ਤੇਰੇ ਵਲ ਵੀ ਸੁੱਖ ਸਾਂਦ ਆ, ਦੋ ਕਿਲੋ ਬਰਫੀ ਭੇਜੀ ਸੀ, ਫਰਿੱਜ 'ਚ ਪਈ ਆ, ਮੈਂ ਸੋਚਦਾ ਸੀ ਕਿ ਕਿਸੇ ਦਿਨ ਦੇ ਆਵਾਂ ਪਰ ਟਾਈਮ ਨਹੀਂ ਮਿਲਿਆ। ਤੂੰ ਸੁਣਾ ਕੀ ਹਾਲ ਆ?

—ਮੇਰਾ ਤਾਂ ਠੀਕ ਆ ਪਰ ਚਾਚਾ ਚਾਹਲ ਅਚਾਨਕ ਗਾਇਬ ਹੋ ਗਿਆ, ਪਤਾ ਨਹੀਂ ਕਿੱਧਰ ਗਿਆ! ਲਗਦੈ ਕਿ ਘਰਵਾਲੀ ਨਾਲ ਤਲਾਕ ਦੀ ਨਮੋਸ਼ੀ ਮੰਨ ਗਿਆ।

—ਏਨਾ ਕਮਜ਼ੋਰ ਬੰਦਾ ਤਾਂ ਉਹ ਹੈ ਨਹੀਂ, ਹੋ ਸਕਦਾ ਆਪਣੇ ਬੁੜੇ-ਬੁੜੀ ਕੋਲ਼ ਚਲੇ ਗਿਆ ਹੋਵੇ।

—ਹੋ ਸਕਦਾ, ...ਐਤਕੀਂ ਫੇਰ ਕ੍ਰਿਸਮਸ ਦੀ ਪਾਰਟੀ ਕਿੱਦਾਂ?

—ਨਹੀਂ ਬਈ ਸ਼ਿੰਦੇ, ਦੋ ਗੱਲਾਂ; ਇਕ ਤਾਂ ਕੁਤੀੜਵਾਧੇ ਵਿਚ ਮੈਂ ਫਿੱਟ ਨਹੀਂ ਆਉਂਦਾ, ਪਿਛਲੇ ਸਾਲ ਸਾਲ਼ਾ ਸੁੱਚਾ ਮੇਰੇ ਤੋਂ ਕੁੱਟ ਹੋ ਗਿਆ ਸੀ, ਐਤਕੀਂ ਕੋਈ ਹੋਰ..., ਦੂਜੇ ਮੈਂ ਕ੍ਰਿਸਮਸ ਵਾਲੇ ਦਿਨ ਸੋਢੀ ਵਲ ਜਾਣਾ ਚਾਹੁੰਨਾਂ, ਉਹਨਾਂ ਨੇ ਟਰਕੀ ਬਣਾਉਣੀ ਆਂ।

ਟਿੱਕੇ ਨੇ ਆਪਣੇ ਹੀ ਮਨ ਵਿਚ ਪ੍ਰੋਗਰਾਮ ਘੜ ਕੇ ਬਹਾਨਾ ਬਣਾ ਦਿਤਾ। ਹਰ ਸਾਲ ਦੋਸਤਾਂ ਦੀ ਮਹਿਫਲ ਜੁੜਦੀ ਸੀ। ਪਿਛਲੇ ਸਾਲ ਸੁੱਚੇ ਨੇ ਕੋਈ ਗੁੱਝੀ ਟਿੱਚਰ ਕਰ ਦਿਤੀ ਸੀ ਤਾਂ ਝਗੜਾ ਹੋ ਗਿਆ ਸੀ। ਹੁਣ ਅਜਿਹੀਆਂ ਮਹਿਫਲਾਂ ਤੋਂ ਉਹ ਬਚਣਾ ਚਾਹੁੰਦਾ ਸੀ। ਸ਼ਿੰਦਾ ਕ੍ਰਿਸਮਸ ਦੀਆਂ ਛੁੱਟੀਆਂ ਵਿਚ ਇਕ ਦਿਨ ਰਲ-ਬੈਠਣ ਦਾ ਪ੍ਰੋਗਰਾਮ ਬਣਾ ਕੇ ਤੇ ਆਪਣੀ ਬਰਫੀ ਲੈ ਕੇ ਚਲੇ ਗਿਆ। ਟਿੱਕਾ ਸ਼ਾਮੋ ਨੂੰ ਮਿਲਣ ਦੀਆਂ ਸਕੀਮਾਂ ਲੜਾਉਣ ਲਗਿਆ। ਕੱਲ ਉਹ ਲੰਘਦਾ ਲੰਘਦਾ ਸੋਢੀ ਦੀ ਗੈਰਿਜ ਤੇ ਜਾ ਕੇ ਆਪਣੀ ਹਾਜ਼ਰੀ ਲਗਵਾ ਆਇਆ ਸੀ ਪਰ ਸ਼ਾਮੋ ਨੂੰ ਹਾਲੇ ਨਹੀਂ ਸੀ ਮਿਲ ਸਕਿਆ। ਉਸ ਨੇ ਘੜੀ ਦੇਖੀ। ਗਿਆਰਾਂ ਵੱਜੇ ਸਨ। ਉਸ ਨੇ ਸੋਚਿਆ ਕਿ ਫੋਨ ਕਰਕੇ ਦੇਖੇ, ਵੈਸੇ ਸ਼ਾਮੋ ਨੇ ਘਰ ਹੀ ਹੋਣਾ ਸੀ ਪਰ ਅੱਜ ਸ਼ਨਿਚਰਵਾਰ ਸੀ ਇਸ ਕਰਕੇ ਬੱਚੇ ਵੀ ਘਰੇ ਹੀ ਸਨ। ਉਸ ਨੇ ਫੋਨ ਕਰਨ ਦਾ ਵਿਚਾਰ ਛੱਡ ਦਿਤਾ ਤੇ ਮਿਲਣੀ ਅਗਲੇ ਕਿਸੇ ਦਿਨ ਤੇ ਪਾ ਲਈ।

ਇੰਡੀਆ ਤੋਂ ਮੁੜ ਕੇ ਸ਼ਾਇਦ ਹੀ ਕੋਈ ਅਜਿਹਾ ਪਲ ਹੋਵੇ ਕਿ ਉਸ ਨੇ ਇਕਰਾ ਨੂੰ ਯਾਦ ਨਾ ਕੀਤਾ ਹੋਵੇ। ਉਹ ਪਛਤਾ ਰਿਹਾ ਸੀ ਕਿ ਆਪਣਾ ਕੈਮਰਾ ਨਾਲ ਕਿਉਂ ਨਹੀਂ ਲੈ ਕੇ ਗਿਆ, ਇਕਰਾ ਦੀ ਤਸਵੀਰ ਹੀ ਖਿੱਚ ਲੈਂਦਾ ਤੇ ਉਸ ਨੂੰ ਦੇਖ ਕੇ ਦਿਲ ਨੂੰ ਤਸੱਲੀ ਹੁੰਦੀ ਰਹਿੰਦੀ। ਕਈ ਵਾਰ ਉਹ ਸੋਚਣ ਲੱਗਦਾ ਕਿ ਉਸ ਨੇ ਇਹ ਅਵੱਲਾ ਜਿਹਾ ਰੋਗ ਸਹੇੜ ਲਿਆ ਸੀ। ਨਾ ਤਾਂ ਉਹ ਘਰ ਰੱਖ ਸਕਦਾ ਹੈ ਤੇ ਨਾ ਹੀ ਵਿਆਹ ਇਕਰਾ ਨਾਲ ਕਰਾ ਸਕਦਾ ਹੈ ਫਿਰ ਹੋਵੇਗਾ ਕੀ! ਫਿਰ ਉਹ ਆਪਣੇ ਆਪ ਨੂੰ ਹੀ ਕੋਸਣ ਲਗਦਾ ਕਿ ਜਦ ਲੰਮੇ ਸਮੇਂ ਲਈ ਉਸ ਨਾਲ ਸਬੰਧ ਰੱਖ ਹੀ ਨਹੀਂ ਸਕਦਾ ਤਾਂ ਇਹ ਸਭ ਉਸ ਨੇ ਸ਼ੁਰੂ ਹੀ ਕਿਉਂ ਕੀਤਾ।ਉਸ ਨੂੰ ਵਾਰ ਵਾਰ ਇਕਰਾ ਦੀਆਂ ਬਹੁਤ ਕੁਝ ਕਹਿੰਦੀਆਂ ਅੱਖਾਂ ਯਾਦ ਆਉਣ ਲਗਦੀਆਂ। ਕਈ ਵਾਰ ਸੋਚਦਿਆਂ ਉਸ ਨੂੰ ਆਤਮ-ਗਿਲਾਨੀ ਜਿਹੀ ਵੀ ਹੋਣ ਲਗਦੀ। ਜਦ ਕੁੱਝ ਨਾ ਸੁਝਦਾ ਤਾਂ ਉਹ ਗਲਾਸੀ ਚੁੱਕ ਲੈਂਦਾ। ਉਸ ਦੀ ਸ਼ਰਾਬ ਦੀ ਆਦਤ ਵੀ ਕੁਝ ਵਿਗੜ ਰਹੀ ਸੀ।...

ਕ੍ਰਿਸਮਸ ਵਾਲੇ ਦਿਨ ਟਿੱਕਾ ਸੋਢੀ ਦੇ ਘਰ ਚਲੇ ਗਿਆ। ਭਾਵੇਂ ਸੋਢੀ ਨੂੰ ਉਹ ਬਹੁਤਾ ਪਸੰਦ ਨਹੀਂ ਸੀ ਕਰਦਾ ਪਰ ਸ਼ਾਮੋ ਕਰਕੇ ਉਸ ਨੂੰ ਜਾਣਾ ਬੁਰਾ ਨਹੀਂ ਸੀ ਲਗਦਾ। ਉਹ ਪਰਦੇ ਜਿਹੇ ਨਾਲ ਸ਼ਾਮੋ ਨੂੰ ਆਪਣੇ ਵਲ ਆਉਣ ਦਾ ਸੱਦਾ ਦੇ ਆਇਆ।

ਹਮੇਸ਼ਾ ਵਾਂਗ ਜਦੋਂ ਬੱਚੇ ਸਕੂਲ ਚਲੇ ਗਏ ਤੇ ਸੋਢੀ ਗੈਰਿਜ ਵਿਚ ਤਾਂ ਸ਼ਾਮੋ ਕਾਰ ਸਟਾਰਟ ਕਰ ਟਿੱਕੇ ਵਲ ਆ ਗਈ। ਆਉਂਦੀ ਹੀ ਸ਼ਿਕਵਾ ਕਰਨ ਲੱਗੀ,

—ਕੋਈ ਮਿਲ਼ ਗਈ ਹੋਣੀ ਆਂ ਜਿਹੜੀ ਮੇਰੀ ਪਰਵਾਹ ਕਰਨੀ ਛੱਡ 'ਤੀ।

—ਜਿਹੜੀ ਮਿਲਦੀ ਆ ਓਹ ਨਹੀਂ ਟਿਕਦੀ, ਹੁਣ ਹੋਰ ਕੀ ਮਿਲਣੀ ਆਂ?

—ਤਾਂ ਹੀ ਤਾਂ ਮੈਂ ਕਹਿੰਨੀ ਆਂ ਕਿ ਥੋੜੀ ਨਾਲ ਈ ਗੁਜ਼ਾਰਾ ਕਰੀ ਚੱਲ, ਜਿੰਨਾ ਚਿਰ ਮੈਂ ਹੈਗੀ ਆਂ ਤੈਨੂੰ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੰਦੀ।



—ਤੇਰੇ ਸਹਾਰੇ ਤਾਂ ਮੈਂ ਬੈਠਾਂ ਸ਼ਾਮ ਕੋਰੇ।

ਟਿੱਕੇ ਨੇ ਮੋਹ ਵਿਚ ਆਉਂਦਿਆਂ ਕਿਹਾ। ਫਿਰ ਉਸ ਨੇ ਇੰਡੀਆ ਤੋਂ ਉਸ ਲਈ ਲਿਆਂਦੇ ਸੂਟ ਢੇਰੀ ਕਰ ਦਿਤੇ। ਸ਼ਾਮੋ ਸੂਟ ਦੇਖਦੀ ਬੋਲ ਉਠੀ,

—ਇੰਨੇ!

—ਕਿਉਂ ਬਹੁਤੇ ਆ ਤੇਰੇ ਵਰਗੀ ਸੁਹਣੀ ਤੀਵੀਂ ਲਈ! ਭਮਾਂ ਰੋਜ਼ ਦਾ ਬਦਲ ਬਦਲ ਕੇ ਪਾ। ਰੰਗ ਵੀ ਜ਼ਰਾ ਗੂੜ੍ਹੇ ਹੈਗੇ ਆ ਤੇਰੇ ਰੰਗ ਤੇ ਸਜਣ ਵਾਲ਼ੇ।

—ਥੈਂਕਿਊ ਮੇਰੀ ਜਾਨ!

—ਤੇਰਾ ਖਿਆਲ ਆ ਕਿ ਇਕੱਲੇ ਥੈਂਕਿਊ ਨਾਲ ਗੱਲ ਬਣਜਾਊ?

—ਬੜੀਆਂ ਗੱਲਾਂ ਆਉਣ ਲੱਗ ਪਈਆਂ ਤੈਨੂੰ, ਕੋਈ ਸਮਾਂ ਹੁੰਦਾ ਸੀ ਕਿ ਮੂੰਹ 'ਚ ਜ਼ੁਬਾਨ ਨਹੀਂ ਸੀ ਹੁੰਦੀ, ਪਤਾ ਨਹੀਂ ਕਿਹਨੇ ਸੀਖ ਦਿਤੀ ਕਿ ਗੂੰਗੇ ਬੋਲਣ ਲੱਗ ਪਏ।

—ਇਹ ਮੇਰੇ ਪੇਂਡੂ ਸ਼ਿੰਦੇ ਦੀ ਮਿਹਰਬਾਨੀ ਆਂ, ਉਹ ਕਹਿੰਦਾ ਸੀ ਕਿ ਹੱਥ ਪਾ ਲਾ ਕੁਸ਼ ਨਹੀਂ ਹੁੰਦਾ।

—ਅੱਛਾ! ...ਦਿਖਾਈਂ ਮੈਨੂੰ ਕਿਹੜਾ ਸ਼ਿੰਦਾ, ਮੈਂ ਥੋਦੇ ਪੱਟੂੰ ਓਹਦੇ ਹਰਾਮੀ ਦੇ।

ਆਖਦੀ ਸ਼ਾਮੋ ਹੱਸੀ।

ਸ਼ਾਮੋ ਚਲੇ ਗਈ। ਇਕਰਾ ਉਹਦੇ ਮੂਹਰੇ ਆ ਖੜੀ। ਕਿਥੇ ਢਲ਼ੀ ਦੁਪਿਹਰ ਸ਼ਾਮੋ ਤੇ ਕਿਥੇ ਸਜਰੀ-ਸਵੇਰ ਇਕਰਾ। ਇਕਰਾ ਬਾਰੇ ਸੋਚਦਿਆਂ ਸੋਚਦਿਆਂ ਉਹ ਕਿਸੇ ਵੀ ਕੰਢੇ ਨਾ ਲੱਗ ਸਕਦਾ। ਸੋਚਦਾ ਰਹਿੰਦਾ ਕਿ ਹੁਣ ਹੋਵੇਗਾ ਕੀ। ਨਾ ਤਾਂ ਉਸ ਨਾਲ ਵਿਆਹ ਹੀ ਕਰਾ ਸਕਦਾ ਹੈ ਤੇ ਨਾ ਹੀ ਖੁਲ੍ਹ ਕੇ ਕਿਸੇ ਜਜ਼ਬੇ ਦਾ ਇਜਹਾਰ ਕਰ ਸਕਦਾ ਹੈ। ਸਰੀਰਕ ਰਿਸ਼ਤੇ ਤਕ ਉਹ ਸੀਮਤ ਰਹਿ ਨਹੀਂ ਸਕਦਾ। ਇਹ ਤਾਂ ਰੂਹਾਂ ਦੇ ਸੌਦੇ ਹੋ ਚੁੱਕੇ ਸਨ। ਉਸ ਦਾ ਦਿਲ ਕਰਦਾ ਕਿ ਕੋਈ ਬਹਾਨਾ ਬਣੇ ਤੇ ਉਹ ਇੰਡੀਆ ਜਾਵੇ।

ਕੁਝ ਮਹੀਨੇ ਹੀ ਲੰਘੇ ਸਨ ਕਿ ਇਕ ਦਿਨ ਜਗਮੀਤ ਦਾ ਫੋਨ ਆਇਆ। ਉਸ ਨੇ ਦੱਸਿਆ ਕਿ ਉਸ ਨੇ ਕੋਈ ਸੁੱਖ ਸੁੱਖੀ ਹੋਈ ਸੀ, ਜਿਸ ਦੇ ਪੂਰੀ ਹੋਣ ਦੇ ਇਵਜ਼ ਵਿਚ ਉਹ ਅਖੰਡ ਪਾਠ ਕਰਾ ਰਿਹਾ ਸੀ। ਜਗਮੀਤ ਨੂੰ ਪਤਾ ਸੀ ਕਿ ਜੇਕਰ ਟਿੱਕਾ ਆਵੇਗਾ ਤਾਂ ਖਰਚ ਵੀ ਕਰੇਗਾ। ਟਿੱਕੇ ਨੂੰ ਜਾਪਿਆ ਜਿਵੇਂ ਉਸ ਦੀ ਸੁਣੀ ਗਈ ਹੋਵੇ। ਉਸ ਨੇ ਸ਼ਰਤ ਰੱਖੀ ਕਿ ਜੇ ਉਹ ਅੰਮਰਤੀ ਨੂੰ ਨਹੀਂ ਸੱਦੇਗਾ ਤਾਂ ਉਹ ਆ ਜਾਵੇਗਾ। ਫਿਰ ਉਸ ਨੂੰ ਸ਼ਾਮੋ ਰਾਹੀਂ ਪਤਾ ਵੀ ਪਤਾ ਚੱਲ ਗਿਆ ਕਿ ਅੰਮਰਤੀ ਜਾਂ ਉਸ ਦਾ ਪਤੀ ਨਹੀਂ ਜਾ ਰਹੇ। ਟਿੱਕਾ ਤਿਆਰੀ ਫੜਨ ਲਗਿਆ। ਆਮ ਤੌਰ ਤੇ ਆਪਣੀਆਂ ਸਲਾਨਾ ਛੁੱਟੀਆਂ ਉਹ ਅਕਤੂਬਰ ਜਾਂ ਨਵੰਬਰ ਵਿਚ ਹੀ ਲਿਆ ਕਰਦਾ ਸੀ। ਇਹ ਮਹੀਨਾ ਜੂਨ ਦਾ ਸੀ ਤੇ ਜੂਨ ਵਿਚ ਉਸ ਨੂੰ ਪੂਰੀਆਂ ਛੁੱਟੀਆਂ ਨਹੀਂ ਸੀ ਮਿਲਣੀਆਂ। ਉਸ ਨੂੰ ਦੋ ਹਫਤੇ ਦੀ ਲੀਵ ਹੀ ਮਿਲ ਸਕੀ। ਉਸ ਦੇ ਇਕ ਦੋਸਤ ਨੇ ਕਿਹਾ,

—ਏਨੀ ਗਰਮੀ ਵਿਚ ਇੰਡੀਆ ਜਾ ਕੇ ਕੀ ਕਰੇਂਗਾ?

—ਇੰਨੇ ਸਾਲ ਹੋ ਗਏ ਆਏ ਨੂੰ, ਮੁੜ ਕੇ ਮੈਂ ਕਦੇ ਇੰਡੀਆ ਦੀ ਗਰਮੀ ਨਹੀਂ ਦੇਖੀ, ਇਸੇ ਬਹਾਨੇ ਮੁੜ ਗਰਮੀ ਮਹਿਸੂਸ ਕਰ ਹੋ ਜਾਵੇਗੀ।

ਉਹ ਇਕਰਾ ਲਈ ਕਈ ਚੀਜ਼ਾਂ ਲੈ ਗਿਆ। ਕੁਝ ਕਪੜੇ, ਕੁਝ ਪਰਫਿਊਮ

ਆਦਿ ਤੇ ਕੰਨਾਂ ਲਈ ਕਾਂਟੇ ਵੀ। ਕੁਝ ਚੀਜ਼ਾਂ ਤਾਂ ਉਸ ਨੇ ਇਕਰਾ ਨੂੰ ਰਾਜ ਕੋਰ ਦੇ ਸਾਹਮਣੇ ਦੇ ਦਿਤੀਆਂ ਤੇ ਕੁਝ ਉਸ ਤੋਂ ਚੋਰੀ। ਇਸ ਵਾਰ ਇਕਰਾ ਨੇ ਉਸ ਵਲੋਂ ਦਿਤਾ ਸਭ ਕੁਝ ਮਨਜ਼ੂਰ ਕਰ ਲਿਆ। ਉਸ ਨੇ ਕੁਝ ਪੈਸੇ ਵੀ ਦੇਣੇ ਚਾਹੇ ਤਾਂ ਜੋ ਉਹ ਆਪਣੇ ਅਕਾਊਂਟ ਵਿਚ ਰੱਖ ਲਵੇ ਪਰ ਇਕਰਾ ਨੇ ਨਾ ਲਏ। ਉਹੋ ਖੁਸ਼ਬੂਦਾਰ ਦਿਨ ਸ਼ੁਰੂ ਹੋ ਗਏ। ਰੂਹਾਂ ਦੇ ਮੇਲ ਤਾਂ ਨਿੱਤ ਹੁੰਦੇ ਪਰ ਸਰੀਰਾਂ ਦੇ ਮੇਲ ਦਾ ਬਹਾਨਾ ਨਹੀਂ ਸੀ ਬਣ ਰਿਹਾ। ਦੋਹਾਂ ਨੂੰ ਹੀ ਇਸ ਦੀ ਬਹੁਤ ਤਾਂਘ ਸੀ। ਇਕ ਦਿਨ ਟਿੱਕਾ ਕੋਈ ਬਹਾਨਾ ਕਰ ਕੇ ਸਵੇਰੇ ਹੀ ਘਰੋਂ ਨਿਕਲ ਗਿਆ। ਕੁਝ ਦੇਰ ਬਾਅਦ ਇਕਰਾ ਵੀ ਆ ਗਈ। ਜਲੰਧਰ ਦਾ ਇਕ ਹੋਟਲ ਟਿੱਕੇ ਨੇ ਪਹਿਲਾਂ ਹੀ ਬੁੱਕ ਕਰਾ ਲਿਆ ਹੋਇਆ ਸੀ। ਉਹ ਦਿਨ ਭਰ ਇਕੱਠੇ ਰਹੇ ਤੇ ਸ਼ਾਮ ਪਈ ਅਗੜ-ਪਿੱਛੜ ਘਰੀਂ ਆ ਵੜੇ।

ਇਕ ਦਿਨ ਜ਼ੁਬੈਦਾ ਉਸ ਨੂੰ ਕਹਿਣ ਲੱਗੀ,

—ਟਿੱਕਾ ਜੀ, ਮੇਰੀ ਕੁੜੀ ਨੂੰ ਕਿਸੇ ਤਰ੍ਹਾਂ ਇੰਗਲੈਂਡ ਕੱਢ ਦਿਓ ਤਾਂ ਮੈਂ ਅਹਿਸਾਨ ਸਾਰੀ ਉਮਰ ਨਹੀਂ ਭੁਲੂੰ।

—ਜ਼ੁਬੈਦਾ, ਹੁਣ ਕਿੱਦਾਂ ਕੱਢੀਏ?...ਕੋਈ ਤਰੀਕਾ ਹੈ ਨਹੀਂ।

—ਕੋਈ ਵਿਆਹ ਦਾ ਸਬੱਬ ਬਣਾ ਕੇ, ਸਾਡੀ ਰਿਸ਼ਤੇਦਾਰ ਕੁੜੀ ਗਈ ਆ, ਜਿਹਦੇ ਉਹ ਕੰਮ ਕਰਦੀ ਸੀ ਉਹਨਾਂ ਨੇ ਕਿਸੇ ਨੂੰ ਟੈਂਪਰੇਲੀ ਖੜਾ ਕਰਕੇ ਲੰਘਾ ਲਈ।

—ਜ਼ੁਬੈਦਾ, ਮੇਰੇ ਵੱਸ 'ਚ ਕੁਸ਼ ਨਹੀਂ, ਨਹੀਂ ਤਾਂ ਮੈਂ ਜਰੂਰ ਕੁਸ਼ ਕਰ ਦਿੰਦਾ।

ਕੋਲ ਬੈਠੀ ਰਾਜ ਕੋਰ ਬੋਲੀ,

—ਟਿੱਕਿਆ ਦੇਖ ਲੈ, ਓਦਾਂ ਕੰਮ ਨੂੰ ਕੁੜੀ ਬਹੁਤ ਤਕੜੀ ਆ, ਸੁਭਾਅ ਦੀ ਜ਼ਰਾ ਗਰਮ ਆਂ ਪਰ ਬਹੁਤ ਚੰਗੀ ਆ।

—ਮਾਤਾ, ਮੇਰਾ ਬਹੁਤੇ ਲੋਕਾਂ ਨਾਲ ਵਾਹ ਵੀ ਨਹੀਂ ਪੈਂਦਾ, ਫੇਰ ਵੀ ਧਿਆਨ ਰੱਖਾਂਗਾ ਜੇ ਕੋਈ ਮਿਲ ਗਿਆ ਤਾਂ।

ਆਖ ਟਿੱਕੇ ਨੇ ਜ਼ੁਬੈਦਾ ਨੂੰ ਟਰਕਾ ਦਿਤਾ। ਚਾਹ ਤਾਂ ਉਹ ਵੀ ਰਿਹਾ ਸੀ ਕਿ ਜੇ ਕਿਸੇ ਤਰ੍ਹਾਂ ਇਕਰਾ ਇੰਗਲੈਂਡ ਲੰਘ ਜਾਵੇ ਤਾਂ ਫਿਰ ਉਹ ਕਿਸੇ ਦੇ ਲੈਣ ਦਾ ਨਹੀਂ। ਇਥੇ ਤਾਂ ਸਮਾਜਕ ਬੰਦਿਸਾਂ ਨੇ ਮਾਰਿਆ ਪਿਆ ਸੀ,ਇਕਰਾ ਇੰਗਲੈਂਡ ਹੋਵੇਗੀ ਤਾਂ ਉਸ ਨੂੰ ਖੁਲ੍ਹ ਕੇ ਮਿਲ ਸਕੇਗਾ ਪਰ ਇਹ ਕੰਮ ਉਸ ਦੇ ਵੱਸ ਦਾ ਨਹੀਂ ਸੀ।

ਜਗਮੀਤ ਨੇ ਪਾਠ ਰਖਾਇਆ। ਸਾਰੇ ਰਿਸ਼ਤੇਦਾਰ ਸੱਦੇ ਹੋਏ ਸਨ। ਪੂਰੇ ਪਿੰਡ ਨੂੰ ਵੀ ਨੇਂਦਾ ਦਿਤਾ ਹੋਇਆ ਸੀ। ਅਖੰਡਪਾਠ ਤੋਂ ਬਾਅਦ ਸ਼ਰਾਬ ਦੀ ਪਾਰਟੀ ਚੱਲੀ। ਰਾਤ ਨੂੰ ਪਿੰਡ ਦੀਆਂ ਕੁੜੀਆਂ ਨੱਚਣ ਲਈ ਇਕੱਠੀਆਂ ਹੋ ਗਈਆਂ। ਜਗਮੀਤ ਤੇ ਟਿੱਕਾ ਤੇ ਕੁਝ ਹੋਰ ਰਿਸ਼ਤੇਦਾਰ ਚੁਬਾਰੇ ਵਿਚ ਬੈਠੇ ਪੀ ਰਹੇ ਸਨ। ਵਿਹੜੇ ਵਿਚ ਕੁੜੀਆਂ ਨੱਚ ਰਹੀਆਂ ਸਨ। ਇਕਰਾ ਵੀ ਇਹਨਾਂ ਵਿਚ ਸੀ। ਉਹ ਬੋਲੀ ਤੇ ਬੋਲੀ ਚੁੱਕ ਰਹੀ ਸੀ। ਬੋਲੀ ਤੋਂ ਬਾਅਦ ਨੱਚਣ ਦਾ ਗੇੜਾ ਦਿੰਦੀ। ਉਸ ਦੀ ਵਾਰ ਵਾਰ ਨਜ਼ਰ ਚੁੱਬਾਰੇ ਵਲ ਜਾਂਦੀ ਜਿਥੇ ਟਿੱਕਾ ਸੀ। ਜਗਮੀਤ ਨੇ ਟਿੱਕੇ ਦੇ ਕੰਨ ਵਿਚ ਕਿਹਾ,

—ਆਜਾ ਤੈਨੂੰ ਸੁੱਲੀ ਨੱਚਦੀ ਦਿਖਾਵਾਂ।

ਉਹ ਬਨੇਰੇ ਤੇ ਲੁਕਵੇਂ ਜਿਹੇ ਖੜੇ ਹੋ ਗਏ। ਇਕਰਾ ਦਾ ਪਤਲਾ ਜਿਹਾ ਜਿਸਮ ਦੋਹਰਾ ਹੋ ਹੋ ਜਾ ਰਿਹਾ ਸੀ। ਕਈ ਵਾਰ ਤਾਂ ਨੱਚਦੀ ਨੱਚਦੀ ਇਵੇਂ ਗੋਲ਼ ਜਿਹੀ ਹੋ ਜਾਂਦੀ



ਜਿਵੇਂ ਮੁੰਦਰੀ ਹੁੰਦੀ ਹੈ। ਜਗਮੀਤ ਨੇ ਕਿਹਾ,

—ਬੜੇ ਭਾਅ, ਤੂੰ ਐਵੇਂ ਗੁੱਸਾ ਕਰ ਜਾਨਾਂ ਪਰ ਤੇਰੇ ਬਿਨਾਂ ਇਹ ਕਿਸੇ ਨੂੰ ਘਾਹ ਨਹੀਂ ਪਾਉਂਦੀ, ਛੱਕ ਜਾਹ, ਚੁੱਪ ਕਰਕੇ ਛੱਕ ਜਾਹ!

ਟਿੱਕੇ ਨੇ ਜਗਮੀਤ ਵੱਲ ਟੇਡਾ ਜਿਹਾ ਦੇਖ ਕੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਉਹ ਸਭ ਜਾਣਦਾ ਤਾਂ ਨਹੀਂ। ਇਕਰਾ ਨੇ ਰੁਕ ਕੇ ਅਗਲੀ ਬੋਲੀ ਪਾਈ,

'ਅਸੀਂ ਲਾਈ ਆ ਰੱਬ ਕੋ ਸ਼ਕੈਤ ਵੇ, ਤੇਰੀ ਟੁੱਟ ਜੇ ਚੰਦਰੀ ਵਲੈਤ ਵੇ ,'

ਬੋਲੀ ਪਾ ਕੇ ਮਿਹਣਾ ਦੇਣ ਵਾਂਗ ਉਸ ਨੇ ਚੁਬਾਰੇ ਵਲ ਨੂੰ ਹੱਥ ਕੀਤਾ ਤੇ ਫਿਰ ਨੱਚਣ ਲੱਗ ਪਈ। ਨਾਲ ਹੀ ਨਾਲ ਦੀਆਂ ਕੁੜੀਆਂ ਵੀ ਗੇੜੀ ਦੇਣ ਲੱਗੀਆਂ। ਜਗਮੀਤ ਬੋਲਿਆ,

—ਭਾਅ, ਇਹ ਤਾਂ ਤੈਨੂੰ ਕੁਸ਼ ਕਹਿ ਗਈ ਬਈ। ਹੁਣ ਜੇ ਤੂੰ ਕੁਸ਼ ਨਾ ਕਰੇਂ ਤਾਂ ਤੇਰੀ ਕਮਜ਼ੋਰੀ ਆ।

—ਤੂੰ ਮੂੰਹ ਬੰਦ ਰੱਖ।

ਟਿੱਕੇ ਨੇ ਫੋਕਾ ਜਿਹਾ ਗੁੱਸਾ ਦਿਖਾਉਂਦੇ ਕਿਹਾ। ਇਕਰਾ ਨੇ ਇਕ ਹੋਰ ਬੋਲੀ ਚੁੱਕ ਲਈ। ਉਸ ਵਿਚ ਵੀ ਕਿਸੇ ਵਲੈਤੀਏ ਨੂੰ ਛੇਤੀ ਨਾ ਮੁੜਨ ਦਾ ਮਿਹਣਾ ਈ ਸੀ। ਅਗਲੀ ਸਵੇਰ ਟਿੱਕੇ ਨੇ ਇਕਰਾ ਨੂੰ ਕਿਹਾ,

—ਤੂੰ ਤੇ ਬਹੁਤ ਸੁਹਣਾ ਨੱਚਦੀ ਆਂ, ਨੱਚਦੀ ਨੱਚਦੀ ਮੁੰਦਰੀ ਬਣ ਜਾਨੀ ਆਂ।

—ਮੁੰਦਰੀ ਬਣ ਜਾਨੀ ਆਂ ਤਾਂ ਪਾ ਲਓ ਉਂਗਲ 'ਚ।

ਇਕਰਾ ਨੇ ਇੰਨੀ ਮੋਹ ਭਰੀ ਅਵਾਜ਼ ਵਿਚ ਕਿਹਾ ਕਿ ਟਿੱਕੇ ਦੇ ਦਿਲ ਨੂੰ ਛੂ ਗਈ। ਉਸ ਨੇ ਉਸ ਨੂੰ ਬਾਹੋਂ ਫੜ ਕੇ ਖਿਚਿਆ ਤੇ ਸੀਨੇ ਨਾਲ ਲਾ ਕੇ ਬੋਲਿਆ,

—ਮੁੰਦਰੀਏ, ਤੈਨੂੰ ਦਿਲ ਵਿਚ ਰੱਖਾਂ ਜਾਂ ਉਂਗਲ 'ਚ ਪਾਵਾਂ ਪਰ ਤੂੰ ਮੇਰੀ ਐਂ।

ਇਕਰਾ ਨੇ ਟਿੱਕੇ ਵਲ ਦੇਖਿਆ ਤੇ ਫਿਰ ਦੂਰ ਕਿਧਰੇ ਤੱਕਣ ਲੱਗੀ। ਉਸ ਨੇ ਆਪਣੀ ਚੁੰਨੀ ਠੀਕ ਕਰਦਿਆਂ ਸਿਰ-ਢਕਵੀਂ ਕਰ ਲਈ। ਹੁਣ ਉਸ ਦਾ ਥੋੜਾ ਜਿਹਾ ਚਿਹਰਾ ਹੀ ਦਿਸ ਰਿਹਾ ਸੀ, ਸਿਰਫ ਉਸ ਦੇ ਰਸ-ਭਰੇ ਬੁਲ੍ਹ, ਤਿੱਖਾ ਨੱਕ ਤੇ ਕੁਦਰਤ ਦੇ ਤਰਾਸ਼ੇ ਭਰਵੱਟੇ। ਟਿੱਕਾ ਉਸ ਵਲ ਲਗਾਤਾਰ ਦੇਖਦਾ ਜਾ ਰਿਹਾ ਸੀ। ਮੁੰਦਰੀ ਨੇ ਉਸ ਨੂੰ ਆਪਣੇ ਵਲ ਇਵੇਂ ਤਕਦੇ ਦੇਖ ਪੁੱਛਿਆ,

—ਕੀ ਐ ਟਿੱਕਾ ਜੀ?

—ਮੁੰਦਰੀਏ, ਤੂੰ ਤੀਜੇ ਦਿਨ ਦਾ ਚੰਦ ਲੱਗ ਰਹੀ ਐਂ! ਬਿਊਟੀਫੁੱਲ!

—ਝੂਠ!

—ਨਹੀਂ, ...ਤੂੰ ਹੁਣ ਇਕਰਾ ਨਹੀਂ ਰਹੀ, ਹੁਣ ਤੂੰ ਮੁੰਦਰੀ ਹੋ ਗਈ ਐਂ, ਟਿੱਕੇ ਦੀ ਮੁੰਦਰੀ!

—ਸੱਚ ਟਿੱਕਾ ਜੀ!

—ਹਾਂ ਸੱਚ।

—ਠੀਕ ਆ ਟਿੱਕਾ ਜੀ, ਮੈ ਮੁੰਦਰੀ,...ਤੁਹਾਡੀ!

## ਛੇ

ਟਿੱਕਾ ਇੰਡੀਆ ਜਾਣ ਲਈ ਚੈੱਕ-ਇਨ ਦੀ ਲਾਈਨ ਵਿਚ ਖੜਾ ਸੀ। ਉਸ ਨੇ ਦੇਖਿਆ ਕਿ ਉਸ ਦੇ ਮੂਹਰੇ ਕੁਝ ਬੰਦੇ ਛੱਡ ਕੇ ਜਿਵੇਂ ਇਕ ਜਾਣੂ ਚਿਹਰਾ ਉਸੇ ਲਾਈਨ ਵਿਚ ਖੜਾ ਹੋਵੇ। ਉਸ ਚਿਹਰੇ ਨੇ ਵੀ ਟਿੱਕੇ ਵਲ ਦੇਖਿਆ ਤੇ ਮੁਸਕਰਾ ਪਿਆ। ਟਿੱਕਾ ਇਕਦਮ ਬੋਲ ਉਠਿਆ,

—ਓਏ, ਚਾਚਾ ਚਾਹਲ!

ਉਸ ਨੇ ਆਪਣੀ ਜਗਾਹ ਛੱਡ ਕੇ ਜਾ ਚਾਚੇ ਨੂੰ ਜੱਫੀ ਪਾਈ। ਚਾਚਾ ਚਾਹਲ ਆਪਣਾ ਸਮਾਨ ਲੈ ਕੇ ਹੀ ਉਹਦੇ ਕੋਲ ਹੀ ਆ ਗਿਆ। ਟਿੱਕੇ ਨੇ ਹੈਰਾਨ ਹੋ ਕੇ ਪੁੱਛਿਆ,

—ਚਾਚਾ, ਇੰਨੇ ਸਾਲਾਂ ਬਾਅਦ! ...ਕਿਧਰ ਛੁੱਪਨ ਹੋ ਗਿਆ ਸੈਂ?

—ਓਸ 'ਗਦੂਦ' ਨੇ ਤਲਾਕ ਲੈ ਲਿਆ ਮੇਰੇ ਤੋਂ, ਮੈਂ ਸੋਚਿਆ ਕਿ ਸ਼ਹਿਰ ਹੀ ਛੱਡ ਦੇਈਏ। ਨਾਲ਼ੇ ਹੁਣ ਨਿਆਣੇ ਉਡਾਰੂ ਹੋ ਗਏ ਸੀ।

—ਸੋ ਨਾਈਸ ਟੂ ਸੀ ਯੂ ਅਗੇਨ।

—ਸੋ ਮੀ।

—ਇੰਡੀਆ ਦੀ ਤਿਆਰੀ ਕਿੱਦਾਂ ਹੋ ਗਈ ਚਾਚਾ?

—ਕਾਹਦੀ ਤਿਆਰੀ ਭਤੀਜ! ਮੈਨੂੰ ਤਾਂ ਗਏ ਨੂੰ ਵੀਹ-ਪੱਚੀ ਸਾਲ ਹੋ ਗਏ, ਸਾਡਾ ਡੈਡੀ ਤਾਂ ਕਦੇ ਗਿਆ ਈ ਨਹੀਂ। ਹੁਣ ਉਹ ਜ਼ਿਦ ਕਰੀ ਜਾਂਦਾ ਕਿ ਮੈਂ ਜਾ ਕੇ ਆਪਣਾ ਘਰ ਤੇ ਜ਼ਮੀਨ ਦੇਖ ਆਵਾਂ।

—ਪਿੰਡ ਕਿਹੜਾ ਤੁਹਾਡਾ?

—ਪਿੰਡ ਚਾਹਲਾਂ, ਹੁਣ ਇਹ ਨਾ ਪੁੱਛੀਂ ਕਿ ਕਿਥੇ ਕੁ ਆ। ...ਮੈਨੂੰ ਕੁਸ਼ ਨਹੀਂ ਪਤਾ।

—ਪਰ ਤੂੰ ਓਸ ਪਿੰਡ ਵਿਚ ਜੰਮਿਆਂ ਹੋਏਂਗਾ, ਵੱਡਾ ਹੋਇਆ ਹੋਏਂਗਾ, ਕੁਸ਼ ਨਾ ਕੁਸ਼ ਤਾਂ ਚੇਤੇ ਹੋਊਗਾ ਈ।

—ਥੋੜਾ ਬਹੁਤ। ...ਮੈਂ ਤਾਂ ਬਹੁਤ ਡਰਦਾ ਸੀ ਕਿ ਦੇਰ ਬਾਅਦ ਚਲਿਆਂ, ਪਤਾ ਨਹੀਂ ਕੀ ਬਣੂੰ ਪਰ ਹੁਣ ਤੂੰ ਮਿਲ਼ ਗਿਆਂ ਹੁਣ ਨਈਂ ਫਿਕਰ।

—ਚਾਚਾ, ਗੱਲ ਈ ਕੋਈ ਨਹੀਂ, ਤੈਨੂੰ ਪੂਰੀ ਐਸ਼ ਕਰਾਊਂ।

—ਐਸ਼ ਨੂੰ ਭਤੀਜ ਹੁਣ ਮੈਂ ਕਿਹੜੀ ਕੌਡੀ ਖੇਲਣੀ ਆਂ, ਦਾਰੂ ਦਾ ਪਾਈਆ ਪੀਣਾ ਹੁੰਦਾ ਸ਼ਾਮ ਨੂੰ।

—ਓਹਦਾ ਨਾ ਫਿਕਰ ਕਰ।

—ਡੈਡੀ ਮੇਰਾ ਸੋਚਦਾ ਕਿ ਇਕ ਤਾਂ ਪਿੰਡ ਦਾ ਗੇੜਾ ਮਾਰਨ ਨਾਲ ਜ਼ਮੀਨ ਦੀ ਦੇਖ-ਭਾਲ਼ ਹੋ ਜਾਊ, ਇੰਨੇ ਸਾਲਾਂ ਦਾ ਹਾਲ਼ਾ ਵੀ ਲੈਣ ਵਾਲ਼ਾ 'ਆ ਤੇ ਪਿੰਡ 'ਚ ਵੀ ਪਤਾ ਚੱਲੂ ਬਈ ਹੈਗੇ ਆਂ, ਜੀਂਦੇ ਜਾਗਦੇ ਆਂ।...ਨਾਲ਼ੇ ਭਤੀਜ ਹੁਣ ਮੈਂ 'ਕੱਲੀ ਜਾਨ ਆਂ, ਜੇ ਦਿਲ ਲੱਗ ਗਿਆ ਤਾਂ ਪਿੰਡ ਈ ਰਹੀ ਜਾਊਂ, ਕਹਿੰਦੇ ਸ਼ਰਾਬ ਬਹੁਤ ਸਸਤੀ ਆ।

ਕਹਿੰਦਾ ਚਾਹਲ ਹੱਸਣ ਲੱਗਿਆ।



ਟਿੱਕੇ ਨੂੰ ਚਾਚੇ ਚਾਹਲ ਦਾ ਸਾਥ ਚੰਗਾ ਲੱਗ ਰਿਹਾ ਸੀ। ਉਹ ਸਾਰੀ ਰਾਹ ਦੁਖ-ਸੁੱਖ ਸਾਂਝੇ ਕਰਦੇ ਆਏ। ਓਜ਼ਬੇਗਸਤਾਨ ਦੀ ਫਲਾਈਟ ਸੀ, ਰਾਹ ਵਿਚੋਂ ਇਕ ਵਾਰ ਬਦਲ ਕੇ ਦੁਪਿਹਰ ਨੂੰ ਅੰਮ੍ਰਿਤਸਰ ਆ ਲੱਗੀ। ਜਗਮੀਤ ਕਾਰ ਲੈ ਕੇ ਆਇਆ ਖੜਾ ਸੀ। ਟਿੱਕੇ ਨੇ ਚਾਚੇ ਦੀ ਉਸ ਨਾਲ ਵਾਕਫੀ ਕਰਾਈ ਤੇ ਪਿੰਡ ਨੂੰ ਚੱਲ ਪਏ। ਚਾਹਲ ਦੇਰ ਬਾਅਦ ਆਇਆ ਹੋਣ ਕਰਕੇ ਹਰ ਚੀਜ਼ ਵਲ ਦੇਖਦਾ ਹੈਰਾਨ ਹੁੰਦਾ ਜਾ ਰਿਹਾ ਸੀ। ਉਸ ਲਈ ਤਾਂ ਜਿਵੇਂ ਦੁਨੀਆਂ ਹੀ ਬਦਲੀ ਪਈ ਹੋਵੇ। ਦੋ-ਢਾਈ ਘੰਟੇ ਵਿਚ ਉਹ ਢਾਬ ਕਲਾਂ ਪੁੱਜ ਗਏ। ਚਾਚਾ ਉਸੇ ਸ਼ਾਮ ਹੀ ਆਪਣੇ ਪਿੰਡ ਜਾਣਾ ਚਾਹੁੰਦਾ ਸੀ ਪਰ ਟਿੱਕੇ ਨੇ ਜਾਣ ਨਾ ਦਿਤਾ। ਅਗਲੇ ਦਿਨ ਜਗਮੀਤ ਨੂੰ ਸਕੂਲੋਂ ਛੁੱਟੀ ਨਾ ਮਿਲ ਸਕੀ ਇਸ ਲਈ ਚਾਹਲਾਂ ਨੂੰ ਨਾ ਜਾ ਸਕੇ, ਢਾਬ ਕਲਾਂ ਵਿਚ ਬੈਠੇ ਹੀ ਸ਼ਰਾਬ ਪੀਂਦੇ ਰਹੇ। ਇਕਰਾ ਆਲੇ-ਦੁਆਲੇ ਮੇਲਦੀ ਫਿਰਦੀ ਸੀ। ਹੁਣ ਟਿੱਕਾ ਇਕਰਾ ਨੂੰ ਸਭ ਦੇ ਸਾਹਮਣਾ ਹੀ ਮੁੰਦਰੀ ਕਹਿ ਕੇ ਬੁਲਾਉਣ ਲੱਗਿਆ ਸੀ। ਕਿਸੇ ਨੂੰ ਓਪਰਾ ਨਹੀਂ ਸੀ ਲੱਗਦਾ। ਸਾਰੇ ਇਸ ਗੱਲ ਨੂੰ ਮਜ਼ਾਕ ਵਿਚ ਲੈਂਦੇ ਸਨ। ਸਗੋਂ ਉਸ ਦੀ ਰੀਸੇ ਕਈ ਹੋਰ ਵੀ ਉਸ ਨੂੰ ਮੁੰਦਰੀ ਕਹਿਣ ਲਗੇ ਸਨ।ਉਹ ਮੁੰਦਰੀ ਨੂੰ ਚਾਚੇ ਨਾਲ ਮਿਲਾਉਂਦਾ ਬੋਲਿਆ,

—ਮੁੰਦਰੀਏ, ਇਹ ਚਾਚਾ ਚਾਹਲ ਮੇਰੀ ਜਾਨ ਐ, ਜਿੰਨੇ ਦਿਨ ਇਹ ਇਥੇ ਹੈਗਾ ਇਹਦੀ ਏਨੀ ਸੇਵਾ ਕਰ ਕਿ ਇਹ ਸਾਰੀ ਉਮਰ ਚੇਤੇ ਰੱਖੇ।

—ਜੀ, ਟਿੱਕਾ ਜੀ।

ਤੀਜੇ ਦਿਨ ਉਹ ਚਾਹਲੀਂ ਗਏ। ਚਾਹਲ ਨੂੰ ਪਿੰਡ ਜਾਣ ਦਾ ਬਹੁਤ ਚਾਅ ਸੀ ਪਰ ਪਿੰਡ ਗਿਆਂ ਦਾ ਸਾਰਾ ਚਾਅ ਮਿੱਟੀ ਵਿਚ ਮਿਲ ਗਿਆ। ਚਾਹਲ ਦਾ ਘਰ ਸਾਰਾ ਢਹਿ ਚੁੱਕਿਆ ਸੀ। ਸਮਾਨ ਲੋਕਾਂ ਨੇ ਚੋਰੀ ਕਰ ਲਿਆ ਹੋਇਆ ਸੀ। ਚਾਚਾ ਹੈਰਾਨ ਹੋਇਆ ਆਪਣੇ ਘਰ ਵਲ ਦੇਖਦਾ ਤੇ ਫੇਰ ਟਿੱਕੇ ਵਲ ਦੇਖਣ ਲੱਗ ਪੈਂਦਾ। ਟਿੱਕੇ ਦਾ ਮਨ ਵੀ ਖਰਾਬ ਸੀ। ਉਹ ਬੋਲਿਆ,

—ਚਾਚਾ, ਇਹ ਹੋਣਾ ਹੀ ਸੀ, ਸੁੰਨੇ ਘਰਾਂ ਦਾ ਇਹੋ ਹਾਲ ਹੀ ਹੁੰਦਾ। ਹੁਣ ਜਿੰਨਾ ਚਿਰ ਤੂੰ ਰਹਿਣਾ ਮੇਰੇ ਨਾ ਰਹਿ, ਉਹ ਵੀ ਤੇਰਾ ਹੀ ਘਰ ਐ, ਜਿੰਨਾ ਚਿਰ ਮਰਜ਼ੀ ਰਹਿ, ਸਗਾਂ ਜਦ ਵੀ ਇੰਡੀਆ ਆਉਣਾ ਹੋਵੇ ਉਥੇ ਰਿਹਾ ਕਰ।

ਟਿੱਕੇ ਦੀ ਗੱਲ 'ਤੇ ਚਾਹਲ ਖੁਸ਼ ਹੋ ਗਿਆ। ਫਿਰ ਉਹ ਪਿੰਡ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਲੱਭਣ ਲੱਗਿਆ। ਉਸ ਦਾ ਚਾਚਾ ਕਈ ਸਾਲ ਪਹਿਲਾਂ ਪੂਰਾ ਹੋ ਚੁੱਕਿਆ ਸੀ। ਉਸ ਦੇ ਦੋ ਮੁੰਡੇ ਸਨ। ਵੱਡਾ ਮੁੰਡਾ ਜਰਨੈਲ ਕਨੇਡਾ ਚਲੇ ਗਿਆ ਸੀ ਤੇ ਦੂਜਾ ਕਰਨੈਲ ਪਿੰਡ ਹੀ ਰਹਿੰਦਾ ਸੀ ਪਰ ਉਸ ਦਿਨ ਉਹ ਸ਼ਹਿਰ ਗਿਆ ਹੋਇਆ ਸੀ।ਦੋ ਦਿਨ ਬਾਅਦ ਫਿਰ ਉਹ ਚਾਹਲੀਂ ਗਏ। ਉਸ ਦੇ ਚਾਚੇ ਦੇ ਮੁੰਡੇ ਕਰਨੈਲ ਨੇ ਉਹਨਾਂ ਦੀ ਖੂਬ ਆਓ-ਭਗਤ ਕੀਤੀ। ਵਿਸਕੀ ਦੀ ਬੋਤਲ ਵੀ ਮੰਗਾਈ। ਦੋ ਗਲਾਸੀਆਂ ਪੀ ਕੇ ਚਾਹਲ ਕਹਿਣ ਲਗਿਆ,

—ਕਰਨੈਲ ਸਿਆਂ, ਇਹ ਜ਼ਮੀਨ ਦੇ ਹਾਲ਼ੇ ਦਾ ਕੀ ਚੱਕਰ ਆ ਬਈ, ਕਿੰਨਾ ਕੁ ਬਣਦਾ ਸਾਡਾ?

—ਬੜੇ ਭਾਈ, ਮੈਨੂੰ ਤਾਂ ਕੁਸ਼ ਨਹੀਂ ਪਤਾ ਕਿ ਇਹਨਾਂ ਦੋਨਾਂ ਭਰਾਵਾਂ ਵਿਚ ਕੀ ਤਹਿ ਸੀ, ਮੈਂ ਤਾਂ ਬਾਪੂ ਨਾਲ਼ੋਂ ਕਈਆਂ ਸਾਲਾਂ ਤੋਂ ਜੁਦਾ ਹੈਗਾਂ। ਜਰਨੈਲ ਉਹਦੇ ਨਾਲ ਸੀ,

...ਜਾਂ ਫੇਰ ਉਹਨੂੰ ਪਤਾ ਹੋਊ, ਉਹ ਹੁਣ ਆਪਣੇ ਮੁੰਡੇ ਕੋਲ ਜਾ ਵੜਿਆ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਕਿਹੜੀ ਜ਼ਮੀਨ ਕਿਹਦੀ ਆ, ਹਾਲੇ ਤਕਸੀਮ ਵੀ ਨਹੀਂ ਹੋਈ, ਬਾਬੇ ਮਗਰੋਂ ਦੋਨਾਂ ਦੇ ਨਾਂ ਚੜ੍ਹ ਗਈ ਸੀ, ਓਦਾਂ ਈ ਚੱਲੀ ਆਉਂਦੀ ਆ। ਮੈਂ ਤਾਂ ਚਾਰ ਕੁ ਸਾਲ ਤੋਂ ਈ ਤੁਹਾਡੀ ਜ਼ਮੀਨ ਵਾਹੁਣ ਲੱਗਿਆਂ।

—ਚੱਲ, ਚਾਰ ਸਾਲ ਦਾ ਹੀ ਸਹੀ, ਕੁਸ਼ ਨਾ ਕੁਸ਼ ਮਿਲੇਗਾ?

—ਬੜੇ ਭਾਈ, ਖੇਤੀ ਖਸਮਾ ਸੇਤੀ!...ਕੁਸ਼ ਨਹੀਂ ਬਚਦਾ। ਤੂੰ ਏਦਾਂ ਕਰ ਸਾਰੀ ਜ਼ਮੀਨ ਮੁਫਤ 'ਚ ਸੰਭਾਲ ਲੈ, ਦਸ ਸਾਲ ਇਹਦੀ ਆਮਦਨ ਖਾਈ ਚੱਲ। ਇਥੇ ਕਿਸੇ ਜੱਟ ਨੂੰ ਪੁੱਛ ਕੇ ਦੇਖ ਹਾਲਤ ਕਿੰਨੀ ਔਖੀ ਆ, ਪਾਣੀ ਸਾਲ਼ੇ ਥੱਲੇ ਚਲੇ ਗਏ। ਖਾਦਾਂ ਮਹਿੰਗੀਆਂ ਹੋ ਗਈਆਂ। ਬਿਜਲੀ ਆਉਂਦੀ ਨਹੀਂ।

ਗੱਲ ਕਰਦਾ ਕਰਨੈਲ ਸਿੰਘ ਖੇਤੀ ਨਾਲ ਦਰਪੇਸ਼ ਆਉਂਦੀਆਂ ਸਾਰੀਆਂ ਮੁਸ਼ਕਲਾਂ ਗਿਣਾਉਣ ਲੱਗਿਆ। ਚਾਹਲ ਨੇ ਕਿਹਾ,

—ਚੰਗਾ ਕਰਨੈਲ ਸਿਆਂ, ਨਹੀਂ ਕੁਸ਼ ਦੇਣਾਂ ਤਾਂ ਨਾ ਦੇਹ ਪਰ ਬੋਰ ਤਾਂ ਨਾ ਕਰ, ਪੀਤੀ ਤਾਂ ਨਾ ਲਾਹ, ਫੇਰ ਹੋਰ ਬੋਤਲ ਲਿਆਉਂਦਾ ਫਿਰੇਂਗਾ!

—ਬੜੇ ਭਾਈ, ਬੋਤਲਾਂ ਤੇਰੇ ਨਾਲੋਂ ਚੰਗੀਆਂ! ਜਿੰਨੀਆਂ ਮਰਜ਼ੀ ਪੀ।

—ਆਹ ਹੁਣ ਡਿਗੇ ਹੋਏ ਘਰ ਦਾ ਕੀ ਕਰੀਏ।

—ਇਹਦੀ ਮੁਰੰਮਤ ਕਰਾ ਜਾ।

—ਮੇਰੇ ਕੋਲ ਤਾਂ ਏਨੇ ਪੈਸੈ ਹੈ ਨਹੀਂ।

—ਫੇਰ ਜਾ ਕੇ ਤਾਏ ਨੂੰ ਭੇਜ, ਨਾਲ਼ੇ ਤਾਂ ਜ਼ਮੀਨ ਦੀ ਤਕਸੀਮ ਕਰਾ ਜਾਵੇ ਤੇ ਨਾਲੇ ਘਰ ਨੂੰ ਠੀਕ ਕਰਾਵੇ।

—ਤਾਇਆ ਹੁਣ ਕਿਥੇ ਆਉਣ ਜੋਗਾ!...ਉਹ ਉਦੋਂ ਨਹੀਂ ਆਇਆ ਜਦੋਂ ਟਾਈਮ ਸੀ।

ਚਾਹਲ ਨੇ ਇਕ ਦੋ ਗੱਲਾਂ ਹੋਰ ਕੀਤੀਆਂ ਤੇ ਫਿਰ ਜਾਣ ਲਈ ਕਾਹਲਾ ਪੈਣ ਲੱਗਿਆ। ਟਿੱਕਾ ਵੀ ਸਮਝ ਗਿਆ ਸੀ ਕਿ ਉਸ ਦਾ ਮਨ ਰੁਖ਼-ਸਿਰ ਨਹੀਂ ਸੀ। ਕਾਰ ਵਿਚ ਬੈਠਦਾ ਚਾਹਲ ਬੋਲਿਆ,

—ਇਹ ਸਾਲ਼ਾ ਕੰਜਰ ਤਾਂ ਪਰਾਂ ਤੇ ਪਾਣੀ ਨਹੀਂ ਪੈਣ ਦਿੰਦਾ। ...ਹੁਣ ਤਾਂ ਬਈ ਔਖਾ ਹੋ ਗਿਆ! ਮੇਰੇ ਕੋਲ ਤਾਂ ਪੈਸੇ ਸਾਵੇਂ ਈ ਆ।

—ਚਾਚਾ, ਕਿਉਂ ਫਿਕਰ ਕਰਦਾਂ, ਤੇਰਾ ਸਾਰਾ ਖਰਚ ਮੇਰੇ 'ਤੇ।

—ਚਲ ਫੇਰ ਉਧਾਰ ਰਿਹਾ।

—ਚਾਚਾ, ਖਾਣ-ਪੀਣ ਦਾ ਕਾਹਦਾ ਉਧਾਰ, ਤੂੰ ਇੰਜੁਆਏ ਕਰ।

ਚਾਹਲ ਜਿੰਨੇ ਦਿਨ ਇੰਡੀਆ ਰਿਹਾ ਟਿੱਕੇ ਦੇ ਨਾਲ ਨਾਲ ਹੀ ਰਿਹਾ। ਟਿੱਕਾ ਉਸ ਨੂੰ ਉਸ ਦੇ ਸਾਰੇ ਰਿਸ਼ਤੇਦਾਰਾਂ ਦੇ ਘਰੀਂ ਲੈ ਕੇ ਗਿਆ। ਨੀਵੇਂ ਪਿੰਡ ਚਾਹਲ ਦੀ ਮਾਮੇ ਦੀ ਕੁੜੀ ਸਵਰਨ ਕੋਰ ਵਿਆਹੀ ਹੋਈ ਸੀ। ਮਾਮੇ ਦੀ ਇਸ ਕੁੜੀ ਦੇ ਘਰ ਵਾਲਾ ਸੋਹਣ ਸਿੰਘ ਕੁਝ ਸਾਲ ਇੰਗਲੈਂਡ ਲਾ ਆਇਆ ਸੀ ਤੇ ਟਿੱਕੇ ਨਾਲ ਉਸ ਦੀ ਵਾਹਵਾ ਪੱਛਾਣ ਸੀ। ਲੱਭਦਿਆਂ ਲੱਭਦਿਆਂ ਇਕ ਦਿਨ ਉਹ ਉਸ ਦੇ ਘਰ ਜਾ ਪੁੱਜੇ। ਸਵਰਨ ਕੋਰ ਤੇ ਸੋਹਣ ਸਿੰਘ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ। ਚਾਹਲ ਦਾ ਮਨ ਖੁਸ਼ ਹੋ ਗਿਆ। ਟਿੱਕੇ ਨੂੰ ਵੀ ਉਹ ਬੰਦੇ ਚੰਗੇ ਲਗੇ। ਉਹਨਾਂ ਦਾ ਖੇਤੀ ਦਾ ਕੰਮ ਚੰਗਾ ਚਲਦਾ ਸੀ। ਟਰੈਕਟਰ ਸੀ ਤੇ ਮੋਟਰ ਸਾਈਕਲ ਵੀ ਸੀ। ਘਰ ਵਿਚ ਫੋਨ ਵੀ ਲਗਿਆ ਹੋਇਆ ਸੀ। ਫਿਰ ਟਿੱਕਾ ਤੇ ਚਾਹਲ ਭਾਵੇਂ ਕੁਝ ਘੰਟਿਆਂ ਲਈ ਹੀ ਜਾਂਦੇ ਪਰ ਕਈ ਵਾਰ ਗੇੜਾ ਮਾਰ ਆਉਂਦੇ। ਉਹਨਾਂ ਨੂੰ ਦੇਖਦਿਆ ਹੀ ਸੋਹਣ ਸਿੰਘ ਨੂੰ ਵੀ ਚਾਅ ਚੜ੍ਹ ਜਾਂਦਾ।

ਮੁੰਦਰੀ ਨੇ ਵੀ ਚਾਹਲ ਦੀ ਖੂਬ ਸੇਵਾ ਕੀਤੀ। ਸਵੇਰੇ ਨਹਾਉਣ ਲਈ ਪਾਣੀ ਗਰਮ ਕਰ ਦਿੰਦੀ, ਉਸ ਦੇ ਕਪੜੇ ਧੋ ਕੇ ਪਰੈੱਸ ਕਰਦੀ। ਉਸ ਦੀਆਂ ਸਿਗਰਟਾਂ ਦੇ ਟੋਟੇ ਜੋ ਕਿ ਚਾਹਲ ਨੇ ਚੋਰੀ ਪੀਤੇ ਹੁੰਦੇ ਬਿਨਾਂ ਕਿਸੇ ਹੀਲ ਹੁੱਜਤ ਦੇ ਸਾਫ ਕਰ ਦਿੰਦੀ। ਚਾਹਲ ਉਸ ਤੋਂ ਬਹੁਤ ਖੁਸ਼ ਸੀ।

ਜੁਬੈਦਾ ਆਉਂਦੀ ਤਾਂ ਚਾਹਲ ਵਲ ਦੇਖਦੀ ਖਿਆਲਾਂ ਵਿਚ ਗੁਆਚ ਜਾਂਦੀ। ਉਸ ਨੂੰ ਪਤਾ ਚੱਲ ਚੁੱਕਿਆ ਸੀ ਕਿ ਇਹ ਬੁੜਾ ਇਕੱਲਾ ਹੈ। ਉਸ ਨੇ ਇਕ ਦਿਨ ਟਿੱਕੇ ਨੂੰ ਕਿਹਾ,

—ਟਿੱਕਾ ਜੀ, ਛੋਟਾ ਮੂੰਹ ਬੜੀ ਗੱਲ! ...ਏਹਨੂੰ ਚਾਹਲ ਨੂੰ ਪੁੱਛ ਕੇ ਦੇਖ ਲਓ ਜੇ ਇਕਰਾ ਨੂੰ ਲੰਘਾ ਲਵੇ।

ਟਿੱਕਾ ਕੁਝ ਨਾ ਬੋਲਿਆ। ਜੁਬੈਦਾ ਦੀ ਗੱਲ ਪਹਿਲੀ ਨਜ਼ਰ ਤਾਂ ਉਸ ਨੂੰ ਬਹੁਤ ਬੁਰੀ ਲੱਗੀ ਪਰ ਅਗਲੇ ਹੀ ਪਲ ਉਹ ਮੁੰਦਰੀ ਨੂੰ ਇੰਗਲੈਂਡ ਗਈ ਦੇਖਣ ਲੱਗਿਆ। ਉਹਨੂੰ ਵੀ ਜਾਪਿਆ ਕਿ ਚਾਹਲ ਇਹ ਕੰਮ ਕਰ ਦੇਵੇ ਤਾਂ ਬਹੁਤ ਚੰਗਾ ਹੋਵੇਗਾ। ਉਸ ਨੇ ਕਿਹਾ,

—ਜੁਬੈਦਾ, ਮੈਂ ਗੱਲ ਕਰਕੇ ਦੇਖਦਾਂ ਪਰ ਆਸ ਨਹੀਂ ਕਿ ਉਹ ਮੰਨੇ।

ਮੁੰਦਰੀ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਹ ਗੁੱਸੇ ਵਿਚ ਬਿਫਰੀ ਹੋਈ ਆਈ ਤੇ ਕਹਿਣ ਲੱਗੀ,

—ਟਿੱਕਾ ਜੀ, ਆਪਣੀ ਮੁੰਦਰੀ ਨੂੰ ਕਿਸੇ ਹੋਰ ਦੇ ਹੱਥ ਵਿਚ ਪਾਉਣ ਦੀ ਗੱਲ ਕਰਦੇ ਓ?

—ਨਹੀਂ ਮੁੰਦਰੀਏ, ਇਹ ਤਾਂ ਤੇਰੀ ਮਾਂ ਦਾ ਖਿਆਲ ਸੀ। ...ਇਹ ਚਾਹਲ ਕਿਥੋਂ ਮੰਨ ਜਾਊ!

—ਜੇ ਮੰਨ ਜਾਊ ਤਾਂ ਤੁਸੀਂ... ?

—ਮੁੰਦਰੀਏ, ਤੇਰਾ-ਮੇਰਾ ਕੋਈ ਭਵਿੱਖ ਨਹੀਂ। ਹਾਂ, ਜੇ ਤੂੰ ਕਿਸੇ ਤਰ੍ਹਾਂ ਓਥੇ ਚਲੇ ਜਾਵੇਂ ਤਾਂ...।

ਮੁੰਦਰੀ ਮੂੰਹ ਵਿਚ ਚੁੰਨੀ ਦੇ ਕੇ ਰੋਣ ਲੱਗੀ।

## ਸੱਤ

ਮੁੰਦਰੀ ਉਦਾਸ ਰਹਿਣ ਲੱਗੀ। ਉਹ ਸਿਰ ਉਪਰ ਚਾਦਰ ਇਵੇਂ ਲੈਂਦੀ ਕਿ ਥੋੜਾ ਜਿਹਾ ਚਿਹਰਾ ਨੰਗਾ ਰਹਿੰਦਾ, ਜਿਸ ਨੂੰ ਟਿੱਕਾ ਤੀਜੇ ਦਿਨ ਦਾ ਚੰਦ ਕਹਿੰਦਾ ਸੀ। ਇਕ ਦਿਨ ਜੁਬੈਦਾ ਨੇ ਉਸ ਦੇ ਮੋਢ੍ਹੇ 'ਤੇ ਹੱਥ ਰੱਖਦਿਆਂ ਕਿਹਾ,

—ਮੂਰਖ ਇਕਰਾ! ਮੈਂ ਕਿਤੇ ਕਿਸੇ ਗੱਲ ਨੂੰ ਸਮਝਦੀ ਨਹੀਂ! ਇਹ ਟਿੱਕਾ ਭਲਾ ਤੈਨੂੰ ਆਪਣੇ ਘਰ ਪਾ ਲਊ? ਇਹ ਤਾਂ ਉਹੀ ਅਮੀਰਾਂ ਵਾਲੀ ਗੱਲ ਐ।...ਅੱਲਾ ਏਦਾਂ ਦੇ ਮੌਕੇ ਹਰ ਰੋਜ਼ ਨਹੀਂ ਦਿੰਦਾ, ਤੂੰ ਚੁੱਪ ਕਰਕੇ ਮੌਕੇ ਦਾ ਫਾਇਦਾ ਉਠਾ ਤੇ ਇੰਗਲੈਂਡ ਨਿਕਲ ਜਾਹ। ਤੇਰੀ ਜ਼ਿੰਦਗੀ ਬਣ ਜਾਊ, ਏਸ ਜ਼ਿੱਲਤ ਵਿਚੋਂ ਨਿਕਲ ਜਾਵੇਂਗੀ, ਸਵਰਗ ਭੋਗੇਂਗੀ, ਕੁਝ ਨਹੀਂ ਰੱਖਿਆ ਏਸ ਨਰਕ ਵਿਚ!

ਮੁੰਦਰੀ ਜਾਂਦੇ ਟਿੱਕੇ ਨਾਲ ਵੀ ਬਹੁਤ ਲੜੀ ਸੀ। ਟਿੱਕੇ ਕਹਿ ਗਿਆ ਸੀ ਕਿ ਜਿਵੇਂ ਉਸ ਦਾ ਮਨ ਮੰਨਦਾ ਹੈ ਕਰੇ। ਹੁਣ ਟਿੱਕਾ ਵੀ ਨਹੀਂ ਸੀ ਜਿਹੜਾ ਕਿਸੇ ਸਵਾਲ ਦਾ ਜਵਾਬ ਦੇ ਸਕੇ। ਮੁੰਦਰੀ ਆਪੇ ਸਵਾਲ ਕਰਦੀ ਤੇ ਆਪ ਹੀ ਜਵਾਬ ਲੱਭਣ ਲਗਦੀ।

ਚਾਹਲ ਸੀ ਕਿ ਦੋ ਕੁ ਮਹੀਨੇ ਬਾਅਦ ਮੁੜ ਆਇਆ। ਉਸ ਨੂੰ ਵੀ ਇਕਰਾ ਵਿਚ ਦਿਲਚਸਪੀ ਜਾਗ ਪਈ ਸੀ। ਉਹ ਵੀ ਕਈ ਕਿਸਮ ਦੇ ਸੁਫਨੇ ਦੇਖਣ ਲਗਿਆ ਸੀ। ਚਾਹਲ ਨੇ ਰਾਜ ਕੋਰ ਰਾਹੀਂ ਜ਼ੁਬੈਦਾ ਨਾਲ ਗੱਲ ਤੋਰ ਲਈ।

ਮੁੰਦਰੀ ਨੇ ਮਨ ਹੀ ਮਨ ਕਿਹਾ,-'ਟਿੱਕਾ ਜੀ, ਏਦਾਂ ਤੇ ਏਦਾਂ ਈ ਸਹੀ, ਤੁਹਾਡੀ ਮੁੰਦਰੀ ਕਿਸੇ ਹੋਰ ਦੀ ਉਂਗਲ ਵਿਚ ਤੁਹਾਡੇ ਸਾਹਮਣੇ ਲਿਸ਼ਕੋਰਾਂ ਮਾਰੇਗੀ, ਤੁਹਾਡੀ ਇਹੋ ਸਜ਼ਾ ਹੋਵੇਗੀ।'

ਚਾਹਲ ਨੇ ਕਿਸੇ ਏਜੰਟ ਨਾਲ ਗੱਲ ਕਰ ਲਈ। ਉਮਰ ਦਾ ਕਾਫੀ ਫਰਕ ਹੋਣ ਕਰਕੇ ਇਕਰਾ ਨੂੰ ਵੀਜ਼ਾ ਏਨੀ ਆਸਾਨੀ ਨਾਲ ਨਹੀਂ ਸੀ ਮਿਲਣ ਲਗਿਆ ਪਰ ਮਿਲ ਜਾਣਾ ਸੀ। ਇਕਰਾ ਨੇ ਪੂਨਮ ਕੋਰ ਦੇ ਨਾਂ ਦਾ ਪਾਸਪੋਰਟ ਬਣਾ ਲਿਆ। ਚਾਹਲ ਦੇ ਰਿਸ਼ਤੇਦਾਰ ਸੋਹਣ ਸਿੰਘ ਦੇ ਪਿੰਡ ਜਾ ਕੇ ਵਿਆਹ ਵੀ ਕਰ ਲਿਆ ਤਾਂ ਜੋ ਢਾਬ ਕਲਾਂ ਵਿਚ ਬਹੁਤਾ ਰੌਲਾ ਨਾ ਪਵੇ। ਵਿਆਹ ਵੀ ਰਜਿਸਟਰ ਕਰਾ ਲਿਆ ਗਿਆ ਤੇ ਇਕਰਾ ਤੋਂ ਵੀਜ਼ੇ ਲਈ ਅਪਲਾਈ ਕਰਵਾ ਦਿਤਾ। ਮੁੰਦਰੀ ਵੀ ਹੁਣ ਇੰਗਲੈਂਡ ਜਾਣ ਦੇ ਸੁਫਨੇ ਦੇਖਣ ਲੱਗੀ ਸੀ।

ਚਾਹਲ ਨੇ ਵਾਪਸ ਲੈਸਟਰ ਆ ਕੇ ਆਪਣੇ ਦੋਸਤਾਂ ਸੱਦ ਕੇ ਆਪਣੇ ਵਿਆਹ ਦੀ ਪਾਰਟੀ ਕੀਤੀ। ਟਿੱਕੇ ਨੂੰ ਵੀ ਸੱਦਿਆ। ਪਾਰਟੀ ਉਪਰ ਬੋਲਦਿਆਂ ਉਸ ਨੇ ਕਿਹਾ,

—ਦੋਸਤੋ, ਮੈਨੂੰ ਤਾਂ ਲਗਦਾ ਸੀ ਕਿ ਟਿੱਕਾ ਮੇਰੇ ਗਲ਼ ਵਿਚ ਫਾਹਾ ਪਾਉਣ ਲਗਿਆ ਪਰ ਮੈਂ ਦੇਖਿਆ ਕਿ ਔਰਤ ਚੰਗੀ ਹੋਵੇ ਤਾਂ ਜੀਣ ਦਾ ਮਜ਼ਾ ਆ ਜਾਂਦਾ। ਜਿਹੜਾ ਮੈਂ ਇਹ ਦੋ ਮਹੀਨੇ ਸਵਰਗ ਦੇਖਿਆ, ਦੁਆ ਕਰੋ ਕਿ ਰਹਿੰਦੀ ਉਮਰ ਦੇਖਦਾ ਰਹਾਂ। ਸ਼ੁਕਰੀਆ ਟਿੱਕੇ ਤੇਰਾ। ...ਬਾਕੀ ਜੇ ਤੁਹਾਡੇ 'ਚੋਂ ਕਿਸੇ ਦੀ ਘਰ ਆਲ਼ੀ ਤੰਗ ਕਰਦੀ ਹੋਵੇ ਤਾਂ ਚੁੱਪ ਕਰਕੇ ਇੰਡੀਆ ਚਲੇ ਜਾਓ ਤੇ ਵਿਆਹ ਕਰਾ ਆਓ।

ਚਾਹਲ ਦੀ ਗੱਲ 'ਤੇ ਹਾਸਾ ਜਿਹਾ ਖਿਲਰ ਗਿਆ। ਸਭ ਨੇ ਇਕ ਚੀਅਰਜ਼ ਚਾਹਲ ਦੇ ਵਿਆਹ ਦੀ ਕੀਤੀ ਤੇ ਇਕ ਚੀਅਰਜ਼ ਟਿੱਕੇ ਦੇ ਨਾਂ ਦੀ ਵੀ।

ਇਕਰਾ ਹੁਣ ਪੂਨਮ ਕੋਰ ਚਾਹਲ ਬਣ ਚੁੱਕੀ ਸੀ। ਉਸ ਨੂੰ ਵੀਜ਼ਾ ਮਿਲ ਤਾਂ ਗਿਆ ਪਰ ਮਿਲਿਆ ਬਹੁਤ ਔਖੇ ਹੋ ਕੇ। ਲੱਗਭਗ ਦੋ ਸਾਲ ਲੱਗ ਗਏ। ਹਾਈਕਮਿਸ਼ਨਰ ਵਾਲੇ ਕਦੇ ਕੋਈ ਪੇਪਰ ਮੰਗਦੇ ਤੇ ਕਦੇ ਕੋਈ। ਚਾਹਲ ਆਪ ਇੰਡੀਆ ਦੇ ਚੱਕਰ ਤੇ ਚੱਕਰ ਮਾਰਦਾ ਰਹਿੰਦਾ। ਟਿੱਕਾ ਇਹਨਾਂ ਦਿਨਾਂ ਵਿਚ ਇੰਡੀਆ ਨਾ ਗਿਆ। ਉਸ ਕੋਲ ਮੁੰਦਰੀ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ। ਆਖਰ ਪੂਨਮ ਆ ਹੀ ਗਈ। ਦੀਪੇ ਦੇ ਸਾਹ ਵਿਚ ਸਾਹ ਆਇਆ। ਟਿੱਕੇ ਨੂੰ ਦੀਪੇ ਨੇ ਫੋਨ ਕਰ ਦਿਤਾ ਸੀ ਕਿ ਪੂਨਮ ਆ ਰਹੀ ਹੈ ਪਰ ਟਿੱਕਾ ਚੁੱਪ ਜਿਹਾ ਰਿਹਾ।



ਇਕਰਾ ਨੂੰ ਆਈ ਨੂੰ ਕੁਝ ਦਿਨ ਹੋਏ ਤਾਂ ਇਕ ਦਿਨ ਦੀਪਾ ਕਹਿਣ ਲਗਿਆ,

—ਪੂਨਮ, ਚੱਲ ਆਪਾਂ ਟਿੱਕੇ ਨੂੰ ਮਿਲ ਆਈਏ।

—ਨਹੀਂ ਦੀਪੇ, ਪਹਿਲਾਂ ਤੂੰ ਮੇਰੇ ਲਈ ਕੰਮ ਲੱਭ, ਆਹ ਕਰਜਾ ਵੀ ਮੋੜੀਏ ਤੇ ਪਿੱਛੇ ਨੂੰ ਵੀ ਮੈਂ ਕੁਸ਼ ਪੈਸੇ ਭੇਜਣੇ ਆਂ।

—ਗੱਲ ਤਾਂ ਤੇਰੀ ਇਹ ਵੀ ਠੀਕ ਐ।

ਗੁਰਦਵਾਰੇ ਵਾਲੇ ਭਾਈ ਜੀਤ ਸਿੰਘ ਦੀ ਘਰਵਾਲੀ ਮਨਜੀਤ ਕਪੜੇ ਦੀ ਫੈਕਰਟੀ ਵਿਚ ਕੰਮ ਕਰਦੀ ਹੀ ਸੀ। ਪੂਨਮ ਨੂੰ ਵੀ ਉਥੇ ਹੀ ਕੰਮ ਮਿਲ ਗਿਆ। ਪੂਨਮ ਦੇ ਪੈਰ ਲਗਣ ਲੱਗ ਪਏ। ਉਸ ਦੀਆਂ ਸਹੇਲੀਆਂ ਬਣਨ ਲਗੀਆਂ। ਕੰਮ ਕਰਨ ਵਿਚ ਉਹ ਹੱਥ ਦੀ ਛੋਹਲ਼ੀ ਹੈ ਹੀ ਸੀ। ਉਸ ਦੀ ਕਦਰ ਪੈਣ ਲੱਗੀ। ਦੀਪੇ ਨੂੰ ਵੀ ਪੱਕੀ ਪਕਾਈ ਰੋਟੀ ਮਿਲਣੀ ਸ਼ੁਰੂ ਹੋ ਗਈ, ਨਹੀਂ ਤਾਂ ਨਾਨ ਜਿਹੇ ਖਾ ਕੇ ਗੁਜਾਰਾ ਕਰਦਾ ਜਾਂ ਫਿਰ ਗੁਰਦਵਾਰੇ ਚਲੇ ਜਾਂਦਾ। ਉਸ ਦੀ ਮਾਂ ਦਾ ਘਰ ਵੀ ਨੇੜੇ ਹੀ ਸੀ ਪਰ ਮਾਂ ਬਹੁਤ ਬਿਰਧ ਸੀ, ਰੋਟੀ ਬਣਾਉਣ ਜੋਗੀ ਹੈ ਨਹੀਂ ਸੀ।

ਕੁਝ ਦੇਰ ਹੋਰ ਲੰਘੀ ਤਾਂ ਚਾਹਲ ਦਾ ਮਨ ਟਿੱਕੇ ਨੂੰ ਮਿਲਣ ਨੂੰ ਕਾਹਲਾ ਪੈਣ ਲੱਗਿਆ। ਫੋਨ ਉਪਰ ਭਾਵੇਂ ਗੱਲਾਂ ਹੁੰਦੀਆਂ ਰਹਿੰਦੀਆਂ ਸਨ ਪਰ ਮਿਲਣਾ ਵੀ ਜ਼ਰੂਰੀ ਸੀ। ਉਹ ਟਿੱਕੇ ਨਾਲ ਗਲਾਸੀ ਸਾਂਝੀ ਕਰਕੇ ਪੂਨਮ ਜਿਹੀ ਕੁੜੀ ਲੱਭ ਕੇ ਦੇਣ ਵਿਚ ਉਸ ਦਾ ਧੰਨਵਾਦ ਕਰਨਾ ਚਾਹੁੰਦਾ ਸੀ। ਪੂਨਮ ਨੂੰ ਕਹਿੰਦਾ ਤਾਂ ਉਹ ਟਰਕਾ ਜਾਂਦੀ। ਉਸ ਨੂੰ ਦੀਪਾ ਚਾਹਲ ਬਹੁਤ ਵਧੀਆ ਇਨਸਾਨ ਲਗਦਾ ਸੀ। ਉਹ ਖੁਸ਼ ਸੀ ਪਰ ਟਿੱਕੇ ਨੂੰ ਮੁਆਫ ਵੀ ਨਹੀਂ ਸੀ ਕਰ ਸਕੀ। ਇਕ ਦਿਨ ਦੀਪਾ ਚਾਹਲ ਉਸ ਨੂੰ ਲੈ ਕੇ ਬਰਮੀਘੰਮ ਟਿੱਕੇ ਨੂੰ ਮਿਲਣ ਤੁਰ ਪਿਆ। ਪੂਨਮ ਟਿੱਕੇ ਨੂੰ ਓਪਰਿਆਂ ਵਾਂਗ ਮਿਲੀ। ਜਦ ਦੀਪਾ ਚਾਹਲ ਤੇ ਟਿੱਕਾ ਬੈਠੇ ਸ਼ਰਾਬ ਪੀ ਰਹੇ ਸਨ ਤਾਂ ਪੂਨਮ ਦੀਪੇ ਦੀ ਬਾਂਹ ਨੂੰ ਚੁੰਬੜੀ ਬੈਠੀ ਸੀ। ਅਚਾਨਕ ਟਿੱਕੇ ਨੇ ਪੁੱਛਿਆ,

—ਕਿੱਦਾਂ ਮੁੰਦਰੀਏ, ਦਿਲ ਲੱਗ ਗਿਆ?

—ਟਿੱਕਾ ਜੀ, ਮੈਂ ਪੂਨਮ ਆਂ, ਪੂਨਮ ਕੋਰ ਚਾਹਲ, ਪਲੀਜ਼...!

ਟਿੱਕਾ ਇਕ ਪਲ ਲਈ ਤਾਂ ਤੜਫਿਆ ਪਰ ਫਿਰ ਉਹਨੂੰ ਚੰਗਾ ਵੀ ਲਗਿਆ ਕਿ ਮੁੰਦਰੀ ਖੁਸ਼ ਸੀ। ਮੁੰਦਰੀ ਦੇ ਇੰਨੇ ਕੁ ਗੁੱਸੇ ਨਾਲ ਉਸ ਦੀ ਗੁਨਾਹ-ਭਾਵਨਾ ਵੀ ਘੱਟ ਗਈ। ਉਸ ਦਿਨ ਤੋਂ ਬਾਅਦ ਦੋ ਕੁ ਵਾਰ ਫਿਰ ਟਿੱਕੇ ਦਾ ਮੁੰਦਰੀ ਨੂੰ ਮਿਲਣ ਦਾ ਮੌਕਾ ਮਿਲਿਆ, ਮੁੰਦਰੀ ਹਮੇਸ਼ਾ ਓਪਰਿਆਂ ਵਾਂਗ ਹੀ ਮਿਲਦੀ ਤੇ ਬਹੁਤ ਹੀ ਸੰਖੇਪ ਜਿਹੀ ਗੱਲ ਕਰਦੀ।

ਮੁੰਦਰੀ ਦੇ ਇੰਗਲੈਂਡ ਆ ਜਾਣ ਤੋਂ ਬਾਅਦ ਉਹ ਇੰਡੀਆ ਗਿਆ। ਪਿੰਡ ਦੇ ਲੋਕਾਂ ਨੇ ਤਾਂ ਉਸ ਦੀ ਤਰੀਫ ਦੇ ਪੁਲ ਬੰਨ ਮਾਰੇ ਕਿ ਉਸ ਨੇ ਗਰੀਬ ਘਰ ਦੀ ਕੁੜੀ ਦੀ ਜ਼ਿੰਦਗੀ ਬਣਾ ਦਿਤੀ ਸੀ। ਬਹੁਤੇ ਲੋਕਾਂ ਨੂੰ ਤਾਂ ਦੀਪੇ ਬਾਰੇ ਪਤਾ ਹੀ ਨਹੀਂ ਸੀ। ਸਾਰੇ ਇਹੋ ਕਹਿੰਦੇ ਕਿ ਟਿੱਕੇ ਨੇ ਹੀ ਕੁਝ ਅਜਿਹਾ ਕੀਤਾ ਹੈ ਕਿ ਮੁੰਦਰੀ ਲੰਘਾ ਲਈ। ਸਾਲ ਕੁ ਵਿਚ ਹੀ ਮੁੰਦਰੀ ਨੇ ਕਾਫੀ ਸਾਰੇ ਪੈਸੇ ਜ਼ੁਬੈਦਾ ਨੂੰ ਭੇਜ ਦਿਤੇ ਸਨ। ਉਸ ਨੇ ਪਿੰਡ ਵਿਚ

ਹੀ ਇਕ ਛੋਟਾ ਜਿਹਾ ਘਰ ਵੀ ਖਰੀਦ ਲਿਆ ਸੀ। ਇਕ ਪਲਾਟ ਵੀ ਲੈ ਲਿਆ।

## ਅੱਠ

ਇਹਨਾਂ ਦਿਨਾਂ ਵਿਚ ਟਿੱਕੇ ਦੇ ਕੰਮ 'ਤੇ ਤਨਖਾਹਾਂ ਬਣਾਉਣ ਵਾਲੇ ਸ਼ੈਕਸ਼ਨ ਵਿਚ ਇਕ ਨੌਕਰੀ ਨਿਕਲੀ। ਇਸ ਵਿਚ ਤਨਖਾਹ ਥੋੜ੍ਹੀ ਸੀ ਪਰ ਕੰਮ ਦਫਤਰ ਦਾ ਕੰਮ ਸੀ ਜਿਸ ਵਿਚ ਕੋਈ ਸ਼ਿਫਟ ਨਹੀਂ ਸੀ। ਸਵੇਰ ਨੌਂ ਤੋਂ ਪੰਜ ਵਜੇ ਵਾਲੀ ਨੌਕਰੀ। ਟਿੱਕਾ ਸੋਚਦਾ ਕਿ ਉਹ ਇਕੱਲੀ ਜਾਨ ਹੈ, ਬਹੁਤਾ ਓਵਰਟਾਈਮ ਲਾ ਕੇ ਵੀ ਕੀ ਕਰਨਾ ਹੈ। ਉਸ ਨੇ ਉਸ ਜੌਬ ਲਈ ਅਪਲਾਈ ਕੀਤਾ ਤੇ ਉਸ ਨੂੰ ਉਹ ਜੌਬਮਿਲ ਗਈ। ਹੁਣ ਉਸ ਦਾ ਫਲੋਰ ਤੋਂ ਕੰਮ ਖਤਮ ਹੋ ਗਿਆ ਤੇ ਪੁਰਾਣੇ ਲੋਕਾਂ ਨਾਲ ਕੋਈ ਵਾਹ ਵੀ ਨਾ ਰਿਹਾ। ਇਥੇ ਦਫਤਰ ਵਿਚ ਬਹੁਤੇ ਗੋਰੇ ਹੀ ਸਨ ਜਿਹੜੇ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਕਦੇ ਨਹੀਂ ਸਨ ਝਾਕਿਆ ਕਰਦੇ। ਇਸ ਗੱਲੋਂ ਟਿੱਕਾ ਬਹੁਤ ਖੁਸ਼ ਸੀ।

ਟਿੱਕੇ ਦੀ ਨਵੀਂ ਨੌਕਰੀ ਵਿਚ ਕੰਪਿਊਟਰ ਚਲਾਉਣਾ ਵੀ ਸ਼ਾਮਲ ਸੀ। ਟਿੱਕੇ ਲਈ ਇਹ ਗੱਲ ਬਹੁਤ ਉਤਸ਼ਾਹ ਵਾਲੀ ਸੀ। ਕੰਪਿਊਟਰ ਤੋਂ ਇਹ ਇੰਨਾ ਪ੍ਰਭਾਵਿਤ ਹੋਇਆ ਕਿ ਅਗਲੇ ਦਿਨ ਹੀ ਟੈਂਪੋ ਨਾਂ ਦੇ ਸਟੋਰ ਤੋਂ ਨਵਾਂ ਕੰਪਿਊਟਰ ਖਰੀਦ ਲਿਆਇਆ। ਉਸ ਨੂੰ ਕੰਪਿਊਟਰ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਕਿ ਕਿਹੜੀ ਕੰਪਨੀ ਦਾ ਵਧੀਆ ਹੁੰਦਾ ਹੈ ਕਿਹੜੀ ਕੰਪਨੀ ਜ਼ਿਆਦਾ ਚੱਲ ਰਹੀ ਹੈ। ਉਸ ਨੇ ਸਟੋਰ ਵਿਚ ਕੰਮ ਕਰਦੀ ਕੁੜੀ ਨੂੰ ਹੀ ਇਹ ਜਾਣਕਾਰੀ ਦੇਣ ਲਈ ਕਿਹਾ। ਐਚ. ਪੀ. ਦਾ ਕੰਪਿਊਟਰ ਔਫਰ ਤੇ ਲੱਗਿਆ ਹੋਇਆ ਸੀ, ਹਜ਼ਾਰ ਪੌਂਡ ਵਿਚ ਹੀ ਸਭ ਕੁਝ; ਟਾਵਰ, ਮੌਨੀਟਰ, ਕੀ-ਬੋਰਡ, ਮਾਊਸ ਤੇ ਪਰਿੰਟਰ ਵੀ। ਉਸ ਨੇ ਖਰੀਦ ਲਿਆ ਤੇ ਘਰ ਲੈ ਆਇਆ। ਕੰਪਿਊਟਰ ਰੱਖਣ ਵਾਸਤੇ ਬਣੇ ਵਿਸ਼ੇਸ਼ ਮੇਜ਼ ਤੇ ਕੁਰਸੀ ਵੀ ਕਾਰ ਵਿਚ ਰੱਖ ਲਿਆਂਦੇ।

ਕੰਪਿਊਟਰ ਜੋੜਨ ਦਾ ਕੰਮ ਉਸ ਨੂੰ ਬਹੁਤਾ ਮੁਸ਼ਕਲ ਨਹੀਂ ਜਾਪਿਆ। ਇਕ ਨਕਸ਼ਾ ਨਾਲ ਦਿਤਾ ਹੋਇਆ ਸੀ। ਕਿਹੜਾ ਪਲੱਗ ਕਿਥੇ ਲਗਣਾ ਹੈ ਇਸ ਸੌਖ ਲਈ ਪਲੱਗਾਂ ਦਾ ਰੰਗ ਸੀ, ਪੀਲੇ ਰੰਗ ਦੇ ਪਲੱਗ ਨੇ ਜਿਥੇ ਜਾਣਾ ਸੀ ਉਹ ਜਗਾਹ ਵੀ ਪੀਲੇ ਰੰਗ ਦੀ ਸੀ ਇਵੇਂ ਹੀ ਹਰਾ ਤੇ ਲਾਲ ਪਲੱਗ ਵੀ ਵਖਰੀ ਵਖਰੀ ਜਗਾਹ ਲਗਣੇ ਸਨ। ਕੰਪਿਊਟਰ ਉਸ ਨੇ ਚਲਦਾ ਕਰ ਲਿਆ ਪਰ ਓਨਾ ਕੁ ਹੀ ਜਿੰਨਾ ਉਹ ਕੰਮ 'ਤੇ ਚਲਾਇਆ ਕਰਦਾ ਸੀ। ਉਸ ਤੋਂ ਅੱਗੇ ਉਸ ਨੂੰ ਬਹੁਤਾ ਕੁਝ ਪਤਾ ਨਹੀਂ ਸੀ ਚੱਲ ਰਿਹਾ। ਇੰਟਰਨੈਟ ਕਿਵੇਂ ਚਲਾਉਣਾ ਹੈ ਇਸ ਬਾਰੇ ਤਾਂ ਉਹ ਬਿਲਕੁਲ ਕੋਰਾ ਸੀ। ਕੰਪਿਊਟਰ ਦੇ ਨਾਲ ਹੀ ਏ.ਓ.ਐਲ. ਦਾ ਇਕ ਸੌਫਟਵੇਅਰ ਸੀ ਇੰਟਰਨੈੱਟ ਵਾਸਤੇ ਪਰ ਉਸ ਦੀ ਵਰਤੋਂ ਦੀ ਉਸ ਨੂੰ ਸਮਝ ਨਹੀਂ ਸੀ ਪੈ ਰਹੀ। ਉਸ ਨੂੰ ਯਾਦ ਆਇਆ ਕਿ ਸ਼ਿੰਦੇ ਨੇ ਆਪਣੇ ਮੁੰਡੇ ਦਿਲਪ੍ਰੀਤ ਨੂੰ ਪਿਛਲੇ ਦਿਨੀਂ ਹੀ ਕੰਪਿਊਟਰ ਲੈ ਕੇ ਦਿਤਾ ਹੈ, ਦਿਲਪ੍ਰੀਤ ਉਸ ਦਾ ਵਧੀਆ ਅਧਿਆਪਕ ਸਿੱਧ ਹੋ ਸਕਦਾ ਹੈ। ਤੇ ਹੋਇਆ ਵੀ ਇਵੇਂ ਹੀ। ਉਸ ਨੇ ਸ਼ਿੰਦੇ ਨੂੰ ਫੋਨ ਕੀਤਾ। ਸ਼ਿੰਦਾ ਦਿਲਪ੍ਰੀਤ ਨੂੰ ਲੈ ਕੇ ਉਸ ਦੇ ਘਰ ਆ ਗਿਆ। ਦਿਲਪ੍ਰੀਤ ਨੇ ਉਸ ਨੂੰ ਮੁੱਢਲੀ ਜਾਣਕਾਰੀ ਦੇ ਦਿਤੀ।ਹੁਣ ਉਸ ਨੂੰ ਯਕੀਨ ਸੀ ਕਿ ਟੱਕਰਾਂ ਮਾਰ-ਮਾਰ ਸਿੱਖ ਹੀ



ਲਵੇਗਾ।

ਟਿੱਕੇ ਦਾ ਇੰਟਰਨੈਟ ਵੀ ਚਲਦਾ ਹੋ ਗਿਆ। ਉਹ ਤਾਂ ਜਿਵੇਂ ਕਿਸੇ ਹੋਰ ਦੁਨੀਆਂ ਵਿਚ ਹੀ ਗਵਾਚ ਗਿਆ ਹੋਵੇ। ਕੰਮ ਤੋਂ ਮੁੜਦਾ ਹੀ ਉਹ ਕੰਪਿਊਟਰ ਤੇ ਬੈਠ ਜਾਂਦਾ। ਜਿਥੇ ਉਹ ਅੜ ਜਾਂਦਾ ਉਹ ਦਿਲਪ੍ਰੀਤ ਨੂੰ ਫੋਨ ਕਰ ਲੈਂਦਾ। ਜੇ ਫੋਨ 'ਤੇ ਗੱਲ ਨਾ ਬਣਦੀ ਤਾਂ ਜਾ ਕੇ ਦਿਲਪ੍ਰੀਤ ਨੂੰ ਲੈ ਆਉਂਦਾ ਤੇ ਸਮਝਾ ਜਾਂਦਾ। ਹਫਤਿਆਂ ਵਿਚ ਹੀ ਟਿੱਕਾ ਇਸ ਡੱਬੇ ਦਾ ਮਾਹਰ ਹੋ ਗਿਆ। ਉਹ ਹੈਰਾਨ ਹੁੰਦਾ ਕਿ ਇਸ ਡੱਬੇ ਵਿਚ ਸਾਰੀ ਦੁਨੀਆਂ ਵਸਦੀ ਹੈ। ਹਰ ਰੋਜ਼ ਉਹ ਕਈ ਕਈ ਘੰਟੇ ਕੰਪਿਊਟਰ ਮੂਹਰੇ ਬੈਠਾ ਰਹਿੰਦਾ। ਵਕਤ ਦਾ ਪਤਾ ਹੀ ਨਾ ਚਲਦਾ। ਉਸ ਨੇ ਆਪਣਾ ਈਮੇਲ ਐਡਰਸ ਵੀ ਬਣਾ ਲਿਆ; ਟਿੱਕਾ@ਹੌਟਮੇਲ ਡੌਟ ਕੌਮ। ਈਮੇਲ-ਪਤਾ ਤਾਂ ਬਣਾ ਲਿਆ ਪਰ ਈਮੇਲ ਕਰੇ ਕਿਸ ਨੂੰ। ਉਸ ਦਾ ਕੋਈ ਵਾਕਫ ਹੀ ਨਹੀਂ ਸੀ ਜਿਸ ਨੂੰ ਉਹ ਇਸ ਨਵੀਂ ਤਕਨੀਕ ਦੀ ਚਿੱਠੀ ਲਿਖ ਸਕਦਾ।ਕੁਝ ਵੀ ਸੀ ਉਹ ਹਰ ਰੋਜ਼ ਆਪਣੀ ਈਮੇਲ ਖੋਹਲਦਾ। ਕਈ ਕਿਸਮ ਦੀਆਂ ਮਸ਼ਹੂਰੀਆਂ ਬਗੈਰਾ ਹੁੰਦੀਆਂ। ਉਹ ਪੜ੍ਹਦਾ ਤੇ ਡਿਲੀਟ ਕਰ ਦਿੰਦਾ। ਉਹ ਦੋਸਤਾਂ ਨਾਲ ਵੀ ਇਸ ਹੈਰਾਨ ਕਰਨ ਵਾਲੇ ਯੰਤਰ ਬਾਰੇ ਗੱਲਾਂ ਕਰਦਾ ਰਹਿੰਦਾ। ਉਹ ਸ਼ਿੰਦੇ ਨੂੰ ਉਤਸ਼ਾਹਿਤ ਕਰਦਾ ਕਿ ਕੰਪਿਊਟਰ ਸਿੱਖ ਲਵੇ ਪਰ ਸ਼ਿੰਦਾ ਲੋੜ ਨਹੀਂ ਸੀ ਸਮਝਦਾ।

ਇਕ ਦਿਨ ਇੰਡੀਆ ਤੋਂ ਮੁੜਿਆ ਸ਼ਿੰਦਾ ਉਸ ਨੂੰ ਮਿਲਣ ਆਇਆ। ਉਹ ਕਹਿਣ ਲਗਿਆ,

—ਆਹ ਸੁੱਲੀ ਵਾਲੀ ਕੀ ਕਹਾਣੀ ਆ?

—ਕਿਹੜੀ ਸੁੱਲੀ ਵਾਲੀ?

—ਅਹਿਮਦ ਦੀ ਕੁੜੀ ਵਾਲੀ?

—ਉਹਨੂੰ ਤਾਂ ਚਾਚਾ ਚਾਹਲ ਲੈ ਆਇਆ ਸੀ, ਵਿਆਹ ਕਰਾ ਲਿਆ ਸੈਟਲ ਹੋ ਗਈ, ਘਰ ਨੂੰ ਪੈਸੇ ਭੇਜਦੀ ਆ, ਗਰੀਬੀ ਤੋੜ ਕੇ ਰੱਖ'ਤੀ।

—ਪਿੰਡ 'ਚ ਸਾਰੇ ਇਹ ਕਹਿ ਰਹੇ ਆ ਕਿ ਪਹਿਲਾਂ ਉਹ ਤੇਰੇ ਨਾਲ ਸੈੱਟ ਹੋਈ, ਤੂੰ ਵਰਤ ਕੇ ਚਾਚੇ ਹੱਥ ਫੜਾ ਦਿਤੀ।

ਟਿੱਕਾ ਸੋਚਣ ਲੱਗ ਪਿਆ ਕਿ ਕੀ ਜਵਾਬ ਦੇਵੇ। ਉਸ ਨੂੰ ਨਹੀਂ ਸੀ ਪਤਾ ਕਿ ਪਿੰਡ ਦੇ ਲੋਕਾਂ ਨੂੰ ਉਸ ਬਾਰੇ ਕੋਈ ਭਿਣਕ ਪੈ ਜਾਏਗੀ। ਕੁਝ ਸੋਚ ਕੇ ਉਸ ਨੇ ਕਿਹਾ,

—ਬਹੁਤ ਚੰਗੀ ਕੁੜੀ ਆ ਉਹ। ਇਹ ਠੀਕ ਆ ਕਿ ਮੇਰੀ ਉਹਦੇ ਨਾਲ ਦੋਸਤੀ ਹੋਈ ਪਰ ਖਾਸ ਨਹੀਂ। ਚਾਚਾ ਮੇਰੇ ਨਾਲ ਗਿਆ ਸੀ, ਮੈਂ ਕਿਹਾ ਕਿ ਉਹ ਇਕੱਲਾ ਤੁਰਿਆ ਫਿਰਦਾ ਇਹਦੇ ਨਾਲ ਵਿਆਹ ਕਰਾ ਲਵੇ, ਦੋਨਾਂ ਦਾ ਹੀ ਸਰ ਜਾਊ, ਉਹਦੀ ਗਰੀਬੀ ਟੁੱਟ ਜਾਊ ਤੇ ਚਾਚੇ ਦਾ ਬੁਢਾਪਾ ਸੁਧਰ ਜਾਊ। ਯਕੀਨ ਮੰਨ, ਕੁੜੀ ਚਾਚੇ ਲਈ ਪੂਰੀ ਵਫਾਦਾਰ ਐ।

—ਉਹ ਤਾਂ ਠੀਕ ਐ ਪਰ ਚਾਚਾ ਚਾਹਲ ਓਹਦਾ ਘਰ ਪੂਰਾ ਕਰ ਦੇਊ?

—ਪਤਾ ਨਹੀਂ।

—ਤੈਨੂੰ ਚਾਹੀਦਾ ਕਿ ਗੇੜਾ ਰੱਖੇਂ, ਚਾਚੇ ਦੀ ਹੈਲਪ ਕਰਦਾ ਰਹੇਂ, ਏਦਾਂ ਨਾ ਹੋਵੇ ਕਿ ਚਾਚੇ ਨੂੰ ਛੱਡ ਕੇ ਦੌੜ ਜਾਵੇ।

## ਨੌਂ

ਬਾਪੂ ਤੇ ਮਾਂ ਦੀ ਮੌਤ ਤੋਂ ਬਾਅਦ ਦੀਪਾ ਸੋਚਦਾ ਸੀ ਕਿ ਉਹ ਆਪਣੇ ਇਸ ਘਰ ਨੂੰ ਕਿਰਾਏ 'ਤੇ ਦੇ ਕੇ ਉਹਨਾਂ ਵਾਲੇ ਘਰ ਵਿਚ ਮੂਵ ਹੋ ਜਾਣਗੇ। ਇਹ ਘਰ ਕਿਰਾਏ 'ਤੇ ਦੇਣ ਨਾਲ ਉਹਨਾਂ ਦਾ ਹੱਥ ਸੌਖਾ ਹੋ ਜਾਵੇਗਾ। ਕਰਜ਼ਾ ਮੋੜਿਆ ਜਾ ਸਕੇਗਾ। ਵੈਸੇ ਤਾਂ ਦੀਪੇ ਦਾ ਇਕ ਹੋਰ ਭਰਾ ਵੀ ਜਿਹੜਾ ਲੰਡਨ ਰਹਿੰਦਾ ਸੀ ਪਰ ਦੀਪੇ ਨੂੰ ਯਕੀਨ ਸੀ ਕਿ ਉਹ ਘਰ ਵਿਚੋਂ ਹਿੱਸਾ ਨਹੀਂ ਮੰਗੇਗਾ। ਭਰਾ ਦਾ ਕੰਮ ਸਹੀ ਸੀ ਤੇ ਪੈਸੇ ਵਲੋਂ ਸੌਖਾ ਸੀ। ਦੀਪਾ ਹਾਲੇ ਵਿਚਾਰਾਂ ਹੀ ਕਰ ਰਿਹਾ ਸੀ ਕਿ ਉਸ ਦੇ ਭਰਾ ਨੇ ਆ ਕੇ ਘਰ ਏਜੰਟ ਕੋਲ ਸੇਲ 'ਤੇ ਲਾ ਦਿਤਾ। ਘਰ ਵਿਕ ਵੀ ਦਿਨਾਂ ਵਿਚ ਹੀ ਗਿਆ। ਭਰਾ ਟਿੱਕੇ ਨੂੰ ਉਸ ਦਾ ਅੱਧ ਦੇ ਕੇ ਆਪਣਾ ਹਿੱਸਾ ਲੈ ਵਾਪਸ ਲੰਡਨ ਚਲੇ ਗਿਆ। ਦੀਪਾ ਆਪਣੇ ਅੱਧੇ ਹਿੱਸੇ ਨਾਲ ਵੀ ਖੁਸ਼ ਸੀ। ਉਹ ਆਪਣੇ ਸਿਰ ਚੜ੍ਹੇ ਕਰੈਡਿਟ-ਕਾਰਡਾਂ ਦੇ ਪੈਸੇ ਮੋੜ ਸਕਦਾ ਸੀ ਪਰ ਉਹ ਦੂਰ ਦੀ ਸੋਚਣ ਲੱਗ ਪਿਆ। ਉਸ ਨੇ ਇਹਨਾਂ ਪੈਸਿਆਂ ਦਾ ਡਿਪੌਜ਼ਟ ਰੱਖ ਕੇ ਪੂਨਮ ਦੇ ਨਾਂ 'ਤੇ ਨਜ਼ਦੀਕ ਹੀ ਇਕ ਹੋਰ ਘਰ ਖਰੀਦ ਲਿਆ। ਉਸ ਦੇ ਕਿਰਾਏ ਨਾਲ ਘਰ ਦੀ ਕਿਸ਼ਤ ਤੇ ਹੋਰ ਖਰਚੇ ਚੁੱਕੇ ਜਾਣ ਲੱਗੇ। ਪੂਨਮ ਨੂੰ ਵੀ ਇਕ ਹੋਰ ਘਰ ਲੈਣਾ ਚੰਗਾ ਲਗਿਆ ਉਹ ਵੀ ਉਸ ਦੇ ਨਾਂ 'ਤੇ।

ਪੂਨਮ ਨੇ ਜਲਦੀ ਹੀ ਅੰਗਰੇਜ਼ੀ ਬੋਲਣੀ ਸਿੱਖ ਲਈ ਤੇ ਇਥੋਂ ਦੇ ਜੀਵਨ ਦੇ ਤਰਕ ਵੀ ਸਮਝਣ ਲੱਗ ਪਈ ਸੀ।ਕੰਮ ਉੱਪਰ ਔਰਤਾਂ ਘਰ ਦੇ ਬਿੱਲਾਂ-ਕਿਸ਼ਤਾਂ ਦੀਆਂ ਗੱਲਾਂ ਕਰਦੀਆਂ ਤਾਂ ਉਹ ਵੀ ਸੋਚਦੀ ਕਿ ਉਹਨਾਂ ਦੇ ਘਰ ਦੇ ਖਰਚਾਂ ਦੀ ਤਫਸੀਲ ਕੀ ਹੋਵੇਗੀ। ਇਕ ਦਿਨ ਉਸ ਨੇ ਸਾਰੇ ਬਿੱਲ ਇਕੱਠੇ ਕਰ ਲਏ ਤੇ ਹਿਸਾਬ ਲਾਉਣ ਲੱਗੀ। ਦੋਨਾਂ ਦੇ ਮੁਬਾਈਲਾਂ ਦਾ ਬਿੱਲ ਪੰਜਾਹ ਪੌਂਡ ਮਹੀਨਾ ਸੀ। ਬਿਜਲੀ, ਗੈਸ, ਲੈਂਡਲਾਈਨ ਫੋਨ ਤੇ ਪਾਣੀ ਸਾਰੇ ਪਾ ਕੇ ਢਾਈ ਸੌ ਪੌਂਡ ਮਹੀਨਾ ਬਣ ਜਾਂਦੇ। ਕਾਰ ਦੀ ਇੰਸ਼ੋਅਰੈਂਸ, ਰੋਡ ਟੈਕਸ ਤੇ ਰੋਜ਼ ਦਾ ਪੈਟਰੌਲ ਪਾ ਕੇ ਡੇੜ ਸੌ ਪੌਂਡ ਮਹੀਨੇ ਦੇ ਇਹ ਹੋ ਜਾਂਦੇ। ਸੌ ਪੌਂਡ ਮਹੀਨੇ ਦਾ ਉਹ ਆਪਣੀ ਮਾਂ ਨੂੰ ਭੇਜਿਆ ਕਰਦੀ। ਢਾਈ ਸੌ ਪੌਂਡ ਮਹੀਨੇ ਦੀ ਘਰ ਦੀ ਕਿਸ਼ਤ ਜਾਂਦੀ ਸੀ। ਇਹ ਕੁਲ ਮਿਲਾ ਕੇ ਅੱਠ ਸੌ ਪੌਂਡ ਬਣਦਾ ਸੀ ਤੇ ਅੱਠ ਸੌ ਪੌਂਡ ਮਹੀਨੇ ਦੀ ਉਸ ਦੀ ਤਨਖਾਹ ਸੀ। ਉਹ ਹਿਸਾਬ ਲਾ ਕੇ ਹੈਰਾਨ ਰਹਿ ਗਈ ਕਿ ਉਹਨਾਂ ਦਾ ਘਰ ਕਿਵੇਂ ਚੱਲ ਰਿਹਾ ਸੀ। ਦੀਪੇ ਨੂੰ ਜਿੰਨੀ ਕੁ ਪੈਨਸ਼ਨ ਜਾਂ ਹੋਰ ਪੈਸੇ ਮਿਲਦੇ ਸਨ ਓਨੇ ਦੀ ਉਹ ਸ਼ਰਾਬ ਤੇ ਸਿਗਰਟਾਂ ਪੀ ਜਾਂਦਾ। ਉਸ ਲਈ ਤੋਹਫੇ, ਫੁੱਲ ਆਦਿ ਲੈ ਆਉਂਦਾ। ਫਿਰ ਘਰ ਦਾ ਸ਼ੌਪਿੰਗ ਆਦਿ ਕਿਥੋਂ ਹੁੰਦੇ ਸਨ। ਉਸ ਨੇ ਦੀਪੇ ਨੂੰ ਤਲਬ ਕਰ ਲਿਆ।

ਦੀਪੇ ਨੇ ਉਸ ਨੂੰ ਕਦੇ ਵੀ ਹਿਸਾਬ ਨਹੀਂ ਸੀ ਦਿਤਾ। ਕਦੇ ਸਮਾਂ ਸੀ ਕਿ ਉਸ ਦੇ ਘਰ ਉਪਰ ਕੋਈ ਕਰਜ਼ਾ ਨਹੀਂ ਸੀ ਪਰ ਫਿਰ ਉਸ ਨੂੰ ਲੋਨ ਲੈਣਾ ਪਿਆ। ਉਸ ਨੇ ਪੂਨਮ ਨੂੰ ਮੰਗਵਾਉਣ ਵਿਚ ਬਹੁਤ ਖਰਚ ਕਰ ਦਿਤਾ ਸੀ। ਉਸ ਦੇ ਆਪਣੇ ਵੀ ਇੰਡੀਆ ਦੇ ਕਈ ਚੱਕਰ ਲੱਗ ਗਏ ਸਨ। ਇਵੇਂ ਕਰ ਕੇ ਇਕ ਤਾਂ ਘਰ ਉਪਰ ਲੋਨ ਖੜ ਗਿਆ ਸੀ ਤੇ ਦੂਜੇ ਹੋਰ ਲੋੜਾਂ ਪੂਰੀਆਂ ਕਰਨ ਲਈ ਉਸ ਨੂੰ ਕਰੈਡਿਟ-ਕਾਰਡ ਵਰਤਣਾ ਪੈਂਦਾ। ਤੇ ਕਰਜ਼ਾ ਤਾਂ ਜਿਵੇਂ ਸੂਈ ਹੀ ਜਾਂਦਾ ਹੁੰਦਾ ਹੈ, ਵਧੀ ਜਾਂਦਾ ਹੈ। ਸੋ ਹੁਣ ਉਹ ਵੱਡੀ ਰਕਮ



ਥੱਲੇ ਆ ਚੁੱਕਿਆ ਸੀ ਪਰ ਇਸ ਦਾ ਜ਼ਿਕਰ ਉਸ ਨੇ ਪੂਨਮ ਨਾਲ ਕਦੇ ਨਹੀਂ ਸੀ ਕੀਤਾ। ਪੂਨਮ ਸਾਰਾ ਹਿਸਾਬ ਉਸ ਦੇ ਅੱਗੇ ਸੁੱਟਦੀ ਪੁੱਛਣ ਲੱਗੀ,

—ਆਹ ਏਨੇ ਖਰਚੇ ਕਿੱਦਾਂ ਪੂਰੇ ਹੋ ਰਹੇ ਆ?

—ਤੂੰ ਅੰਬ ਚੂਪਣੇ ਆਂ ਕਿ ਦ੍ਰਖ਼ੱਤ ਗਿਣਨੇ ਆਂ?

—ਜਿਹੜੀ ਤੂੰ ਆਹ ਸ਼ਰਾਬ ਪੀਵੀ ਜਾਨਾਂ ਕਿਸੇ ਗੱਲ ਤੋਂ ਭੱਜਣ ਲਈ ਤਾਂ ਨਹੀਂ ਪੀਂਦਾ?

—ਤੂੰ ਮੇਰਾ ਸਿਰ ਨਾ ਖਾਹ ਜਾਹ ਬੋਤਲ ਚੁੱਕ ਕੇ ਲਿਆ।

—ਨਹੀਂ ਮਿਲਣੀ ਤੈਨੂੰ ਕੋਈ ਬੋਤਲ! ਸਿੱਧੀ ਤਰ੍ਹਾਂ ਮੇਰੀ ਗੱਲ ਦਾ ਜਵਾਬ ਦੇਹ।

—ਦੇਖ ਡਾਰਲਿੰਗ, ਤੈਨੂੰ ਵੀ ਲੰਘਾਉਣਾ ਸੀ ਤੇ ਹੋਰ ਖਰਚੇ ਵੀ ਜ਼ਰੂਰੀ ਹੀ ਸੀ।

—ਤੈਨੂੰ ਇੰਨੀ ਵਾਰ ਇੰਡੀਆ ਜਾਣ ਦੀ ਕੀ ਲੋੜ ਸੀ?

—ਤੇਰੇ ਪਿਆਰ ਕਰਕੇ।

—ਡੈਡ ਜੀ ਵਾਲੇ ਘਰ ਦੇ ਹਿੱਸੇ ਨਾਲ ਇਹ ਲੋਨ ਮੋੜਿਆ ਜਾ ਸਕਦਾ ਸੀ, ਆਹ ਹੋਰ ਘਰ ਲੈਣ ਦਾ ਕੀ ਕਾਰਨ?

—ਦੇਖ ਮੇਰੀ ਜਾਨ, ਮੈਂ ਤੇਰੇ ਪਿਓ ਤੋਂ ਵੀ ਬੜੀ ਉਮਰ ਦਾਂ, ਮੈਂ ਕੁਸ਼ ਸੋਚ ਕੇ ਈ ਕੀਤਾ ਹੋਊ।

—ਪਰ ਹੈਗਾ ਤਾਂ ਤੂੰ ਮੇਰਾ ਹਸਬੈਂਡ ਈ, ਮੈਨੂੰ ਤੇਰੇ ਹਰ ਕਦਮ ਦਾ ਪਤਾ ਹੋਣਾ ਚਾਹੀਦਾ।

—ਮੇਰਾ ਅਗਲਾ ਕਦਮ ਇਹ ਆ ਬਈ ਮੇਰੇ ਕੋਲ ਫਜ਼ੂਲ ਸਵਾਲਾਂ ਦਾ ਜਵਾਬ ਨਹੀਂ, ਕੱਲ ਨੂੰ ਮੈਂ ਜਾਣਾ ਡਾਕਟਰ ਦੇ ਤੇ ਉਹਨੇ ਮੈਨੂੰ ਸ਼ਰਾਬ ਛੱਡਣ ਲਈ ਕਹਿਣਾ ਤੇ ਮੈਂ ਛੱਡ ਦੇਣੀ ਆਂ, ਏਸ ਲਈ ਜਾਹ ਬੋਤਲ ਚੁੱਕ ਲਿਆ ਤਾਂ ਜੋ ਅੱਜ ਪੀ ਕੇ ਕੱਲ ਨੂੰ ਘੱਟੋ ਘੱਟ ਇਕ ਮਹੀਨੇ ਲਈ ਛੱਡ ਸਕਾਂ।

ਪੂਨਮ ਉਵੇਂ ਹੀ ਗੁੱਸੇ ਵਿਚ ਉਸ ਵਲ ਦੇਖਦੀ ਰਹੀ। ਦੀਪਾ ਆਪ ਉਠ ਕੇ ਬੋਤਲ ਚੁੱਕ ਲਿਆਇਆ। ਉਸ ਨੇ ਦੋ ਪੈੱਗ ਕਾਹਲੀ ਵਿਚ ਲਾਏ ਤੇ ਪੂਨਮ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਕੱਸ ਵਧਾਉਂਦਾ ਬੋਲਿਆ,

—ਮੈਂ ਤੈਨੂੰ ਬਹੁਤ ਪਿਆਰ ਕਰਦਾਂ।

—ਇਹ ਕੋਈ ਨਵੀਂ ਗੱਲ ਕਰਨ ਲਗਿਆਂ! ...ਦੋ ਗਲਾਸੀਆਂ ਬਾਅਦ ਤੈਨੂੰ ਜ਼ਰਾ ਜ਼ਿਆਦਾ ਹੀ ਪਿਆਰ ਆਉਣ ਲਗਦਾ।

—ਏਸ ਪਿਆਰ ਲਈ ਗਲਾਸੀਆਂ ਦੀ ਲੋੜ ਨਹੀਂ।

ਉਹ ਕੁਝ ਦੇਰ ਤਕ ਚੁੱਪ ਰਿਹਾ ਤੇ ਫਿਰ ਆਖਿਆ,

—ਤੂੰ ਟਿੱਕੇ ਤੋਂ ਵੱਟੀ ਵੱਟੀ ਕਿਉਂ ਰਹਿੰਨੀ ਐਂ? ਜਦੋਂ ਵੀ ਮਿਲ਼ੇ ਤਾਂ ਬੋਲਦੀ ਨਹੀਂ।

—ਹੋਰ ਮੈਂ ਲੁਡੀਆਂ ਪਾਇਆ ਕਰਾਂ!

—ਮੇਰੀ ਜਾਨ, ਉਹਨੇ ਤੇਰੇ ਲਈ ਬਹੁਤ ਕੁਸ਼ ਕੀਤਾ!

—ਮੇਰੇ ਲਈ ਜੋ ਕੀਤਾ ਤੂੰ ਕੀਤਾ, ਉਹ ਤਾਂ ਸਿਰਫ ਜ਼ਰੀਆ ਬਣਿਆਂ ਤੇ ਓਨਾ ਕੁ ਥੈਂਕਸ ਮੈਂ ਓਹਦਾ ਕਰ ਚੁੱਕੀ ਆਂ।ਨਾਲ਼ੇ ਆਪਣੇ ਕੋਲ਼ ਲੋਕਾਂ ਨੂੰ ਮਿਲਣ ਦਾ ਟਾਈਮ ਹੀ ਕਿਥੇ ਆ!

ਦੀਪੇ ਨੇ ਇਕ ਹੋਰ ਗਲਾਸੀ ਪੀਤੀ ਤੇ ਕੁਝ ਦੇਰ ਬਾਅਦ ਉਸ ਨੇ ਕਿਹਾ,

—ਮੇਰੀ ਜਾਨ, ਆਹ ਵਾਲ਼ ਮੈਂ ਧੁੱਪੇ ਬੈਠ ਕੇ ਚਿੱਟੇ ਨਹੀਂ ਕੀਤੇ, ਜੋ ਕੁਸ਼ ਵੀ ਤੇਰੇ ਤੇ ਦੀਪੇ ਵਿਚ ਸੀ ਮੈਂ ਸਮਝ ਸਕਦਾ ਸੀ।

—ਇਹ ਕੀ ਬਕਵਾਸ ਕਰਨ ਲਗਿਆਂ ਤੂੰ?

ਪੂਨਮ ਉਸ ਵਲ ਗੁੱਸੇ ਨਾਲ ਦੇਖਣ ਲੱਗੀ। ਟਿੱਕੇ ਨੇ ਉਸ ਨੂੰ ਪੁਚਕਾਰਦੇ ਹੋਏ ਆਖਿਆ,

—ਉਹ ਚਾਹੁੰਦਾ ਸੀ ਕਿ ਮੈਂ ਤੈਨੂੰ ਸੱਦ ਦੇਵਾਂ ਤੇ ਫੇਰ ਉਹ ਤੈਨੂੰ ਆਪ ਰੱਖਣਾ ਚਾਹੁੰਦਾ ਸੀ।

—ਉਹ ਕੀ ਸੋਚਦਾ ਸੀ ਕਿ ਮੈਂ ਕੋਈ ਮੱਝ-ਗਾਂ ਵਾਂ?

—ਇਹ ਗੱਲ ਨਹੀਂ, ਸਿਚੂਏਸ਼ਨ ਸਮਝ ਜਿਹੜੀ ਮੈਂ ਸਮਝਾ ਰਿਹਾਂ। ...ਮੈਂ ਤੈਨੂੰ ਏਨਾ ਚਾਹੁਣ ਲਗਿਆ, ਏਨਾ ਪਸੰਦ ਕਰਨ ਲਗਿਆ ਕਿ ਮੈਂ ਖੁਦਗਰਜ਼ ਬਣ ਗਿਆ। ਮੈਂ ਤੈਨੂੰ ਕਿਸੇ ਵੀ ਕੀਮਤ 'ਤੇ ਨਹੀਂ ਸੀ ਗੁਆਣਾ ਚਾਹੁੰਦਾ। ਉਹਦੀ ਕੁਰਬਾਨੀ ਦੇਖ ਕਿ ਉਹ ਪਿੱਛੇ ਹਟ ਗਿਆ।

—ਓ ਸ਼ਰਾਬੀ, ਬਿਓੜੇ! ...ਮੂੰਹ ਬੰਦ ਰੱਖ। ਪਤਾ ਨਹੀਂ ਨਸ਼ਾ ਪੀ ਕੇ ਕੀ ਕੀ ਪੁੱਠਾ ਸਿੱਧਾ ਸੋਚੀ ਜਾਨੈ!

—ਸੱਚੀ ਗੱਲ ਦੱਸਾਂ ਕਿ ਮੈਂ ਸੋਚਦਾਂ! ਮੈਂ ਸੋਚਦਾਂ ਕਿ ਤੂੰ ਟਿੱਕੇ ਕੋਲ ਚਲੀ ਜਾਵੇਂ।

—ਤੇਰੀ ਮਾਂ ਨੂੰ..., ਹਰਾਮੀ ਦੀਪਿਆ, ਇਹ ਕੀ ਗੰਦ ਬੋਲਦਾਂ?

ਗਾਲ਼ ਕੱਢਦੀ ਪੂਨਮ ਉਠੀ ਤੇ ਦੀਪੇ ਨੂੰ ਵਾਲਾਂ ਤੋਂ ਫੜ੍ਹ ਲਿਆ। ਦੀਪਾ ਹੱਸਦਾ ਹੋਇਆ ਆਪਣੇ ਆਪ ਨੂੰ ਉਸ ਤੋਂ ਛੁਡਵਾਉਣ ਲੱਗਿਆ। ਇਸੇ ਉੱਥਲ-ਪੁੱਥਲ ਵਿਚ ਦੀਪੇ ਦਾ ਵਿਸਕੀ ਵਾਲਾ ਗਲਾਸ ਡੁਲ੍ਹ ਗਿਆ। ਉਹ ਗੁੱਸੇ ਵਿਚ ਬੋਲਿਆ,

—ਭੈਣ ਮਰੌਣੀਏਂ, ਮੇਰੀ ਵਿਸਕੀ ਗੁੱਗਲ਼ ਕਰ 'ਤੀ, ...ਕੁੱਤੀ ਔਰਤ ਨਿੱਕੀ ਜਿਹੀ ਗੱਲ ਨਹੀਂ ਸਹਾਰ ਸਕਦੀ!

—ਇਹ ਨਿੱਕੀ ਜਿਹੀ ਗੱਲ ਆ, ਇਹ ਨਿੱਕੀ ਜਿਹੀ ਗੱਲ ਆ?

—ਚੰਗਾ ਬਾਬਾ ਸੌਰੀ, ਮੁੜ ਕੇ ਨਹੀਂ ਕਰਦਾ!

ਆਪਣੀ ਜਾਨ ਛਡਵਾਉਣ ਲਈ ਦੀਪਾ ਬੋਲਿਆ।

ਇਕ ਦਿਨ ਦੀਪੇ ਦੇ ਨਾਂ ਦੀ ਕਚਿਹਰੀ ਤੋਂ ਚਿੱਠੀ ਆਈ। ਕਿਸੇ ਕੰਪਨੀ ਨੇ ਕਰਜ਼ਾ ਨਾ ਮੋੜ ਸਕਣ ਦੀ ਸੂਰਤ ਵਿਚ ਘਰ ਦੀ ਕੁਰਕੀ ਬਾਰੇ ਲਿਖਿਆ ਹੋਇਆ ਸੀ। ਪੂਨਮ ਫਿਕਰਾਂ ਵਿਚ ਪੈ ਗਈ। ਉਸ ਨੇ ਚਿੱਠੀ ਦੀਪੇ ਮੂਹਰੇ ਰੱਖੀ। ਦੀਪਾ ਇਸ ਨੂੰ ਪਹਿਲਾਂ ਹੀ ਪੜ੍ਹ ਚੁੱਕਾ ਸੀ। ਉਹ ਬੋਲਿਆ,

—ਹੁਣ ਸਮਝ ਲਗੀ ਕਿ ਦੂਜਾ ਘਰ ਕਿਉਂ ਲਿਆ, ਜੇ ਇਥੋਂ ਕੱਢ ਦਿਤਾ ਤਾਂ ਉਥੇ ਜਾ ਬੈਠਾਂਗੇ,ਇਸ ਕਰਕੇ।



ਪੂਨਮ ਉਦਾਸ ਹੋ ਗਈ। ਉਸ ਨੇ ਕਿਹਾ,

—ਨਹੀਂ ਦੀਪੇ, ਆਪਾਂ ਕੁਰਕੀ ਤਕ ਗੱਲ ਪਹੁੰਚਣ ਹੀ ਕਿਉਂ ਦੇਈਏ, ਕਰਜ਼ਾ ਲਾਹੁਣ ਦੀ ਕੋਸ਼ਿਸ਼ ਕਰੀਏ। ਮੈਂ ਹੁਣ ਇੰਡੀਆ ਨਹੀਂ ਭੇਜਦੀ, ਤੂੰ ਵੀ ਆਪਣੇ ਸਾਰੇ ਪੈਸੇ ਇਕ ਥਾਂ ਰੱਖ, ਇੰਡੀਆ ਜਾਣਾ ਕੈਂਸਲ। ਆਹ ਕੋਰਟ ਵਾਲੇ ਕੇਸ ਦੀਆਂ ਕਿਸ਼ਤਾਂ ਕਰਾ ਲੈ, ਕਾਰ ਵੇਚ ਕੇ ਕੋਈ ਛੋਟੀ ਕਾਰ ਲੈ ਲੈ। ਮੈਂ ਆਪਣੇ ਕੰਮ ਤੋਂ ਕੁਸ਼ ਐਡਵਾਂਸ ਫੜ ਲੈਂਨੀ ਆਂ, ਮਨਜੀਤ ਬਹੁਤ ਗੱਪਾਂ ਮਾਰਦੀ ਰਹਿੰਦੀ ਆ ਇਹਨਾਂ ਤੋਂ ਕੁਸ਼ ਫੜ ਲੈਨੇ ਆਂ।

—ਮੇਰੀ ਮਾਂ, ਤੂੰ ਪਹਿਲਾਂ ਮੇਰੇ ਘਰ ਕਿਉਂ ਨਹੀਂ ਆਈ? ਹੁਣ ਮੇਰੀਆਂ ਕਬਰਾਂ 'ਚ ਲੱਤਾਂ, ਤੂੰ ਸਲਾਹੁਤਾਂ ਦੇਣ ਬੈਠ ਗਈ ਆਂ!

—ਮੈਂ ਜਿੱਦਾਂ ਕਿਹਾ ਓਦਾਂ ਈ ਕਰ।

—ਪਰ ਮੇਰੇ ਕਰਨ ਵਾਲਾ ਹੋਰ ਬਹੁਤ ਕੁਸ਼ ਪਿਆ, ਇਹਦੇ ਤੋਂ ਜਰੂਰੀ।

—ਉਹ ਕੀ?

—ਚੱਲ ਮੈਨੂੰ ਗਲਾਸੀ ਪੀਣ ਦੇ।

ਦੀਪੇ ਨੇ ਬੋਤਲ ਨੂੰ ਹੱਥ ਪਾਇਆ ਹੀ ਸੀ ਕਿ ਪੂਨਮ ਨੇ ਖੋਹ ਲਈ ਤੇ ਰਸੋਈ ਵਿਚ ਲੁਕੋ ਆਈ। ਉਹ ਦੀਪੇ ਨੂੰ ਜ਼ਿਆਦਾ ਨਹੀਂ ਸੀ ਪੀਣ ਦਿੰਦੀ। ਉਸ ਦੀ ਸਿਹਤ ਬਿਲਕੁਲ ਵੱਲ ਨਹੀਂ ਸੀ। ਉਸ ਦਾ ਪੇਟ ਖਰਾਬ ਹੀ ਹੋਇਆ ਰਹਿੰਦਾ। ਬਲੱਡ ਪਰੈਸ਼ਰ ਦੀ ਡੋਜ਼ ਤਿੰਨ ਗੁਣਾਂ ਵਧਾ ਦਿਤੀ ਗਈ ਸੀ।

ਇਕ ਦਿਨ ਫਿਰ ਉਸ ਨੇ ਪੂਨਮ ਨੂੰ ਕਿਹਾ,

—ਕਈ ਗੱਲਾਂ ਜਿਹੜੀਆਂ ਮੈਂ ਕਹਿਨਾ, ਧਿਆਨ ਨਾਲ ਸੁਣਿਆ ਕਰ, ਐਵੇਂ ਨਾ ਭੜਕ ਪਿਆ ਕਰ।

—ਹੁਣ ਕਿਹੜੀ ਗੱਲ ਕਹਿਣੀ ਚਾਹੁੰਨਾ?

—ਇਹ ਕਿ ਦੇਖ ਮੇਰੀ ਉਮਰ ਤੇ ਮੇਰੀ ਸਿਹਤ, ਮੈਂ ਤੈਨੂੰ ਉਹ ਪਿਆਰ ਨਹੀਂ ਦੇ ਸਕਦਾ ਜਿਹੜਾ ਇਕ ਜਵਾਨ ਮਰਦ ਦੇ ਸਕਦਾ, ਜੇ ਤੇਰਾ ਦਿਲ ਕਰਦਾ ਤਾਂ ਬੇਸ਼ਕ ਬੁਆਏ ਫਰਿੰਡ ਰੱਖ ਲੈ।

ਪੂਨਮ ਉਠ ਖੜੀ। ਪਹਿਲਾਂ ਤਾਂ ਲੜਨ ਲਈ ਉਸ ਵਲ ਅਹੁਲੀ ਪਰ ਫਿਰ ਉਚੀ ਉਚੀ ਰੋਂਦੀ ਹੋਈ ਆਪਣੇ ਕਮਰੇ ਵਲ ਭੱਜ ਗਈ ਤੇ ਅੰਦਰੋਂ ਕੁੰਡੀ ਲਾ ਲਈ। ਦੀਪਾ ਵੀ ਉਸ ਦੇ ਮਗਰ ਹੀ ਗਿਆ ਪਰ ਉਸ ਨੇ ਕੁੰਡੀ ਨਾ ਖੋਹਲੀ। ਦੀਪਾ ਦਰਵਾਜ਼ਾ ਖੜਕਾਉਂਦਾ ਉਥੇ ਹੀ ਬੈਠ ਗਿਆ। ਕੋਈ ਅਵਾਜ਼ ਨਾ ਸੁਣ ਕੇ ਪੂਨਮ ਨੂੰ ਦੀਪੇ ਦਾ ਫਿਕਰ ਹੋਇਆ। ਉਸ ਨੇ ਦਰਵਾਜ਼ਾ ਖੋਹਲਿਆ ਤਾਂ ਦੇਖਿਆ ਕਿ ਦੀਪਾ ਡਿਗਿਆ ਪਿਆ ਸੀ। ਉਸ ਨੇ ਦੀਪੇ ਨੂੰ ਉਠਾਇਆ ਤੇ ਆਪਣੇ ਬੈੱਡ ਵਿਚ ਲੈ ਆਈ। ਆਪ ਵੀ ਉਹ ਦੀਪੇ ਦੇ ਨਾਲ ਹੀ ਪੈ ਗਈ। ਦੀਪਾ ਉਸ ਨੂੰ ਬਾਹਾਂ ਵਿਚ ਲੈਂਦਾ ਹੌਲੇ ਜਿਹੇ ਬੋਲਿਆ,

—ਪੂਨਮ, ਮੈਂ ਤੈਨੂੰ ਬਹੁਤ ਪਿਆਰ ਕਰਦਾਂ, ਮੈਂ ਸੋਚਦਾਂ ਕਿ ਤੈਨੂੰ ਮੇਰੇ ਕੋਲ ਭੇਜ ਕੇ ਰੱਬ ਨੇ ਮੇਰੇ ਉਪਰ ਬਹੁਤ ਵੱਡਾ ਅਹਿਸਾਨ ਕੀਤਾ ਪਰ ਮੈਨੂੰ ਤੇਰਾ ਬਹੁਤ ਫਿਕਰ ਆ, ਜੇ ਮੈਨੂੰ ਕੁਸ਼ ਹੋ ਗਿਆ ਤਾਂ ਤੇਰਾ ਕੱਲ ਨੂੰ ਕੀ ਹੋਊ!

—ਤੈਨੂੰ ਕੁਸ਼ ਨਹੀਂ ਹੁੰਦਾ ਦੀਪੇ।

—ਮੈਨੂੰ ਮੇਰੀ ਸਿਹਤ ਦਾ ਪਤੈ। ਮੈਂ ਸਭ ਸੋਚ ਸਮਝ ਕੇ ਗੱਲ ਕਰ ਰਿਹਾਂ।

ਮੈਨੂੰ ਤੇਰਾ ਬਹੁਤ ਫਿਕਰ ਐ, ਮੇਰੇ ਬਾਅਦ ਤੇਰਾ ਕੀ ਹੋਏਗਾ!

—ਪਹਿਲੀ ਗੱਲ ਤਾਂ ਦੀਪੇ ਤੈਨੂੰ ਕੁਸ਼ ਨਹੀਂ ਹੁੰਦਾ, ਜੇ ਹਰਾਮੀ ਰੱਬ ਏਨਾ ਹੀ ਮਾੜਾ ਹੋਏਗਾ ਤਾਂ ਫਿਕਰ ਨਾ ਕਰ ਮੈਂ ਬਹੁਤ ਸਟਰੌਂਗ ਕੁੜੀ ਆਂ।

—ਮੈਨੂੰ ਪਤਾ ਕਿ ਤੂੰ ਬਹੁਤ ਸਟਰੌਂਗ ਐਂ, ਏਸੇ ਲਈ ਤਾਂ ਮੈਂ ਫਿਰਕ ਕਰ ਰਿਹਾਂ, ਤੂੰ ਹਾਲੇ ਜਵਾਨ ਐਂ, ਮੈਂ ਸੋਚਦਾਂ ਕਿ ਤੇਰੇ ਲਈ ਮੁੰਡਾ ਲੱਭ ਕੇ ਤੇਰਾ ਵਿਆਹ ਕਰ ਦੇਵਾਂ।

—ਮੇਰਿਆ ਦੁਸ਼ਮਣਾ, ਕਿਉਂ ਮੈਨੂੰ ਜੀਂਦੇ ਜੀਅ ਮੇਹਣਿਆਂ ਨਾਲ ਮਾਰੀ ਜਾਨਾਂ। ਏਥੇ ਜਵਾਨ ਮਰੀ ਜਾਂਦੇ ਆ, ਕੀ ਪਤਾ ਤੇਰੇ ਤੋਂ ਪਹਿਲਾਂ ਮੈਂ ਹੀ ਤੁਰ ਜਾਣਾਂ। ਇਹ ਸਭ ਤਾਂ ਕਿਸਮਤ ਦੇ ਹੱਥ ਵਿਚ ਐ।

—ਮੈਂ ਕਿਸਮਤ ਦੇ ਹੱਥ ਵਿਚ ਕੁਸ਼ ਨਹੀਂ ਛੱਡਣਾ ਚਾਹੁੰਦਾ, ਮੈਂ ਕੁਸ਼ ਫੈਸਲੇ ਆਪ ਲੈਣੇ ਚਾਹੁੰਨਾ, ਮੈਨੂੰ ਤੇਰੀ ਮੱਦਦ ਦੀ ਲੋੜ ਆ।

—ਦੱਸ ਕੀ ਮਦਦ ਕਰਾਂ?

—ਮੈਂ ਚਾਹੁੰਨਾ ਕਿ ਕੋਈ ਚੰਗਾ ਜਿਹਾ ਮੁੰਡਾ ਲੱਭ ਕੇ ਤੇਰਾ ਵਿਆਹ ਕਰ ਦੇਵਾਂ।

—ਫੇਰ ਉਹੀ ਗੱਲ! ਬੇਸ਼ਰਮਾ, ਆਪਣੀ ਤੀਵੀਂ ਦੇ ਵਿਆਹ ਦੀ ਗੱਲ ਕਰਦਾਂ, ਤੂੰ ਏਨਾ ਰਹਿ ਗਿਆਂ?

—ਨਹੀਂ, ਮੈਂ ਸੱਚ ਦੇ ਨੇੜੇ ਰਹਿਣ ਵਾਲਾ ਬੰਦਾਂ, ਇਹ ਸਭ ਕੁਸ਼ ਇਕ ਸ਼ੁਗਲ 'ਚ ਸ਼ੁਰੂ ਹੋਇਆ ਸੀ, ਪਰ..., ...ਕਿਉਂ ਨਾ ਕੋਈ ਚੰਗਾ ਜਿਹਾ ਲੋੜਕਾਰ ਮੁੰਡਾ ਲੱਭ ਕੇ ਤੈਨੂੰ ਸੈਟਲ ਕਰ ਦੇਵਾਂ। ਮੈਂ ਤੇਰੀ ਜ਼ਿੰਦਗੀ ਰੋਲਣੀ ਨਹੀਂ ਚਾਹੁੰਦਾ।

ਪੂਨਮ ਨੇ ਦੀਪੇ ਨੂੰ ਬਾਹਾਂ ਵਿਚ ਘੁੱਟ ਲਿਆ ਤੇ ਰੋਣ ਲਗ ਪਈ ਤੇ ਫਿਰ ਬੋਲੀ,

—ਥੈਂਕਸ ਦੀਪੇ, ਤੂੰ ਮੇਰੇ ਬਾਰੇ ਏਦਾਂ ਸੋਚਦਾਂ ਪਰ ਮੈਂ ਤੇਰੇ ਨਾਲ ਰਹਿ ਕੇ ਬਹੁਤ ਖੁਸ਼ ਆਂ, ਜਿੰਨੀ ਕਿਸਮਤ ਵਿਚ ਲਿਖੀ ਆ ਮੈਂ ਤੇਰੇ ਨਾਲ ਈ ਰਹਿਣਾ ਚਾਹੁੰਨੀ ਆਂ।

—ਤੂੰ ਸਮਝ ਕਿ ਮੈਂ ਇਸ ਵੇਲੇ ਤੇਰਾ ਪਿਓ ਆਂ, ਮੇਰੀ ਗੱਲ ਵਲ ਧਿਆਨ ਦੇਹ।

—ਚੱਲ ਛੱਡ ਦੀਪੇ, ਆਪਾਂ ਕੁਸ਼ ਖਾਣ ਦਾ ਇੰਤਜ਼ਾਮ ਕਰੀਏ ਤੇ ਏਦਾਂ ਦੀਆਂ ਗੱਲਾਂ ਤੂੰ ਮੁੜ ਕੇ ਨਹੀਂ ਕਰਨੀਆਂ ਤੇ ਆਪਾਂ ਆਪਣੇ ਕਰਜ਼ਿਆਂ ਨੂੰ ਮੋੜਨ ਬਾਰੇ ਸੋਚੀਏ।

ਦੀਪੇ ਨੇ ਮੁੜ ਕੇ ਇਸ ਵਿਸ਼ੇ ਉਪਰ ਕੋਈ ਗੱਲ ਨਾ ਕੀਤੀ। ਕਦੇ ਕਦੇ ਉਸ ਨੂੰ ਆਪਣਾ-ਆਪ ਪੂਨਮ ਦਾ ਗੁਨਾਹਗਾਰ ਜਾਪਣ ਲੱਗਦਾ। ਹੁਣ ਜਦ ਤੋਂ ਉਸ ਨੂੰ ਲਗਣ ਲਗਿਆ ਸੀ ਕਿ ਡਾਕਟਰ ਉਸ ਨੂੰ ਸਿਰਫ ਡਰਾਉਣ ਲਈ ਹੀ ਨਹੀਂ ਕਹਿ ਰਿਹਾ ਸਗੋਂ ਉਸ ਦਾ ਲਿਵਰ ਸੱਚ ਵਿਚ ਹੀ ਖਤਮ ਹੋ ਚੁੱਕਿਆ ਸੀ,ਉਹ ਸੱਚੇ ਦਿਲੋਂ ਚਾਹੁੰਦਾ ਸੀ ਕਿ ਪੂਨਮ ਉਹਦੇ ਹੁੰਦੇ ਹੋਏ ਕਿਧਰੇ ਸੈੱਟਲ ਹੋ ਜਾਵੇ। ਪੂਨਮ ਸੀ ਕਿ ਇਸ ਗੱਲ 'ਤੇ ਉਸ ਨੂੰ ਚਾਰੇ ਪੈਰ ਚੁੱਕ ਕੇ ਪੈਂਦੀ।ਉਹ ਆਪਣੀ ਇਸ ਸੋਚ ਦਾ ਤਿਆਗ ਨਾ ਕਰ ਸਕਿਆ। ਉਹ ਪੂਨਮ ਤੋਂ ਚੋਰੀ ਵਕੀਲ ਕੋਲ ਗਿਆ ਤੇ ਤਲਾਕ ਦੇ ਪੇਪਰ ਤਿਆਰ ਕਰਵਾ ਲਏ। ਜਦ ਪੇਪਰ ਤਿਆਰ ਹੋ ਗਏ ਤਾਂ ਉਸ ਨੇ ਕਿਹਾ,

—ਦੇਖ ਮੇਰੀ ਜਾਨ, ਆਪਣਾ ਕਰਜ਼ਾ ਹੁਣ ਏਨਾ ਹੋ ਚੁੱਕਿਆ ਕਿ ਦੋਨੋਂ ਘਰ



ਵੇਚ ਕੇ ਵੀ ਆਪਾਂ ਅਦਾ ਨਹੀਂ ਕਰ ਸਕਦੇ, ਜੇ ਆਪਾਂ ਉਹ ਘਰ ਬਚਾ ਲਈਏ ਤਾਂ ਬਹੁਤ ਵੱਡੀ ਗੱਲ ਹੋਏਗੀ, ਓਹ ਘਰ ਤੇਰੇ ਨਾਂ 'ਤੇ ਆ, ਜੇ ਆਪਾਂ ਪੇਪਰਾਂ ਵਿਚ ਤਲਾਕ ਲੈ ਲੈਈਏ ਤਾਂ ਉਹ ਘਰ ਬਚ ਸਕਦਾ ਨਹੀਂ ਤਾਂ ਬੈਂਕ ਵਾਲਿਆਂ ਦੋਨੋਂ ਹੀ ਕੁਰਕ ਲੈਣੇ ਆਂ।

ਪੂਨਮ ਸੋਚਾਂ ਵਿਚ ਪੈ ਗਈ। ਉਸ ਨੇ ਵੀ ਸਾਰਾ ਹਿਸਾਬ ਲਾ ਕੇ ਦੇਖਿਆ, ਵਾਕਿਆ ਹੀ ਉਹਨਾਂ ਦੇ ਦੋਨੋ ਘਰ ਹੀ ਖਤਰੇ ਵਿਚ ਸਨ। ਉਹ ਬੋਲੀ,

—ਦੀਪੇ, ਕੋਈ ਹੇਰਾ ਫੇਰੀ ਤਾਂ ਨਹੀਂ ਕਰ ਰਿਹਾ?

—ਤੇਰੀ ਸੌਂਹ, ਤੇਰੇ ਸਿਰ ਦੀ ਸੌਂਹ, ਤੇਰੇ ਤੋਂ ਪਿਆਰੀ ਚੀਜ਼ ਮੈਨੂੰ ਇਸ ਧਰਤੀ 'ਤੇ ਹੈ ਨਹੀਂ।

ਪੂਨਮ ਨੇ ਤਲਾਕ 'ਤੇ ਦਸਤਖਤ ਕਰ ਦਿਤੇ ਤੇ ਨਾਲ ਹੀ ਦੀਪੇ ਤੋਂ ਵਾਅਦਾ ਲੈ ਲਿਆ ਕਿ ਕਿਸੇ ਨੂੰ ਦੱਸੇਗਾ ਨਹੀਂ।

ਦੀਪੇ ਨੇ ਆਪਣੇ ਕਰੈਡਿਟ ਕਾਰਡਾਂ ਨੂੰ ਜਿੰਨਾ ਵੀ ਵਰਤ ਸਕਦਾ ਸੀ ਵਰਤ ਲਿਆ। ਕੁਝ ਹੋਰ ਕਰਜ਼ਾ ਵੀ ਚੁੱਕ ਲਿਆ ਤੇ ਪੂਨਮ ਨੂੰ ਲੈ ਕੇ ਇੰਡੀਆ ਚਲੇ ਗਿਆ।

ਇੰਡੀਆ ਜਾ ਕੇ ਉਸ ਨੇ ਜ਼ੁਬੈਦਾ ਨਾਲ ਸਲਾਹ ਕਰਦਿਆਂ ਕਿਹਾ,

—ਦੇਖ ਬੀਬੀ, ਪੂਨਮ ਮੇਰੇ ਲਈ ਤਾਂ ਬੱਚਿਆਂ ਵਰਗੀ ਆ, ਇਹ ਹੁਣ ਉਥੇ ਪੱਕੀ ਹੋ ਗਈ, ਇਹਦਾ ਹੁਣ ਵਿਆਹ ਕਰ ਦਿਓ, ਇਹਦੇ ਹਾਲੇ ਖਾਣ-ਪੀਣ-ਹੰਢਾਉਣ ਦੇ ਦਿਨ ਆਂ।

ਜ਼ੁਬੈਦਾ ਤਾਂ ਪਹਿਲਾਂ ਹੀ ਕਈ ਵਾਰ ਸੋਚਣ ਲਗਦੀ ਸੀ ਕਿ ਕਿਸੇ ਤਰ੍ਹਾਂ ਇਕਰਾ ਦਾ ਦੀਪੇ ਤੋਂ ਛੁਟਕਾਰਾ ਹੋ ਜਾਵੇ ਤੇ ਉਹ ਉਸ ਦਾ ਕਿਤੇ ਹੋਰ ਚੰਗੀ ਜਗਾਹ, ਹਾਣ ਦੇ ਮੁੰਡੇ ਨਾਲ ਵਿਆਹ ਕਰ ਦੇਵੇ। ਉਸ ਦੇ ਪਤੀ ਅਹਿਮਦ ਦਾ ਭਰਾ ਰਹਿਮਤ ਕਈ ਵਾਰ ਕਹਿ ਚੁੱਕਿਆ ਸੀ ਕਿ ਇਕਰਾ ਦਾ ਰਿਸ਼ਤਾ ਉਸ ਦੇ ਮੁੰਡੇ ਅਨਵਰ ਨਾਲ ਕਰ ਦਿਤਾ ਜਾਵੇ। ਦੀਪੇ ਨੇ ਗੱਲ ਕੀਤੀ ਤਾਂ ਜ਼ੁਬੈਦਾ ਅਗਲੇ ਦਿਨ ਹੀ ਸੀਤਾ ਪੁਰ ਚਲੇ ਗਈ। ਉਸ ਦੀ ਗੱਲ ਸੁਣ ਕੇ ਰਹਿਮਤ ਦਾ ਸਾਰਾ ਟੱਬਰ ਹੀ ਪੱਬਾਂ ਭਾਰ ਹੋ ਗਿਆ ਤੇ ਅਗਲੇ ਦਿਨ ਹੀ ਢਾਬ ਕਲਾਂ ਆ ਢੁੱਕਿਆ। ਉਹ ਇਸ ਰਿਸ਼ਤੇ ਨੂੰ ਪੱਕਾ ਹੋਇਆ ਸਮਝ ਮੱਠਿਆਈ ਵੀ ਲੈਂਦੇ ਆਏ। ਪੂਨਮ ਨੂੰ ਕਿਸੇ ਵੀ ਗੱਲ ਦਾ ਨਹੀਂ ਸੀ ਪਤਾ। ਦੀਪਾ ਜਾਣਦਾ ਸੀ ਕਿ ਪੂਨਮ ਨੂੰ ਪਤਾ ਲਗਦਿਆਂ ਹੀ ਇਕ ਵਾਰ ਤਾਂ ਉਹ ਨੇ ਸਾਰੇ ਅਸਮਾਨ ਨੂੰ ਸਿਰ 'ਤੇ ਚੁੱਕ ਲੈਣਾ ਸੀ। ਉਸ ਨੇ ਜ਼ੁਬੈਦਾ ਨੂੰ ਕਿਹਾ,

—ਬੀਬੀ, ਮੇਰੇ ਵੱਸ ਦਾ ਰੋਗ ਨਹੀਂ, ਏਸ ਭੁਚਾਲ ਨੂੰ ਹੁਣ ਤੂੰ ਹੀ ਸੰਭਾਲੀਂ।

—ਤੂੰ ਫਿਕਰ ਨਾ ਕਰ, ਮੈਂ ਆਪੇ ਦੇਖੂੰ ਏਹਨੂੰ, ਏਸ ਕਮਲ਼ੀ ਨੂੰ ਅਕਲ ਥੋੜੀ ਆ।

ਦੀਪਾ ਮੌਕਾ ਦੇਖ ਕੇ ਬਾਹਰ ਨਿਕਲ ਗਿਆ। ਉਸ ਨੇ ਸੋਚਿਆ ਕਿ ਬਿਹਤਰ ਇਹੀ ਰਹੇਗਾ ਕਿ ਜਦ ਤਕ ਪੂਨਮ ਠੰਡੀ ਨਹੀਂ ਹੋ ਜਾਂਦੀ ਉਹ ਨਵੇਂ ਪਿੰਡ ਸੋਹਣ ਸਿੰਘ ਕੋਲ ਚਲੇ ਜਾਵੇ। ਪੂਨਮ ਨੂੰ ਸਾਰੀ ਕਹਾਣੀ ਦਾ ਪਤਾ ਚੱਲਿਆ ਤਾਂ ਉਹ ਸੱਚ ਹੀ ਅੱਗ-ਬਬੂਲਾ ਹੋ ਉਠੀ। ਉਹ ਸਾਰਿਆਂ ਨੂੰ ਗਾਲ਼ਾਂ ਕੱਢਦੀ ਦੀਪੇ ਨੂੰ ਲੱਭਣ ਲੱਗੀ। ਉਸ ਨੂੰ ਪਤਾ ਚੱਲਿਆ ਕਿ ਦੀਪਾ ਬਸ ਅੱਡੇ ਵਲ ਨੂੰ ਜਾ ਰਿਹਾ ਸੀ। ਉਹ ਵੀ ਉਧਰ ਨੂੰ ਹੀ ਦੌੜ ਪਈ। ਉਸ ਨੂੰ ਦੀਪਾ ਦੂਰੋਂ ਹੀ ਬੱਸ ਦੀ ਉਡੀਕ ਕਰਦਾ ਦਿਸ ਪਿਆ। ਉਸ ਨੇ ਜਾ ਕੇ ਦੀਪੇ ਨੂੰ

ਗਲੋਂ ਫੜ ਲਿਆ ਤੇ ਮੁੱਕੇ ਮਾਰਨ ਲੱਗੀ। ਜਦ ਮੁੱਕੇ ਮਾਰਦੀ ਥੱਕ ਗਈ ਤਾਂ ਉਸ ਦੇ ਗਲ਼ ਲੱਗ ਕੇ ਰੋਣਾ ਸ਼ੁਰੂ ਕਰ ਦਿਤਾ। ਦੀਪੇ ਨੇ ਉਸ ਨੂੰ ਬਾਹਾਂ ਵਿਚ ਕੱਸ ਲਿਆ ਤੇ ਉਹ ਵੀ ਸਿਸਕਣ ਲਗਿਆ। ਉਹਨਾਂ ਨੂੰ ਕੁਝ ਨਹੀਂ ਸੀ ਪਤਾ ਕਿ ਉਹਨਾਂ ਦੇ ਆਲੇ-ਦੁਆਲੇ ਕੌਣ ਸੀ ਤੇ ਕੌਣ ਨਹੀਂ ਸੀ।

## ਦਸ

ਜਦ ਵੀ ਸ਼ਿੰਦਾ ਟਿੱਕੇ ਨੂੰ ਮਿਲਦਾ ਤਾਂ ਉਹ ਕਹਿਣ ਲਗਦਾ,

—ਮਾਂ ਦਿਆ ਟਿੱਕਿਆ, ਕੋਈ ਲੱਭ ਲੈ, ਮਰ ਜਾਏਂਗਾ 'ਕੱਲਾ ਰਹਿ ਕੇ, ਤੀਵੀਂ ਬਿਨਾਂ ਗੱਲ ਬਣਦੀ ਨਹੀਂ।

—ਕੀ ਕਰਾਉਣਾ ਤੀਵੀਂ ਤੋਂ! ਮੇਰੇ ਕੋਲ ਬੁੱਤਾ ਲਾਉਣ ਲਈ ਸ਼ਾਮੋ ਹੈਗੀ ਆ।

—ਬਿਗਾਨੀ ਤੀਵੀਂ 'ਤੇ ਕਾਹਦਾ ਮਾਣ?

—ਮਾਣ-ਮੂਣ ਕੌਣ ਕਰਦਾ, ਇਹ ਤਾਂ ਜ਼ਰਾ ਕੁ ਮਨ ਦੀ ਮੌਜ ਹੁੰਦੀ ਆ, ਹੁਣ ਤਾਂ ਮੇਰਾ ਵਿਆਹ ਜਿੱਦਾਂ ਕੰਪਿਊਟਰ ਨਾਲ ਹੋ ਗਿਆ ਹੋਵੇ।

ਕਹਿ ਕੇ ਟਿੱਕਾ ਹੱਸਣ ਲਗਦਾ। ਸ਼ਿੰਦਾ ਫਿਰ ਆਖਦਾ,

—ਤੀਵੀਂ ਤੀਵੀਂ ਹੁੰਦੀ ਆ, ਕੋਈ ਕੰਮ 'ਤੇ ਈ ਗੋਰੀ-ਕਾਲ਼ੀ ਲੱਭ ਲੈ, ਹੁਣ ਤਾਂ ਤੇਰਾ ਕੰਮ ਵੀ ਅੰਟੀਆਂ-ਸ਼ੰਟੀਆਂ ਤੋਂ ਦੂਰ 'ਆ।...ਕਹਿੰਦੇ ਇੰਟਰਨੈਟ ਤੇ ਵੀ ਬਹੁਤ ਮਿਲ ਜਾਂਦੀਆਂ।

ਪਹਿਲਾਂ ਜਦ ਸ਼ਿੰਦਾ ਉਸ ਨੂੰ ਕੰਮ ਤੋਂ ਕੋਈ ਔਰਤ ਲੱਭ ਲੈਣ ਦੀ ਗੱਲ ਕਰਦਾ ਤਾਂ ਟਿੱਕਾ ਕਿਹਾ ਕਰਦਾ ਸੀ ਕਿ ਨਾਲ ਕੰਮ ਕਰਦੀਆਂ ਬਹੁਤੀਆਂ ਔਰਤਾਂ ਅੰਟੀਆਂ ਜਿਹੀਆਂ ਈ ਹਨ। ਹੁਣ ਦਫਤਰ ਵਿਚ ਵੀ ਉਸ ਨੂੰ ਦੋਸਤੀ ਲਈ ਕੋਈ ਕੁੜੀ ਨਾ ਮਿਲ ਸਕੀ। ਉਸ ਦਾ ਦਿਲ ਜ਼ਰੂਰ ਕਰਦਾ ਕਿ ਉਸ ਦੀ ਕੋਈ ਸੁਹਣੀ ਜਿਹੀ ਕੁੜੀ ਗਰਲ-ਫਰੈਂਡ ਹੋਵੇ।

ਉਸ ਦਿਨ ਸ਼ਿੰਦਾ ਤੇ ਟਿੱਕਾ ਇਕੱਠੇ ਹੀ ਗੁਰਦਵਾਰੇ ਗਏ। ਐਤਵਾਰ ਨੂੰ ਉਹ ਅਕਸਰ ਗੁਰਦਵਾਰੇ ਚਲੇ ਜਾਇਆ ਕਰਦਾ ਸੀ। ਰੇਸ਼ਮ ਕੋਰਨਾਂ ਦੀ ਕੋਈ ਔਰਤ ਗੁਰਦਵਾਰੇ ਦੀ ਸਟੇਜ ਤੋਂ ਭਾਸ਼ਨ ਦੇ ਰਹੀ ਸੀ। ਉਸ ਦਾ ਭਾਸ਼ਨ ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਸ਼ੁਰੂ ਸੀ। ਉਹਨਾਂ ਨੇ ਇੰਨੀ ਕੁ ਗੱਲ ਹੀ ਸੁਣੀ ਕਿ ਉਹ ਔਰਤ ਖਾਲਿਸਤਾਨ ਦੀ ਲਹਿਰ ਦੀ ਪੀੜਤ ਸੀ। ਉਸ ਦੇ ਪਤੀ ਦਾ ਇਸ ਲਹਿਰ ਵਿਚ ਕਤਲ ਹੋ ਚੁੱਕਾ ਸੀ। ਪਿਓ ਤੇ ਭਰਾ ਨੂੰ ਪੁਲਿਸ ਵਾਲੇ ਤੰਗ ਕਰਦੇ ਰਹਿੰਦੇ ਸਨ। ਇਕ ਪਾਸੇ ਉਹਨਾਂ ਨੂੰ ਪੁਲਿਸ ਤੰਗ ਕਰ ਰਹੀ ਸੀ ਤੇ ਦੂਜੇ ਪਾਸੇ ਖਾੜਕੂਆਂ ਦੇ ਭੇਸ ਵਿਚ ਫਿਰਦੇ ਬਦਮਾਸ਼ ਖਰਾਬ ਕਰ ਰਹੇ ਸਨ। ਉਹਨਾਂ ਦਾ ਘਰ ਢਾਹ ਦਿਤਾ ਗਿਆ ਸੀ। ਹੋਰ ਜਾਇਦਾਦ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਸੀ। ਉਹ ਪਿਛਲੇ ਕੁਝ ਅਰਸੇ ਤੋਂ ਇੰਗਲੈਂਡ ਵਿਚ ਸੀ ਤੇ ਸੰਗਤ ਤੋਂ ਮੱਦਦ ਮੰਗ ਰਹੀ ਸੀ। ਸ਼ਿੰਦਾ ਟਿੱਕੇ ਦੇ ਕੰਨ ਵਿਚ ਕਹਿਣ ਲਗਿਆ,

—ਇਹਨੂੰ ਗੁਰਦਵਾਰੇ ਵਾਲਿਆਂ ਨੇ ਆਪਣੀ ਸਟੇਜ ਤੋਂ ਬੋਲਣ ਦੀ ਇਜਾਜਤ



ਕਿੱਦਾਂ ਦੇ ਦਿਤੀ,ਪੈਸੇ ਮੰਗਣ 'ਚ ਇਹਨਾਂ ਦਾ ਆਪਣਾ ਘਰ ਤਾਂ ਪੂਰਾ ਹੁੰਦਾ।

—ਕਮੇਟੀ ਨੇ ਜ਼ਰੂਰ ਹਿੱਸਾ-ਪੱਤੀ ਕੀਤੀ ਹੋਊ ਬਈ ਜੋ ਮਿਲਿਆ ਅੱਧੋ-ਅੱਧ।

—ਜੋ ਵੀ ਹੈ ਟਿੱਕਿਆ,ਰੰਨ ਬਹੁਤ ਸੁਹਣੀ ਆਂ, ਇਹਨੂੰ ਤਾਂ ਸ਼ਕਲ ਦੇਖ ਕੇ ਲੋਕਾਂ ਨੇ ਮੱਦਦ ਦੇ ਦੇਣੀ ਆਂ।

ਜਦ ਉਹ ਲੰਗਰ ਵਿਚ ਰੋਟੀ ਖਾ ਰਹੇ ਸਨ ਤਾਂ ਰੇਸ਼ਮ ਕੋਰ ਉਹਨਾਂ ਕੋਲ ਆ ਗਈ। ਸਟੇਜ 'ਤੇ ਖੜੀ ਨੇ ਹੀ ਉਸ ਨੇ ਉਹਨਾਂ ਨੂੰ ਆਪਣੇ ਵਲ ਦੇਖਦਿਆਂ ਤਾੜ ਲਿਆ ਸੀ। ਉਹ ਆਪਣੀਆਂ ਉਹੋ ਕਹੀਆਂ ਗੱਲਾਂ ਦੁਹਰਾਉਣ ਲੱਗੀ। ਸ਼ਿੰਦੇ ਨੇ ਕਿਹਾ,

—ਮੈਂ ਤਾਂ ਸੋਚਦਾਂ ਕਿ ਖਾਲਿਸਤਾਨ ਵਾਲੀ ਲਹਿਰ ਖਤਮ ਹੋ ਚੁੱਕੀ ਆ।

—ਨਹੀਂ, ਹਾਲੇ ਵੀ ਕੁਸ਼ ਨਾ ਕੁਸ਼ ਵਾਪਰੀ ਜਾ ਰਿਹਾ, ਸੁਸਾਇਟੀ ਦਾ ਬੈਡ ਅਨਸਰ ਹਾਲੇ ਵੀ ਤੁਰਿਆ ਫਿਰਦਾ।

ਰੇਸ਼ਮ ਕੋਰ ਨੇ ਬੜੇ ਦਾਅਵੇ ਨਾਲ ਕਿਹਾ। ਫਿਰ ਕਹਿਣ ਲੱਗੀ,

—ਜੇ ਕੋਈ ਵੀ ਮੱਦਦ ਕਰ ਸਕਦੇ ਹੋਵੋਂ ਤਾਂ ਕਮੇਟੀ ਕੋਲ ਜਮ੍ਹਾਂ ਕਰਾ ਦਿਓ।

ਸ਼ਿੰਦਾ ਸ਼ੁਗਲ ਦੇ ਮੂਡ ਵਿਚ ਆ ਗਿਆ ਤੇ ਪੁੱਛਣ ਲਗਿਆ,

—ਜੇ ਕਿਸੇ ਨੇ ਸਿੱਧੇ ਹੀ ਤੁਹਾਨੂੰ ਕੋਈ ਫੰਡ ਦੇਣਾ ਹੋਵੇ?

—ਇਹ ਤਾਂ ਬਹੁਤ ਚੰਗੀ ਗੱਲ ਹੋਵੇਗੀ ਜੀ, ਮੇਰਾ ਨੰਬਰ ਲੈ ਲਓ।

ਉਹ ਆਪਣਾ ਨੰਬਰ ਲਿਖਾਉਣ ਲੱਗੀ ਪਰ ਸ਼ਿੰਦੇ ਕੋਲ ਕੋਈ ਪੇਪਰ ਨਹੀਂ ਸੀ। ਉਹ ਬੋਲੀ,

—ਇਵੇਂ ਕਰੋ ਜੀ, ਤੁਸੀਂ ਮੈਨੂੰ ਆਪਣਾ ਨੰਬਰ ਦੱਸੋ ਮੈਂ ਕਾਲ ਮਾਰਾਂਗੀ ਤੇ ਆਪੇ ਮੇਰਾ ਨੰਬਰ ਤੁਹਾਡੇ ਕੋਲ ਆ ਜਾਵੇਗਾ, ਫਿਰ ਜਦ ਚਾਹੋ ਫੋਨ ਕਰ ਲੈਣਾ।

ਸ਼ਿੰਦੇ ਨੂੰ ਆਪਣਾ ਨੰਬਰ ਯਾਦ ਨਹੀਂ ਸੀ। ਰੇਸ਼ਮ ਕੋਰ ਨੇ ਸ਼ਿੰਦੇ ਦੇ ਫੋਨ ਵਿਚ ਆਪ ਆਪਣਾ ਨੰਬਰ ਭਰ ਦਿਤਾ ਤੇ ਕਿਹਾ ਕਿ ਫੋਨ ਜ਼ਰੂਰ ਕਰਨਾ। ਉਸ ਦੇ ਜਾਣ ਤੋਂ ਬਾਅਦ ਟਿੱਕਾ ਬੋਲਿਆ,

—ਭਲਾ ਏਹਦੀ ਕੀ ਜ਼ਰੂਰਤ ਸੀ?

—ਤੇਰੇ ਲਈ, ਤੈਨੂੰ ਏਦਾਂ ਦੀ ਮੁਲਾਇਮ ਰੰਨ ਦੀ ਲੋੜ ਐ।

ਇਕ ਦਿਨ ਟਿੱਕਾ ਘਰ ਨੇੜਲੇ ਦੇਸੀ ਸਟੋਰ ਤੋਂ ਸ਼ੌਪਿੰਗ ਕਰਨ ਗਿਆ। ਉਹ ਕੀ ਦੇਖਦਾ ਹੈ ਕਿ ਰੇਸ਼ਮ ਕੋਰ ਉਥੇ ਖੜੀ ਕੁਝ ਲੋਕਾਂ ਨੂੰ ਆਪਣੀ ਕਹਾਣੀ ਸੁਣਾ ਰਹੀ ਸੀ। ਉਸ ਨੂੰ ਦੇਖ ਕੇ ਟਿੱਕਾ ਦਾ ਦਿਲ ਧੜਕਣ ਲੱਗ ਪਿਆ। ਉਹ ਉਸ ਵਲ ਦੇਖਦਾ ਸੋਚਣ ਲਗਿਆ ਕਿ ਇੰਨੀ ਸੋਹਣੀ ਔਰਤ ਨਾਲ ਕਿਸੇ ਦੀ ਕੀ ਦੁਸ਼ਮਣੀ ਹੋ ਸਕਦੀ ਸੀ ਕਿ ਉਸ ਦਾ ਪਤੀ ਕਤਲ ਕਰ ਦਿਤਾ ਗਿਆ, ਉਸ ਦਾ ਘਰ ਢਾਹ ਦਿਤਾ। ਟਿੱਕਾ ਸ਼ੌਪਿੰਗ ਕਰਕੇ ਬਾਹਰ ਨਿਕਲਿਆ ਤਾਂ ਰੇਸ਼ਮ ਕੋਰ ਉਸ ਦੇ ਸਾਹਮਣੇ ਆ ਖੜੀ। ਉਸ ਨੇ ਮੁਸਕ੍ਰਾ ਕੇ 'ਹੈਲੋ' ਕਿਹਾ। ਟਿੱਕੇ ਨੇ ਵੀ ਖੁਸ਼ ਹੋ ਕੇ ਜਵਾਬ ਦਿਤਾ। ਉਹ ਪੁੱਛਣ ਲੱਗੀ,

—ਕਿਤੇ ਨਜ਼ਦੀਕ ਹੀ ਰਹਿੰਦੇ ਓ?

—ਹਾਂ, ਸੈਕਿੰਡ ਰਾਈਟ ਜਾ ਕੇ ਮੇਰੀ ਰੋਡ ਐ ਤੇ ਤੁਸੀਂ?

—ਮੈਂ ਓਹ ਦੂਜੀ ਖੱਬੇ ਵਾਲੀ ਰੋਡ 'ਤੇ ਇਕ ਰਿਸ਼ਤੇਦਾਰ ਦੇ ਘਰ ਠਹਿਰੀ ਹੋਈ ਆਂ।

—ਕਿੰਨੀ ਕੁ ਦੇਰ ਰਹੋਗੇ?

—ਮੈਂ ਥੋੜੀ ਦੇਰ ਹੈਗੀ ਹਾਲੇ ਇਥੇ, ਮੇਰਾ ਵਾਪਸ ਮੁੜਨਾ ਵੀ ਖਤਰੇ ਤੋਂ ਖਾਲੀ ਨਹੀਂ, ...ਮੈਂ ਕੋਈ ਕੰਮ ਵੀ ਲੱਭ ਰਹੀ ਆਂ।

—ਉਥੇ ਕੀ ਕਰਦੇ ਓ?

—ਮੈਂ ਸਕੂਲ ਟੀਚਰ ਆਂ, ਲੰਮੀ ਛੁੱਟੀ ਲੈ ਕੇ ਆਈ ਆਂ, ਤੁਸੀਂ ਕੀ ਕੰਮ ਕਰਦੇ ਓ?

—ਮੈਂ ਇਥੇ ਕਿਸੇ ਕੰਪਨੀ 'ਚ ਕੰਮ ਕਰਦਾਂ, ਸਾਕਈਲੌਰਡ ਗੋਰਮਿਟ ਵਿਚ।

—ਕੰਮ ਦੀ ਨਹੀਂ ਕੋਈ ਆਸ ਉਥੇ?

—ਵੱਡੀ ਕੰਪਨੀ ਆਂ, ਕਾਰਡ ਤੋਂ ਬਿਨਾਂ ਜੌਬ ਨਹੀਂ ਦਿੰਦੇ, ਤੁਹਾਨੂੰ ਤਾਂ ਕੋਈ ਟੈਂਪਰੇਰੀ ਜਿਹੀ ਚਾਹੀਦੀ ਆ, ਗੁਰਦਵਾਰੇ ਵਾਲਿਆਂ ਨੂੰ ਕਹਿਣਾ ਸੀ ਕਿ ਕੁਸ਼ ਕਰਨ।

—ਗੁਰਦਵਾਰੇ ਵਾਲੇ ਕੁਸ਼ ਨਹੀਂ ਕਰਦੇ, ਐਵੇਂ ਬਸ ਨੇਤਾਵਾਂ ਵਾਂਗ ਸਬਜ਼ਬਾਗ ਜਿਹੇ ਦਿਖਾਈ ਜਾਂਦੇ ਆ।

ਟਿੱਕਾ ਤੁਰਿਆ ਤਾਂ ਉਹ ਵੀ ਨਾਲ ਤੁਰ ਪਈ। ਟਿੱਕੇ ਨੇ ਕਈ ਦਿਨਾਂ ਬਾਅਦ ਸ਼ੌਪਿੰਗ ਕੀਤੀ ਹੋਣ ਕਰਕੇ ਕਈ ਬੈਗ ਸਨ। ਉਸ ਦਾ ਭਾਰ ਹੌਲਾ ਕਰਨ ਲਈ ਦੋ ਬੈਗ ਰੇਸ਼ਮ ਕੋਰ ਨੇ ਫੜ ਲਏ। ਟਿੱਕੇ ਨੂੰ ਇਹ ਚੰਗਾ ਵੀ ਲਗਿਆ। ਸੁਹਣੀ ਤੀਵੀਂ ਦੇ ਨਾਲ ਤੁਰਨਾ ਉਸ ਨੂੰ ਮਸਤੀ ਜਿਹੀ ਦੇ ਰਿਹਾ ਸੀ। ਟਿੱਕੇ ਨੇ ਕਿਹਾ,

—ਤੁਹਾਡਾ ਨਾਂ ਤਾਂ ਮੈਂ ਸਟੇਜ ਤੋਂ ਸੁਣ ਲਿਆ ਸੀ, ਮੈਨੂੰ ਸਾਰੇ ਟਿੱਕਾ ਕਹਿੰਦੇ ਆ ਓਦਾਂ ਮੇਰਾ ਨਾਂ ਪਰਮੀਤ ਸਿੰਘ ਐ।

—ਤੁਹਾਨੂੰ ਕਿਹੜਾ ਚੰਗਾ ਲਗਦਾ; ਟਿੱਕਾ ਕਿ ਪਰਮੀਤ ਸਿੰਘ?

—ਟਿੱਕਾ, ਇਹ ਮੇਰੀ ਮਾਂ ਦਾ ਦਿਤਾ ਹੋਇਆ ਨਾਂ ਐ।

—ਮਾਂ ਤੁਹਾਡੀ ਇਥੇ ਰਹਿੰਦੀ ਏ?

—ਨਹੀਂ ਇੰਡੀਆ,...ਅਜ ਠੰਡ ਦੇਖੋ ਕਿੰਨੀ ਆ ਜੇ ਚਾਹੋ, ਆਓ ਮੇਰੇ ਨਾਲ ਮੇਰੇ ਘਰ ਚਾਹ ਦਾ ਇਕ ਕੱਪ ਪੀ ਜਾਓ।

ਮੋੜ 'ਤੇ ਜਾ ਕੇ ਟਿੱਕੇ ਨੇ ਹੌਸਲਾ ਕਰਕੇ ਕਿਹਾ। ਰੇਸ਼ਮ ਕੋਰ ਨੇ ਆਪਣੀ ਘੜੀ ਦੇਖਦਿਆਂ ਕਿਹਾ,

—ਚਲੋ ਠੀਕ ਏ ਪਰ ਤੁਹਾਡੀ ਪਤਨੀ ਤਾਂ ਨਹੀਂ ਮਾਈਂਡ ਕਰੇਗੀ ਕਿ ਇਕ ਓਪਰੀ ਕੁੜੀ ਅਚਾਨਕ ਚਾਹ ਪੀਣ ਆ ਗਈ?

—ਨਹੀਂ ਉਹ ਮਾਈਂਡ ਨਹੀਂ ਕਰੇਗੀ।

—ਚੰਗੀ ਪਤਨੀ ਏ!

—ਚੰਗੀ ਤਾਂ ਹੋਵੇਗੀ ਜੇ ਹੋਵੇ ਤਾਂ, ਉਹ ਹੈ ਹੀ ਨਹੀਂ, ਮੈਂ ਇਕੱਲਾ ਰਹਿਨਾ।

—ਓਹ, ਆਏ ਸੀ!

ਉਹ ਟਿੱਕੇ ਦੇ ਨਾਲ ਤੁਰਦੀ ਉਸ ਦੇ ਘਰ ਮੂਹਰੇ ਆ ਗਈ। ਟਿੱਕੇ ਦਰਵਾਜ਼ਾ ਖੋਹਲ ਰਿਹਾ ਸੀ ਤਾਂ ਉਹ ਘਰ ਨੂੰ ਨਿਹਾਰ ਰਹੀ ਸੀ। ਅੰਦਰ ਗਈ ਤਾਂ ਅੰਦਰ ਬਹੁਤ ਨਿੱਘਾ ਸੀ। ਉਹ ਬੋਲੀ,

—ਇਹ ਤਾਂ ਗੱਲ ਹੋਈ ਨਾ, ਹੀਟਿੰਗ ਚਲਦੀ ਏ, ਬਹੁਤ ਖੂਬ, ਮੈਂ ਦੇਖਿਆ ਕਿ



ਬਹੁਤੇ ਲੋਕ ਤਾਂ ਉਸ ਵਕਤ ਹੀ ਹੀਟਿੰਗ ਔਨ ਕਰਦੇ ਨੇ ਜਦੋਂ ਠੰਡ ਜਾਨ ਕੱਢਣ ਦੇ ਨੇੜੇ ਹੋਵੇ।

ਟਿੱਕਾ ਕੁਝ ਕਹੇ ਬਿਨਾਂ ਰਸੋਈ ਵਿਚ ਚਲੇ ਗਿਆ। ਰੇਸ਼ਮ ਕੋਰ ਵੀ ਉਸ ਦੇ ਮਗਰ ਹੀ ਸੀ। ਰਸੋਈ ਦੀ ਸਫਾਈ ਦੇਖ ਕੇ ਬੋਲੀ,

—ਤੁਸੀਂ ਕਹਿੰਦੇ ਓ ਟਿੱਕਾ ਜੀ ਕਿ ਤੁਹਾਡੀ ਪਤਨੀ ਹੈ ਨਹੀਂ ਫਿਰ ਆਹ ਰਸੋਈ ਇੰਨੀ ਸਾਫ ਕਿਵੇਂ ਹੋਈ?

—ਇਹ ਜ਼ਰੂਰੀ ਤਾਂ ਨਹੀਂ ਕਿ ਔਰਤ ਈ ਘਰ ਦੀ ਸਫਾਈ ਕਰਦੀ ਆ, ਮਰਦ ਵੀ ਤਾਂ ਕਰ ਸਕਦਾ।

—ਹਾਂ, ਇਹ ਤਾਂ ਮੈਂ ਸੋਚਿਆ ਈ ਨਹੀਂ। ...ਮੇਰੇ ਹਸਬੈਂਡ ਜਿਉਂ ਨਹੀਂ ਸੀ ਕਰਦੇ।

ਟਿੱਕੇ ਨੇ ਚਾਹ ਕੁਕਰ 'ਤੇ ਰੱਖ ਦਿਤੀ ਤੇ ਸਮਾਨ ਨੂੰ ਥਾਓਂ ਥਾਈਂ ਟਿਕਾਉਣ ਲਗਿਆ। ਰੇਸ਼ਮ ਕੋਰ ਉਸ ਦੇ ਕੋਲ ਖੜੀ ਬੜੇ ਧਿਆਨ ਨਾਲ ਦੇਖਦੀ ਰਹੀ। ਟਿੱਕੇ ਨੇ ਸਵਾਲ ਕੀਤਾ,

—ਤੁਹਾਡੇ ਹਸਬੈਂਡ ਕੀ ਕਰਦੇ ਸੀ?

—ਉਹਨਾਂ ਦੀਆਂ ਟੈਕਸੀਆਂ ਸਨ, ਇਸ ਅੱਤਵਾਦ ਨੇ ਸਭ ਕੁਝ ਰੋੜ੍ਹ ਦਿਤਾ।

ਆਖਦਿਆਂ ਉਸ ਦਾ ਗਲਾ ਭਰ ਆਇਆ। ਟਿੱਕੇ ਨੂੰ ਉਸ ਦਾ ਸਾਥ ਚੰਗਾ ਲੱਗ ਰਿਹਾ ਸੀ। ਉਹ ਚਾਹ ਬਣਾ ਕੇ ਫਰੰਟ ਰੂਮ ਵਿਚ ਲੈ ਆਇਆ। ਕੰਪਿਊਟਰ ਵਲ ਦੇਖਦੀ ਰੇਸ਼ਮ ਕੋਰ ਇਕ ਦਮ ਚਹਿਕਦੀ ਪੁੱਛਣ ਲੱਗੀ,

—ਤੁਹਾਡੇ ਕੋਲ ਇੰਟਰਨੈਟ ਹੈ?

—ਹਾਂ, ਬਰੌਡਬੈਂਡ 'ਆ।

—ਮੈਂ ਆਪਣੀ ਈਮੇਲ ਚੈੱਕ ਕਰ ਸਕਦੀ ਆਂ?

—ਕਰ ਲਓ।

ਟਿੱਕੇ ਨੇ ਪਾਸਵਰਡ ਪਾ ਕੇ ਕੰਪਿਊਟਰ ਚਾਲੂ ਕਰ ਦਿਤਾ। ਰੇਸ਼ਮ ਕੋਰ ਚਾਹ ਦਾ ਕੱਪ ਫੜੀ ਕੰਪਿਊਟਰ 'ਤੇ ਇਵੇਂ ਬੈਠ ਗਈ ਜਿਵੇਂ ਇਸ ਦੀ ਬਹੁਤ ਮਾਹਰ ਹੋਵੇ। ਲੌਗ ਇਨ ਕਰਦੀ ਦੱਸ ਰਹੀ ਸੀ,

—ਜਿਥੇ ਮੈਂ ਰਹਿੰਨੀ ਆਂ ਉਹਨਾਂ ਦੇ ਬੱਚੇ ਹੱਥ ਈ ਨਹੀਂ ਲਾਉਣ ਦਿੰਦੇ।

—ਇਵੇਂ ਈ ਆ ਬੱਚਿਆਂ ਦੀਆਂ ਗੱਲਾਂ, ਅੱਜਕਲ ਉਹ ਇਹਦੇ ਬਿਨਾਂ ਇਕ ਮਿੰਟ ਵੀ ਨਹੀਂ ਰਹਿ ਸਕਦੇ।

—ਤੁਹਾਡੇ ਬੱਚੇ?

—ਮੇਰੇ ਕੋਈ ਬੱਚਾ ਨਹੀਂ, ਮੇਰੇ ਦੋ ਵਿਆਹ ਹੋਏ, ਦੋਨੋ ਬੱਚੇ ਤੋਂ ਪਹਿਲਾਂ ਹੀ ਟੁੱਟ ਗਏ। ਤੁਹਾਡੇ ਕੋਈ ਇਸ਼ੂ?

—ਜਦੋਂ ਇਹ ਸਭ ਹੋਇਆ ਤਾਂ ਮੈਂ ਪਰੈੱਗਨੈਂਟ ਸੀ, ਸਭ ਕੁਝ ਖਰਾਬ ਹੋ ਗਿਆ, ਇਕ ਗੱਲੋਂ ਤਾਂ ਚੰਗਾ ਹੋਇਆ, ਉਸ ਨੰਨੀ ਜਾਨ ਨੂੰ ਵੀ ਆਪਣੇ ਨਾਲ ਈ ਤੰਗ ਕਰਦੀ!

—ਹੁਣ ਅਗੋਂ ਕੀ ਪਰੋਗਰਾਮ ਆ?

—ਟਿੱਕਾ ਜੀ, ਮੈਂ ਤਾਂ ਹੁਣ ਕਿਸ਼ਤੀ ਹਵਾ ਦੇ ਹਵਾਲੇ ਕਰ ਦਿਤੀ ਐ।

—ਕਈ ਵਾਰੀ ਏਦਾਂ ਈ ਕਰਨਾ ਪੈਂਦਾ।

—ਟਿੱਕਾ ਜੀ, ਤੁਸੀਂ ਮੁੜ ਕੇ ਵਿਆਹ ਕਰਾਉਣ ਬਾਰੇ ਨਹੀਂ ਸੋਚਦੇ?

—ਨਹੀਂ। ਮੇਰੇ ਹੱਥ ਵਿਚ ਸ਼ਾਇਦ ਵਿਆਹ ਦੀ ਲਕੀਰ ਹੈ ਨਹੀਂ।

ਟਿੱਕੇ ਨੇ ਆਪਣੀ ਸੱਜੀ ਹਥੇਲੀ ਉਪਰ ਖੱਬਾ ਹੱਥ ਫੇਰਦਿਆਂ ਕਿਹਾ। ਰੇਸ਼ਮ ਕੋਰ ਬੋਲੀ,

—ਰੱਬ ਦੇ ਘਰ ਦਾ ਕੁਝ ਨਹੀਂ ਪਤਾ। ਪਤਾ ਨਹੀਂ ਕਿਸਦੀ ਕਿਸਮਤ ਕਿਹੜੇ ਤਰੀਕੇ ਨਾਲ ਝਗੜ ਰਹੀ ਏ।

—ਸ਼ਾਇਦ।

ਟਿੱਕਾ ਜਿਵੇਂ ਕੁਝ ਉਦਾਸ ਜਿਹਾ ਹੋ ਗਿਆ ਹੋਵੇ। ਰੇਸ਼ਮ ਕੋਰ ਨੇ ਆਪਣੀ ਈਮੇਲ ਚੈੱਕ ਕੀਤੀ ਤੇ ਬੋਲੀ,

—ਤੁਹਾਡਾ ਘਰ ਬਹੁਤ ਵੱਡਾ ਏ, ਇਕੱਲਿਆਂ ਦਾ ਦਿਲ ਕਿਵੇਂ ਲਗਦਾ?

—ਹੁਣ ਤਾਂ ਇਕੱਲੇ ਰਹਿਣ ਦੀ ਆਦਤ ਪੈ ਚੁੱਕੀ ਆ, ਫਿਰ ਆਹ ਕੰਪਿਊਟਰ ਐਸੀ ਚੀਜ਼ ਆ ਕਿ ਕਦੇ ਲੋਨਲੀਨੈੱਸ ਫੀਲ ਨਹੀਂ ਹੋਣ ਦਿੰਦਾ।

—ਕੋਈ ਕਿਰਾਏਦਾਰ ਰੱਖ ਲਓ।

—ਨਹੀਂ ਕਿਰਾਏਦਾਰ ਰੱਖਣਾ ਮੇਰੇ ਏਜੰਡੇ 'ਚ ਨਹੀਂ, ਮੈਂ ਇਕੱਲਾ ਰਹਿ ਕੇ ਖੁਸ਼ ਆਂ।

ਰੇਸ਼ਮ ਕੋਰ ਕਾਫੀ ਦੇਰ ਉਥੇ ਬੈਠੀ ਰਹੀ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ। ਫਿਰ ਉਠਦੀ ਹੋਈ ਰੇਸ਼ਮ ਕੋਰ ਬੋਲੀ,

—ਟਿੱਕਾ ਜੀ, ਮੇਰਾ ਫੋਨ ਨੰਬਰ ਤੇ ਈਮੇਲ ਐਡਰਸ ਲੈ ਲਵੋ, ਕਿਤੇ ਮੇਰੇ ਲਈ ਕੰਮ ਦਾ ਕੁਝ ਹੁੰਦਾ ਹੋਇਆ, ਜਾਂ ਵੈਸੇ ਵੀ ਕੰਟੈਕਟ ਰੱਖਿਓ, ਤੁਹਾਡੇ ਨਾਲ ਗੱਲਾਂ ਕਰਨੀਆਂ ਚੰਗੀਆਂ ਲਗੀਆਂ।

—ਮੈਨੂੰ ਵੀ। ਮੈਂ ਆਸ ਰਖਦਾਂ ਕਿ ਆਪਾਂ ਫਿਰ ਕਦੇ ਮਿਲੀਏ, ਮੇਰਾ ਵੀਕ ਐਂਡ ਵਿਹਲਾ ਹੁੰਦਾ।

—ਮੇਰਾ ਤਾਂ ਹਰ ਦਿਨ ਹੀ ਵਿਹਲਾ, ਮੈਨੂੰ ਤਾਂ ਟਿੱਕਾ ਜੀ ਇਥੇ ਕੋਈ ਜਾਣਦਾ ਈ ਨਹੀਂ ਕਿ ਜਿਹਦੇ ਕੋਲ ਜਾਵਾਂ ਜਾਂ ਗੱਲਾਂ ਕਰਾਂ, ਇਹ ਰਿਸ਼ਤੇਦਾਰ ਨੇ ਜ਼ਰਾ ਦੂਰ ਦੇ ਨੇ ਪਰ ਫਿਰ ਵੀ ਚੰਗੇ ਨੇ।

ਰੇਸ਼ਮ ਕੋਰ ਅਲਵਿਦਾ ਕਹਿ ਕੇ ਚਲੇ ਗਈ। ਟਿੱਕਾ ਸਵਾਦ-ਸਵਾਦ ਹੋਇਆ ਉਸ ਨੂੰ ਜਾਂਦੀ ਨੂੰ ਦੇਖਦਾ ਰਿਹਾ। ਹਾਲੇ ਕੁਝ ਦੂਰ ਹੀ ਗਈ ਹੋਵੇਗੀ ਕਿ ਉਹ ਉਸ ਨੂੰ ਟੈਕਸ ਮੈਸਜ਼ ਭੇਜ ਲਗਿਆ; ਨਿੱਘਾ ਸਾਥ ਦੇਣ ਲਈ ਧੰਨਵਾਦ। ਰੇਸ਼ਮ ਵਲੋਂ ਵੀ ਅਜਿਹੇ ਧੰਨਵਾਦ ਦਾ ਜਵਾਬ ਆ ਗਿਆ। ਉਸ ਨੇ ਰੇਸ਼ਮ ਨੂੰ ਈਮੇਲ ਵੀ ਕਰ ਦਿਤੀ। ਉਸ ਨੂੰ ਰੇਸ਼ਮ ਕੋਰ ਦਾ ਨਸ਼ਾ ਚੜ੍ਹਨ ਲਗਿਆ।



## ਗਿਆਰਾਂ

ਦੀਪੇ ਨੂੰ ਉਸ ਦੇ ਡਾਕਟਰ ਡੇਸਾਈ ਨੇ ਫੋਨ ਕਰਕੇ ਕਲਿਨਿਕ ਸੱਦ ਲਿਆ। ਉਸ ਨੇ ਨਾਲ ਹੀ ਪੂਨਮ ਨੂੰ ਲਿਆਉਣ ਲਈ ਵੀ ਕਹਿ ਦਿਤਾ। ਦੀਪਾ ਪੂਨਮ ਨੂੰ ਨਾਲ ਨਹੀਂ ਸੀ ਲੈ ਕੇ ਜਾਣਾ ਚਾਹੁੰਦਾ। ਉਹ ਨਹੀਂ ਸੀ ਚਾਹੁੰਦਾ ਕਿ ਪੂਨਮ ਨੂੰ ਉਸ ਦੀ ਸਥਿਤੀ ਦਾ ਪਤਾ ਚੱਲੇ। ਡਾਕਟਰ ਦੇ ਫੋਨ ਆਏ ਤੇ ਉਹ ਸੋਚਦਾ ਦੀ ਕਿ ਅੱਜ ਹਸਪਤਾਲ ਤੋਂ ਰਿਪੋਰਟ ਆ ਗਈ ਹੋਵੇਗੀ ਇਸ ਲਈ ਹੀ ਡਾਕਟਰ ਨੇ ਉਸ ਨੂੰ ਸੱਦਿਆ ਹੋਵੇਗਾ।

ਉਹ ਇਕੱਲਾ ਹੀ ਡਾਕਟਰ ਕੋਲ ਜਾ ਪੁੱਜਾ। ਡਾਕਟਰ ਨੇ ਗੁੱਸੇ ਵਿਚ ਆਉਂਦਿਆਂ ਕਿਹਾ,

—ਮਿਸਟਰ ਚਾਹਲ, ਤੁਮ ਨੇ ਮੇਰੀ ਏਕ ਨਹੀਂ ਸੁਨੀ, ਅਬ ਤੁਮ ਮੌਤ ਕੇ ਬਹੁਤ ਨਜ਼ਦੀਕ ਹੋ, ਅਗਰ ਅਬ ਵੀ ਛੋੜ ਦੋ ਤੋ ਕੁਸ਼ ਹੋ ਸਕੇਗਾ। ਪਲੀਜ਼, ਅਪਨੀ ਵਾਈਫ ਕੇ ਬਾਰੇ ਮੇ ਸੋਚੋ!

—ਪਰੌਮਿਜ਼ ਡਾਕਟਰ, ਹੁਣ ਨਹੀਂ ਪੀਂਦਾ।

—ਯਹ ਤੁਮਾਰਾ ਪਹਿਲਾ ਪਰੌਮਿਜ਼ ਨਹੀਂ।

—ਆਖਰੀ ਸਮਝੋ।

ਕਹਿ ਕੇ ਦੀਪਾ ਹੱਸਣ ਲਗਿਆ। ਡਾਕਟਰ ਨੇ ਕਿਹਾ,

—ਬਹੁਤ ਸੀਰੀਅਸ ਬਾਤ ਹੈ। ਯਹ ਲੋ ਦਵਾਈ ਔਰ ਸ਼ਰਾਬ ਏਕ ਦਮ ਬੰਦ, ਅਗਰ ਬਚ ਸਕਤੇ ਹੋ ਤੋ ਬਚ ਲੋ।

ਡਾਕਟਰ ਨੇ ਪਰਿਸਕ੍ਰਿਪਸ਼ਨ ਉਸ ਨੂੰ ਦਿੰਦਿਆਂ ਕਿਹਾ। ਦੀਪੇ ਨੇ ਪਰਿਸਕ੍ਰਿਪਸ਼ਨ ਡਾਕਟਰ ਤੋਂ ਫੜੀ ਤੇ ਨਾਲ ਦੇ ਕੈਮਿਸਟ ਤੋਂ ਹੀ ਦਵਾਈ ਲੈ ਲਈ। ਉਸ ਨੂੰ ਵੀ ਲੱਗ ਰਿਹਾ ਸੀ ਕਿ ਅੰਤ ਹੁਣ ਨੇੜੇ ਹੈ। ਕਿੰਨੇ ਸਾਲ ਤਾਂ ਹੋ ਗਏ ਸਨ ਡਾਕਟਰਾਂ ਨੂੰ ਰੌਲ਼ਾ ਪਾਉਂਦਿਆਂ ਕਿ ਸ਼ਰਾਬ ਛੱਡ, ਸ਼ਰਾਬ ਛੱਡ ਪਰ ਉਸ ਦੇ ਤਾਂ ਜਿਵੇਂ ਕੰਨ ਹੀ ਬੰਦ ਹੋ ਗਏ ਹੋਣ। ਉਪਰੋਂ ਦੀ ਆਹ ਵਿਆਹ ਦਾ ਪੰਗਾ। ਇਕੱਲਾ ਹੁੰਦਾ ਤਾਂ ਕੱਲ ਨੂੰ ਮਰਨਾ ਅੱਜ ਮਰਦਾ। ਉਸ ਨੇ ਜ਼ਿੰਦਗੀ ਵਿਚ ਜਿੰਨਾ ਕੁ ਖੋਹਣ ਖੋਹਣਾ ਸੀ ਖੋਹ ਚੁੱਕਾ ਸੀ ਪਰ ਹੁਣ ਪੂਨਮ ਵੀ ਉਸ ਦੇ ਨਾਲ ਸੀ। ਉਸ ਨੂੰ ਇਕੱਲੀ ਨੂੰ ਛੱਡ ਕੇ ਕਿਵੇਂ ਜਾ ਸਕਦਾ ਸੀ। ਪੂਨਮ ਵੀ ਅਜਿਹੀ ਜਿੱਦਣ ਸੀ ਕਿ ਉਸ ਦਾ ਪਿੱਛਾ ਨਹੀਂ ਸੀ ਛੱਡ ਰਹੀ। ਇੰਨਾ ਕਿਹਾ ਕਿ ਉਸ ਦੇ ਜੀਂਦੇ ਜੀ ਆਪਣਾ ਕੋਈ ਇੰਤਜ਼ਾਮ ਕਰ ਲਵੇ ਪਰ ਉਸ ਨੇ ਤਾਂ ਬਸ ਇਕ ਨੰਨਾ ਹੀ ਫੜਿਆ ਹੋਇਆ ਸੀ ਅਖੇ ਜਿੰਨਾ ਚਿਰ ਤੂੰ ਹੈਗਾਂ ਤੇਰੇ ਨਾਲ ਈ ਰਹਿਣਾ।

ਜਦੋਂ ਜ਼ੁਬੈਦਾ ਨੇ ਪੂਨਮ ਦੇ ਵਿਆਹ ਲਈ ਰਿਸ਼ਤੇਦਾਰੀ ਵਿਚ ਮੁੰਡਾ ਦੇਖ ਲਿਆ ਤਾਂ ਇਸ ਦੇ ਬਦਲੇ ਵਿਚ ਜਿਹੜਾ ਗੁੱਸਾ ਪੂਨਮ ਨੂੰ ਚੜ੍ਹਿਆ ਉਹ ਵੀ ਦੇਖਣ ਵਾਲਾ ਹੀ ਸੀ। ਪਹਿਲਾਂ ਦੀਪੇ ਨਾਲ ਝਗੜਾ ਕੀਤਾ ਫਿਰ ਘਰਦਿਆਂ ਨਾਲ ਤੇ ਉਹ ਅਗਲੇ ਦਿਨ ਹੀ ਦੀਪੇ ਨੂੰ ਲੈ ਕੇ ਜਹਾਜੇ ਚੜ੍ਹ ਆਈ ਸੀ। ਜ਼ੁਬੈਦਾ ਉਸ ਨੂੰ ਸਲਾਹੁਤਾਂ ਦਿੰਦੀ ਰਹਿ ਗਈ ਸੀ। ਉਸ ਨੇ ਦੀਪੇ ਨੂੰ ਸਿੱਧਾ ਕਹਿ ਦਿਤਾ ਸੀ ਕਿ ਜਿੰਨਾ ਚਿਰ ਉਹ ਜੀਏਗਾ ਉਹ ਉਸ ਨੂੰ ਛੱਡ ਕੇ ਨਹੀਂ ਜਾਵੇਗੀ। ਦੀਪੇ ਨੂੰ ਇਹ ਗੱਲ ਚੰਗੀ ਵੀ ਲੱਗ ਰਹੀ ਸੀ ਪਰ ਪੂਨਮ 'ਤੇ ਗੁੱਸਾ ਵੀ ਆ ਰਿਹਾ ਸੀ ਕਿ ਉਹ ਉਸ ਦੀ ਗੱਲ ਨੂੰ ਸਮਝਦੀ ਕਿਉਂ ਨਹੀਂ। ਕੀ

ਰੱਖਿਆ ਸੀ ਹੁਣ ਉਸ ਵਿਚ। ਉਹ ਤਾਂ ਨਦੀ ਕਿਨਾਰੇ ਰੁੱਖੜਾ ਸੀ। ਜਿਗਰ ਦੀ ਇਹ ਬਿਮਾਰੀ ਹੁਣ ਉਸ ਨੂੰ ਨਹੀਂ ਛੱਡੇਗੀ ਨਹੀਂ।

ਪੂਨਮ ਆਪਣੀਆਂ ਸਹੇਲੀਆਂ ਨਾਲ ਸਾਰੀ ਗਲਬਾਤ ਕਰ ਲਿਆ ਕਰਦੀ ਸੀ। ਇੰਡੀਆ ਗਿਆਂ ਜੋ ਕੁਝ ਵਾਪਰਿਆ ਉਸ ਨੇ ਸਭ ਨਾਲ ਸਾਂਝਾ ਕਰ ਲਿਆ ਸੀ। ਮਿਸਜ਼ ਭੰਗੂ ਨੇ ਕਿਹਾ,

—ਮੇਰੇ ਹਿਸਾਬ ਨਾਲ ਤਾਂ ਦੀਪਾ ਜੋ ਕੁਸ਼ ਕਰ ਰਿਹਾ ਸੀ ਠੀਕ ਕਰ ਰਿਹਾ ਸੀ, ਤੈਨੂੰ ਹੋਰ ਵਿਆਹ ਕਰ ਲੈਣਾ ਚਾਹੀਦਾ।

ਉਸ ਦੀ ਗੱਲ ਦੀ ਤਈਦ ਕਰਦੀ ਮਨਜੀਤ ਨੇ ਕਿਹਾ,

—ਮੈਂ ਵੀ ਏਦਾਂ ਈ ਸੋਚਦੀ ਆਂ, ਪੂਨਮ ਨੇ ਗਲਤੀ ਕਰ ਲਈ, ਰਬ ਨਾ ਕਰੇ ਜੇ ਦੀਪੇ ਭਾਜੀ ਨੂੰ ਕੁਸ਼ ਹੋ ਗਿਆ ਤਾਂ ਫੇਰ ਕੀ ਹੋਵੇਗਾ।

ਪੂਨਮ ਉਹਨਾਂ ਦੀ ਸਲਾਹ ਤੋਂ ਨਾਬਰ ਹੁੰਦੀ ਆਖਣ ਲੱਗੀ,

—ਮੈਂ ਦੀਪੇ ਦੀ ਥਾਂ ਖੜ ਕੇ ਸੋਚਦੀ ਆਂ ਕਿ ਮੈਂ ਨਹੀਂ ਚਾਵਾਂਗੀ ਕਿ ਮੇਰਾ ਪਤੀ ਮੇਰੇ ਸਾਹਮਣੇ ਹੋਰ ਵਿਆਹ ਕਰਾਵੇ ਭਾਵੇਂ ਮੈਂ ਡੈੱਥ-ਬੈੱਡ ਤੇ ਈ ਕਿਉਂ ਨਾ ਪਈ ਹੋਵਾਂ। ਜੇ ਦੀਪਾ ਆਪਣੀ ਛਾਤੀ 'ਤੇ ਪੱਥਰ ਰੱਖ ਕੇ ਮੇਰੀ ਬੇਹਤਰੀ ਲਈ ਸੋਚਦਾ ਤਾਂ ਮੇਰਾ ਫਰਜ਼ ਆ ਕਿ ਇਹ ਪੱਥਰ ਉਹਦੀ ਛਾਤੀ ਤੋਂ ਚੁੱਕ ਦੇਵਾਂ।

—ਪਰ ਪੂਨਮ, ਤੂੰ ਇਹ ਸੋਚ ਕਿ ਰੱਬ ਨਾ ਕਰੇ ਦੀਪੇ ਨੂੰ ...।

—ਓਦਾਂ ਤਾਂ ਜਵਾਨ ਲੋਕ ਮਰੀ ਜਾਂਦੇ ਆ, ਦੀਪੇ ਥਾਵੇਂ ਕੋਈ ਹੋਰ ਜਵਾਨ ਹਸਬੈਂਡ ਹੁੰਦਾ ਤਾਂ ਕੀ ਮੈਂ ਹੋਰ ਵਿਆਹ ਬਾਰੇ ਸੋਚ ਸਕਦੀ ਸੀ!...ਨਹੀਂ, ਕਦੇ ਵੀ ਨਹੀਂ। ਫੇਰ ਏਸ ਬੰਦੇ ਨੇ ਮੇਰੀ ਖਾਤਰ ਏਨੀ ਕੁਰਬਾਨੀ ਦਿਤੀ ਆ, ਮੈਂ ਇਹਦਾ ਬਦਲਾ ਇਹਦੇ ਸਾਹਮਣੇ ਵਿਆਹ ਕਰਾ ਕੇ ਨਹੀਂ ਦੇਣਾ ਚਾਹੁੰਦੀ।

ਉਸ ਦੀਆਂ ਦਲੀਲਾਂ ਉਸ ਦੀਆਂ ਸਹੇਲੀਆਂ ਦੇ ਮਨਾਂ ਵਿਚ ਉਸ ਦਾ ਸਤਿਕਾਰ ਹੋਰ ਵੀ ਵਧਾ ਜਾਂਦੀਆਂ। ਪੂਨਮ ਦੀ ਆਪਣੀਆਂ ਸਹੇਲੀਆਂ ਵਿਚ ਇਕ ਵਿਸ਼ੇਸ਼ ਥਾਂ ਸੀ। ਉਹ ਹਰ ਇਕ ਦੇ ਕੰਮ ਆਉਂਦੀ। ਵਾਅਦੇ ਦੀ ਉਹ ਪੱਕੀ ਸੀ। ਬੇਸ਼ੱਕ ਸੁਭਾਅ ਦੀ ਕੁਝ ਲੜਾਕੀ ਸੀ ਪਰ ਜਿਹਦੇ ਨਾਲ ਉਹ ਖੜ ਜਾਂਦੀ, ਬੱਸ, ਖੜ ਜਾਂਦੀ। ਅਗਲੇ ਦੇ ਗਲਤ ਕੰਮ ਵਿਚ ਸਾਥ ਦੇਣ ਲਗਦੀ।

ਦੀਪੇ ਤੋਂ ਕਰਜ਼ੇ ਦੀ ਕਿਸ਼ਤ ਮੋੜੀ ਨਾ ਗਈ। ਬੈਂਕ ਵਾਲਿਆਂ ਦੀਆਂ ਚਿੱਠੀਆਂ ਵਿਚਲੀਆਂ ਧਮਕੀਆਂ ਹੋਰ ਵੀ ਵੱਡੀਆਂ ਹੋ ਗਈਆਂ। ਉਸ ਨੇ ਪੂਨਮ ਨੂੰ ਆਖਿਆ,

—ਮੇਰੀ ਜਾਨ, ਹੁਣ ਟਾਈਮ ਆ ਗਿਆ ਕਿ ਆਪਾਂ ਦੂਜੇ ਘਰ ਚਲੇ ਜਾਈਏ, ਇਹ ਘਰ ਤਾਂ ਬੈਂਕ ਵਾਲਿਆਂ ਜਾਂ ਹੋਰ ਕਰਜ਼ਦਾਰਾਂ ਨੇ ਲੈ ਜਾਣਾ।

ਪੂਨਮ ਨੂੰ ਪਤਾ ਸੀ ਕਿ ਕਰੈਡਿਟ ਕਾਰਡਾਂ ਦੇ ਹੀ ਪੈਸੇ ਦੁਗਣੇ ਹੋ ਗਏ ਸਨ, ਬੈਂਕ ਦਾ ਕਰਜ਼ਾ ਅਲੱਗ। ਘਰ ਦੀ ਕੀਮਤ ਤੋਂ ਵੱਧ ਕਰਜ਼ਾ। ਉਹਨਾਂ ਨੇ ਪੂਨਮ ਵਾਲਾ ਕਿਰਾਏ 'ਤੇ ਦਿਤਾ ਘਰ ਖਾਲੀ ਕਰਾ ਲਿਆ ਤੇ ਉਸ ਦੀ ਸਫਾਈ ਕਰਨ ਲੱਗੇ। ਦੀਪਾ ਇਕ ਦਿਨ ਬੋਲਿਆ,

—ਕਿਉਂ ਨਾ ਆਪਾਂ ਟਿੱਕੇ ਨੂੰ ਸੱਦ ਲਈਏ ਉਹ ਆਪਣਾ ਸਮਾਨ ਈ ਮੂਵ ਕਰ ਦੇਊ।



—ਖਬਰਦਾਰ ਜੇ ਉਹਨੂੰ ਸੱਦਿਆ!

—ਤੈਨੂੰ ਕੀ ਬਿਮਾਰੀ ਪੈ ਗਈ!

—ਮੈਨੂੰ ਪਤਾ ਤੇਰੇ ਦਿਲ ਵਿਚ ਕੀ ਆ।

—ਤੂੰ ਕਮਲ਼ੀ ਹੋਈ ਫਿਰਦੀ ਐਂ, ਪਤਾ ਨਹੀਂ ਕੀ ਕੀ ਸੋਚੀ ਫਿਰਦੀ ਐਂ।

—ਮੈਨੂੰ ਤੇਰਾ ਪਤਾ ਕਿ ਤੂੰ ਕੀ ਸੋਚਦਾਂ। ਤੂੰ ਐਵੇਂ ਮੌਤ ਤੋਂ ਪਹਿਲਾਂ ਈ ਆਪਣੇ ਆਪ ਨੂੰ ਮਾਰੀ ਬੈਠਾਂ! ਘੋੜੇ ਵਰਗਾ ਪਿਆਂ, ਜਿੱਦਣ ਦੀ ਸ਼ਰਾਬ ਛੱਡੀ ਆ ਚਿਹਰਾ ਵੀ ਟਹਿਕਣ ਲੱਗ ਪਿਆ।

—ਤੂੰ ਵੀ ਨਿਰਾਲੀ ਕੁੜੀ ਐਂ ਪੂਨਮ ਕੌਰੇ। ਲੋਕ ਤਾਂ ਹਰ ਵੇਲੇ ਕੋਈ ਨਾ ਕੋਈ ਬਦਲ ਹੱਥ 'ਚ ਰੱਖਦੇ ਆ, ...ਪਲਾਨ ਬੀ,...ਕਿ ਆਹ ਨਹੀਂ ਤਾਂ ਆਹ ਸਹੀ। ਹਰ ਕੋਈ ਜੇਬ੍ਹ ਵਿਚ ਇਕ ਵਾਧੂ ਐਨਕ ਰੱਖਦਾ ਕਿ ਇਕ ਟੁੱਟ ਜਾਵੇ ਤਾਂ ਝੱਟ ਦੂਜੀ ਲਾ ਲਵੇ ਪਰ ਤੂੰ ਪਤਾ ਨਹੀਂ ਕਿੱਦਾਂ ਦੀ ਕੁੜੀ ਐਂ!...ਮੈਨੂੰ ਪਤਾ ਕਿ ਮੇਰੇ ਤੋਂ ਬਾਅਦ ਜੇ ਤੇਰਾ ਕੋਈ ਖੈਰ-ਖੁਆਹ ਹੈਗਾ ਤਾਂ ਉਹ ਟਿੱਕਾ ਐ। ਇਕ ਉਹੀ ਤੇਰੀ ਲੁਕ-ਆਫਟਰ ਕਰ ਸਕਦਾ, ਬਾਕੀ ਸਾਰੇ ਤੈਨੂੰ ਨੋਚ ਲੈਣਗੇ। ਜਿੰਨੀ ਤੂੰ ਚੰਗੀ ਐਂ ਓਨਾ ਈ ਜ਼ਿਆਦਾ ਫਾਇਦਾ ਉਠਾਉਣਗੇ।

—ਮੈਨੂੰ ਵੀ ਪਤਾ ਟਿੱਕੇ ਦਾ ਪਰ ਤੂੰ ਮੈਨੂੰ ਏਨੀ ਵੀ ਨਾਜ਼ਕ ਨਾ ਸਮਝ, ਮੈਂ ਤਾਂ ਅਗਲੇ ਨੂੰ ਵੇਚ ਕੇ ਖਾ ਜਾਊਂ!

—ਮੈਨੂੰ ਪਤਾ ਤੇਰਾ ਵੱਡੀ ਚਲਾਕ ਦਾ, ਜਿਹੜਾ ਵੀ ਕੋਈ ਮੂੰਹ ਦਾ ਮਿੱਠਾ ਹੋ ਕੇ ਬੋਲਿਆ, ਉਸੇ ਦੀ ਹੋ ਜਾਨੀ ਆਂ।

ਕਿੰਨਾ ਕੁਝ ਸੋਚਦਿਆਂ ਉਸ ਨੇ ਟਿੱਕੇ ਨੂੰ ਫੋਨ ਕਰਕੇ ਉਸ ਦੀ ਰਾਜ਼ੀ ਖੁਸ਼ੀ ਪੁੱਛੀ ਪਰ ਹੋਰ ਬਹੁਤੀ ਗੱਲ ਨਾ ਕੀਤੀ। ਇੰਨਾ ਦੱਸ ਦਿਤਾ ਕਿ ਉਹ ਛੇਤੀ ਹੀ ਘਰ ਬਦਲ ਰਹੇ ਹਨ। ਨਵੇਂ ਘਰ ਦਾ ਪਤਾ ਵੀ ਲਿਖਵਾ ਦਿਤਾ।

ਇਕ ਦਿਨ ਤਰਸੇਮ ਦੀਪੇ ਨੂੰ ਮਿਲਣ ਆਇਆ। ਦੀਪੇ ਨੇ ਬੋਤਲ ਲਿਆਂਦੀ। ਪੂਨਮ ਖੜੀ ਦੇਖਦੀ ਜਾ ਰਹੀ ਸੀ। ਉਸ ਦਾ ਦਿਲ ਕਰਦਾ ਸੀ ਕਿ ਤਰਸੇਮ ਨੂੰ ਉਸ ਦੇ ਬੋਦਿਆਂ ਤੋਂ ਫੜ ਕੇ ਬਾਹਰ ਸੁੱਟ ਦੇਵੇ। ਉਹ ਬੋਲੀ,

—ਦੀਪੇ, ਤੂੰ ਹਰਗਿਜ਼ ਸ਼ਰਾਬ ਨਹੀਂ ਪੀ ਸਕਦਾ, ਭਾਜੀ ਨੇ ਪੀਣੀ ਤਾਂ ਪੀ ਲਵੇ।

ਉਸ ਨੇ ਅੱਗੇ ਹੋ ਕੇ ਦੀਪੇ ਵਾਲਾ ਗਲਾਸ ਚੁੱਕ ਲਿਆ। ਤਰਸੇਮ ਨੇ ਕਿਹਾ,

—ਭਰਜਾਈ, ਜੇ ਦੀਪੇ ਨੇ ਨਹੀਂ ਪੀਣੀ ਤਾਂ ਮੈਂ ਵੀ ਨਹੀਂ ਪੀਣੀ।

—ਭਾਜੀ, ਤੁਹਾਨੂੰ ਕਿਹੜੇ ਹਕੀਮ ਨੇ ਕਿਹਾ ਕਿ ਪੀਓ? ਤੁਹਾਡੇ ਵਰਗੇ ਦੋਸਤ ਹੋਣ ਤਾਂ ਦੁਸ਼ਮਣਾਂ ਦੀ ਕੀ ਲੋੜ। ਤੁਹਾਨੂੰ ਪਤਾ ਏਹਦੀ ਸਿਹਤ ਦਾ ਤੇ ਫੇਰ ਵੀ...।

ਤਰਸੇਮ ਨੇ ਕੋਈ ਸ਼ਰਮ ਮਹਿਸੂਸ ਨਾ ਕੀਤੀ ਤੇ ਆਪਣਾ ਪੈੱਗ ਪਾ ਕੇ ਪੀਣ ਲਗਿਆ। ਜ਼ਰਾ ਕੁ ਸਰੂਰ ਵਿਚ ਆ ਕੇ ਬੋਲਿਆ,

—ਭਰਜਾਈ, ਕਦੇ ਵੀ ਮੇਰੀ ਲੋੜ ਹੋਵੇ ਤਾਂ ਮੈਨੂੰ ਦੱਸੀਂ।

—ਭਾਜੀ, ਹਾਲੇ ਤਾਂ ਤੁਹਾਡੀ ਅਵਤਾਰ ਕੌਰ ਨੂੰ ਤੁਹਾਡੀ ਲੋੜ ਆ, ਜਾਓ ਉਹਨੂੰ ਸੰਭਾਲੋ।

ਪੂਨਮ ਦੇ ਕਹਿਣ ਤੇ ਤਰਸੇਮ ਕੁਝ ਨਾ ਬੋਲਿਆ। ਉਸ ਨੇ ਇਕ ਪੈੱਗ ਹੋਰ ਪੀਤਾ ਤੇ ਚਲੇ ਗਿਆ। ਜਾਂਦੇ ਹੋਏ ਬਹੁਤ ਹੀ ਕਹਿਰ ਭਰੀਆਂ ਨਜ਼ਰਾਂ ਨਾਲ ਪੂਨਮ ਵਲ ਦੇਖਿਆ। ਦੀਪੇ ਦੇ ਦੋਸਤਾਂ ਵਿਚੋਂ ਤਰਸੇਮ ਹੀ ਜੋ ਪੂਨਮ 'ਤੇ ਮੈਲ਼ੀ ਅੱਖ ਰੱਖਦਾ ਸੀ ਨਹੀਂ ਤਾਂ ਬਾਕੀ ਸਾਰੇ ਚੰਗੇ ਸਨ। ਹੁਣ ਤਕ ਉਹ ਸਮਝ ਗਿਆ ਸੀ ਕਿ ਪੂਨਮ ਉਸ ਦੇ ਹੱਥ ਨਹੀਂ ਆਉਣ ਵਾਲੀ ਪਰ ਉਸ ਤੋਂ ਕੋਸ਼ਿਸ਼ ਕਰਨ ਤੋਂ ਨਹੀਂ ਸੀ ਹਟ ਹੁੰਦਾ।

## ਬਾਰਾਂ

ਰੇਸ਼ਮ ਕੋਰ ਟਿੱਕੇ ਦੇ ਨੇੜੇ ਨੇੜੇ ਆਉਣ ਲੱਗੀ। ਉਹ ਹਰ ਸ਼ਾਮ ਫੋਨ ਕਰ ਲੈਂਦੀ। ਈਮੇਲ ਵੀ ਜਦ ਵਕਤ ਲੱਗਦਾ ਕਰਦੀ। ਜਲਦੀ ਹੀ ਈਮੇਲਾਂ ਦਾ ਰੁਖ਼ ਰੁਮਾਂਟਿਕ ਹੋ ਗਿਆ। ਇਕ ਸ਼ਨਿਚਰਵਾਰ ਸਵੇਰੇ ਹੀ ਉਸ ਦੇ ਘਰ ਆ ਗਈ ਤੇ ਸਾਰਾ ਦਿਨ ਉਸ ਦੇ ਨਾਲ ਹੀ ਰਹੀ। ਟਿੱਕਾ ਉਸ ਨੂੰ ਘਰ ਦਿਖਾਉਣ ਦੇ ਬਹਾਨੇ ਬੈੱਡਰੂਮ ਵਿਚ ਲੈ ਗਿਆ। ਉਸ ਨੇ ਬਹੁਤਾ ਇਤਰਾਜ਼ ਨਾ ਕੀਤਾ। ਵਾਪਸ ਜਾਣ ਤੋਂ ਪਹਿਲਾਂ ਉਹ ਕਹਿਣ ਲੱਗੀ,

—ਟਿੱਕਾ ਜੀ, ਹੁਣ ਮੇਰੇ ਨਾਲ ਵਿਆਹ ਕਰ ਲਓ।

—ਰੇਸ਼ਮ ਜੀ, ਵਿਆਹ ਮੈਂ ਨਹੀਂ ਕਰਾਉਣਾ।

—ਮੈਂ ਤੁਹਾਨੂੰ ਏਨੀ ਖੁਲ੍ਹ ਤਾਂ ਵਿਆਹ ਕਰਕੇ ਹੀ ਦਿਤੀ ਏ।

—ਨਹੀਂ, ਵਿਆਹ ਦਾ ਇਸ ਵਿਚ ਕੋਈ ਕਰਾਰ ਨਹੀਂ, ਇਹ ਤਾਂ ਆਪਣੇ ਦੋਨਾਂ ਦੀ ਸੁਵਿਧਾ ਸੀ।

—ਨਹੀਂ ਟਿੱਕਾ ਜੀ, ਤੁਸੀਂ ਏਕਣ ਨਹੀਂ ਕਰ ਸਕਦੇ, ਹੁਣ ਤੁਹਾਨੂੰ ਵਿਆਹ ਕਰਾਉਣਾ ਪਵੇਗਾ।

—ਰੇਸ਼ਮ ਜੀ, ਇਹ ਕਦੇ ਨਹੀਂ ਹੋ ਸਕਣਾ। ਵਿਆਹ ਬਾਰੇ ਮੈਂ ਕਦੇ ਨਹੀਂ ਸੋਚ ਸਕਦਾ।

ਟਿੱਕੇ ਨੇ ਫੈਸਲਾ ਸੁਣਾਉਣ ਵਾਂਗ ਕਿਹਾ। ਪਹਿਲਾਂ ਰੇਸ਼ਮ ਦਾ ਲਹਿਜ਼ਾ ਕੁਝ ਸਖਤ ਸੀ ਪਰ ਜਦ ਟਿੱਕਾ ਸਖਤ ਹੋਇਆ ਤਾਂ ਉਹ ਨਰਮ ਪੈ ਗਈ। ਬਾਹਰ ਨਿਕਲਦੀ ਬੋਲੀ,

—ਫੇਰ ਵੀ ਸੋਚ ਕੇ ਦੇਖਿਓ, ਮੈਂ ਬਹੁਤ ਵਧੀਆ ਪਤਨੀ ਸਿੱਧ ਹੋਵਾਂਗੀ।

—ਸੋਚਾਂਗਾ।

ਕਹਿੰਦਿਆਂ ਟਿੱਕੇ ਨੇ ਉਸ ਨੂੰ ਰੁਖ਼ਸਤ ਕਰ ਦਿਤਾ ਤੇ ਫਿਰ ਸੋਫੇ ਤੇ ਆ ਕੇ ਬੈਠਦਾ ਸੋਚਣ ਲਗਿਆ ਕਿ ਇਹ ਕੀ ਚੀਜ਼ ਹੋਈ। ਉਸ ਨੇ ਸਾਰੀ ਗੱਲ ਸ਼ਿੰਦੇ ਨਾਲ ਕੀਤੀ। ਸ਼ਿੰਦੇ ਨੇ ਕਿਹਾ,

—ਮੈਨੂੰ ਤਾਂ ਇਕ ਕੋਈ ਚਾਲੂ ਚੀਜ਼ ਲੱਗਦੀ ਆ। ਇਕ ਦਮ ਨਾਲ਼ ਸੌਣ ਲਈ ਜਿਹੜੀ ਔਰਤ ਤਿਆਰ ਹੋ ਜਾਵੇ ਉਹ ਟੇਡੀ ਹੁੰਦੀ ਆ, ਮਾਂ ਦਿਆ ਟਿੱਕਿਆ, ਜ਼ਰਾ ਬਚ ਕੇ। ਉਹਨੇ ਦੇਖ ਲਿਆ ਕਿ 'ਕੱਲਾ ਬੰਦਾ, ਮਾਲਦਾਰ ਸਾਮੀ ਆਂ, ਫਸਾਓ ਇਹਨੂੰ।

—ਨਹੀਂ, ਏਨਾ ਕੂਲ਼ਾ ਤਾਂ ਮੈਂ ਹੈ ਨਹੀਂ, ਤੈਨੂੰ ਪਤਾ ਈ ਆ ਮੇਰਾ, ਮੇਰੇ ਤੋਂ ਕੀ



ਲੈ ਜਾਊ!

—ਉਹਦਾ ਮਕਸਦ ਤਾਂ ਇਥੇ ਪੱਕੀ ਹੋਣਾਂ।

—ਏਹਦੇ 'ਚ ਉਹ ਕਾਮਯਾਬ ਨਹੀਂ ਹੋਣ ਲੱਗੀ।

ਟਿੱਕੇ ਨੇ ਸੋਚਿਆ ਕਿ ਵਾਕਿਆ ਹੀ ਉਸ ਨੂੰ ਧਿਆਨ ਨਾਲ ਚੱਲਣ ਦੀ ਲੋੜ ਹੈ।

ਰੇਸ਼ਮ ਕੋਰ ਨੇ ਦੇਖ ਲਿਆ ਕਿ ਟਿੱਕਾ ਉਸ ਲਈ ਸਭ ਤੋਂ ਢੁਕਵਾਂ ਬੰਦਾ ਸੀ। ਹਾਲੇ ਉਹ ਵਿਆਹ ਲਈ ਨਹੀਂ ਸੀ ਮੰਨ ਰਿਹਾ ਪਰ ਉਸ ਨੂੰ ਯਕੀਨ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਹ ਮਨਾ ਲਵੇਗੀ। ਉਸ ਨੇ ਟਿੱਕੇ ਦੇ ਪਿਛੋਕੜ ਬਾਰੇ, ਉਸ ਦੇ ਪਰਿਵਾਰ ਤੇ ਉਸ ਦੀ ਜ਼ਮੀਨ-ਜਾਇਦਾਤ ਬਾਰੇ ਵੀ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿਤੀ। ਉਹ ਟਿੱਕੇ ਨੂੰ ਨਿੱਕੇ ਨਿੱਕੇ ਸਵਾਲ ਕਰਦੀ ਆਪਣਾ ਕੰਮ ਕਰਦੀ ਜਾ ਰਹੀ ਸੀ। ਉਹ ਸਪਤਾਹ-ਅੰਤ 'ਤੇ ਟਿੱਕੇ ਕੋਲ ਚਲੇ ਜਾਂਦੀ, ਰਾਤ ਵੀ ਉਸ ਕੋਲ ਰਹਿੰਦੀ। ਚਲਦੇ ਹਫਤੇ ਉਸ ਨੂੰ ਕਪੜੇ ਦੀ ਇਕ ਦੁਕਾਨ ਵਿਚ ਕੰਮ ਮਿਲ ਗਿਆ ਹੋਇਆ ਸੀ। ਉਹ ਟਿੱਕੇ ਲਈ ਖਾਣਾ ਬਣਾਉਂਦੀ, ਘਰ ਦੀ ਸਫਾਈ ਕਰ ਦਿੰਦੀ ਤੇ ਉਸ ਦੇ ਕਪੜੇ ਧੋ ਦਿੰਦੀ। ਟਿੱਕਾ ਇਸ ਗੱਲੋਂ ਖੁਸ਼ ਸੀ ਕਿ ਉਹ ਕੰਮ ਨੂੰ ਬਹੁਤ ਸਚਿਆਰੀ ਸੀ। ਇਕ ਦਿਨ ਉਸ ਨੇ ਆਪਣੇ ਦੋਸਤ ਮੋਹਣ ਕੋਲ ਰੇਸ਼ਮ ਕੋਰ ਬਾਰੇ ਗੱਲ ਕੀਤੀ ਤਾਂ ਉਸ ਨੇ ਆਖਿਆ,

—ਬਚੀਂ ਭਾਈ, ਏਦਾਂ ਦੀਆਂ ਔਰਤਾਂ ਬਹੁਤ ਚਾਲੂ ਹੁੰਦੀਆਂ, ਕਿਤੇ ਆਪਣੇ ਆਪ ਨੂੰ ਤੇਰੀ ਕਿਰਾਏਦਾਰ ਸਿੱਧ ਕਰਕੇ ਪੱਕਾ ਟਿਕਾਣਾ ਬਣਾਉਣ ਦੀ ਕੋਸ਼ਿਸ਼ ਨਾ ਕਰਨ ਲੱਗ ਪਵੇ।

—ਏਹਦਾ ਨਾ ਫਿਕਰ ਕਰ ਤੂੰ।

ਟਿੱਕੇ ਨੂੰ ਪੂਰਾ ਭਰੋਸਾ ਸੀ ਕਿ ਉਸ ਨੂੰ ਕੋਈ ਏਨਾ ਮੂਰਖ ਨਹੀਂ ਬਣਾ ਸਕਦਾ। ਉਹ ਸਮਝਦਾ ਸੀ ਕਿ ਰੇਸ਼ਮ ਕੋਰ ਮਾਰ 'ਤੇ ਸੀ। ਉਹ ਇੰਗਲੈਂਡ ਵਿਚ ਸੈੱਟਲ ਹੋਣਾ ਚਾਹੁੰਦੀ ਸੀ ਪਰ ਟਿੱਕੇ ਨੇ ਦੂਰ ਤਕ ਸੋਚ ਕੇ ਦੇਖ ਲਿਆ ਸੀ ਕਿ ਉਸ ਦਾ ਉਹ ਕੁਝ ਨਹੀਂ ਵਿਗਾੜ ਸਕਦੀ। ਉਸ ਨੂੰ ਉਹ ਘਰ ਵਿਚ ਤੁਰੀ ਫਿਰਦੀ ਹੀ ਚੰਗੀ ਲਗਦੀ। ਉਸ ਨੂੰ ਦੁਨੀਆਂ ਭਰ ਦੀ ਖ਼ਬਰ ਸੀ ਇਸ ਲਈ ਉਸ ਨਾਲ ਗੱਲਾਂ ਕਰਨਾ ਵੀ ਚੰਗਾ ਲਗਦਾ। ਉਹ ਸੋਚਦਾ ਕਿ ਇਹ ਆਰਜ਼ੀ ਜਿਹਾ ਤੇ ਸਹੂਲਤ ਦਾ ਰਿਸ਼ਤਾ ਹੀ ਹੈ, ਇਸ ਵਿਚ ਉਸ ਨੂੰ ਉਸ ਤੋਂ ਬਹੁਤੀ ਆਸ ਵੀ ਨਹੀਂ ਰੱਖਣੀ ਚਾਹੀਦੀ।

ਇਕ ਦਿਨ ਜਗਮੀਤ ਦਾ ਇੰਡੀਆ ਤੋਂ ਫੋਨ ਆਇਆ। ਉਹ ਕਹਿਣ ਲਗਿਆ,

—ਬੜੇ ਭਾਈ, ਤੂੰ ਵਿਆਹ ਕਰਾਉਣ ਲੱਗਿਆਂ, ਸਾਨੂੰ ਦੱਸ ਤਾਂ ਦਿੰਦਾ।

—ਮੈਂ ਤਾਂ ਨਹੀਂ ਕਰਾਉਣ ਲੱਗਿਆ ਕੋਈ ਵਿਆਹ-ਵਿਊਹ।

—ਕੁੜੀ ਦਾ ਪਿਓ ਤੇ ਭਰਾ ਆਏ ਸੀ ਇਕ ਦਿਨ, ਕਹਿੰਦੇ ਕੁੜੀ ਤੇਰੇ ਨਾਲ਼ ਈ ਰਹਿੰਦੀ ਆ ਤੇ ਛੇਤੀ ਵਿਆਹ ਹੋ ਜਾਣਾਂ।

ਟਿੱਕਾ ਹੈਰਾਨ ਹੋਇਆ ਆਪਣੇ ਭਰਾ ਦੀ ਗੱਲ ਸੁਣ ਰਿਹਾ ਸੀ। ਜਗਮੀਤ ਨੇ ਫਿਰ ਕਿਹਾ,

—ਉਹ ਤਾਂ ਬਈ, ਬੰਦੇ ਚੰਗੇ ਨਹੀਂ ਲੱਗਦੇ, ਬੜੇ-ਬੜੇ ਪੱਗੜ ਬੰਨੇ ਹੋਏ ਸੀ, ਜਿੱਦਾਂ ਬਦਮਾਸ਼ਾਂ ਦੇ ਹੁੰਦੇ ਆ।

ਟਿੱਕਾ ਸੋਚਾਂ ਵਿਚ ਪੈ ਗਿਆ ਤੇ ਰੇਸ਼ਮ ਕੋਰ ਨੂੰ ਉਡੀਕਣ ਲਗਿਆ ਤਾਂ ਜੋ ਉਸ

ਨਾਲ ਗੱਲ ਕਰ ਸਕੇ।

ਜਦੋਂ ਉਹ ਫਲੋਰ 'ਤੇ ਮੈਨੂਅਲ ਕੰਮ ਕਰਦਾ ਸੀ ਤਾਂ ਉਸ ਨੂੰ ਹਫਤਾਵਾਰ ਤਨਖਾਹ ਮਿਲਦੀ ਪਰ ਹੁਣ ਮਹੀਨੇ ਦੀ ਮਹੀਨੇ ਮਿਲਿਆ ਕਰਦੀ ਸੀ। ਹਰ ਪਹਿਲੀ ਨੂੰ ਤਨਖਾਹ ਉਸ ਦੇ ਕਰੰਟ-ਅਕਾਊਂਟ ਵਿਚ ਆ ਜਾਂਦੀ। ਉਹ ਖਰਚ ਜੋਗੇ ਪੈਸੇ ਰੱਖ ਕੇ ਬਾਕੀ ਫੋਨ ਰਾਹੀਂ ਸੇਵਿੰਗ ਅਕਾਊਂਟ ਵਿਚ ਭਿਜਵਾ ਦਿੰਦਾ। ਇਸ ਵਾਰ ਜਦ ਉਸ ਨੇ ਫੋਨ ਕੀਤਾ ਤਾਂ ਅਗਿਓਂ ਮਸ਼ੀਨ ਦੱਸ ਰਹੀ ਸੀ ਕਿ ਉਸ ਦਾ ਖਾਤਾ ਖਾਲੀ ਹੈ। ਉਹ ਹੈਰਾਨ ਰਹਿ ਗਿਆ ਕਿ ਜੇ ਤਨਖਾਹ ਨਹੀਂ ਵੀ ਆਈ ਹੁੰਦੀ ਤਾਂ ਵੀ ਉਸ ਨੇ ਆਪਣਾ ਖਾਤਾ ਕਦੇ ਖਾਲੀ ਨਹੀਂ ਸੀ ਛੱਡਿਆ। ਉਹ ਕੰਮ ਤੋਂ ਕੁਝ ਦੇਰ ਲਈ ਛੁੱਟੀ ਕਰਕੇ ਬੈਂਕ ਗਿਆ। ਪਤਾ ਚਲਿਆ ਕਿ ਕਿਸੇ ਨੇ ਦੋ ਹਜ਼ਾਰ ਪੌਂਡ ਕਢਵਾ ਲਿਆ ਹੈ। ਕਿਸੇ ਮਨਜਿੰਦਰ ਕੋਰ ਦੇ ਨਾਂ ਦਾ ਚੈੱਕ ਕੱਟਿਆ ਗਿਆ ਸੀ ਜਿਸ ਖਾਤੇ ਵਿਚ ਇਹ ਪੈਸੇ ਗਏ ਸਨ। ਉਹ ਸਮਝ ਗਿਆ ਕਿ ਰੇਸ਼ਮ ਕੋਰ ਕੋਈ ਰੰਗ ਦਿਖਾ ਗਈ ਹੈ। ਉਹ ਹੀ ਕਿੰਨਾ ਕਿੰਨਾ ਚਿਰ ਉਸ ਦੇ ਬੈੱਡਰੂਮ ਦੀ ਸਫਾਈ ਕਰਦੀ ਰਹਿੰਦੀ ਸੀ ਤੇ ਉਸ ਦੇ ਸਾਰੇ ਕਾਗਜ਼ ਪੱਤਰ ਬੈੱਡਰੂਮ ਵਿਚ ਹੀ ਪਏ ਹੁੰਦੇ ਸਨ। ਉਸ ਨੇ ਉਸੇ ਵਕਤ ਆਪਣੇ ਸਾਰੇ ਖਾਤੇ ਤੇ ਕਰੈਡਿਟ ਕਾਰਡ ਸੀਲ ਕਰਵਾ ਦਿਤੇ। ਘਰ ਆਇਆ ਤਾਂ ਉਸ ਦੀ ਚੈੱਕ ਬੁੱਕ ਗਾਇਬ ਸੀ। ਇਕ ਕਰੈਡਿਟ ਕਾਰਡ ਵੀ ਨਹੀਂ ਸੀ ਮਿਲ ਰਿਹਾ।

ਸ਼ਨਿਚਰਵਾਰ ਵਾਲੇ ਦਿਨ ਰੇਸ਼ਮ ਕੋਰ ਆਮ ਵਾਂਗ ਆਈ। ਟਿੱਕਾ ਉਸ ਨੂੰ ਫਰੰਟ ਰੂਮ ਵਿਚ ਲੈ ਆਇਆ। ਪੁੱਛਣ ਲਗਿਆ,

—ਇਹ ਮਨਜਿੰਦਰ ਕੋਰ ਕੌਣ ਆ?

ਸਵਾਲ ਸੁਣਦਿਆਂ ਹੀ ਰੇਸ਼ਮ ਕੋਰ ਦਾ ਰੰਗ ਉਡ ਗਿਆ। ਉਹ ਥਥਲਾਂਦੀ ਅਵਾਜ਼ ਵਿਚ ਕਹਿਣ ਲੱਗੀ,

—ਮੈਨੂੰ ਨਹੀਂ ਪਤਾ ਕੌਣ ਏ ਉਹ।

—ਜੇ ਦੋ ਹਜ਼ਾਰ ਪੌਂਡ ਚਾਹੀਦਾ ਸੀ ਤਾਂ ਮੈਨੂੰ ਪੁੱਛ ਲੈਂਦੇ।

ਟਿੱਕੇ ਦੀ ਗੱਲ ਸੁਣ ਕੇ ਰੇਸ਼ਮ ਕੋਰ ਗੁੱਸੇ ਵਿਚ ਆਉਂਦੀ ਉਠ ਖੜੀ ਹੋਈ ਤੇ ਬੋਲੀ,

—ਟਿੱਕਾ ਜੀ, ਤੁਹਾਨੂੰ ਸਿਰਫ ਲੱਤਾਂ ਚੁੱਕਣ ਦਾ ਈ ਪਤਾ, ਇਹ ਨਹੀਂ ਪਤਾ ਕਿ ਔਰਤ ਦੀਆਂ ਲੋੜਾਂ ਵੀ ਹੁੰਦੀਆਂ ਨੇ ਤੇ ਉਹਨੂੰ ਪੈਸੇ ਚਾਹੀਦੇ ਹੁੰਦੇ ਆ।

—ਤੇ ਇਹ ਆ ਤੁਹਾਡੀ ਅਸਲੀਅਤ, ਲੱਤਾਂ ਚੁਕਾਉਣ ਦੇ ਪੈਸੇ ਲੈਂਦੇ ਓ!

—ਨਹੀਂ ਟਿੱਕਾ ਜੀ, ਤੁਹਾਡੀ ਅਸਲੀਅਤ ਇਹ ਏ ਕਿ ਤੁਸੀਂ ਬਹੁਤ ਖੁਦਗਰਜ਼ ਓ,...ਅਗਲੇ ਬਾਰੇ ਕੁਸ਼ ਸੋਚਦੇ ਈ ਨਹੀਂ, ਮੈਨੂੰ ਪੈਸਿਆਂ ਦੀ ਲੋੜ ਸੀ, ਮੈਂ ਤੁਹਾਨੂੰ ਟੋਹਿਆ ਪਰ ਤੁਸੀਂ ਕਿਸੇ ਕੰਢੇ ਨਹੀਂ ਸੀ ਲੱਗਦੇ।

—ਹੁਣ ਜੇ ਮੈਂ ਪੁਲੀਸ ਸੱਦ ਲਵਾਂ ਤਾਂ ਫਿਰ...?

—ਟਿੱਕਾ ਜੀ, ਮੈਂ ਸਾਰੀ ਉਮਰ ਪੁਲੀਸ ਈ ਦੇਖੀ ਏ, ਮੈਨੂੰ ਤਾਂ ਸੁਫਨੇ ਵੀ ਪੁਲੀਸ ਦੇ ਆਉਂਦੇ ਨੇ।

—ਚਲੋ ਫਿਰ ਹੁਣ ਤੁਸੀਂ ਆਪਣੇ ਰਾਹੇ। ਇਥੇ ਈ ਸਭ ਖਤਮ।

—ਖਤਮ ਨਹੀਂ, ਟਿੱਕਾ ਜੀ ਹਾਲੇ ਭੁਗਤਾਨ ਤੁਹਾਡੇ ਵੱਲ ਰਹਿੰਦਾ।



ਉਸ ਨੇ ਪੂਰੇ ਰੋਅਬ ਨਾਲ ਕਿਹਾ। ਟਿੱਕੇ ਨੇ ਉਸ ਦੀ ਬਾਂਹ ਫੜੀ ਤੇ ਖਿੱਚਦਾ ਹੋਇਆ ਦਰਵਾਜ਼ੇ ਵਲ ਲੈ ਤੁਰਿਆ। ਰੇਸ਼ਮ ਕੋਰ ਮਰਦਾਂ ਵਾਲੀਆਂ ਗੰਦੀਆਂ ਗਾਲ੍ਹਾ ਕੱਢਣ ਲੱਗੀ।

## ਤੇਰਾਂ

ਜਗਮੀਤ ਦਾ ਫੋਨ ਆਇਆਕਿ ਦੀਪਾ ਬਹੁਤ ਬਿਮਾਰ ਸੀ। ਹਸਪਤਾਲ ਵਿਚ ਸੀ। ਟਿੱਕਾ ਫਿਕਰਵੰਦ ਹੋ ਗਿਆ। ਹਾਲੇ ਕੁਝ ਦਿਨ ਪਹਿਲਾਂ ਹੀ ਚਾਚੇ ਨੇ ਉਸ ਨੂੰ ਫੋਨ ਕੀਤਾ ਸੀ। ਗੱਲਾਂ ਤੋਂ ਹੀ ਜਾਪਦਾ ਸੀ ਕਿ ਉਸ ਦੀ ਸਿਹਤ ਖਰਾਬ ਸੀ। ਉਹ ਚਾਚੇ ਨੂੰ ਦੇਖਣ ਜਾਣ ਲਈ ਤਿਆਰ ਹੋਣ ਲਗਿਆ। ਉਸ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗ ਰਹੀ ਕਿ ਚਾਚੇ ਦੀ ਬਿਮਾਰੀ ਦੀ ਖ਼ਬਰ ਮੁੰਦਰੀ ਤੋਂ ਜੁਬੈਦਾ ਤਕ ਹੋ ਕੇ ਉਸ ਤਕ ਪੁੱਜ ਸੀ। ਮੁੰਦਰੀ'ਤੇ ਗੁੱਸਾ ਆ ਰਿਹਾ ਸੀ ਕਿ ਸਿੱਧਾ ਫੋਨ ਉਸ ਨੂੰ ਕਿਉਂ ਨਹੀਂ ਕੀਤਾ। ਮੁੰਦਰੀ ਦਾ ਨਾਂ ਮਨ ਵਿਚ ਆਉਂਦਿਆਂ ਹੀ ਉਸ ਦੇ ਦਿਲ ਵਿਚ ਉਪਰ ਹਲਕੀ ਜਿਹੀ ਖਾਜ ਹੋਣ ਲੱਗ ਪਈ। ਜਦ ਵੀ ਮੁੰਦਰੀ ਉਸ ਨੂੰ ਮਿਲੀ, ਉਸ ਨੂੰ ਅਣਗੌਲਦੀ ਰਹੀ। ਉਸ ਦਾ ਇਵੇਂ ਅਣਗੌਲਣਾ ਉਸ ਨੂੰ ਬਹੁਤਾ ਬੁਰਾ ਨਹੀਂ ਸੀ ਲਗਿਆ। ਹਾਂ, ਗਿਲਾ ਜ਼ਰੂਰ ਸੀ। ਹੁਣ ਵੀ ਉਹ ਸੋਚ ਰਿਹਾ ਸੀ ਕਿ ਜੇ ਮੁੰਦਰੀ ਦਾ ਉਸ ਨਾਲ ਉਹੋ ਰਵੱਈਆ ਰਿਹਾ ਤਾਂ ਕੀ ਹੋਵੇਗਾ।

ਜਿਹਨਾਂ ਦਿਨਾਂ ਵਿਚ ਰੇਸ਼ਮ ਕੋਰ ਉਸ ਨੂੰ ਦੋ ਹਜ਼ਾਰ ਦਾ ਰਗੜਾ ਲਾ ਗਈ ਸੀ, ਉਦੋਂ ਉਸ ਨੂੰ ਮੁੰਦਰੀ ਬਹੁਤ ਯਾਦ ਆਈ ਸੀ। ਮੁੰਦਰੀ ਗਰੀਬ ਹੋਣ ਦੇ ਬਾਵਜੂਦ ਬਹੁਤ ਇਮਾਨਦਾਰ ਸੀ। ਟਿੱਕੇ ਨੇ ਕਿੰਨੀ ਵਾਰ ਉਸ ਨੂੰ ਪੈਸੇ ਦੇਣੇ ਚਾਹੇ ਪਰ ਉਸ ਨੇ ਨਹੀਂ ਸਨ ਲਏ। ਰੇਸ਼ਮ ਕੋਰ ਵਾਲਾ ਕਾਂਡ ਤਾਂ ਉਸ ਦੇ ਆਪਣੇ ਲਈ ਵੀ ਸ਼ਰਮਨਾਕ ਸਿੱਧ ਹੋਣਾ ਸੀ। ਚੰਗਾ ਹੋਇਆ ਕਿ ਉਹ ਪੁਲੀਸ ਕੋਲ ਨਹੀਂ ਸੀ ਗਿਆ। ਸ਼ਿੰਦੇ ਤੇ ਮੋਹਣ ਤੋਂ ਬਿਨਾਂ ਕਿਸੇ ਹੋਰ ਨੂੰ ਇਸ ਬਾਰੇ ਨਹੀਂ ਸੀ ਪਤਾ। ਹੁਣ ਚਾਹਲ ਦੇ ਬਿਮਾਰ ਹੋਣ ਬਾਰੇ ਉਸ ਨੇ ਪਹਿਲਾਂ ਸ਼ਿੰਦੇ ਨੂੰ ਫੋਨ ਕੀਤਾ। ਉਹ ਕੋਈ ਮਸ਼ਵਰਾ ਵੀ ਕਰਨੀ ਚਾਹੁੰਦਾ ਸੀ ਤੇ ਸੋਚਦਾ ਸੀ ਕਿ ਸ਼ਾਇਦ ਉਹ ਵੀ ਉਸ ਨੂੰ ਦੇਖਣ ਜਾਣਾ ਚਾਹੇ ਪਰ ਸ਼ਿੰਦਾ ਕੰਮ 'ਤੇ ਗਿਆ ਹੋਇਆ ਸੀ। ਉਹ ਮੋਹਣ ਨਾਲ ਸਲਾਹ ਕਰਨ ਚਲੇ ਗਿਆ ਕਿ ਕੀ ਕਰੇ। ਮੋਹਣ ਬੋਲਿਆ,

—ਟਿੱਕਿਆ, ਤੈਨੂੰ ਹਰ ਹਾਲਤ ਵਿਚ ਜਾਣਾ ਚਾਹੀਦਾ। ਮੁੰਦਰੀ ਦਾ ਗੁੱਸਾ ਆਪਣੇ ਥਾਂ ਰਹਿਣ ਦੇ ਪਰ ਚਾਚੇ ਨਾਲ ਤੇਰਾ ਇਕ ਅਲੱਗ ਰਿਸ਼ਤਾ ਐ, ਪੁਰਾਣੀ ਦੋਸਤੀ ਐ। ਤੂੰ ਮੁੰਦਰੀ ਨੂੰ ਫੋਨ ਕਰ ਕੇ ਪਤਾ ਕਰ ਕਿ ਚਾਚਾ ਕਿਹੜੇ ਹਸਪਤਾਲ ਐ।

—ਬੜੀ ਕੱਬੀ ਤੀਵੀਂ ਐ, ਜੇ ਮੂਹਰਿਓਂ ਉਲਟਾ-ਸਿੱਧਾ ਬੋਲੀ ਤਾਂ?

—ਉਲਟਾ-ਸਿੱਧਾ ਕੀ ਉਹ ਤੇਰੇ ਗੋਲ਼ੀ ਮਾਰਨ ਲੱਗੀ ਆ, ਆਖਰ ਤੇਰੀ ਹੀ ਤਾਂ ਮੁੰਦਰੀ ਐ ਉਹ, ਜੇ ਨਾ ਕੁਸ਼ ਦੱਸੂ ਤਾਂ ਕਿਸੇ ਹੋਰ ਤੋਂ ਪਤਾ ਕਰ ਲਵਾਂਗੇ, ਲੈਸਟਰ ਕਿਹੜੇ ਪੰਜਾਹ ਹਸਪਤਾਲ ਹੋਣੇ ਆਂ!

ਅਗਲੇ ਦਿਨ ਲੰਚ ਬ੍ਰੇਕ ਵਿਚ ਟਿੱਕੇ ਨੇ ਚਾਚੇ ਦੇ ਘਰ ਉਸ ਨੇ ਫੋਨ ਕਰ ਲਿਆ। ਉਹਨਾਂ ਨੇ ਘਰ ਭਾਵੇਂ ਬਦਲ ਲਿਆ ਸੀ ਪਰ ਫੋਨ ਨੰਬਰ ਉਹੋ ਪਹਿਲਾਂ ਵਾਲਾ ਹੀ

ਸੀ। ਮੁੰਦਰੀ ਨੇ ਹੀ ਫੋਨ ਚੁੱਕਿਆ। ਟਿੱਕੇ ਨੇ ਪੁੱਛਿਆ,

—ਕੀ ਹਾਲ ਚਾਚੇ ਦਾ?

—ਕੌਣ ਬੋਲਦਾ?

ਮੁੰਦਰੀ ਨੇ ਰੁੱਖਾ ਜਿਹਾ ਜਵਾਬ ਦਿਤਾ। ਟਿੱਕੇ ਨੂੰ ਇਕ ਪਲ ਲਈ ਤਾਂ ਕੋਈ ਵੀ ਉੱਤਰ ਨਾ ਸੁੱਝਿਆ। ਫਿਰ ਉਸ ਨੇ ਕਿਹਾ,

—ਮੈਂ ਓਹਦਾ ਕੋਈ ਦੋਸਤ ਬੋਲ ਰਿਹਾਂ। ਦੱਸ ਸਕਦੇ ਓ ਕਿ ਕਿਹੜੇ ਹਸਪਤਾਲ ਵਿਚ ਐ ਉਹ?

ਟਿੱਕੇ ਦੀ ਗੱਲ ਸੁਣ ਕੇ ਮੁੰਦਰੀ ਰੋਣ ਲੱਗ ਪਈ, ਬੋਲੀ,

—ਟਿੱਕਾ ਜੀ, ਦੀਪਾ ਤਾਂ ਪੂਰਾ ਹੋ ਗਿਆ।

—ਕਦੋਂ?

—ਹੁਣੇ ਈ, ਮੈਂ ਹਸਪਤਾਲ ਤੋਂ ਆ ਰਹੀ ਆਂ।

— ਓਹ ਹੋ! ...ਮੈਂ ਘੰਟੇ ਕੁ ਵਿਚ ਪਹੁੰਚ ਰਿਹਾਂ।

ਟਿੱਕੇ ਨੇ ਉਸ ਦਾ ਜਵਾਬ ਸੁਣੇ ਬਿਨਾਂ ਹੀ ਫੋਨ ਰੱਖ ਦਿਤਾ। ਮੁੰਦਰੀ ਦੇ ਰੋਣ ਦੀ ਅਵਾਜ਼ ਉਸ ਤੋਂ ਸਹੀ ਨਾ ਗਈ। ਉਸ ਨੇ ਕੰਮ ਤੋਂ ਛੁੱਟੀ ਲਈ ਤੇ ਲੈਸਟਰ ਲਈ ਤੁਰ ਪਿਆ। ਘੰਟੇ ਦੇ ਅੰਦਰ ਅੰਦਰ ਉਹ ਮੁੰਦਰੀ ਦੇ ਘਰ ਮੂਹਰੇ ਸੀ। ਉਸ ਨੇ ਘੰਟੀ ਵਜਾਈ। ਮਨਜੀਤ ਨੇ ਦਰਵਾਜ਼ਾ ਖੋਹਲਿਆ। ਟਿੱਕਾ ਉਸ ਨੂੰ ਨਹੀਂ ਸੀ ਜਾਣਦਾ। ਉਹ ਉਲਝਣ ਵਿਚ ਪੈ ਗਿਆ ਕਿ ਕੀ ਕਹੇ। ਮਨਜੀਤ ਨੇ ਅੰਦਾਜ਼ਾ ਜਿਹਾ ਲਾ ਲਿਆ ਤੇ ਬੋਲੀ,

—ਆਓ, ਅੰਦਰ ਲੰਘ ਆਓ।

ਉਸ ਨੇ ਦੇਖਿਆ ਕਿ ਇਕ ਪਾਸੇ ਜੁੱਤੀਆਂ ਖੋਹਲੀਆਂ ਪਈਆਂ ਸਨ। ਇਸਦਾ ਮਤਲਵ ਕਿ ਅੰਦਰ ਲੋਕ ਅਫਸੋਸ ਲਈ ਬੈਠੇ ਸਨ। ਉਸ ਨੇ ਵੀ ਆਪਣੇ ਬੂਟ ਬਾਕੀ ਜੁੱਤੀਆਂ ਕੋਲ ਖੋਹਲ ਦਿਤੇ ਤੇ ਫਰੰਟ ਰੂਮ ਵਿਚ ਜਾ ਵੜਿਆ। ਘਰ ਛੋਟਾ ਹੀ ਸੀ। ਚਾਚੇ ਦੇ ਪਹਿਲੇ ਘਰ ਤੋਂ ਕੁਝ ਛੋਟਾ। ਜਿਥੇ ਉਸ ਨੇ ਬੂਟ ਲਾਹੇ ਸਨ ਉਸ ਦੇ ਖੱਬੇ ਪਾਸੇ ਰਸੋਈ ਸੀ ਤੇ ਸੱਜੇ ਪਾਸੇ ਇਹ ਲੌਂਜ। ਲੌਂਜ ਵਿਚੋਂ ਹੀ ਉਪਰਲੀ ਮੰਜ਼ਲ ਨੂੰ ਪੌੜੀਆਂ ਚੜਦੀਆਂ ਸਨ। ਅੱਠ-ਦਸ ਲੋਕ ਲੌਂਜ ਵਿਚ ਬੈਠੇ ਸਨ। ਉਸ ਨੇ ਸਭ ਨੂੰ ਫਤਿਹ ਬੁਲਾਈ। ਚਿੱਟੇ ਕਪੜਿਆਂ ਵਿਚ ਬੈਠੀ ਮੁੰਦਰੀ ਉੱਠੀ ਤੇ ਧਾਹਾਂ ਮਾਰਦੀ ਉਸ ਨੂੰ ਚੁੰਬੜ ਗਈ। ਉਸ ਨੇ ਵੀ ਮੁੰਦਰੀ ਨੂੰ ਆਪਣੇ ਨਾਲ ਘੁੱਟ ਲਿਆ। ਅਜੀਬ ਜਿਹਾ ਸਕੂਨ ਆ ਰਿਹਾ ਸੀ ਉਸ ਨੂੰ। ਅਜੀਬ ਜਿਹਾ ਸਰੂਰ, ਅਜੀਬ ਜਿਹਾ ਸਵਾਦ ਜਿਵੇਂ ਕਿਸੇ ਸਵਾਦੀ ਫਲ ਦਾ ਸਵਾਦ ਬਹੁਤ ਦੇਰ ਬਾਅਦ ਚੱਖੀਏ। ਉਸ ਨੇ ਹੌਲੇ ਜਿਹੇ ਮੁੰਦਰੀ ਨੂੰ ਬੈਠਾਇਆ ਤੇ ਆਪ ਵੀ ਬੈਠ ਗਿਆ। ਉਸ ਨੇ ਆਪਣੇ ਸਾਹਮਣੇ ਬੈਠੇ ਗਰੰਥੀ ਲਗਦੇ ਬੰਦੇ ਨੂੰ ਪੁੱਛਿਆ,

—ਕੀ ਅਚਾਨਕ ਹੋ ਗਿਆ ਇਹ ਸਭ?

—ਪਿਛਲੇ ਹਫਤੇ ਹੀ ਭਾ ਜੀ ਹਸਪਤਾਲ ਗਏ ਸੀ ਤੇ ਬੱਸ ਅਜ ਸਵੇਰੇ ਪੂਨਮ ਭੈਣ ਜੀ ਨੂੰ ਡਾਕਟਰਾਂ ਦਾ ਫੋਨ ਆਇਆ ਕਿ ਜਲਦੀ ਪਹੁੰਚੋ, ਜਦ ਇਹ ਗਏ ਤਾਂ ਭਾਣਾ ਵਰਤ ਚੁੱਕਾ ਸੀ।

—ਵੈਸੇ ਤਾਂ ਦੋ ਕੁ ਹਫਤੇ ਪਹਿਲਾਂ ਮੇਰੀ ਉਹਨਾਂ ਨਾਲ ਗੱਲ ਹੋਈ ਸੀ, ਉਹਨਾਂ ਦੀ ਅਵਾਜ਼ ਤਾਂ ਜ਼ਰਾ ਸੁਸਤ ਸੀ ਪਰ, ...ਸੁਗਲ ਦੀਆਂ ਗੱਲਾਂ ਹੋਈਆਂ, ਇਹ ਤਾਂ ਮੈਨੂੰ



ਅਜ ਇੰਡੀਆ ਤੋਂ ਫੋਨ ਆਇਆ ਤਾਂ ਪਤਾ ਬਿਮਾਰ ਹੋਣ ਬਾਰੇ ਪਤਾ ਚੱਲਿਆ।

ਮਨਜੀਤ ਤੇ ਮਿਸਜ਼ ਭੰਗੂ ਸਮਝ ਗਈਆਂ ਕਿ ਇਹ ਟਿੱਕਾ ਹੈ। ਪੂਨਮ ਨੇ ਟਿੱਕੇ ਬਾਰੇ ਦੱਸਿਆ ਹੋਇਆ ਸੀ ਕਿਵੇਂ ਉਸ ਦਾ ਟਿੱਕੇ ਨਾਲ ਪਿਆਰ ਹੋਇਆ, ਟਿੱਕੇ ਨੇ ਉਹਨੂੰ ਆਪਣੀ ਮੁੰਦਰੀ ਬਣਾ ਲਿਆ ਪਰ ਪਾ ਦਿਤਾ ਦੀਪੇ ਦੀ ਉਂਗਲ ਵਿਚ। ਇਹ ਵੀ ਦੱਸਿਆ ਹੋਇਆ ਸੀ ਕਿ ਟਿੱਕੇ ਦੀ ਉਹ ਅਪੇਖਿਆ ਕਰਦੀ ਰਹੀ ਹੈ। ਦੀਪੇ ਦੇ ਦੋਸਤ ਅਮਰੀਕ ਨੇ ਕਿਹਾ,

—ਸੁਗਲ ਤਾਂ ਦੀਪੇ ਦੇ ਸੁਭਾਅ ਵਿਚ ਸੀ, ਹਰ ਵੇਲੇ ਹੱਸਣਾ-ਖੇਡਣਾ।

ਤਰਸੇਮ ਵੀ ਅਫਸੋਸ ਵਿਚ ਬੈਠਾ ਸੀ। ਉਸ ਨੂੰ ਓਪਰੇ ਜਿਹੇ ਬੰਦੇ ਦਾ ਪੂਨਮ ਦੇ ਬਰਾਬਰ ਆ ਬੈਠਣਾ ਬਹੁਤ ਬੁਰਾ ਲੱਗ ਰਿਹਾ ਸੀ। ਉਸ ਨੇ ਟਿੱਕੇ ਬਾਰੇ ਹੋਰ ਜਾਨਣ ਲਈ ਪੁੱਛਿਆ,

—ਤੁਸੀਂ ਭਾਈ ਸਾ'ਬ..., ਤੁਸੀਂ ਕਿਥੇ ਰਹਿੰਦੇ ਓ?

—ਮੈਂ ਬਰਮੀਘੰਮ ਰਹਿਨਾ, ...ਚਾਹਲ ਪਹਿਲਾਂ ਓਥੇ ਈ ਸੀ।

ਤਰਸੇਮ ਜ਼ਰਾ ਕੁ ਝਿਪਦਾ ਜਿਹਾ, ਸਿਰ ਮਾਰਦਾ ਚੁੱਪ ਕਰ ਗਿਆ। ਮਿਸਜ਼ ਭੰਗੂ ਉੱਠੀ ਤੇ ਬੋਲੀ,

—ਚੰਗਾ ਪੂਨਮ, ਮੈਨੂ ਹੁਣ ਜਾਣਾ ਪੈਣਾ, ਅੱਜ ਮੇਰੀ ਕੁੜੀ ਤੇ ਜਵਾਈ ਨੇ ਆਉਣਾ, ਮੇਰੀ ਕੋਈ ਲੋੜ ਹੋਈ ਤਾਂ ਦੱਸ ਦੇਈਂ।

ਪੂਨਮ ਉਸ ਨੂੰ ਅਲਵਿਦਾ ਕਰਨ ਲਈ ਉਠੀ। ਮਿਸਜ਼ ਭੰਗੂ ਨੇ ਉਸ ਨੂੰ ਕਲਾਵੇ ਵਿਚ ਲੈਂਦੀ ਨੇ ਕਿਹਾ,

—ਜੋ ਹੋਣਾ ਸੀ ਭੈਣ ਮੇਰੀ, ਹੋ ਗਿਆ, ਹੁਣ ਰੱਬ ਦਾ ਭਾਣਾ ਮੰਨ ਕੇ ਇਸ ਨੂੰ ਮਨਜੂਰ ਕਰ,...ਮੈਂ ਹਰ ਤਰ੍ਹਾਂ ਤੇਰੇ ਨਾਲ਼ ਆਂ, ਕਦੇ ਵੀ ਆਪਣੇ ਆਪ ਨੂੰ 'ਕੱਲੀ ਨਾ ਸਮਝੀਂ।

ਉਹ ਗਈ ਤਾਂ ਅਮਰੀਕ ਤੇ ਨਾਜਰ, ਜੋ ਦੀਪੇ ਦੇ ਦੋਸਤ ਸਨ ਉਹ ਵੀ ਚਲੇ ਗਏ। ਉਹਨਾਂ ਤੋਂ ਬਾਅਦ ਦੀਪੇ ਦੇ ਦੂਰ ਦੇ ਰਿਸ਼ਤੇ ਵਿਚੋਂ ਲਗਦੀ ਭੈਣ ਨਾਮੋ ਵੀ ਤੁਰ ਗਈ। ਹੁਣ ਉਹ ਪੰਜ-ਛੇ ਵਿਅਕਤੀ ਕਮਰੇ ਵਿਚ ਬੈਠੇ ਸਨ। ਦੀਪੇ ਦੀਆਂ ਗੱਲਾਂ ਚੱਲ ਰਹੀਆਂ ਸਨ। ਬਾਹਰ ਹਨੇਰਾ ਹੋ ਰਿਹਾ ਸੀ। ਕੁਝ ਦੇਰ ਬਾਅਦ ਜੀਤ ਸਿੰਘ ਉਠਿਆ ਤੇ ਕਹਿਣ ਲੱਗਿਆ,

—ਮੈਂ ਤਾਂ ਹੁਣ ਮਹਾਰਾਜ ਦੀ ਤਾਬਿਆ ਵਿਚ ਜਾਣਾ। ...ਤੁਹਾਡਾ ਸਭ ਦਾ ਖਾਣਾ ਅੱਜ ਲੰਗਰ ਵਿਚ ਆ, ਕਿਰਪਾ ਕਰਕੇ ਸੱਤ ਕੁ ਵਜੇ ਪੁੱਜ ਜਾਇਓ।

ਜੀਤ ਸਿੰਘ ਵੀ ਚਲੇ ਗਿਆ। ਟਿੱਕੇਨੂੰ ਇਸ ਗੱਲ ਦੀ ਤਸੱਲੀ ਸੀ ਕਿ ਉਹ ਵਕਤ ਸਿਰ ਪੁੱਜ ਗਿਆ ਸੀ। ਇਸ ਵੇਲੇ ਮੁੰਦਰੀ ਨੂੰ ਉਸ ਦੀ ਬਹੁਤ ਲੋੜ ਸੀ। ਤਰਸੇਮ ਨੇ ਇਕ ਵਾਰ ਫਿਰ ਟਿੱਕੇ ਨੂੰ ਤਾੜਿਆ। ਉਹ ਮੁੰਦਰੀ ਕੋਲ ਬਹੁਤ ਹੀ ਹੱਕ ਨਾਲ ਬੈਠਾ ਸੀ। ਉਹ ਜਾਣ ਲਈ ਉਠ ਖੜਿਆ ਤੇ ਬੋਲਿਆ,

—ਭਰਜਾਈ, ਮੇਰਾ ਤਾਂ ਸਕਾ ਭਰਾ ਤੁਰ ਗਿਆ ਹੋਵੇ, ...ਮੇਰੀ ਕੋਈ ਲੋੜ ਹੋਈ ਤਾਂ ਝਿਜਕੀਂ ਨਾ। ਫੋਨ ਕਰ ਦੇਈਂ, ਮੈਂ ਇਕਦਮ ਪਹੁੰਚ ਜਾਊਂ।

—ਠੀਕ ਐ ਭਾਜੀ, ...ਥੈਂਕਸ।...ਹੁਣ ਟਿੱਕਾ ਜੀ ਹੈਗੇ ਆ।

ਪੂਨਮ ਨੇ ਜਾਣ ਕੇ ਟਿੱਕੇ ਦਾ ਨਾਂ ਲਿਆ। ਤਰਸੇਮ ਨੂੰ ਟਿੱਕੇ ਦਾ ਨਾਂ ਕੁਨੈਣ ਵਾਂਗ ਲਗਿਆ। ਬਾਅਦ ਵਿਚ ਜਿੰਨੇ ਵੀ ਵਿਅਕਤੀ ਬੈਠੇ ਸਨ ਵਾਰੀ ਵਾਰੀ ਉਠ ਕੇ ਚਲੇ ਗਏ। ਰਹਿ ਗਏ ਮਨਜੀਤ, ਟਿੱਕਾ ਤੇ ਮੁੰਦਰੀ। ਮਨਜੀਤ ਨੂੰ ਬੇਅਰਾਮ ਜਿਹੀ ਦੇਖ ਕੇ ਮੁੰਦਰੀਬੋਲੀ,

—ਮਨਜੀਤ, ਕੋਈ ਗੱਲ ਨਹੀਂ ਤੂੰ ਹੁਣ ਬੇਸ਼ਕ ਜਾਹ।

—ਰੋਟੀ ਦੇ ਟਾਈਮ ਆ ਜਾਇਓ।

—ਦੇਖਦੇ ਆਂ। ਮੈਂ ਵੀ ਰਾਤ ਦੀ ਮਾਂਹਾਂ ਦੀ ਦਾਲ਼ ਬਣਾਈ ਹੋਈ ਆ।

ਮਨਜੀਤ ਦਰਵਾਜ਼ਾ ਖੋਹਲ ਕੇ ਚਲੇ ਗਈ। ਹੁਣ ਰਹਿ ਗਏ ਟਿੱਕਾ ਤੇ ਮੁੰਦਰੀ। ਮੁੰਦਰੀ ਉਠਦੀ ਹੋਈ ਬੋਲੀ,

—ਮੈਂ ਚਾਹ ਬਣਾਉਂਨੀ ਆਂ।

ਉਹ ਰਸੋਈ ਵਲ ਨੂੰ ਤੁਰ ਪਈ। ਟਿੱਕਾ ਵੀ ਉਸ ਦੇ ਮਗਰ ਰਸੋਈ ਵਿਚ ਆ ਗਿਆ। ਉਸ ਨੇ ਕਿਹਾ,

—ਆਏ'ਮ ਰੀਅਲੀ ਸੌਰੀ ਔਨ ਹਿੱਜ ਡੈੱਥ।

—ਆਏ ਨੋ।

—ਹੀ ਵੌਜ਼ ਗਰੇਟ ਮੈਨ।

— ਆਏ ਨੋ।

—ਹੀ ਵੌਜ਼ ਗਰੇਟ ਫਰੈਂਡ।

—ਆਏ ਨੋ।

—ਕੋਈ ਐਸੀ ਚੀਜ਼ ਵੀ ਹੈ ਜਿਹੜੀ 'ਆਈ ਨੋ' ਨਹੀਂ?

—ਬਹੁਤ ਸਾਰੀਆਂ ਟਿੱਕਾ ਜੀ, ਬਹੁਤ ਸਾਰੀਆਂ ਚੀਜ਼ਾਂ ਦਾ ਮੈਨੂੰ ਨਹੀਂ ਪਤਾ।

—ਮਿਸਾਲ ਦੇਹ।

—ਮੈਨੂੰ ਤੁਹਾਡਾ ਈ ਨਹੀਂ ਪਤਾ।

—ਤੂੰ ਝੂਠ ਬੋਲਦੀ ਏਂ ਮੁੰਦਰੀਏ, ਤੈਨੂੰ ਮੇਰਾ ਸਭ ਪਤਾ!

—ਮੈਨੂੰ ਮੁੰਦਰੀ ਨਾ ਕਹੋ।

—ਕਿਉਂ ਨਾ ਕਹਾਂ? ਤੂੰ ਮੇਰੀ ਮੁੰਦਰੀ ਐਂ।

—ਓਹ ਮੁੰਦਰੀ ਜਿਹੜੀ ਕਿਸੇ ਹੋਰ ਦੀ ਉਂਗਲ 'ਚ ਪਾ ਦਿਤੀ ਗਈ ਸੀ?

—ਪਰ ਮੁੰਦਰੀ ਤਾਂ ਮੇਰੀ ਸੀ।

—ਮੁੰਦਰੀ ਇਕ ਪਲ ਲਈ ਵੀ ਕਿਸੇ ਨੂੰ ਦੇ ਦਿਤੀ ਜਾਵੇ ਤਾਂ ਉਹ ਬੇਗਾਨੀ ਹੋ ਜਾਂਦੀ ਐ, ਹੁਣ ਤੁਸੀ ਮੁੰਦਰੀ ਨੂੰ ਕਿੱਦਾਂ ਆਪਣੀ ਕਹਿ ਸਕਦੇ ਆਂ?

—ਮੇਰੀ ਮੁੰਦਰੀ ਕਿਸੇ ਧਾਂਤ ਦੀ ਬਣੀ ਨਹੀਂ, ਇਹ ਸਾਹਾਂ ਦੀ ਮੁੰਦਰੀ ਆ, ਇਹ ਮੇਰੀ ਆ ਤੇ ਮੇਰੀ ਈ ਰਹਿਣੀ ਆਂ।

—ਏਨਾ ਯਕੀਨ ਚੰਗਾ ਨਹੀਂ ਹੁੰਦਾ ਟਿੱਕਾ ਜੀ।

ਟਿੱਕਾ ਕਾਹਲੀ ਨਾਲ ਅੱਗੇ ਵਧਿਆ ਤੇ ਮੁੰਦਰੀ ਨੂੰ ਪੂਰੇ ਜ਼ੋਰ ਨਾਲ ਬਾਹਾਂ ਵਿਚ ਕੱਸਦਾ ਬੋਲਿਆ,

—ਕਹਿ,ਤੂੰ ਮੇਰੀ ਮੁੰਦਰੀ ਨਹੀਂ!

ਮੁੰਦਰੀ ਕੁਝ ਨਾ ਬੋਲੀ। ਉਹ ਟਿੱਕੇ ਨਾਲ ਚੁੰਬੜ ਗਈ।



ਉਸ ਨੇ ਚਾਹ ਬਣਾਈ ਤੇ ਲੌਂਜ ਵਿਚ ਆ ਸੈਟੀ 'ਤੇ ਬਰੋ-ਬਰਾਬਰ ਬੈਠ ਕੇ ਪੀਣ ਲੱਗੇ। ਟਿੱਕਾ ਮੁੰਦਰੀ ਦੇ ਪਰਿਵਾਰ ਬਾਰੇ ਗੱਲਾਂ ਕਰਨ ਲੱਗਿਆ। ਮੁੰਦਰੀ ਉਸ ਨੂੰ ਦੀਪੇ ਦੀ ਸ਼ਰਾਬ ਦੀ ਆਦਤ ਬਾਰੇ ਦੱਸਦੀ ਰਹੀ। ਆਪਣੇ ਕੰਮ ਬਾਰੇ ਤੇ ਆਪਣੀਆਂ ਸਹੇਲੀਆਂ ਬਾਰੇ ਉਸ ਨੇ ਢੇਰ ਸਾਰੀਆਂ ਗੱਲਾਂ ਕੀਤੀਆਂ। ਉਹ ਕਾਹਲੀ-ਕਾਹਲੀ ਬੋਲੀ ਜਾ ਰਹੀ ਸੀ ਜਿਵੇਂ ਦੇਰ ਦੀਆਂ ਰੁਕੀਆਂ ਗੱਲਾਂ ਹੁਣੇ ਹੀ ਕਰ ਲੈਣੀਆ ਹੋਣ। ਅਚਾਨਕ ਕਿਸੇ ਗੱਲ ਦੇ ਚੇਤੇ ਆਉਣ ਵਾਂਗ ਟਿੱਕੇ ਨੇ ਪੁੱਛਿਆ,

—ਫਿਊਨਰਲ ਦਾ ਕੀ ਇੰਤਜ਼ਾਮ ਆਂ।

—ਹਾਲੇ ਅੱਜ ਈ ਤਾਂ ਦੀਪਾ ਪੂਰਾ ਹੋਇਆ, ਕੱਲ ਨੂੰ ਸੋਚਦੇ ਆਂ। ਉਹਦੇ ਪਹਿਲੇ ਟੱਬਰ ਨੂੰ ਵੀ ਖ਼ਬਰ ਦੇਣੀ ਆਂ। ਭਰਾ ਨੂੰ ਤਾਂ ਸ਼ਾਇਦ ਤਰਸੇਮ ਨੇ ਫੋਨ ਕਰ 'ਤਾ ਸੀ।

—ਤਰਸੇਮ ਕੌਣ ਆਂ?

—ਆਹ ਜਿਹੜਾ ਡੈਂਬਰੀਆਂ ਜਿਹੀਆਂ ਅੱਖਾਂ ਵਾਲ਼ਾ, ਲਾਲ ਪੱਗ ਵਾਲ਼ਾ ਬੈਠਾ ਸੀ।

—ਜਿਹੜਾ ਮੇਰੇ ਵਲ ਔਖਾ-ਔਖਾ ਦੇਖਦਾ ਸੀ?

—ਉਹੀ। ...ਦੇਖਿਆ, ਤੁਹਾਡੇ ਆਉਣ 'ਤੇ ਕਿੱਦਾਂ ਘਬਰਾ ਗਿਆ ਸੀ!

ਮੁੰਦਰੀ ਟਿੱਕੇ ਦੇ ਬਰਾਬਰ ਬੈਠੀ ਸੀ, ਜ਼ਰਾ ਕੁ ਹੱਟਵੀਂ। ਉਹ ਟਿੱਕੇ ਦੇ ਨਜ਼ਦੀਕ ਆਉਂਦੀ ਬੋਲੀ,

—ਮੈਨੂੰ ਪਤਾ ਸੀ ਕਿ ਤੁਸੀਂ ਸੁਣਦੇ ਸਾਰ ਹੀ ਆ ਜਾਓਗੇ।

—ਭਲਾ, ਮੈਂ ਆਪਣੀ ਮੁੰਦਰੀ ਨੂੰ ਇਕੱਲੀ ਕਿੱਦਾਂ ਛੱਡ ਸਕਦਾਂ!

—ਤਾਂਹੀ ਲਗਾਤਾਰ ਮਿਲਣ ਆਉਂਦੇ ਰਹੇ!

—ਤੂੰ ਖਹਾਮਖਾਹ ਮਾਹਾਂ ਦੇ ਆਟੇ ਵਾਂਗ ਆਕੜੀ ਜਾਂਦੀ ਸੀ, ਮੈਂ ਕਿਹਾ, ਭੱਜ ਲੈ ਜਿਥੇ ਤਕ ਭੱਜਣਾ!

ਕਹਿੰਦਿਆਂ ਉਸ ਨੇ ਮੁੰਦਰੀ ਨੂੰ ਆਪਣੇ ਨਾਲ ਘੁੱਟ ਲਿਆ।

ਅੱਠ ਕੁ ਵਜੇ ਸਨ ਕਿ ਦਰਵਾਜ਼ਾ ਖੜਕਿਆ। ਮੁੰਦਰੀ ਬੋਲੀ,

—ਇਸ ਵੇਲੇ ਕੌਣ ਹੋ ਸਕਦਾ?

—ਮੈਂ ਦੇਖਦਾਂ।

ਕਹਿੰਦਾ ਟਿੱਕਾ ਦਰਵਾਜ਼ੇ ਵਲ ਵਧਿਆ। ਦਰਵਾਜ਼ਾ ਖੋਹਲਿਆ ਤਾਂ ਤਰਸੇਮ ਬਾਹਰ ਖੜਾ ਸੀ। ਟਿੱਕੇ ਨੂੰ ਦੇਖ ਕੇ ਤਰਸੇਮ ਝਿਪ ਗਿਆ। ਟਿੱਕੇ ਨੇ ਪੁੱਛਿਆ,

—ਹਾਂ ਜੀ, ਭਾ ਜੀ?

—ਮ..ਮੈਂ ਤਾਂ ਭਰਜਾਈ ਨੂੰ ਪੁੱਛਣ ਆਇਆ ਸੀ ਕਿ ਕੁਸ਼ ਚਾਹੀਦਾ ਤਾਂ ਨਹੀਂ, ਨਾਲੇ ਫਿਊਨਰਲ ਬਾਰੇ ਸਲਾਹ ਕਰਨੀ ਸੀ।

ਜਦ ਤਕ ਮੁੰਦਰੀ ਵੀ ਟਿੱਕੇ ਦੇ ਬਰਾਬਰ ਆ ਖੜੀ। ਉਸ ਦੇ ਮੋਢ੍ਹੇ 'ਹੱਥ ਰੱਖਦੀ ਬੋਲੀ,

—ਭਾਜੀ, ਹੁਣ ਕਿਸੇ ਚੀਜ਼ ਦੀ ਲੋੜ ਨਹੀਂ, ਹੁਣ ਟਿੱਕਾ ਜੀ ਇਥੇ ਹੀ ਨੇ।

## ਚੌਦਾਂ

ਸਵੇਰੇ ਉਠਦਿਆਂ ਹੀ ਦੀਪੇ ਦੇ ਵੱਡੇ ਭਰਾ ਦਾ ਫੋਨ ਆ ਗਿਆ ਕਿ ਫਿਊਨਰਲ ਦਾ ਸਾਰਾ ਇੰਤਜ਼ਾਮ ਉਹੀ ਕਰੇਗਾ। ਮੁੰਦਰੀ ਬੋਲੀ,

—ਚਲੋ ਇਹ ਜ਼ਿੰਮੇਵਾਰੀ ਉਹਨੇ ਲੈ ਲਈ, ਠੀਕ ਈ ਹੋਇਆ। ਓਦਾਂ ਏਹਨੇ ਕਦੇ ਮੈਨੂੰ ਆਪਣੇ ਟੱਬਰ ਦਾ ਹਿੱਸਾ ਨਹੀਂ ਮੰਨਿਆਂ। ਮੈਨੂੰ ਦੀਪੇ ਦੇ ਫਿਊਨਰਲ ਕਰਨ ਦੇ ਕਾਬਲ ਵੀ ਨਹੀਂ ਸਮਝਿਆ! ਵੈਸੇ ਦੀਪਾ ਇਸ ਮਾਮਲੇ ਵਿਚ ਆਪਣੀ ਇੰਸੋਅਰੈਂਸ ਕਰਾ ਗਿਐ।

ਟਿੱਕੇ ਨੇ ਆਪਣੇ ਕੰਮ ਉਪਰ ਫੋਨ ਕਰਕੇ ਕੁਝ ਦਿਨਾਂ ਦੀ ਛੁੱਟੀ ਲੈ ਲਈ। ਦਸ ਕੁ ਵਜੇ ਜੀਤ ਸਿੰਘ ਦਾ ਫੋਨ ਆ ਗਿਆ ਕਿ ਦੀਪੇ ਦਾ ਅਫਸੋਸ ਕਰਨ ਵਾਲੇ ਲੋਕ ਗੁਰਦਵਾਰੇ ਹੀ ਆਉਣ ਲੱਗੇ ਸਨ। ਟਿੱਕਾ ਤੇ ਮੁੰਦਰੀ ਗੁਰਦਵਾਰੇ ਚਲੇ ਗਏ। ਇਕ ਕਮਰੇ ਵਿਚ ਚਾਦਰ ਵਿਛਾਈ ਹੋਈ ਸੀ। ਕੁਝ ਲੋਕ ਬੈਠੇ ਸਨ। ਔਰਤਾਂ ਇਕ ਪਾਸੇ ਤੇ ਮਰਦ ਇਕ ਪਾਸੇ। ਟਿੱਕੇ ਵਲ ਸਭ ਨੇ ਹੀ ਸਵਾਲੀ ਨਜ਼ਰਾਂ ਨਾਲ ਦੇਖਿਆ ਤੇ ਫਿਰ ਆਪਣੇ ਆਪ ਹੀ ਕੋਈ ਜਵਾਬ ਘੜ ਲਿਆ। ਇਕ ਸਿਆਣੀ ਜਿਹੀ ਔਰਤ ਨੇ ਮੁੰਦਰੀ ਤੋਂ ਟਿੱਕੇ ਬਾਰੇ ਪੁੱਛਿਆ ਤਾਂ ਉਸ ਨੇ ਕਹਿ ਦਿਤਾ ਕਿ ਉਸ ਉਸ ਦਾ ਕੋਈ ਰਿਸ਼ਤੇਦਾਰ ਹੈ। ਲੋਕ ਆਉਂਦੇ ਰਹੇ ਤੇ ਜਾਂਦੇ ਰਹੇ। ਅਮਰੀਕ ਤੇ ਨਾਜਰ ਇਕੱਠੇ ਆਏ ਤੇ ਇਕੱਠੇ ਹੀ ਉਠ ਕੇ ਤੁਰ ਪਏ। ਜਿੰਨਾ ਚਿਰ ਉਹ ਬੈਠੇ ਰਹੇ ਟਿੱਕੇ ਵਲ ਹੀ ਦੇਖਦੇ ਰਹੇ। ਅਮਰੀਕ ਨੇ ਕਿਹਾ,

—ਨਾਜਰਾ, ਸਮਝਿਆ ਕੁਸ਼?

—ਥੋੜਾ ਥੋੜਾ।

—ਕਿੰਨਾ ਕੁ?

—ਇੰਨਾ ਕੁ ਕਿ ਆਪਾਂ ਕਹਿੰਦੇ ਸੀ ਕਿ ਦੀਪਾ ਜਵਾਨ ਕੁੜੀ ਨਾਲ ਕਿੱਦਾਂ ਨਿਭਦਾ ਹੋਊ ਤੇ ਇਹ ਕੁੜੀ ਵੀ ਸਤੀ-ਸਵਿਤਰੀ ਹੋਣ ਦਾ ਦਾਅਵਾ ਕਰਦੀ ਫਿਰਦੀ ਸੀ ਪਰ ਅਸਲ ਵਿਚ ਇਹਨੇ ਇਹ ਬੰਦਾ ਪਹਿਲਾਂ ਈ ਰੱਖਿਆ ਹੋਇਆ ਸੀ।

—ਬਿਲੁਕਲ ਠੀਕ ਸਮਝਿਆਂ, ਨਹੀਂ ਤਾਂ ਦੀਪੇ ਨਾਲ਼ ਏਨੇ ਸਾਲ ਇਹ ਕਿੱਦਾਂ ਕੱਢ ਜਾਂਦੀ।

—ਅਮਰੀਕ ਸਿਆਂ, ਇਕ ਗੱਲ ਹੋਰ ਕਹਾਂ?

—ਕਹਿ।

—ਜੇ ਦੀਪਾ ਵਿਆਹ ਨਾ ਕਰਾਉਂਦਾ ਤਾਂ ਸ਼ੈਦ ਹਾਲੇ ਨਾ ਮਰਦਾ।

—ਇਹ ਵੀ ਸੱਚ ਆ। ਵਿਆਹ ਕਰਾਉਂਦੇ ਕਰਾਉਂਦੇ ਨੇ ਕਰਜਾ ਲੈਣਾ ਸ਼ੁਰੂ ਕਰ ਦਿਤਾ ਤੇ ਦਿਨੋ ਦਿਨ ਕਰਜੇ 'ਚ ਡੁੱਬਦਾ ਗਿਆ, ਨਾਲ਼ ਈ ਉਹਦੀ ਸ਼ਰਾਬ ਵਧਦੀ ਗਈ।

—ਸ਼ਰਾਬ ਤਾਂ ਸ਼ੈਦ ਏਸ ਬੰਦੇ ਕਰਕੇ ਪੀਂਦਾ ਹੋਵੇ।

—ਪਤਾ ਨਹੀਂ ਵੈਸੇ ਏਸ ਬੰਦੇ ਦੀਆਂ ਤਾਂ ਬਹੁਤ ਸਿਫਤਾਂ ਕਰਦਾ ਹੁੰਦਾ ਸੀ, ਬਾਕੀ ਰੱਬ ਦੇ ਘਰ ਦਾ ਪਤਾ ਕੁਸ਼ ਨੀਂ!



—ਪਰ ਤੂੰ ਏਹ ਦੇਖਲਾ ਬਈ ਦੀਪੇ ਦੇ ਮਰਨ ਤੋਂ ਕੁਸ਼ ਘੰਟਿਆਂ ਬਾਅਦ ਈ ਆ ਕੇ ਅਗਲੇ ਨੇ ਆਪਣੀ ਅਮਾਨਤ ਸਾਂਭ ਲਈ।

—ਤੇ ਤਰਸੇਮ ਵਰਗੇ ਮੁੱਛਾਂ ਨੂੰ ਵੱਟ ਦਿੰਦੇ ਰਹਿ ਗਏ।

ਕਹਿ ਕੇ ਉਹ ਦੋਵੇਂ ਹੱਸਣ ਲੱਗ ਪਏ। ਗੁਰਦਵਾਰੇ ਤੋਂ ਬਾਹਰ ਨਿਕਲੇ ਤਾਂ ਉਹਨਾਂ ਨੇ ਤਰਸੇਮ ਦੀ ਵੈਨ ਖੜਦੀ ਦੇਖ ਲਈ। ਉਹ ਉਹਦੇ ਵੱਲ ਤੁਰ ਪਏ। ਤਰਸੇਮ ਵੈਨ ਵਿਚੋਂ ਉਤਰਿਆ। ਨਾਜਰ ਨੇ ਆਖਿਆ,

—ਪੰਛੀ ਕਿਸੇ ਹੋਰ ਟਾਹਣੀ ਤੇ ਜਾ ਬੈਠਾ ਤੇ ਤੂੰ ਰਹਿ ਗਿਆ ਦੇਖਦਾ ਈ!

ਜਵਾਬ ਵਿਚ ਤਰਸੇਮ ਜ਼ਰਾ ਕੁ ਮੁਸਕਰਾਇਆ ਤੇ ਬਿਨਾਂ ਕੁਝ ਬੋਲੇ ਅੱਗੇ ਲੰਘ ਗਿਆ।

ਸ਼ਾਮ ਨੂੰ ਮਨਜੀਤ ਜਦ ਮੁੰਦਰੀ ਨੂੰ ਮਿਲੀ ਤਾਂ ਬੋਲੀ,

—ਤੇਰੀ ਚੋਣ ਮੈਨੂੰ ਬਹੁਤ ਪਸੰਦ ਆ। ਹੁਣ ਨਾ ਛੱਡੀਂ ਏਹਨੂੰ, ਘੁੱਟ ਕੇ ਫੜ ਰੱਖੀਂ।

ਮੁੰਦਰੀ ਹੱਸਣ ਲੱਗੀ। ਟਿੱਕੇ ਬਾਰੇ ਤਾਂ ਕਦੇ ਕਦੇ ਪਹਿਲਾਂ ਵੀ ਗੱਲ ਹੋ ਜਾਂਦੀ ਸੀ ਪਰ ਹੁਣ ਮਿਸਜ਼ ਭੰਗੂ ਤੇ ਮਨਜੀਤ ਖੁਲ੍ਹ ਕੇ ਕਰਨ ਲੱਗੀਆਂ। ਦੀਪੇ ਦੀ ਮੌਤ ਤਾਂ ਬਹੁਤ ਦਿਨਾਂ ਤੋਂ ਸਭ ਨੂੰ ਦਿਸ ਹੀ ਰਹੀ ਸੀ ਇਸ ਲਈ ਓਨੀ ਤਕਲੀਫ-ਦੇਹ ਨਹੀਂ ਸੀ। ਫਿਊਨਰਲ ਹੋ ਗਿਆ। ਦੀਪੇ ਦੇ ਸਾਰੇ ਦੋਸਤ ਆਏ ਪਰ ਉਸ ਦਾ ਪਹਿਲਾ ਟੱਬਰ ਨਹੀਂ ਸੀ ਆਇਆ। ਟਿੱਕੇ ਨੇ ਸ਼ਿੰਦੇ ਰਾਹੀਂ ਉਹਨਾਂ ਨੂੰ ਸੁਨੇਹਾ ਤਾਂ ਪੁਜਦਾ ਕਰ ਦਿਤਾ ਹੋਇਆ ਸੀ। ਕਿਸੇ ਨੇ ਉਹਨਾਂ ਬਾਰੇ ਕੋਈ ਗੱਲ ਵੀ ਨਾ ਕੀਤੀ। ਮੁੰਦਰੀ ਵਾਪਸ ਕੰਮ 'ਤੇ ਜਾਣ ਲੱਗ ਪਈ ਤੇ ਟਿੱਕਾ ਵੀ। ਇਕ ਦਿਨ ਮਿਸਜ਼ ਭੰਗੂ ਬੋਲੀ,

—ਹੁਣ ਜਲਦੀ ਨਾਲ ਪ੍ਰੋਪੋਜ਼ ਕਰ ਦੇਹ।

—ਨਹੀਂ ਭੈਣ ਜੀ, ਇਸ ਵਾਰ ਪ੍ਰੋਪੋਜ਼ ਟਿੱਕਾ ਜੀ ਕਰਨਗੇ, ਮੈਂ ਇਕ ਵਾਰ ਕਰ ਚੁੱਕੀ ਆਂ।

—ਜੇ ਉਹਨੇ ਨਾ ਏਦਾਂ ਕੀਤਾ ਤਾਂ?

—ਤਾਂ ਫੇਰ ਏਦਾਂ ਈ ਚੱਲੂ।

ਆਖਦੀ ਮੁੰਦਰੀ ਹੱਸੀ। ਅਸਲ ਵਿਚ ਦੀਪੇ ਦੇ ਜ਼ਿਆਦਾ ਬਿਮਾਰ ਹੁੰਦਿਆਂ ਹੀ ਮੁੰਦਰੀ ਮੁੜ ਟਿੱਕੇ ਬਾਰੇ ਸੋਚਣ ਲੱਗ ਪਈ ਸੀ। ਇੰਨੇ ਦਿਨ ਮੁੜ ਟਿੱਕੇ ਨਾਲ ਇਕੱਠੇ ਰਹਿਣ ਕਾਰਨ ਪਹਿਲੇ ਜਿਹਾ ਪਿਆਰ ਜਾਗ ਪਿਆ ਸੀ। ਟਿੱਕਾ ਹੁਣ ਆਮ ਤੌਰ 'ਤੇ ਕੰਮ ਤੋਂ ਬਾਅਦ ਲੈਸਟਰ ਹੀ ਆ ਜਾਇਆ ਕਰਦਾ। ਸਪਤਾਹ-ਅੰਤ 'ਤੇ ਮੁੰਦਰੀ ਬਰਮੀਘੰਮ ਚਲੇ ਜਾਂਦੀ। ਦੋ ਕੁ ਮਹੀਨੇ ਇਵੇਂ ਹੀ ਲੰਘੇ ਤਾਂਇਕ ਦਿਨ ਟਿੱਕਾ ਕਹਿਣ ਲਗਿਆ,

—ਮੁੰਦਰੀਏ, ਕਿਉਂ ਨਹੀਂ ਤੂੰ ਬਰਮੀਘੰਮ ਆ ਜਾਂਦੀ?

—ਟਿੱਕਾ ਜੀ, ਕੀ ਕਰੂੰ ਮੈਂ ਬਰਮੀਘੰਮ ਆਕੇ, ਜੇ ਆਪਾਂ ਢਿੱਡ ਈ ਘਸਾਉਣੇ ਆਂ ਤਾਂ ਏਦਾਂ ਈ ਘਸਾਈ ਜਾਨੇ ਆਂ, ਕਦੇ ਬਰਮੀਘੰਮ ਤੇ ਕਦੇ ਲੈਸਟਰ।

ਆਖ ਕੇ ਉਹ ਜ਼ੋਰ ਨਾਲ ਹੱਸੀ ਤੇ ਫਿਰ ਬੋਲੀ,

—ਮੇਰੀ ਹੁਣ ਜੌਬ ਬਣੀ ਹੋਈ ਆ, ਮੇਰਾ ਸਰਕਲ ਵੀ ਆ। ...ਹਾਂ, ਜੇ ਕੋਈ ਅਗਾਂਹ ਦੀ ਗੱਲ ਕਰਨੀ ਆਂ ਤਾਂ ਸੋਚੋ।

—ਅਗਾਂਹ ਦੀ ਕਿਹੜੀ ਗੱਲ ਕਰਨੀ ਆਂ, ਦੱਸ, ਕਰ ਲੈਂਨੇ ਆਂ।

—ਟਿੱਕਾ ਜੀ, ਇਹ ਤੁਸੀਂ ਸੋਚੋ, ਤੁਸੀਂ ਮੇਰੇ ਤੋਂ ਜ਼ਿਆਦਾ ਸਮਝਦਾਰ ਓ, ਜ਼ਿਆਦਾ ਪੜ੍ਹੇ ਲਿਖੇ ਓ।

—ਪਤਾ ਨਹੀਂ ਕਿੱਦਾਂ ਦੇ ਸਵਾਲ ਜਿਹੇ ਪਾਈ ਜਾਨੀ ਆਂ।

ਕਹਿੰਦਿਆਂ ਟਿੱਕੇ ਨੇ ਹੋਰ ਗੱਲ ਤੋਰ ਲਈ।

ਬਰਮੀਘੰਮ ਆਉਣ ਦਾ ਮੁੰਦਰੀ ਨੂੰ ਇਕ ਫਾਇਦਾ ਇਹ ਹੋ ਜਾਂਦਾ ਕਿ ਉਹ ਕੰਪਿਊਟਰ ਸਿੱਖ ਜਾਂਦੀ। ਹੁਣ ਉਹ ਕੰਪਿਊਟਰ ਚਲਾਉਣਾ ਕਾਫੀ ਹੱਦ ਤਕ ਜਾਣਦੀ ਸੀ। ਟਿੱਕਾ ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਾਈਟਾਂ ਖੋਹਲ ਕੇ ਦਿਖਾਉਂਦਾ। ਯੂਟਿਊਬ ਤੋਂ ਉਹ ਫਿਲਮਾਂ ਤੇ ਹੋਰ ਪ੍ਰੋਗਰਾਮ ਦੇਖਦੀ ਰਹਿੰਦੀ। ਟਿੱਕੇ ਨੇ ਉਸ ਦਾ ਈਮੇਲ ਐਡਰਸ ਵੀ ਬਣਾ ਦਿਤਾ ਹੋਇਆ ਸੀ।

ਇਕ ਰਾਤ ਟਿੱਕਾ ਬਰਮੀਘੰਮ ਹੀ ਸੀ। ਦੱਸ ਕੁ ਵਜੇ ਓਹ ਕੰਪਿਊਟਰ ਨੂੰ ਗੋਦੀ ਵਿਚ ਲਈ ਬੈਠਾ ਸੀ ਕਿ ਉਸ ਦਾ ਫੋਨ ਖੜਕਿਆ। ਮੁੰਦਰੀ ਦਾ ਸੀ।ਟਿੱਕੇ ਨੇ ਫੋਨ ਚੁੱਕਿਆ ਤਾਂ ਦੂਜੇ ਪਾਸੇ ਮੁੰਦਰੀ ਸੀ। ਉਹ ਕੰਬਦੀ ਅਵਾਜ਼ ਵਿਚ ਕਹਿ ਰਹੀ ਸੀ,

—ਟਿੱਕਾ ਜੀ, ਕੋਈ ਮੇਰਾ ਡੋਰ ਕਰੀ ਜਾਂਦਾ।

—ਕੌਣ ਆਂ?

—ਕੋਈ ਮੁੰਡਾ ਜਿਹਾ, ਮੈਂ ਉਪਰੋਂ ਵਿੰਡੋ ਵਿਚਦੀ ਦੇਖਿਆ।

—ਡੋਰ ਬਿਲਕੁਲ ਨਾ ਖੋਹਲੀਂ, ਮੈਂ ਆਉਂਨਾ।

ਟਿੱਕੇ ਨੇ ਕਾਹਲੀ ਵਿਚ ਕਪੜੇ ਪਾਏ ਤੇ ਕਾਰ ਲੈਸਟਰ ਨੂੰ ਦੁੜਾ ਲਈ। ਉਸ ਦੇ ਜਾਂਦੇ ਨੂੰ ਮੁੰਦਰੀ ਖੜੀ ਡਰ ਨਾਲ ਕੰਬੀ ਜਾ ਰਹੀ ਸੀ। ਟਿੱਕੇ ਨੇ ਕਿਹਾ,

—ਤੂੰ ਏਨੀ ਬਹਾਦਰ ਕੁੜੀ ਐਂ ਤੇ ਨਿੱਕੀ ਜਿਹੀ ਗੱਲ ਤੋਂ ਈ ਡਰੀ ਜਾਨੀ ਆਂ?

—ਟਿੱਕਾ ਜੀ, ਇਹ ਗੱਲ ਨਿੱਕੀ ਜਿਹੀ ਨਹੀਂ, ਜੇ ਕੋਈ ਦਰਵਾਜ਼ਾ ਤੋੜ ਕੇ ਅੰਦਰ ਆ ਵੜੇ ਤਾਂ...!

—ਐਵੇਂ ਨਹੀਂ ਘਬਰਾਈਦਾ। ਮੈਂ ਦੇਖਦਾਂ, ਆਉਣ ਦੇ ਜਿਹੜਾ ਆਉਂਦਾ, ਕਿਤੇ ਉਹੀ ਤਰਸੇਮ ਤਾਂ ਨਹੀਂ।

—ਨਹੀਂ, ਇਹ ਕੋਈ ਮੁੰਡਾ ਜਿਹਾ, ਮੇਨ ਰੋਡ ਤੇ ਪਾਕਿਸਤਾਨੀਆਂ ਦਾ ਰੈਸਟੋਰੈਂਟ ਆ, ਦੀਪਾ ਇਕ ਵਾਰੀ ਉਹਨਾਂ ਨੂੰ ਮਜ਼ਾਕ ਵਿਚ ਕਹਿੰਦਾ ਸੀ ਕਿ ਤੁਹਾਡੀ ਭੈਣ ਮੇਰੇ ਘਰ ਆ, ਮੈਨੂੰ ਲਗਦਾ ਉਥੋਂ ਈ ਕੋਈ ਮੁੰਡਾ ਹੈਗਾ। ਅੱਗੇ ਵੀ ਇਕ ਦਿਨ ਕਿਸੇ ਨੇ ਡੋਰ ਕੀਤਾ ਸੀ ਤੇ ਫੇਰ ਦੌੜ ਗਿਆ ਸੀ। ਅੱਜ ਕੋਈ ਡੋਰ ਕਰਦਾ ਬਾਹਰ ਈ ਖੜਾ ਰਿਹਾ।

—ਤੂੰ ਮੈਨੂੰ ਪਹਿਲਾਂ ਨਹੀ ਦੱਸਿਆ?

—ਮੈਂ ਕਿਹਾ ਕਿ ਤੁਸੀਂ ਪਰੇਸ਼ਾਨ ਹੋਵੋਂਗੇ। ਮੈਂ ਇਥੇ ਮੇਰੀ ਇਕ ਸਹੇਲੀ ਆ ਪੁਲੀਸ ਵਾਲੀ, ਆਪਣੀ ਕੁੜੀ ਆ ਤੇਜੀ ਸੱਗੂ, ਉਹਨੂੰ ਦਸਿਆ ਸੀ। ਉਹਨੇ ਮੈਨੂੰ ਆਪਣਾ ਮੁਬਾਈਲ ਨੰਬਰ ਵੀ ਦਿਤਾ ਹੋਇਆ, ਮੈਂ ਕਰਦੀ ਸੀ ਤਾਂ ਬੰਦ ਆ ਰਿਹਾ ਸੀ।

—ਚੱਲ, ਕੱਲ ਨੂੰ ਓਸ ਰੈਸਟੋਰੈਂਟ ਗੇੜਾ ਮਾਰ ਕੇ ਆਵਾਂਗੇ।

—ਰੈਸਟੋਰੈਂਟ ਜਾ ਕੇ ਕੀ ਕਰਾਂਗੇ।



—ਉਹਨਾਂ ਨੂੰ ਦਸਾਂਗੇ ਕਿ ਆਪਣੀ ਭੈਣ ਨੂੰ ਇਕੱਲੀ ਨਾ ਸਮਝਣ।

ਆਖਦਾ ਟਿੱਕਾ ਹੱਸਣ ਲਗਿਆ।

## ਪੰਦਰਾਂ

ਮੁੰਦਰੀ ਤੇ ਟਿੱਕੇ ਦੇ ਦੌੜ-ਭੱਜ ਦੇ ਇਸ ਰਿਸ਼ਤੇ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਸੀ। ਛੁੱਟੀਆਂ ਉਹ ਇਕੱਠੇ ਹੀ ਗੁਜ਼ਾਰਦੇ। ਟਿੱਕੇ ਨੇ ਪੱਬ ਬਗੈਰਾ ਜਾਣਾ ਤਾਂ ਇਕ ਕਿਸਮ ਨਾਲ ਬੰਦ ਹੀ ਕੀਤਾ ਹੋਇਆ ਸੀ। ਹੁਣ ਉਹ ਮੋਹਣ ਦੀ ਦੁਕਾਨ 'ਤੇ ਉਸ ਦੀ ਮੱਦਦ ਕਰਨ ਵੀ ਨਾ ਜਾਂਦਾ। ਆਪਣੇ ਟਰੈਵਲ ਏਜੰਟ ਦੋਸਤ ਜੱਸ, ਜਿਸ ਦੀ ਦੁਕਾਨ ਗੁਰਦਵਾਰੇ ਦੇ ਨਾਲ ਹੀ ਸੀ, ਕੋਲ ਵੀ ਨਾ ਜਾ ਸਕਦਾ। ਇਸ ਸਾਲ ਤਾਂ ਉਹ ਇੰਡੀਆ ਵੀ ਨਾ ਗਿਆ। ਸ਼ਿੰਦੇ ਨਾਲ ਵੀ ਫੋਨ ਉਪਰ ਹੀ ਗੱਲ ਹੁੰਦੀ। ਮੁੰਦਰੀ ਆਈ ਹੁੰਦੀ ਤਾਂ ਉਹਨਾਂ ਦਾ ਬਹੁਤਾ ਸਮਾਂ ਕੰਪਿਊਟਰ 'ਤੇ ਹੀ ਬੀਤਦਾ। ਮੁੰਦਰੀ ਦਾ ਕੰਪਿਊਟਰ ਉਪਰ ਸਾਫ-ਹੱਥ ਦੇਖ ਕੇ ਟਿੱਕਾ ਉਸ ਨੂੰ ਕਹਿਣ ਲਗਦਾ,

—ਤੇਰੇ ਵਿਚ ਬਹੁਤ ਕੈਪਸਟੀ ਐ, ਕੋਈ ਕੋਰਸ ਬਗੈਰਾ ਕਰ ਲੈ। ਨਰਸਿੰਗ ਬਗੈਰਾ ਦਾ।

—ਕੋਈ ਲੱਭ ਦਿਓ ਟਿੱਕਾ ਜੀ, ਕਿਤੇ ਐਡਮਿਸ਼ਨ ਲੈ ਦਿਓ, ਤੁਸੀਂ ਮੇਰੇ ਖਵੱਈਆ, ਤੁਹਾਡੇ ਹੱਥ ਮੇਰੀ ਡੋਰ!

ਪਿਆਰ ਵਿਚ ਆਈ ਮੁੰਦਰੀ ਆਖਣ ਲਗਦੀ।

ਉਹਨਾਂ ਵਿਚ ਸਭ ਕੁਝ ਵਧੀਆ-ਵਧੀਆ ਹੀ ਨਹੀਂ ਸੀ ਰਹਿੰਦਾ। ਕਈ ਵਾਰ ਲੜ ਵੀ ਪੈਂਦੇ। ਟਿੱਕੇ ਦੇ ਤਾਂ ਗੁੱਸਾ ਨੱਕ 'ਤੇ ਹੀ ਪਿਆ ਹੁੰਦਾ। ਉਹ ਮੁੰਦਰੀ ਨੂੰ ਗਾਲ ਵੀ ਕੱਢ ਦਿੰਦਾ। ਉਸ ਦੀ ਵੱਡੀ ਗਾਲ਼ -'ਮਾਂ ਯਾਵੀ' ਹੀ ਹੁੰਦੀ। ਮੁੰਦਰੀ ਵੀ ਰੁੱਸੀ ਹੋਈ ਹੁੰਦੀ ਤਾਂ ਕਈ ਵਾਰ ਚੁੱਪ ਕਰਕੇ, ਬਿਨਾਂ ਦੱਸੇ ਚਲੇ ਜਾਂਦੀ। ਕਈ ਦਿਨ ਤਕ ਫੋਨ ਵੀ ਨਾ ਕਰਦੀ। ਫਿਰ ਹੌਲੀ ਹੌਲੀ ਉਹ ਠੀਕ ਹੋ ਜਾਂਦੇ। ਕੋਈ ਨਾ ਕੋਈ ਬਹਾਨਾ ਕਰਕੇ ਬੋਲਣ ਲੱਗ ਪੈਂਦੇ। ਦੁਬਾਰਾ ਮਿਲਦੇ ਤਾਂ ਪਿਆਰ ਦੂਣ-ਸਵਾਇਆ ਹੋ ਗਿਆ ਹੁੰਦਾ। ਅਸਲ ਵਿਚ ਕਈ ਵਾਰ ਮੁੰਦਰੀ ਟਿੱਕੇ ਵਿਚੋਂ ਦੀਪੇ ਨੂੰ ਲੱਭਣ ਲਗਦੀ, ਖਾਸ ਤੌਰ 'ਤੇ ਜਦ ਉਸ ਦਾ ਜਨਮਦਿਨ ਹੁੰਦਾ ਜਾਂ ਕ੍ਰਿਸਮਸ, ਵੈਲਨਟਾਈਨ ਡੇ ਬਗੈਰਾ ਹੁੰਦੇ। ਟਿੱਕਾ ਉਸ ਨੂੰ ਕਦੇ ਕੋਈ ਤੋਹਫਾ ਨਾ ਦਿੰਦਾ, ਕਦੇ ਫੋਨ ਉਪਰ 'ਵਿਸ਼' ਕਰ ਦਿਤੀ ਤਾਂ ਭਾਵੇਂ ਕਰ ਦਿਤੀ। ਦੀਪਾ ਉਸ ਨੂੰ ਮਾੜੀ ਜਿਹੀ ਰੁੱਸੀ 'ਤੇ ਹੀ ਫੁੱਲਾਂ ਦਾ ਗੁਲਦਸਤਾ ਲਿਆ ਧਰਦਾ। ਜਦ ਉਹ ਰੁੱਸੇ ਹੁੰਦੇ ਤਾਂ ਮੁੰਦਰੀ ਟਿੱਕੇ ਦੇ ਫੋਨ ਦੀ ਉਡੀਕ ਕਰ ਰਹੀ ਹੁੰਦੀ। ਮਿਸਜ਼ ਭੰਗੂ ਉਸ ਨੂੰ ਸਮਝਾਉਣ ਲਗਦੀ,

—ਪੂਨਮ, ਅਸੀਂ ਔਰਤਾਂ ਕੁਸ਼ ਜ਼ਿਆਦਾ ਹੀ ਸੈਂਟੀ ਹੁੰਦੀਆਂ, ਮਰਦ ਆਪਣੀ ਫੋਕੀ ਜਿਹੀ ਆਕੜ ਵਿਚ ਜੀਉਂਦਾ ਹੁੰਦੈ, ਮੋਰ ਵਾਂਗ ਨੱਚ ਕੇ ਪਤਨੀ ਨੂੰ ਰੁਝਾਉਣ ਵਾਲੇ ਮਰਦ ਥੋੜੇ ਹੀ ਹੁੰਦੇ ਆ। ਟਿੱਕਾ ਉਹਨਾਂ ਵਿਚੋਂ ਨਹੀਂ।

ਮੁੰਦਰੀ ਬੇਪਰਵਾਹੀ ਵਿਚ ਮੋਢੇ ਚੁੱਕ ਕੇ ਮਾਰਦੀ ਜਿਵੇਂ ਕਹਿ ਰਹੀ ਹੋਵੇ ਕਿ

ਜਾਣੇ ਮੇਰੀ ਜੁੱਤੀ। ਅਸਲ ਵਿਚ ਉਹ ਟਿੱਕੇ ਨੂੰ ਬਹੁਤ ਪਿਆਰ ਕਰਦੀ ਸੀ। ਉਸ ਦੇ ਬਿਨਾਂ ਕਦੇ ਕਦੇ ਉਸ ਨੂੰ ਜੀਉਣਾ ਵੀ ਔਖਾ ਲੱਗਣ ਲੱਗ ਪੈਂਦਾ।

ਮੁੰਦਰੀ ਦਾ ਆਪਣੀ ਮਾਂ ਜੁਬੈਦਾ ਨਾਲ ਲਗਾਤਾਰ ਫੋਨ ਚਲਦਾ ਰਹਿੰਦਾ ਸੀ। ਉਸ ਨੇ ਜੁਬੈਦਾ ਨੂੰ ਘਰ ਬਣਾ ਦਿਤਾ ਸੀ। ਫਰੀਦਾ ਦੇ ਬੱਚੇ ਚੰਗੇ ਸਕੂਲਾਂ ਵਿਚ ਪੜ੍ਹ ਰਹੇ ਸਨ। ਹੁਣ ਫਰੀਦਾ ਨੂੰ ਇਕੋ ਹੀ ਭੂਤ ਸਵਾਰ ਸੀ ਕਿ ਉਹ ਉਸ ਨੂੰ ਕਿਸੇ ਤਰ੍ਹਾਂ ਇੰਗਲੈਂਡ ਸੱਦੇ। ਜਿਵੇਂ ਉਹ ਚਾਹਲ ਨਾਲ ਆਈ ਉਵੇਂ ਹੀ ਉਸ ਦਾ ਇੰਤਜ਼ਾਮ ਕਰੇ ਪਰ ਮੁੰਦਰੀ ਦੇ ਵੱਸ ਵਿਚ ਅਜਿਹਾ ਕੁਝ ਵੀ ਨਹੀਂ ਸੀ। ਉਸ ਦੇ ਆਲੇ-ਦੁਆਲੇ ਕੋਈ ਵੀ ਅਜਿਹਾ ਨਹੀਂ ਸੀ। ਇਕ ਦੋ ਵਾਰ ਉਸ ਨੇ ਟਿੱਕੇ ਨੂੰ ਕਿਹਾ ਤਾਂ ਟਿੱਕਾ ਅਗਿਓਂ ਹੱਸਣ ਲੱਗਿਆ ਸੀ ਕਿ ਅਜਿਹੀਆਂ ਲਾਟਰੀਆਂ ਵਾਰ ਵਾਰ ਨਹੀਂ ਨਿਕਲਿਆ ਕਰਦੀਆਂ ਜਾਂ ਅੰਨੇ ਦੇ ਪੈਰ ਹੇਠ ਬਟੇਰਾ ਕਦੇ ਕਦਾਈਂ ਹੀ ਆਉਂਦਾ ਹੈ। ਫਰੀਦਾ ਉਸ ਨਾਲ ਗੁੱਸੇ ਜਿਹਾ ਰਹਿਣ ਲੱਗੀ ਸੀ। ਜੁਬੈਦਾ ਵੀ ਹਰ ਵਾਰ ਜ਼ਿਆਦਾ ਪੈਸੇ ਦੀ ਮੰਗ ਕਰਦੀ, ਉਸ ਨੇ ਆਪਣੇ ਖਰਚੇ ਬਹੁਤ ਵਧਾ ਲਏ ਸਨ। ਮੁੰਦਰੀ ਉਸ ਨੂੰ ਹਿਸਾਬ ਨਾਲ ਹੀ ਭੇਜਦੀ ਸੀ। ਇਸ ਵਾਰ ਜੁਬੈਦਾ ਦਾ ਫੋਨ ਆਇਆ ਤਾਂ ਉਸ ਦੀ ਅਵਾਜ਼ ਕੰਬ ਰਹੀ ਸੀ। ਮੁੰਦਰੀ ਨੂੰ ਫਿਕਰ ਪੈ ਗਿਆ। ਉਹ ਕਾਹਲੀ ਨਾਲ ਪੁੱਛਣ ਲੱਗੀ,

—ਬੀਬੀ, ਕੀ ਹੋਇਆ?

—ਪੁੱਤ, ਏਹਨਾਂ ਡਾਹਢਿਆਂ ਨੇ ਜੀਣਾ ਹਰਾਮ ਕੀਤਾ ਪਿਆ!

—ਕਿਹਨਾਂ ਨੇ?

—ਆਹ ਟਿੱਕੇ ਦੀ ਮਾਂ ਤੇ ਭਰਾ ਨੇ, ਕਹਿੰਦੇ ਤੁਹਾਡੀ ਕੁੜੀ ਸਾਡੇ ਮੁੰਡੇ ਦੇ ਘਰ ਬਹਿਣਾ ਚਾਹੁੰਦੀ ਆ।

ਜੁਬੈਦਾ ਨੇ ਕਿਹਾ ਤੇ ਮੁੰਦਰੀ ਚੁੱਪ ਕਰ ਗਈ। ਜੁਬੈਦਾ ਨੇ ਪੁੱਛਿਆ,

—ਤੂੰ ਦੱਸ ਧੀਏ, ਕੀ ਸੱਚ ਕਹਿੰਦੇ ਇਹ?

ਮੁੰਦਰੀ ਹਾਲੇ ਵੀ ਚੁੱਪ ਸੀ। ਉਸ ਨੇ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਇਸ ਜ਼ਮਾਨੇ ਵਿਚ ਵੀ ਟਿੱਕੇ ਦੇ ਘਰ ਦੇ ਅਜਿਹਾ ਸੋਚਣਗੇ। ਜੁਬੈਦਾ ਫਿਰ ਬੋਲੀ,

—ਧੀਏ, ਮੈਂ ਬਹੁਤ ਕੁਝ ਸਮਝਦੀ ਆਂ ਪਰ ਇਹ ਵੀ ਸੱਚ ਐ ਕਿ ਮੋਰੀ ਦੀ ਇੱਟ ਕਦੇ ਚੁਬਾਰੇ ਨੂੰ ਨਹੀਂ ਲਗਦੀ ਹੁੰਦੀ।

—ਬੀਬੀ, ਮੈਂ ਮੋਰੀ ਦੀ ਇੱਟ ਨਹੀਂ, ਮੁੰਦਰੀ ਹਾਂ!

—ਤੂੰ ਟਿੱਕੇ ਤੋਂ ਦੂਰ ਰਹਿ।

—ਬੀਬੀ, ਤੂੰ ਕੋਈ ਫਿਕਰ ਨਾ ਕਰ।

—ਮੈਂ ਤਾਂ ਕਹਿੰਨੀ ਆਂ ਕਿ ਤੂੰ ਏਥੇ ਆ ਜਾ, ਇਕ ਤੋਂ ਇਕ ਚੰਗੇ ਮੁੰਡੇ ਆ, ਜਿਹਦੇ ਤੇ ਹੱਥ ਰੱਖੇਂਗੀ ਵਿਆਹ ਲਈਂ, ਤੂੰ ਏਹਨਾਂ ਆਕੜਖਾਨਾਂ ਦੇ ਪਿੱਛੇ ਨਾ ਲੱਗ ਜਾਈਂ, ਏਹ ਲੋਕ ਤਾਂ ਸਾਡੀ ਓਦਾਂ ਹੀ ਕੁੱਤੇਖਾਣੀ ਕਰੀ ਜਾਂਦੇ ਆ, ਜੇ ਤੂੰ ਕਿਤੇ ਗਲਤੀ ਨਾਲ ਵੀ ਵਿਆਹ ਕਰਾ ਲਿਆ ਤਾਂ ਏਹਨਾਂ ਨੇ ਤਾਂ ਸਾਨੂੰ ਜੀਣ ਨਹੀਂ ਦੇਣਾ।ਸੱਚ ਅਸੀਂ ਜ਼ਾਤ ਦੇ ਕੋਹੜ ਕਿਰਲੀ ਆਂ, ਸ਼ਤੀਰਾਂ ਨੂੰ ਜੱਫੇ ਨਹੀਂ ਮਾਰਨੇ ਚਾਹੀਦੇ!

ਜੁਬੈਦਾ ਰੋਂਦੀ ਹੋਈ ਕਹਿ ਰਹੀ ਸੀ। ਮੁੰਦਰੀ ਦੇ ਇਕ ਚੜ੍ਹ ਰਹੀ ਸੀ, ਇਕ ਉਤਰ ਰਹੀ ਸੀ। ਉਸ ਆਪਣੇ ਦਿਲ ਨੂੰ ਫੜਦੀ ਹੋਈ ਸੋਫੇ 'ਤੇ ਬਹਿ ਗਈ ਤੇ ਕਿੰਨਾ



ਚਿਰ ਹੀ ਬੈਠੀ ਰਹੀ। ਉਸ ਨੇ ਟਿੱਕੇ ਨੂੰ ਫੋਨ ਘੁੰਮਾਇਆ ਤੇ ਸਾਰੀ ਗੱਲ ਦੱਸੀ। ਟਿੱਕਾ ਵੀ ਹੈਰਾਨ ਹੋਈ ਜਾ ਰਿਹਾ ਸੀ। ਉਸ ਨੂੰ ਆਪਣੀ ਮਾਂ ਜਾਂ ਭਰਾ ਉਪਰ ਇਹ ਆਸ ਨਹੀਂ ਸੀ ਕਿ ਜੁਬੈਦਾ ਨੂੰ ਬੁਰਾ-ਭਲਾ ਬੋਲਣਗੇ। ਇਹ ਤਾਂ ਉਸ ਦੀ ਆਪਣੀ ਜਾਂ ਮੁੰਦਰੀ ਦੀ ਸਮੱਸਿਆ ਸੀ। ਟਿੱਕਾ ਅਗਲੇ ਦਿਨ ਮੁੰਦਰੀ ਨੂੰ ਮਿਲਣ ਆ ਗਿਆ। ਮੁੰਦਰੀ ਦਾ ਗੁੱਸਾ ਹਾਲੇ ਨਹੀਂ ਸੀ ਘਟਿਆ। ਉਸ ਨੇ ਕਿਹਾ,

—ਟਿੱਕਾ ਜੀ, ਹੁਣੇ ਮੇਰੇ ਸਾਹਮਣੇ ਆਪਣੀ ਮਾਂ ਨੂੰ ਫੋਨ ਕਰੋ ਤੇ ਕਹੋ ਕਿ ਮੇਰੀ ਮਾਂ ਤੋਂ ਜਾ ਕੇ ਸੌਰੀ ਮੰਗ ਕੇ ਆਉਣ।

—ਪਾਗਲ ਹੋ ਗਈ ਐਂ?

—ਫੇਰ ਆਪਾਂ ਨੂੰ ਇਕ ਦੂਜੇ ਤੋਂ ਅਲੱਗ ਹੋਣਾ ਪਵੇਗਾ।

ਮੁੰਦਰੀ ਨੇ ਫੈਸਲਾ ਸੁਣਾਉਣ ਵਾਂਗ ਹੱਥ ਮਾਰਿਆ। ਟਿੱਕੇ ਨੇ ਟੇਬਲ 'ਤੇ ਪਈਆਂ ਆਪਣੀ ਕਾਰ ਦੀਆਂ ਚਾਬੀਆਂ ਚੁੱਕੀਆਂ ਤੇ ਉਠ ਕੇ ਤੁਰ ਪਿਆ। ਬਾਹਰ ਨਿਕਲਦੇ ਨੇ ਜ਼ੋਰ ਦੀ ਦਰਵਾਜ਼ਾ ਬੰਦ ਕੀਤਾ ਤੇ ਤੁਰ ਗਿਆ। ਮੁੰਦਰੀ ਦੌੜ ਕੇ ਖਿੜਕੀ ਕੋਲ ਆ ਗਈ, ਪਰਦੇ ਹਟਾ ਕੇ ਟਿੱਕੇ ਦੀ ਕਾਰ ਨੂੰ ਜਾਂਦਿਆਂ ਦੇਖਣ ਲੱਗੀ ਤੇ ਬੁੜਬੁੜਾਉਣ ਬੋਲੀ, -'ਏਦਾਂ ਤਾਂ ਏਦਾਂ ਹੀ ਸਹੀ।' ਪਰਦੇ ਵਾਪਸ ਠੀਕ ਕਰਕੇ ਉਹ ਰਸੋਈ ਵਿਚ ਕੰਮ ਨੂੰ ਜਾ ਲੱਗੀ।

ਕਈ ਦਿਨ ਨਿਕਲ ਗਏ ਤੇ ਉਹ ਦੋਨੋ ਹੀ ਰੁੱਸੇ ਰਹੇ। ਮੁੰਦਰੀ ਇਸ ਵਾਰ ਮੁੜਨਾ ਨਹੀਂ ਸੀ ਚਾਹੁੰਦੀ। ਟਿੱਕੇ ਨੂੰ ਵੀ ਜਾਪ ਰਿਹਾ ਸੀ ਕਿ ਇਹ ਰਿਸ਼ਤਾ ਖਤਮ ਹੈ। ਟਿੱਕਾ ਬਹੁਤ ਗੁੱਸੇ ਵਿਚ ਸੀ। ਪਹਿਲਾਂ ਤਾਂ ਉਹ ਆਪਣੀ ਮਾਂ ਨਾਲ ਖਫਾ ਸੀ। ਜੇ ਮੁੰਦਰੀ ਨੇ ਆਪਣਾ ਇਹ ਰੂਪ ਨਾ ਦਿਖਾਇਆ ਹੁੰਦਾ ਤਾਂ ਉਹ ਆਪਣੇ ਭਰਾ ਨੂੰ ਫੋਨ ਕਰਕੇ ਜ਼ਰੂਰ ਪੁੱਛਦਾ ਕਿ ਉਹਨਾਂ ਇਹ ਕਿਉਂ ਕੀਤਾ ਪਰ ਇਥੇ ਤਾਂ ਮੁੰਦਰੀ ਹੀ ਚੰਡੀ ਦਾ ਰੂਪ ਬਣੀ ਖੜੀ ਸੀ। ਟਿੱਕਾ ਚੁੱਪ ਰਿਹਾ। ਉਸ ਨੇ ਸ਼ਿੰਦੇ ਜਾਂ ਮੋਹਣ ਜਾਂ ਕਿਸੇ ਹੋਰ ਨਾਲ ਵੀ ਇਸ ਬਾਰੇ ਕੋਈ ਗੱਲ ਨਾ ਕੀਤੀ। ਉਹ ਬਹਾਨਾ ਬਣਾ ਕੇ ਸ਼ਾਮੋ ਨੂੰ ਮਿਲਣ ਚਲੇ ਗਿਆ ਜਿਹੜੀ ਕਿ ਮੁੰਦਰੀ ਦੇ ਆਉਣ ਕਰਕੇ ਰੁੱਸੀ ਹੋਈ ਸੀ। ਜਾਂਦਾ ਹੋਇਆ ਉਸ ਲਈ ਇਕ ਸੋਨੇ ਦੀ ਚੇਨ ਲੈ ਗਿਆ। ਉਸ ਨੂੰ ਸ਼ਾਮੋ ਦੀ ਕਮਜ਼ੋਰੀ ਦਾ ਪਤਾ ਸੀ।...

ਦੋ ਹਫਤੇ ਨਿਕਲ ਗਏ। ਅਚਾਨਕ ਮੁੰਦਰੀ ਨੂੰ ਲੱਗਣ ਲਗਿਆ ਕਿ ਕਿਧਰੇ ਕੁਝ ਗਲਤ ਹੈ। ਉਸ ਦੇ ਮਾਂਹਵਾਰੀ ਦੀ ਤਰੀਕ ਟੱਪ ਗਈ ਸੀ। ਪਹਿਲਾਂ ਤਾਂ ਸੋਚਿਆ ਕਿ ਇਹ ਉਵੇਂ ਹੀ ਹੈ ਪਰ ਫਿਰ ਫਿਕਰ ਪੈ ਗਿਆ। ਕੁਝ ਦਿਨ ਹੋਰ ਲੰਘੇ ਤਾਂ ਉਸ ਨੇ ਕੈਮਿਸਟ ਦਿਉਂ ਕਿੱਟ ਲਿਆ ਕੇ ਚੈੱਕ ਕੀਤਾ। ਮੀਟਰ ਨੇ 'ਹਾਂ' ਕਿਹਾ। ਮੁੰਦਰੀ ਰੋਣ ਲੱਗ ਪਈ। ਉਸ ਨੇ ਆਪਣੀ ਸਹੇਲੀ ਮਿਸਜ਼ ਭੰਗੂ ਨਾਲ ਸਲਾਹ ਕੀਤੀ। ਉਹ ਬੋਲੀ,

—ਇਹ ਮੌਕਾ ਐ, ਤੂੰ ਟਿੱਕੇ 'ਤੇ ਵਿਆਹ ਲਈ ਜ਼ੋਰ ਪਾ ਸਕਦੀ ਐਂ।

—ਪਰ ਨਾ ਤਾਂ ਏਹਦੇ ਘਰਵਾਲੇ ਏਸ ਬੱਚੇ ਨੂੰ ਮਨਜ਼ੂਰ ਕਰਨਗੇ ਤੇ ਨਾ ਹੀ ਸਾਡੇ ਵਿਆਹ ਨੂੰ।

—ਤੂੰ ਵਿਆਹ ਉਹਨਾਂ ਨਾਲ ਕਰਾਉਣੈ ਕਿ ਏਹਦੇ ਨਾਲ?

ਉਸ ਨੂੰ ਆਪਣੀ ਸਹੇਲੀ ਦੀ ਗੱਲ ਬਹੁਤੀ ਚੰਗੀ ਨਾ ਲੱਗੀ ਪਰ ਉਸ ਨੇ ਟਿੱਕੇ ਨੂੰ ਫੋਨ ਕਰ ਲਿਆ। ਪਹਿਲਾਂ ਤਾਂ ਉਹ ਜ਼ਰਾ ਔਖਾ ਬੋਲਿਆ, ਜਦ ਮੁੰਦਰੀ ਨੇ ਆਪਣੇ

ਗਰਭਵਤੀ ਹੋਣ ਦੀ ਗੱਲ ਕੀਤੀ ਤਾਂ ਉਹ ਖੁਸ਼ ਹੋ ਗਿਆ ਤੇ ਬੋਲਿਆ,

—ਇਹ ਤਾਂ ਬਹੁਤ ਵੱਡੀ ਖੁਸ਼ਖਬਰੀ ਐ, ਮੈਂ ਕੱਲ ਨੂੰ ਆਉਨਾ।

—ਟਿੱਕਾ ਜੀ, ਤੁਸੀਂ ਆ ਜਾਵੋ ਪਰ ਮੈਨੂੰ ਇਹ ਬੱਚਾ ਨਹੀਂ ਚਾਹੀਦਾ।

—ਕਿਉਂ?

—ਕਿਉਂ ਕਿ ਇਹ ਬੱਚਾ ਵਿਆਹ ਤੋਂ ਬਿਨਾਂ ਹੋਵੇਗਾ।

—ਪੂਰੇ ਇੰਗਲੈਂਡ ਦੇ ਬੱਚੇ ਵਿਆਹ ਤੋਂ ਬਿਨਾਂ ਪੈਦਾ ਹੋ ਰਹੇ ਆ, ਇਕ ਹੋਰ ਹੋ ਗਿਆ ਤਾਂ ਕੀ ਇੰਗਲੈਂਡ ਡੁੱਬ ਜਾਏਗਾ?

—ਨਹੀਂ ਟਿੱਕਾ ਜੀ, ਮੈਨੂੰ ਇਹ ਬੱਚਾ ਨਹੀਂ ਚਾਹੀਦਾ, ਜੇ ਤੁਹਾਨੂੰ ਚਾਹੀਦਾ ਤਾਂ ਮੇਰੇ ਨਾਲ ਵਿਆਹ ਕਰਾ ਕੇ ਆਪਣੀ ਫੈਮਿਲੀ ਦੇ ਮੂੰਹ 'ਤੇ ਚੁਪੇੜ ਮਾਰੋ।

—ਮੁੰਦਰੀਏ, ਤੂੰ ਹੱਦੋਂ ਬਾਹਰ ਜਾ ਰਹੀ ਐਂ, ਮੈਂ ਤੇਰੀ ਫੈਮਿਲੀ ਬਾਰੇ ਕਦੇ ਕੁਝ ਨਹੀਂ ਕਿਹਾ, ਜੇ ਤੂੰ ਹੁਣ ਇਕ ਵੀ ਲਫ਼ਜ਼ ਮੇਰੇ ਕਿਸੇ ਘਰ ਦੇ ਜੀਅ ਦੇ ਖਿਲਾਫ ਬੋਲੀ ਤਾਂ ਮੈਂ ਤੇਰੀ ਐਸੀ ਦੀ ਤੈਸੀ ਫੇਰ ਦੇਊਂ

—ਗੈੱਟ ਲੌਸਟ ਮਿਸਟਰ ਟਿੱਕਾ!

ਆਖਦਿਆਂ ਉਸ ਨੇ ਫੋਨ ਰੱਖ ਦਿਤਾ।

ਮੁੰਦਰੀ ਹਰ ਵੇਲੇ ਗੁੱਸੇ ਵਿਚ ਰਹਿਣ ਲੱਗੀ। ਉਸ ਦੇ ਦਿਨ ਟੱਪਦੇ ਜਾ ਰਹੇ ਸਨ। ਕਈ ਦਿਨ ਤਕ ਤਾਂ ਉਹ ਫੈਸਲਾ ਹੀ ਨਾ ਕਰ ਸਕੀ ਕਿ ਬੱਚੇ ਨੂੰ ਰੱਖੇ ਜਾਂ ਗਿਰਾ ਦੇਵੇ। ਮਿਸਜ਼ ਭੰਗੂ ਕਹਿ ਰਹੀ ਸੀ ਕਿ ਜੇ ਟਿੱਕਾ ਵਿਆਹ ਲਈ ਨਹੀਂ ਮੰਨ ਰਿਹਾ ਤਾਂ ਇਹ ਬੱਚਾ ਉਸ ਨੂੰ ਕਿਸੇ ਵੀ ਹਾਲਤ ਵਿਚ ਨਹੀਂ ਲੈਣਾ ਚਾਹੀਦਾ। ਉਸ ਨੂੰ ਕਿਤੇ ਨਾ ਕਿਤੇ ਤਾਂ ਵਿਆਹ ਕਰਾਉਣਾ ਹੀ ਪਵੇਗਾ। ਬੱਚੇ ਵਾਲੀ ਔਰਤ ਨਾਲ ਕੋਈ ਵੀ ਬੰਦਾ ਵਿਆਹ ਕਰਾਉਣੋਂ ਝਿਜਕਦਾ ਹੈ। ਉਸ ਦੇ ਮਨ ਦਾ ਇਕ ਨਿੱਕਾ ਜਿਹਾ ਕੋਨਾ ਕਹਿੰਦਾ ਸੀ ਕਿ ਟਿੱਕੇ ਲਈ ਬੱਚੇ ਨੂੰ ਰੱਖ ਲਿਆ ਜਾਵੇ। ਟਿੱਕਾ ਸੀ ਕਿ ਮੁੜ ਕੇ ਉਸ ਨੇ ਫੋਨ ਹੀ ਨਹੀਂ ਸੀ ਕੀਤਾ। ਮੁੰਦਰੀ ਮਾਨਸਿਕ-ਦਬਾਅ ਹੇਠ ਰਹਿਣ ਲੱਗੀ। ਉਸ ਦਾ ਭਾਰ ਘਟਣ ਲਗਿਆ। ਉਸ ਦੀ ਸਹੇਲੀ ਮਨਜੀਤ ਹਾਲਾਤ ਨੂੰ ਸਮਝਦੀ ਜ਼ਬਰਦਸਤੀ ਉਸ ਨੂੰ ਡਾਕਟਰ ਦੇ ਲੈ ਗਈ। ਡਾਕਟਰ ਉਸ ਦੀ ਹਾਲਤ ਦੇਖ ਕੇ ਡਰਨ ਲਗਿਆ ਤੇ ਬੋਲਿਆ,

—ਮਿਸਜ਼ ਚਾਹਲ, ਅਬੌਰਸ਼ਨ ਸੇ ਆਪ ਕੀ ਜਾਨ ਕੋ ਖਤਰਾ ਹੋ ਸਕਤਾ ਹੈ।

—ਕੁਸ਼ ਵੀ ਕਰੋ ਡਾਕਟਰ, ਮੁਝੇ ਯਹ ਬੱਚਾ ਨਹੀਂ ਚਾਹੀਏ।

—ਹੋ ਸਕਤਾ ਹੈ ਓਪਰੇਸ਼ਨ ਕਰਨਾ ਪੜੇ।

ਡਾਕਟਰ ਦਾ ਕਹਿਣਾ ਸਹੀ ਨਿਕਲਿਆ। ਮੁੰਦਰੀ ਦਾ ਓਪਰੇਸ਼ਨ ਨਾਲ ਅਬੌਰਸ਼ਨ ਕੀਤਾ ਗਿਆ। ਕਈ ਦਿਨ ਹਸਪਤਾਲ ਰਹਿਣਾ ਪਿਆ। ਮਿਸਜ਼ ਭੰਗੂ ਨੇ ਟਿੱਕੇ ਨੂੰ ਫੋਨ ਕਰ ਕੇ ਖ਼ਬਰ ਦਿਤੀ। ਉਹ ਭੱਜਿਆ ਹੋਇਆ ਆਇਆ। ਉਸ ਨੇ ਆ ਕੇ ਮੁੰਦਰੀ ਨੂੰ ਬਾਹਾਂ ਵਿਚ ਲੈ ਲਿਆ। ਉਹਨਾਂ ਦੀ ਮੁੜ ਕੇ ਸੁਲਾਹ ਹੋ ਗਈ। ਹੌਲੀ ਹੌਲੀ ਮੁੰਦਰੀ ਸਿਹਤਯਾਬ ਹੋਣ ਲੱਗੀ। ਉਸ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਟਿੱਕਾ ਨੇ ਕੰਮ ਤੋਂ ਛੁੱਟੀ ਕਰ ਲਈ ਤੇ ਦੋ ਹਫਤੇ ਤਕ ਉਸ ਦੇ ਨਾਲ ਹੀ ਰਿਹਾ। ਉਸ ਦੀ ਸੇਵਾ ਕਰਦਾ ਰਿਹਾ। ਮੁੰਦਰੀ ਪੂਰੀ ਤਰ੍ਹਾਂ ਕਾਇਮ ਹੋ ਗਈ। ਉਸ ਨੂੰ ਕੀ ਹੋਇਆ ਤੇ ਕਿਵੇਂ ਹੋਇਆ ਸੀ, ਇਸ ਬਾਰੇ ਨਾ ਗੱਲ ਮੁੰਦਰੀ ਨੇ ਕੀਤੀ ਤੇ ਨਾ ਹੀ ਟਿੱਕੇ ਨੇ। ਉਹ ਮੁੜ ਪਹਿਲੇ ਜਿਹੇ ਪ੍ਰੇਮੀ ਬਣ ਗਏ। ਇਵੇਂ



ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਹੁਣ ਟਿੱਕਾ ਹੀ ਬਹੁਤੀ ਵਾਰ ਲੈਸਟਰ ਆਉਂਦਾ ਕਿਉਂਕਿ ਮੁੰਦਰੀ ਦੇ ਬਰਮੀਘੰਮ ਜਾਣ ਦਾ ਲੋਕਾਂ ਨੂੰ ਪਤਾ ਚੱਲ ਜਾਂਦਾ ਤੇ ਖ਼ਬਰ ਇੰਡੀਆ ਪੁਜਦੀ ਹੋ ਜਾਂਦੀ।

## ਸੋਲਾਂ

ਇਕ ਸ਼ਾਮ ਮੁੰਦਰੀ ਨੂੰ ਫੋਨ ਆਇਆ। ਕਿਸੇ ਕੁੜੀ ਦੀ ਅਵਾਜ਼ ਸੀ, ਓਪਰੀ ਜਿਹੀ। ਕਹਿਣ ਲੱਗੀ,

—ਪੱਛਾਣ ਤਾਂ ਕੌਣ ਬੋਲ ਰਹੀ ਆਂ।

—ਪੱਛਾਣਿਆਂ ਨਹੀਂ।

—ਰਿਮੈਂਬਰ ਢਾਬ ਕਲਾਂ?

ਮੁੰਦਰੀ ਸੋਚਾਂ ਵਿਚ ਪੈ ਗਈ ਤੇ ਫਿਰ ਬੋਲੀ,

—ਨਹੀਂ ਪੱਛਾਣਿਆਂ।

—ਚੇਤੇ ਕਰ ਜਦੋਂ ਅਸੀਂ ਇੰਡੀਆ ਜਾਂਦੀਆਂ ਸੀ ਤਾਂ ਤੂੰ ਸਾਡੇ ਘਰ ਆਉਂਦੀ ਹੁੰਦੀ ਸੀ।

—ਅੱਛਾ, ਅਮਰਜੀਤ ਅੰਕਲ ਦੀਆਂ ਕੁੜੀਆਂ? ...ਤੂੰ ਕਿਹੜੀ ਐਂ?

—ਮੈਂ ਕੈਰਲ, ਛੋਟੀ।ਇੰਡੀਆ ਗਈ ਤੇਰੀ ਮੰਮੀ ਤੋਂ ਤੇਰਾ ਫੋਨ ਨੰਬਰ ਲਿਆਈ ਆਂ।

—ਹਾਂ, ਤੂੰ ਈ ਤਾਂ ਮੇਰੀ ਬੈੱਸਟ ਫਰੈਂਡ ਹੁੰਦੀ ਸੀ, ਕੀ ਹਾਲ ਤੇਰਾ?

—ਸਾਨੂੰ ਤੂੰ ਦੱਸਿਆ ਈ ਨਹੀਂ ਕਿ ਤੂੰ ਇੰਗਲੈਂਡ ਆ ਗਈ।

—ਮੇਰੇ ਕੋਲ ਤੁਹਾਡਾ ਸਿਰਨਾਵਾਂ ਹੈ ਨਹੀਂ ਸੀ, ਕਿਥੇ ਰਹਿੰਦੇ ਓ ਤੁਸੀਂ?

ਕੈਰਲ ਨੇ ਆਪਣਾ ਬਰਮੀਘੰਮ ਵਿਚਲਾ ਆਪਣਾ ਸਿਰਨਾਵਾਂ ਲਿਖਵਾ ਦਿਤਾ। ਫਿਰ ਫੋਨ ਉਸ ਦੀ ਮਾਂ ਸਤਨਾਮ ਕੋਰ ਨੇ ਫੜ ਲਿਆ ਤੇ ਉਸ ਨਾਲ ਅਗਲੀਆਂ ਪਿੱਛਲੀਆਂ ਗੱਲਾਂ ਕਰਦੀ ਰਹੀ। ਦੀਪੇ ਨਾਲ ਵਿਆਹ ਹੋਣ ਦੀਆਂ, ਉਸ ਦੇ ਇੰਗਲੈਂਡ ਆਉਣ ਦੀਆਂ, ਦੀਪੇ ਦੀ ਮੌਤ ਦੀਆਂ। ਫੋਨ ਰੱਖਣ ਤੋਂ ਬਾਅਦ ਮੁੰਦਰੀ ਨੂੰ ਅਜੀਬ ਜਿਹੀ ਖੁਸ਼ੀ ਮਿਲ ਰਹੀ ਸੀ। ਉਸ ਸੋਚਣ ਲੱਗੀ ਕਿ ਬਰਮੀਘੰਮ ਵਿਚ ਉਸ ਦੀ ਇਕ ਹੋਰ ਧਿਰ ਬਣ ਗਈ। ਅਗਲੀ ਵਾਰ ਟਿੱਕੇ ਨੂੰ ਮਿਲਣ ਗਈ ਉਹ ਉਹਨਾਂ ਨੂੰ ਵੀ ਮਿਲ ਕੇ ਆਵੇਗੀ।

ਸਤਨਾਮ ਕੋਰ ਨੂੰ ਇੰਡੀਆਂ ਗਿਆਂ ਮੁੰਦਰੀ ਦੀ ਕਹਾਣੀ ਦਾ ਪਤਾ ਚੱਲਿਆ ਸੀ। ਜ਼ੁਬੈਦਾ ਨੇ ਹੀ ਫਰਮਾਇਸ਼ ਕੀਤੀ ਸੀ ਕਿ ਕੋਈ ਮੁੰਡਾ ਲੱਭ ਕੇ ਉਸ ਦਾ ਵਿਆਹ ਕਰ ਦਿਓ ਤਾਂ ਜੋ ਟਿੱਕੇ ਨਾਲ ਜੁੜਦੇ ਉਸ ਦੇ ਨਾਂ ਵਾਲੀ ਕਹਾਣੀ ਖਤਮ ਹੋ ਜਾਵੇ। ਭਾਵੇਂ ਹੁਣ ਇਸ ਬਾਰੇ ਕੋਈ ਗੱਲ ਨਹੀਂ ਸੀ ਕਰਦਾ ਪਰ ਜ਼ੁਬੈਦਾ ਨੂੰ ਪਤਾ ਸੀ ਕਿ ਉਸ ਦੀ ਧੀ ਟਿੱਕੇ ਨਾਲ ਕਿਵੇਂ ਢਿੱਡੋਂ ਜੁੜੀ ਹੋਈ ਸੀ। ਉਸੇ ਵਕਤ ਸਤਨਾਮ ਕੋਰ ਦੇ ਮਨ ਵਿਚ ਆਇਆ ਸੀ ਕਿ ਕਿਉਂ ਨਾ ਪੌਲ ਨਾਲ ਮੁੰਦਰੀ ਦਾ ਵਿਆਹ ਕਰ ਦਿਤਾ ਜਾਵੇ। ਇਸ ਨਾਲ ਪੌਲ ਪੱਕਾ ਹੋ ਜਾਵੇਗਾ ਤੇ ਉਹਨਾਂ ਦੀ ਦੁਕਾਨ 'ਤੇ ਸਾਰੀ ਉਮਰ ਕਰਦਾ ਰਹੇਗਾ। ਪੌਲ ਦੱਬੂ ਜਿਹੇ

ਸੁਭਾਅ ਦਾ ਮੁੰਡਾ ਸੀ ਪਰ ਕਾਮਾ ਬਹੁਤ ਵਧੀਆ ਸੀ। ਅਮਰਜੀਤ ਸਿੰਘ ਦੀ ਪੀਜ਼ਾ-ਸ਼ੌਪ ਉਹੀ ਸੰਭਾਲਦਾ ਸੀ। ਉਸ ਦੇ ਸਿਰ 'ਤੇ ਹੀ ਅਮਰਜੀਤ ਸਿੰਘ ਵਿਹਲਾ ਜਿਹਾ ਤਰਿਆ ਫਿਰਦਾ। ਸਤਨਾਮ ਕੋਰ ਇਵੇਂ ਵੀ ਸੋਚਦੀ ਸੀ ਕਿ ਮੁੰਦਰੀ ਉਹਨਾਂ ਦੇ ਘਰ ਨੌਕਰਾਣੀ ਰਹੀ ਹੈ ਸੋ ਹੁਣ ਵੀ ਉਸ ਤੋਂ ਕੰਮ ਲਿਆ ਜਾ ਸਕਦਾ ਸੀ।

ਅਗਲੀ ਵਾਰ ਮੁੰਦਰੀ ਬਰਮੀਘੰਮ ਗਈਤਾਂਟਿੱਕਾ ਉਸ ਨੂੰ ਅਮਰਜੀਤ ਦੇ ਘਰ ਛੱਡ ਆਇਆ। ਉਹ ਅੰਦਰ ਨਾ ਗਿਆ। ਟਿੱਕਾ ਅਮਰਜੀਤ ਸਿੰਘ ਨੂੰ ਬਹੁਤਾ ਪਸੰਦ ਨਹੀਂ ਸੀ ਪਰ ਕੋਈ ਨਰਾਜ਼ਗੀ ਵੀ ਨਹੀਂ ਸੀ। ਘਰ ਵਿਚ ਕੈਰਲ ਤੇ ਉਸ ਦੀ ਮਾਂ ਸਤਨਾਮ ਕੋਰ ਹੀ ਸਨ। ਕੈਰਲ ਤੋਂ ਵੱਡੀ ਕਿਰਨ ਵਿਆਹੀ ਗਈ ਸੀ। ਅਮਰਜੀਤ ਕੰਮ'ਤੇ ਗਿਆ ਹੋਇਆ ਸੀ। ਸਤਨਾਮ ਕੋਰ ਨੇ ਜਾਣਦੇ ਹੋਏ ਵੀ ਪੁੱਛਿਆ,

—ਇਥੇ ਕਿਹਦੇ ਘਰ ਆਉਂਦੀ ਹੁੰਨੀ ਐਂ?

—ਇਥੇ ਟਿੱਕਾ ਰਹਿੰਦਾ ਤੇ ਉਹਦੀ ਭੈਣ ਅੰਮਰਤੀ ਵੀ, ਉਹਨਾਂ ਨੇ ਈ ਮੇਰਾ ਰਿਸ਼ਤਾ ਕਰਾਇਆ ਸੀ, ਇੰਗਲੈਂਡ ਆਉਣ ਵਿਚ ਮੇਰੀ ਬਹੁਤ ਮੱਦਦ ਕੀਤੀ।

—ਮੈਂ ਜਾਣਦੀ ਆਂ ਟਿੱਕੇ ਨੂੰ, ਡਰਾਈ ਜਿਹਾ ਬੰਦਾ। ਕਈ ਵਿਆਹ ਕਰਾਏ ਆ ਉਹਨੇ, ਪਿੱਛੇ ਜਿਹੇ ਵੀ ਇਕ ਔਰਤ ਦੇ ਚੱਕਰ ਵਿਚ ਤੁਰਿਆ ਫਿਰਦਾ ਸੀ, ਕੋਈ ਗੁਰਦਵਾਰੇ ਖਾਲਿਸਤਾਨਣ ਜਿਹੀ ਲੈਕਚਰ ਦਿੰਦੀ ਹੁੰਦੀ ਸੀ, ਫੇਰ ਕੋਈ ਗੜਬੜ ਹੋ ਗਈ ਸੀ ਤੇ ਏਹਨੂੰ ਗਾਲ਼ਾਂ ਕੱਢਦੀ ਫਿਰਦੀ ਹੁੰਦੀ ਸੀ। ਆਪਸ ਵਿਚ ਭੈਣ-ਭਰਾ ਦੀ ਬੋਲਚਾਲ ਵੀ ਹੈ ਨਹੀਂ।

—ਅੰਟੀ ਜੀ, ਮੈਂ ਕਦੇ ਉਹਨਾਂ ਦੇ ਘਰ ਦੀ ਗੱਲ ਵਿਚ ਦਖਲ ਨਹੀਂ ਦਿਤਾ।

ਮੁੰਦਰੀ ਲਈ ਟਿੱਕੇ ਦੀ ਬਦਖੋਹੀ ਸੁਣਨੀ ਔਖੀ ਹੋ ਹੀ ਸੀ।

ਸ਼ਾਮ ਜਿਹੇ ਨੂੰ ਸਤਨਾਮ ਕੋਰ ਦੀ ਭੈਣ ਸਤਿਆ ਤੇ ਉਸ ਦਾ ਪਤੀ ਮੱਖਣ ਸਿੰਘ ਉਹਨਾਂ ਨੂੰ ਮਿਲਣ ਆ ਗਏ। ਮੁੰਦਰੀ ਵਲ ਦੇਖਦੀ ਸਤਿਆ ਪੁੱਛਣ ਲੱਗੀ,

—ਆਹ ਕੁੜੀ ਕੌਣ ਆਂ, ਪਹਿਲਾਂ ਕਦੇ ਨਹੀਂ ਦੇਖੀ?

—ਇਹ ਕੁੜੀ ਇੰਡੀਆ ਆਪਣੇ ਘਰ ਕੰਮ ਕਰਦੀ ਹੁੰਦੀ ਸੀ।

ਸਤਨਾਮ ਕੋਰ ਦੇ ਬੋਲਾਂ ਨਾਲ ਮੁੰਦਰੀ ਦਾ ਚਿਹਰਾ ਬਦਲਣ ਲੱਗਿਆ। ਸਤਨਾਮ ਕੋਰ ਸਮਝਦੀ ਹੋਈ ਨੇ ਗੱਲ ਸੰਭਾਲਦਿਆਂ ਅੱਗੇ ਕਿਹਾ,

—ਆਪਣੀ ਕੈਰਲ ਦੀ ਪੱਕੀ ਸਹੇਲੀ ਹੁੰਦੀ ਸੀ, ਏਦਾਂ ਈ, ...ਕਿਸੇ ਨੇ ਏਹਨੂੰ ਏਧਰ ਸੱਦ ਲਿਆ।

ਸਤਿਆ ਆਪਣੀ ਭੈਣ ਦੀ ਝਿਜਕ ਤੋਂ ਸਾਰੀ ਕਹਾਣੀ ਸਮਝ ਗਈ ਤੇ ਬੋਲੀ,

—ਚੱਲ, ਜਿੱਦਾਂ ਵੀ ਹੋਇਆ, ਗੱਲ ਤਾਂ ਜ਼ਿੰਦਗੀ ਵਿਚ ਸੈੱਟਲ ਹੋਣ ਦੀ ਆ, ਇਥੇ ਤਾਂ ਲੋਕ ਭੈਣਾਂ-ਭਰਜਾਈਆਂ ਨਾਲ਼ ਵਿਆਹ ਕਰਾ ਕਰਾ ਕੇ ਆਏ ਹੋਏ ਆਂ।

ਮੁੰਦਰੀ ਨੂੰ ਇਹ ਗੱਲਾਂ ਚੰਗੀਆਂ ਨਹੀਂ ਸਨ ਲੱਗ ਰਹੀਆਂ। ਉਸਨੂੰ ਪਤਾ ਸੀ ਕਿ ਇਹ ਸੱਚ ਹੈ ਪਰ ਉਹ ਇਸ ਨੂੰ ਸੁਣਨਾ ਨਹੀਂ ਸੀ ਚਾਹੁੰਦੀ। ਸਤਨਾਮ ਕੋਰ ਨੇ ਆਪਣੀ ਗੱਲ ਕਰਦਿਆਂ ਕਿਹਾ,

—ਸੈੱਟਲ ਤਾਂ ਏਹਨੇ ਹਾਲੇ ਹੋਣਾਂ, ਹਾਲੇ ਵਿਆਹ ਕਰਾਉਣਾ।

ਮੁੰਦਰੀ ਸੋਚ ਹੀ ਰਹੀ ਸੀ ਕਿ ਇਹਨਾਂ ਗੱਲਾਂ ਦਾ ਕੀ ਜਵਾਬ ਦੇਵੇ ਤਦ ਤਕ



ਕੈਰਲ ਉਸ ਦਾ ਹੱਥ ਫੜ ਕੇ ਆਪਣੇ ਕਮਰੇ ਵਿਚ ਲੈ ਤੁਰੀ।ਮੁੰਦਰੀ ਆਪਣਾ ਧਿਆਨ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕਰਨ ਲੱਗੀ।ਕੈਰਲ ਦੇ ਕਮਰੇ ਵਿਚ ਅਜੀਬ ਅਜੀਬ ਤਸਵੀਰਾਂ ਲਗੀਆਂ ਹੋਈਆਂ ਸਨ। ਕੈਰਲ ਨੇ ਪੁੱਛਿਆ,

—ਪਹਿਲਾਂ ਤਾਂ ਤੇਰਾ ਨਾਂ ਕੁਸ਼ ਹੋਰ ਹੁੰਦਾ ਸੀ, ਹੁਣ ਮੰਮੀ ਕਹਿੰਦੀ ਕਿ ਸਾਰੇ ਤੈਨੂੰ ਮੁੰਦਰੀ ਕਹਿੰਦੇ ਆ।

—ਹਾਂ, ਬੱਸ ਹੁਣ ਮੁੰਦਰੀ ਈ ਆਂ ਮੈਂ।

—ਕਿੰਨੇ ਬੁਆਏ ਫਰੈਂਡ ਆ ਤੇਰ ਕੋਲ?

—ਬੁਆਏ ਫਰੈਂਡ? ਕੋਈ ਵੀ ਨਹੀਂ। ...ਤੇ ਤੇਰੇ ਕੋਲ?

—ਮੇਰੇ ਕੋਲ ਚਾਰ ਆ।

—ਚਾਰ ਕਿਉਂ? ਇਕ ਨਾਲ ਨਹੀਂ ਗੱਲ ਬਣਦੀ?

ਕਹਿ ਕੇ ਮੁੰਦਰੀ ਹੱਸੀ, ਕੈਰਲ ਵੀ ਤੇ ਕਹਿਣ ਲੱਗੀ,

—ਇਹ ਬੁਆਏ ਫਰੈਂਡ ਜਿਹੜੇ ਹੁੰਦੇ ਆ ਬਾਸਟ੍ਰਡ ਹੁੰਦੇ ਆ, ਇਹ ਹੋਰ ਵੀ ਗਰਲ ਫਰੈਂਡ ਰੱਖਣੀ ਮੰਗਦੇ ਆ ਤੇ ਫੇਰ ਅਸੀਂ ਵੀ ਹੋਰ ਰੱਖ ਲੈਨੀਆਂ, ਇਟ'ਸ ਨੌਟ ਬੈਡ ਥਿੰਗ ਪਰ ਤੇਰੇ ਕੋਲ ਬੁਆਏ ਫਰੈਂਡ ਕਿਉਂ ਨਹੀਂ? ਏਨਾ ਚਿਰ ਹੋ ਗਿਆ ਤੇਰੇ ਹਸਬੈਂਡ ਦੀ ਡੈੱਥ ਹੋਈ ਨੂੰ।

—ਮੇਰੇ ਕੋਲ ਹੈਗਾ ਇਕ ਟਾਈਮ ਪਾਸ ਕਰਨ ਨੂੰ, ਜਦੋਂ ਲੋੜ ਹੁੰਦੀ ਆ ਤਾਂ ਸੱਦ ਲੈਨੀ ਆਂ।

ਮੁੰਦਰੀ ਨੇ ਹੱਸ ਕੇ ਕਿਹਾ। ਕੈਰਲ ਦੇ ਇੰਨਾ ਖੁਲ੍ਹਣ ਕਾਰਨ ਉਹ ਵੀ ਖੁਲ੍ਹ ਕੇ ਹੀ ਗੱਲ ਕਰਨਾ ਚਾਹੁੰਦੀ ਸੀ ਪਰ ਟਿੱਕੇ ਦਾ ਨਾਂ ਨਹੀਂ ਸੀ ਲੈ ਸਕਦੀ ਇਸ ਕਰਕੇ ਕੋਈ ਮਨਘੜਤ ਬੁਆਏ ਫਰੈਂਡ ਬਣਾ ਲਿਆ। ਕੈਰਲ ਨੇ ਫਿਰ ਪੁੱਛਿਆ,

—ਕਿੰਨੇ ਪੈਸੇ ਲੈਂਦਾ ਆਉਣ ਦੇ?

—ਕੀ? ਭਲਾ ਬੁਆਏ ਫਰੈਂਡ ਵੀ ਪੈਸੇ ਲੈਂਦੇ ਆ ਆਉਣ ਦੇ! ਉਹਨਾਂ ਤੋਂ ਤਾਂ ਸਗੋਂ ਅਸੀਂ ਲੈਣੇ ਹੁੰਦੇ ਆ, ਉਹਨਾਂ ਤੋਂ ਖਾਣਾ ਪੀਣਾ ਵੀ ਹੁੰਦਾ।

—ਸਾਰੇ ਏਦਾਂ ਨਹੀਂ ਕਰਦੇ, ਮੇਰਾ ਇਕ ਬੁਆਏ ਫਰੈਂਡ ਤਾਂ ਸਿੱਧੇ ਪੈਸੇ ਮੰਗਣ ਲੱਗ ਪੈਂਦਾ, ਇਕ ਲਈ ਬਲੱਡੀ ਪਰਿੱਕ ਨੂੰ ਗਿਫਟ ਲੈ ਕੇ ਦੇਣੇ ਪੈਂਦੇ ਆ, ਫੇਰ ਵੀ ਬਾਸਟ੍ਰਡ ਰੁੱਸਿਆ ਰਹਿੰਦਾ।

ਮੁੰਦਰੀ ਕੈਰਲ ਦੀਆਂ ਗੱਲਾਂ ਸੁਣ ਸੁਣ ਕੇ ਹੈਰਾਨ ਹੋਈ ਜਾ ਰਹੀ ਸੀ। ਜਦ ਉਹ ਇੰਡੀਆ ਜਾਂਦੀ ਸੀ ਤਾਂ ਆਪਣੇ ਬੁਆਏ ਫਰੈਂਡਾਂ ਦੀਆਂ ਗੱਲਾਂ ਉਦੋਂ ਵੀ ਸੁਣਾਇਆ ਕਰਦੀ ਸੀ ਪਰ ਹੁਣ ਵਾਂਗ ਖੁੱਲ੍ਹ ਕੇ ਨਹੀਂ। ਫਿਰ ਉਹਨਾਂ ਦੀਆਂ ਗੱਲਾਂ ਟਿੱਕੇ ਤੇ ਆ ਗਈਆਂ। ਆਪਣੀ ਮੰਮੀ ਦੀਆਂ ਗੱਲਾਂ ਤੋਂ ਕੈਰਲ ਨੇ ਸਮਝ ਲਿਆ ਸੀ ਕਿ ਟਿੱਕੇ ਤੇ ਉਸ ਵਿਚਕਾਰ ਕੁਝ ਹੈ। ਕੈਰਲ ਨੇ ਪੁੱਛਿਆ,

—ਇਹ ਟਿੱਕਾ ਤੇਰਾ ਬੁਆਏ ਫਰੈਂਡ ਆ ਨਾ?

—ਨਹੀਂ।

—ਮੈਂ ਤਾਂ ਇਹੀ ਸੋਚਦੀ ਸੀ।

ਮੁੰਦਰੀ ਨੇ ਉਸੇ ਵੇਲੇ ਹੀ ਗੱਲ ਘੜਦਿਆਂ ਕਿਹਾ,

—ਨਹੀਂ, ਉਹ ਤਾਂ ਆਪਣੇ ਆਪਣੇ ਪਿੰਡ ਦਾ ਐ, ਗਾਣਾ ਨਹੀਂ ਸੁਣਿਆ ਕਿ ਯਾਰੀ ਬਾਹਰਲੇ ਮੁੰਡੇ ਨਾਲ ਲਾਈਏ...।

ਕੈਰਲ ਉਸ ਦੀ ਗੱਲ ਵਿਚੋਂ ਹੀ ਕੱਟ ਕੇ ਬੋਲੀ,

—ਮੈਂ ਉਹ ਗਾਣਾ ਸੁਣਿਆਂ; ਦੇ ਦੇ ਗੇੜਾ,ਨੀਂ, ਦੇ ਦੇ ਗੇੜਾ...।

ਕੈਰਲ ਗਾਉਣ ਲੱਗੀ। ਫਿਰ ਉਸ ਨੇ ਆਪਣੇ ਮੁਬਾਈਲ ਵਿਚੋਂ ਕੱਢ ਕੇ ਉਹ ਗਾਣਾ ਮੁੰਦਰੀ ਨੂੰ ਸੁਣਾਇਆ ਵੀ ਤੇ ਫਿਰ ਉਹੀ ਗਾਣਾ ਉਸ ਨੇ ਬਲਿਊਟੁੱਥ ਰਾਹੀਂ ਮੁੰਦਰੀ ਦੇ ਫੋਨ ਵਿਚ ਭਰ ਵੀ ਦਿਤਾ। ਉਹ ਉਸ ਨੂੰ ਯੂਟਿਊਬ ਉਪਰ ਗੰਦੀਆਂ ਜਿਹੀਆਂ ਫਿਲਮਾਂ ਦਿਖਾਉਂਦੀ ਰਹੀ। ਕੈਰਲ ਦਾ ਮੌਜੀ ਜਿਹਾ ਸੁਭਾਅ ਦੇਖ ਕੇ ਮੁੰਦਰੀ ਨੇ ਪੁੱਛਿਆ,

—ਕੈਰਲ, ਤੂੰ ਕੰਮ ਕਿਥੇ ਕਰਦੀ ਆਂ?

—ਕੰਮ ਨਹੀਂ ਮੈਂ ਕਰਦੀ, ਕੰਮ ਕਰਨ ਨੂੰ ਮੇਰਾ ਦਿਲ ਨਹੀਂ ਕਰਦਾ। ਰੋਜ਼ ਸਵੇਰੇ ਉਠ ਕੇ ਸੋਚਦੀ ਆਂ ਕਿ ਕੁਸ਼ ਕਰਾਂ ਪਰ ਕਰ ਨਹੀਂ ਹੁੰਦਾ, ਅੱਜਕਲ ਮੈਂ ਬਿਊਟੀਸ਼ਨ ਦਾ ਕੋਰਸ ਕਰਦੀ ਆਂ, ਡੈਡੀ ਕਹਿੰਦੇ ਕਿ ਜੇ ਮੈਂ ਇਹ ਕੋਰਸ ਪਾਸ ਕਰ ਲਵਾਂ ਤਾਂ ਉਹ ਮੈਨੂੰ ਬਿਊਟੀ ਪਾਰਲਰ ਖੋਹਲ ਦੇਣਗੇ।

—ਇਹ ਨਾਈਸ ਆ। ਬਿਊਟੀਸ਼ਨ ਦਾ ਕੰਮ ਤਾਂ ਮੈਂ ਵੀ ਕਰ ਲੈਨੀ ਆਂ, ਫਗਵਾੜੇ ਸਿੱਖਣ ਜਾਂਦੀ ਰਹੀ ਆਂ।

—ਇਥੇ ਕੋਈ ਹੋਰ ਕੋਰਸ ਕਰਨਾ ਪੈਣਾਂ, ਕਰ ਲਾ, ਆ ਜਾ ਜਿਥੇ ਮੈਂ ਜਾਨੀ ਆਂ, ਉਥੇ ਈ ਆ ਜਾ।

—ਮੇਰੀ ਜੌਬ ਹੁਣ ਲੈਸਟਰ ਆ, ਸੋਚਦੀ ਆਂ ਕੁਸ਼, ਕਿੰਨਾ ਕੁ ਔਖਾ?

—ਸਾਰੇ ਕਹਿੰਦੇ ਕਿ ਈਜ਼ੀ ਐ ਪਰ ਮੈਨੂੰ ਤਾਂ ਬਹੁਤ ਹਾਰਡ ਲਗਦਾ।

## ਸਤਾਰਾਂ

ਟਿੱਕੇ ਨੇ ਇੰਟਰਨੈੱਟ ਸਰਫ ਕਰਕੇ ਇਕ ਸਿਰਨਾਵਾਂ ਕੱਢ ਲਿਆ ਤੇ ਮੁੰਦਰੀ ਨੂੰ ਫੋਨ ਕਰਕੇ ਕਿਹਾ,

—ਤੇਰੇ ਘਰ ਦੇ ਬਹੁਤਾ ਨੇੜੇ ਤਾਂ ਨਹੀਂ ਪਰ ਕੇਂਦਰੀ ਲੈਸਟਰ ਵਿਚ ਇਕ ਟਰੇਨਿੰਗ ਸੈਂਟਰ ਹੈਗਾ। ਸ਼ਾਮ ਨੂੰ ਟਰੇਨਿੰਗ ਦਿੰਦੇ ਆ, ਛੇ ਤੋਂ ਨੌਂ, ਚਾਰ ਦਿਨ ਵੀਕ 'ਚ।

—ਕਿਸੇ ਦਿਨ ਆ ਜਾਓ, ਆਪਾਂ ਜਾ ਕੇ ਪੁੱਛ ਆਵਾਂਗੇ।

—ਦੇਖਦੇ ਆਂ ਅਗਲੇ ਵੀਕ।

ਜਦ ਕੈਰਲ ਨੇ ਬਿਊਟੀਸ਼ਨ ਬਣਨ ਦੀ ਗੱਲ ਕੀਤੀ ਸੀ ਤਾਂ ਮੁੰਦਰ ਨੂੰ ਤਾਂ ਜਿਵੇਂ ਖੰਭ ਮਿਲ ਗਏ ਹੋਣ। ਉਹ ਕੈਰਲ ਕੋਲ ਬੈਠੀ ਹੀ ਨਵੀਂ ਦੁਨੀਆਂ ਵਿਚ ਉਡਣ ਲੱਗੀ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਕੀ ਕਰੇ। ਬਿਊਟੀਸ਼ਨ ਬਣਨਾ ਤੇ ਬਿਊਟੀ ਪਾਰਲਰ ਖੋਹਲਣਾ ਉਸ ਦੀ ਮੰਜ਼ਿਲ ਬਣ ਗਿਆ। ਟਿੱਕਾ ਤਾਂ ਉਸ ਨੂੰ ਪਹਿਲਾਂ ਹੀ ਕਹਿ ਚੁੱਕਿਆ ਸੀ ਕਿ ਉਸ ਵਿਚ ਸਮਰਥਾ ਬਹੁਤ ਹੈ, ਇਸ ਸਮਰਥਾ ਨੂੰ ਇਕ ਸਾਧਾਰਨ ਜਿਹੀ ਫੈਕਟਰੀ ਵਿਚ ਕੰਮ ਕਰਕੇ ਜ਼ਾਇਆ ਨਹੀਂ ਕਰਨਾ ਚਾਹੀਦਾ। ਕੈਰਲ ਕੋਲੋਂ ਆ ਕੇ



ਉਸ ਨੇ ਕਿਹਾ,

—ਟਿੱਕਾ ਜੀ, ਚਲੋ ਆਪਾਂ ਬਿਊਟੀ ਪਾਰਲਰ ਖੋਹਲੀਏ। ਬਹੁਤਾ ਕੰਮ ਤਾਂ ਮੈਨੂੰ ਆਉਂਦਾ ਹੀ ਐ, ਬੱਸ ਇਥੋਂ ਦੇ ਸਟੈਂਡਰਡ ਦੇ ਕੋਰਸ ਕਰ ਲਵਾਂ ਕਿਸੇ ਤਰ੍ਹਾਂ।

ਟਿੱਕੇ ਨੇ ਉਸੇ ਵੇਲੇ ਹੀ ਵੈੱਬ ਫਰੋਲਣਾ ਸ਼ੁਰੂ ਕਰ ਦਿਤਾ। ਸਭ ਤੋਂ ਪਹਿਲਾਂ ਤਾਂ ਇਹ ਦੇਖਿਆ ਕਿ ਇਕ ਬਿਊਟੀਸ਼ਨ ਲਈ ਕਿਹੜੀ ਯੋਗਤਾ ਦੀ ਲੋੜ ਹੈ, ਫਿਰ ਉਸ ਯੋਗਤਾ ਲਈ ਟਰੇਨਿੰਗ ਕਿਥੇ ਲਈ ਜਾ ਸਕਦੀ ਹੈ। ਬਰਮੀਘੰਮ ਵਿਚ ਤਾਂ ਕਈ ਟਰੇਨਿੰਗ ਸੈਂਟਰ ਸਨ, ਲੈਸਟਰ ਵਿਚ ਕੁਝ ਘੱਟ ਸਨ। ਮੁੰਦਰੀ ਦੇਖਣ ਲੱਗੀ ਕਿ ਕੋਰਸ ਦਾ ਸਿਲੇਬਸ ਕੀ ਹੋਵੇਗਾ ਤੇ ਇਸ ਵਿਚ ਕਿਹੜੀਆਂ ਕਿਤਾਬਾਂ ਪੜ੍ਹਨੀਆਂ ਹੋਣਗੀਆਂ। ਉਸ ਨੂੰ ਇਹ ਬਹੁਤ ਔਖਾ ਜਾਪਿਆ। ਉਦਾਸ ਜਿਹੀ ਹੁੰਦੀ ਉਹ ਬੋਲੀ,

—ਟਿੱਕਾ ਜੀ, ਇਹ ਤਾਂ ਬਹੁਤ ਔਖਾ ਕੋਰਸ ਹੋਵੇਗਾ, ਜੇ ਮੇਰੇ ਤੋਂ ਨਾ ਕਰ ਹੋਇਆ ਤਾਂ...?

—ਕਿਉਂ ਨਹੀਂ ਕਰ ਹੋਵੇਗਾ, ਆਖਰ ਮੈਂ ਕਿਸ ਮਰਜ਼ ਦੀ ਦਵਾ ਆਂ! ਫਿਕਰ ਨਾ ਕਰ ਕਿਸੇ ਗੱਲ ਦਾ।

ਉਸ ਦੀ ਗੱਲ ਸੁਣ ਕੇ ਮੁੰਦਰੀ ਬਾਗੋ-ਬਾਗ ਹੋ ਗਈ।...

ਅਗੇ ਬੁੱਧਵਾਰ ਨੂੰ ਕੰਮ ਤੋਂ ਬਾਅਦ ਟਿੱਕਾ ਲੈਸਟਰ ਆ ਗਿਆ। ਉਹ ਦੋਵੇਂ ਲੈਸਟਰ ਦੇ ਬਿਊਟੀਸ਼ਨ ਟਰੇਨਿੰਗ ਸੈਂਟਰ ਚਲੇ ਗਏ। ਫੋਨ ਉਪਰ ਪਹਿਲਾਂ ਗੱਲਬਾਤ ਹੋ ਚੁੱਕੀ ਸੀ, ਮਿਲਣ ਲਈ ਵਕਤ ਲਿਆ ਹੀ ਹੋਇਆ ਸੀ। ਇਹ ਇਕ ਸਾਧਾਰਣ ਲੇਡੀਜ਼ ਹੇਅਰ ਡਰੈਸਿੰਗ ਦੁਕਾਨ ਹੀ ਸੀ। ਇਹ ਨੌਂ ਵਜੇ ਤਕ ਖੁੱਲ੍ਹਦੀ ਸੀ। ਇਸ ਦਾ ਮਾਲਕ ਜਾਂ ਮੈਨੇਜਰ ਇਟਾਲੀਅਨ ਸੀ ਜੋ ਆਪਣਾ ਨਾਂ ਮਿੱਕ ਦੱਸਦਾ ਸੀ ਤੇ ਨਾਲ ਹੀ ਉਸ ਦੀ ਪਤਨੀ ਸੋਫੀਆ ਵੀ। ਟਿੱਕੇ ਦੀਆਂ ਬਹੁਤੀਆਂ ਗੱਲਾਂ ਮਿੱਕ ਨਾਲ ਹੀ ਹੋਈਆਂ। ਮੁੱਖ ਤੌਰ ਤੇ ਉਹ ਤਿੰਨ ਕਿਸਮ ਦੇ ਕੋਰਸ ਕਰਵਾਉਂਦੇ ਸਨ। ਇਕ ਵਾਲ ਕੱਟਣ-ਸੰਵਾਰਨ ਦਾ, ਦੂਜਾ ਹੱਥਾਂ ਪੈਰਾਂ ਦੀ ਸੰਭਾਲ ਬਾਰੇ ਸੀ ਜਿਸ ਨੂੰ ਮੈਨੀਕਿਉਰ ਤੇ ਪੈਡੀਕਿਉਰ ਆਖਦੇ ਸਨ ਤੇ ਤੀਜਾ ਕੋਰਸ ਚਮੜੀ ਦੀ ਸੰਭਾਲ ਬਾਰੇ ਸੀ ਜਿਸ ਨੂੰ ਫੇਸ਼ੀਅਲ, ਵੈਕਸਿੰਗ ਤੇ ਮਸਾਜ਼ ਕਿਹਾ ਜਾ ਰਿਹਾ ਸੀ। ਮੁੰਦਰੀ ਨੇ ਤੀਜੇ ਕੋਰਸ ਵਿਚ ਦਿਲਚਸਪੀ ਦਿਖਾਈ। ਇਹ ਕੰਮ ਕੁਝ ਕੁ ਉਹ ਇੰਡੀਆ ਵਿਚ ਹੀ ਸਿੱਖ ਵੀ ਚੁੱਕੀ ਸੀ। ਜਦ ਫਗਵਾੜੇ ਦੇ ਹਸਪਤਾਲ ਵਿਚ ਕੰਮ ਕਰਦੀ ਸੀ ਤਾਂ ਕੁਝ ਘੰਟੇ ਇਕ ਬਿਊਟੀਪਾਰਲਰ ਵਿਚ ਇਹ ਕੰਮ ਸਿੱਖਣ ਵਿਚ ਵੀ ਲਗਾ ਲੈਂਦੀ ਸੀ। ਫੇਸ਼ੀਅਲ ਵਿਚ ਇਨਸਾਨ ਦੇ ਚਿਹਰੇ ਦੀ ਚਮੜੀ ਦਾ ਧਿਆਨ ਕਰਨਾ ਹੁੰਦਾ ਸੀ, ਵੈਕਸਿੰਗ ਸਰੀਰ ਦੇ ਵਾਲ ਲਾਹੁਣ ਦਾ ਤੇ ਮਸਾਜ ਵਿਚ ਇਨਸਾਨੀ ਸਰੀਰ ਦੇ ਪੱਠਿਆਂ ਦਾ। ਇਹ ਸਭ ਸੁਹਣੇ ਦਿਸਣ ਦੇ ਯਤਨ ਸਨ। ਅੱਜਕਲ ਇਹ ਕਾਰੋਬਾਰ ਜ਼ੋਰਾਂ 'ਤੇ ਸੀ।

ਅੱਠ ਹਫਤੇ ਦੀ ਟਰੇਨਿੰਗ ਦਾ ਖਰਚ ਸੱਤ ਸੌ ਪੌਂਡ ਸੀ ਤੇ ਤਿੰਨ ਸੌ ਪੌਂਡ ਹੋਰ ਲੱਗਣਾ ਸੀ ਜਿਸ ਵਿਚ ਚਿੱਟੇ ਰੰਗ ਦੀ ਵਰਦੀ ਮਿਲਣੀ ਸੀ ਤੇ ਵੈਕਸਿੰਗ ਤੇ ਫੇਸ਼ੀਅਲ ਲਈ ਜੈਲ ਆਦਿ ਤੇ ਕੋਰਸ ਨਾਲ ਸਬੰਧਤ ਹੋਰ ਸਮਾਨ ਵੀ। ਟਿੱਕੇ ਨੇ ਉਸ ਦੇ ਕੋਰਸ ਲਈ ਪੈਸੇ ਦੇਣੇ ਚਾਹੇ ਪਰ ਉਸ ਨਾ ਲਏ ਨਾ। ਪੈਸੇ ਉਸ ਕੋਲ ਸਨ। ਉਸ ਦਾ ਖਰਚ ਤਾਂ ਬਹੁਤਾ ਹੈ ਨਹੀਂ ਸੀ। ਇੰਡੀਆ ਨੂੰ ਵੀ ਉਹ ਹਿਸਾਬ ਨਾਲ ਹੀ ਭੇਜਦੀ ਸੀ।ਮੁੰਦਰੀ ਨੇ ਦਾਖਲਾ ਲੈ ਲਿਆ। ਅਗਲੇ ਮਹੀਨੇ ਦੇ ਪਹਿਲੇ ਸੋਮਵਾਰ ਕਲਾਸਾਂ ਸ਼ੁਰੂ ਹੋਣੀਆਂ ਸਨ।

ਮੁੰਦਰੀ ਅੰਗਰੇਜ਼ੀ ਬੋਲਣ ਦਾ ਕੰਮ ਤਾਂ ਵਾਹਵਾ ਚਲਾ ਲੈਂਦੀ ਸੀ। ਇਸ ਵਿਚ ਲਿਖਣ ਦਾ ਕੰਮ ਬਹੁਤਾ ਨਹੀਂ ਸੀ, ਜ਼ਿਆਦਾ ਕੰਮ ਪਰੈਕਟੀਕਲ ਹੀ ਸੀ। ਮੁੰਦਰੀ ਨੇ ਪੂਰੇ ਉਤਸ਼ਾਹ ਨਾਲ ਟਰੇਨਿੰਗ ਸੈਂਟਰ ਜਾਣਾ ਸ਼ੁਰੂ ਕਰ ਦਿਤਾ। ਦਸ ਕੁ ਕੁੜੀਆਂ ਸਨ ਉਹ। ਸਾਰੇ ਰੰਗਾਂ ਦੀਆਂ ਰਲ਼ਵੀਆਂ-ਮਿਲਵੀਆਂ। ਪੰਜਾਬਣ ਉਹ ਇਕੱਲੀ ਹੀ ਸੀ। ਪਹਿਲੇ ਦਿਨ ਤੋਂ ਹੀ ਉਹ ਕੰਮ ਧਿਆਨ ਨਾਲ ਸਿੱਖਣ ਲੱਗੀ। ਪਹਿਲਿਆਂ ਦਿਨਾਂ ਵਿਚ ਹੀ ਉਸ ਨੂੰ ਜਾਪਣ ਲੱਗ ਪਿਆ ਕਿ ਇਹੀ ਉਸ ਦੀ ਅਸਲੀ ਮੰਜ਼ਿਲ ਸੀ। ਉਹ ਪੰਜ ਵਜੇ ਫੈਕਟਰੀ ਵਿਚੋਂ ਕੰਮ ਛੱਡਦੀ, ਘਰ ਆ ਕੇ ਚਾਹ ਪੀਂਦੀ ਤੇ ਵਰਦੀ ਪਾਕੇ ਚਲੇ ਜਾਂਦੀ। ਉਸ ਨੂੰ ਕਾਰ ਪਾਰਕ ਕਰਨ ਜਗਾਹ ਲੱਭਣ ਵਿਚ ਦਿੱਕਤ ਜ਼ਰੂਰ ਆਉਂਦੀ ਪਰ ਕੰਮ ਚੱਲ ਰਿਹਾ ਸੀ। ਉਹ ਇਸ ਕੋਰਸ ਤੋਂ ਬਹੁਤ ਖੁਸ਼ ਸੀ। ਆਪਣੀਆਂ ਸਹੇਲੀਆਂ ਨੂੰ ਇਸ ਬਾਰੇ ਵਧਾਅ ਚੜਾਅ ਕੇ ਦੱਸਦੀ। ਰਾਤ ਨੂੰ ਆ ਕੇ ਟਿੱਕੇ ਨੂੰ ਫੋਨ ਜ਼ਰੂਰ ਕਰਦੀ ਤੇ ਟਰੇਨਿੰਗ ਦੀ ਸਾਰੀ ਕਾਰਵਾਈ ਦੀ ਡਾਇਰੀ ਦਿੰਦੀ। ਹੁਣ ਸ਼ਨਿਚਰਵਾਰ ਟਿੱਕਾ ਹੀ ਉਸ ਕੋਲ ਲੈਸਟਰ ਹੀ ਚਲੇ ਜਾਂਦਾ। ਉਹ ਨਹੀਂ ਸੀ ਚਾਹੁੰਦਾ ਕਿ ਮੁੰਦਰੀ ਬਰਮੀਘੰਮ ਆਵੇ। ਹੁਣ ਹੋਰਨਾਂ ਗੱਲਾਂ ਦੇ ਨਾਲ ਨਾਲ ਉਹ ਮੁੰਦਰੀ ਨੂੰ ਕੈਰਲ ਤੋਂ ਵੀ ਪਰ੍ਹਾਂ ਰੱਖਣਾ ਚਾਹੁੰਦਾ ਸੀ। ਉਹ ਕੈਰਲ ਨੂੰ ਚੰਗੀ ਕੁੜੀ ਨਹੀਂ ਸੀ ਸਮਝਦਾ।

ਟਿੱਕਾ ਉਸ ਦੀ ਟਰੇਨਿੰਗ ਵਿਚ ਖਾਸ ਦਿਲਚਸਪੀ ਲੈ ਰਿਹਾ ਸੀ। ਉਸ ਨੂੰ ਇਹ ਤਾਂ ਪਤਾ ਸੀ ਕਿ ਔਰਤਾਂ ਕੀ ਅੱਜਕਲ ਤਾਂ ਮਰਦ ਵੀ ਸਰੀਰ ਦੇ ਵਾਧੂ ਵਾਲ ਲਾਹੁਣ ਲਈ ਵੈਕਸਿੰਗ ਕਰਵਾਉਣ ਲੱਗੇ ਸਨ। ਉਹ ਵੈਕਸਿੰਗ ਬਾਰੇ ਤਫਸੀਲ ਨਾਲ ਪੁੱਛਣ ਲਗਦਾ। ਮੁੰਦਰੀ ਦਸਦੀ ਕਿ ਇਕ ਖਾਸ ਜੈਲ ਲੱਤਾਂ, ਬਾਹਾਂ ਜਾਂ ਜਿਥੋਂ ਵੀ ਵਾਲ ਲਾਹੁਣੇ ਹੋਣ, ਮਲ਼ ਦਿਤੀ ਜਾਂਦੀ ਹੈ ਫਿਰ ਉਹ ਵਿਸ਼ੇਸ਼ ਬਣੇ ਕਪੜੇ ਨਾਲ ਇਸ ਨੂੰ ਉਤਾਰ ਦਿਤਾ ਜਾਂਦਾ ਹੈ। ਇਸ ਨਾਲ ਸਰੀਰ ਦੀ ਤਵੱਚਾ ਬਹੁਤ ਮੁਲਾਇਮ ਹੋ ਜਾਂਦੀ ਹੈ। ਵੈਕਸਿੰਗ ਲੱਤਾਂ-ਬਾਹਾਂ ਦੀ ਹੀ ਨਹੀਂ ਕੱਛਾਂ ਦੇ ਵਾਲਾਂ ਜਾਂ ਕਈ ਔਰਤਾਂ ਗੁਪਤਾ ਅੰਗਾਂ ਦੀ ਵੀ ਕਰਾਉਂਦੀਆਂ ਹਨ, ਇਹ ਸੁਣ ਕੇ ਉਸ ਨੂੰ ਕਚਿਆਣ ਜਿਹੀ ਵੀ ਆਉਣ ਲਗਦੀ। ਚਿਹਰੇ ਦੀ ਚਮੜੀ ਦੇ ਵਾਲ ਲਾਹੁਣ ਲਈ ਜਾਂ ਇਸ ਨੂੰ ਖੂਬਸੂਰਤ ਦਿਸਣ ਲਈ ਵੀ ਖਾਸ ਬਾਮ ਜਾਂ ਜੈਲ ਵਰਤੇ ਜਾਂਦੇ। ਕਈ ਵਾਰ ਟਿੱਕਾ ਉਸ ਨੂੰ ਮਿਲੀ ਕਿਤਾਬ ਨੂੰ ਵੀ ਪੜਨ ਲਗਦਾ। ਜਿਹੜੀ ਗੱਲ ਮੁੰਦਰੀ ਨੂੰ ਟਰੇਨਿੰਗ ਸੈਂਟਰ ਵਿਚ ਸਮਝ ਨਾ ਆਈ ਹੁੰਦੀ ਉਹ ਸਮਝਾ ਦਿੰਦਾ।

ਇਕ ਦਿਨ ਟਿੱਕੇ ਨੇ ਆਖਿਆ,

—ਪਹਿਲਾਂ ਇਹ ਬਿਜਨੈਸ ਏਨਾ ਪਾਪੂਲਰ ਨਹੀਂ ਸੀ ਹੋਇਆ।

—ਕਿਉਂ?

—ਪਹਿਲਾਂ ਔਰਤਾਂ ਦੇ ਕੁਦਰਤੀ ਹੀ ਵਾਲ਼ ਨਹੀਂ ਸੀ ਹੋਇਆ ਕਰਦੇ, ਮੂੰਹ 'ਤੇ ਤਾਂ ਕਦੇ ਔਰਤ ਦੇ ਕੋਈ ਵਾਲ਼ ਦੇਖਣ ਨੂੰ ਵੀ ਨਹੀਂ ਸੀ ਹੁੰਦਾ ਪਰ ਜਦੋਂ ਦਾ ਔਰਤ ਨੇ ਆਦਮੀ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿਤਾ, ਉਸ ਦੇ ਹਾਰਮੋਨ ਸਟਰੌਂਗ ਹੋਣ ਲੱਗੇ ਤਾਂ ਮੂੰਹ 'ਤੇ ਵਾਲ਼ ਉਗਣੇ ਸ਼ੁਰੂ ਹੋ ਗਏ।

—ਟਿੱਕਾ ਜੀ, ਕਿਸੇ ਹੋਰ ਨੂੰ ਨਾ ਕਹਿ ਦਿਓ, ਔਰਤਾਂ ਦੀ ਕੋਈ ਜਥੇਬੰਦੀ ਤੁਹਾਡੇ ਮਗਰ ਪੈ ਜਾਊ।



ਕਹਿ ਕੇ ਮੁੰਦਰੀ ਹੱਸਣ ਲੱਗੀ। ਟਿੱਕਾ ਆਪਣਾ ਨੁਕਤਾ ਅੱਗੇ ਵਧਾਉਂਦਾ ਬੋਲਿਆ,

—ਤੂੰ ਧਿਆਨ ਨਾਲ ਦੇਖੀਂ, ਜਿਹੜੀਆਂ ਔਰਤਾਂ ਬਹੁਤਾ ਲੜਦੀਆਂ, ਦੂਜੇ 'ਤੇ ਰੋਅਬ ਪਾਉਂਦੀਆਂ ਉਹਨਾਂ ਦੇ ਜਿਸਮ 'ਤੇ ਵਾਲ਼ ਵੀ ਜ਼ਿਆਦਾ ਹੋਣਗੇ। ਪਹਿਲਾਂ ਔਰਤਾਂ ਦੇ ਵਾਲ਼ ਉੱਗਣ ਵਾਲੀ ਗੱਲ ਮੇਰੇ ਪੱਲੇ ਨਹੀਂ ਸੀ ਪੈ ਰਹੀ, ਹੁਣ ਪੈ ਰਹੀ ਐ।

ਮੁੰਦਰੀ ਸੋਚ ਰਹੀ ਸੀ ਕਿ ਇਹ ਟਿੱਕੇ ਦਾ ਵਹਿਮ ਸੀ ਪਰ ਉਹ ਇਸ ਬਾਰੇ ਬਹਿਸ ਵੀ ਨਹੀਂ ਸੀ ਕਰਨੀ ਚਾਹੁੰਦੀ।

ਮੁੰਦਰੀ ਦੇ ਕੰਮ ਦੇ ਪਰੈਕਟੀਕਲ ਦੇ ਨਾਲ ਨਾਲ ਕੁਝ ਹੋਰ ਵੀ ਸਿੱਖਣਾ ਪੈਣਾ ਸੀ ਜਿਵੇਂ ਕਿ ਸਿਹਤ ਸਬੰਧੀ ਇਸ ਕੰਮ ਬਾਰੇ ਕੀ ਕੀ ਰੂਲ ਬਣੇ ਹੋਏ ਹਨ। ਆਪਣਾ ਕਾਰੋਬਾਰ ਕਿਵੇਂ ਚਲਾਉਣਾ ਹੈ। ਇਸ ਕੰਮ ਦੀ ਇੰਸ਼ੋਰੈਂਸ ਕਿਵੇਂ ਕਰਾਉਣੀ ਹੈ ਤੇ ਇਸ ਦਾ ਵੇਸਟ ਭਾਵ ਬਚਿਆ-ਖੁਚਿਆ ਕੂੜਾ ਕਿਥੇ ਸੁੱਟਣਾ ਹੈ ਬਗੈਰਾ ਬਗੈਰਾ।

ਟਰੇਨਿੰਗ ਲੈਣ ਵਾਲੀਆਂ ਕੁੜੀਆਂ ਆਪਣੇ ਪਰੈਕਟੀਕਲ ਪਾਰਲਰ ਵਿਚ ਆਈਆਂ ਗਾਹਕ ਔਰਤਾਂ ਉਪਰ ਕਰਿਆ ਕਰਦੀਆਂ ਸਨ ਪਰ ਦਸਾਂ ਕੁੜੀਆਂ ਲਈ ਗਾਹਕ ਔਰਤਾਂ ਪੂਰਾ ਪਰੈਕਟੀਕਲ ਕਰਨ ਲਈ ਘੱਟ ਪੈ ਜਾਂਦੀਆਂ ਤੇ ਫਿਰ ਉਹ ਇਕ ਦੂਜੀ ਉਪਰ ਹੀ ਆਪੋ ਆਪਣੇ ਪਰੈਕਟੀਕਲ ਕਰਨ ਲੱਗਦੀਆਂ। ਕਈ ਵਾਰ ਸੋਫੀਆ ਉਹਨਾਂ ਨੂੰ ਕਹਿ ਦਿੰਦੀ ਕਿ ਆਪਣੇ ਨਾਲ ਹੀ ਕਿਸੇ ਸਹੇਲੀ ਨੂੰ ਲੈ ਆਓ ਤੇ ਉਸ ਉਪਰ ਪਰੈਕਟੀਕਲ ਕਰੋ। ਮੁੰਦਰੀ ਦੀਆਂ ਕਈ ਸਹੇਲੀਆਂ ਸਨ, ਉਹ ਕਿਸੇ ਨਾ ਕਿਸੇ ਨੂੰ ਲੈ ਜਾਂਦੀ ਪਰ ਸਭ ਤੋਂ ਬੜੀ ਮੁਸੀਬਤ ਉਦੋਂ ਖੜੀ ਹੋਈ ਜਦੋਂ ਉਸ ਨੇ ਮਨਜੀਤ ਨੂੰ ਆਪਣੇ ਨਾਲ ਤਿਆਰ ਕਰ ਲਿਆ।

ਮਨਜੀਤ ਨੂੰ ਚੇਤਾ ਹੀ ਨਹੀਂ ਸੀ ਕਿ ਉਸ ਦਾ ਪਤੀ ਗਰੰਥੀ ਹੈ ਤੇ ਵਾਲ ਉਤਾਰਨ ਨੂੰ ਪਸੰਦ ਨਹੀਂ ਕਰੇਗਾ। ਉਹ ਥੋੜੇ-ਬਹੁਤ ਵਾਲ ਤਾਂ ਸਾਫ ਕਰ ਲਿਆ ਕਰਦੀ ਸੀ ਪਰ ਜੀਤ ਸਿੰਘ ਨੂੰ ਪਤਾ ਨਾ ਚੱਲਦਾ। ਉਹ ਮੁੰਦਰੀ ਨਾਲ ਚਲੇ ਗਈ ਤੇ ਜਦ ਵਾਪਸ ਮੁੜੀ ਤਾਂ ਉਸ ਦਾ ਸਰੀਰ ਸੰਗਮਰਮਰ ਵਰਗਾ ਮੁਲਾਇਮ ਬਣਿਆ ਪਿਆ ਸੀ। ਮਨਜੀਤ ਆਪਣੇ ਅੰਗਾਂ ਤੇ ਹੱਥ ਫੇਰ ਫੇਰ ਕੇ ਖੁਸ਼ ਹੋ ਰਹੀ ਸੀ। ਰਾਤ ਨੂੰ ਜਦੋਂ ਉਹ ਆਪਣੇ ਪਤੀ ਨਾਲ ਹਮਬਿਸਤਰ ਹੋਈ ਤਾਂ ਲੱਗੀ ਆਪਣੇ ਮੁਲਾਇਮ ਸਰੀਰ ਦੀ ਹੋਂਦ ਦਿਖਲਾਣ। ਜੀਤ ਸਿੰਘ ਕਦੇ ਅਜਿਹੀਆਂ ਗੱਲਾਂ ਵਲ ਧਿਆਨ ਨਹੀਂ ਸੀ ਦਿਆ ਕਰਦਾ। ਜਦੋਂ ਉਸ ਨੇ ਗੱਲ ਨਾ ਫੜੀ ਤਾਂ ਮਨਜੀਤ ਨੇ ਕਿਹਾ,

—ਤੁਹਾਨੂੰ ਅੱਜ ਕੋਈ ਨਵੀਂ ਚੀਜ਼ ਨਹੀਂ ਮਹਿਸੂਸ ਹੋ ਰਹੀ?

—ਨਹੀਂ ਤਾਂ।

—ਮੇਰੀ ਬੌਡੀ ਵਿਚ ਕੋਈ ਫਰਕ ਨਹੀਂ ਦਿਸ ਰਿਹਾ।

ਜੀਤ ਸਿੰਘ ਨੇ ਹਾਲੇ ਵੀ ਉਸ ਦੀ ਗੱਲ ਨਹੀਂ ਸੀ ਗੌਲ਼ੀ। ਹਨੇਰੇ ਵਿਚ ਉਸ ਨੇ ਕੀ ਦੇਖਣਾ ਸੀ। ਅੰਤ ਮਨਜੀਤ ਹੀ ਦੱਸਣ ਲੱਗ ਪਈ,

—ਅਜ ਮੈਂ ਸਾਰੇ ਸਰੀਰ ਦੀ ਵੈਕਸਿੰਗ ਕਰਾਈ ਆ, ਪੂਨਮ ਤੋਂ।

—ਉਹ ਕੀ ਹੁੰਦੀ ਆ?

—ਸਰੀਰ ਸਾਫ ਕਰਾਇਆ, ਪੂਨਮ ਨੇ ਆਪਣੇ ਹੱਥੀਂ ਕੀਤਾ।

—ਤੂੰ ਤਾਂ ਰੋਜ਼ ਨਹਾਉਂਦੀ ਆਂ।

—ਇਹ ਨਹਾਉਣ ਵਾਲੀ ਸਫਾਈ ਨਹੀਂ, ਇਹ ਤਾਂ ਖਾਸ ਜੈਲ ਲਾ ਕੇ ਕੀਤੀ ਜਾਂਦੀ ਆ, ਸਾਰੇ ਵਾਲ਼ ਇਕ ਝੱਟਕੇ ਨਾਲ ਲਹਿ ਜਾਂਦੇ।

—ਤੂੰ ਸਰੀਰ ਦੇ ਰੋਮ, ਵਾਲ਼ ਕਟਾ 'ਤੇ?

ਜੀਤ ਸਿੰਘ ਨੇ ਗੁੱਸੇ ਵਿਚ ਭੜਕਦੇ ਹੋਇਆਂ ਕਿਹਾ। ਮਨਜੀਤ ਡਰਦੀ ਬੋਲੀ,

—ਨਹੀਂ ਜੀ, ਕਟਾਏ ਨਹੀਂ ਲਹਾਏ ਆ।

—ਬੇਵਕੂਫ ਔਰਤ, ਤੂੰ ਅੰਮ੍ਰਿਤ ਛਕਿਆ ਹੋਇਆ, ਤੂੰ ਇਕ ਗਰੰਥੀ ਦੀ ਘਰਵਾਲੀ ਐਂ, ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ ਲੋਕਾਂ ਨੇ ਸਾਨੂੰ ਧੱਕੇ ਮਾਰ ਕੇ ਗੁਰਦਵਾਰੇ 'ਚੋਂ ਕੱਢ ਦੇਣਾਂ। ਤੂੰ ਇਹ ਕੀ ਕਰ ਦਿਤਾ?

ਹੁਣ ਮਨਜੀਤ ਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਉਹ ਰੋਣ ਲੱਗ ਪਈ। ਜੀਤ ਸਿੰਘ ਬੋਲਿਆ,

—ਹੁਣ ਚੁੱਪ ਰਹਿ, ਏਸ ਗੱਲ ਦਾ ਧੂੰਆਂ ਵੀ ਨਾ ਕੱਢੀਂ। ਪੂਨਮ ਨੂੰ ਵੀ ਕਹਿ ਦੇ ਮੂੰਹ ਬੰਦ ਰੱਖੇ, ਨਹੀਂ ਤਾਂ ਆਪਾਂ ਮਾਰੇ ਜਾਵਾਂਗੇ!

ਕਹਿ ਕੇ ਉਹ ਮਨਜੀਤ ਦੇ ਜਿਸਮ ਉਪਰ ਹੱਥ ਫੇਰਨ ਲੱਗਿਆ।

ਅਗਲੇ ਦਿਨ ਜੀਤ ਸਿੰਘ ਮਨਜੀਤ ਨੂੰ ਬੋਲਿਆ,

—ਤੂੰ ਜਾ ਆਇਆ ਕਰ ਪੂਨਮ ਨਾਲ਼ ਪਰ ਦੇਖੀਂ ਕਿਸੇ ਨੂੰ ਪਤਾ ਨਾ ਲੱਗੇ।...

ਮੁੰਦਰੀ ਨੇ ਮਿਥੇ ਸਮੇਂ ਵਿਚ ਆਪਣਾ ਕੋਰਸ ਪੂਰਾ ਕਰ ਲਿਆ। ਕੌਂਸਲ ਵਲੋਂ ਇਕ ਔਰਤ ਉਹਨਾਂ ਦਾ ਇਮਤਿਹਾਨ ਲੈਣ ਆਈ। ਬਹੁਤਾ ਇਮਤਿਹਾਨ ਤਾਂ ਪਰੈਕਟੀਕਲ ਵਿਚ ਹੀ ਸੀ। ਜਿਹੜਾ ਲਿਖ ਕੇ ਦੇਣਾ ਸੀ ਉਹ ਵੀ ਟਿੱਕੇ ਨੇ ਉਸ ਨੂੰ ਤਿਆਰ ਕਰਵਾ ਦਿਤਾ ਸੀ। ਬਹੁਤਾ ਮੁਸ਼ਕਲ ਨਹੀਂ ਸੀ। ਕੋਰਸ ਪੂਰਾ ਹੋਣ ਤੋਂ ਦੋ ਹਫਤੇ ਬਾਅਦ ਉਸ ਨੂੰ ਸਰਟੀਫਿਕੇਟ ਮਿਲ ਜਾਣਾ ਸੀ। ਮੁੰਦਰੀ ਬੋਲੀ,

—ਟਿੱਕਾ ਜੀ, ਹੁਣ ਕੀ ਪ੍ਰੋਗਰਾਮ ਐ?

—ਦੋ ਤਰੀਕੇ ਮੈਂ ਸੋਚਦਾਂ, ਇਕ ਤਾਂ ਇਹ ਕਿ ਤੂੰ ਆਹ ਜੌਬ ਛੱਡ ਕੇ ਕਿਸੇ ਬਿਊਟੀ ਪਾਰਲਰ ਵਿਚ ਜੌਬ ਲੱਭੇਂ ਤੇ ਦੂਜਾ ਇਹ ਜੌਬ ਨਾਂ ਛੱਡੇਂ ਤੇ ਘਰੋਂ ਆਪਣਾ ਹੀ ਕੰਮ ਸ਼ੁਰੂ ਕਰ ਦੇਵੇਂ।

—ਜੌਬ ਹੁਣ ਮੇਰੀ ਬਣੀ ਹੋਈ ਐ, ਘਰੋਂ ਹੀ ਕੰਮ ਸ਼ੁਰੂ ਕਰ ਦਿੰਨੇ ਆਂ। ਸੋਫੀਆ ਨੇ ਸਾਨੂੰ ਇਕ ਲਿਸਟ ਦਿਤੀ ਆ ਕਿ ਇਹ ਕੰਮ ਸ਼ੁਰੂ ਕਰਨ ਲਈ ਕਿਹੜੀ ਕਿਹੜੀ ਚੀਜ਼ ਦੀ ਲੋੜ ਆ। ਉਹ ਕਹਿੰਦੀ ਕਿ ਇਹ ਸਮਾਨ ਕਈ ਵਾਰ ਸੈਕਿੰਡ ਹੈਂਡ ਵੀ ਮਿਲ ਜਾਂਦਾ ਪਰ ਲੱਭਣਾ ਪੈਂਦਾ।

—ਇਹਦਾ ਫਿਕਰ ਨਾ ਕਰ, ਲੱਭ ਲਵਾਂਗੇ।

—ਉਹ ਇਹ ਵੀ ਕਹਿੰਦੀ ਕਿ ਜੇ ਘਰੋਂ ਸ਼ੁਰੂ ਕਰਨਾ ਤਾਂ ਕੌਂਸਲ ਤੋਂ ਪਰਮਿਸ਼ਨ ਵੀ ਲੈਣੀ ਪੈਂਦੀ ਆ ਤੇ ਉਹ ਆ ਕੇ, ਪੂਰਾ ਚੈੱਕ ਕਰਕੇ ਲਾਇਸੰਸ ਦਿੰਦੇ ਆ।

—ਚੱਲ ਲਾਇਸੰਸ ਤਾਂ ਆਉਣ ਦੇ, ...ਮੈਨੂੰ ਪਤਾ ਕਿ ਘਰ ਦੇ ਪੱਚੀ ਫੀਸਦੀ ਹਿੱਸੇ ਵਿਚ ਤੁਸੀਂ ਬਿਜ਼ਨਸ ਕਰ ਸਕਦੇ ਓ।

ਟਿੱਕੇ ਨੇ ਇੰਟਰਨੈੱਟ ਤੋਂ ਹੀ ਕਾਊਚ, ਕੁਰਸੀ, ਵੱਡੇ ਸ਼ੀਸ਼ੇ ਆਦਿ ਲੱਭ ਲਏ। ਬਰਮੀਘੰਮ ਵਿਚ ਬਿਊਟੀ ਪਾਰਲਰ ਲਈ ਲੋੜੀਦੀਂਆਂ ਚੀਜ਼ ਦੇ ਸਮਾਨ ਦਾ ਵੇਅਰ-ਹਾਊਸ ਸੀ, ਉਥੋ ਵੀ ਮੁੰਦਰੀ ਨੂੰ ਨਾਲ ਲੈ ਕੇ ਸਮਾਨ ਖਰੀਦ ਲਿਆ। ਮੁੰਦਰੀ ਦੇ ਘਰ ਦਾ ਇਕ ਬੈੱਡਰੂਮ ਖਾਲੀ ਕਰਕੇ ਉਸ ਵਿਚ ਸਮਾਨ ਟਿਕਾ ਲਿਆ। ਲੈਸਟਰ ਦੀ ਹੀ ਇਕ ਪਰੈੱਸ ਵਿਚ ਹਜ਼ਾਰ ਕੁ ਲੀਫ-ਲੈੱਟਸ ਛਪਾ ਲਏ। ਨਾਂ ਰੱਖ ਦਿਤਾ 'ਮੁੰਦਰੀ ਬਿਊਟੀ ਪਾਰਲਰ'। ਲੀਫ-ਲੈੱਟ ਹੱਥ ਵਿਚ ਫੜੀ ਮੁੰਦਰੀ ਤਾਂ ਖੀਵੀ ਹੋਈ ਜਾ ਰਹੀ ਸੀ।

ਇਹਨਾਂ ਸਾਰੇ ਦਿਨਾਂ ਵਿਚ ਭਾਵੇਂ ਉਹ ਬਰਮੀਘੰਮ ਨਹੀਂ ਸੀ ਜਾ ਸਕੀ ਪਰ ਉਸ ਦੀ ਕੈਰਲ ਨਾਲ ਗੱਲਬਾਤ ਹੁੰਦੀ ਰਹਿੰਦੀ ਸੀ। ਕੈਰਲ ਨੇ ਆਪਣਾ ਕੋਰਸ ਨਾ ਤਾਂ ਪੂਰਾ ਕਰਨਾ ਸੀ ਤੇ ਨਾ ਹੀ ਕੀਤਾ ਪਰ ਉਹ ਮੁੰਦਰੀ ਦੇ ਕੋਰਸ ਪੂਰਾ ਕਰਨ 'ਤੇ ਹੈਰਾਨ ਜ਼ਰੂਰ ਸਨ। ਟਿੱਕਾ ਵੀ ਮੁੰਦਰੀ ਜਿੰਨਾ ਹੀ ਖੁਸ਼ ਸੀ। ਉਹ ਮੁੰਦਰੀ ਨੂੰ ਕਹਿਣ ਲੱਗਿਆ,

—ਮੈਂ ਕਿਸੇ ਦੀ ਮਦਦ ਲੈ ਕੇ ਤੇਰੀ ਵੈੱਬ ਡਿਜ਼ਾਈਨ ਕਰਦਾਂ, ਮੈਂ ਦੇਖਦਾਂ ਜੇ ਡੋਮੇਨ ਮਿਲ ਗਿਆ ਤਾਂ। ਨਾਂ ਰੱਖਾਂਗੇ; ਮੁੰਦਰੀ ਡੌਟ ਕੌਮ।

## ਅਠਾਰਾਂ

ਹੁਣ ਮੁੰਦਰੀ ਦਾ ਬਰਮੀਘੰਮ ਆਉਣਾ ਬਹੁਤ ਘਟ ਗਿਆ। ਸ਼ਨਿਚਰ-ਐਤਵਾਰ ਉਹ ਆਪਣੇ ਘਰ ਬੈਠੀ ਕਲਾਇੰਟਾਂ ਦੀ ਉਡੀਕ ਕਰਦੀ ਰਹਿੰਦੀ। ਹਰ ਵੇਲੇ ਮੁਬਾਈਲ ਵੱਲ ਦੇਖਦੀ ਰਹਿੰਦੀ ਕਿ ਪਤਾ ਨਹੀਂ ਕਿਹੜੇ ਵੇਲੇ ਵੱਜ ਪਵੇ। ਉਸ ਨੇ ਕੰਮ ਉਪਰ ਸਾਰੀਆਂ ਔਰਤਾਂ ਨੂੰ ਆਪਣੇ ਕਾਰਡ ਤੇ ਲੀਫ-ਲੈੱਟਸ ਦਿਤੇ ਸਨ। ਕਈ ਵਾਰ ਉਹ ਆਲੇ-ਦੁਆਲੇ ਦੇ ਘਰਾਂ ਵਿਚ ਵੀ ਲੀਫ-ਲੈੱਟਸ ਸੁੱਟ ਆਉਂਦੀ। ਉਹ ਕਈ ਵਾਰ ਗੁਰਦਵਾਰੇ ਵੀ ਇਹ ਪਰਚੇ ਵੰਡ ਦਿੰਦੀ। ਫਿਰ ਉਸ ਨੇ ਹੋਰ ਪੇਪਰ ਛਪਵਾ ਲਏ। ਕੁਝ ਹੋਰ ਮਸ਼ਹੂਰੀ ਕੀਤੀ ਜਿਵੇਂ ਕਿ ਲੋਕਲ ਅਖਬਾਰ ਵਿਚ ਵੀ ਮਹੀਨਾ ਭਰ ਆਪਣੀ ਐਡ ਦਿੰਦੀ ਰਹੀ ਪਰ ਜਿਹੜੀ ਗੱਲ ਬਣਨੀ ਚਾਹੀਦੀ ਸੀ ਉਹ ਬਣੀ ਨਾ। ਫਿਰ ਵੀ ਰੋਜ਼ ਦੀਆਂ ਤਿੰਨ-ਚਾਰ ਔਰਤਾਂ ਆਉਣ ਲੱਗੀਆਂ ਸਨ। ਉਹ ਇੰਨੇ ਨਾਲ ਹੀ ਖੁਸ਼ ਸੀ।

ਉਸ ਦੀ ਪੁਲੀਸਵੋਮੈਨ ਸਹੇਲੀ ਤੇਜੀ ਸੱਗੂ, ਜਿਹੜੀ ਉਸ ਦੀ ਗਾਹੇ-ਵਗਾਹੇ ਮੱਦਦ ਕਰਦੀ ਰਹਿੰਦੀ ਸੀ, ਨੇਇਕ ਦਿਨ ਉਸ ਨੇ ਕਿਹਾ,

—ਮੇਰੇ ਹਿਸਾਬ ਨਾਲ ਤੂੰ ਇਲੈਕਟਰੌਲਸਜ਼ ਦਾ ਕੋਰਸ ਵੀ ਕਰ ਲੈ, ਇਕ ਤਾਂ ਉਹ ਕੰਮ ਇਹਦੇ ਨਾਲੋ ਸਾਫ ਐ ਤੇ ਦੂਜੇ ਉਹਦੇ ਵਿਚ ਪੈਸੇ ਜ਼ਿਆਦਾ।

—ਮੈਂ ਟਿੱਕਾ ਜੀ ਨਾਲ ਸਲਾਹ ਕਰੂੰਗੀ।

ਉਸ ਨੂੰ ਇਲੈਕਰੌਲਸਜ਼ ਬਾਰੇ ਪਤਾ ਸੀ ਕਿ ਜਿਸਮ ਦੇ ਵਾਧੂ ਵਾਲ ਖਤਮ ਕਰਨ ਲਈ ਬਰੀਕ ਜਿਹੀ ਸੂਈ ਨੂੰ ਵਾਲ ਦੀ ਜੜ੍ਹ ਵਿਚ ਪਾ ਕੇ ਕਰੰਟ ਨਾਲ ਵਾਲ ਮੁਕਾ ਦਿਤਾ ਜਾਂਦਾ ਸੀ। ਇਸ ਨਾਲ ਚਮੜੀ ਨੂੰ ਕੋਈ ਅਸਰ ਵੀ ਨਹੀਂ ਸੀ ਪੈਂਦਾ। ਔਰਤਾਂ ਆਮ ਤੌਰ ਤੇ ਇਹ ਤਰੀਕਾ ਮੂੰਹ ਦੇ ਵਾਲ਼ ਖਤਮ ਕਰਨ ਲਈ ਹੀ ਵਰਤਦੀਆਂ ਸਨ। ਉਸ ਨੂੰ ਇਹ ਵੀ ਪਤਾ ਸੀ ਕਿ ਇਲੈਕਰੌਲਸਜ ਦਾ ਕੋਰਸ ਮਹਿੰਗਾ ਵੀ ਹੈ ਤੇ ਲੰਮੇਰਾ ਤੇ ਔਖਾ ਵੀ ਵੱਧ ਹੈ। ਉਹ ਇਸ ਪਾਸ ਨਹੀਂ ਕਰ ਸਕੇਗੀ। ਇਸ ਵਿਚ ਲਿਖਤੀ ਟੈਸਟ ਵੀ

ਜ਼ਿਆਦਾ ਹਨ। ਉਸ ਕੋਲ ਜਮ੍ਹਾਂ ਪੂੰਜੀ ਹੁਣ ਪਹਿਲੇ ਜਿਹੀ ਨਹੀਂ ਸੀ। ਹਜ਼ਾਰ ਤੋਂ ਵੱਧ ਕੋਰਸ ਤੇ ਖਰਚ ਹੋ ਗਿਆ ਸੀ। ਹਜ਼ਾਰ ਪੌਂਡ ਤੋਂ ਜ਼ਿਆਦਾ ਦਾ ਸਮਾਨ ਤਾਂ ਪਹਿਲਾਂ ਹੀ ਆ ਗਿਆ ਸੀ। ਫਿਰ ਐਡਵਰਟਾਈਜ਼ਮੈਂਟ ਉਪਰ ਵੀ ਖਰਚ ਹੋ ਗਿਆ ਸੀ। ਦੀਪਾ ਉਸ ਨੂੰ ਇਹ ਸਮਝਾ ਗਿਆ ਸੀ ਜਾਂ ਵਹਿਮ ਪਾ ਗਿਆ ਸੀ ਕਿ ਇਸ ਮੁਲਕ ਵਿਚ ਕੁਝ ਮਹੀਨਿਆਂ ਦਾ ਰਾਸ਼ਣ ਆਪਣੀ ਬੁੱਕ ਵਿਚ ਰੱਖਣਾ ਚਾਹੀਦਾ ਹੈ। ਕਈ ਵਾਰ ਕੰਮ ਟੁੱਟ ਜਾਵੇ ਤਾਂ ਘਰ ਦੀ ਕਿਸ਼ਤ-ਬਿੱਲ ਦੇਣੇ ਮੁਸ਼ਕਲ ਹੋ ਜਾਂਦੇ ਹਨ। ਉਹ ਹਰ ਵੇਲੇ ਚਾਰ-ਪੰਜ ਹਜ਼ਾਰ ਪੌਂਡ ਆਪਣੀ ਬੁੱਕ 'ਤੇ ਰੱਖਣਾ ਚਾਹੁੰਦੀ ਸੀ। ਹੁਣ ਇਹ ਮਸਾਂ ਹਜ਼ਾਰ ਕੁ ਪੌਂਡ ਹੀ ਸੀ। ਉਸ ਨੇ ਟਿੱਕੇ ਨਾਲ ਸਲਾਹ ਕੀਤੀ। ਉਸ ਨੇ ਵੀ ਹਰੀ ਝੰਡੀ ਦੇ ਦਿਤੀ ਤੇ ਉਸ ਦੇ ਕੋਰਸ ਦਾ ਖਰਚਾ ਵੀ ਚੁੱਕ ਲਿਆ।

ਇਲੈਕਟਰੌਲਸਜ਼ ਦਾ ਕੋਰਸ ਵੀ ਲੈਸਟਰ ਵਿਚ ਹੀ ਸੀ। ਮਿੱਕ ਤੇ ਸੋਫੀਆ ਦੇ ਵਾਕਫਾਂ ਦਾ ਹੀ ਟਰੇਨਿੰਗ ਸੈਂਟਰ ਸੀ। ਇਹ ਕੋਰਸ ਤਿੰਨ ਮਹੀਨੇ ਦਾ ਸੀ। ਟਰੇਨਿੰਗ ਤਾਂ ਉਹੀ ਸ਼ਾਮ ਨੂੰ ਛੇ ਤੋਂ ਨੌਂ ਵਜੇ ਤਕ ਦੀ ਸੀ ਪਰ ਇਹ ਪੰਜੇ ਦਿਨ ਜਾਣਾ ਪੈਂਦਾ ਸੀ। ਪਹਿਲੇ ਦਿਨ ਹੀ ਜਦ ਕਿਤਾਬਾਂ ਦੇਖੀਆਂ ਤਾਂ ਮੁੰਦਰੀ ਡਰ ਗਈ। ਉਸ ਨੂੰ ਤਾਂ ਕੁਝ ਸਮਝ ਹੀ ਨਹੀਂ ਸੀ ਪੈ ਰਹੀ ਕਿ ਇਹ ਕੀ ਲਿਖਿਆ ਹੋਇਆ ਹੈ। ਵੈਸੇ ਉਸ ਨੇ ਇਲੈਕਰੌਲਸਜ਼ ਕਰਨ ਲਈ ਇਕ ਮਸ਼ੀਨ ਖਰੀਦ ਲਈ ਜਿਸ ਨਾਲ ਹੀ ਘਰ ਹੀ ਅਭਿਆਸ ਕਰ ਸਕਦੀ ਸੀ। ਉਸ ਦੀਆਂ ਕੁਝ ਪੱਕੀਆਂ ਗਾਹਕ ਬਣੀਆਂ ਹੋਈਆਂ ਸਨ, ਉਹਨਾਂ ਦੀਆਂ ਲੱਤਾਂ ਬਾਹਾਂ ਤੇ ਜਾਂ ਫਿਰ ਕਈ ਵਾਰ ਉਹਨਾਂ ਦੇ ਚਿਹਰੇ ਉਪਰ ਵੀ ਪਰੈਕਟਿਸ ਕਰਨ ਲਗਦੀ। ਜੇ ਕੋਈ ਹੋਰ ਨਾ ਲੱਭਦਾ ਤਾਂ ਮਨਜੀਤ ਤਾਂ ਹੁੰਦੀ ਹੀ ਸੀ।

ਪਰੈਕਟੀਕਲ ਕਰਨ ਵਿਚ ਤਾਂ ਮੁੰਦਰੀ ਇਥੇ ਵੀ ਠੀਕ ਜਾ ਰਹੀ ਸੀ ਪਰ ਜਿਹੜਾ ਉਸ ਨੂੰ ਵਾਲਾਂ ਦੀ ਬਣਤਰ ਬਾਰੇ ਜਾਂ ਇਹਨਾਂ ਦੀਆਂ ਕਿਸਮਾਂ ਬਾਰੇ ਜਾਂ ਇਹਨਾਂ ਦੀ ਜੜ੍ਹਾਂ ਬਾਰੇ ਲੈਕਚਰ ਦਿਤਾ ਜਾਂਦਾ ਉਹਦੇ ਬਹੁਤਾ ਪੱਲੇ ਨਾ ਪੈਂਦਾ। ਉਹ ਫਿਰ ਘਰ ਆ ਕੇ ਟਿੱਕੇ ਦਾ ਸਿਰ ਖਾਂਦੀ। ਟਿੱਕਾ ਕਈ ਵਾਰ ਹੱਸਦਾ ਹੋਇਆ ਬੋਲਦਾ,

—ਤੇਰੇ ਨਾਲੋਂ ਤਾਂ ਮੈਂ ਈ ਇਹ ਕੋਰਸ ਕਰ ਲੈਂਦਾ।

ਲਿਖਤੀ ਇਮਤਿਹਾਨ ਵੇਲੇ ਮੁੰਦਰੀ ਨੇ ਹੇਰਾਫੇਰੀ ਕਰ ਲਈ। ਇਹ ਇਮਤਿਹਾਨ ਜ਼ਰੂਰੀ ਨਹੀਂ ਕਿ ਇਕ ਦਿਨ ਹੀ ਚਲਣਾ ਸੀ, ਸਵਾਲ ਦੇ ਦਿਤੇ ਗਏ ਸਨ, ਭਾਵੇਂ ਇਹਨਾਂ ਦੇ ਉਤਰ ਦੋ ਦਿਨਾਂ ਵਿਚ ਲਿਖ ਦਿਓ। ਮੁੰਦਰੀ ਨੇ ਕੀ ਕੀਤਾ ਕਿ ਸਾਰੇ ਸਵਾਲ ਲਿਖ ਕੇ ਘਰ ਲੈ ਆਈ ਤੇ ਟਿੱਕੇ ਦੀ ਸਹਾਇਤਾ ਨਾਲ ਉਹਨਾਂ ਦੇ ਜਵਾਬ ਲਿਖ ਲਏ ਤੇ ਅਗਲੇ ਦਿਨ ਆਪਣੀ ਫਾਈਲ ਵਿਚ ਰੱਖ ਦਿਤੇ। ਉਸ ਦੀ ਇਨਸਟਰੱਕਟਰ ਗੋਰੀ ਉਸ ਉਪਰ ਖੁਸ਼ ਵੀ ਸੀ ਤੇ ਹੈਰਾਨ ਵੀ ਕਿ ਇੰਨੇ ਸਫੇ ਉਸ ਨੇ ਥੋੜੇ ਸਮੇਂ ਵਿਚ ਹੀ ਲਿਖ ਲਏ ਸਨ। ਇਸ ਸਾਰੇ ਕੋਰਸ ਦੇ ਟੈੱਸਟ ਕੌਂਸਲ ਦੇ ਅਧਿਕਾਰੀ ਲੈ ਰਹੇ ਸਨ। ਮੁੰਦਰੀ ਨੇ ਮਾਰ ਖਾਧੀ ਤਾਂ ਇੰਟਰਵਿਊ ਵਿਚ ਖਾਧੀ ਪਰ ਕੁਲ ਮਿਲਾ ਕੇ ਉਸ ਨੂੰ ਪਾਸ ਕਰ ਦਿਤਾ ਗਿਆ। ਕੁਝ ਹਫਤਿਆਂ ਵਿਚ ਉਸ ਦਾ ਇਹ ਸਟਰੀਫਿਕੇਟ ਵੀ ਘਰ ਆ ਗਿਆ।

ਇਸ ਤੋਂ ਬਾਅਦ ਚਾਈਂ ਚਾਈਂ ਬਰਮੀਘੰਮ ਗਈ ਤੇ ਕੈਰਲ ਨੂੰ ਮਿਲੀ। ਉਸ ਤੋਂ ਸਾਰੇ ਟੈੱਸਟ ਪਾਸ ਕਰਨ ਦੀ ਖੁਸ਼ੀ ਨਹੀਂ ਸੀ ਸਾਂਭੀ ਜਾਂਦੀ। ਕੈਰਲ ਵੀ ਉਸ ਨੂੰ ਮਿਲ ਕੇ ਖੁਸ਼ ਸੀ ਪਰ ਉਸ ਦੇ ਸਰਟੀਫਿਕੇਟਾਂ ਨੂੰ ਦੇਖ ਕੇ ਈਰਖਾ ਨਾਲ ਉਛਲੀ ਜਾ ਰਹੀ ਸੀ,



ਖਾਸ ਤੌਰ 'ਤੇ ਉਸ ਦੀ ਮਾਂ ਸਤਨਾਮ ਕੋਰ। ਉਸ ਨੇ ਪੁੱਛਿਆ,

—ਮੁੰਦਰੀ, ਹੁਣ ਕੀ ਪਰੋਗਰਾਮ ਤੇਰਾ?

—ਹਾਲੇ ਸੋਚਿਆ ਨਹੀਂ, ਦੇਖਦੀ ਹਾਂ ਕਿ ਕੀ ਕਰਨਾ।

—ਮੈਂ ਕੈਰਲ ਦੇ ਡੈਡੀ ਨਾਲ ਗੱਲ ਕਰ ਲੈਨੀ ਆਂ, ਅਸੀਂ ਤੈਨੂੰ ਬਿਊਟੀ ਪਾਰਲਰ ਖੋਹਲ ਦਿੰਨੇ ਆਂ, ਤੇਰੇ ਨਾਲ ਹੀ ਕੈਰਲ ਵੀ ਕੰਮ ਕਰੀ ਜਾਊ।

—ਅੰਟੀ ਜੀ, ਹਾਲੇ ਤਾਂ ਮੈਂ ਕਿਸੇ ਬਿਊਟੀਪਾਰਲਰ ਵਿਚ ਜੌਬ ਕਰਨੀ ਆਂ, ਫੇਰ ਜ਼ਰਾ ਤਜ਼ਰਬਾ ਹੋਏ 'ਤੇ ਆਪਣਾ ਬਿਊਟੀ ਪਾਰਲਰ ਖੋਹਲਣਾ।

ਮੁੰਦਰੀ ਨੇ ਪੂਰੇ ਆਤਮ ਵਿਸ਼ਵਾਸ ਨਾਲ ਕਿਹਾ ਜੋ ਕਿ ਸਤਨਾਮ ਕੋਰ ਨੂੰ ਚੰਗਾ ਨਾ ਲਗਿਆ। ਉਹ ਖਿਝਦੀ ਜਿਹੀ ਕੈਰਲ ਨੂੰ ਬੋਲੀ,

—ਤੇਰੇ ਵਿਚ ਕਿਹੜੀ ਕਮੀ ਸੀ ਜਿਹੜਾ ਕਿ ਤੂੰ ਇਹ ਕੋਰਸ ਨਹੀਂ ਕਰ ਸਕੀ, ...ਹਾਲੇ ਮੁੰਦਰੀ ਨੂੰ ਤਾਂ ਅੰਗਰੇਜ਼ੀ ਵੀ ਪੂਰੀ ਨਹੀਂ ਆਉਂਦੀ।

ਮੁੰਦਰੀ ਇਕਦਮ ਬੋਲੀ,

—ਅੰਟੀ ਜੀ, ਮੈਨੂੰ ਅੰਗਰੇਜ਼ੀ ਦੀ ਕੋਈ ਪ੍ਰੌਬਲਮ ਨਹੀਂ, ਨਾਲ਼ੇ ਇਹ ਸਰਟੀਫਿਕੇਟ 'ਕੱਲੀ ਅੰਗਰੇਜ਼ੀ ਨਹੀਂ ਮੰਗਦੇ।

ਬਾਕੀ ਦੀ ਗੱਲ ਸਤਨਾਮ ਕੋਰ ਸਮਝ ਗਈ ਸੀ। ਉਸੇ ਵੇਲੇ ਇਕ ਲੰਮਾ ਜਿਹਾ ਮੁੰਡਾ ਉਹਨਾਂ ਦੇ ਘਰ ਆ ਗਿਆ। ਉਹ ਮੁੰਦਰੀ ਵਲ ਬਹੁਤ ਹੀ ਧਿਆਨ ਨਾਲ ਦੇਖਦਾ ਜਾ ਰਿਹਾ ਸੀ। ਉਸ ਨੇ ਕੈਰਲ ਨੂੰ ਪਰਦੇ ਜਿਹੇ ਨਾਲ ਉਸ ਮੁੰਡੇ ਬਾਰੇ ਪੁੱਛਿਆ ਤਾਂ ਉਹ ਬੋਲੀ,

—ਇਹ ਪੌਲ ਆ, ਪੌਲ ਪਰਾਸ਼ਰ। ਸਾਡੇ ਪੀਜ਼ੇ 'ਤੇ ਕੰਮ ਕਰਦਾ, ਕਿਉਂ, ਚੰਗਾ ਲਗਿਆ?

—ਉਹ ਤਾਂ ਦੇਖਦਾ ਈ ਏਦਾਂ, ਜਿੱਦਾਂ ਖਾ ਜਾਣਾ ਹੋਵੇ।

—ਬਹੁਤ ਹੀ ਬੀਬਾ ਮੁੰਡਾ ਇਹ। ਜੇ ਚੰਗਾ ਲਗਦਾ ਤਾਂ ਮੈਂ ਗੱਲ ਕਰ ਸਕਦੀ ਆਂ।

—ਰਹਿਣ ਦੇ ਤੂੰ।

ਮੁੰਦਰੀ ਨੇ ਕਿਹਾ ਤੇ ਹੋਰ ਗੱਲ ਤੋਰ ਲਈ। ਪੌਲ ਕੁਝ ਦੇਰ ਸਤਨਾਮ ਕੋਰ ਨਾਲ ਗੱਲਾਂ ਕਰਦਾ ਰਿਹਾ ਤੇ ਨਾਲ ਦੀ ਨਾਲ ਚੋਰੀ ਅੱਖ ਨਾਲ ਮੁੰਦਰੀ ਵਲ ਵੀ ਦੇਖਦਾ ਰਿਹਾ।

ਅਸਲ ਵਿਚ ਪੌਲ ਨੂੰ ਸਤਨਾਮ ਕੋਰ ਨੇ ਹੀ ਸੱਦਿਆ ਸੀ। ਆਪਣੇ ਕੋਰਸਾਂ ਵਿਚ ਫਸੀ ਮੁੰਦਰੀ ਕਈ ਮਹੀਨਿਆਂ ਤੋਂ ਬਰਮੀਘੰਮ ਨਹੀਂ ਸੀ ਆ ਸਕੀ ਤੇ ਮੁੰਦਰੀ ਨਾਲ ਇਸ ਵਿਸ਼ੇ 'ਤੇ ਗੱਲ ਨਹੀਂ ਸੀ ਹੋ ਸਕੀ। ਪੌਲ ਚਲੇ ਗਿਆ ਤਾਂ ਉਸ ਨੇ ਮੁੰਦਰੀ ਨੂੰ ਆਪਣੇ ਕੋਲ ਬਿਠਾ ਕੇ ਬਾਹਾਂ ਵਿਚ ਲੈਂਦਿਆਂ ਕਿਹਾ,

—ਮੁੰਦਰੀ ਧੀਏ, ਤੂੰ ਮੈਨੂੰ ਕੈਰਲ ਵਰਗੀ ਹੀ ਐਂ, ਮੈਂ ਤੇਰੇ ਬਾਰੇ ਵੀ ਬਹੁਤ ਸੋਚਦੀ ਰਹਿੰਨੀ ਆਂ। ਹੁਣ ਤੇਰੀ ਉਮਰ ਵਿਆਹ ਦੀ ਹੋ ਗਈ ਆ, ਮੈਂ ਚਾਹੁੰਨੀ ਆਂ ਕਿ ਮੇਰੀ ਵੱਡੀ ਧੀ ਕਿਰਨ ਵਾਂਗ ਤੇਰਾ ਵੀ ਵਿਆਹ ਹੋ ਜਾਵੇ ਤੇ ਆਪਣੇ ਬੱਚੇ ਹੋਣ। ਮੈਂ ਚਾਹੁੰਨੀ ਆਂ ਤੂੰ ਜਲਦੀ ਤੋਂ ਜਲਦੀ ਵਿਆਹ ਕਰਾ ਲਵੇਂ।

—ਅੰਟੀ ਜੀ, ਮੈਂ ਹਾਲੇ ਏਦਾਂ ਸੋਚਿਆ ਨਹੀਂ।

—ਹੋਰ ਸੋਚਣਾ ਕਦੋਂ ਆਂ? ...ਉਮਰ ਤਾਂ ਤੇਰੀ ਹੋਈ ਖੜ੍ਹੀ ਆ। ਦੇਖ ਆਹ ਮੁੰਡਾ ਪੌਲ ਬਹੁਤ ਹੀ ਚੰਗਾ ਮੁੰਡਾ, ਤੂੰ ਆਪ ਏਹਦੇ ਨਾਲ ਗੱਲਾਂ ਕਰਕੇ ਦੇਖ ਲੈ।

ਸਤਨਾਮ ਕੌਰ ਦੀ ਗੱਲ ਮੁੰਦਰੀ ਨੂੰ ਚੰਗੀ ਵੀ ਲੱਗੀ ਤੇ ਮਾੜੀ ਵੀ। ਚੰਗੀ ਇਸ ਕਰਕੇ ਕਿ ਉਹ ਉਸ ਦਾ ਫਿਕਰ ਕਰ ਰਹੀ ਸੀ। ਮਾੜੀ ਇਸ ਕਰਕੇ ਕਿ ਇਸ ਸਮੇਂ ਉਹ ਵਿਆਹ ਬਾਰੇ ਨਹੀਂ ਸੀ ਸੋਚਣਾ ਚਾਹੁੰਦੀ ਬਲਕਿ ਆਪਣੀ ਨਵੀਂ ਹਾਸਲ ਕੀਤੀ ਯੋਗਤਾ ਬਾਰੇ ਕੁਝ ਕਰਨਾ ਚਾਹੁੰਦੀ ਸੀ। ਜੋ ਵੀ ਸੀ, ਸਤਨਾਮ ਕੌਰ ਦੀ ਇਸ ਗੱਲ ਨੇ ਉਸ ਦੇ ਅੰਦਰ ਇਕ ਹਿਲਜੁਲ ਜਿਹੀ ਮਚਾ ਦਿਤੀ। ਵਿਆਹ ਤਾਂ ਉਸ ਨੇ ਕਰਨਾ ਹੀ ਸੀ। ਇਵੇਂ ਤਾਂ ਨਹੀਂ ਸੀ ਜੀਵਨ ਕੱਢਿਆ ਜਾ ਸਕਦਾ। ਟਿੱਕਾ ਉਸ ਨਾਲ ਵਿਆਹ ਨਹੀਂ ਕਰਾਵੇਗਾ। ਜੇ ਉਸ ਨੇ ਕਰਾਉਣਾ ਹੁੰਦਾ ਤਾਂ ਉਦੋਂ ਹੀ ਕਰਾ ਲੈਂਦਾ ਜਦ ਉਸ ਨੇ ਗਰਭਪਾਤ ਕਰਾਉਣ ਵੇਲੇ ਸ਼ਰਤ ਰੱਖੀ ਸੀ। ਉਹ ਸਤਨਾਮ ਕੌਰ ਨੂੰ ਕੋਈ ਜਵਾਬ ਦਿਤੇ ਬਿਨਾਂ ਹੀ ਉਸ ਕੋਲੋਂ ਉਠ ਆਈ ਸੀ।

## <u>ਉੱਨੀ</u>

ਦਰਵਾਜ਼ੇ ਦੀ ਘੰਟੀ ਹੋਈ ਤਾਂ ਟਿੱਕੇ ਨੇ ਪਰਦਾ ਹਟਾ ਕੇ ਦੇਖਿਆ। ਅਮਰਜੀਤ ਸਿੰਘ ਤੇ ਉਸ ਦੀ ਪਤਨੀ ਸਤਨਾਮ ਕੌਰ ਖੜੇ ਸਨ। ਸੜਕ 'ਤੇ ਉਹਨਾਂ ਦੀ ਚਿੱਟੇ ਰੰਗ ਦੀ ਮਰਸਡੀਜ਼ ਪਾਰਕ ਕੀਤੀ ਹੋਈ ਸੀ। ਰਾਤੀਂ ਅਮਰਜੀਤ ਦਾ ਫੋਨ ਆਇਆ ਸੀ ਕਿ ਉਹ ਮਿਲਣਾ ਚਾਹੁੰਦਾ ਹੈ। ਮਿਲਣਾ ਕਿਸ ਕਾਰਣ ਸੀ ਇਹ ਨਹੀਂ ਸੀ ਦੱਸਿਆ। ਟਿੱਕੇ ਨੇ ਸੋਚਿਆ ਕਿ ਸ਼ਾਇਦ ਪਿੰਡ ਲਈ ਕੋਈ ਢਾਲ਼ ਅਦਿ ਇਕੱਠੀ ਕੀਤੀ ਜਾ ਰਹੀ ਹੋਵੇਗੀ। ਅਮਰਜੀਤ ਸਿੰਘ ਅਜਿਹੀ ਢਾਲ਼ ਵਿਚ ਮੋਹਰੀ ਰਹਿੰਦਾ ਸੀ। ਲੰਡਨ ਰਹਿੰਦੇ ਕੁਝ ਪੇਂਡੂ ਅਮਰਜੀਤ ਕੋਲ ਆ ਜਾਇਆ ਕਰਦੇ ਸਨ ਤੇ ਉਹ ਅੱਗੇ ਸਭ ਨੂੰ ਹੋਰਨਾਂ ਪੇਂਡੂਆਂ ਨੂੰ ਮਿਲਾ ਦਿਆ ਕਰਦਾ। ਹੁਣ ਉਸ ਦੀ ਪਤਨੀ ਨਾਲ ਦੇਖ ਕੇ ਉਸ ਨੂੰ ਜ਼ਰਾ ਕੁ ਹੈਰਾਨੀ ਹੋਈ ਕਿ ਉਸ ਤਕ ਅਜਿਹਾ ਕਿਹੜਾ ਕੰਮ ਹੋਇਆ ਜਿਹਦੀ ਖਾਤਰ ਦੋਵੇਂ ਇਕੱਠੇ ਆਏ ਸਨ। ਉਸ ਨੇ ਦਰਵਾਜ਼ਾ ਖੋਹਲਿਆ ਤੇ ਪੂਰੀ ਗਰਮਜੋਸ਼ੀ ਨਾਲ ਉਹਨਾਂ ਦਾ ਸਵਾਗਤ ਕੀਤਾ। ਫਰੰਟ ਰੂਮ ਵਿਚ ਲੈ ਗਿਆ ਤੇ ਪੁੱਛਿਆ,

—ਦੱਸੋ, ਚਾਹ ਪੀਓਗੇ ਕਿ ਕੁਸ਼ ਠੰਡਾ ਪੀਣਾ?

—ਛੋਟੇ ਭਾਈ, ਕੁਸ਼ ਨਹੀਂ ਪੀਣਾ, ਆਹ ਪੰਜ ਮਿੰਟ ਦੀ ਤਾਂ ਡਰਾਈਵ ਆ, ਤੂੰ ਬਹਿ ਜਾ, ਅਸੀਂ ਤਾਂ ਕੋਈ ਗੱਲ ਕਰਨ ਆਏ ਆਂ।

—ਹੁਕਮ ਕਰੋ?

—ਪਹਿਲਾਂ ਦੱਸ ਤੇਰਾ ਕੰਮ-ਕਾਰ ਕਿੱਦਾਂ?

—ਕੰਮ ਠੀਕ ਚਲੀ ਜਾਂਦਾ, ਤੁਸੀਂ ਸੁਣਾਓ ਤੁਹਾਡਾ ਕਾਰੋਬਾਰ ਕਿੱਦਾਂ ਜਾ ਰਿਹਾ?

—ਅੱਜਕਲ ਥੋੜੀ ਸਲੈਕ ਆ ਪਰ ਠੀਕ ਆ, ਦੇਖਦੇ ਆਂ ਜੇ ਸੂਤ ਰਹਿ ਗਿਆ



ਤਾਂ ਇਕ ਪੀਜ਼ਾ ਹੋਰ ਖੋਹਲਣ ਦਾ ਵਿਚਾਰ ਆ।

—ਕਿਥੇ ਕੁ?

—ਟਾਊਨ ਸੈਂਟਰ 'ਚ ਇਕ ਦੁਕਾਨ ਦੇਖੀ ਆ, ਜੇ ਸੌਦਾ ਹੋ ਗਿਆ ਤਾਂ।

ਅਮਰਜੀਤ ਨੇ ਦੱਸਿਆ। ਉਸ ਦੇ ਮਗਰ ਹੀ ਸਤਨਾਮ ਕੌਰ ਨੇ ਗੱਲ ਸ਼ੁਰੂ ਕਰ ਦਿਤੀ,

—ਆਹ ਮੁੰਦਰੀ ਨੇ ਤਾਂ ਕਮਾਲ ਕਰ 'ਤੀ ਸਾਰੇ ਟੈੱਸਟ ਪਾਸ ਕਰ ਲਏ! ਸਾਡੀ ਕੈਰਲ ਨੇ ਤਾਂ ਵਿਚ ਵਿਚਾਲੇ ਈ ਛੱਡ ਦਿਤੇ।

—ਭਾਬੀ ਜੀ, ਕੈਰਲ ਹੈਗੀ ਅਮੀਰ ਪਿਓ ਦੀ ਧੀ ਤੇ ਮੁੰਦਰੀ ਵਿਚਾਰੀ ਦਾ ਪਿਓ ਗਰੀਬ ਆ ਤੇ ਉਹਨੂੰ ਵੱਧ ਲੋੜ ਆ।

—ਕਮਾਲ ਦੀ ਕੁੜੀ ਆ! ਦੇਖੋ ਕਿਥੋਂ ਕਿਥੇ ਪਹੁੰਚੀ, ਸਾਡੇ ਘਰ ਭਾਂਡੇ ਮਾਂਜਣ ਆਉਂਦੀ ਹੁੰਦੀ।

—ਭਾਬੀ ਜੀ, ਕੁਸ਼ ਮਿਹਨਤ ਤੇ ਕੁਸ਼ ਕਿਸਮਤ।

—ਤੁਹਾਡੀ ਹੈੱਲਪ ਵੀ ਤਾਂ ਕੰਮ ਆਈ ਆ।

—ਇਹ ਤਾਂ ਭਲਾ ਹੋਵੇ ਚਾਚੇ ਚਾਹਲ ਦਾ!

—ਮੈਂ ਜਾਣਦਾਂ ਉਹਨੂੰ, ਦੁਕਾਨ ਹੁੰਦੀ ਸੀ।

—ਬੱਸ ਉਹੀ, ਮੇਰੇ ਨਾਲ ਪਿੰਡ ਗਿਆ ਸੀ, ਮੈਂ ਕਿਹਾ ਕਿ ਇਹਦੀ ਵਿਚਾਰੀ ਦੀ ਮੱਦਦ ਕਰ ਦੇ, ਬਾਕੀ ਏਹਦੀ ਕਿਸਮਤ ਝਗੜੀ!

—ਚਲੋ ਜਿੱਦਾਂ ਵੀ ਹੋਇਆ ਪਰ ਉਹ ਪੱਕੀ ਹੋ ਗਈ, ਆਪਣੇ ਪੈਰਾਂ 'ਤੇ ਖੜ ਗਈ ਤੇ ਆਪਣੇ ਟੱਬਰ ਦੀ ਮੱਦਦ ਵੀ ਕਰਦੀ ਆ। ਰੱਬ ਸਭ ਦਾ ਈ ਭਲਾ ਕਰੇ! ਸਾਡੇ ਤਾਂ ਘਰ ਆਉਂਦੀ ਜਾਂਦੀ ਆ, ਸੁਭਾਅ ਦੀ ਬਹੁਤ ਚੰਗੀ ਆ, ਸਾਡੀ ਕੈਰਲ ਨਾਲ਼ ਤਾਂ ਉਹਦੀ ਬਹੁਤੀ ਈ ਬਣਦੀ ਆ।

—ਹਾਂ, ਜਦੋਂ ਵੀ ਆਵੇ ਉਹਨੂੰ ਕੈਰਲ ਨੂੰ ਮਿਲਣ ਦਾ ਈ ਹੁੰਦਾ।

ਟਿੱਕੇ ਨੇ ਕਿਹਾ ਤੇ ਸੋਚਣ ਲੱਗਿਆ ਕਿ ਗੱਲ ਮੁੰਦਰੀ ਦੁਆਲੇ ਕਿਉਂ ਘੁੰਮਣ ਲੱਗ ਪਈ। ਅਮਰਜੀਤ ਸਿੰਘ ਨੇ ਕਿਹਾ,

—ਛੋਟੇ ਭਾਈ, ਹੁਣ ਇਹਦੇ ਅੱਗੇ ਬਾਰੇ ਕੀ ਸੋਚਿਆ?

—ਭਾਜੀ, ਇਹ ਤਾਂ ਹੁਣ ਇਹਦੇ ਮਾਂਪਿਓ ਈ ਸੋਚਣਗੇ, ਉਹ ਆਪ ਵੀ ਹੁਣ ਨਿਆਣੀ ਨਹੀਂ।

ਸਤਨਾਮ ਕੌਰ ਥੋੜਾ ਅੱਗੇ ਨੂੰ ਖਿਸਕਦੀ ਬੋਲੀ,

—ਚਲੋ ਇਹ ਵੀ ਠੀਕ ਆ, ਮੈਂ ਸੋਚਦੀ ਆਂ ਕਿ ਆਪਣੇ ਪਿੰਡ ਦੀ ਕੁੜੀ ਆ, ਪਿੰਡ ਦੀ ਕੁੜੀ ਤਾਂ ਸਾਰਿਆਂ ਦੀ ਸਾਂਝੀ ਹੁੰਦੀ ਆ, ਆਪਾਂ ਸਾਰੇ ਰਲ਼-ਮਿਲ਼ ਕੇ ਕੁਸ਼ ਕਰ ਦੇਈਏ।

—ਭਾਬੀ ਜੀ, ਇਹ ਤਾਂ ਠੀਕ ਆ ਪਰ ਫੈਸਲਾ ਤਾਂ ਉਹਦੀ ਮਾਂ-ਪਿਓ ਨੇ ਜਾਂ ਖੁਦ ਮੁੰਦਰੀ ਨੇ ਈ ਕਰਨਾ।

ਟਿੱਕਾ ਸਮਝ ਗਿਆ ਕਿ ਉਹ ਮੁੰਦਰੀ ਲਈ ਕੋਈ ਰਿਸ਼ਤਾ ਲੈ ਕੇ ਆਏ ਸਨ। ਇਕ ਵਾਰ ਤਾਂ ਉਸ ਨੂੰ ਲੱਗਿਆ ਕਿ ਇਹ ਪਤੀ-ਪਤਨੀ ਉਸ ਦੀ ਮੁੰਦਰੀ ਖੋਹਣ ਆਏ

ਹਨ। ਉਸ ਨੂੰ ਨਾਂਹ ਕਰਨ ਦਾ ਕੋਈ ਰਾਹ ਨਹੀਂ ਸੀ ਲੱਭ ਰਿਹਾ। ਅਮਰਜੀਤ ਸਿੰਘ ਨੇ ਫਿਰ ਕਿਹਾ,

—ਗੱਲ ਇਹ ਆ ਬਈ ਸਾਡੇ ਸੋਹੋ ਰੋਡ ਵਾਲੇ ਪੀਜ਼ੇ 'ਤੇ ਇਕ ਮੁੰਡਾ ਕੰਮ ਕਰਦਾ, ਨਾਂ ਹੈਗਾ ਪੌਲ ਪਰਾਸ਼ਰ। ਨਵੇਂ ਸ਼ਹਿਰ ਤੋਂ ਆ, ਬਾਮ੍ਹਣਾਂ ਦਾ ਮੁੰਡਾ ਪਰ ਮੁੰਡਾ ਬਹੁਤ ਚੰਗਾ, ਪੰਜ ਸਾਲ ਹੋ ਗਏ ਸਾਡੇ ਕੰਮ ਕਰਦੇ ਨੂੰ। ਪੈਸੇ ਵੀ ਚਾਰ ਕੋਲ ਹੈਗੇ ਆ, ਘਰ ਲੈਣ ਜੋਗੇ। ਸਾਡੇ ਘਰ ਗਈ ਮੁੰਦਰੀ ਉਹਨੇ ਦੇਖੀ ਸੀ ਤੇ ਕੁੜੀ ਉਹਨੂੰ ਪਸੰਦ ਆ।

—ਮੁੰਡਾ ਫੇਰ ਇਲਲੀਗਲ ਹੋਣਾਂ।

—ਹਾਂ, ਮੁੰਡਾ ਇਲਲੀਗਲ ਆ।

—ਏਦਾਂ ਦੀਆਂ ਤਾਂ ਇਹਨੂੰ ਬਹੁਤ ਔਫਰਾਂ ਆ ਰਹੀਆਂ ਪਰ ਇਹਦੇ ਵਿਚ ਖਤਰਾ ਇਹ ਆ ਕਿ ਮੁੰਡੇ ਪੱਕੇ ਹੋ ਕੇ ਕੁੜੀਆਂ ਨੂੰ ਛੱਡ ਜਾਂਦੇ ਆ।

—ਇਹਦੀ ਗਰੰਟੀ ਮੇਰੀ। ਮੈਂ ਤਾਂ ਇਹਦੇ ਸਾਰੇ ਟੱਬਰ ਨੂੰ ਜਾਣਦਾਂ। ਪਿਓ ਏਹਦਾ ਹੈਡਮਾਸਟਰ ਹੁੰਦਾ ਸੀ।

—ਭਾਜੀ, ਇਹ ਬ੍ਰਾਮਣ ਤੇ ਮੁੰਦਰੀ ਐ ਮੁਸਲਮਾਨਾਂ ਦੀ ਕੁੜੀ, ਭਲਾ ਏਹ ਗੱਲ ਕਿੱਦਾਂ ਹਜ਼ਮ ਹੋਊਗੀ ਉਹਨਾਂ ਨੂੰ।

—ਟਿੱਕੇ, ਤੂੰ ਏਹਦਾ ਫਿਕਰ ਨਾ ਕਰ, ਆਪਾਂ ਪਹਿਲਾਂ ਏਹਦੇ ਮਾਂ-ਪਿਓ ਨਾਲ ਗੱਲ ਕਰਾਂਗੇ ਫਿਰ ਹੀ ਫਾਈਨਲ ਹੋਏਗੀ। ਆਪਾਂ ਕੱਚਾ ਕੰਮ ਕੋਈ ਨਹੀਂ ਕਰਨਾ, ਉਲ੍ਹਾਮੇ ਵਾਲੀ ਗੱਲ ਤਾਂ ਆਪਾਂ ਕੋਈ ਕਰਨੀ ਹੀ ਨਹੀਂ। ...ਆਖਰ ਪਿੰਡ ਵਿਚ ਮੂੰਹ ਦਿਖਾਉਣਾ!

ਅਮਰਜੀਤ ਸਿੰਘ ਪੂਰੇ ਆਤਮ ਵਿਸ਼ਵਾਸ ਨਾਲ ਕਹਿ ਰਿਹਾ ਸੀ। ਟਿੱਕਾ ਸੋਚ ਰਿਹਾ ਸੀ ਕਿ ਜ਼ਰੂਰ ਇਹਨਾਂ ਨੇ ਮੁੰਦਰੀ ਨੂੰ ਇਸ ਰਿਸ਼ਤੇ ਲਈ ਤਿਆਰ ਕਰ ਲਿਆ ਹੋਵੇਗਾ। ਉਸ ਦਿਨ ਇਹਨਾਂ ਦੇ ਘਰੋਂ ਆ ਕੇ ਮੁੰਦਰੀ ਚੁੱਪ ਚੁੱਪ ਜਿਹੀ ਸੀ। ਉਸ ਨੂੰ ਜਾਪਿਆ ਕਿ ਮੁੰਦਰੀ ਗਈ ਹੱਥੋਂ। ਉਹ ਬੋਲਿਆ,

—ਤੁਸੀਂ ਇਹਦੇ ਬਾਰੇ ਮੁੰਦਰੀ ਨਾਲ ਜਾਂ ਉਹਦੀ ਮਾਂ ਨਾਲ ਗੱਲ ਕਿਉਂ ਨਹੀਂ ਕਰਦੇ?

—ਛੋਟੇ ਭਾਈ, ਅਸੀਂ ਇਹ ਸੋਚ ਕੇ ਆਏ ਆਂ ਕਿ ਇਸ ਮੁਲਕ ਵਿਚ ਤੂੰ ਈ ਮੁੰਦਰੀ ਦਾ ਸਭ ਕੁਸ਼ ਐਂ ਤੇ ਉਹ ਤੇਰੀ ਇਜ਼ਤ ਵੀ ਬਹੁਤ ਕਰਦੀ ਆ।

ਟਿੱਕੇ ਨੂੰ ਇਸ ਦਾ ਕੋਈ ਢੁਕਵਾਂ ਉੱਤਰ ਨਹੀਂ ਸੀ ਸੁੱਝ ਰਿਹਾ। ਅਮਰਜੀਤ ਸਿੰਘ ਤੇ ਸਤਨਾਮ ਕੌਰ ਕੁਝ ਦੇਰ ਬੈਠੇ ਤੇ ਫਿਰ ਆਪਣੇ ਵਲੋਂ ਪੱਕ ਸਮਝ ਕੇ ਚਲੇ ਗਏ। ਟਿੱਕਾ ਸੋਚਣ ਲਗਿਆ ਕਿ ਹੁਣ ਉਸ ਨੂੰ ਕੀ ਕਰਨਾ ਚਾਹੀਦਾ ਸੀ। ਉਸ ਨੂੰ ਤਾਂ ਇਹ ਵੀ ਸਮਝ ਨਹੀਂ ਸੀ ਪੈ ਰਹੀ ਕਿ ਆਖਰ ਉਹ ਚਾਹੁੰਦਾ ਕੀ ਸੀ। ਸੋਚਦੇ ਸੋਚਦੇ ਉਸ ਦਾ ਸਿਰ ਘੁੰਮਣ ਲਗਿਆ। ਸ਼ਾਮ ਨੂੰ ਉਸ ਨੇ ਸ਼ਿੰਦੇ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੀ। ਸ਼ਿੰਦਾ ਹੱਸਦਾ ਹੋਇਆ ਬੋਲਿਆ,

—ਮਾਂ ਦਿਆ ਟਿੱਕਿਆ, ਤੂੰ ਦੋਨਾਂ ਹੱਥਾਂ ਵਿਚ ਲੱਡੂ ਨਾ ਫੜ ਕੇ ਰੱਖ। ਹੁਣ ਤੇਰੇ ਸਾਹਮਣੇ ਦੋ ਔਪਸ਼ਨ ਆਂ, ਇਕ ਤਾਂ ਇਹ ਕਿ ਤੂੰ ਉਹਨੂੰ ਆਪਣੇ ਘਰ ਰੱਖ, ਵਿਆਹ ਕਰਾ ਕੇ ਜਾਂ ਰਖੇਲ ਬਣਾ ਕੇ ਹੀ। ਦੂਜੀ ਇਹ ਕਿ ਉਹਨੂੰ ਵਿਆਹ ਕਰਾਉਣ ਦੇ।

ਉਸ ਨੇ ਮੋਹਣ ਨਾਲ ਗੱਲ ਸਾਂਝੀ ਕੀਤੀ ਤਾਂ ਮੋਹਣ ਨੇ ਕਿਹਾ,



—ਤੈਨੂੰ ਪਤਾ ਕਿ ਮੁੰਦਰੀ ਸਾਧਾਰਨ ਕੁੜੀ ਨਹੀਂ। ਉਹ ਵੀ ਤਾਂ ਆਪਣੇ ਭਵਿੱਖ ਬਾਰੇ ਸੋਚਦੀ ਹੀ ਹੋਵੇਗੀ, ਮੈਨੂੰ ਤਾਂ ਲਗਦਾ ਇਹ ਲੋਕ ਮੁੰਦਰੀ ਦੇ ਕਹਿਣ 'ਤੇ ਹੀ ਤੇਰੇ ਕੋਲ ਆਏ ਆ। ...ਹੁਣ ਤੈਨੂੰ ਗੱਲ ਕਿਸੇ ਨਾ ਕਿਸੇ ਕੰਢੇ ਤਾਂ ਲਾਉਣੀ ਹੀ ਪੈਣੀ ਆਂ।

—ਪਰ ਹੁਣ ਕੀਤਾ ਕੀ ਜਾਵੇ?

—ਮੁੰਦਰੀ ਨਾਲ ਗੱਲ ਕਰ।

—ਕੀ ਗੱਲ ਕਰਾਂ ਉਹਦੇ ਨਾਲ?

—ਇਹੋ ਕਿ ਕੀ ਇਹ ਵਿਆਹ ਦੀ ਗੱਲ ਉਹਦੀ ਮਰਜ਼ੀ ਨਾਲ ਤੁਰੀ ਐ।

—ਇਹ ਤਾਂ ਹੁਣ ਲੱਗਦਾ ਕਿ ਮਰਜ਼ੀ ਨਾਲ ਹੀ ਤੁਰੀ ਹੋਏਗੀ।

—ਫਿਰ ਉਹਨੂੰ ਵਿਆਹ ਕਰਾਉਣ ਦੇਹ।

ਟਿੱਕੇ ਨੇ ਮੋਹਣ ਦੀ ਇਸ ਗੱਲ ਦਾ ਜਵਾਬ ਨਾ ਦਿਤਾ। ਉਸ ਕੋਲ ਜਵਾਬ ਹੈ ਹੀ ਨਹੀਂ ਸੀ।

ਸ਼ਾਮ ਨੂੰ ਮੁੰਦਰੀ ਦਾ ਫੋਨ ਆਇਆ ਤਾਂ ਉਹ ਅਮਰਜੀਤ ਸਿੰਘ ਨਾਲ ਆਪਣੀ ਹੋਈ ਗੱਲ ਬਾਰੇ ਚੁੱਪ ਰਿਹਾ। ਉਹ ਸਮਝਦਾ ਸੀ ਕਿ ਮੁੰਦਰੀ ਹੀ ਕੋਈ ਗੱਲ ਕਰੇਗੀ ਪਰ ਮੁੰਦਰੀ ਵੀ ਏਧਰ ਓਧਰ ਦੀਆਂ ਗੱਲਾਂ ਮਾਰਦੀ ਰਹੀ। ਟਿੱਕੇ ਨੂੰ ਮੁੰਦਰੀ ਦੀ ਨੀਅਤ 'ਤੇ ਸ਼ੱਕ ਹੋਣ ਲੱਗਿਆ। ਉਹ ਅਗਲੇ ਦਿਨ ਹੀ ਮੁੰਦਰੀ ਨੂੰ ਮਿਲਣ ਚਲੇ ਗਿਆ। ਉਸ ਨੇ ਪੁੱਛਿਆ,

—ਆਹ ਅਮਰਜੀਤ ਤੇ ਸਤਨਾਮ ਕੌਰ ਕੀ ਗੱਲ ਕਰਦੇ ਆ?

—ਕੀ?

—ਨਿਆਣੀ ਨਾ ਬਣ!

—ਤੇਰਾ ਮਤਲਬ ਪੌਲ ਬਾਰੇ? ਇਹ ਤਾਂ ਅੰਟੀ ਹੀ ਕਹਿੰਦੀ ਸੀ, ਮੈਂ ਤਾਂ ਕੁਸ਼ ਨਹੀਂ ਕਿਹਾ।

—ਤੂੰ ਕੀ ਚਾਹੁੰਨੀ ਐਂ?

—ਤੁਸੀਂ ਦੱਸੋ ਕਿ ਮੈਨੂੰ ਕੀ ਕਰਨਾ ਚਾਹੀਦਾ?

ਟਿੱਕਾ ਚੁੱਪ ਸੀ। ਕੁਝ ਦੇਰ ਰੁਕ ਕੇ ਮੁੰਦਰੀ ਨੇ ਫਿਰ ਕਿਹਾ,

—ਟਿੱਕਾ ਜੀ, ਮੇਰੇ ਵੀ ਕੁਝ ਸੁਫਨੇ ਹੈਗੇ ਨੇ, ਘਰ-ਬਾਰ, ਬੱਚੇ, ਇਕ ਸਮਾਜਕ ਜੀਵਨ।

—ਮੁੰਦਰੀਏ, ਬੱਚੇ ਨੂੰ ਤਾਂ ਤੂੰ ਆਏ ਨੂੰ ਵਾਪਸ ਮੋੜਿਆ।

—ਟਿੱਕਾ ਜੀ, ਮੈਂ ਤੁਹਾਨੂੰ ਕੁਝ ਕਿਹਾ ਸੀ ਪਰ ਤੁਸੀਂ ਤਾਂ ਮੰਨੇ ਹੀ ਨਹੀਂ, ਦਰਵਾਜ਼ਾ ਭੰਨਦੇ ਹੋਏ ਭੱਜ ਗਏ ਸੀ...।

ਮੁੰਦਰੀ ਆਪਣੇ ਸ਼ਿਕਵੇ ਸੁਣਾਉਣ ਲੱਗੀ। ਟਿੱਕਾ ਉਸ ਦੀ ਗੱਲ ਸੁਣਦਾ ਗਿਆ। ਇਸ ਵਾਰ ਨਾ ਉਸ ਨੇ ਦਰਵਾਜ਼ਾ ਭੰਨਿਆਂ ਤੇ ਨਾ ਹੀ ਉਠ ਕੇ ਗਿਆ।

## ਵੀਹ

ਜਿਸ ਦਿਨ ਤੋਂ ਪੌਲ ਦੀ ਮੁੰਦਰੀ ਨਾਲ ਰਿਸ਼ਤੇ ਦੀ ਗੱਲ ਸ਼ੁਰੂ ਹੋਈ ਪੌਲ ਦੁੱਗਣਾ ਕੰਮ ਕਰਨ ਲੱਗ ਪਿਆ ਸੀ। ਕੰਮ ਨੂੰ ਤਾਂ ਉਹ ਪਹਿਲਾਂ ਵੀ ਮੀਣੇ ਬਲਦ ਵਾਂਗ ਸਿਰ ਸੁੱਟ ਕੇ ਕਰੀ ਜਾਂਦਾ ਸੀ। ਉਹ ਪੰਜ ਸਾਲ ਤੋਂ ਅਮਰਜੀਤ ਸਿੰਘ ਦੇ ਪੀਜ਼ੇ ਵਿਚ ਕੰਮ ਕਰ ਰਿਹਾ ਸੀ। ਉਹ ਕੋਈ ਤਨਖਾਹ ਨਹੀਂ ਸੀ ਲੈਂਦਾ। ਉਸ ਦੇ ਪੈਸੇ ਅਮਰਜੀਤ ਕੋਲ ਜਮ੍ਹਾਂ ਹੋਈ ਜਾਂਦੇ ਸਨ। ਉਹ ਗੈਰ-ਕਨੂੰਨੀ ਰਹਿੰਦਾ ਸੀ ਤੇ ਉਹ ਸੋਚਦਾ ਕਿ ਜੇ ਉਸ ਨੂੰ ਫੜ੍ਹ ਕੇ ਇੰਡੀਆ ਮੋੜ ਦਿਤਾ ਗਿਆ ਤਾਂ ਉਹ ਇਹਨਾਂ ਪੈਸਿਆਂ ਨਾਲ ਇੰਡੀਆ ਜਾ ਕੇ ਕੋਈ ਨਾ ਕੋਈ ਕੰਮ ਸ਼ੁਰੂ ਕਰ ਲਵੇਗਾ। ਵੈਸੇ ਉਸ ਨੇ ਪੱਕੇ ਹੋਣ ਲਈ ਕੇਸ ਅਪਲਾਈ ਕੀਤਾ ਹੋਇਆ ਸੀ। ਪੱਕਾ ਹੁੰਦਾ ਜਾਂ ਨਾ ਹੁੰਦਾ, ਇਹ ਵੱਖਰੀ ਕਹਾਣੀ ਸੀ। ਇਸ ਵੇਲੇ ਤਾਂ ਉਸ ਨੂੰ ਮੁੰਦਰੀ ਬ੍ਰਿਟਿਸ਼ ਪਾਸਪੋਰਟ ਲੈਣ ਦਾ ਜ਼ਰੀਆ ਨਜ਼ਰ ਆ ਰਹੀ ਸੀ। ਉਹ ਦੁਕਾਨ ਦੇ ਕੰਮ ਤੋਂ ਬਿਨਾਂ ਸਤਨਾਮ ਕੌਰ ਦੀ ਵੀ ਘਰ ਦੀ ਬੁੱਤੀ-ਨੱਤੀ ਕਰਦਾ ਰਹਿੰਦਾ ਸੀ। ਸਤਨਾਮ ਕੌਰ ਨੇ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਇਸੇ ਕੰਮ 'ਤੇ ਲਾ ਰੱਖੀਆਂ ਸਨ। ਉਸ ਨੇ ਤਾਂ ਮੁੰਦਰੀ ਨੂੰ ਤਰ੍ਹਾਂ ਤਰ੍ਹਾਂ ਦੇ ਸੁਫਨੇ ਵੀ ਦਿਖਾਉਣੇ ਸ਼ੁਰੂ ਕਰ ਦਿਤੇ ਹੋਏ ਸਨ। ਉਹ ਕਹਿੰਦੀ,

—ਮੁੰਦਰੀਏ, ਕਿਸਮਤ ਵਾਰ ਵਾਰ ਦਰਵਾਜ਼ਾ ਨਹੀਂ ਖੜਕਾਇਆ ਕਰਦੀ, ਸਾਡੇ ਕੋਲ ਪੌਲ ਦੀ ਪੰਜ ਸਾਲ ਦੀ ਤਨਖਾਹ ਪਈ ਐ, ਇਹਦੇ ਨਾਲ਼ ਤੁਸੀਂ ਘਰ ਵੀ ਲੈ ਸਕਦੇ ਓ ਜਾਂ ਫੇਰ ਦੁਕਾਨ ਵੀ। ਤੈਨੂੰ ਪਤਾ ਕਿ ਬਰਮੀਘੰਮ ਲੈਸਟਰ ਨਾਲੋਂ ਵੱਡਾ ਸ਼ਹਿਰ ਐ, ਇਥੇ ਬਿਜ਼ਨਿਸ ਦੇ ਮੌਕੇ ਵੀ ਵਧੇਰੇ ਆ। ...ਏਸ ਟਿੱਕੇ ਨੇ ਤੇਰੇ ਲਈ ਕੁਸ਼ ਨਹੀਂ ਕਰਨਾ, ਨਾਲ਼ੇ ਟਿੱਕਾ ਤਾਂ ਤੇਰੇ ਅੰਕਲ ਦਾ ਹਾਣੀ ਆਂ ਤੇ ਪੌਲ ਹੈਗਾ ਤੇਰਾ ਹਾਣੀ-ਪ੍ਰਮਾਣੀ। ਸੱਚੀ ਗੱਲ ਤਾਂ ਇਹ ਆ ਮੁੰਦਰੀਏ ਕਿ ਇਹ ਮੁੰਡਾ ਸਾਰੀ ਉਮਰ ਤੇਰੇ ਮਗਰੇ-ਮਗਰ ਪੂਛ ਹਿਲਾਉਂਦਾ ਫਿਰੇਗਾ।

ਮੁੰਦਰੀ ਦਾ ਮਨ ਬਦਲਣ ਲੱਗਿਆ। ਉਸ ਨੇ ਦੇਖ ਲਿਆ ਸੀ ਕਿ ਨਾ ਤਾਂ ਟਿੱਕਾ ਕਿਸੇ ਕੰਢੇ ਲੱਗ ਰਿਹਾ ਸੀ ਤੇ ਨਾ ਹੀ ਉਸ ਨੂੰ ਲੱਗਣ ਦੇ ਰਿਹਾ ਸੀ। ਮਿਸਜ਼ ਭੰਗੂ ਪਹਿਲਾਂ ਹੀ ਉਸ ਨੂੰ ਕਈ ਵਾਰ ਕਹਿ ਚੁੱਕੀ ਸੀ ਕਿ ਟਿੱਕੇ ਦਾ ਖਹਿੜਾ ਛੱਡੇ ਤੇ ਇੰਡੀਆ ਤੋਂ ਕੋਈ ਹੋਰ ਮੁੰਡਾ ਮੰਗਵਾ ਲਵੇ ਜਾਂ ਇਥੇ ਹੀ ਦੇਖ ਲਵੇ। ਮਨਜੀਤ ਤਾਂ ਆਪਣੇ ਇਕ ਰਿਸ਼ਤੇਦਾਰ ਮੁੰਡੇ ਨਾਲ ਉਸ ਦਾ ਰਿਸ਼ਤਾ ਕਰਵਾਉਂਦੀ ਵੀ ਸੀ, ਮੁੰਦਰੀ ਨੇ ਹੀ ਹਾਮੀ ਨਹੀਂ ਸੀ ਭਰੀ।

ਇਕ ਦਿਨ ਕੈਰਲ ਦਾ ਫੋਨ ਆਇਆ ਕਿ ਉਹ ਉਸ ਨੂੰ ਮਿਲਣ ਆ ਰਹੀ ਹੈ। ਕੈਰਲ ਮੁੰਦਰੀ ਨੂੰ ਮਿਲਣ ਕਦੇ ਵੀ ਲੈਸਟਰ ਨਹੀਂ ਸੀ ਆਈ। ਮੁੰਦਰੀ ਸੋਚਣ ਲੱਗ ਪਈ ਕਿ ਕੈਰਲ ਕਿਸ ਕੰਮ ਆਈ ਹੋਈ, ਸ਼ਾਇਦ ਉਸ ਦਾ ਘਰ ਵਿਚ ਖੋਹਲਿਆ ਬਿਊਟੀ ਪਾਰਲਰ ਦੇਖਣਾ ਚਾਹੁੰਦੀ ਹੋਵੇ। ਜਦ ਕੈਰਲ ਆਈ ਤਾਂ ਪੌਲ ਵੀ ਉਸ ਦੇ ਨਾਲ ਸੀ। ਮੁੰਦਰੀ ਨੂੰ ਜ਼ਰਾ ਕੁ ਹੈਰਾਨੀ ਹੋਈ ਤੇ ਉਹ ਸਮਝ ਵੀ ਗਈ। ਚਾਹ ਪੀਂਦਿਆਂ ਹੀ ਕੈਰਲ ਬੋਲੀ,

—ਮੈਂ ਜ਼ਰਾ ਟਾਊਨ ਸੈਂਟਰ ਤਕ ਜਾਣਾ, ਵੀਹ ਕੁ ਮਿੰਟਾਂ ਵਿਚ ਆਈ, ਜਦ ਤਕ



ਤੁਸੀਂ ਗੱਲਾਂ ਕਰੋ।

ਉਹਨਾਂ ਨੂੰ ਇਕੱਲਿਆਂ ਛੱਡ ਕੇ ਕੈਰਲ ਖਿਸਕ ਗਈ।

ਕੈਰਲ ਚਲੇ ਗਈ ਤਾਂ ਮੁੰਦਰੀ ਨੇ ਜ਼ਰਾ ਕੁ ਪੌਲ ਵਲ ਦੇਖਿਆ। ਪੌਲ ਸ਼ਰਮਾਉਂਦਾ ਹੋਇਆ ਕੰਧ ਵਲ ਦੇਖਦਾ ਜਾ ਰਿਹਾ ਸੀ। ਮੁੰਦਰੀ ਨੂੰ ਪੌਲ ਚੰਗਾ ਲਗਿਆ। ਟਿੱਕੇ ਵਾਂਗ ਹੀ ਉੱਚਾ ਲੰਮਾ ਤੇ ਗੋਰੇ ਰੰਗ ਦਾ ਸੀ। ਜਦ ਪੌਲ ਨਾ ਬੋਲਿਆ ਤਾਂ ਮੁੰਦਰੀ ਨੇ ਹੀ ਪੁੱਛਿਆ,

—ਤੁਹਾਨੂੰ ਮੇਰੇ ਨਾਲ ਵਿਆਹ ਕਰਾਉਣ ਦਾ ਚਾਅ ਕਿੱਦਾਂ ਚੜ੍ਹ ਆਇਆ?

—ਪਤਾ ਨਹੀਂ, ਮੁੰਦਰੀ ਜੀ, ਮੈਨੂੰ ਚੰਗੇ ਲੱਗੇ, ਤੁਹਾਨੂੰ ਅੰਟੀ ਜੀ ਨਾਲ ਗੱਲਾਂ ਕਰਦੇ ਸੁਣਿਆਂ ਸੀ।

—ਤੁਸੀਂ ਪੱਕਾ ਹੋਣ ਲਈ ਵਿਆਹ ਕਰਾਉਣਾ ਚਾਹੁੰਦੇ ਓ?

—ਨਹੀਂ, ਪੱਕਾ ਤਾਂ ਮੈਨੂੰ ਲੱਗਦਾ ਕਿ ਮੈਂ ਹੁਣ ਹੋ ਹੀ ਜਾਣਾਂ, ਮੇਰੇ ਕੇਸ ਦਾ ਫੈਸਲਾ ਹੋਣ ਵਾਲਾ, ਇਹ ਤਾਂ ਤੁਸੀਂ ਮੈਨੂੰ ਚੰਗੀ ਲੱਗੇ, ਏਸ ਕਰਕੇ। ਇਕ ਵਾਰ 'ਹਾਂ' ਕਰਦਿਓ ਤੁਹਾਡਾ ਬਹੁਤ ਧਿਆਨ ਰੱਖਾਂਗਾ! ਤੁਹਾਡੀ ਹਰ ਖੁਸ਼ੀ ਦਾ ਮੁੱਲ ਪਾਵਾਂਗਾ।

ਮੁੰਦਰੀ ਚੁੱਪ ਰਹੀ। ਪੌਲ ਨੇ ਫਿਰ ਕਿਹਾ,

—ਮੁੰਦਰੀ ਜੀ, ਮੈਂ ਧਰਮਾਂ, ਜ਼ਾਤਾਂ ਤੋਂ ਬਹੁਤ ਉਪਰ ਆਂ, ਤੁਹਾਡੀ ਪਿਛਲੀ ਜ਼ਿੰਦਗੀ ਨਾਲ ਆਪਣੀ ਨਵੀਂ ਜ਼ਿੰਦਗੀ ਦਾ ਕੋਈ ਵਾਹ ਨਹੀਂ ਹੋਵੇਗਾ, ਤੁਹਾਨੂੰ ਕਿਸੇ ਵੀ ਗੱਲ ਦਾ ਕੋਈ ਫਿਕਰ ਕਰਨ ਦੀ ਜ਼ਰੂਰਤ ਨਹੀਂ। ਆਪਣੇ ਜੀਵਨ ਦੀ ਇਹ ਬਿਲਕੁਲ ਨਵੀਂ ਸ਼ੁਰੂਆਤ ਹੋਵੇਗੀ।

ਪੌਲ ਨੇ ਆਪਣੀ ਗੱਲ ਮੁਕਾਈ ਤੇ ਮੁੰਦਰੀ ਵਲ ਦੇਖਣ ਲਗਿਆ। ਮੁੰਦਰੀ ਹਾਲੇ ਵੀ ਚੁੱਪ ਸੀ। ਪੌਲ ਨੇ ਫਿਰ ਕਿਹਾ,

—ਤੁਸੀਂ ਨਹੀਂ ਕੁਸ਼ ਕਹਿਣਾ ਚਾਹੋਂਗੇ?

—ਨਹੀਂ, ਹਾਲੇ ਮੈਂ ਇਹਦੇ ਬਾਰੇ ਕੁਝ ਨਹੀਂ ਕਹਿ ਸਕਦੀ।

—ਕੋਈ ਤਾਂ ਜਵਾਬ ਦਿਓ।

ਮੁੰਦਰੀ ਕੁਝ ਨਾ ਬੋਲੀ। ਕੁਝ ਦੇਰ ਉਡੀਕ ਕੇ ਪੌਲ ਨੇ ਆਖਿਆ,

—ਕਿਤੇ ਏਦਾਂ ਤਾਂ ਨਹੀਂ ਕਿ ਤੁਹਾਡੇ ਮਨ ਵਿਚ ਕੋਈ ਹੋਰ ਆ ਜਾਂ ਫੇਰ ਤੁਸੀਂ ਵਿਆਹ ਕਰਾਉਣਾ ਈ ਨਹੀਂ ਚਾਹੁੰਦੇ?

—ਦੇਖੋ ਪੌਲ ਜੀ, ਵਿਆਹ ਤਾਂ ਹਰ ਕਿਸੇ ਨੇ ਕਰਾਉਣਾ ਈ ਹੁੰਦਾ।

—ਕੀ ਤੁਸੀਂ ਮੈਨੂੰ ਪਸੰਦ ਨਹੀਂ ਕਰਦੇ?

—ਨਹੀਂ ਅਜਿਹੀ ਕੋਈ ਗੱਲ ਨਹੀਂ।

—ਮੁੰਦਰੀ ਜੀ, ਪਹਿਲਾਂ ਤਾਂ ਤੁਸੀਂ ਇਸ ਗੱਲ ਵਿਚ ਕਲੀਅਰ ਹੋਵੋ ਕਿ ਆਪਾਂ ਗੱਲ ਅਗੇ ਤੋਰਨੀ ਆਂ ਕਿ ਨਹੀਂ।

—ਅਸਲ 'ਚ ਮੇਰੀਆਂ ਬਹੁਤ ਸਾਰੀਆਂ ਪਰੌਬਲਮ ਹੈਗੀਆਂ, ਇਕ ਤਾਂ ਮੈਂ ਸਾਰੀ ਉਮਰ ਆਪਣੀ ਮਾਂ ਨੂੰ ਖਰਚ ਦੇਣਾਂ ਤੇ ਦੂਜੇ ਮੈਂ ਆਪਣੀ ਭੈਣ ਦੀਆਂ ਕੁੜੀਆਂ ਪੜ੍ਹਾਉਣੀਆਂ, ਫੇਰ ਦੋਨਾਂ ਵਿਚੋਂ ਇਕ ਵਿਆਹੁਣੀ ਆਂ। ਹੁਣ ਜਦੋਂ ਕਿਸੇ ਨੇ ਮੇਰੇ ਨਾਲ ਵਿਆਹ ਕਰਾ ਲਿਆ ਤਾਂ ਸ਼ਾਇਦ ਇਹ ਕੰਮ ਨਾ ਕਰਨ ਦੇਵੇ।

—ਮੈਨੂੰ ਮਨਜ਼ੂਰ ਆ, ਤੁਸੀਂ ਆਪਣੀ ਤਨਖਾਹ ਆਪਣੀ ਮਰਜ਼ੀ ਨਾਲ ਵਰਤੋਂਗੇ,

ਮੈਨੂੰ ਇਹ ਸੌ ਫੀ ਸਦੀ ਮਨਜ਼ੂਰ ਆ। ਮੈਨੂੰ ਤਾਂ ਘਰ ਨੂੰ ਕੋਈ ਪੈਸਾ ਭੇਜਣ ਦੀ ਲੋੜ ਨਹੀਂ ਹੁਣ। ਭੈਣ ਭਰਾ ਆਪੋ ਆਪਣੇ ਘਰ ਨੇ ਤੇ ਪਿਤਾ ਜੀ ਦੀ ਉਹਨਾਂ ਜੋਗੀ ਪੈਨਸ਼ਨ ਆਉਂਦੀ ਆ ਤੇ ਸ਼ਹਿਰ ਵਿਚ ਸਾਡੀਆਂ ਦੁਕਾਨਾਂ ਵੀ ਹੈਗੀਆਂ ਜਿਥੋਂ ਕਿਰਾਇਆ ਵੀ ਵਾਹਵਾ ਸਾਰਾ ਆ ਜਾਂਦਾ।

ਪੌਲ ਉਸ ਨੂੰ ਸਾਰਿਆਂ ਪਾਸਿਆਂ ਤੋਂ ਘੇਰ ਰਿਹਾ ਸੀ। ਮੁੰਦਰੀ ਘਿਰੀ ਵੀ ਜਾ ਰਹੀ ਸੀ। ਉਸ ਨੂੰ ਕੋਲ ਬੈਠਾ ਪੌਲ ਬਹੁਤ ਸੁਹਣਾ ਲੱਗ ਰਿਹਾ ਸੀ। ਉਸ ਮਨ ਹੀ ਮਨ ਆਪਣੀ ਉਸ ਨਾਲ ਬਣਦੀ ਜੋੜੀ ਬਾਰੇ ਸੋਚ ਕੇ ਖੁਸ਼ ਵੀ ਹੋ ਰਹੀ ਸੀ। ਪੌਲ ਆਪਣੀ ਜਗਾਹ ਤੋਂ ਉਠਿਆ ਤੇ ਮੁੰਦਰੀ ਦੇ ਮੁਹਰੇ ਗੋਡਿਆਂ ਭਾਰ ਖੜਾ ਹੋ ਗਿਆ ਤੇ ਮੁੰਦਰੀ ਵਲ ਹੱਥ ਵਧਾਉਂਦਾ ਕਹਿਣ ਲਗਿਆ,

—ਮੁੰਦਰੀ ਜੀ, ਮੈਂ ਤੁਹਾਨੂੰ ਵਿਆਹ ਲਈ ਪਰੋਪੋਜ਼ ਕਰਦਾਂ, ਮੈਂ ਵਾਅਦਾ ਕਰਦਾਂ ਕਿ ਤੁਹਾਨੂੰ ਸਾਰੀ ਉਮਰ ਖੁਸ਼ ਰੱਖੂੰ, ਸਮੇਂ ਸਮੇਂ ਤੁਹਾਨੂੰ ਤੋਹਫੇ ਲੈ ਕੇ ਦੇਊਂ, ਤੁਹਾਡੇ ਮਾਂਪਿਉ ਦੀ ਇਜ਼ਤ ਕਰੂੰ। ਤੁਹਾਨੂੰ ਕਦੇ ਦੁਖ ਨਹੀਂ ਦੇਊਂਗਾ।

ਮੁੰਦਰੀ ਨੇ ਉਸ ਵਲ ਦੇਖਿਆ ਤੇ ਜ਼ਰਾ ਕੁ ਸ਼ਰਮਾਈ ਤੇ ਆਪਣਾ ਹੱਥ ਉਸ ਵਲ ਵਧਾ ਦਿਤਾ। ਪੌਲ ਉਸ ਦਾ ਹੱਥ ਘੁੱਟਦਾ ਉਠ ਕੇ ਖੜਾ ਹੋ ਗਿਆ ਤੇ ਉਸ ਨੂੰ ਵੀ ਖੜਿਆਂ ਕਰ ਕੇ ਬਾਹਾਂ ਵਿਚ ਲੈ ਲਿਆ ਤੇ ਉਸ ਨੂੰ ਚੁੰਮਣ ਲਗਿਆ। ਮੁੰਦਰੀ ਦੇ ਜਿਸਮ ਵਿਚ ਇਕ ਲਹਿਰ ਜਿਹੀ ਦੌੜਨ ਲੱਗੀ, ਅਜਿਹੀ ਲਹਿਰ ਉਸ ਨੇ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ, ਨਾ ਹੀ ਟਿੱਕੇ ਨਾਲ ਸਬੰਧਾਂ ਵੇਲੇ ਤੇ ਨਾ ਹੀ ਦੀਪੇ ਜਾਂ ਉਸ ਤੋਂ ਪਹਿਲੇ ਕਿਸੇ ਹੋਰ ਸਬੰਧ ਸਮੇਂ।

ਪੌਲ ਦੇ ਘਰ ਹੁੰਦਿਆਂ ਮੁੰਦਰੀ ਨੇ ਮਨਜੀਤ ਨੂੰ ਸੱਦ ਲਿਆ ਸੀ। ਮਨਜੀਤ ਦੇ ਨਾਲ ਹੀ ਮਿਸਜ਼ ਭੰਗੂ ਵੀ ਆ ਗਈ। ਦੋਨਾਂ ਨੇ ਹੀ ਪੌਲ ਨੂੰ ਪਸੰਦ ਕਰ ਲਿਆ। ਅਗਲੇ ਦਿਨ ਮੁੰਦਰੀ ਨੇ ਕੰਮ ਉਪਰ ਮਠਿਆਈ ਵੀ ਵੰਡ ਦਿਤੀ।

ਟਿੱਕੇ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਚੱਲ ਰਿਹਾ ਸੀ ਪਰ ਮੁੰਦਰੀ ਦੀ ਚੁੱਪ ਤੋਂ ਲੱਗਦਾ ਕਿ ਬਹੁਤ ਕੁਝ ਚੱਲ ਰਿਹਾ ਸੀ। ਉਸ ਨੂੰ ਮੁੰਦਰੀ 'ਤੇ ਬਹੁਤ ਗੁੱਸਾ ਆ ਰਿਹਾ ਸੀ ਪਰ ਮਨ ਦੇ ਕਿਸੇ ਕੋਨੇ ਵਿਚ ਉਹ ਸਰਖੁਰੂ ਹੋਇਆ ਵੀ ਮਹਿਸੂਸ ਕਰਦਾ। ਇਕ ਸ਼ਾਮ ਉਸ ਦਾ ਫੋਨ ਖੜਕਿਆ। ਦੂਜੇ ਪਾਸੇ ਅਮਰਜੀਤ ਸਿੰਘ ਦੀ ਆਵਾਜ਼ ਸੁਣ ਕੇ ਉਸ ਦਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗ ਪਿਆ। ਅਮਰਜੀਤ ਉਸ ਨੂੰ ਮਿਲਣ ਆਉਣਾ ਚਾਹੁੰਦਾ ਸੀ। ਹੁਣ ਟਿੱਕਾ ਸਾਰੀ ਗੱਲ ਸਮਝ ਚੁੱਕਿਆ ਸੀ। ਫੋਨ ਕਰਨ ਤੋਂ ਅੱਧੇ ਘੰਟੇ ਵਿਚ ਹੀ ਅਮਰਜੀਤ ਸਿੰਘ ਟਿੱਕੇ ਦੇ ਘਰ ਪੁੱਜ ਗਿਆ। ਦੁਆ-ਸਲਾਮ ਤੋਂ ਬਾਅਦ ਅਮਰਜੀਤ ਸਿੰਘ ਨੇ ਹੀ ਗੱਲ ਸ਼ੁਰੂ ਕੀਤੀ,

—ਛੋਟੇ ਭਾਈ, ਇਹ ਆਪਣੇ ਪਿੰਡ ਦੀ ਕੁੜੀ ਆ, ਆਪਾਂ ਰਲ਼-ਮਿਲ਼ ਕੇ ਵਿਆਹ ਕਰ ਦੇਈਏ।

—ਭਾਜੀ, ਉਹ ਤਾਂ ਠੀਕ ਆ ਪਰ ਪਹਿਲਾਂ ਮੁੰਡੇ-ਕੁੜੀ ਦੀ ਰਾਏ ਤਾਂ ਪੁੱਛ ਲਓ।

ਟਿੱਕੇ ਦੇ ਦਿਲ ਵਿਚ ਹਾਲੇ ਵੀ ਸ਼ੱਕ ਸੀ ਕਿ ਮੁੰਦਰੀ ਇਸ ਰਿਸ਼ਤੇ ਲਈ ਨਹੀਂ ਮੰਨੇਗੀ। ਸਤਨਾਮ ਕੋਰਬੋਲੀ,



—ਅਸੀਂ ਮੁੰਡੇ ਕੁੜੀ ਵਿਚ ਸਿੱਧੀ ਗੱਲ ਕਰਾ ਦਿਤੀ ਐ, ਦੋਵੇਂ ਈ ਮੰਨਦੇ ਆ, ਹੁਣ ਤਾਂ ਸਿਰਫ ਤੂੰ ਹੀ 'ਹਾਂ' ਕਰਨੀ ਆਂ।

—ਮੇਰੀ 'ਹਾਂ' ਦੀ ਕੀ ਕਸਰ ਰਹਿ ਗਈ ਜਦ ਕੁੜੀ ਨੇ ਹੀ 'ਹਾਂ' ਕਰ ਦਿਤੀ।

ਟਿੱਕੇ ਦੀ ਆਵਾਜ਼ ਵਿਚ ਹਿਰਖ ਸੀ। ਸਤਨਾਮ ਕੋਰ ਗੱਲ ਨੂੰ ਫੜਦੀ ਹੋਈ ਬੋਲੀ,

—ਟਿੱਕੇ, ਆਪਣੇ ਪਿੰਡ ਦੀ ਕੁੜੀ ਆ, ਤੁਸੀਂ ਦੋਨੋਂ ਭਰਾ ਰਲ਼ ਕੇ ਆਪਣੇ ਹੱਥੀ ਇਹ ਵਿਆਹ ਕਰ ਦਿਓ, ਕਹਿੰਦੇ ਪਿੰਡ ਦੀ ਕੁੜੀ ਦਾ ਵਿਆਹ ਕਰਨਾ ਪੁੰਨ ਹੁੰਦਾ।

ਟਿੱਕੇ ਨੇ ਕੋਈ ਜਵਾਬ ਨਾ ਦਿਤਾ। ਉਸ ਨੂੰ ਚੁੱਪ ਦੇਖ ਕੇ ਅਮਰਜੀਤ ਸਿੰਘ ਆਖਣ ਲਗਿਆ,

—ਵਿਆਹ ਦਾ ਸਾਰਾ ਖਰਚਾ ਪੌਲ ਕਰੂਗਾ, ਸਾਡੇ ਗਾਰਡਨ 'ਚ ਤੰਬੂ ਲਾ ਲੈਨੇਂ ਆ, ਪੰਜਾਹ ਸੱਠ ਬੰਦਿਆਂ ਦਾ ਇੰਤਜ਼ਾਮ ਕਰਕੇ ਇਹ ਸਾਦੀ ਜਿਹੀ ਰਸਮ ਕਰ ਦਿੰਨੇ ਆਂ। ਪੌਲ ਦਾ ਇਥੇ ਕੋਈ ਰਿਸ਼ਤੇਦਾਰ ਹੈ ਨਹੀਂ। ਇਕ ਮੇਰਾ ਪੰਡਤ ਵਾਕਫ ਹੈਗਾ, ਮੰਤਰ ਪੜ੍ਹਨ ਲਈ।

—ਠੀਕ ਆ ਭਾਜੀ, ਜਿੰਦਾਂ ਤੁਸੀਂ ਕਹੋਂ।

ਟਿੱਕੇ ਨੇ ਅਣਮੰਨੇ ਜਿਹੇ ਮਨ ਨਾਲ ਕਿਹਾ।

ਉਸੇ ਸ਼ਾਮ ਮੁੰਦਰੀ ਦਾ ਫੋਨ ਆ ਗਿਆ। ਟਿੱਕਾ ਗੁੱਸੇ ਵਿਚ ਬੋਲਿਆ,

—ਉਹੀ ਜਨਾਨੀ ਨਿਕਲੀਂ ਨਾ!

—ਟਿੱਕਾ ਜੀ, ਕੀ ਮਤਲਬ ਤੁਹਾਡਾ? ਤੁਸੀਂ ਮੈਨੂੰ ਘੜੀ ਦੇ ਪੈਂਡੂਲਮ ਵਾਂਗ ਲਟਕਦਾ ਰੱਖਣਾ ਚਾਹੁੰਦੇ ਓ, ...ਹਾਲੇ ਵੀ ਕਿਸੇ ਗੱਲ 'ਤੇ ਆਓ ਤੇ ਜਿੰਦਾਂ ਕਹੋਂਗੇ ਮੈਂ ਕਰਾਂਗੀ, ਨਹੀਂ ਤਾਂ ਜਿੰਦਾਂ ਮੈਂ ਚਾਹੁੰਨੀ ਆਂ ਕਰਨ ਦਿਓ।

ਮੁੰਦਰੀ ਆਪਣੇ ਬੋਲਾਂ ਵਿਚ ਵਜ਼ਨ ਪਾ ਕੇ ਬੋਲ ਰਹੀ ਸੀ। ਟਿੱਕਾ ਚੁੱਪ ਸੀ। ਮੁੰਦਰੀ ਨੇ ਫਿਰ ਕਿਹਾ,

—ਟਿੱਕਾ ਜੀ, ਪਲੀਜ਼! ਅੱਗੇ ਤੁਸੀਂ ਆਪਣੀ ਮਰਜ਼ੀ ਨਾਲ ਮੁੰਦਰੀ ਨੂੰ ਕਿਸੇ ਉਂਗਲ ਵਿਚ ਪਾਇਆ ਸੀ ਤੇ ਅੱਜ ਮੁੰਦਰੀ ਦੀ ਮਰਜ਼ੀ ਦੀ ਉਂਗਲ ਵਿਚ ਪਾ ਦਿਓ।

## ਇੱਕੀ

ਟਿੱਕਾ ਮੁੰਦਰੀ ਤੋਂ ਦੂਰ ਰਹਿਣ ਲਗਿਆ। ਉਸ ਦੇ ਫੋਨ ਦਾ ਕੋਈ ਜਵਾਬ ਨਾ ਦਿੰਦਾ। ਆਪਣਾ ਮੁਬਾਈਲ ਵੀ ਉਹ ਬਹੁਤਾ ਸਮਾਂ ਬੰਦ ਹੀ ਰੱਖਦਾ। ਮੁੰਦਰੀ ਉਸ ਨੂੰ ਈਮੇਲ ਕਰਦੀ ਪਰ ਉਹ ਚੁੱਪ ਰਹਿੰਦਾ। ਉਹ ਤਾਂ ਮੁੰਦਰੀ ਦੇ ਵਿਆਹ 'ਤੇ ਵੀ ਨਹੀਂ ਸੀ ਆਇਆ। ਆਪਣੀ ਮਾਂ ਦੇ ਬਿਮਾਰ ਹੋਣ ਦਾ ਬਹਾਨਾ ਕਰ ਕੇ ਉਹ ਇੰਡੀਆ ਚਲੇ ਗਿਆ। ਮੁੰਦਰੀ ਉਸ ਤੋਂ ਬਿਨਾਂ ਜਿਵੇਂ ਬਹੁਤ ਇਕੱਲੀ ਰਹਿ ਗਈ ਹੋਵੇ। ਉਹ ਸਾਰੀਆਂ ਸਲਾਹਾਂ ਟਿੱਕੇ ਨਾਲ ਹੀ ਕਰਿਆ ਕਰਦੀ ਸੀ ਪਰ ਟਿੱਕਾ ਹੁਣ ਉਸ ਦੇ ਆਲੇ-ਦੁਆਲੇ ਨਹੀਂ ਸੀ। ਮੁੰਦਰੀ ਨੂੰ ਹਾਲੇ ਵੀ ਟਿੱਕੇ ਨਾਲ ਪਿਆਰ ਸੀ। ਉਹ ਨਹੀਂ ਸੀ ਚਾਹੁੰਦੀ ਕਿ ਟਿੱਕਾ ਇਵੇਂ

ਇਕਦਮ ਉਸ ਦਾ ਸਾਥ ਛੱਡੇ। ਉਸ ਨੇ ਕਿਧਰੋਂ ਸੁਣਿਆਂ ਹੋਇਆ ਸੀ ਕਿ ਜੇ ਤੁਹਾਡਾ ਖਾਸ ਮਿੱਤਰ-ਪਿਆਰਾ ਤੁਹਾਡੇ ਤੋਂ ਦੂਰ ਹੋ ਜਾਵੇ ਤਾਂ ਉਸ ਨੂੰ ਆਵਾਜ਼ਾਂ ਮਾਰਦੇ ਰਹੋ ਤਾਂ ਜੋ ਉਸ ਦੇ ਮੁੜ ਆਉਣ ਦੀ ਆਸ ਬਣੀ ਰਹੇ। ਟਿੱਕਾ ਉਸ ਦਾ ਖਾਸਮਖਾਸ ਹੀ ਤਾਂ ਸੀ। ਟਿੱਕੇ ਨੇ ਉਸ ਦੀ ਜ਼ਿੰਦਗੀ ਵਿਚ ਬਹੁਤ ਮੱਦਦ ਕੀਤੀ ਹੋਈ ਸੀ ਇਸ ਲਈ ਵੀ ਉਹ ਗੁਆਉਣਾ ਨਹੀਂ ਸੀ ਚਾਹੁੰਦੀ। ਹਾਲੇ ਵੀਉਸ ਨੂੰ ਟਿੱਕੇ ਦੀ ਪੈਰ ਪੈਰ 'ਤੇ ਲੋੜ ਪੈਣੀ ਸੀ। ਉਸ ਨੂੰ ਯਕੀਨ ਸੀ ਕਿ ਜਲਦੀ ਹੀ ਟਿੱਕੇ ਦਾ ਗੁੱਸਾ ਖੁਰ ਜਾਵੇਗਾ।

ਵਿਆਹ ਤੋਂ ਬਾਅਦ ਮੁੰਦਰੀ ਬਰਮੀਘੰਮ ਆ ਗਈ। ਹੈਂਡਜ਼ਵਰਥ ਦੇ ਇਲਾਕੇ ਵਿਚ ਉਹਨਾਂ ਨੇ ਇਕ ਫਲੈਟ ਕਿਰਾਏ 'ਤੇ ਲੈ ਲਿਆ ਸੀ। ਪੌਲ ਦਾ ਕੰਮ ਤਾਂ ਅਮਰਜੀਤ ਸਿੰਘ ਦੇ ਪੀਜ਼ੇ ਵਿਚ ਹੈ ਹੀ ਸੀ, ਮੁੰਦਰੀ ਨੂੰ ਵੀ ਹੌਕਲੀ ਦੇ ਇਕ ਬਿਊਟੀਪਾਰਲਰ ਵਿਚ ਕੰਮ ਮਿਲ ਗਿਆ। ਇਹੋ ਉਹ ਚਾਹੁੰਦੀ ਵੀ ਸੀ। ਲੈਸਟਰ ਵਾਲਾ ਘਰ ਉਸ ਨੇ ਕਿਰਾਏ 'ਤੇ ਦੇ ਕੇ ਉਸ ਦਾ ਕੰਟਰੋਲ ਜੀਤ ਸਿੰਘ ਨੂੰ ਸੰਭਾਲ ਦਿਤਾ ਸੀ। ਉਹ ਲੈਸਟਰ ਵਾਲਾ ਘਰ ਵੇਚਣਾ ਨਹੀਂ ਸੀ ਚਾਹੁੰਦੀ। ਉਹ ਸੋਚਦੀ ਕਿ ਜੇ ਬਰਮੀਘੰਮ ਦਾ ਜੀਵਨ ਉਸ ਨੂੰ ਰਾਸ ਨਾ ਆਇਆ ਤਾਂ ਲੈਸਟਰ ਮੁੜ ਸਕਦੀ ਸੀ ਪਰ ਨਵਾਂ ਜੀਵਨ ਉਸ ਨੂੰ ਬਹੁਤ ਚੰਗਾ ਲੱਗਣ ਲੱਗ ਪਿਆ। ਪੌਲ ਦਾ ਸੁਭਾਅ ਟਿੱਕੇ ਤੋਂ ਉਲਟ ਤੇ ਦੀਪੇ ਵਾਂਗ ਹੀ ਸੀ। ਉਹ ਹਰ ਵੇਲੇ ਉਸ ਦੇ ਨਾਜ਼-ਨਖ਼ਰੇ ਉਠਾਉਂਦਾ ਰਹਿੰਦਾ, ਮੁੰਦਰੀ ਨੂੰ ਬਹੁਤ ਚੰਗਾ ਲਗਦਾ। ਉਸ ਨੂੰ ਕਿਸੇ ਗੱਲੋਂ ਟੋਕਦਾ ਵੀ ਨਹੀਂ ਸੀ। ਇਕ ਗੱਲ ਉਸ ਨੂੰ ਫਿਰ ਤੋਂ ਚੁੱਭਣ ਲੱਗ ਪਈ ਸੀ। ਕਈ ਵਾਰ ਸਤਨਾਮ ਕੌਰ ਉਸ ਨਾਲ ਤੇ ਪੌਲ ਨਾਲ ਨੌਕਰਾਂ ਵਾਂਗ ਹੀ ਵਰਤਣ ਲਗਦੀ। ਇਕ ਦਿਨ ਤਾਂ ਉਸ ਦੀ ਭੈਣ ਸਤਿਆ ਨੇ ਇਥੋਂ ਤਕ ਕਹਿ ਦਿਤਾ ਕਿ ਅਮਰਜੀਤ ਨੇ ਆਪਣੇ ਦੋ ਨੌਕਰਾਂ ਦਾ ਆਪਸ ਵਿਚ ਵਿਆਹ ਕਰਾ ਕੇ ਪੁੰਨ ਖੱਟ ਲਿਆ ਸੀ। ਉਸ ਨੇ ਇਹ ਗੱਲ ਪੌਲ ਨਾਲ ਸਾਂਝੀ ਕੀਤੀ ਪਰ ਪੌਲ ਨੂੰ ਅਜਿਹੀਆਂ ਗੱਲਾਂ ਦੀ ਬਹੁਤੀ ਪਰਵਾਹ ਨਹੀਂ ਸੀ। ਮੁੰਦਰੀ ਨੇ ਆਪਣੇ ਆਪ ਨਾਲ ਫੈਸਲਾ ਕਰ ਲਿਆ ਕਿ ਸਤਨਾਮ ਕੌਰ ਦੇ ਘਰ ਨਹੀਂ ਜਾਵੇਗੀ।

ਛੇਤੀ ਹੀ ਉਹਨਾਂ ਨੇ ਹੈਂਡਜ਼ਵਰਥ ਦੇ ਇਲਾਕੇ ਵਿਚ ਹੀਥ ਲੇਨ 'ਤੇ ਘਰ ਵੀ ਖਰੀਦ ਲਿਆ। ਘਰ ਮੁੰਦਰੀ ਦੇ ਨਾਂ 'ਤੇ ਹੀ ਲਿਆ ਜਾਣਾ ਸੀ ਕਿਉਂਕਿ ਪੌਲ ਕੋਲ ਤਾਂ ਹਾਲੇ ਪੱਕੀ ਸਟੇਅ ਨਹੀਂ ਸੀ। ਮੁੰਦਰੀ ਦੇ ਨਾਂ 'ਤੇ ਪਹਿਲਾਂ ਹੀ ਲੈਸਟਰ ਵਾਲੇ ਘਰ ਉਪਰ ਮੌਰਟਗੇਜ਼ ਹੋਣ ਕਰਕੇ ਉਹਨਾਂ ਨੂੰ ਇਸ ਘਰ ਲਈ ਮੌਰਟਗੇਜ ਜ਼ਰਾ ਔਖੀ ਮਿਲ ਰਹੀ ਸੀ ਪਰ ਏਜੰਟ ਨੇ ਕੋਈ ਰਸਤਾ ਲੱਭ ਕੇ ਇੰਤਜ਼ਾਮ ਕਰ ਦਿਤਾ। ਉਹ ਦੋ ਕੁ ਮਹੀਨੇ ਵਿਚ ਹੀ ਆਪਣੇ ਘਰ ਚਲੇ ਗਏ। ਹੇਠਲੇ ਮੁਹਰਲੇ ਕਮਰੇ ਵਿਚ ਮੁੰਦਰੀ ਨੇ ਆਪਣਾ ਬਿਊਟੀਪਾਰਲਰ ਵਾਲਾ ਸਮਾਨ ਲਿਆ ਰੱਖਿਆ। ਕੰਮ 'ਤੇ ਜਾਣ ਦੇ ਨਾਲ ਨਾਲ ਉਸ ਨੇ ਘਰੋਂ ਵੀ ਕੰਮ ਸ਼ੁਰੂ ਕਰ ਦਿਤਾ। ਘਰੋਂ ਵੀ ਉਸ ਦਾ ਕੰਮ ਤੁਰਨ ਲਗਿਆ। ਉਸ ਨੇ ਆਪਣੇ ਨਵੇਂ ਕਾਰਡ ਛਪਵਾ ਲਏ ਤੇ ਲੀਫਲੈੱਟਸ ਵੀ। ਹੋਰਨਾਂ ਬਿਊਟੀ ਪਾਰਲਰਜ਼ ਨਾਲੋਂ ਆਪਣੀਆਂ ਕੀਮਤਾਂ ਜ਼ਰਾ ਕੁ ਸਸਤੀਆਂ ਕਰ ਦਿਤੀਆਂ। ਇਲੈਕਟਰੌਲਸਜ਼ ਦੀ ਵੀ ਨਵੀਂ ਮਸ਼ੀਨ ਲੈ ਆਂਦੀ। ਉਸ ਨੂੰ ਆਪਣਾ ਖੁਦ ਦਾ ਕੰਮ ਤੋਰਨ ਦੀ ਕਾਹਲੀ ਵੀ ਨਹੀਂ ਸੀ। ਉਸ ਦੇ ਸਰਟੀਫਿਕੇਟ ਤੇ ਉਸ ਦਾ ਸਾਫ ਹੱਥ ਦੇਖ ਕੇ ਉਸ ਦੀ ਬੌਸ ਕੈਟਰੀਨਾ ਨੇ ਉਸ ਨੂੰ ਠੀਕ ਤਨਖਾਹ ਦੇ ਰਹੀ ਸੀ। ਕੈਟ ਦੇ ਬਿਊਟੀ ਪਾਰਲਰ ਵਿਚ ਉਸ ਦੇ ਮਿਲਾਪੜੇ ਸੁਭਾਅ ਕਾਰਨ ਕੁਝ ਨਵੀਆਂ



ਕਲਾਇੰਟਸ ਵੀ ਜੁੜਨ ਲੱਗੀਆਂ। ਉਸ ਦੀ ਬਾਕੀ ਦੇ ਸਟਾਫ ਨਾਲ ਵੀ ਸਬੰਧ ਦੋਸਤਾਨਾ ਹੋ ਗਏ ਸਨ। ਕੁਝ ਹਫਤਿਆਂ ਵਿਚ ਹੀ ਉਹ ਉਥੇ ਇਵੇਂ ਹੋ ਗਈ ਜਿਵੇਂ ਸਾਲਾਂ ਦੀ ਕੰਮ ਕਰਦੀ ਹੋਵੇ।

ਹੌਲੀ ਹੌਲੀ ਮੁੰਦਰੀ ਦੇ ਮਨ ਵਿਚ ਸ਼ੈਤਾਨੀ ਜਾਗਣ ਲੱਗ ਪਈ। ਉਹ ਏਸ਼ੀਅਨ ਕਲਾਇੰਟਾਂ ਨਾਲ ਆਪਣੀ ਬੋਲੀ ਵਿਚ ਗੱਲ ਕਰਦੀ ਦੱਸ ਦਿੰਦੀ ਕਿ ਉਹ ਘਰੋਂ ਵੀ ਕੰਮ ਕਰਦੀ ਹੈ ਤੇ ਉਹਨਾਂ ਨੂੰ ਪਰਦੇ ਨਾਲ ਆਪਣਾ ਕਾਰਡ ਵੀ ਦੇ ਦਿੰਦੀ। ਇਹਨਾਂ ਵਿਚੋਂ ਕੁਝ ਉਸ ਦੀਆਂ ਪੱਕੀਆਂ ਗਾਹਕ ਵੀ ਬਣ ਗਈਆਂ ਸਨ। ਉਸ ਨੇ ਲੈਸਟਰ ਵਾਂਗ ਹੀ ਆਪਣੇ ਲੀਫਲੈੱਟਸ ਵੀ ਸੁਣਵਾਉਣੇ ਸ਼ੁਰੂ ਕਰ ਦਿਤੇ। ਅਮਰਜੀਤ ਸਿੰਘ ਆਪਣੇ ਪੀਜ਼ਾ ਡਿਲਿਵਰੀ ਲਈ ਕਾਰਡਿੰਗ ਲਗਾਤਾਰ ਕਰਦਾ ਸੀ, ਉਹ ਨਾਲ ਹੀ ਮੁੰਦਰੀ ਦਾ ਪਰਚਾ ਵੀ ਨੱਥੀ ਕਰਵਾ ਦਿੰਦਾ। ਛੇਤੀ ਹੀ ਮੁੰਦਰੀ ਦਾ ਘਰੋਂ ਚੱਲਦਾ ਬਿਊਟੀ ਪਾਰਲਰ ਘਰ ਦੇ ਖਰਚੇ-ਕਿਸ਼ਤ ਆਦਿ ਚੁੱਕਣ ਲੱਗ ਪਿਆ। ਉਸ ਨੇ ਇਕ ਕਮਰਾ ਕਿਰਾਏ ਤੇ ਵੀ ਦੇ ਦਿਤਾ ਹੋਇਆ ਸੀ। ਪੌਲ ਦੀ ਤਨਖਾਹ ਬਹੁਤੀ ਨਹੀਂ ਸੀ ਕਿਉਂਕਿ ਉਸ ਕੋਲ ਕੰਮ ਕਰਨ ਦਾ ਅਧਿਕਾਰ ਨਹੀਂ ਸੀ ਇਸ ਲਈ ਅਮਰਜੀਤ ਸਿੰਘ ਬਹੁਤ ਥੋੜਾ ਰੇਟ ਦਿੰਦਾ ਸੀ। ਮੁੰਦਰੀ ਨੂੰ ਇਹ ਗੱਲ ਬਹੁਤ ਚੁੱਭਦੀ ਸੀ ਪਰ ਉਹ ਕੁਝ ਕਰ ਵੀ ਨਹੀਂ ਸੀ ਸਕਦੀ। ਵੈਸੇ ਉਹ ਪੌਲ ਤੋਂ ਇਸ ਗੱਲ ਤੋਂ ਬਹੁਤ ਖੁਸ਼ ਸੀ ਕਿ ਉਹ ਫਜ਼ੂਲ ਖਰਚ ਬਿਲਕੁਲ ਨਹੀਂ ਸੀ। ਨਾ ਉਹ ਸ਼ਰਾਬ ਪੀਂਦਾ ਸੀ ਤੇ ਨਾ ਹੀ ਉਸ ਨੂੰ ਬਾਹਰ ਕਿਧਰੇ ਜਾਣ ਦਾ ਸ਼ੌਂਕ ਸੀ। ਉਹ ਕੰਮ ਤੋਂ ਸਿੱਧਾ ਘਰ ਤੇ ਘਰੋਂ ਕੰਮ ਤੇ ਜਾਂਦਾ।

ਉਸ ਨੂੰ ਬਰਮੀਘੰਮ ਆਈ ਨੂੰ ਕਈ ਮਹੀਨੇ ਹੋ ਚੱਲੇ ਸਨ ਪਰ ਟਿੱਕੇ ਨਾਲ ਮੁੜ ਕੇ ਕੋਈ ਮੁਲਾਕਾਤ ਨਾ ਹੋਈ। ਨਾ ਫੋਨ ਤੇ ਨਾ ਹੀ ਈਮੇਲ। ਹਾਂ, ਉਹ ਟਿੱਕੇ ਨੂੰ ਯਾਦ ਲਗਾਤਾਰ ਕਰਦੀ। ਟਿੱਕੇ ਦੀ ਚੁੱਪ 'ਤੇ ਮੁੰਦਰੀ ਨੂੰ ਗੁੱਸਾ ਵੀ ਬਹੁਤ ਸੀ। ਉਸ ਨੇ ਇਹ ਨਹੀਂ ਸੀ ਸੋਚਿਆ ਕਿ ਟਿੱਕਾ ਇਵੇਂ ਮੁੱਖ ਮੋੜ ਜਾਵੇਗਾ। ਕਈ ਵਾਰ ਉਹ ਆਪਣੇ ਆਪ ਨੂੰ ਕਹਿਣ ਲੱਗਦੀ, -'ਦੇਖ ਲੈ ਮੁੰਦਰੀਏ, ਤੂੰ ਟਿੱਕਾ ਟਿੱਕਾ ਗਾਉਂਦੀ ਰਹਿੰਦੀ ਸੀ ਤੇ ਟਿੱਕੇ ਨੇ ਮੁੰਦਰੀ ਦੀ ਮੁੜ ਕੇ ਸਾਰ ਵੀ ਨਹੀਂ ਲਈ।'

ਹੁਣ ਉਸ ਦਾ ਦਿਲ ਕਰਨ ਲਗਿਆ ਸੀ ਕਿ ਕਿਸੇ ਤਰ੍ਹਾਂ ਟਿੱਕੇ ਨੂੰ ਦਿਖਾ ਸਕੇ ਕਿ ਉਹ ਹੁਣ ਪਹਿਲਾਂ ਵਾਲੀ ਮੁੰਦਰੀ ਨਹੀਂ ਸੀ। ਉਸ ਦਾ ਬਰਮੀਘੰਮ ਵਿਚ ਆਪਣਾ ਘਰ ਸੀ, ਆਪਣਾ ਛੋਟਾ ਜਿਹਾ ਬਿਊਟੀ ਪਾਰਲਰ ਸੀ, ਬਾਹਰ ਜੌਬ ਵੀ ਸੀ। ਉਹ ਹੈਂਡਜ਼ਵਰਥ ਤੋਂ ਹੌਕਲੀ ਜਾਂਦੀ ਹੋਈ ਦੋ ਕੁ ਵਾਰ ਟਿੱਕੇ ਦੇ ਘਰ ਵਲ ਦੀ ਵੀ ਲੰਘੀ। ਉਸ ਦੀ ਕਾਰ ਦੇਖ ਕੇ ਅੰਦਾਜ਼ਾ ਲਗਾ ਲੈਂਦੀ ਕਿ ਟਿੱਕਾ ਹੈ ਆਲੇ-ਦੁਆਲੇ ਹੀ। ਵੈਸੇ ਹੁਣ ਇਸ ਸ਼ਹਿਰ ਵਿਚ ਉਸ ਦੇ ਪੈਰ ਪੂਰੀ ਤਰ੍ਹਾਂ ਜੰਮ ਚੁੱਕੇ ਸਨ। ਉਸ ਦੀ ਵਾਕਫੀ ਦਾ ਦਾਇਰਾ ਦਿਨੋ-ਦਿਨ ਫੈਲ ਰਿਹਾ ਸੀ।

ਇਹਨਾਂ ਦਿਨਾਂ ਵਿਚ ਹੀ ਪੌਲ ਨੂੰ ਇੰਡੀਆ ਜਾਣਾ ਪੈ ਗਿਆ। ਉਸ ਨੇ ਪੱਕੇ ਹੋਣ ਲਈ ਵਿਆਹ ਦੇ ਅਧਾਰ 'ਤੇ ਅਪਲਾਈ ਕੀਤਾ ਤਾਂ ਨਵੇਂ ਕਨੂੰਨ ਅਨੁਸਾਰ ਉਸ ਨੂੰ ਇਕ ਵਾਰ ਇੰਡੀਆ ਜਾਣਾ ਪੈਣਾ ਸੀ ਤੇ ਉਥੋਂ ਅਪਲਾਈ ਕਰਕੇ ਆ ਸਕਣਾ ਸੀ। ਮੁੰਦਰੀ ਕੋਲ ਜੌਬ ਸੀ ਤੇ ਘਰ ਵੀ, ਇਸ ਲਈ ਪੌਲ ਨੂੰ ਵਾਪਸ ਪੱਕੇ ਤੌਰ ਤੇ ਬੁਲਾ ਸਕਣਾ ਮੁਸ਼ਕਲ ਨਹੀਂ ਸੀ। ਪੌਲ ਦੇ ਜਾਣ ਤੋਂ ਬਾਅਦ ਕੁਝ ਦਿਨ ਤਾਂ ਮੁੰਦਰੀ ਠੀਕ ਰਹੀ। ਉਸ ਕੋਲ

ਬਹੁਤਾ ਵਕਤ ਨਹੀਂ ਸੀ ਹੁੰਦਾ। ਸਵੇਰੇ ਹੀ ਕੰਮ 'ਤੇ ਨਿਕਲ ਜਾਂਦੀ ਤੇ ਵਾਪਸ ਆ ਕੇ ਵੀ ਕੰਮ ਵਿਚ ਰੁਝ ਜਾਂਦੀ। ਰਾਤ ਨੂੰ ਥੱਕੀ ਹੋਈ ਸੌਂ ਜਾਂਦੀ। ਇਕ ਦਿਨ ਉਹ ਕੰਮ 'ਤੇ ਜਾਣ ਲਈ ਤਿਆਰ ਹੋ ਰਹੀ ਸੀ ਤਾਂ ਉਸ ਨੂੰ ਜਾਪਿਆ ਜਿਵੇਂ ਟਿੱਕੇ ਦੀ ਕਾਰ ਉਹਨਾਂ ਦੇ ਘਰ ਦੇ ਮੂਹਰ ਦੀ ਲੰਘੀ ਹੋਵੇ। ਉਹ ਪਰਦੇ ਹਟਾ ਕੇ ਦੇਖਣ ਲੱਗੀ ਪਰ ਉਥੇ ਕੋਈ ਵੀ ਨਹੀਂ ਸੀ। ਸਾਰਾ ਦਿਨ ਉਸ ਦਾ ਮਨ ਉਖੜਿਆ ਜਿਹਾ ਰਿਹਾ। ਘਰ ਆ ਕੇ ਵੀ ਉਹ ਇਕੱਲੀ ਜਿਹੀ ਮਹਿਸੂਸ ਕਰਨ ਲੱਗੀ। ਟਿੱਕੇ ਦੀ ਯਾਦ ਦਾ ਸ਼ੋਰ ਉਸ ਦੇ ਅੰਦਰ ਵਧਣ ਲਗਿਆ। ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ ਕਿ ਉਸ ਨੇ ਟਿੱਕੇ ਨੂੰ ਈਮੇਲ ਭੇਜ ਦਿਤੀ। ਉਸ ਨੇ ਈਮੇਲ ਵਿਚ ਲਿਖਿਆ, -'ਐਂਗਰੀਮੈਨ, ਗੁੱਸਾ ਹਾਲੇ ਵੀ ਸਤਵੇਂ ਅਸਮਾਨ 'ਤੇ ਹੈ ਜਾਂ ਹੇਠਾਂ ਉਤਰਿਆ?'

ਟਿੱਕੇ ਨੇ ਕੋਈ ਜਵਾਬ ਨਾ ਦਿਤਾ। ਕੁਝ ਦਿਨਾਂ ਬਾਅਦ ਮੁੰਦਰੀ ਨੇ ਇਸੇ ਈਮੇਲ ਨੂੰ ਮੁੜ ਕੇ ਭੇਜ ਦਿਤਾ ਤਾਂ ਟਿੱਕੇ ਦਾ ਜਵਾਬ ਆ ਗਿਆ। ਉਸ ਨੇ ਲਿਖਿਆ ਸੀ, 'ਲਗਦਾ ਕਿ ਲੱਲੂ ਪਰਾਸ਼ਰ ਤੋਂ ਮਨ ਭਰ ਗਿਆ।' ਮੁੰਦਰੀ ਦੇ ਫੋਨ ਵਿਚ ਈਮੇਲ ਦਾ ਸਿਗਨਲ ਆ ਜਾਇਆ ਕਰਦਾ ਸੀ। ਜਦ ਸਿਗਨਲ ਦੀ ਘੰਟੀ ਵੱਜੀ ਤਾਂ ਮੁੰਦਰੀ ਦਾ ਦਿਲ ਧੜਕਣ ਲੱਗ ਪਿਆ। ਉਸ ਵੇਲੇ ਉਹ ਕਿਸੇ ਕਲਾਇੰਟ ਦਾ ਫੇਸ਼ੀਅਲ ਕਰ ਰਹੀ ਸੀ। ਟੁਆਇਲਟ ਜਾਣ ਦਾ ਬਹਾਨਾ ਕਰਕੇ ਉਹ ਗਈ ਤੇ ਜਾ ਕੇ ਦੇਖਿਆ ਕਿ ਟਿੱਕੇ ਦੀ ਈਮੇਲ ਹੈ। ਉਸ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਸ ਨੇ ਉਸੇ ਵੇਲੇ ਇਕ ਹੋਰ ਈਮੇਲ ਭੇਜ ਦਿਤੀ। ਉਹਨਾਂ ਦੀਆਂ ਤਾਰ੍ਹਾਂ ਮੁੜ ਕੇ ਜੁੜਨ ਲੱਗੀਆਂ। ਮੁੰਦਰੀ ਨੂੰ ਈਮੇਲ ਕਰਨੀ ਸੌਖੀ ਲੱਗ ਰਹੀ ਸੀ। ਉਸ ਨੇ ਈਮੇਲ ਰਾਹੀਂ ਹੀ ਆਪਣੇ ਵਿਆਹ ਕਰਾਉਣ ਵਾਲਾ ਪੱਖ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਟਿੱਕਾ ਉਸ ਦੀ ਈਮੇਲ ਦਾ ਉੱਤਰ ਦੇਣ ਲਗਿਆ। ਹੁਣ ਉਸ ਦੀ ਗੱਲ ਵਿਚ ਤਲਖੀ ਘਟਣ ਲੱਗੀ ਸੀ। ਮੁੰਦਰੀ ਨੇ ਈਮੇਲ ਰਾਹੀਂ ਹੀ ਆਪਣੇ ਸਾਰੇ ਕੰਮ ਬਾਰੇ ਜਾਣਕਾਰੀ ਦੇ ਦਿਤੀ ਤੇ ਕਿਹਾ ਕਿ ਇਕ ਵਾਰ ਉਸ ਨੇ ਉਸ ਦੀ ਵੈੱਬ ਡਿਜ਼ਾਈਨ ਕਰਨ ਦਾ ਵਾਅਦਾ ਕੀਤਾ ਸੀ ਹੁਣ ਵਾਅਦਾ ਪੂਰਾ ਕਰੇ। ਇਸ ਈਮੇਲ ਦਾ ਟਿੱਕੇ ਨੇ ਕੋਈ ਜਵਾਬ ਨਾ ਦਿਤਾ। ਮੁੰਦਰੀ ਨੇ ਫੋਨ ਕਰ ਲਿਆ। ਟਿੱਕਾ ਦੀ 'ਹੈਲੋ' ਵਿਚ ਗੁੱਸਾ ਜਿਹਾ ਸੀ। ਉਸ ਨੇ 'ਹੈਲੋ' ਇਵੇਂ ਕਹੀ ਜਿਵੇਂ ਉਸ ਨੂੰ ਪੱਛਾਣ ਨਾ ਰਿਹਾ ਹੋਵੇ। ਮੁੰਦਰੀ ਬੋਲੀ,

—ਕਿਉਂ, ਭੁੱਲ ਗਏ ਆਪਣੀ ਮੁੰਦਰੀ ਨੂੰ?

—ਮੁੰਦਰੀ ਨਹੀਂ, ਮਿਸਜ਼ ਪਰਾਸ਼ਰ ਕਹਿ।

—ਮੈਂ ਮੁੰਦਰੀ ਹੀ ਆਂ, ਤੁਸੀਂ ਜੋ ਮਰਜ਼ੀ ਕਹਿ ਲਓ।

—ਮਿਸਜ਼ ਪਰਾਸ਼ਰ ਪਹਿਲਾਂ ਤੇ ਹੋਰ ਸਭ ਬਾਅਦ ਵਿਚ।

—ਕੀ ਹਾਲ ਤੁਹਾਡਾ?

—ਮੈਂ ਠੀਕ ਆਂ। ਆਪਣੇ ਲੱਲੂ ਪਰਾਸ਼ਰ ਦਾ ਸੁਣਾ?

—ਇੰਡੀਆ ਗਿਆ ਹੋਇਆ। ਉਥੋਂ ਹੀ ਪੱਕਾ ਵੀਜ਼ਾ ਮਿਲਣਾ ਸੀ, ਇਹ ਨਵਾਂ ਲੌਅ ਐ।

—ਹਾਂ ਹਾਂ, ਆਈ ਨੋਅ।

—ਤੁਸੀਂ ਇਕ ਵਾਰੀ ਵੈੱਬ ਡਿਜ਼ਾਈਨ ਕਰ ਕੇ ਦੇਣ ਬਾਰੇ ਕਹਿੰਦੇ ਸੀ।

—ਹਾਂ, ਕਹਿੰਦਾ ਤਾਂ ਸੀ ਪਰ ਮੈਂ ਉਹਦੇ ਬਾਰੇ ਕਦੇ ਕੁਸ਼ ਸੋਚਿਆ ਨਹੀਂ।



—ਕਰ ਦਿਓ ਜੇ ਕਰ ਸਕਦੇ ਓ।

—ਇਹ ਪਰੋਫੈਸ਼ਨਲ ਜਿਹਾ ਕੰਮ ਹੁੰਦਾ, ਮੈਨੂੰ ਬਹੁਤਾ ਨਹੀਂ ਪਤਾ। ਮੈਂ ਇਹ ਪਤਾ ਕਰ ਦਿੰਨਾ ਜੇ ਡੋਮੇਨ ਮਿਲ ਜਾਏ ਤਾਂ।

—ਟਿੱਕਾ ਜੀ, ਕਦੇ ਯਾਦ ਨਹੀਂ ਆਈ ਮੇਰੀ? ਕਦੇ ਮਿਲਣ ਨੂੰ ਦਿਲ ਨਹੀਂ ਕੀਤਾ?

—ਬੇਗਾਨੀ ਔਰਤ ਦੀ ਕੀ ਯਾਦ ਆਉਣੀ ਐਂ!

ਟਿੱਕੇ ਨੇ ਆਖਿਆ। ਮੁੰਦਰੀ ਚੁੱਪ ਰਹੀ। ਪਲ ਕੁ ਬਾਅਦ ਟਿੱਕਾ ਫਿਰ ਬੋਲਿਆ,

—ਤੂੰ ਕਿਹੜਾ ਮੁੜ ਕੇ ਫੋਨ ਕੀਤਾ ਜਾਂ ਮਿਲਣ ਆਈ ਐਂ!

— ਜਿਹੜਾ ਤੁਸੀਂ 'ਬਊਂ' ਕਰਕੇ ਪੈਨੇ ਆਂ, ਇਹਤੋਂ ਡਰ ਲਗਦਾ। ਤੁਹਾਡੇ ਕੋਲ਼ ਕੋਈ ਦਲੀਲ ਤਾਂ ਕੰਮ ਕਰਦੀ ਹੀ ਨਹੀਂ।

ਹੁਣ ਟਿੱਕਾ ਚੁੱਪ ਰਿਹਾ। ਮੁੰਦਰੀ ਫਿਰ ਬੋਲੀ,

—ਆ ਜਾਓ ਕਿਸੇ ਦਿਨ।

—ਤੂੰ ਆ ਜਾ, ਤੇਰਾ ਤਾਂ ਲੱਲੂ ਵੀ ਇੰਡੀਆ ਗਿਆ ਹੋਇਐ।

ਮੁੰਦਰੀ ਟਿੱਕੇ ਨੂੰ ਮਿਲਣ ਜਾਣ ਬਾਰੇ ਸੋਚਣ ਲੱਗੀ। ਇਕ ਤਾਂ ਹਾਲੇ ਵੀ ਟਿੱਕੇ ਨਾਲ ਉਸ ਨੂੰ ਪਿਆਰ ਸੀ ਤੇ ਦੂਜੇ ਉਹ ਉਸ ਨੂੰ ਦੱਸਣਾ ਵੀ ਚਾਹੁੰਦੀ ਸੀ ਕਿ ਉਹ 'ਹੈ'। ਆਪਣੀ ਇਸ ਨਵੀਂ 'ਹੋਂਦ' ਦੀ ਹਾਜ਼ਰੀ ਲਗਵਾਉਣੀ ਚਾਹੁੰਦੀ ਸੀ। ਇਕ ਹੋਰ ਗੱਲ ਇਹ ਸੀ ਕਿ ਟਿੱਕੇ ਦੀ ਸਖਸ਼ੀਅਤ ਵਾਲੀ ਪੌਲ ਵਿਚ ਇਕ ਵੀ ਗੱਲ ਨਹੀਂ ਸੀ। ਉਹ ਤਾਂ ਹਰ ਵੇਲੇ ਉਸ ਦੇ ਮੂਹਰੇ ਪਾਣੀ ਵਾਂਗ ਫਿਰਦਾ ਰਹਿੰਦਾ। ਕਿਸੇ ਵੀ ਗੱਲ 'ਤੇ ਨਹੀਂ ਸੀ ਅੜਦਾ। ਉਸ ਨੂੰ ਇੰਨੀ ਵੀ 'ਜੀ-ਹਜ਼ੂਰੀ' ਪਸੰਦ ਨਹੀਂ ਸੀ। ਟਿੱਕੇ ਨਾਲ ਫੋਨ ਉਪਰ ਗੱਲਾਂ ਕਰਕੇ ਉਸ ਨੂੰ ਉਸ ਦੀ ਲੋੜ ਮਹਿਸੂਸ ਹੋਣ ਲੱਗੀ ਸੀ। ਉਸ ਨੇ ਮਨ ਬਣਾ ਲਿਆ ਕਿ ਇਕ ਸ਼ਨਿਚਰਵਾਰ ਟਿੱਕੇ ਕੋਲ ਜਾਵੇਗੀ ਤੇ ਰਾਤ ਹੀ ਉਸ ਕੋਲ ਰਹੇਗੀ।

ਟਿੱਕੇ ਦੇ ਮਨ ਵਿਚ ਲੱਡੂ ਭੁਰਨ ਲੱਗੇ। ਉਸ ਨੂੰ ਵੀ ਮੁੰਦਰੀ ਦੀ ਤਲਬ ਹੋਣ ਲੱਗੀ। ਮੁੰਦਰੀ ਉਸ ਦੇ ਘਰ ਆ ਗਈ। ਦੋਨਾਂ ਨੇ ਰਲ਼ ਕੇ ਖਾਣਾ ਬਣਾਇਆ। ਖਾਧਾ। ਢੇਰ ਸਾਰੀਆਂ ਗੱਲਾਂ ਕੀਤੀਆਂ। ਰਾਤ ਨੂੰ ਅੱਧੀ ਕੁ ਰਾਤ ਨੂੰ ਟਿੱਕੇ ਨਾਲ ਸੁੱਤੀ ਪਈ ਮੁੰਦਰੀ ਇਕਦਮ ਉਠ ਕੇ ਬੈਠ ਗਈ ਤੇ ਰੋਣ ਲੱਗ ਪਈ। ਟਿੱਕੇ ਨੇ ਹੈਰਾਨ ਹੋ ਕੇ ਪੁੱਛਿਆ,

—ਕੀ ਬਿਮਾਰੀ ਪੈ ਗਈ ਤੈਨੂੰ?

—ਕੁਸ਼ ਨਹੀਂ।

—ਕੁਸ਼ ਨਾ ਕੁਸ਼ ਤਾਂ ਹੋਇਆ ਈ ਹੋਊ।

—ਟਿੱਕਾ ਜੀ, ਮੈਂ ਬਹੁਤ ਗਿਲਟੀ ਫੀਲ ਕਰਦੀ ਆਂ।

—ਕਿਹੜੀ ਗੱਲੋਂ?

—ਤੁਹਾਡੇ ਨਾਲ ਸੌਂ ਕੇ।

—ਪਹਿਲੀ ਵਾਰੀ ਸੁੱਤੀ ਆਂ?

—ਪਰ ਟਿੱਕਾ ਜੀ, ਹੁਣ ਮੈਂ ਕਿਸੇ ਦੀ ਵਾਈਫ ਆਂ।

—ਤੂੰ ਆਪ ਈ ਆਉਣ ਦਾ ਫੈਸਲਾ ਕੀਤਾ, ਹਾਲੇ ਥੋੜਾ ਚਿਰ ਪਹਿਲਾਂ ਕਹਿ ਕੇ

ਹਟੀ ਆਂ ਕਿ ਤੂੰ ਮੈਨੂੰ ਏਨਾ ਪਿਆਰ ਕਰਦੀ ਆਂ!

ਮੁੰਦਰੀ ਕੁਝ ਨਾ ਬੋਲੀ। ਉਸ ਨੇ ਆਪਣੀਆਂ ਅੱਖਾਂ ਪੂੰਝੀਆਂ ਤੇ ਆਪਣੇ ਕਪੜੇ ਇਕੱਠ ਕਰ ਕੇ ਦੂਜੇ ਕਮਰੇ ਵਿਚ ਜਾਣ ਲੱਗੀ। ਟਿੱਕੇ ਨੇ ਬਾਹੋਂ ਫੜ ਖਿੱਚ ਕੇ ਬਿਸਤਰ 'ਤੇ ਸੁਟਦਿਆਂ ਕਿਹਾ,

—ਦੇਖ, ਮਾਂ ਯਾਵੀ ਪਖੰਡ ਕਿੰਨੇ ਕਰਦੀ ਆ!

## ਬਾਈ

ਪੌਲ ਇੰਡੀਆ ਤੋਂ ਮੁੜਿਆ ਤਾਂ ਉਸ ਨੇ ਸਭ ਤੋਂ ਪਹਿਲਾਂ ਤਾਂ ਆਪਣਾ ਨੈਸ਼ਨਲ ਇੰਸ਼ੋਰੈਂਸ ਨੰਬਰ ਬਣਾਇਆ। ਹੁਣ ਉਹ ਕਨੂੰਨੀ ਤੌਰ 'ਤੇ ਇਸ ਮੁਲਕ ਵਿਚ ਪੱਕਾ ਸੀ ਤੇ ਉਸ ਨੂੰ ਕੰਮ ਕਰਨ ਦਾ ਪੂਰਾ ਅਧਿਕਾਰ ਸੀ। ਮੁੰਦਰੀ ਕਹਿਣ ਲੱਗੀ,

—ਪੌਲ, ਹੁਣ ਟਾਈਮ ਆ ਗਿਆ ਕਿ ਸਤਨਾਮ ਕੌਰ ਅੰਟੀ ਨੂੰ ਸਮਝਾ ਦੇਈਏ ਕਿ ਏਸ ਮੁਲਕ ਵਿਚ ਨੌਕਰ ਨਹੀਂ ਹੁੰਦੇ, ਅਮਰਜੀਤ ਅੰਕਲ ਨੂੰ ਕਹਿ ਕੇ ਤੈਨੂੰ ਹੁਣ ਪੂਰਾ ਰੇਟ ਦੇਵੇ, ਹੁਣ ਤੂੰ ਫੌਜੀ ਨਹੀਂ ਰਿਹਾ।

ਪੌਲ ਨੇ ਅਗਲੇ ਦਿਨ ਹੀ ਅਮਰਜੀਤ ਨੂੰ ਕਿਹਾ,

—ਭਾਜੀ, ਅੱਗੇ ਤਾਂ ਮੈਂ ਸ਼ੌਪ ਦੇ ਉਪਰ ਈ ਰਹਿੰਦਾ ਸੀ ਤੇ ਖਾਂਦਾ ਵੀ ਸ਼ੌਪ ਤੋਂ ਈ ਸੀ ਪਰ ਹੁਣ ਮੇਰੇ ਖਰਚੇ ਵਧ ਗਏ ਆ।

—ਖਰਚੇ ਕਿੱਦਾਂ ਵਧ ਗਏ? ਹੁਣ ਤਾਂ ਤੁਸੀਂ ਦੋ ਜਾਣੇ ਕਮਾਉਂਨੇ ਆਂ, ਮੁੰਦਰੀ ਕੋਲ ਦੋ ਜੌਬਾਂ, ਕਮਰਾ ਵੀ ਕਿਰਾਏ 'ਤੇ ਆ। ਫੇਰ ਲੈਸਟਰ ਵਾਲੇ ਘਰ ਦਾ ਕਿਰਾਇਆ ਵੀ ਆਉਂਦਾ!

—ਭਾਜੀ, ਫੇਰ ਵੀ ਸਰਦਾ ਨਹੀਂ, ਹੁਣ ਇੰਡੀਆ ਗਏ ਦਾ ਈ ਬਹੁਤ ਖਰਚ ਹੋ ਗਿਆ।

—ਤੂੰ ਪੱਕਾ ਵੀ ਤਾਂ ਹੋ ਗਿਆ, ਕਮਾਊ ਕੁੜੀ ਮਿਲ ਗਈ, ਤੇਰੀ ਤਾਂ ਕਿਸਮਤ ਚਮਕ ਪਈ, ਹੋਰ ਦੱਸ ਕੀ ਚਾਹੀਦਾ!

—ਫੇਰ ਵੀ, ...ਭਾਜੀ, ਹੁਣ ਮੈਂ ਪੱਕਾਂ ਵੀ ਆਂ, ਕਾਰਡ ਵੀ ਬਣਾ ਲਿਆ, ਮੈਂ ਚਾਹੁੰਨਾ ਕਿ ਮੈਨੂੰ ਪੂਰਾ ਰੇਟ ਦਿਓ।

—ਪੌਲ, ਸਰਦਾ ਤਾਂ ਸਾਡਾ ਵੀ ਮਸੀਂ ਆ, ਤਨਖਾਹਾਂ ਈ ਪੂਰੀਆਂ ਹੁੰਦੀਆਂ। ਮੈਂ ਤਾਂ ਜਿਹੜੀ ਦਿੰਨਾ ਇਹੀ ਜ਼ਿਆਦਾ ਲੱਗਦੀ ਆ, ਚੰਗੀ ਗੱਲ ਆ ਕਿ ਤੂੰ ਕਿਤੇ ਹੋਰ ਕੰਮ ਦੇਖ ਲਾ ਤੇ ਮੈਂ ਅਗਲੇ ਮੰਡੇ ਤੋਂ ਹੋਰ ਬੰਦਾ ਦੇਖ ਲੈਂਨਾ, ਰੋਜ਼ ਈ ਪੰਜਾਹ ਆਉਂਦੇ ਆ ਕੰਮ ਪੁੱਛਣ ਵਾਲ਼ੇ। ਆਹ ਸਕੂਟਰ-ਸਕੂਟਰੀਆਂ ਅੱਧੀ ਤਨਖਾਹ 'ਤੇ ਕੰਮ ਕਰਨ ਨੂੰ ਤਿਆਰ ਐ।

ਸਕੂਟਰ-ਸਕੂਟਰੀਆਂ ਤੋਂ ਉਸ ਦਾ ਭਾਵ ਪੜ੍ਹਨ ਲਈ ਆਏ ਵਿਹਲੇ ਫਿਰਦੇ ਮੁੰਡੇ-ਕੁੜੀਆਂ ਤੋਂ ਸੀ। ਅਮਰਜੀਤ ਨੇ ਪੌਲ ਦੀ ਇਕ ਤਨਖਾਹ ਵਿਚ ਅਜਿਹੇ ਦੋ ਬੰਦੇ ਰੱਖ ਲਏ ਤੇ ਬਾਅਦ ਪੌਲ ਘਰ ਬੈਠ ਗਿਆ। ਮੁੰਦਰੀ ਨੂੰ ਅਮਰਜੀਤ ਦੇ ਇਸ ਵਤੀਰੇ



ਉਪਰ ਬਹੁਤ ਗੁੱਸਾ ਸੀ। ਉਸ ਨੇ ਪੌਲ ਨੂੰ ਹੌਂਸਲਾ ਦਿੰਦਿਆਂ ਕਿਹਾ,

—ਫਿਕਰ ਨਾ ਕਰ, ਕੰਮ ਬਹੁਤ ਮਿਲ ਜਾਣਗੇ ਪਰ ਏਹਨਾਂ ਨੂੰ ਪਤਾ ਲੱਗਣਾ ਚਾਹੀਦਾ ਕਿ ਅਸੀਂ ਵੀ ਹਾਂ, ਇਹਨਾਂ ਤੋਂ ਬੇਹਤਰ ਹੀ ਹਾਂ, ਦੇਖੀਂ ਜੇ ਸਭ ਠੀਕ ਰਿਹਾ ਤਾਂ ਇਕ ਦਿਨ ਕੈਰਲ ਮੇਰੇ ਤੋਂ ਜੌਬ ਮੰਗਣ ਆਏਗੀ।

ਮੁੰਦਰੀ ਪੌਲ ਨੂੰ ਹੌਸਲਾ ਦੇ ਰਹੀ ਸੀ ਪਰ ਨਾਲ ਦੀ ਨਾਲ ਉਸ ਨੂੰ ਇਕ ਤਨਖਾਹ ਬੰਦ ਹੋਣ ਜਾਣ ਦਾ ਦੁੱਖ ਵੀ ਸੀ।

ਉਸ ਦਾ ਇਹ ਦੁੱਖ ਘੱਟ ਹੋਣ ਦੀ ਥਾਂ ਹੋਰ ਵੀ ਵਧ ਗਿਆ ਜਦ ਕੈਟਰੀਨਾ ਨੇ ਉਸ ਨੂੰ ਇਕ ਚਿੱਠੀ ਤੇ ਨਾਲ ਹੀ ਬਾਕੀ ਬਚਦੀ ਤਨਖਾਹ ਵਾਲਾ ਲਿਫ਼ਾਫ਼ਾ ਦਿੰਦਿਆਂ ਕਿਹਾ,

—ਮਿਸਜ਼ ਪਰਾਸ਼ਰ, ਯੂ ਆਰ ਸੈਕਡ!

—ਫੌਰ ਵੌਹ?

—ਤੂੰ ਮੇਰਾ ਬਿਜਨਸ ਖਰਾਬ ਕਰ ਰਹੀ ਆਂ, ਤੂੰ ਮੇਰੇ ਕਲਾਇੰਟ ਤੋੜਦੀ ਆਂ, ਆਪਣੇ ਕਾਰਡ ਉਹਨਾਂ ਨੂੰ ਦਿੰਨੀ ਆਂ। ਆਹ ਦੇਖ ਤੇਰਾ ਕਾਰਡ ਜੋ ਤੂੰ ਜਿਹੜਾ ਤੂੰ ਮੇਰੀ ਕਲਾਇੰਟ ਸੂਜ਼ਨ ਐਸਕੋਰਟ ਨੂੰ ਦਿਤਾ ਸੀ ਤੇ ਤੇਰੀ ਪਰਾਈਸ ਲਿਸਟ।

—ਕੈਟ, ਮੈਂ ਆਪਣੇ ਕਾਰਡ ਘਰ ਘਰ ਸੁਟਵਾ ਰਹੀ ਆਂ, ਸੂਜਨ ਦੇ ਘਰ ਵੀ ਚਲੇ ਗਿਆ ਹੋਏਗਾ।

—ਨਹੀਂ, ਤੂੰ ਉਹਨੂੰ ਆਪਣੇ ਹੱਥੀਂ ਦਿਤਾ ਸੀ।

ਮੁੰਦਰੀ ਸਮਝ ਗਈ ਕਿ ਹੁਣ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ।

ਮੁੰਦਰੀ ਨੇ ਲਿਫਾਫਾ ਫੜਿਆ ਤੇ ਚੁੱਪ ਚਾਪ ਬਾਹਰ ਨਿਕਲ ਆਈ। ਉਸ ਦਾ ਮਨ ਉਦਾਸ ਸੀ। ਭਾਵੇਂ ਉਸ ਨੇ ਕੈਟਰੀਨਾ ਦੇ ਕਾਫੀ ਸਾਰੇ ਗਾਹਕ ਖਿੱਚ ਲਏਸਨ ਪਰ ਹਾਲੇ ਵੀ ਘਰੋਂ ਹਾਲੇ ਉਸ ਹਿਸਾਬ ਦਾ ਕਾਰੋਬਾਰ ਨਹੀਂ ਸੀ ਚਲਦਾ ਕਿ ਚੱਲਣਾ ਚਾਹੀਦਾ ਸੀ। ਹੁਣ ਹੋ ਵੀ ਕੀ ਸਕਦਾ ਸੀ। ਕਿਸੇ ਹੋਰ ਬਿਊਟੀ ਪਾਰਲਰ ਵਿਚ ਕੰਮ ਮਿਲ ਵੀ ਨਹੀਂ ਸੀ ਸਕਣਾ ਕਿਉਂ ਕਿ ਅਗਲਿਆਂ ਨੇ ਪਹਿਲਾਂ ਕੀਤੇ ਕੰਮ ਦਾ ਰੈਫਰੈਂਸ ਮੰਗਣਾ ਸੀ ਤੇ ਕੈਟਰੀਨਾ ਨੇ ਚੰਗਾ ਰੈਫਰੈਂਸ ਕਿਸੇ ਵੀ ਹਾਲਤ ਵਿਚ ਨਹੀਂ ਸੀ ਦੇਣਾ। ਇਕ ਹੋਰ ਹੇਰਾਫੇਰੀ ਉਸ ਨੇ ਕੈਟਰੀਨਾ ਨਾਲ ਇਹ ਵੀ ਕਰ ਲਈ ਸੀ ਕਿ ਉਸ ਦੇ ਬਹੁਤ ਸਾਰੇ ਗਾਹਕਾਂ ਦੇ ਸਿਰਨਾਵੇਂ ਤੇ ਫੋਨ ਨੰਬਰ ਉਸ ਨੇ ਉਸ ਦੀ ਡਾਇਰੀ ਵਿਚੋਂ ਉਤਾਰ ਲਏ ਸਨ।ਇਸ ਦਾ ਫਾਇਦਾ ਇਹ ਹੋਇਆ ਕਿ ਉਹ ਇਕੱਲੀ ਇਕੱਲੀ ਗਾਹਕ ਨੂੰ ਫੋਨ ਕਰਕੇ ਸੱਦਣ ਦੀ ਕੋਸ਼ਿਸ਼ ਕਰਨ ਲੱਗੀ, ਕਈ ਔਰਤਾਂ ਨੇ ਉਸ ਕੋਲ ਆਉਣਾ ਵੀ ਸ਼ੁਰੂ ਕਰ ਦਿਤਾ।

ਹੁਣ ਉਹ ਦੋਵੇਂ ਹੀ ਘਰ ਬੈਠੇ ਸਨ। ਮੁੰਦਰੀ ਕੋਲ ਤਾਂ ਫਿਰ ਵੀ ਕੋਈ ਨਾ ਕੋਈ ਔਰਤ ਆ ਹੀ ਜਾਂਦੀ ਪਰ ਪੌਲ ਬਿਲਕੁਲ ਵਿਹਲਾ ਸੀ। ਉਹ ਕੰਪਿਊਟਰ ਉਪਰ ਬੈਠ ਨੈੱਟ ਵਿਚ ਗਵਾਚਾ ਰਹਿੰਦਾ, ਟੈਲੀ ਦੇਖਦਾ ਰਹਿੰਦਾ ਜਾ ਫਿਰ ਵੀਡਿਓ ਗੇਮਾਂ ਦੁਆਲੇ ਹੋ ਜਾਂਦਾ। ਘਰ ਦਾ ਖਰਚ ਔਖਾ ਹੋਇਆ ਖੜਾ ਸੀ। ਪਹਿਲਾਂ ਵਾਲੀ ਖੁਲ੍ਹ-ਖੇਡ ਤਾਂ ਬਿਲਕੁਲ ਨਹੀਂ ਸੀ ਰਹੀ। ਮੁੰਦਰੀ ਨੂੰ ਫਿਕਰ ਹੋਣ ਲੱਗਿਆ। ਜਮ੍ਹਾਂ ਪੂੰਜੀ ਤਾਂ ਦਿਨਾਂ ਵਿਚ ਖੁਰ ਜਾਵੇਗੀ। ਉਸ ਨੇ ਆਖਿਆ,

—ਪੌਲ, ਏਦਾਂ ਹੱਥ 'ਤੇ ਹੱਥ ਰੱਖ ਕੇ ਨਹੀਂ ਸਰਨਾ, ਜਾਹ ਕੰਮ ਲੱਭ।

—ਮੈਂ ਹੁਣ ਜੌਬ ਸੈਂਟਰ ਜਾ ਕੇ ਤਾਂ ਆਇਆਂ। ਇੰਟਰਨੈੱਟ ‘ਤੇ ਵੀ ਟਰਾਈ ਕਰੀ ਜਾਨਾਂ।

—ਦੋਸਤਾਂ ਨੂੰ ਪੁੱਛ ਗਿੱਛ ਕਰ।

—ਦੋਸਤ ਮੇਰੇ ਸਾਰੇ ਫੌਜੀ ਆ।

—ਤੂੰ ਨਵੇਂ ਪੇਪਰ ਛਪਵਾ, ਜਿਹਦੇ ਵਿਚ ਲਿਖਿਆ ਹੋਵੇ ਕਿ ਅਸੀਂ ਸਵੇਰ ਦੇ ਅੱਠ ਤੋਂ ਲੈ ਕੇ ਰਾਤ ਦੇ ਦਸ ਵਜੇ ਤਕ ਖੁਲ੍ਹੇ ਆਂ, ਜਿੰਨਾ ਚਿਰ ਕੰਮ ਨਹੀਂ ਮਿਲਦਾ ਆਪਣੇ ਹੱਥੀਂ ਇਹਨਾਂ ਨੂੰ ਡਿਲਿਵਰ ਕਰ।

ਮੁੰਦਰੀ ਨੇ ਆਪਣੇ ਘਰ ਦੇ ਦੁਆਲੇ ਤਿੰਨ ਤਿੰਨ ਮੀਲ ਦਾ ਨਕਸ਼ਾ ਪੌਲ ਨੂੰ ਇੰਟਰਨੈੱਟ ਤੋਂ ਛਾਪ ਦਿਤਾ। ਪੌਲ ਹਰ ਰੋਜ਼ ਚਾਰ-ਪੰਜ ਘੰਟੇ ਮੁੰਦਰੀ ਦੀ ਐਡ ਦੇ ਪੇਪਰ ਡਿਲਿਵਰ ਕਰਦਾ ਰਹਿੰਦਾ। ਕਈ ਵਾਰ ਮੁੰਦਰੀ ਵੀ ਉਸ ਨਾਲ ਚਲੇ ਜਾਂਦੀ। ਉਸ ਨੂੰ ਸੀ ਕਿ ਜੇਕਰ ਰੋਜ਼ਾਨਾ ਇਕ ਦੋ ਗਾਹਕ ਵੀ ਨਾਲ ਰਲ਼ਦੇ ਰਹਿਣ ਤਾਂ ਉਸ ਦੀ ਚੰਗੀ ਭਲੀ ਕਲਾਇੰਟਰੀ ਬਣ ਜਾਵੇਗੀ। ਪੇਪਰ ਸੁੱਟਣ ਨਾਲ ਕੁਝ ਕੁ ਫਰਕ ਪੈਣ ਲਗਿਆ। ਉਸ ਨੂੰ ਆਸ ਜਿਹੀ ਬੱਝਣ ਲੱਗੀ।

ਉਸ ਨੇ ਇਕ ਦਿਨ ਟਿੱਕੇ ਨੂੰ ਫੋਨ ਕੀਤਾ। ਸਾਰੀ ਗੱਲ ਦੱਸਦੀ ਬੋਲੀ,

—ਕਰੋ ਕੁਸ਼, ਪੌਲ ਨੂੰ ਕੰਮ ਲੱਭ ਦਿਓ ਕਿਤੇ, ਤੁਸੀਂ ਆਪਣੇ ਕੰਮ ‘ਤੇ ਈ ਦੇਖ ਦਿਓ।

—ਦੇਖ ਮੁੰਦਰੀਏ, ਮੈਂ ਟਰਾਈ ਮਾਰਦਾਂ ਕਿਤੇ ਨਾ ਕਿਤੇ ਪਰ ਮੈਨੂੰ ਰੈਗੂਲਰ ਖੀਰ ਚਾਹੀਦੀ ਐ, ਕਿਸੇ ਗਿਲਟੀ ਫੀਲ ਕਰਨ ਤੋਂ ਬਿਨਾਂ, ਮਨਜ਼ੂਰ?

—ਏਦਾਂ ਨਾ ਕਹੋ ਟਿੱਕਾ ਜੀ, ਮੈਂ ਚਾਹੁੰਨੀ ਆਂ ਕਿ ਮੇਰਾ ਘਰ ਠੀਕ ਠਾਕ ਵਸਿਆ ਰਹੇ। ਤੁਸੀਂ ਨਹੀਂ ਚਾਹੁੰਦੇ?

—ਚਾਹੁੰਦਾ ਤਾਂ ਮੈਂ ਵੀ ਇਹੋ ਆਂ ਪਰ ਖੀਰ ‘ਤੇ ਤਾਂ ਮੇਰਾ ਹੱਕ ਬਣਦਾ ਕਿ ਨਹੀਂ?

ਮੁੰਦਰੀ ਉਸ ਦੀ ਗੱਲ ਦਾ ਜਵਾਬ ਦਿਤੇ ਬਿਨਾਂ ਹੀ ਆਪਣੀ ਗੱਲ ਕਹਿਣ ਲੱਗੀ,

—ਮੇਰੀ ਸਾਈਟ ਬਣਾਉਣ ਦਾ ਕੀ ਬਣਿਆਂ?

—ਡੋਮੇਨ ਤਾਂ ਮਿਲ ਗਿਆ; ਮੁੰਦਰੀ ਡੌਟ ਕੌਮ, ਮੈਂ ਤਿੰਨ ਸਾਲ ਲਈ ਖਰੀਦ ਲਿਆ।

—ਕਿੰਨੇ ਪੈਸੇ ਲੱਗੇ?

—ਸਸਤਾ ਈ ਹੁੰਦਾ, ਹੁਣ ਕਿਸੇ ਤੋਂ ਡਿਜ਼ਾਈਨ ਕਰਾਉਨਾ। ਤੇਰਾ ਕੰਮ ਕਿੱਦਾਂ?

—ਟਿੱਕਾ ਜੀ, ਪਹਿਲਾਂ ਨਾਲੋਂ ਠੀਕ ਐ।

—ਹੋਰ ਐਡਵਰਟਾਈਜ਼ ਕਰ, ਤੇਰਾ ਕੰਮ ਤਾਂ ਏਦਾਂ ਦਾ ਕਿ ਜਿਹੜੀ ਕਲਾਇੰਟ ਤੇਰੇ ਕੋਲ ਆਉਣ ਲੱਗ ਪਈ ਹੋਰ ਕਿਤੇ ਨਹੀਂ ਜਾਂਦੀ, ਅਸੀਂ ਵੀ ਇਕੋ ਨਾਈ ਕੋਲ ਜਾਣਾ ਪਸੰਦ ਕਰਦੇ ਆਂ।

—ਇਹ ਤਾਂ ਠੀਕ ਆ ਪਰ ਹੌਲੀ ਹੌਲੀ ਠੀਕ ਹੋ ਜਾਏਗਾ ਏਨਾ ਮੈਨੂੰ ਪਤਾ,



...ਤੁਸੀਂ ਵੈੱਬ ਡਿਜ਼ਾਈਨ ਕਰ ਦਿਓ।

—ਮੇਰੀ ਖੀਰ?

—ਟਿੱਕਾ ਜੀ ਏਡੇ ਵੱਡੇ ਹੋ ਗਏ, ਹਾਲੇ ਤਕ ਇਹ ਵੀ ਪਤਾ ਨਹੀਂ ਲੱਗਿਆ ਕਿ ਖੀਰ ਲਈ ਉਂਗਲ ਟੇਡੀ ਕਰਨੀ ਪੈਂਦੀ ਆ।

ਇਸ ਗੱਲ ‘ਤੇ ਉਹ ਦੋਵੇਂ ਹੀ ਹੱਸਣ ਲੱਗੇ।

ਟਿੱਕਾ ਅਗਲੇ ਦਿਨ ਹੀ ਪੌਲ ਨੂੰ ਆਪਣੇ ਨਾਲ ਲੈ ਗਿਆ ਤੇ ਕਈ ਫੈਕਟਰੀਆਂ ਵਿਚ ਕੰਮ ਦੀ ਟਰਾਈ ਕਰ ਆਇਆ। ਉਸ ਨੇ ਪੌਲ ਦੀ ਜੌਬ ਲਈ ਸ਼ਿੰਦੇ ਨਾਲ ਵੀ ਗੱਲ ਕੀਤੀ। ਉਸ ਨੇ ਸ਼ਿੰਦੇ ਨੂੰ ਕਦੇ ਵੀ ਨਹੀਂ ਸੀ ਦੱਸਿਆ ਕਿ ਉਹ ਮੁੰਦਰੀ ਨਾਲ ਨਰਾਜ਼ ਰਿਹਾ ਸੀ। ਸ਼ਿੰਦੇ ਦੇ ਹਿਸਾਬ ਨਾਲ ਸਭ ਕੁਝ ਟਿੱਕੇ ਦੀ ਮਰਜ਼ੀ ਤੇ ਉਸ ਦੀ ਦੇਖ-ਰੇਖ ਵਿਚ ਹੀ ਹੋਇਆ ਸੀ। ਉਹ ਇਸ ਗੱਲ ਕਾਰਨ ਟਿੱਕੇ ਦੀ ਸ਼ਲਾਘਾ ਵੀ ਕਰਦਾ ਰਿਹਾ ਸੀ। ਉਸ ਨੇ ਜੀ. ਐਮ. ਵਿਚ ਕੰਮ ਕਰਦੇ ਆਪਣੇ ਦੋਸਤ ਉਜਾਗਰ ਸਿੰਘ ਨੂੰ ਉਥੇ ਕੰਮ ਬਾਰੇ ਪਤਾ ਕਰਨ ਲਈ ਵੀ ਕਹਿ ਦਿਤਾ ਸੀ। ਉਜਾਗਰ ਸਿੰਘ ਫੋਰਮੈਨ ਸੀ। ਕਈ ਵਾਰ ਫੈਕਟਰੀਆਂ ਵਾਲੇ ਕਿਸੇ ਨੌਕਰੀ ਲਈ ਖਾਲੀ ਹੋਈ ਜਗਾਹ ਨੂੰ ਇਵੇਂ ਹੀ ਕਿਸੇ ਦੀ ਸਿਫਾਰਸ਼ ‘ਤੇ ਨਵੇਂ ਬੰਦੇ ਰੱਖ ਲਿਆ ਕਰਦੇ ਸਨ। ਉਜਾਗਰ ਸਿੰਘ ਨੇ ਪੌਲ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿਤੇ ਸਨ। ਦੋ ਕੁ ਮਹੀਨੇ ਵਿਹਲੇ ਰਹਿ ਕੇ ਪੌਲ ਨੂੰ ਜੀ. ਐਮ. ਵਿਚ ਕੰਮ ਮਿਲ ਗਿਆ।

ਪੌਲ ਨੂੰ ਟਿੱਕੇ ਨਾਲ ਗੱਲਾਂ ਕਰਨੀਆਂ ਚੰਗੀਆਂ ਲਗਦੀਆਂ। ਪਹਿਲਾਂ ਅਮਰਜੀਤ ਨੇ ਉਸ ਦੇ ਰੁੱਖੇ ਸੁਭਾਅ ਬਾਰੇ ਕਈ ਕਹਾਣੀਆਂ ਸੁਣਾ ਰੱਖੀਆਂ ਸਨ ਪਰ ਉਸ ਨੂੰ ਟਿੱਕਾ ਇੰਨਾ ਖੁਸ਼ਕ ਬੰਦਾ ਨਹੀਂ ਸੀ ਜਾਪਿਆ। ਟਿੱਕਾ ਵੀ ਉਸ ਵਾਂਗ ਸ਼ਰਾਬ ਦਾ ਆਦੀ ਨਹੀਂ ਸੀ। ਬਹੁਤੀਆਂ ਗੱਪਾਂ ਨਹੀਂ ਸੀ ਮਾਰਦਾ। ਜੇ ਕਿਸੇ ਕੰਮ ਦਾ ਵਾਅਦਾ ਕਰਦਾ ਤਾਂ ਪੂਰਾ ਕਰਦਾ। ਹੁਣ ਉਸ ਨੂੰ ਜੀ. ਐਮ. ਵਿਚ ਕੰਮ ਵੀ ਮਿਲਿਆ ਭਾਵੇਂ ਕਿਸੇ ਹੋਰ ਰਾਹੀਂ ਸੀ ਪਰ ਟਿੱਕੇ ਦੀ ਕੋਸ਼ਿਸ਼ ਹੀ ਸੀ। ਕਦੇ ਛੁੱਟੀ ਹੁੰਦੀ ਤਾਂ ਉਹ ਮੁੰਦਰੀ ਨੂੰ ਕਹਿ ਦਿੰਦਾ,

—ਅੱਜ ਟਿੱਕੇ ਨੂੰ ਈ ਘਰ ਖਾਣੇ ‘ਤੇ ਸੱਦ ਲੈ ਜਾਂ ਆਪਾਂ ਉਹਦੇ ਵਲ ਚਲੇ ਚਲਦੇ ਆਂ।

## ਤੇਈ

ਪੌਲ ਦੀਆਂ ਕੰਮ ‘ਤੇ ਪੱਕੀਆਂ ਰਾਤਾਂ ਹੀ ਸਨ। ਰਾਤ ਨੂੰ ਬੇਸਿਕ ਰੇਟ ਦੇ ਨਾਲ ਨਾਲ ਰੇਟ ਦਾ ਤੀਜਾ ਹਿੱਸਾ ਨਾਈਟ ਅਲਾਉਂਸ ਵੀ ਮਿਲਦਾ ਸੀ, ਇਸ ਤਰ੍ਹਾਂ ਤਨਖਾਹ ਨੂੰ ਕਾਫੀ ਫਰਕ ਪੈ ਜਾਂਦਾ ਸੀ। ਉਹ ਅੱਠ ਕੁ ਵਜੇ ਘਰੋਂ ਜਾਂਦਾ ਤੇ ਸਵੇਰੇ ਛੇ ਵਜੇ ਮੁੜਦਾ। ਮੁੰਦਰੀ ਘਰ ਹੀ ਹੁੰਦੀ। ਹੁਣ ਕੋਈ ਨਾ ਕੋਈ ਔਰਤ ਉਸ ਕੋਲ ਤੁਰੀ ਰਹਿੰਦੀ ਸੀ। ਛੋਟੇ ਕੰਮ ਵਾਲੀਆਂ ਹੀ ਹੁੰਦੀਆਂ ਜਿਵੇਂ ਆਈ ਬਰੋ ਆਦਿ ਬਣਾਉਣ ਵਾਲੀਆਂ। ਵੈਕਸਿੰਗ ਕਰਾਉਣ ਵੀ ਔਰਤਾਂ ਆਉਂਦੀਆਂ ਸਨ ਪਰ ਵੈਕਸਿੰਗ ਦਾ ਕੰਮ ਕੁਝ ਗੰਦਾ ਸੀ। ਉਹ ਇਲੈਕਟਰੌਲਸਜ਼ ਦੇ ਗਾਹਕਾਂ ਨੂੰ ਵਧਾਉਣ ‘ਤੇ ਜ਼ੋਰ ਦੇ ਰਹੀ ਸੀ।

ਇਕ ਦਿਨ ਜਦ ਉਸ ਦੇ ਕੁਝ ਦਿਨ ਟੱਪ ਗਏ ਤਾਂ ਉਸ ਨੂੰ ਲੱਗਿਆ ਕਿ ਕਈ ਗੜਬੜ ਹੋ ਗਈ। ਉਹਨੇ ਪੌਲ ਨੂੰ ਦੱਸਿਆ। ਉਹ ਖੁਸ਼ ਹੋ ਗਿਆ ਪਰ ਮੁੰਦਰੀ ਹਾਲੇ ਬੱਚਾ ਨਹੀਂ ਸੀ ਚਾਹੁੰਦੀ। ਹੁਣ ਤਾਂ ਉਸ ਦਾ ਕੰਮ ਰਿੜਨ ਲਗਿਆ ਸੀ ਤੇ ਜੇ ਹੁਣੇ ਬੱਚਾ ਵੀ ਘਰ ਵਿਚ ਰਿੜਨ ਲੱਗ ਪਿਆ ਤਾਂ ਉਸ ਦੇ ਕੰਮ ਤੇ ਅਸਰ ਪੈਣਾ ਸੀ। ਉਹ ਸੋਚਾਂ ਵਿਚ ਪੈ ਗਈ। ਉਸ ਨੂੰ ਪੌਲ ਨਾਲ ਕੀਤੀ ਸਲਾਹ ਨਾਲ ਉਸ ਦੀ ਚੰਗੀ ਤਰ੍ਹਾਂ ਤਸੱਲੀ ਨਾ ਹੁੰਦੀ। ਉਸ ਨੇ ਟਿੱਕੇ ਨੂੰ ਫੋਨ ਕਰ ਕੇ ਦਸਿਆ। ਟਿੱਕੇ ਦਾ ਪਹਿਲਾ ਸਵਾਲ ਸੀ,

—ਮੇਰਾ ਤਾਂ ਨਹੀਂ ਨਾ?

—ਟਿੱਕਾ ਜੀ, ਮੈਨੂੰ ਤਾਂ ਤੁਹਾਡਾ ਹੀ ਲਗਦਾ ਪਰ ਮੋਹਰ ਉਹਦੀ ਐ।

—ਫੇਰ ਵੀ ਕੋਈ ਨਾ ਕੋਈ ਆਈਡੀਆ ਤਾਂ ਹੋਊ?

—ਤੁਸੀਂ ਸਲਾਹ ਦੇਵੋ ਕਿ ਮੈਨੂੰ ਕੀ ਕਰਨਾ ਚਾਹੀਦਾ।

—ਰੱਖ ਲੈ, ਘਰੋਂ ਈ ਕੰਮ ਕਰਦੀ ਐਂ, ਤੂੰ ਘਰੋਂ ਈ ਤਾਂ ਕੰਮ ਕਰਦੀ ਐਂ, ਬੇਬੀ ਨਾਲ ਬਹੁਤਾ ਫਰਕ ਨਹੀਂ ਪੈਣਾ। ਐਵੇਂ ਥੋੜੇ ਦਿਨਾਂ ਦੀ ਗੱਲ ਹੋਏਗੀ।

ਮੁੰਦਰ ਦੇ ਕੁੜੀ ਹੋਈ। ਮੁੰਦਰੀ ਵਰਗੀ ਹੀ ਸੀ। ਮੁੰਦਰੀ ਬਹੁਤ ਖੁਸ਼ ਸੀ ਤੇ ਪੌਲ ਵੀ। ਪੌਲ ਨੇ ਇਹ ਖ਼ਬਰ ਦੇਣ ਲਈ ਆਪਣੇ ਮਾਂਪਿਓ ਨੂੰ ਫੋਨ ਕੀਤਾ। ਉਹ ਬਿਲਕੁਲ ਖੁਸ਼ ਨਹੀਂ ਸਨ। ਜਦ ਤਕ ਪੌਲ ਪੱਕਾ ਨਹੀਂ ਸੀ ਹੋਇਆ ਤਦ ਤਕ ਉਹਨਾਂ ਨੂੰ ਮੁੰਦਰੀ ਦੀ ਹਰ ਗੱਲ ਚੰਗੀ ਲੱਗਦੀ ਸੀ ਪਰ ਹੁਣ ਮੁੰਦਰੀ ਉਹਨਾਂ ਨੂੰ ਪਸੰਦ ਨਹੀਂ ਸੀ। ਉਹ ਸੋਚਦੇ ਕਿ ਪੌਲ ਮੁੰਦਰੀ ਦੇ ਇਸ਼ਾਰਿਆਂ 'ਤੇ ਨੱਚਦਾ ਹੈ। ਅਮਰਜੀਤ ਨਾਲ ਪੌਲ ਦੇ ਸਬੰਧ ਵਿਗੜਨ ਦਾ ਕਾਰਨ ਵੀ ਉਹ ਮੁੰਦਰੀ ਨੂੰ ਹੀ ਸਮਝਦੇ ਸਨ। ਸਤਨਾਮ ਕੋਰ ਤਾਂ ਪੌਲ ਨੂੰ ਮੁੰਦਰੀ ਦਾ ਤੋਤਾ ਕਹਿਣ ਲਗਦੀ। ਪੌਲ ਦੀ ਮਾਂ ਉਸ ਦੇ ਮੁਬਾਈਲ ਉਪਰ ਫੋਨ ਕਰਕੇ ਉਸ ਨੂੰ ਮੁੰਦਰੀ ਦੇ ਖਿਲਾਫ ਉਸ ਦੇ ਕੰਨ ਭਰਨ ਲਗਦੀ ਪਰ ਪੌਲ ਇਕ ਕੰਨ ਵਿਚ ਪਾਉਂਦਾ ਤੇ ਦੂਜੇ ਰਾਹੀਂ ਕੱਢ ਦਿੰਦਾ। ਉਸ ਨੂੰ ਮੁੰਦਰੀ ਵਲੋਂ ਕੋਈ ਸ਼ਿਕਾਇਤ ਨਹੀਂ ਸੀ। ਉਹ ਤਾਂ ਕਈ ਵਾਰ ਸੋਚਣ ਲਗ ਪੈਂਦਾ ਕਿ ਮੁੰਦਰੀ ਤੋਂ ਚੰਗੀ ਪਤਨੀ ਉਸ ਨੂੰ ਮਿਲ ਹੀ ਨਹੀਂ ਸੀ ਸਕਦੀ।...

ਮੁੰਦਰੀ ਨੇ ਇਸ ਸ਼ਹਿਰ ਆ ਕੇ ਲੈਸਟਰ ਦੀਆਂ ਸਹੇਲੀਆਂ ਨਾਲ ਰਾਬਤਾ ਲਗਾਤਾਰ ਕਾਇਮ ਰੱਖਿਆ। ਇਕ ਤਾਂ ਉਸ ਦਾ ਘਰ ਉਥੇ ਹੋਣ ਕਰਕੇ ਜਾਣਾ ਹੀ ਪੈਂਦਾ ਸੀ। ਕਿਰਾਇਆ ਲੈਣਾ ਹੁੰਦਾ। ਕਦੇ ਕਿਰਾਏਦਾਰ ਬਦਲ ਜਾਂਦੇ। ਕਦੇ ਘਰ ਦੀ ਕੋਈ ਮੁਰੰਮਤ ਕਰਾਉਣ ਵਾਲੀ ਹੁੰਦੀ। ਲੈਸਟਰ ਜਾਂਦੇ ਤਾਂ ਪੌਲ ਵੀ ਉਸ ਦੇ ਨਾਲ ਹੀ ਹੁੰਦਾ। ਇਕ ਦੋ ਵਾਰ ਮਨਜੀਤ ਦੇ ਘਰ ਉਹ ਰਾਤ ਵੀ ਰਹਿ ਆਏ ਸਨ। ਮਨਜੀਤ ਤੇ ਮਿਸਜ਼ ਭੰਗੂ ਉਸ ਦੀ ਕੁੜੀ ਦੇਖਣ ਆਈਆਂ। ਮਿਸਜ਼ ਭੰਗੂ ਮਾਵਾਂ ਵਾਂਗ ਉਸ ਨੂੰ ਸਲਾਹ ਦੇਣ ਲੱਗੀ,

—ਪੂਨਮ, ਜੇ ਤੁਸੀਂ ਹੋਰ ਬੇਵੀ ਲੈਣਾ ਤਾਂ ਹੁਣੇ ਈ ਲੈ ਲਿਓ, 'ਕੱਠੇ ਪਾਲਣੇ ਸੌਖੇ ਹੁੰਦੇ ਆ, ਜੇ ਵਿਚ ਗੈਪ ਪਾ ਜਾਵੇ ਤਾਂ ਜ਼ਰਾ ਔਖ ਪੇਸ਼ ਹੁੰਦੀ ਆ।

—ਇਹ ਤਾਂ ਪੌਲ ਦੀ ਹਿੰਮਤ ਆ, ਮੈਂ ਤਾਂ ਜਿਥੇ ਇਕ ਲੈ ਲਿਆ ਉਥੇ ਇਕ ਹੋਰ ਸਹੀ।

—ਤੇਰਾ ਉਹ ਟਿੱਕਾ ਕਿਧਰ ਗਿਆ?



—ਟਿੱਕਾ ਵੀ ਹਾਲੇ ਚਮਕਦਾ, ਜਿੰਦਾਂ-ਜਿੰਦਾਂ ਉਹਦੀ ਉਮਰ ਵਧੀ ਜਾਂਦੀ ਆ ਓਦਾਂ-ਓਦਾਂ ਓਹਦੀ ਲਿਸ਼ਕੋਰ ਵਧੀ ਜਾਂਦੀ ਆ ਪਰ ਉਹ ਹਰਾਮੀ ਅੱਧੇ ਕੁ ਦਿਨ ਰੁੱਸਿਆ ਹੀ ਰਹਿੰਦਾ!

—ਇਹ ਮਰਦ ਬਹੁਤ 'ਵੋਹ' ਹੁੰਦੇ ਆ, ਬਾਕੀ ਕੰਮਾਂ ਲਈ ਰੁੱਸ ਜਾਣਗੇ ਪਰ 'ਏਸ' ਕੰਮ ਲਈ ਨਹੀਂ ਰੁੱਸਦੇ!

ਮਿਸਜ਼ ਭੰਗੂ ਦੀ ਗੱਲ 'ਤੇ ਉਹ ਸਾਰੀਆਂ ਹੱਸਣ ਲੱਗ ਪਈਆਂ।

ਟਿੱਕੇ ਦੇ ਕਹਿਣ ਮੁਤਾਬਕ ਕੁੜੀ ਦੇ ਜਨਮ ਕਾਰਨ ਉਸ ਦਾ ਕੰਮ ਬਹੁਤੇ ਦਿਨ ਨਹੀਂ ਸੀ ਰੁਕਿਆ। ਦੋ ਕੁ ਦਿਨ ਉਹ ਹਸਪਤਾਲ ਰਹੀ। ਇਕ ਦਿਨ ਹੋਰ ਕੰਮ ਬੰਦ ਰੱਖਿਆ ਤੇ ਤੀਜੇ ਦਿਨ ਉਸ ਨੇ ਆਈ ਇਕ ਕਲਾਇੰਟ ਦਾ ਫੇਸ਼ੀਅਲ ਕਰ ਦਿਤਾ ਸੀ। ਉਸ ਦੇ ਅਗਲੇ ਦਿਨ ਤਾਂ ਜਿਵੇਂ ਉਹ ਬਿਲਕੁਲ ਇਵੇਂ ਸੀ ਜਿਵੇਂ ਉਸ ਨੇ ਬੱਚਾ ਪੈਦਾ ਨਹੀਂ ਸੀ ਕੀਤਾ ਬਲਕਿ ਕੁਝ ਦਿਨ ਪੇਟ ਦਰਦ ਰਿਹਾ ਸੀ। ਉਹ ਦੂਜਾ ਬੱਚਾ ਲੈਣ ਦੀ ਤਿਆਰੀ ਕਰਨ ਲੱਗੀ।

ਅਗਲੇ ਸਾਲ ਮੁੰਦਰੀ ਨੇ ਮੁੰਡੇ ਨੂੰ ਜਨਮ ਦਿਤਾ। ਸਾਰਿਆਂ ਕਿਹਾ ਕਿ ਪਰਿਵਾਰ ਮੁਕੰਮਲ ਹੋ ਗਿਆ। ਮੁੰਡੇ ਦਾ ਰੰਗ ਗੋਰਾ ਸੀ। ਰੰਗ ਤਾਂ ਟਿੱਕੇ ਤੇ ਪੌਲ ਦਾ ਵੀ ਗੋਰਾ ਹੀ ਸੀ। ਪੌਲ ਉਸ ਨੂੰ ਹਸਪਤਾਲ ਦੇਖਣ ਆਇਆ ਤਾਂ ਉਸ ਨੇ ਕਹਿ ਦਿਤਾ ਕਿ ਮੁੰਡਾ ਤੇਰੇ ਵਰਗਾ ਲਗਦਾ ਹੈ, ਇਵੇਂ ਟਿੱਕੇ ਨੂੰ ਵੀ ਇਹ ਹੀ ਕਹਿ ਕੇ ਖੁਸ਼ ਕਰ ਲਿਆ। ਕੁੜੀ ਦਾ ਨਾਂ ਸੰਗੀਤਾ ਰੱਖਿਆ ਸੀ ਤੇ ਮੁੰਡੇ ਦਾ ਰੱਖ ਦਿਤਾ ਗੁਰਪ੍ਰੀਤ। ਬੱਚੇ ਸੰਭਾਲਣੇ ਉਸ ਨੂੰ ਔਖੇ ਤਾਂ ਹੋ ਰਹੇ ਸਨ ਪਰ ਪੌਲ ਉਸ ਦੀ ਮੱਦਦ ਕਰ ਦਿੰਦਾ।

ਇਕ ਦਿਨ ਮੁੰਦਰੀ ਨੂੰ ਕੌਂਸਲ ਵਲੋਂ ਚਿੱਠੀ ਆ ਗਈ ਕਿ ਉਹ ਘਰੋਂ ਹੀ ਬਿਊਟੀ ਪਾਰਲਰ ਚਲਾ ਰਹੀ ਹੈ ਪਰ ਇਸ ਦਾ ਲਾਇਸੰਸ ਨਹੀਂ ਲਿਆ ਹੋਇਆ। ਮੁੰਦਰੀ ਨੂੰ ਇਕ ਦਮ ਅਹਿਸਾਸ ਹੋ ਗਿਆ ਕਿ ਇਹ ਕੰਮ ਤਾਂ ਉਸ ਨੂੰ ਬਹੁਤ ਦੇਰ ਪਹਿਲਾਂ ਕੰਮ ਸੁਰੂ ਕਰਨ ਤੋਂ ਪਹਿਲਾਂ ਹੀ ਲੈ ਲੈਣਾ ਚਾਹੀਦਾ ਸੀ। ਉਸ ਸਮਝਦੀ ਸੀ ਕਿ ਕੈਟਰੀਨਾ ਨੇ ਜਾਂ ਕਿਸੇ ਹੋਰ ਨੇ ਉਸ ਦੀ ਸ਼ਿਕਾਇਤ ਕੀਤੀ ਹੋਵੇਗੀ। ਉਹ ਕਈ ਵਾਰ ਸੋਚ ਚੁੱਕੀ ਸੀ ਕਿ ਕੋਈ ਢੁਕਵੀਂ ਜਿਹੀ ਜਗਾਹ ਮਿਲ ਜਾਵੇ ਤਾਂ ਕੋਈ ਦੁਕਾਨ ਲੈ ਕੇ ਉਥੇ ਆਪਣਾ ਬਿਊਟੀ ਪਾਰਲਰ ਖੋਹਲ ਲਵੇ ਪਰ ਟਿੱਕਾ ਸਲਾਹ ਦੇਣ ਲਗਦਾ ਕਿ ਹਾਲੇ ਘਰੋਂ ਹੀ ਕੰਮ ਕਰੀ ਜਾਵੇ ਕਿਉਂਕਿ ਘਰੋਂ ਕੰਮ ਕਰਨ ਦੇ ਉਪਰਲੇ ਖਰਚੇ ਬਹੁਤ ਘੱਟ ਸਨ। ਲਾਇਸੰਸ ਬਾਰੇ ਉਸ ਨੇ ਟਿੱਕੇ ਨੂੰ ਫੋਨ ਕੀਤਾ ਤੇ ਪੁੱਛਣ ਲਗੀ,

—ਟਿੱਕਾ ਜੀ, ਹੁਣ ਕੀ ਕਰਾਂ?

—ਕਰਨਾ ਕੀ ਆ, ਤੂੰ ਇੰਟਰਨੈੱਟ ਖੋਹਲ, ਆਪਣੇ ਸ਼ਹਿਰ ਦੀ ਕੌਂਸਲ ਦੀ ਸਾਈਟ 'ਤੇ ਜਾ, ਉਥੋਂ ਅਗਾਂਹ ਲਾਇਸੰਸ ਤੇ ਚਲੇ ਜਾਹ, ਉਥੇ ਸਾਰੀ ਜਾਣਕਾਰੀ ਹੋਵੇਗੀ, ਉਥੇ ਈ ਫਾਰਮ ਵੀ ਹੋਣੇਂ ਆਂ, ਡਾਊਨਲੋਡ ਕਰਕੇ ਉਹਨਾਂ ਨੂੰ ਪਰਿੰਟ ਕਰ ਲੈ ਤੇ ਭਰ ਕੇ ਭੇਜ ਦੇ, ਨਾਲ ਜਿੰਨੀ ਉਹ ਫੀਸ ਕਹਿੰਦੇ ਆ ਭੇਜ ਦੇ, ਉਹ ਆ ਕੇ ਇੰਨਸਪੈਕਸ਼ਨ ਕਰ ਜਾਣਗੇ ਤੇ ਲਾਇਸੰਸ ਮਿਲ ਜਾਊ।

—ਏਨਾ ਕੁਸ਼ ਮੇਰੇ ਤੋਂ ਨਹੀਂ ਹੋਣਾ, ਤੁਸੀਂ ਆਓ ਤੇ ਕਰੋ।

—ਤੂੰ ਮੇਰੇ ਵਲ ਆ ਜਾ, ਤੇਰੀ ਕਿਰਾਏਦਾਰਨੀ ਮੈਨੂੰ ਚੰਗੀ ਨਹੀਂ ਲਗਦੀ।

—ਚਲੋ ਮੈਂ ਪੌਲ ਨੂੰ ਕੰਮ ਤੇ ਤੋਰ ਕੇ ਆਊਂ, ਬੱਚੇ ਵੀ ਨਾਲ਼ ਈ ਆਉਣਗੇ।

—ਉਹਨਾਂ ਨੂੰ ਵੀ ਲੈ ਆ, ਬੱਚੇ ਕਿਹੜੇ ਮੈਨੂੰ ਵੱਢਦੇ ਆ?

—ਹਾਲੇ ਵੱਢਣ ਜੋਗੇ ਹੋਏ ਨਹੀਂ, ਦੇਖਿਓ, ਜੇ ਸਾਡੇ ਇਹੀ ਚਾਲੇ ਰਹੇ ਤਾਂ ਇਕ ਦਿਨ ਦੰਦੀਆਂ ਵੀ ਵੱਢਣਗੇ!

—ਮੁੰਦਰੀਏ, ਏਦਾਂ ਕਰ, ਨਿਆਣੇ ਓਹਦੇ ਕੋਲ਼ ਛੱਡ ਦੇ ਤੇ ਪੱਕੀ ਈ ਆ ਜਾ।

—ਟਿੱਕਾ ਜੀ, ਐਵੇਂ ਗੱਪਾਂ ਨਾ ਮਾਰੋ, ਜਦੋਂ ਟਾਈਮ ਸੀ ਉਦੋਂ ਨਾ ਤੁਸੀਂ ਕੁਸ਼ ਕੀਤਾ ਤੇ ਹੁਣ ਕੀ ਕਰਨਾਂ!

ਮੁੰਦਰੀ ਜ਼ਰਾ ਕੁ ਹਿਰਖ ਵਿਚ ਕਹਿ ਰਹੀ ਸੀ ਪਰ ਟਿੱਕਾ ਅਗਿਓਂ ਹੱਸਦਾ ਜਾ ਰਿਹਾ ਸੀ।

ਮੁੰਦਰੀ ਟਿੱਕੇ ਦੇ ਨਾਲ ਕੰਪਿਊਟਰ ‘ਤੇ ਬੈਠ ਗਈ। ਟਿੱਕਾ ਉਸ ਨੂੰ ਦਸਦਾ ਗਿਆ ਤੇ ਉਹ ਅੱਗੇ ਤੋਂ ਅੱਗੇ ਚਲਦੀ ਗਈ। ਕੌਂਸਲ ਦੀ ਵੈੱਬ ਤੇ ਜਾ ਉਹ ਉਹ ਲਾਇਸੰਸਿੰਗ ਭਾਗ ਵਿਚ ਗਈ। ਉਥੇ ਵੱਖਰੇ ਵੱਖਰੇ ਕਿਸਮ ਦੇ ਕੰਮ ਕਰਨ ਦੇ ਲਾਇਸੰਸਾਂ ਦੀ ਤਫਸੀਲ ਸੀ ਕਿ ਕਿਹੜੇ ਕੰਮ ਲਈ ਕਿਹੜਾ ਲਾਇਸੰਸ ਚਾਹੀਦਾ ਹੈ ਤੇ ਉਸ ਨੂੰ ਪਰਾਪਤ ਕਰਨ ਲਈ ਕੀ ਕੀ ਕਰਨਾ ਚਾਹੀਦਾ ਹੈ। ਉਹ ਆਪਣੇ ਬਿਊਟੀ ਪਾਰਲਰ ਵਾਲੇ ਲਾਇਸੰਸ ‘ਤੇ ਗਈ। ਢਾਈ ਸੌ ਪੌਂਡ ਇਸ ਦੀ ਫੀਸ ਸੀ ਤੇ ਨਾਲ ਹੀ ਦੱਸਿਆ ਹੋਇਆ ਸੀ ਕਿ ਕੀ ਕੀ ਚਾਹੀਦਾ ਸੀ। ਇਕ ਤਾਂ ਉਸ ਦੇ ਸਰਟੀਫਿਕੇਟਾਂ ਦੀ ਲੋੜ ਸੀ, ਦੂਜਾ ਉਸ ਕਮਰੇ ਦਾ ਨਕਸ਼ਾ ਚਾਹੀਦਾ ਸੀ ਜਿਸ ਵਿਚ ਉਸ ਨੇ ਕੰਮ ਕਰਨਾ ਸੀ ਤੇ ਫਿਰ ਪੂਰੇ ਘਰ ਦਾ ਨਕਸ਼ਾ ਚਾਹੀਦਾ ਸੀ। ਟਿੱਕੇ ਨੇ ਫਾਰਮ ਡਾਊਨਲੋਡ ਕਰਕੇ ਛਾਪ ਲਿਆ ਤੇ ਉਸ ਨੂੰ ਉਸੇ ਸਮੇਂ ਭਰ ਵੀ ਦਿਤਾ। ਘਰ ਦਾ ਨਕਸ਼ਾ ਕਿਸੇ ਵੇਲੇ ਪਹਿਲੇ ਮਾਲਕ ਨੇ ਬਣਾਇਆ ਸੀ ਤੇ ਉਹ ਉਹਨਾਂ ਨੂੰ ਦੇ ਗਿਆ ਸੀ। ਕਮਰੇ ਦਾ ਨਕਸ਼ਾ ਟਿੱਕੇ ਨੇ ਆਪ ਹੀ ਪੈਂਸਲ ਨਾਲ ਤਿਆਰ ਕਰ ਦਿਤਾ। ਇਹ ਪਰੋਫੈਸ਼ਨਲ ਬਿਲਕੁਲ ਨਹੀਂ ਸੀ ਪਰ ਟਿੱਕਾ ਸੋਚਦਾ ਸੀ ਕਿ ਜੇ ਕੌਂਸਲ ਵਾਲੇ ਇਸ ਤੇ ਇਤਰਾਜ਼ ਕਰਨਗੇ ਤਾਂ ਕਿਸੇ ਨਕਸ਼ਾ ਨਵੀਸ ਤੋਂ ਬਣਵਾ ਦੇਵੇਗਾ। ਟਿੱਕੇ ਨੇ ਸਾਰੇ ਪੇਪਰ ਤਿਆਰ ਕਰਕੇ ਕੌਂਸਲ ਨੂੰ ਭੇਜ ਦਿਤੇ। ਕੰਮ ਇੰਨਾ ਸੌਖਾ ਨਹੀਂ ਸੀ ਜਿੰਨਾ ਟਿੱਕੇ ਦੀਆਂ ਗੱਲਾਂ ਤੋਂ ਮੁੰਦਰੀ ਨੂੰ ਲਗਦਾ ਸੀ। ਟਿੱਕਾ ਹਿਰਖ ਜਿਹਾ ਕਰਦਾ ਕਹਿਣ ਲਗਿਆ,

—ਤੂੰ ਤੀਵੀਂ ਉਹਦੀ ਐਂ ਤੇ ਪਤੀ ਵਾਂਗੂੰ ਤੂੰ ਮੈਨੂੰ ਵਰਤ ਰਹੀ ਆਂ!

—ਉਹ ਤਾਂ ਵਿਚਾਰਾ ਰਾਖੀ ਕਰਨ ਜੋਗਾ ਈ ਆ!

ਟਿੱਕਾ ਖੁਸ਼ ਹੋ ਗਿਆ। ਉਸ ਨੂੰ ਜਿਵੇਂ ਆਪਣੀ ਸਾਰੀ ਮਿਹਨਤ ਦਾ ਸਿਲਾ ਮਿਲ ਗਿਆ ਹੋਵੇ।

ਦੋ ਕੁ ਹਫਤੇ ਬਾਅਦ ਹੀ ਕੌਂਸਲ ਵਲੋਂ ਮੁੰਦਰੀ ਨੂੰ ਇਕ ਚਿੱਠੀ ਆ ਗਈ। ਜਿਸ ਵਿਚ ਤਰੀਕ ਦਿਤੀ ਹੋਈ ਸੀ ਜਿਸ ਨੂੰ ਕੌਂਸਲ ਦੇ ਅਧਿਕਾਰੀ ਉਸ ਦੀ ਇੰਸਪੈਕਸ਼ਨ ਕਰਨ ਆ ਰਹੇ ਸਨ। ਜਿਹੜੀ ਜਿਹੜੀ ਚੀਜ਼ ਉਹਨਾਂ ਨੇ ਚੈੱਕ ਕਰਨੀ ਸੀ ਉਹਨਾਂ ਦੀ ਤਫਸੀਲ ਦਿਤੀ ਹੋਈ ਸੀ। ਇਸ ਤਫਸੀਲ ਵਲ ਦੇਖਦਾ ਟਿੱਕਾ ਕਹਿਣ ਲਗਿਆ,

—ਤੂੰ ਆਪਣੇ ਇਸ ਕਮਰੇ ਦੀ ਪੂਰੀ ਸਫਾਈ ਕਰਦੇ। ਵੈਕਸ ਗਰਮ ਕਰਨ ਵਾਲੇ ਹੀਟਰ, ਤੇ ਹੋਰ ਮਸ਼ੀਨਾਂ ਵੀ ਸਾਫ ਕਰ ਕੇ ਰੱਖ। ਜਿਹੜਾ ਬਾਥਰੂਮ ਤੇਰੀਆਂ



ਕਲਾਇੰਟਸ ਵਰਤਦੀਆਂ ਉਹਦੇ ਵਿਚ ਦੋ ਕੁ ਤੌਲੀਏ ਸਾਫ ਜਿਹੇ ਟੰਗ ਦੇ, ਬਾਕੀ ਜੋ ਉਹ ਕਹਿਣਗੇ ਆਪਾਂ ਕਰ ਦੇਵਾਂਗੇ। ਉਹ ਕਲਾਇੰਟ ਲਈ ਕਾਰ ਖੜੀ ਕਰਨ ਦੀ ਜਗਾਹ ਦੇਖਣਗੇ ਤੇ ਕਹਿ ਦੇਵੀਂ ਕਿ ਮੇਰੇ ਕਲਾਇੰਟ ਸਿਰਫ ਐਪੁਆਇੰਟਮਿੰਟ ਲੈ ਕੇ ਆਉਂਦੇ ਆ, ਇਕ ਟਾਈਮ ਤੇ ਇਕ, ਤੇ ਦੋ ਕਾਰਾਂ ਜੋਗੀ ਤੇਰੇ ਕੋਲ ਜਗਾਹ ਹੈਗੀ ਆ। ਇਕ ਆਹ ਜਿਹੜੀਆਂ ਤੂੰ ਸੂਈਆਂ ਇਲੈਕਟਰੌਲਸਜ਼ ਲਈ ਵਰਤਦੀ ਆਂ ਇਹਨਾਂ ਨੂੰ ਕਹਿੰਦੇ ਆ ਕਿ ਇਹ ਆਮ ਜਗਾਹ ਨਹੀਂ ਸੁਟਣੀਆਂ ਚਾਹੀਦੀਆਂ ਭਾਵ ਕਿ ਹੋਰਨਾਂ ਚੀਜ਼ਾਂ ਵਾਂਗ ਨਹੀਂ ਡੰਪ ਕਰਨੀਆਂ ਚਾਹੀਦੀਆਂ, ਇਹ ਉਹਨਾਂ ਨੂੰ ਪੁੱਛ ਲਵਾਂਗੇ ਕਿ ਇਹਨਾਂ ਦਾ ਕੀ ਕਰੀਏ।

—ਟਿੱਕਾ ਜੀ, ਇਹ ਤਾਂ ਬਹੁਤ ਪਰੈਸ਼ਰ ਦਾ ਕੰਮ ਆਂ, ਤੁਹਾਨੂੰ ਮੇਰੇ ਨਾਲ ਹੋਣਾ ਹੋਏਗਾ। ਕੰਮ ਤੋਂ ਛੁੱਟੀ ਕਰ ਲਿਉ।

—ਤੈਨੂੰ ਮੇਰੀ ਫੀਸ ਦਾ ਤਾਂ ਪਤਾ ਈ ਐ।

—ਕਿਉਂ ਟਿੱਕਾ ਜੀ, ਤੁਸੀਂ ਮੈਨੂੰ ਮਾਰਨ ਤੇ ਤੁਲੇ ਹੋਏ ਓ, ...ਪੌਲ ਨੇ ਜਾਣਾਂ ਹੁਣ ਇੰਡੀਆ, ਫਿਰ ਜ਼ਰਾ ਟਾਈਮ ਹੋਏਗਾ।

## ਚੌਵੀ

ਇਕ ਦਿਨ ਸ਼ਾਮ ਨੂੰ ਮੁੰਦਰੀ ਦੇ ਮੁਬਾਈਲ ਦੀ ਘੰਟੀ ਵੱਜੀ। ਉਸ ਨੇ ਦੇਖਿਆ ਕਿ ਇਹ ਕੈਟਰੀਨਾ ਦਾ ਫੋਨ ਸੀ। ਉਹ ਹੈਰਾਨ ਹੋਈ ਸੋਚਣ ਲਗੀ ਕਿ ਇੰਨੀ ਦੇਰ ਬਾਅਦ ਉਹ ਉਸ ਨੂੰ ਫੋਨ ਕਿਉਂ ਕਰ ਰਹੀ ਸੀ। ਉਸ ਨੇ ਕਾਹਲੀ ਨਾਲ ਹੈਲੋ ਕਹੀ। ਦੂਜੇ ਪਾਸੇ ਕੈਟਰੀਨ ਕਹਿਣ ਲੱਗੀ,

—ਮਿਸਜ਼ ਪਰਾਸ਼ਰ, ਮੈਂ ਕੈਟ ਬੋਲ ਰਹੀ ਆਂ, ਤੈਨੂੰ ਮਿਲਣਾ ਚਾਹੁੰਨੀ ਆਂ, ਦੱਸ ਕਦ ਮਿਲ ਸਕਦੀ ਆਂ।

—ਕੈਟ, ਜਦ ਕਹੇਂ, ਕੀ ਸਭ ਕੁਝ ਠੀਕ ਆ?

—ਹਾਂ ਠੀਕ ਆ, ਬੱਸ ਕਿਸੇ ਜ਼ਰੂਰੀ ਗੱਲ ਕਰਨ ਲਈ ਮਿਲਣਾ। ਵੀਕ ਐਂਡ ‘ਤੇ ਆ ਜਾ ਮੇਰੇ ਕੋਲ।

—ਵੀਕ ਐਂਡ ‘ਤੇ ਤਾਂ ਮੇਰਾ ਹਸਬੈਂਡ ਇੰਡੀਆ ਜਾ ਰਿਹਾ।

—ਉਸ ਤੋਂ ਪਹਿਲਾਂ ਆ ਜਾ, ਕਦੇ ਵੀ।

—ਠੀਕ ਆ।

ਕਹਿ ਕੇ ਕੈਟਰੀਨਾ ਨੇ ਫੋਨ ਕੱਟ ਦਿਤਾ। ਮੁੰਦਰੀ ਸੋਚਣ ਲੱਗੀ ਕਿ ਕੱਲ ਤਕ ਤਾਂ ਕੈਟ ਉਸ ਦੀ ਦੁਸ਼ਮਣ ਬਣੀ ਹੋਈ ਸੀ ਤੇ ਅੱਜ ਕਿਹੜਾ ਕੰਮ ਪੈ ਗਿਆ ਹੋਇਆ। ਉਸ ਨੂੰ ਤਾਂ ਹੁਣ ਦੋ ਸਾਲ ਤੋਂ ਵਧ ਸਮਾਂ ਹੋ ਗਿਆ ਸੀ ਕੰਮ ਛੱਡਿਆਂ। ਉਸ ਨੇ ਪੌਲ ਨੂੰ ਪੱਛਿਆ ਕਿ ਕੀ ਕਾਰਨ ਹੋ ਸਕਦਾ ਸੀ। ਪੌਲ ਨੇ ਆਦਤ ਮੁਤਾਬਕ ਹੋਰ ਤਰ੍ਹਾਂ ਦਾ ਮੂੰਹ ਬਣਾ ਕੇ ਕਿਹਾ,

—ਕੱਲ-ਪਰਸੋਂ ਨੂੰ ਜਾ ਕੇ ਪੁੱਛ ਲਈਂ, ਇਹਦੇ ਵਿਚ ਏਨੀ ਸਿਰਦਰਦੀ ਲੈਣ ਵਾਲੀ ਕਿਹੜੀ ਗੱਲ ਆ!

ਉਸ ਨੂੰ ਪੌਲ 'ਤੇ ਬਹੁਤ ਗੁੱਸਾ ਆਉਣ ਲਗਿਆ। ਉਹ ਉਸ ਦੀ ਕੋਈ ਗੱਲ ਵੀ ਧਿਆਨ ਨਾਲ ਨਹੀਂ ਸੀ ਸੁਣਦਾ। ਹੁਣ ਤਾਂ ਉਹ ਇੰਡੀਆ ਜਾ ਰਿਹਾ ਸੀ, ਉਸ ਦਾ ਮਨ ਉਸ ਪਾਸੇ ਹੀ ਰੁੱਝਿਆ ਹੋਇਆ ਸੀ। ਉਸ ਨੇ ਟਿੱਕੇ ਨੂੰ ਫੋਨ ਕੀਤਾ ਤੇ ਪੁੱਛਿਆ ਕਿ ਕੈਟਰੀਨਾ ਦਾ ਮਿਲਣ ਦਾ ਕੀ ਕਾਰਨ ਹੋ ਸਕਦਾ। ਟਿੱਕਾ ਵੀ ਸੋਚਾਂ ਵਿਚ ਪੈ ਗਿਆ ਤੇ ਫਿਰ ਆਖਣ ਲਗਿਆ,

—ਕਿਤੇ ਏਦਾਂ ਤਾਂ ਨਹੀਂ ਕਿ ਉਹ ਆਪਣਾ ਬਿਜ਼ਨੈੱਸ ਵੇਚਣਾ ਚਾਹੁੰਦੀ ਹੋਵੇ ਤੇ ਤੈਨੂੰ ਸੰਭਾਵੀ ਗਾਹਕ ਸਮਝਦੀ ਹੋਵੇ।

—ਵਾਹ ਟਿੱਕਾ ਜੀ, ਮੈਨੂੰ ਲਗਦਾ ਕਿ ਇਹੋ ਗੱਲ ਆ, ਹੁਣ ਉਹਦਾ ਕੰਮ ਪਹਿਲਾਂ ਵਰਗਾ ਰਿਹਾ ਨਹੀਂ ਹੋਵੇਗਾ, ਅਸਲ 'ਚ ਗੱਲ ਈ ਇਹੋ ਆ। ਤੁਸੀਂ ਕੀ ਸੋਚਦੇ ਆਂ ਕਿ ਮੈਨੂੰ ਉਹਦਾ ਬਿਜ਼ਨੈੱਸ ਖਰੀਦ ਲੈਣਾ ਚਾਹੀਦਾ?

—ਇਹ ਤਾਂ ਹੁਣ ਤੂੰ ਸੋਚ, ਆਪਣੀ ਜੇਬ੍ਹ ਦੇਖ, ਪੌਲ ਨਾਲ ਸਲਾਹ ਕਰ ਲੈ।

—ਪੌਲ ਹਰਾਮੀ ਨੂੰ ਤਾਂ ਇੰਡੀਆ ਜਾਣ ਦੀ ਪਈ ਹੋਈ ਆ, ਉਹ ਤਾਂ ਵੈਸੇ ਵੀ 'ਗੁੱਡ ਫਾਰ ਨੱਥਿੰਗ' ਆ, ਹੁਣ ਤੁਹਾਡੇ ਬਿਨਾਂ ਦੱਸੋ ਮੈਂ ਹੋਰ ਕਿਹਦੇ ਨਾਲ ਸਲਾਹ ਕਰਨੀ ਆਂ। ਦੱਸੋ ਕੀ ਕਰਾਂ?

—ਪਹਿਲਾਂ ਉਹਨੂੰ ਜਾ ਕੇ ਮਿਲ਼, ਜੇ ਉਹਨੇ ਵੇਚਣਾ ਤਾਂ ਦੇਖ ਉਹਦੀ ਇਸ ਵੇਲੇ ਸੇਲ ਕਿੰਨੀ ਆਂ, ਕਿੰਨੇ ਖਰਚੇ ਆ ਤੇ ਬਚਦਾ ਕੀ ਆ।

—ਵੈਸੇ ਤਾਂ ਉਹ ਬਹੁਤ ਬੀਜ਼ੀ ਰਹਿੰਦੀ ਆ, ਮੇਰੇ ਤੋਂ ਕਈ ਗੁਣਾਂ।

—ਤੇਰਾ ਉਹਦੇ ਨਾਲ ਕੋਈ ਮੁਕਾਬਲਾ ਨਹੀਂ, ਤੇਰੇ ਉਪਰਲੇ ਖਰਚ ਹੈ ਨਹੀਂ, ਉਹਨੂੰ ਕਿਰਾਇਆ ਵੀ ਦੇਣਾ ਪੈਂਦਾ ਹੋਊ, ਕੌਂਸਲ ਟੈਕਸ ਵੀ, ਤਨਖਾਹਾਂ ਵੀ ਦਿੰਦੀ ਹੋਊ।

ਉਹ ਟਿੱਕੇ ਦੀ ਗੱਲ ਧਿਆਨ ਨਾਲ ਸੁਣਦੀ ਜਾ ਰਹੀ ਸੀ ਜਿਵੇਂ ਵਿਦਿਆਰਥੀ ਅਧਿਆਪਕ ਦੀ ਸੁਣਦਾ ਹੈ। ਹਰ ਖੇਤਰ ਵਿਚ ਉਸ ਦਾ ਗਾਈਡ ਬਣ ਕੇ ਮੂਹਰੇ ਆਉਂਦਾ। ਟਿੱਕੇ ਨੂੰ ਵੀ ਇਹ ਸਭ ਚੰਗਾ ਲੱਗਦਾ। ਇਵੇਂ ਉਹ ਮੁੰਦਰੀ ਉਪਰ ਆਪਣਾ ਹੱਕ ਹੋਰ ਮਜ਼ਬੂਤ ਹੋਇਆ ਸਮਝਦਾ। ਮੁੰਦਰੀ ਉਸ ਨੂੰ ਪਹਿਲਾਂ ਨਾਲੋਂ ਵਧੇਰੇ ਆਪਣੀ-ਆਪਣੀ ਜਾਪਦੀ।

ਪੌਲ ਨੇ ਇੰਡੀਆ ਜਾਣਾ ਕਰਕੇ ਕੰਮ ਤੋਂ ਛੁੱਟੀਆਂ ਲੈ ਲਈਆਂ ਸਨ। ਰਾਤ ਨੂੰ ਮੁੰਦਰੀ ਬੈੱਡ ਵਿਚ ਗਈ ਤਾਂ ਬਿਊਟੀ ਪਾਰਲਰ ਖਰੀਦਣ ਬਾਰੇ ਉਸ ਨਾਲ ਸਲਾਹ ਕਰਦੀ ਬੋਲੀ,

—ਕਿਉਂ ਨਹੀਂ ਤੂੰ ਇੰਡੀਆ ਦਾ ਪਰੋਗਰਾਮ ਕੈਂਸਲ ਕਰ ਦਿੰਦਾ।

—ਤੇਰਾ ਦਿਮਾਗ ਤਾਂ ਨਹੀਂ ਖਰਾਬ ਹੋ ਗਿਆ! ਮੈਂ ਹੁਣ ਸਾਰੀ ਤਿਆਰੀ ਕੱਸੀ ਬੈਠਾਂ, ਤੇਰੇ ਕੋਲ ਟਿੱਕਾ ਹੈਗਾ ਸਲਾਹ ਲਈ, ਓਦਾਂ ਵੀ ਮੈਂ ਛੇਤੀ ਹੀ ਮੁੜ ਆਉਣਾ।

ਮੁੰਦਰੀ ਚੁੱਪ ਰਹੀ। ਉਹ ਹੌਲੀ ਜਿਹੀ ਉਠ ਕੇ ਹੇਠਾਂ ਸਿਟਿੰਗ ਰੂਮ ਵਿਚ ਆ ਗਈ। ਪੌਲ ਦੇ ਉਸੇ ਵੇਲੇ ਹੀ ਘੁਰਾੜੇ ਵੱਜਣ ਲੱਗੇ। ਮੁੰਦਰੀ ਨੇ ਆਪਣੇ ਲਈ ਚਾਹ ਬਣਾਈ ਤੇ ਸੈਟੀ 'ਤੇ ਆ ਬੈਠੀ। ਨੀਂਦ ਉਸ ਤੋਂ ਕੋਹਾਂ ਦੂਰ ਸੀ। ਚਾਹ ਪੀਂਦਿਆਂ ਉਸ ਨੇ ਖੁਦ ਨੂੰ ਕਿਹਾ; 'ਮੁੰਦਰੀਏ, ਹੁਣ ਟਾਈਮ ਆ ਗਿਆ 'ਮੁੰਦਰੀ ਡੌਟ ਕੌਮ' ਦਾ। ਤੂੰ ਸੋਫੀਆ ਵਾਂਗ ਆਪਣਾ ਸਕੂਲ ਵੀ ਖੋਹਲ ਸਕਦੀ ਐਂ ਪਰ ਇਹ ਸਭ ਟਿੱਕੇ ਤੋਂ ਬਿਨਾਂ ਸੰਭਵ ਨਹੀਂ ਤੇ ਇਹਹਰਾਮੀ ਟਿੱਕਾ ਸਾਂਭਣਾ ਵੀ ਸੰਭਵ ਨਹੀਂ। ਪਤਾ ਨਹੀਂ ਉਸ ਨੇ ਕਿਹੜੇ ਵੇਲੇ ਰੁੱਸ ਜਾਣਾਂ ਜਾਂ ਆਕੜ ਜਾਣਾਂ। ...ਇਸ ਹਰਾਮੀ ਪੌਲ ਨੇ ਤਾਂ ਤੇਰਾ ਕਿਸੇ ਕਿਸਮ ਦਾ ਸਾਥ ਦੇਣਾ ਨਹੀ।' ਉਹ ਕਈ ਘੰਟੇ ਬੈਠੀ ਸੋਚਦੀ ਰਹੀ ਕਿ ਉਹ ਕੀ ਕਰੇ। ਪਤਾ ਨਹੀਂ ਕਿਹੜੇ ਵੇਲੇ ਸੈਟੀ 'ਤੇ ਹੀ ਉਸ ਨੂੰ ਨੀਂਦ ਆ ਗਈ। ਤੜਕਸਾਰ ਗੁਰਪ੍ਰੀਤ ਦੇ ਰੋਣ ਨਾਲ ਉਸ ਦੀ ਨੀਂਦ ਟੁੱਟੀ।

ਪੌਲ ਚਲੇ ਗਿਆ। ਉਹ ਕੈਟ ਨੂੰ ਮਿਲੀ। ਟਿੱਕੇ ਵਾਲੀ ਗੱਲ ਸੱਚੀ ਨਿਕਲੀ। ਕੈਟ ਦੁਕਾਨ ਦਾ ਸੱਠ ਹਜ਼ਾਰ ਪੌਂਡ ਮੰਗ ਰਹੀ ਸੀ। ਮੁੰਦਰੀ ਉਸ ਨੂੰ ਇੰਨਾ ਕਹਿ ਕੇ ਆ ਗਈ ਕਿ ਉਹ ਸੋਚ ਕੇ ਦੱਸੇਗੀ। ਘਰ ਆ ਕੇ ਉਹ ਟਿੱਕੇ ਦਾ ਇੰਤਜ਼ਾਰ ਕਰਨ ਲੱਗੀ ਕਿ ਕੰਮ ਤੋਂ ਕਦੋਂ ਵਾਪਸ ਆਵੇ ਤੇ ਉਸ ਨਾਲ ਗੱਲ ਸਾਂਝੀ ਕਰੇ। ਉਸ ਨੇ ਟਿੱਕੇ ਦਾ ਮਿੰਨਤ ਤਰਲਾ ਕਰ ਕੇ ਉਸ ਨੂੰ ਘਰ ਹੀ ਬੁਲਾ ਲਿਆ। ਟਿੱਕੇ ਦੇ ਘਰ ਜਾਣ ਲਈ ਉਸ ਨੂੰ ਦੋਨਾਂ ਬੱਚਿਆਂ ਦਾ ਸਮਾਨ ਵੀ ਚੁੱਕਣਾ ਪੈਂਦਾ ਸੀ। ਘਰ ਵਿਚ ਹੁਣ ਇਕ ਜੋੜਾ ਹੀ ਕਿਰਾਏ 'ਤੇ ਰਹਿੰਦਾ ਸੀ; ਰਾਣੀ ਪਟੇਲ ਤੇ ਉਸ ਦਾ ਪਤੀ ਹਸ਼ਮਤ ਪਟੇਲ। ਰਾਣੀ ਪਟੇਲ ਨਾਲ ਮੁੰਦਰੀ ਦੀ ਬੁੱਕਲ ਸਾਂਝੀ ਸੀ। ਰਾਣੀ ਪਟੇਲ ਦਾ ਇਸ਼ਕ ਕਿਸੇ ਹੋਰ ਮਰਦ ਨਾਲ ਚਲ ਰਿਹਾ ਸੀ ਜੋ ਕਿ ਹਸ਼ਮਤ ਪਟੇਲ ਦੇ ਕੰਮ 'ਤੇ ਜਾਣ ਤੋਂ ਬਾਅਦ ਉਸ ਨੂੰ ਮਿਲਣ ਆ ਜਾਇਆ ਕਰਦਾ ਸੀ। ਰਾਣੀ ਪਟੇਲ ਦੀ ਤੇਜ਼ ਅੱਖ ਮੁੰਦਰੀ ਤੇ ਟਿੱਕੇ ਵਿਚਕਾਰ ਚਲਦੇ 'ਕੁਝ' ਨੂੰ ਵੀ ਪੱਛਾਣ ਗਈ ਸੀ। ਮੁੰਦਰੀ ਨੇ ਇਹਦੇ ਵਿਚ ਹੀ ਭਲਾ ਸਮਝਿਆ ਕਿ ਰਾਣੀ ਨਾਲ ਇਹ ਰਾਜ਼ ਸਾਂਝਾ ਕਰ ਲਏ ਤੇ ਫਿਰ ਕਈ ਤਰ੍ਹਾਂ ਦੀਆਂ ਸੌਖਾਂ ਹੋ ਜਾਣੀਆਂ ਸਨ।

ਟਿੱਕਾ ਉਸ ਕੋਲ ਛੇ ਕੁ ਵਜੇ ਪੁੱਜ ਗਿਆ। ਮੁੰਦਰੀ ਨੇ ਸਾਰੀ ਗੱਲ ਜੋ ਕੈਟਰੀਨਾ ਨਾਲ ਹੋਈ ਸੀ ਦੱਸ ਦਿਤੀ। ਟਿੱਕੇ ਨੇ ਸੋਚਦੇ ਹੋਏ ਕਿਹਾ,

—ਪਹਿਲਾਂ ਇਹ ਦੱਸ ਕਿ ਤੇਰੇ ਕੋਲ ਪੈਸੇ ਕਿੰਨੇ ਆਂ, ਕੈਸ਼?

—ਮੈਂ ਹਿਸਾਬ ਲਾਇਆ ਕਿ ਲੈਸਟਰ ਵਾਲ਼ਾ ਘਰ ਹੁਣ ਦੀਆਂ ਕੀਮਤਾਂ ਵਿਚ ਜੇ ਵਿਕਦਾ ਤਾਂ ਤੀਹ ਕੁ ਹਜ਼ਾਰ ਪੌਂਡ ਨਿਕਲ ਆਉਣਾ, ਪਿਛਲੀ ਵਾਰੀ ਜੀਤ ਸਿੰਘ ਭਾਜੀ ਕਹਿੰਦਾ ਸੀ ਕਿ ਏਹਨੂੰ ਵੇਚ ਕੇ ਬਰਮੀਘੰਮ ਈ ਕੋਈ ਘਰ ਲੈ ਲਓ ਤਾਂ ਕੀਮਤ ਦਾ ਤੇ ਏਹਦੇ ਵਿਚੋਂ ਨਿਕਲਣ ਵਾਲੇ ਕੈਸ਼ ਦਾ ਹਿਸਾਬ ਲਾਇਆ ਸੀ।

—ਏਹਦੇ ਤੋਂ ਬਿਨਾਂ?

—ਮੈਂ ਖੂੰਜਿਆਂ 'ਚ ਹੱਥ ਮਾਰਿਆ ਤਾਂ ਪੰਜ-ਸੱਤ ਨਿਕਲ ਆਊ। ਏਹਨੇ ਪੌਲ ਨੇ ਵੀ ਕੁਸ਼ ਨਾ ਕੁਸ਼ ਜੋੜਿਆ ਹੋਇਆ ਹੋਣਾਂ, ਮੈਂ ਕਦੇ ਪੁੱਛਿਆ ਨਹੀਂ।

—ਫੇਰ ਤਾਂ ਸਮਝ ਲੈ ਕਿ ਤੂੰ ਲੈ ਲਿਆ ਕੈਟ ਵਾਲ਼ਾ ਕਾਰੋਬਾਰ।

—ਮੈਂ ਨਹੀਂ, ਇਹ ਕਹੋ ਕਿ ਆਪਾਂ ਲੈ ਲਿਆ।

—ਨਹੀਂ ਮੁੰਦਰੀਏ, ਮੈਂ ਕਾਰੋਬਾਰ ਵਿਚ ਨਹੀਂ ਪੈ ਸਕਦਾ। ਦੇਖ, ਮੇਰੀ ਚੰਗੀ ਭਲੀ ਜੌਬ ਆ। ਘਰ ਮੇਰਾ ਫਰੀ ਆ ਤੇ ਮੈਂ 'ਕੱਲੀ ਜਾਨ।

—ਪਰ ਤੁਹਾਡੀ ਹੈਲਪ ਬਿਨਾਂ ਤਾਂ ਮੈਂ ਅਧੂਰੀ ਆਂ!

—ਮੈਂ ਤੇਰੀ ਪੂਰੀ ਹੈੱਲਪ ਕਰਦਾ ਰਹੂੰ, ਤੇਰੇ ਨਾਲ ਪੌਲ ਹੈਗਾ।

—ਪੌਲ ਤਾਂ ਸਿਰਫ ਵਿਆਹੀ ਹੋਣ ਦਾ ਲਾਇਸੰਸ ਆ, ਉਹ ਕੁਸ਼ ਨਹੀਂ ਕਰਨ ਜੋਗਾ।

—ਮੁੰਦਰੀਏ, ਮੈਂ ਤੇਰੀ ਪਿੱਠ 'ਤੇ ਆਂ, ਜੋ ਕਰਨਾ ਕਰ।

—ਟਿੱਕਾ ਜੀ, ਮੇਰਾ ਡਰੀਮ ਐ; ਸੋਫੀਆ ਦੇ ਟਰੇਨਿੰਗ ਸੈਂਟਰ ਜਿਹਾ ਕਾਰੋਬਾਰ। ...ਮੈਂ 'ਕੱਲੀ, ਤੁਹਾਡੇ ਬਿਨਾਂ ਐਡਾ ਵੱਡਾ ਡਰੀਮ ਕਿੱਦਾਂ ਪੂਰਾ ਕਰ ਸਕਦੀ ਆਂ?

—ਮੈਂ ਤੈਨੂੰ ਕਿਹਾ ਨਾ ਕਿ ਮੈਂ ਤੇਰੇ ਨਾਲ ਪੂਰੀ ਤਰ੍ਹਾਂ ਖੜ੍ਹੂੰ।

—ਟਿੱਕਾ ਜੀ, ਮੈਂ ਤੁਹਾਨੂੰ ਇੰਨੇ ਸਾਲਾਂ ਤੋਂ ਜਾਣਦੀ ਆਂ, ਤੁਸੀਂ ਹੈਗੇ ਰਮਤੇ ਜੋਗੀ, ਹੇਠ ਵਿਛਾਇਆ ਪਰਨਾ ਚੁੱਕ ਕੇ ਮੋਢੇ 'ਤੇ ਧਰੋਂਗੇ ਤੇ ਤੁਰਦੇ ਬਣੋਂਗੇ ਤੇ ਮੁੰਦਰੀ 'ਕੱਲੀ ਖੜੀ ਦੇਖਦੀ ਰਹਿ ਜਾਊ ਕਿ ਇਹ ਕੀ ਬਣਿਆਂ!

—ਏਸ ਗੱਲ ਦਾ ਪਰੌਮਿਜ਼ ਕਿ ਮੈਂ ਕਦੇ ਏਦਾਂ ਨਹੀਂ ਕਰਦਾ, ...ਬੱਸ ਖੀਰ...!

ਉਸ ਦੀ ਖੀਰ ਵਾਲੀ ਗੱਲ 'ਤੇ ਜ਼ਰਾ ਕੁ ਮਸਕ੍ਰਾਈ ਪਰ ਉਸ ਦੀ 'ਨਾਂਹ' 'ਤੇ ਅੱਖਾਂ ਭਰ ਲਈਆਂ। ਟਿੱਕਾ ਆਖਣ ਲਗਿਆ,

—ਦੇਖ, ਮਾਂ ਯਾਵੀ ਚਲਿੱਤਰ ਕਿੱਦਾਂ ਕਰਦੀ ਆ!...ਪਹਿਲਾਂ ਚੱਲ ਕੇ ਆਪਾਂ ਕੈਟ ਨਾਲ ਗੱਲ ਕਰੀਏ, ਸੱਠ ਹਜ਼ਾਰ ਪੌਂਡ ਤਾਂ ਉਹ ਮੰਗ ਰਹੀ ਆ, ਆਪਾਂ ਕੀ ਦੇਣਾਂ, ਦੇਖਦੇ ਆਂ।

ਮੁੰਦਰੀ ਨੇ ਕੈਟ ਨੂੰ ਫੋਨ ਕੀਤਾ। ਉਹ ਛੇ ਵਜੇ ਬਿਊਟੀ ਪਾਰਲਰ ਬੰਦ ਕਰਦੀ ਸੀ। ਟਿੱਕਾ ਵੀ ਉਸ ਕੁ ਵੇਲੇ ਹੀ ਕੰਮ ਤੋਂ ਆਉਂਦਾ। ਇਸ ਲਈ ਸਾਢੇ ਛੇ ਵਜੇ ਦਾ ਸਮਾਂ ਨੀਯਤ ਕਰ ਲਿਆ। ਮੁੰਦਰੀ ਦੇ ਦੋਵੇਂ ਬੱਚੇ ਰਾਣੀ ਪਟੇਲ ਨੇ ਸੰਭਾਲ ਲਏ। ਪਹਿਲਾਂ ਵੀ ਕਈ ਵਾਰ ਉਹ ਉਹਨਾਂ ਨੂੰ ਆਪਣੇ ਕੋਲ ਰੱਖ ਲਿਆ ਕਰਦੀ ਸੀ। ਟਿੱਕਾ ਤੇ ਮੁੰਦਰੀ ਕੈਟ ਕੋਲ ਸਮੇਂ ਸਿਰ ਪੁੱਜ ਗਏ। ਕੈਟ ਉਹਨਾਂ ਨੂੰ ਆਪਣਾ ਸਾਰਾ ਸਮਾਨ ਦਿਖਾਇਆ ਤੇ ਸਾਰੀ ਦੁਕਾਨ ਦਿਖਾਈ। ਫਿਰ ਉਹਨਾਂ ਨੂੰ ਪਿੱਛੇ ਬਣੇ ਦਫਤਰ ਵਿਚ ਲੈ ਗਈ। ਇਕ ਫਾਈਲ ਖੋਹਲ ਕੇ ਕੁਝ ਪੇਪਰ ਕੱਢੇ ਤੇ ਉਹਨਾਂ ਦੇ ਸਾਹਮਣੇ ਰੱਖਦਿਆਂ ਕਿਹਾ,

—ਇਹ ਮੇਰੇ ਅਕਾਊਂਟਸ ਆ।

ਟਿੱਕੇ ਨੇ ਇਹ ਪੇਪਰ ਇਕ ਪਾਸੇ ਰੱਖ ਦਿਤੇ ਤੇ ਪੁੱਛਣ ਲਗਿਆ,

—ਤੁਸੀਂ ਆਪ ਈ ਦੱਸੋ ਕਿ ਤੁਹਾਡੀ ਵੀਕਲੀ ਸੇਲ ਕਿੰਨੀ ਆਂ ਤੇ ਖਰਚਾ ਕਿੰਨਾ?

—ਪੰਜ ਹਜ਼ਾਰ ਦੀ ਸੇਲ ਆ ਤੇ ਖਰਚਾ ਹਜ਼ਾਰ ਪੌਂਡ ਦੇ ਕਰੀਬ ਦਾ ਸਮਾਨ ਖਰੀਦਦੀ ਆਂ ਮੈਂ।

ਟਿੱਕੇ ਨੇ ਜੇਬ੍ਹ ਵਿਚੋਂ ਕਾਗਜ਼ ਤੇ ਪੈੱਨ ਕੱਢੇ ਤੇ ਲਿਖਦਾ ਹੋਇਆ ਬੋਲਿਆ,

—ਹਜ਼ਾਰ ਦੀਆਂ ਤੁਸੀਂ ਗੁਡਜ਼ ਖਰੀਦਦੇ ਓ, ਰੈਂਟ ਤੇ ਰੇਟ ਕਿੰਨਾ?

—ਦੋਵੇਂ ਰਲ਼ਾ ਕੇ ਪੰਦਰਾਂ ਹਜ਼ਾਰ ਸਲਾਨਾ।

—ਭਾਵ ਕਿ ਤਿੰਨ ਸੌ ਪੌਂਡ ਵੀਕਲੀ, ਟੈਲੀਫੋਨ ਬਿੱਲ, ਬਿੱਜਲੀ ਦਾ ਬਿੱਲ, ਪਾਣੀ ਦਾ ਬਿੱਲ, ਰੱਬਿੱਸ਼ ਦਾ ਬਿੱਲ ਇਹ ਸਭ ਪਾ ਕੇ ਹੋ ਜਾਏਗਾ ਸੱਤ ਅੱਠ ਸੌ ਪੌਂਡ ਦਾ ਖਰਚਾ, ਤੇ ਤਨਖਾਹਾਂ ਕਿੰਨੀਆਂ?

—ਹਜ਼ਾਰ ਪੌਂਡ ਹਫਤੇ ਦੀਆਂ।

—ਇਹਦਾ ਮਤਲਬ ਕਿ ਸਤਾਈ ਅਠਾਈ ਸੌ ਦਾ ਖਰਚਾ ਹੋ ਗਿਆ ਹੁਣ ਤਕ, ਕਿਉਂਕਿ ਇਥੇ ਕਾਰ ਪਾਰਕ ਹੈ ਨਹੀਂ, ਜੇ ਹੋਰ ਛੋਟੇ ਛੋਟੇ ਖਰਚੇ ਪਾਈਏ ਤੇ ਇਹ ਸਭ



ਕੁਝ ਤਿੰਨ ਹਜ਼ਾਰ ਨੂੰ ਜਾ ਪੁੱਜੇਗਾ। ਹੁਣ ਅਸੀਂ ਵੀ ਦੋ ਬੰਦੇ ਇਸ ਵਿਚ ਮਿਹਨਤ ਕਰਾਂਗੇ, ਆਪਣੀ ਪੂਰੀ ਸਕਿੱਲ ਵਰਤਾਂਗੇ, ਸਾਨੂੰ ਵੀ ਪੰਜ ਪੰਜ ਸੌ ਪੌਂਡ ਚਾਹੀਦਾ। ਬਾਕੀ ਅਸੀਂ ਜਿਹੜਾ ਲੋਨ ਲਵਾਂਗੇ ਉਸ ਦੀ ਕਿਸ਼ਤ ਵੀ ਹੋਣੀ ਆਂ, ਦੂਜੀ ਗੱਲ ਇਹ ਕਿ ਇਹ ਜਿਹੜੇ ਤੁਹਾਡੇ ਅਕਾਊਂਟਸ ਆ ਇਹ ਪਿਛਲੇ ਸਾਲ ਦੇ ਹੋਣੇ ਆਂ ਕਿਉਂਕਿ ਇਸ ਸਾਲ ਦੇ ਤਾਂ ਅਗਲੇ ਸਾਲ ਤਿਆਰ ਹੋਣਗੇ। ਸੋ ਅੱਜਕਲ ਬਿਜ਼ਨੈੱਸ ਬਹੁਤ ਡਾਊਨ ਜਾ ਰਿਹਾ, ਲੋਕ ਘਰਾਂ ਵਿਚ ਬਿਊਟੀ ਪਾਰਲਰ ਖੋਹਲੀ ਜਾ ਰਹੇ ਆ, ਇਹਦੇ ਨਾਲ ਹੋਰ ਵੀ ਮੰਦੀ ਆ ਗਈ, ਜਿਹੜਾ ਤੁਹਾਡਾ ਕੰਮ ਆਂ ਇਹਦੇ ਕਲਾਇੰਟ ਕਈ ਵਾਰ ਵਿਸ਼ੇਸ਼ ਵਿਅਕਤੀ ਨਾਲ ਬੱਝ ਜਾਂਦੇ ਆ, ਜਦ ਲੋਕਾਂ ਨੂੰ ਪਤਾ ਲੱਗਿਆ ਕਿ ਕੈਟ ਤਾਂ ਇਥੇ ਹੈ ਨਹੀਂ ਉਹਨਾਂ ਨੇ ਟੁੱਟ ਵੀ ਜਾਣਾਂ। ਸੋ ਕੈਟ, ਮੇਰੇ ਕਹਿਣ ਦਾ ਮਤਲਬ ਇਹ ਆ ਕਿ ਇਹ ਕੀਮਤ ਜੋ ਤੂੰ ਮੰਗ ਰਹੀ ਆਂ ਇਹ ਬਹੁਤ ਜ਼ਿਆਦਾ ਹੈਗੀ ਆ। ਜਿੰਨੇ ਕੁ ਅਖੀਰ ਵਿਚ ਜਾ ਕੇ ਇਹਦੇ ਵਿਚੋਂ ਬਚਣੇ ਆਂ ਓਨੇ ਕੁ ਤਾਂ ਇਹ ਹੁਣ ਵੀ ਕਮਾਈ ਜਾ ਰਹੀ ਆ।

—ਮੇਰਾ ਇੰਨਾ ਸਮਾਨ ਆਂ ਏਸ ਕੀਮਤ ਵਿਚ।

—ਮੈਂ ਦੇਖ ਲਿਆ ਸਾਰਾ ਸਮਾਨ, ਆਹ ਕਾਊਚ ਜੇ ਸੈਕੰਡ ਹੈਂਡ ਲੈਣਾ ਹੋਵੇ ਤਾਂ ਦੋ ਪੌਂਡ ਦਾ ਬਹੁਤ ਵਧੀਆ ਆ ਜਾਂਦਾ, ਏਦਾਂ ਈ ਚੇਅਰਾਂ ਵੀ, ਆਹ ਵੈਕਸਿੰਗ ਦੇ ਹੀਟਰ ਵੀਹ ਵੀਹ ਪੌਂਡ ਨੂੰ ਮਿਲ ਜਾਂਦੇ ਆ, ਢਾਈ ਸੌ ਪੌਂਡ ਦੀ ਇਲੈਕਟਰੌਲਸਜ਼ ਦੀ ਮਸ਼ੀਨ, ਸੋ ਸਾਰਾ ਸਮਾਨ ਵੱਧ ਤੋਂ ਵੱਧ ਹੋਏਗਾ ਤਾਂ ਚਾਰ ਪੰਜ ਹਜ਼ਾਰ ਦਾ ਹੋਣਾਂ।

—ਪਰ ਮੈਂ ਤਾਂ ਇਹਨਾਂ ਤੇ ਬਹੁਤ ਪੈਸੇ ਖਰਚੇ ਹੋਏ ਆ।

—ਜਦੋਂ ਸਮਾਨ ਖਰੀਦੀਦਾ ਉਸ ਦੀ ਕੀਮਤ ਹੋਰ ਹੁੰਦੀ ਆ ਤੇ ਜਦੋਂ ਵੇਚੀਦਾ ਤਾਂ ਹੋਰ।

ਟਿੱਕੇ ਦੀ ਗੱਲ ਸੁਣ ਕੇ ਕੈਟਰੀਨਾ ਦਾ ਚਿਹਰਾ ਇਕਦਮ ਉਤਰ ਗਿਆ ਤੇ ਉਹ ਬੋਲੀ,

—ਇਹਦਾ ਮਤਲਬ, ਤੁਹਾਨੂੰ ਇਹਦੇ ਵਿਚ ਕੋਈ ਦਿਲਚਸਪੀ ਨਹੀਂ?

—ਕੈਟ, ਦਿਲਚਸਪੀ ਹੈਗੀ ਆ ਪਰ ਹਰ ਕੋਈ ਅੱਗੇ ਵਧਣਾ ਚਾਹੁੰਦਾ ਪਰ ਜੇ ਇਹਨੂੰ ਇਥੇ ਆ ਕੇ ਉਹੋ ਕੁਝ ਬਚਣਾ ਜੋ ਘਰ ਕੰਮ ਕਰ ਕੇ ਪਹਿਲਾਂ ਹੀ ਬਚ ਰਿਹਾ ਤਾਂ ਕੀ ਫਾਇਦਾ?...ਤੇਰੀ ਕੀਮਤ ਠੀਕ ਨਹੀਂ।

—ਤੁਸੀਂ ਕੋਈ ਔਫਰ ਦਿਓ।

—ਸਾਡੀ ਔਫਰ ਸ਼ਾਇਦ ਤੈਨੂੰ ਅਪਸੈੱਟ ਕਰ ਦੇਵੇ, ਇਸ ਕਰਕੇ ਪਹਿਲਾਂ ਤੂੰ ਇਹਨੂੰ ਮਾਰਕਿਟ ਵੀ ਲਗਾ ਕੇ ਹਵਾ ਲੈ ਲਾ।

—ਫੇਰ ਵੀ ਤੁਸੀਂ ਕੋਈ ਔਫਰ ਦਿਓ।

ਇਸ ਸਾਰੀ ਗੱਲਬਾਤ ਵਿਚ ਮੁੰਦਰੀ ਇਕ ਦਰਸ਼ਕ ਬਣੀ ਬੈਠੀ ਸੀ। ਉਹ ਦੇਖੀ ਜਾ ਰਹੀ ਸੀ ਕਿ ਟਿੱਕਾ ਕਰ ਕੀ ਰਿਹਾ ਹੈ। ਕਈ ਗੱਲਾਂ ਤਾਂ ਉਸ ਨੂੰ ਸਮਝ ਵੀ ਨਹੀਂ ਸੀ ਆ ਰਹੀਆਂ ਪਰ ਉਹ ਕੈਟ ਦੇ ਚਿਹਰੇ ਤੋਂ ਅੰਦਾਜ਼ਾ ਲਾ ਰਹੀ ਸੀ ਕਿ ਟਿੱਕੇ ਨੇ ਉਸ ਨੂੰ ਹਿਲਾ ਕੇ ਰੱਖ ਦਿਤਾ ਹੋਇਆ ਸੀ। ਟਿੱਕੇ ਨੇ ਮੁੰਦਰੀ ਨੂੰ ਪੰਜਾਬੀ ਵਿਚ ਪੁੱਛਿਆ,

—ਦੱਸ ਕੀ ਔਫਰ ਦੇਣੀ ਆਂ?

—ਟਿੱਕਾ ਜੀ, ਮੈਂ ਮੁਨਸਫ ਕੀਤਾ ਵਕੀਲ!

ਟਿੱਕਾ ਜ਼ਰਾ ਕੁ ਮਸਕ੍ਰਾਇਆ ਤੇ ਕੈਟ ਨੂੰ ਬੋਲਿਆ,

—ਅਸੀਂ ਤੀਹ ਹਜ਼ਾਰ ਤੋਂ ਜ਼ਿਆਦਾ ਔਫਰ ਨਹੀਂ ਦੇ ਸਕਦੇ, ਪੰਜ ਹਜ਼ਾਰ ਸਮਾਨ ਦੇ ਤੇ ਪੱਚੀ ਹਜ਼ਾਰ ਗੁੱਡ ਵੈੱਲ ਦੇ।

—ਯੂ ਮਸਟ ਬੀ ਜੋਕਿੰਗ ਮਿਸਟਰ! ਮੈਨੂੰ ਲੱਗਦਾ ਕਿ ਤੁਸੀਂ ਕੋਈ ਸੁਫਨਾ ਦੇਖ ਰਹੇ ਓ!

—ਨਹੀਂ ਕੈਟ, ਤੂੰ ਸੋਚ ਕੇ ਦੇਖ ਲੈ, ਇਹਨੂੰ ਮਾਰਕਿਟ ਵਿਚ ਲਾ ਦੇ ਤੇ ਫੇਰ ਦੇਖੀਂ। ਸਾਡੀ ਖਾਸ ਗੱਲ ਇਹ ਆ ਕਿ ਅਸੀਂ ਏਹਨੂੰ ਕੈਸ਼ ਖਰੀਦਾਂਗੇ। ਸਾਨੂੰ ਬੈਂਕ ਦੇ ਲੋਨ ਦੀ ਲੋੜ ਨਹੀਂ ਪੈਣੀ। ਤੈਨੂੰ ਏਜੰਟ ਦੀ ਫੀਸ ਵੀ ਨਹੀਂ ਦੇਣੀ ਪਵੇਗੀ।

## ਪੱਚੀ

ਪੌਲ ਨੇ ਇੰਡੀਆ ਜਾ ਕੇ ਦੋ ਕੁ ਦਿਨ ਤਾਂ ਮੁੰਦਰੀ ਨੂੰ ਵਾਹਵਾ ਫੋਨ ਕੀਤੇ ਤੇ ਫਿਰ ਚੁੱਪ ਜਿਹਾ ਕਰ ਗਿਆ। ਮੁੰਦਰੀ ਕੁਝ ਕੁਝ ਸਮਝਦੀ ਸੀ ਕਿ ਉਸ ਦੇ ਮਾਂਪਿਓ ਉਸ ਨੂੰ ਉਸ ਦੇ ਖਿਲਾਫ ਸਿੱਖਤ ਦੇ ਰਹੇ ਹੋਣਗੇ। ਪੌਲ ਦੀ ਉਸ ਨੂੰ ਬਹੁਤੀ ਚਿੰਤਾ ਵੀ ਨਹੀਂ ਸੀ। ਇਹਨਾਂ ਦਿਨਾਂ ਵਿਚ ਤਾਂ ਉਹ ਟਿੱਕੇ ਦੇ ਪਿਆਰ ਵਿਚ ਖੀਵੀ ਜਿਹੀ ਹੋਈ ਪਈ ਸੀ। ਟਿੱਕਾ ਉਸ ਨੂੰ ਬਹੁਤਾ ਹੀ ਪਿਆਰ ਕਰਨ ਲਗਿਆ ਸੀ। ਉਸ ਦੀ ਬਹੁਤੀ ਹੀ ਮੇਰ ਕਰਦਾ।ਕੈਟਰੀਨਾ ਨਾਲ ਕੀਤੀ ਟਿੱਕੇ ਦੀ ਗੱਲਬਾਤ ਤੋਂ ਉਹ ਬਹੁਤ ਹੀ ਖੁਸ਼ ਸੀ। ਹੁਣ ਕੈਟਰੀਨਾ ਦੇ ਕਈ ਫੋਨ ਆ ਚੁੱਕੇ ਸਨ। ਉਹਨਾਂ ਵਲੋਂ ਦਿਤੀ ਔਫਰ ਨੂੰ ਕੁਝ ਵਧਾਉਣ ਬਾਰੇ ਕਹਿ ਰਹੀ ਸੀ। ਉਸ ਨੇ ਦੁਕਾਨ ਦੀ ਕੀਮਤ ਸੱਠ ਹਜ਼ਾਰ ਤੋਂ ਘਟਾ ਕੇ ਪੰਜਤਾਲੀ ਕਰ ਦਿਤੀ ਹੋਈ ਸੀ ਪਰ ਟਿੱਕਾ ਉਸ ਨੂੰ ਹਾਲੇ ਹੋਰ ਥੱਲੇ ਲਿਆਉਣਾ ਚਾਹੁੰਦਾ ਸੀ।

ਇਕ ਦਿਨ ਟਿੱਕੇ ਦਾ ਮੁੰਦਰੀ ਨੂੰ ਫੋਨ ਆਇਆ। ਬੋਲਿਆ,

—ਮੁੰਦਰੀਏ, ਅੱਜ ਦੀ ਰਾਤ ਆਪਾਂ ਇਕੱਠੇ ਗੁਜ਼ਾਰਨੀ ਆਂ, ਨਿਆਣੇ ਓਸ ਕੱਛਣ ਨੂੰ ਸੰਭਾਲ ਦੇ।

—ਟਿੱਕਾ ਜੀ, ਅੱਜ ਮੈਂ ਬਹੁਤ ਬੀਜ਼ੀ ਰਹੀ ਆਂ, ਥੱਕੀ ਪਈ ਆਂ।

—ਦੇਖ, ਮਾਂ ਯਾਵੀ ਖੇਖਨ ਕਿੱਦਾਂ ਕਰਦੀ ਆ!...ਵੇਲੇ ਸਿਰ ਪੁੱਜ ਜਾਵੀਂ।

ਆਖਦਿਆਂ ਟਿੱਕੇ ਨੇ ਫੋਨ ਰੱਖ ਦਿਤਾ। ਮੁੰਦਰੀ ਸੋਚਣ ਲੱਗੀ ਕਿ ਕੀ ਕਰੇ। ਟਿੱਕੇ ਵਲੋਂ ਇੰਨਾ ਹੱਕ ਜਤਾਉਣਾ ਉਸ ਨੂੰ ਚੰਗਾ ਵੀ ਲੱਗ ਰਿਹਾ ਸੀ। ਉਸ ਨੇ ਕਿਰਾਏਦਾਰ ਰਾਣੀ ਪਟੇਲ ਨੂੰ ਬੱਚੇ ਸੰਭਾਲ ਦਿਤੇ ਤੇ ਆਪ ਟਿੱਕੇ ਦੇ ਘਰ ਚਲੇ ਗਈ। ਉਹ ਟਿੱਕੇ ਨੂੰ ਕਹਿਣ ਲੱਗੀ,

—ਟਿੱਕਾ ਜੀ, ਹੁਣ ਏਨਾ ਰੋਅਬ ਦਿਖਾ ਰਹੇ ਓ, ਜਦ ਮੈਂ ਕਿਹਾ ਸੀ ਕਿ ਕਿਸੇ ਕੰਢੇ ਲੱਗੋ, ਜਿੰਦਾਂ ਕਹੋਂਗੇ ਮੈਂ ਕਰ ਲਵਾਂਗੀ ਤਾਂ ਤੁਸੀਂ ਮਿੱਟੀ ਹੋ ਗਏ ਸੀ।

ਟਿੱਕਾ ਉਸ ਨੂੰ ਆਪਣੀਆਂ ਬਾਹਾਂ ਵਿਚ ਘੁੱਟਦਾ, ਆਪਣੇ ਹੱਥ ਦੀਆਂ ਲਕੀਰਾਂ ਵੱਲ ਦੇਖਦਾ ਬੋਲਿਆ,

—ਘਰਵਾਲੀ ਦੀ ਲਕੀਰ ਮੇਰੇ ਹੱਥ ਵਿਚ ਹੈ ਨਹੀਂ।



ਇੰਡੀਆ ਗਏ ਪੌਲ ਨੇ ਆਪਣਾ ਉਥੇ ਰਹਿਣ ਦਾ ਸਮਾਂ ਹੋਰ ਵਧਾ ਲਿਆ। ਇਸ ਗੱਲ 'ਤੇ ਮੁੰਦਰੀ ਜ਼ਰਾ ਕੁ ਗੁੱਸੇ ਵਿਚ ਸੀ। ਕੈਟਰੀਨਾ ਨਾਲ ਦੁਕਾਨ ਦੀ ਗੱਲ ਚੱਲ ਰਹੀ ਹੈ ਜਿਹੜੀ ਕਿ ਕਿਸੇ ਵੇਲੇ ਵੀ ਸਿਰੇ ਚੜ੍ਹ ਸਕਦੀ ਸੀ ਤੇ ਪੌਲ ਦੇ ਨਾਂ 'ਤੇ ਵੀ ਬੈਂਕ ਵਿਚ ਪੈਸੇ ਪਏ ਸਨ ਜਿਹਨਾਂ ਦੀ ਉਸ ਨੂੰ ਜ਼ਰੂਰਤ ਪੈ ਸਕਦੀ ਸੀ। ਇਸ ਤੋਂ ਬਿਨਾਂ ਉਸ ਨੂੰ ਪੌਲ ਦੀ ਕੋਈ ਘਾਟ ਮਹਿਸੂਸ ਨਹੀਂ ਸੀ ਹੋ ਰਹੀ। ਇਕ ਦਿਨ ਮੁੰਦਰੀ ਨੂੰ ਜਾਪਿਆ ਕਿ ਜਿਵੇਂ ਉਹ ਫਿਰ ਤੋਂ ਉਮੀਦਵਾਰੀ 'ਤੇ ਹੋਵੇ। ਭਾਵੇਂ ਉਸ ਦੀਆਂ ਤਰੀਕਾਂ ਹਾਲੇ ਅਗਲੇ ਹਫਤੇ ਦੀਆਂ ਸਨ ਪਰ ਉਸ ਦੇ ਅੰਦਰ ਅਜੀਬ ਜਿਹੀਆਂ ਭਾਵਨਾਵਾਂ ਆ ਰਹੀਆਂ ਸਨ। ਉਸ ਦਾ ਸਰੀਰ ਜਿਵੇਂ ਕੁਝ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਹ ਨੇ ਟਿੱਕੇ ਨੂੰ ਆਖਿਆ,

—ਟਿੱਕਾ ਜੀ, ਲੱਗਦਾ ਨਿੱਕਾ ਟਿੱਕਾ ਆ ਰਿਹਾ।

—ਮਾਂ ਯਾਵੀਏ, ਪਾਗਲ ਹੋ ਗਈ ਆਂ?

—ਨਹੀਂ, ਸੱਚ! ਇਹ ਵੀ ਪੱਕ ਕਿ ਇਹ ਸੌ ਫੀ ਸਦੀ ਟਿੱਕਾ ਐ, ਮੈਂ ਤਾਂ ਨਾਂ ਵੀ ਸੋਚ ਲਏ, ਕੁੜੀ ਹੋਈ ਤਾਂ ਨਾਂ ਰੱਖਣਾ; ਫੁਲਕਾਰੀ, ਜੇ ਮੁੰਡਾ ਹੋਇਆ ਤਾਂ ਮੈਂ ਕਿਹਾ ਕਰੂੰਗੀ; ਲਾਟ, ਲਾਟ ਸਾਬ।

—ਆਹ ਜਿਹੜਾ ਦੁਕਾਨ ਦਾ ਪਰੋਜੈਕਟ ਵਿੱਢੀ ਬੈਠੀ ਆਂ ਏਹਦਾ ਕੀ ਬਣੂੰ?

—ਇਹ ਹੁਣ ਤੁਸੀਂ ਜਾਣੋ।

ਮੁੰਦਰੀ ਹੱਸਦੀ ਜਾ ਰਹੀ ਸੀ ਪਰ ਟਿੱਕਾ ਗੰਭੀਰ ਸੀ। ਉਸ ਨੇ ਕਿਹਾ,

—ਤੇਰੇ ਲੱਲੂ ਪਰਾਸ਼ਰ ਨੂੰ ਪਤਾ ਲੱਗ ਗਿਆ ਤਾਂ...?

—ਏਹ ਫਿਕਰ ਮੇਰਾ ਐ।

ਮੁੰਦਰੀ ਨੇ ਬੇਫਿਕਰੀ ਵਿਚ ਆਖਿਆ।

ਪੌਲ ਇੰਡੀਆ ਤੋਂ ਵਾਪਸ ਆ ਗਿਆ। ਪੌਲ ਦੇ ਆਉਣ ਤੋਂ ਬਾਅਦ ਜ਼ਿੰਦਗੀ ਮੁੜ ਆਪਣੀ ਚਾਲੇ ਤੁਰ ਪਈ। ਪੌਲ ਉਵੇਂ ਹੀ ਰਾਤਾਂ ਨੂੰ ਕੰਮ ਤੇ ਜਾਣ ਲੱਗਿਆ। ਮੁੰਦਰੀ ਆਪਣਾ ਬਿਊਟੀ ਪਾਰਲਰ ਸੰਭਾਲਣ ਲਗੀ। ਟਿੱਕਾ ਮੁੜ ਟੈਲੀਫੋਨਾਂ ਤਕ ਸੀਮਤ ਹੋ ਗਿਆ। ਦਿਨਾਂ ਦਾ ਹੇਰ-ਫੇਰ ਕਰਕੇ ਮੁੰਦਰੀ ਨੇ ਪੌਲ ਨੂੰ ਆਪਣੇ ਗਰਭਵਤੀ ਹੋਣ ਵਾਲੀ ਗੱਲ ਦੱਸ ਦਿਤੀ।

ਇਹਨਾਂ ਦਿਨਾਂ ਵਿਚ ਹੀ ਕੈਟਰੀਨਾ ਦਾ ਫੋਨ ਆ ਗਿਆ ਕਿ ਉਹ ਜਲਦੀ ਉਸ ਨੂੰ ਮਿਲਣ। ਮੁੰਦਰੀ ਤਾਂ ਆਸ ਛੱਡ ਬੈਠੀ ਸੀ।ਉਹ ਕੈਟਰੀਨਾ ਨੂੰ ਮਿਲਣ ਚਲੇ ਗਏ। ਫਿਰ ਸੌਦੇਬਾਜ਼ੀ ਹੋਣ ਲੱਗੀ। ਕੈਟਰੀਨਾ ਨੇ ਹੁਣ ਕੀਮਤ ਚਾਲੀ ਹਜ਼ਾਰ ਪੌਂਡ ਕਹਿ ਦਿਤੀ ਸੀ ਪਰ ਟਿੱਕਾ ਹਾਲੇ ਵੀ ਅੜਿਆ ਹੋਇਆ ਸੀ। ਅੰਤ ਕੈਟਰੀਨਾ ਨੇ ਆਖਿਆ,

—ਔਲ ਰਾਈਟ, ਲਾਸਟ ਪਰਾਈਸ ਥਰਟੀ ਫਾਈਵ ਗਰੈਂਡ ਪਰ ਮੈਨੂੰ ਕੈਸ਼ ਚਾਹੀਦੇ ਆ ਤੇ ਜਲਦੀ।

—ਕੈਸ਼ ਤਾਂ ਦੇ ਦੇਵਾਂਗੇ ਪਰ ਜਲਦੀ ਵਾਲੀ ਗੱਲ ਇਹ ਆ ਕਿ ਲੀਜ਼ ਸਾਨੂੰ ਆਪਣੇ ਨਾਂ ਕਰਾਉਣ ਨੂੰ ਵਕਤ ਤਾਂ ਲਗੇਗਾ ਈ।

—ਤੁਸੀਂ ਵਕੀਲ ਦੇ ਲਿਖ-ਲਿਖਾ ਕਰਾਕੇ ਕੱਲ ਨੂੰ ਹੀ ਦੁਕਾਨ ਸੰਭਾਲ ਲਵੋ, ਬਾਕੀ ਕਾਰਵਾਹੀ ਚਲਦੀ ਰਹੇਗੀ।

ਟਿੱਕਾ ਇਸ ਗੱਲ ਲਈ ਤਿਆਰ ਸੀ। ਕੁਝ ਦੂਰ ਦੀ ਸੋਚਦਿਆਂ ਉਸ ਨੇ ਪੁੱਛਿਆ,

—ਕੈਟਰੀਨਾ, ਦੁਕਾਨ ਵੇਚ ਕੇ ਤੂੰ ਕੀ ਕਰਨਾਂ?

—ਮਿਸਟਰ ਸਿੰਘ, ਮੈਂ ਰੈੱਸਟ ਕਰਨਾ ਚਾਹੁੰਨੀ ਆਂ, ਹੁਣ ਇਸ ਬਿਜ਼ਨੈੱਸ ਵਿਚ ਪਰੈੱਸ਼ਰ ਬਹੁਤ ਵਧ ਗਿਆ ਤੇ ਵੇਚ ਕੇ ਮੈਂ ਕਿਤੇ ਜੌਬ ਲਭ ਲਵਾਂਗੀ ਤੇ ਦਬਾਅ-ਰਹਿਤ ਜ਼ਿੰਦਗੀ ਜੀਊਵਾਂਗੀ।

—ਕਿਉਂ ਨਹੀਂ ਤੂੰ ਸਾਡੇ ਨਾਲ ਹੀ ਏਦਾਂ ਈ ਕੰਮ ਕਰੀ ਜਾਂਦੀ।

ਟਿੱਕੇ ਦੀ ਗੱਲ ਸੁਣ ਕੇ ਕੈਟਰੀਨਾ ਸੋਚਾਂ ਵਿਚ ਪੈ ਗਈ ਤੇ ਬੋਲੀ,

—ਇਹਦੇ ਬਾਰੇ ਹਾਲੇ ਮੈਂ ਕੁਝ ਨਹੀਂ ਕਹਿ ਸਕਦੀ, ਮੈਂ ਸੋਚ ਕੇ ਦੱਸਾਂਗੀ।

ਦੁਕਾਨ ਦਾ ਸੌਦਾ ਤੈਅ ਹੋ ਗਿਆ। ਉਹਨਾਂ ਨੇ ਹੱਥ ਮਿਲਾਏ। ਟਿੱਕੇ ਨੇ ਮੁੰਦਰੀ ਨੂੰ ਵਧਾਈਆਂ ਦਿਤੀਆਂ। ਉਹ ਵਾਪਸ ਆਪਣੀ ਕਾਰ ਵਿਚ ਬੈਠੇ ਤਾਂ ਮੁੰਦਰੀ ਨੇ ਕਿਹਾ,

—ਟਿੱਕਾ ਜੀ, ਤੁਸੀਂ ਹੱਥ ਤਾਂ ਮਿਲਾ ਲਿਆ, ਏਨੀ ਜਲਦੀ ਘਰ ਨਹੀਂ ਵਿਕਣਾ, ਏਨਾ ਕੈਸ਼ ਕਿਥੋਂ ਆਏਗਾ?

—ਤੂੰ ਘਰ ਜਾ ਕੇ ਪੌਲ ਨੂੰ ਟੋਹ ਕਿ ਉਸ ਕੋਲ਼ ਕਿੰਨੇ ਕੁ ਆਂ। ਤੂੰ ਆਪਣੇ ਵੀ ਦੇਖ ਤੇ ਮੈਨੂੰ ਦੱਸ ਕਿੰਨੇ ਬਣਦੇ ਆ, ਫੇਰ ਦੇਖਦੇ ਆਂ, ਮੈਂ ਆਪਣੀ ਬੈਂਕ ਨਾਲ ਗੱਲ ਕਰ ਲੈਂਨਾ, ਉਹ ਸ਼ਾਇਦ ਥੋੜੇ ਸਮੇਂ ਲਈ ਲੋਨ ਦੇ ਦੇਣ।

ਛੇ ਹਜ਼ਾਰ ਪੌਂਡ ਪੌਲ ਕੋਲ ਪਿਆ ਸੀ ਤੇ ਨੌਂ ਹਜ਼ਾਰ ਦੇ ਕਰੀਬ ਮੁੰਦਰੀ ਦੀਆਂ ਬੁੱਕਾਂ ਤੋਂ ਨਿਕਲ ਆਇਆ। ਬਾਕੀ ਦੇ ਵੀਹ ਹਜ਼ਾਰ ਦਾ ਇੰਤਜ਼ਾਮ ਕਰਨ ਦਾ ਜ਼ਿੰਮਾ ਟਿੱਕੇ ਨੇ ਲੈ ਲਿਆ। ਪੈਸੇ ਤਾਂ ਟਿੱਕੇ ਕੋਲ ਪਏ ਹੀ ਸਨ ਪਰ ਉਹ ਇਹੋ ਕਹਿ ਰਿਹਾ ਸੀ ਕਿ ਉਸ ਨੇ ਬੈਂਕ ਤੋਂ ਲੋਨ ਲੈਣਾ ਹੈ। ਮੁੰਦਰੀ ਨੇ ਉਸ ਨੂੰ ਕਿਹਾ,

—ਟਿੱਕਾ ਜੀ, ਦੁਕਾਨ ਦੀ ਲੀਜ਼ ਵਿਚ ਤੁਹਾਡਾ ਨਾਂ ਜ਼ਰੂਰ ਹੋਵੇ।

—ਨਾਂ ਤਾਂ ਤੇਰਾ ਤੇ ਪੌਲ ਦਾ ਈ ਹੋਏਗਾ।

—ਪੌਲ ਨੂੰ ਰਹਿਣ ਦਿਓ, ...ਤੁਹਾਡਾ ਤੇ ਮੇਰਾ।

ਮੁੰਦਰੀ ਦੇ ਕਹਿਣ 'ਤੇ ਟਿੱਕਾ ਹੱਸਣ ਲਗਿਆ ਤੇ ਬੋਲਿਆ,

— ਪਤਾ ਨਹੀਂ ਤੂੰ ਮਨ ਹੀ ਮਨ ਕਿਹੜੀ ਕਿਹੜੀ ਸਕੀਮ ਬਣਾਉਨੀ ਰਹਿੰਨੀ ਐਂ!

## ਛੱਬੀ

ਮੁੰਦਰੀ ਨੇ ਸਭ ਤੋਂ ਪਹਿਲਾਂ ਦੁਕਾਨ ਦਾ ਬੋਰਡ ਬਦਲਿਆ। 'ਕੈਟ ਬਿਊਟੀ ਸੈਲੂਨ' ਦੀ ਜਗਾਹ ਉਸ ਨੇ 'ਮੁੰਦਰੀ ਡੌਟ ਕੌਮ ਬਿਊਟੀ ਪਾਰਲਰ' ਰੱਖ ਲਿਆ। ਬਾਕੀ ਦੀ ਦੁਕਾਨ ਉਵੇਂ ਹੀ ਰਹਿਣ ਦਿਤੀ। ਅੰਦਰੋਂ ਦੁਕਾਨ ਨੂੰ ਬਦਲਣ ਦਾ ਮਤਲਬ ਸੀ ਕਿ ਵੱਡਾ ਕੰਮ ਸਹੇੜਨਾ ਤੇ ਕਾਫੀ ਸਾਰਾ ਖਰਚਾ। ਫਿਰ ਉਪਰੋਂ ਦੀ ਉਹ ਗਰਭਵਤੀ ਵੀ ਸੀ। ਕਾਰੋਬਾਰ ਦੇ ਮਾਨਸਿਕ ਦਬਾਅ ਤੋਂ ਬਚਣ ਦੀ ਕੋਸ਼ਿਸ਼ ਕਰਦੀ। ਉਸ ਨੇ ਇਕ ਤਾਰੀਕ



ਦਾ ਐਲਾਨ ਕਰਕੇ ਆਪਣੀਆਂ ਸਾਰੀਆਂ ਕਲਾਇੰਟਸ ਨੂੰ ਇਕ ਸ਼ਾਨਦਾਰ ਪਾਰਟੀ ਦਿਤੀ। ਜਿਹੜੀਆਂ ਔਰਤਾਂ ਘਰ ਆਉਂਦੀਆਂ ਸਨ ਉਹਨਾਂ ਨੂੰ ਵੀ ਹੁਣ ਪਾਰਲਰ ਵਿਚ ਹੀ ਸੱਦਣ ਲੱਗ ਪਈ। ਕੁਝ ਕੁ ਔਰਤਾਂ ਲਈ ਹੌਕਲੀ ਜਾਣਾ ਮੁਸ਼ਕਲ ਸੀ ਤੇ ਕੁਝ ਕੰਮ ਤੇ ਜਾਣ ਵਾਲੀਆਂ ਔਰਤਾਂ ਸਨ ਜਿਹੜੀਆਂ ਕਿ ਕਾਫੀ ਲੇਟ ਮੁੜਦੀਆਂ, ਉਹਨਾਂ ਸਭ ਨੂੰ ਉਹ ਘਰ ਹੀ ਬੁਲਾ ਲੈਂਦੀ। ਉਹ ਸਵੇਰ ਨੌਂ ਵਜੇ ਸੈਲੂਨ ਖੋਹਲਦੀ ਤੇ ਛੇ ਵਜੇ ਬੰਦ ਕਰ ਦਿੰਦੀ। ਸੱਤ ਤੋਂ ਲੈ ਕੇ ਨੌਂ ਵਜੇ ਰਾਤ ਨੂੰ ਉਹ ਘਰੋਂ ਵੀ ਕੰਮ ਕਰਦੀ ਰਹਿੰਦੀ। ਬੱਚੇ ਸੰਭਾਲਣ ਲਈ ਉਸ ਨੇ ਹੁਣ ਰਾਣੀ ਪਟੇਲ ਨੂੰ ਰੱਖ ਲਿਆ ਹੋਇਆ ਸੀ। ਕੰਮ ਤੋਂ ਵਿਹਲਾ ਹੋ ਕੇ ਪੌਲ ਵੀ ਬੱਚੇ ਸੰਭਾਲਣ ਦਾ ਕੰਮ ਹੀ ਕਰਦਾ ਸੀ। ਉਸ ਨੂੰ ਪਾਰਲਰ ਨਾਲ ਬਹੁਤਾ ਵਾਸਤਾ ਨਹੀਂ ਸੀ। ਕੈਟਰੀਨਾ ਪਹਿਲਾਂ ਵਾਂਗ ਹੀ ਪਾਰਲਰ ਵਿਚ ਕੰਮ ਕਰਦੀ ਰਹੀ ਸੀ। ਇਸ ਗੱਲ ਦਾ ਮੁੰਦਰੀ ਨੂੰ ਬਹੁਤ ਸਹਾਰਾ ਸੀ। ਕੈਟਰੀਨਾ ਦੇ ਨਾਲ ਹੀ ਪਹਿਲੇ ਸਟਾਫ ਦੀਆਂ ਹੈਲਨ ਤੇ ਅਮਾਂਡਾ ਵੀ ਉਵੇਂ ਹੀ ਕੰਮ ਕਰਦੀਆਂ ਰਹੀਆਂ ਸਨ। ਇਕ ਗਰੀਕ ਮਾਰੀਆ ਕੰਮ ਛੱਡ ਗਈ ਸੀ, ਮੁੰਦਰੀ ਨੂੰ ਉਸ ਦੀ ਜ਼ਰੂਰਤ ਵੀ ਨਹੀਂ ਸੀ ਕਿਉਂਕਿ ਹੁਣ ਉਸ ਨੇ ਆਪ ਵੀ ਤਾਂ ਕੰਮ ਕਰਨਾ ਹੀ ਸੀ।

ਟਿੱਕਾ ਛੇ ਕੁ ਵਜੇ ਸੈਲੂਨ ਵਿਚ ਆਉਂਦਾ। ਸਾਰਾ ਸਟਾਫ ਚਲੇ ਗਿਆ ਹੁੰਦਾ। ਉਹ ਮੁੰਦਰੀ ਨੂੰ ਪਿਛਲੇ ਕਮਰੇ ਵਿਚ ਖਿੱਚ ਲੈ ਜਾਂਦਾ ਕਿਉਂਕਿ ਹੁਣ ਮੁੰਦਰੀ ਉਸ ਕੋਲ ਰਾਤ ਰਹਿਣ ਨਹੀਂ ਸੀ ਜਾਂਦੀ। ਏਨੇ ਘੰਟੇ ਕੰਮ ਕਰਕੇ ਉਹ ਜਾਣ ਜੋਗੀ ਰਹਿੰਦੀ ਹੀ ਨਹੀਂ ਸੀ। ਸਾਰਾ ਦਿਨ ਕੰਮ ਕਰਕੇ ਮੁੰਦਰੀ ਵਿਚ ਤਾਕਤ ਨਾ ਬਚੀ ਹੁੰਦੀ। ਉਹ ਚਾਹੁੰਦੀ ਕਿ ਟਿੱਕੇ ਨੂੰ 'ਨਾਂਹ' ਕਰ ਦੇਵੇ ਪਰ ਓਹ ਇਵੇਂ ਕਰ ਨਾ ਸਕਦੀ। ਉਸ ਨੂੰ ਪਤਾ ਸੀ ਕਿ ਟਿੱਕਾ 'ਨਾਂਹ' ਸੁਣਨ ਦਾ ਆਦੀ ਨਹੀਂ ਹੈ। ਉਹ ਟਿੱਕੇ ਨੂੰ ਕਿਸੇ ਵੀ ਕੀਮਤ 'ਤੇ ਨਰਾਜ਼ ਨਹੀਂ ਸੀ ਕਰ ਸਕਦੀ।

ਲੈਸਟਰ ਵਾਲਾ ਘਰ ਕਿਰਾਏਦਾਰ ਖਾਲੀ ਕਰ ਗਏ ਤਾਂ ਮੁੰਦਰੀ ਨੇ ਟਿੱਕੇ ਨੂੰ ਕਿਹਾ,

—ਕਿਸੇ ਏਜੰਟ ਨੂੰ ਫੋਨ ਕਰ ਕੇ ਇਹਨੂੰ ਸੇਲ ਤੇ ਈ ਲਗਾ ਦਿਓ।

—ਨਹੀਂ, ਉਹ ਘਰ ਨਹੀਂ ਵੇਚਣਾ। ਦੁਕਾਨ ਆਪਣਾ ਖਰਚ ਚੁੱਕਣ ਲੱਗ ਪਈ ਆ,...ਘਰਦੀ ਤਾਂ ਪਏ ਦੀ ਈ ਕੀਮਤ ਵਧਦੀ ਜਾਣੀ ਆਂ।

ਟਿੱਕੇ ਨੇ ਸਾਰਾ ਹਿਸਾਬ ਲਾ ਕੇ ਦੇਖ ਲਿਆ ਸੀ। ਮੁੰਦਰੀ ਨੂੰ ਘਰ ਵੇਚਣ ਦੀ ਬਿਲਕੁਲ ਲੋੜ ਨਹੀਂ ਸੀ ਪੈਣੀ। ਇੰਨੀ ਸੇਲ ਵਿਚੋਂ ਹੀ ਮੁੰਦਰੀ ਉਹਦਾ ਉਧਾਰ ਵੀ ਲਾਹ ਸਕਦੀ ਸੀ ਤੇ ਬਾਕੀ ਖਰਚੇ ਵੀ ਆਸਾਨੀ ਨਾਲ ਪੂਰੇ ਕਰ ਸਕਦੀ ਸੀ। ਟਿੱਕੇ ਨੇ ਦੁਕਾਨ ਵਿਚ ਆਪਣਾ ਹਿੱਸਾ ਨਹੀਂ ਸੀ ਪਾਇਆ। ਸਾਰੀ ਦੁਕਾਨ ਮੁੰਦਰੀ ਦੇ ਨਾਂ 'ਤੇ ਹੀ ਲਈ ਸੀ। ਦੁਕਾਨ ਦੀ ਸੇਲ ਓਨੀ ਨਹੀਂ ਸੀ ਜਿੰਨੀ ਕੈਟਰੀਨਾ ਦੱਸਦੀ ਸੀ ਪਰ ਮੁੰਦਰੀ ਦੇ ਘਰ ਦੀ ਕਲਾਇੰਟਰੀ ਪਾ ਕੇ ਦੁਕਾਨ ਦੀ ਸੇਲ ਬਹੁਤ ਠੀਕ ਹੋ ਗਈ ਸੀ।

ਤੀਜਾ ਬੱਚਾ ਹੋਣ ਵੇਲੇ ਮੁੰਦਰੀ ਹਫਤੇ ਕੁ ਲਈ ਕੰਮ ਤੇ ਨਾ ਗਈ। ਉਸ ਦਾ ਕੰਮ ਕੈਟਰੀਨਾਨੇ ਸੰਭਾਲ ਲਿਆ ਸੀ। ਟਿੱਕਾ ਐਵੇਂ ਨਾਂ ਵਜੋਂ ਗੇੜਾ ਮਾਰ ਵੀ ਆਉਂਦਾ। ਐਤਕੀਂ ਵੀ ਮੁੰਦਰੀ ਦੇ ਮੁੰਡਾ ਹੋਇਆ। ਨਾਂ ਤੇ ਉਸ ਨੇ ਪਰਵੇਸ਼ ਰੱਖਿਆ ਪਰ ਉਹ ਉਸ ਨੂੰ ਪਹਿਲੇ ਦਿਨ ਤੋਂ ਹੀ ਲਾਟ ਕਹਿਣ ਲੱਗ ਪਈ। ਮੁੰਡੇ ਦੇ ਚੌੜੇ ਮੱਥੇ ਤੇ ਵੱਡੇ ਸਾਰੇ ਨੱਕ

ਤੋਂ ਟਿੱਕੇ ਦੇ ਝਾਉਲੇ ਪੈਂਦੇ ਸਨ ਪਰ ਕਿਸੇ ਨੇ ਕੋਈ ਟਿਪਣੀ ਨਾ ਕੀਤੀ। ਮੁੰਦਰੀ ਨੇ ਟਿੱਕੇ ਨੂੰ ਕਿਹਾ,

—ਤੁਸੀਂ ਕਿਹੋ ਜਿਹੇ ਪਿਓ ਆਂ?

—ਕੀ ਹੋਇਆ?

—ਮੈਂ ਤੁਹਾਨੂੰ ਇੰਨਾ ਸੁਹਣਾ ਮੁੰਡਾ ਦਿਤਾ ਤੁਸੀਂ ਇਕ ਵਾਰ ਵੀ ਥੈਂਕਸ ਨਹੀਂ ਕੀਤਾ।

—ਥੈਂਕਿਊ ਮੁੰਦਰੀਏ!

—ਕੋਈ ਤੋਹਫਾ?

—ਤੈਨੂੰ ਪਤਾ ਕਿ ਮੈਨੂੰ ਏਹਨਾਂ ਪੰਗਿਆਂ ਵਿਚ ਨਹੀਂ ਪੈਣਾ ਆਉਂਦਾ, ਨਾਲ਼ੇ ਤੇਰੇ ਲੱਲੂ ਪਰਾਸ਼ਰ ਨੇ ਝੁਮਕੇ ਦੇ ਹੀ ਦਿਤੇ, ਉਹਨਾਂ ਵਿਚੋਂ ਇਕ ਮੇਰਾ ਸਮਝ ਲੈ।

ਆਖਦਾ ਟਿੱਕਾ ਹੱਸਣ ਲੱਗ ਪਿਆ। ਟਿੱਕਾ ਬਹੁਤ ਖੁਸ਼ ਸੀ। ਉਸ ਦੇ ਮਨ ਇਕ ਹਲਕਾ ਜਿਹਾ ਦੁੱਖ ਵੀ ਸੀ ਕਿ ਇਹ ਖੁਸ਼ੀ ਉਹ ਕਿਸੇ ਨਾਲ ਵੀ ਸਾਂਝੀ ਨਹੀਂ ਕਰ ਸਕਦਾ। ਗੱਲਾਂ ਗੱਲਾਂ ਵਿਚ ਮੋਹਣ ਨੂੰ ਜ਼ਰੂਰ ਦੱਸ ਬੈਠਾ ਸੀ।

ਪੌਲਵੀ ਖੁਸ਼ ਫਿਰਦਾ ਸੀ। ਪਹਿਲਿਆਂ ਬੱਚਿਆਂ ਦੇ ਜਨਮ ਸਮੇਂ ਵੀ ਉਸ ਨੇ ਮੁੰਦਰੀ ਨੂੰ ਕੋਈ ਨਾ ਕੋਈ ਗਹਿਣਾ ਬਣਾ ਕੇ ਦਿਤਾ ਸੀ। ਉਹ ਤਾਂ ਉਂਜ ਹੀ ਮੁੰਦਰੀ ਲਈ ਕੁਝ ਖਰੀਦਦਾ ਹੀ ਰਹਿੰਦਾ, ਕਦੇ ਉਸ ਦੇ ਜਨਮ ਦਿਨ 'ਤੇ ਤੇ ਕਦੇ ਕ੍ਰਿਸਮਸ ਜਾਂ ਦਿਵਾਲੀ 'ਤੇ।ਉਹਨਾਂ ਨੇ ਮਾਂਪਿਓ ਨਾਲ ਵੀ ਫੋਨ ਉਪਰ ਬੱਚੇ ਦੇ ਜਨਮ ਦੀ ਖੁਸ਼ੀ ਸਾਂਝੀ ਕੀਤੀ। ਮਾਂਪਿਓ ਦਾ ਫੋਨ ਤਾਂ ਉਹਨਾਂ ਨੂੰ ਆਉਂਦਾ ਹੀ ਰਹਿੰਦਾ ਸੀ ਭਾਵੇਂ ਮੁੰਦਰੀ ਨਾਲ ਉਹ ਬਹੁਤੀ ਗੱਲ ਨਹੀਂ ਸਨ ਕਰਦੇ।

ਟਿੱਕੇ ਨੇ ਮੁੰਦਰੀ ਡੌਟ ਕੌਮ ਬਿਊਟੀ ਪਾਰਲਰ ਦੇ ਨਾਂ ਦੀ ਸਾਈਟ ਆਪ ਹੀ ਬਣਾ ਲਈ। ਬਹੁਤੀ ਪ੍ਰੋਫੈਸ਼ਨਲ ਤਾਂ ਨਹੀਂ ਸੀ ਪਰ ਫਿਰ ਵੀ ਸੁਹਣੀ ਸੀ। ਪਹਿਲੇ ਸਫੇ ਤੇ ਉਸ ਨੇ ਮੁੰਦਰੀ ਦੀ ਚਿੱਟੀ ਵਰਦੀ ਵਿਚ ਖੂਬਸੂਰਤ ਜਿਹੀ ਤਸਵੀਰ ਲਾਈ ਤੇ ਨਾਲ ਹੀ ਉਸ ਦੇ ਬਿਊਟੀ ਪਾਰਲਰ ਬਾਰੇ ਸੰਖੇਪ ਜਿਹੀ ਜਾਣਕਾਰੀ। ਇਸ ਦੇ ਖੁਲ੍ਹਣ ਦੇ ਵਕਤ ਬਾਰੇ, ਇਸ ਦੇ ਸਿਰਨਾਵੇਂ ਤੇ ਬੁਕਿੰਗ ਕਰਨ ਲਈ ਟੈਲੀਫੋਨ ਨੰਬਰ ਤੇ ਈਮੇਲ ਸਿਰਨਾਵਾਂ ਆਦਿ। ਈਮੇਲ ਐਡਰੈੱਸ ਤਾਂ ਉਸ ਨੇ ਥੋੜੇ ਜਿਹੇ ਪੈਸੇ ਖਰਚ ਕੇ 'ਮੁੰਦਰੀ ਐਟ ਮੁੰਦਰੀ ਡੌਟ ਕੌਮ' ਹੀ ਬਣਾ ਲਿਆ ਸੀ। ਖੱਬੇ ਹੱਥ ਸੈਕਸ਼ਨ ਵੰਡ ਦਿਤੇ ਕਿ ਕੀ ਕਿਥੇ ਹੈ। ਅਗਲੇ ਸਫੇ ਉਪਰ ਮੁੰਦਰੀ ਤੇ ਉਸ ਦੇ ਸਟਾਫ ਦੀਆਂ ਕੰਮ ਕਰਦੀਆਂ ਦੀਆਂ ਤਸਵੀਰਾਂ। ਇਕ ਸੈਕਸ਼ਨ ਉਸ ਦੀਆਂ ਕੀਮਤਾਂ ਦਾ। ਵੈਕਸਿੰਗ, ਫੇਸ਼ੀਅਲ ਦੀਆਂ ਕੀਮਤਾਂ ਇਕ ਪਾਸੇ ਤੇ ਇਲੈਕਰੋਲਸਜ਼ ਦੀਆਂ ਕੀਮਤਾਂ ਇਕ ਪਾਸੇ। ਮੈਨੀਕਿਊਰ ਤੇ ਪੈਡੀਕਿਊਰ ਵੀ ਉਸ ਨੇ ਸ਼ੁਰੂ ਕਰ ਲਏ ਸਨ। ਟਿੱਕਾ ਸੋਚਦਾ ਸੀ ਕਿ ਇਸ ਵੈੱਬਸਾਈਟ ਦਾ ਮੁੰਦਰੀ ਨੂੰ ਪਤਾ ਨਹੀਂ ਕੋਈ ਫਾਇਦਾ ਹੋਵੇ ਜਾਂ ਨਾ ਪਰ ਨਵੀਂ ਟੈਕਨੌਲੌਜੀ ਨਾਲ ਜੁੜਨਾ ਜਰੂਰੀ ਸੀ।

ਮੁੰਦਰੀ ਦੇ ਬੱਚੇ ਵੱਡੇ ਹੋ ਰਹੇ ਸਨ। ਵੱਡੇ ਦੋ ਤਾਂ ਹੁਣ ਦੌੜੇ ਫਿਰਦੇ ਸਨ। ਛੋਟਾ ਵੀ ਰੁੜਨ ਲੱਗ ਪਿਆ ਸੀ। ਪੌਲ ਦੀ ਮਾਂ ਸਾਰੇ ਬੱਚਿਆਂ ਦੇ ਮੁੰਡਨ ਕਰਵਾਉਣਾ ਚਾਹੁੰਦੀ ਸੀ। ਉਸ ਨੇ ਚਿੱਠੀ ਲਿਖੀ ਕਿ ਤਿੰਨਾਂ ਬੱਚਿਆਂ ਨੂੰ ਲੈ ਕੇ ਪੌਲ ਇੰਡੀਆ ਆ ਜਾਵੇ। ਉਹਨਾਂ ਨੂੰ ਪਤਾ ਸੀ ਕਿ ਮੁੰਦਰੀ ਕੋਲ ਤਾਂ ਹੁਣ ਵਕਤ ਨਹੀਂ ਹੈ। ਮੁੰਦਰੀ ਨੇ ਚਿੱਠੀ ਪੜ੍ਹੀ



ਤਾਂ ਬੋਲੀ,

—ਪੌਲ, ਅਵੱਲ ਤਾਂ ਮੈਂ ਮੁੰਡਨ-ਸ਼ੁੰਡਨ ਦੇ ਹੱਕ ਵਿਚ ਨਹੀਂ ਪਰ ਜੇ ਤੂੰ ਕਰਵਾਉਣਾ ਵੀ ਐ ਤਾਂ ਵੱਡੇ ਦੋਂਹ ਦਾ ਕਰਵਾ ਲਵੋ, ਛੋਟੇ ਲਾਟ ਦਾ ਮੈਂ ਨਹੀਂ ਕਰਨ ਦੇਣਾ।

—ਕਿਉਂ?

—ਪਤਾ ਨਹੀਂ, ਮੇਰਾ ਦਿਲ ਕਰਦਾ ਕਿ ਇਹਨੂੰ ਮੈਂ ਸਿੰਘ ਸਜਾਵਾਂ।

—ਪਾਗਲ ਹੋ ਗਈ ਐਂ?

—ਪਤਾ ਨਹੀਂ ਮੇਰਾ ਕਿਉਂ ਦਿਲ ਕਰਦਾ ਕਿ ਇਹਦੇ ਨਾਂ ਨਾਲ ਵੀ ਸਿੰਘ ਲਗਾ ਦੇਵਾਂ।

—ਅੱਜਕਲ ਸਿੰਘ ਤਾਂ ਸਿੰਘ ਨਹੀਂ ਸਜ ਰਹੇ ਤੂੰ ਇਕ ਬ੍ਰਾਮਣ ਨੂੰ ਸਿੰਘ ਸਜਾਉਣ ਲੱਗੀ ਆਂ, ਨਾਲ਼ੇ ਤੈਨੂੰ ਪਤਾ ਕਿ ਮੈਂ ਧੜੇ-ਧਰਮਾਂ ਨੂੰ ਨਹੀਂ ਮੰਨਦਾ, ਮੈਂ ਤਾਂ ਮੁੰਡਨਾਂ ਦੇ ਹੱਕ 'ਚ ਵੀ ਨਹੀਂ, ਤੈਨੂੰ ਪਤਾ ਕਿ ਮੁੰਡਨ ਕਰਾਉਣ ਵਾਸਤੇ ਵਾਲ਼ ਰੱਖਣੇ ਹੁੰਦੇ ਆ ਬੱਚੇ ਦੇ ਤੇ ਆਪਾਂ ਤਾਂ ਕਟਦੇ ਰਹੇ ਆਂ।

—ਪਰ ਮੈਂ ਲਾਟ ਦੇ ਵਾਲ਼ ਹੁਣ ਨਹੀਂ ਕੱਟਣੇ।

—ਇਹ ਭਲਾ ਕਿਥੋਂ ਦੀ ਅਕਲ ਐ!

ਮੁੰਦਰੀ ਨੇ ਬਹਿਸ ਕੀਤੇ ਬਿਨਾਂ ਹੀ ਗੱਲ ਉਥੇ ਹੀ ਰੋਕ ਦਿਤੀ। ਪੌਲ ਨੇ ਮੁੜ ਕੇ ਲਾਟ ਦੇ ਵਾਲ ਕਟਵਾਉਣ ਦੀ ਗੱਲ ਹੀ ਨਾ ਕੀਤੀ। ਲਾਟ ਸਾਲ ਕੁ ਦਾ ਹੋਇਆ ਤਾਂ ਉਸ ਦੇ ਗੁੱਟੀ ਕਰਨੀ ਸ਼ੁਰੂ ਕਰ ਦਿਤੀ।

ਸਤਨਾਮ ਕੌਰ ਦੋ ਕੁ ਵਾਰ ਬਿਊਟੀ ਪਾਰਲਰ 'ਤੇ ਆਈ। ਉਹ ਮੁੰਦਰੀ ਦਾ ਕੰਮ ਦੇਖ ਕੇ ਜਲ-ਭੁੱਜ ਜਾਂਦੀ। ਅਜਿਹੀ ਦੁਕਾਨ ਦਾ ਸੁਫਨਾ ਤਾਂ ਉਹ ਆਪਣੀ ਧੀ ਕੈਰਲ ਲਈ ਦੇਖੀ ਬੈਠੀ ਸੀ। ਮੁੰਦਰੀ ਉਸ ਦੀ ਈਰਖਾ ਨੂੰ ਸਮਝਦੀ ਸੀ। ਕੈਰਲ ਕਈ ਵਾਰ ਉਸ ਕੋਲ ਆਪਣਾ ਕੰਮ ਕਰਾਉਣ ਆ ਜਾਂਦੀ। ਮੁੰਦਰੀ ਉਸ ਤੋਂ ਪੈਸੇ ਨਾ ਲੈਂਦੀ। ਪਾਰਲਰ ਵਿਚ ਆਈ ਕੈਰਲ ਦਫਤਰ ਵਿਚ ਜਾ ਕੇ ਕੰਪਿਊਟਰ ਉਪਰ ਗੇਮਾਂ ਖੇਡਣ ਲੱਗ ਪੈਂਦੀ। ਉਸ ਦਾ ਹਾਲੇ ਵਿਆਹ ਨਹੀਂ ਸੀ ਹੋਇਆ। ਦੋ ਕੁ ਮੁੰਡੇ ਉਸ ਨੇ ਦੇਖੇ ਸਨ ਪਰ ਉਸ ਨੂੰ ਪਸੰਦ ਨਹੀਂ ਸਨ ਆਏ। ਮੁੰਦਰੀ ਆਖਦੀ,

—ਕੈਰਲ, ਹੋਰ ਲੇਟ ਨਾ ਹੋ, ਜਿਹੜਾ ਮਿਲਦਾ ਵਿਆਹ ਕਰਾ ਲੈ।

—ਵਿਆਹ ਹੁਣ ਮੈਂ ਸੋਫੇ ਨਾਲ ਕਰਾ ਲਵਾਂ? ਮੁੰਡੇ ਬਾਸਟ੍ਰਡ ਤਾਂ ਜਿੰਦਾਂ ਮਰ ਹੀ ਗਏ ਹੋਣ!

ਕੈਰਲ ਬੇਵਸੀ ਜਿਹੀ ਵਿਚ ਹੱਥ ਮਾਰਦੀ ਕਹਿੰਦੀ।

ਮੁੰਦਰੀ ਦਾ ਕੰਮ ਸੁਹਣਾ ਚਲਦਾ ਸੀ। ਟਿੱਕੇ ਦੇ ਪੈਸੇ ਸਾਲ ਦੇ ਵਿਚ ਹੀ ਮੋੜ ਹੋ ਗਏ ਸਨ। ਟਿੱਕਾ ਆਪ ਹੀ ਹਿਸਾਬ ਨਾਲ ਲੈ ਲਿਆ ਕਰਦਾ। ਟਿੱਕੇ ਦੀ ਇਕ ਗੱਲ ਸੀ ਕਿ ਪਹਿਲੇ ਕੁਝ ਮਹੀਨੇ ਤਾਂ ਹਰ ਰੋਜ਼ ਆ ਜਾਇਆ ਕਰਦਾ ਪਰ ਫਿਰ ਉਸ ਨੂੰ ਲੱਗਣ ਲਗਿਆ ਕਿ ਕੰਮ ਚੱਲ ਪਿਆ ਹੈ ਤਾਂ ਉਸ ਨੇ ਆਉਣਾ ਘੱਟ ਕਰ ਦਿਤਾ। ਹੁਣ ਤਾਂ ਅਜਿਹਾ ਸੀ ਕਿ ਉਹ ਛੁੱਟੀ ਵਾਲੇ ਦਿਨ ਹੀ ਆਉਂਦਾ, ਜਾਂ ਫਿਰ ਜਦ ਉਸ ਦਾ ਮਨ-ਤਨ ਕੁਝ ਜ਼ਿਆਦਾ ਹੀ ਮਚਲ ਰਿਹਾ ਹੁੰਦਾ। ਉਸ ਦਾ ਇਵੇਂ ਆਉਣਾ ਮੁੰਦਰੀ ਲਈ ਹੁਣ ਸਜ਼ਾ ਬਣਨ ਲੱਗਿਆ ਸੀ। ਕਦੇ ਕਦੇ ਉਸ ਦੀ ਪੁਰਾਣੀ ਸਹੇਲੀ ਮਿਸਜ਼ ਭੰਗੂ ਨਾਲ ਫੋਨ ਉਪਰ

ਗੱਲ ਹੁੰਦੀ। ਉਹ ਟਿੱਕੇ ਬਾਰੇ ਸ਼ਿਕਾਇਤ ਕਰਦੀ ਤਾਂ ਮਿਸਜ਼ ਭੰਗੂ ਹੱਸਦੀ ਹੋਈ ਬੋਲਦੀ ਕਿ ਇਹ ਜਾਂਦੀ ਵਾਰ ਦੇ ਕੁਝ ਹੁੱਝਕੇ ਸਨ, ਸਹਿ ਜਾਹ।

ਮੁੰਦਰੀ ਨੇ ਆਪਣੇ ਬਿਊਟੀਪਾਰਲਰ ਵਿਚ ਇਕ ਹੋਰ ਆਈਟਮ ਜੋੜ ਲਈ, ਉਹ ਸੀ ਦੁਹਲਨ ਤਿਆਰ ਕਰਨੀ। ਆਮ ਵਿਆਹਾਂ ਲਈ ਤਿਆਰ ਹੋਣ ਲਈ ਔਰਤਾਂ ਉਸਦੇ ਬਿਊਟੀ ਪਾਰਲਰ ਵਿਚ ਕੈਟਰੀਨਾ ਦੇ ਵੇਲੇ ਤੋਂ ਹੀ ਆਇਆ ਕਰਦੀਆਂ ਸਨ ਪਰ ਉਸ ਨੇ ਭਾਰਤੀ ਦੁਲਹਨ ਦੀ ਨਵੀਂ ਆਈਟਮ ਸ਼ੁਰੂ ਕਰ ਲਈ ਤੇ ਇਸ ਦੀ ਕੀਮਤ ਰੱਖੀ ਦੋ ਸੌ ਪੌਂਡ। ਇਹ ਕੀਮਤ ਜ਼ਰਾ ਕੱਸਵੀਂ ਸੀ ਪਰ ਔਰਤਾਂ ਆਉਣ ਲੱਗ ਪਈਆਂ ਸਨ। ਉਸ ਦੇ ਪਾਰਲਰ ਦਾ ਟੌਅਰ ਦੇਖ ਕੇ ਗਾਹਕ ਔਰਤਾਂ ਪੈਸੇ ਦੇ ਜਾਂਦੀਆਂ ਸਨ। ਉਸ ਦੀਆਂ ਬਾਕੀ ਕੀਮਤਾਂ ਵੀ ਜ਼ਰਾ ਵੱਧ ਹੀ ਸਨ ਜਿਵੇਂ ਕਿ ਪੂਰੇ ਸਰੀਰ ਦੀ ਵੈਕਸਿੰਗ ਦੇ ਉਹ ਪੈਂਤੀ ਪੌਂਡ ਲੈਂਦੀ ਜਦੋਂ ਕਿ ਕਈ ਹੋਰ ਜਗਾਵਾਂ ਤੇ ਇਹ ਤੀਹ ਪੌਂਡ ਵਿਚ ਵੀ ਕਰਾ ਹੋ ਜਾਂਦਾ। ਪੂਰੇ ਫੇਸ਼ੀਅਲ ਦੇ ਉਹ ਪੰਦਰਾਂ ਪੌਂਡ ਲੈਂਦੀ, ਇਵੇਂ ਹੀ ਬੌਡੀ ਮਸਾਜ ਦੇ ਪੱਚੀ ਪੌਂਡ। ਇਲੈਕਟਰੌਲਸਜ਼ ਦੇ ਉਸ ਨੇ ਪੰਜਾਹ ਪੌਂਡ ਘੰਟੇ ਦੇ ਹਿਸਾਬ ਨਾਲ ਕੀਮਤ ਰੱਖੀ ਹੋਈ ਸੀ ਪਰ ਉਸ ਦਾ ਕੰਮ ਚੱਲ ਰਿਹਾ ਸੀ। ਉਸ ਦੇ 'ਮੁੰਦਰੀ ਡੌਟ ਕੌਮ' ਦਾ ਆਪਣੇ ਉੱਚ ਪੱਧਰ ਲਈ ਜਾਣਿਆਂ ਜਾਣ ਲੱਗਿਆ ਸੀ।

ਹੁਣ ਮੁੰਦਰੀ ਦਾ ਸੁਭਾਅ ਵੀ ਬਦਲ ਰਿਹਾ ਸੀ। ਹੁਣ ਉਹ ਇਕ ਪਾਰਲਰ ਦੀ ਮਾਲਕਣ ਸੀ। ਗੱਲ ਕਰਨ ਵੇਲੇ ਉਸ ਦਾ ਲਹਿਜ਼ਾ ਹਾਕਮਾਨਾ ਹੋ ਜਾਂਦਾ। ਉਸ ਨੂੰ ਸਟਾਫ ਸੰਭਾਲਣਾ ਪੈਂਦਾ ਸੀ ਤੇ ਕਾਲਇੰਟਸ ਵੀ। ਸਟਾਫ ਨਾਲ ਉਹ ਆਪਣਾ ਰਵੱਈਆ ਜ਼ਰਾ ਸਖਤ ਰੱਖਦੀ ਤੇ ਕਲਾਇੰਟਸ ਨਾਲ ਦੋਸਤਾਨਾ। ਕੁੜੀਆਂ ਕੰਮ ਸਿੱਖਣ ਦੇ ਮਕਸਦ ਨਾਲ ਵੀ ਪਾਰਲਰ ਵਿਚ ਕੰਮ ਕਰਨ ਆਣ ਲੱਗੀਆਂ ਸਨ। ਜਿਹਨਾਂ ਨੂੰ ਮੁੰਦਰੀ ਕੰਮ ਸਿੱਖਣ ਦੇ ਵੀ ਥੋੜੇ ਬਹੁਤ ਪੈਸੇ ਦੇ ਦਿੰਦੀ, ਉਹਨਾਂ ਦੇ ਮੁੰਦਰੀ ਨੂੰ 'ਮੈਡਮ-ਮੈਡਮ' ਕਹਿੰਦੀਆਂ ਦੇ ਮੂੰਹ ਸੁਕਦੇ। ਮੁੰਦਰੀ ਨੂੰ ਇਹ ਬਹੁਤ ਚੰਗਾ ਲੱਗਦਾ।

ਇਕ ਦਿਨ ਮੁੰਦਰੀ ਨੂੰ ਕਿਸੇ ਔਰਤ ਦਾ ਫੋਨ ਆਇਆ। ਕੋਈ ਪੇਂਡੂ ਜਿਹੀ ਔਰਤ ਸੀ ਜਿਸ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਮੁੰਦਰੀ ਨੇ ਨਾਂ ਪੁੱਛਿਆ ਤਾਂ ਔਰਤ ਬੋਲੀ,

—ਮੈਂ ਸਤਵਿੰਦਰ ਕੋਰ, ਸਤਿਆ, ਸਤਨਾਮ ਕੋਰ ਦੀ ਛੋਟੀ ਭੈਣ।

—ਸਤਿ ਸ੍ਰੀ ਅਕਾਲ ਅੰਟੀ ਜੀ।

—ਮੁੰਦਰੀ, ਤੇਰੇ ਕੋਲ ਕੋਈ ਜੌਬ ਵੀ ਹੈਗੀ?

ਸਤਿਆ ਨੇ ਪੁੱਛਿਆ। ਮੁੰਦਰੀ ਸੋਚਾਂ ਵਿਚ ਪੈ ਗਈ ਕਿ ਕੀ ਕਹੇ। ਵੈਸੇ ਉਸ ਨੂੰ ਪਾਰਲਰ ਦੀ ਸਫਾਈ ਵਾਲੀ ਇਕ ਔਰਤ ਦੀ ਲੋੜ ਤਾਂ ਸੀ, ਉਹ ਸੋਚਣ ਲਗੀ ਕਿ ਪਤਾ ਨਹੀਂ ਸਤਿਆ ਇਹ ਜੌਬ ਕਰੇ ਜਾਂ ਨਾ। ਉਸ ਨੇ ਕਿਹਾ,

—ਅੰਟੀ ਜੀ, ਮੇਰੇ ਕੋਲ ਤਾਂ ਸਕਿੱਲਡ ਜੌਬਾਂ ਹੈਗੀਆਂ, ਹਾਂ ਜੇ ਤੁਸੀਂ ਕਲੀਨਿੰਗ ਦਾ ਕੰਮ ਕਰ ਸਕਦੇ ਆਂ ਤਾਂ ਆ ਜਾਓ।

—ਕੋਈ ਹੋਇਆ, ਕੰਮ ਤਾਂ ਕੰਮ ਹੁੰਦਾ। ਤੇਰੇ ਅੰਕਲ ਦੀ ਜੌਬ ਚਲੇ ਗਈ, ਮੈਨੂੰ ਹੁਣ ਲੋੜ ਐ।

ਸਤਿਆ ਅਗਲੇ ਦਿਨ ਹੀ ਆਈ ਤੇ ਥੋੜੀ ਜਿਹੀ ਝਿਜਕ ਤੋਂ ਬਾਅਦ ਉਸ ਨੇ



ਕੰਮ ਸ਼ੁਰੂ ਕਰ ਲਿਆ। ਛੇਤੀ ਹੀ ਉਹ ਵੀ ਬਾਕੀ ਸਟਾਫ ਵਾਂਗ ਮੁੰਦਰੀ ਨੂੰ 'ਮੈਡਮ' ਕਹਿ ਕੇ ਬੁਲਾਉਣ ਲੱਗ ਪਈ। ਸਤਨਾਮ ਕੋਰ ਨੂੰ ਆਪਣੀ ਭੈਣ ਦਾ ਨੌਕਰਾਣੀ ਕੋਲ ਨੌਕਰਾਣੀ ਬਣਨਾ ਚੰਗਾ ਨਹੀਂ ਸੀ ਲੱਗ ਰਿਹਾ। ਉਸ ਨੇ ਆਪਣੇ ਪਤੀ ਨਾਲ ਗੱਲ ਕਰਦਿਆਂ ਕਿਹਾ,

—ਸਤਿਆ ਨੇ ਇਹ ਠੀਕ ਨਹੀਂ ਕੀਤਾ।

—ਨਹੀਂ ਸਤਨਾਮ ਕੋਰੇ, ਤੂੰ ਉਲਟਾ ਸੋਚਦੀ ਆਂ, ਗੱਲ ਏਦਾਂ ਨਹੀਂ ਹੁੰਦੀ, ਨੌਕਰ ਵਾਲੀ ਕੋਈ ਗੱਲ ਨਹੀਂ, ਉਹਨੇ ਕੰਮ ਕਰਨਾ ਤੇ ਪੈਸੇ ਲੈਣੇ ਆਂ। ਇਹ ਨੌਕਰ-ਮਾਲਕ ਵਾਲੀ ਧਾਰਣਾ ਏਸ ਮੁਲਕ 'ਚ ਨਹੀਂ ਹੁੰਦੀ। ਤੂੰ ਪੁਰਾਣੀਆਂ ਸੋਚਾਂ ਨੂੰ ਲੈ ਕੇ ਬੈਠੀ ਆਂ। ਏਸ ਮੁਲਕ ਵਿਚ ਜਿਹਦੇ ਵਿਚ ਕੂਵਤ ਹੋਏਗੀ ਕਿਸੇ ਨੂੰ ਕੰਮ 'ਤੇ ਰੱਖਣ ਦੀ ਉਹੀ ਰੱਖ ਸਕੇਗਾ, ਹੁਣ ਮੇਰੇ ਅੰਡਰ ਪੰਜ ਬੰਦੇ ਕੰਮ ਕਰਦੇ ਆ ਤੇ ਸਾਡੀ ਕੈਰਲ ਕੰਮ ਦੀ ਤਲਾਸ਼ 'ਚ ਫਿਰਦੀ ਆ। ਏਦਾਂ ਮੁੰਦਰੀ ਵਿਚ ਕੂਵਤ ਹੈਗੀ।

ਕੈਰਲ ਦੇ ਵਿਹਲੇ ਫਿਰਨ ਤੋਂ ਸਤਨਾਮ ਕੋਰ ਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਉਸ ਨੂੰ ਵੀ ਮੁੰਦਰੀ ਨਾਲ ਕੰਮ 'ਤੇ ਲਗਾ ਦੇਵੇ। ਉਸ ਨੇ ਮੌਕਾ ਪਾ ਕੇ ਮੁੰਦਰੀ ਨੂੰ ਫੋਨ ਕੀਤਾ ਤੇ ਆਖਿਆ,

—ਧੀਏ, ਕੈਰਲ ਨੂੰ ਵੀ ਕਿਸੇ ਤਰ੍ਹਾਂ ਕੰਮ 'ਤੇ ਰੱਖ ਲੈ।

—ਅੰਟੀ, ਉਹਨੇ ਕੋਈ ਸਟਰੀਫਿਕੇਟ ਤਾਂ ਲਿਆ ਨਹੀਂ।

—ਪਰ ਕੰਮ ਉਹ ਸਾਰੇ ਕਰ ਲੈਂਦੀ ਆ, ਥੋੜਾ ਬਹੁਤ ਤੇਰੇ ਨਾਲ ਕਰੀ ਜਾਊ।

—ਅੰਟੀ, ਤੁਸੀਂ ਵੀ ਕੈਰਲ ਨੂੰ ਜਾਣਦੇ ਆਂ ਤੇ ਮੈਂ ਵੀ, ਟਿਕ ਕੇ ਕੰਮ ਕਰਨ ਵਾਲੀ ਉਹ ਹੈ ਨਹੀਂ।

ਸਤਨਾਮ ਕੋਰ ਨੇ ਜ਼ਿਆਦਾ ਕਿਹਾ ਤਾਂ ਉਸ ਨੇ ਆਖ ਦਿਤਾ ਕਿ ਕੈਰਲ ਨੂੰ ਭੇਜ ਦਿਓ। ਕੈਰਲ ਕੰਮ 'ਤੇ ਆਉਣ ਲੱਗ ਪਈ। ਉਹ ਜਦ ਵੀ ਵਿਹਲੀ ਹੁੰਦੀ ਤਾਂ ਕੰਪਿਊਟਰ 'ਤੇ ਗੇਮਾਂ ਖੇਡਣ ਜਾ ਲੱਗਦੀ। ਮੁੰਦਰੀ ਨੇ ਦੋ ਕੁ ਦਿਨ ਦੇਖਿਆ ਤੇ ਫਿਰ ਬੋਲੀ,

—ਕੈਰਲ, ਸੌਰੀ, ਮੈਨੂੰ ਤੇਰੀ ਕੋਈ ਲੋੜ ਨਹੀਂ, ਤੂੰ ਜਾ ਸਕਦੀ ਐਂ।

## ਸਤਾਈ

ਵਕਤ ਲੰਘਦਾ ਗਿਆ। 'ਮੁੰਦਰੀ ਡੌਟ ਕੌਮ ਬਿਊਟੀ ਪਾਰਲਰ' ਹੁਣ ਹੌਕਲੀ ਦੇ ਇਲਾਕੇ ਦੀ ਸ਼ਾਨ ਬਣ ਚੁੱਕਿਆ ਸੀ। ਮੁੰਦਰੀ ਇਕ ਲੇਡੀ-ਬੌਸ ਵਾਂਗ ਹਰ ਵੇਲੇ ਤਿਆਰ ਹੋ ਕੇ ਰਹਿੰਦੀ। ਉਮਰ ਦਾ ਤਾਂ ਜਿਵੇਂ ਉਸ ਉਪਰ ਕੋਈ ਅਸਰ ਹੀ ਨਹੀਂ ਸੀ ਹੋ ਰਿਹਾ। ਟਿੱਕਾ ਹਫਤੇ ਵਿਚ ਦੋ ਤਿੰਨ ਵਾਰ ਆਉਂਦਾ। ਆਉਣ ਤੋਂ ਪਹਿਲਾਂ ਉਹ ਮੁੰਦਰੀ ਨੂੰ ਫੋਨ ਕਰ ਦਿੰਦਾ। ਮੁੰਦਰੀ ਮੁੱਖ ਦਰਵਾਜ਼ੇ ਨੂੰ ਅੰਦਰੋਂ ਕੁੰਡੀ ਲਗਾ ਕੇ ਉਸ ਦਾ ਇੰਤਜ਼ਾਰ ਕਰ ਰਹੀ ਹੁੰਦੀ। ਦੁਕਾਨ ਦੇ ਪਿੱਛੇ ਇਕ ਦਫਤਰ ਸੀ ਜਿਸ ਵਿਚ ਮੇਜ਼ ਕੁਰਸੀਆਂ ਦੇ ਨਾਲ ਨਾਲ ਸੋਫਾ-ਬੈੱਡ ਪਿਆ ਸੀ। ਕਈ ਵਾਰ ਮੁੰਦਰੀ ਬਹੁਤ ਥੱਕੀ ਹੋਈ ਹੁੰਦੀ ਪਰ ਉਹ

ਟਿੱਕੇ ਨੂੰ 'ਨਾਂਹ' ਨਾ ਕਰਦੀ। ਕਈ ਵਾਰ ਤਾਂ ਟਿੱਕਾ ਉਸ ਨੂੰ ਦੇਅ ਵਾਂਗ ਜਾਪਣ ਲੱਗ ਪੈਂਦਾ ਪਰ ਫਿਰ ਵੀ ਉਸ ਨੂੰ ਖੁਸ਼ ਕਰਨ ਵਿਚ ਕਸਰ ਨਾ ਛੱਡਦੀ। ਉਸ ਨੂੰ ਹੁਣ ਅਜਿਹੀਆਂ ਗੱਲਾਂ ਵਿਚੋਂ ਕੋਈ ਅਨੰਦ ਨਹੀਂ ਸੀ ਮਿਲਦਾ। ਕੰਮ ਦੇ ਬੋਝ ਕਾਰਨ ਉਸ ਦੇ ਸਰੀਰ ਦੀਆਂ ਮੰਗਾਂ ਬਦਲ ਗਈਆਂ ਸਨ।

ਉਸ ਦਿਨ ਮੁੰਦਰੀ ਟਿੱਕੇ ਦੀ ਉਡੀਕ ਕਰ ਰਹੀ ਸੀ ਪਰ ਉਸ ਦਾ ਸਰੀਰ ਜਵਾਬ ਦੇਈ ਜਾਂਦਾ ਸੀ। ਇਕ ਤਾਂ ਸਿਰ ਵਿਚ ਬਹੁਤ ਦਰਦ ਸੀ। ਦੂਜੇ ਅੱਜ ਦੋ ਗਾਹਕਾਂ ਨਾਲ ਝਗੜਾ ਵੀ ਹੋ ਗਿਆ ਸੀ। ਪਾਰਲਰ ਵਿਚ ਕੰਮ ਕਰਨ ਵਾਲੀ ਹੈਲਨ ਅੱਜ ਕੰਮ ਛੱਡ ਗਈ ਸੀ ਜਿਸ ਕਾਰਨ ਉਹ ਬਹੁਤ ਪਰੇਸ਼ਾਨ ਸੀ। ਉਸ ਨੇ ਕੁਝ ਗੋਲ਼ੀਆਂ ਵੀ ਖਾਧੀਆਂ ਜਿਹਨਾਂ ਕਾਰਨ ਉਸ ਨੂੰ ਕੁਰਸੀ 'ਤੇ ਬੈਠੀ ਨੂੰ ਨੀਂਦ ਆਈ ਜਾ ਰਹੀ ਸੀ। ਫਿਰ ਵੀ ਉਹ ਟਿੱਕੇ ਦੀ ਉਡੀਕ ਕਰਦੀ ਬਾਹਰ ਦਰਵਾਜ਼ੇ ਵਿਚ ਲੱਗੇ ਕੈਮਰੇ ਵੱਲ ਦੇਖਦੀ ਜਾ ਰਹੀ ਸੀ ਜਿਥੋਂ ਉਸ ਨੂੰ ਟਿੱਕੇ ਨੇ ਦਿਸ ਪੈਣਾ ਸੀ। ਟਿੱਕਾ ਆਇਆ। ਆਉਂਦਾ ਹੀ ਉਸ ਵੱਲ ਕਾਮ ਭਰੀਆਂ ਅੱਖਾਂ ਨਾਲ ਦੇਖਣ ਲਗਿਆ ਜਿਵੇਂ ਉਹ ਦੇਖਿਆ ਹੀ ਕਰਦਾ ਸੀ। ਮੁੰਦਰੀ ਆਪਣੀ ਦਿਨ ਭਰ ਦੀ ਕਹਾਣੀ ਸੁਣਾਉਣ ਲੱਗ ਪਈ। ਟਿੱਕੇ ਨੂੰ ਉਸ ਦੀ ਕਿਸੇ ਗੱਲ ਵਿਚ ਦਿਲਚਸਪੀ ਨਹੀਂ ਸੀ। ਉਹ ਅੱਗੇ ਵਧਣ ਲਗਿਆ। ਮੁੰਦਰੀ ਉਸ ਨੂੰ ਰੋਕਦੀ ਬੋਲੀ,

—ਟਿੱਕਾ ਜੀ, ਪਲੀਜ਼ ਅੱਜ ਨਹੀਂ, ਅੱਜ ਮੇਰੇ ਕੋਲ ਬੈਠੋ, ਕੋਈ ਗੱਲ ਕਰੋ। ਮੇਰੇ ਸਿਰ ਵਿਚ ਬਹੁਤ ਪੀੜ ਐ।

—ਦੇਖ, ਮਾਂ ਯਾਵੀ ਪਾਖੰਡ ਕਿੱਦਾਂ ਕਰਦੀ ਆ!...ਅੱਜ ਚੌਂਹ ਦਿਨਾਂ ਬਾਅਦ ਆਇਆਂ।

ਆਖਦਿਆਂ ਉਸ ਨੇ ਮੁੰਦਰੀ ਨੂੰ ਫੜ ਕੇ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਮੁੰਦਰੀ ਗੁੱਸੇ ਵਿਚ ਬੋਲੀ,

—ਟਿੱਕਾ ਜੀ, ਬਿਹੇਵ ਯੋਅਰ ਸੈਲਫ!

ਟਿੱਕੇ ਨੇ ਉਸ ਦੀ ਇਕ ਨਾ ਸੁਣੀ। ਉਸ ਨੂੰ ਕੁਰਸੀ ਤੋਂ ਚੁੱਕ ਕੇ ਸੋਫੇ ਤੇ ਸੁੱਟ ਲਿਆ। ਮੁੰਦਰੀ ਉਸ ਤੋਂ ਆਪਣੇ ਆਪ ਨੂੰ ਛੁਡਵਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ ਪਰ ਟਿੱਕੇ ਨੇ ਆਪਣੀ ਕੱਸ ਢਿੱਲੀ ਨਾ ਕੀਤੀ। ਉਹ ਉਸ ਨੂੰ 'ਮਾਂ ਯਾਵੀ' 'ਮਾਂ ਯਾਵੀ' ਕਹਿੰਦਾ ਰਿਹਾ। ਟਿੱਕਾ ਉਠ ਕੇ ਚਲੇ ਗਿਆ। ਮੁੰਦਰੀ ਮੁਰਦਿਆਂ ਵਾਂਗ ਕਾਫੀ ਦੇਰ ਤਕ ਪਈ ਰਹੀ। ਫਿਰ ਹੌਲੀ ਹੌਲੀ ਉਠੀ ਤੇ ਸ਼ੀਸ਼ੇ ਮੂਹਰੇ ਜਾ ਖੜੀ ਤੇ ਕਿੰਨਾ ਚਿਰ ਆਪਣੇ ਆਪ ਨੂੰ ਦੇਖਦੀ ਰਹੀ। ਅੱਜ ਪਹਿਲੀ ਵਾਰ ਉਸ ਨੂੰ ਟਿੱਕਾ ਏਨਾ ਬੁਰਾ ਲਗਿਆ ਸੀ। ਉਹ ਘਰ ਆ ਗਈ ਤੇ ਸਿੱਧੀ ਬਿਸਤਰ 'ਤੇ ਜਾ ਡਿਗੀ। ਰਾਤ ਭਰ ਰੋਂਦੀ ਰਹੀ।

ਅਗਲੇ ਦਿਨ ਉਹ ਉਠੀ ਤਾਂ ਸੋਚਣ ਲੱਗੀ ਕਿ ਹੁਣ ਟਿੱਕੇ ਦਾ ਫੋਨ ਆਵੇਗਾ ਤੇ ਆਪਣੇ ਕੀਤੇ ਦੀ ਮੁਆਫੀ ਮੰਗੇਗਾ ਪਰ ਟਿੱਕੇ ਦਾ ਫੋਨ ਨਾ ਆਇਆ। ਕਈ ਦਿਨ ਤਕ ਨਾ ਟਿੱਕਾ ਆਇਆ ਤੇ ਨਾ ਹੀ ਉਸ ਦਾ ਫੋਨ। ਮੁੰਦਰੀ ਨੂੰ ਹਲਕੀ ਜਿਹੀ ਰਾਹਤ ਵੀ ਮਿਲ ਰਹੀ ਸੀ ਪਰ ਮਨ ਦੇ ਕਿਸੇ ਕੋਨੇ ਵਿਚ ਟਿੱਕੇ ਨੂੰ ਗੰਵਾ ਦੇਣ ਦਾ ਡਰ ਵੀ ਪੈਦਾ ਹੋਣ ਲਗਦਾ। ਕੁਝ ਦਿਨਾਂ ਬਾਅਦ ਟਿੱਕਾ ਆ ਗਿਆ। ਉਸ ਦੇ ਕੁਝ ਚਿੱਤ ਚੇਤੇ ਵੀ ਨਹੀਂ ਸੀ। ਮੁੰਦਰੀ ਦੇ ਰੋਸੇ ਦਾ ਜਾਂ ਗੁੱਸੇ ਦਾ ਉਸ ਨੂੰ ਕੋਈ ਫਿਕਰ ਹੀ ਨਹੀਂ ਸੀ। ਉਹ ਉਸ ਨੂੰ ਬਾਹਾਂ ਵਿਚ ਭਰਨ ਲਗਿਆ। ਮੁੰਦਰੀ ਬੋਲੀ,



—ਸਟੌਪ ਇੱਟ ਟਿੱਕਾ ਜੀ, ਆਏ ਡੌਂਟ ਲਾਏਕ ਇਟ!

—ਮਾਂ ਯਾਵੀਏ, ਤੂੰ ਕੌਣ?

—ਮੈਂ ਮੁੰਦਰੀ! ਹਾਂ, ਮੈਂ ਮੁੰਦਰੀ!

ਉਸ ਨੇ ਟਿੱਕੇ ਵਲ ਉਂਗਲ ਸਿੱਧੀ ਕਰਦਿਆਂ, ਉੱਚੀ ਅਵਾਜ਼ ਵਿਚ ਕਿਹਾ। ਏਨੀ ਉੱਚੀ ਅਵਾਜ਼ ਵਿਚ ਉਹ ਪਹਿਲਾਂ ਕਦੇ ਵੀ ਨਹੀਂ ਸੀ ਬੋਲੀ। ਟਿੱਕੇ ਦੇ ਹੱਥ ਦੇ ਹੱਥ ਥਾਵੇਂ ਰੁਕ ਗਏ। ਮੁੰਦਰੀ ਨੇ ਦਰਵਾਜ਼ੇ ਵੱਲ ਇਸ਼ਾਰਾ ਕਰਦਿਆਂ ਹੁਕਮ ਦੇਣ ਵਾਂਗ ਕਿਹਾ,

—ਟਿੱਕਾ ਜੀ, ਗੈੱਟ ਆਊਟ!

ਟਿੱਕੇ ਲਈ ਇਹ ਸਭ ਅਸਹਿ ਸੀ। ਏਨੇ ਸਖਤ ਵਤੀਰੇ ਲਈ ਉਹ ਤਿਆਰ ਨਹੀਂ ਸੀ। ਉਹ ਆਹਿਸਤੇ ਜਿਹੇ ਮੁੰਦਰੀ ਤੋਂ ਪਰ੍ਹੇ ਹੋਇਆ ਤੇ ਬਾਹਰ ਨੂੰ ਤੁਰ ਪਿਆ। ਮੁੰਦਰੀ ਉਸ ਨੂੰ ਜਾਂਦੇ ਹੋਏ ਨੂੰ ਦੇਖਦੀ ਰਹੀ ਤੇ ਫਿਰ ਆਪਣਾ ਸਿਰ ਫੜ ਕੇ ਬੈਠ ਗਈ। ਉਸ ਦੇ ਜਾਣ ਦੇ ਤਰੀਕੇ ਤੋਂ ਸਮਝ ਗਈ ਕਿ ਹੁਣ ਟਿੱਕਾ ਛੇਤੀ ਕੀਤੇ ਵਾਪਸ ਨਹੀਂ ਆਵੇਗਾ। ਨਹੀਂ ਆਉਂਦਾ ਤਾਂ ਨਾ ਆਵੇ, ਅਜਿਹੇ ਟਿੱਕੇ ਦੀ ਉਸ ਨੂੰ ਲੋੜ ਵੀ ਨਹੀਂ ਸੀ। ਉਸ ਨੂੰ ਤਾਂ ਪਹਿਲੇ ਜਿਹਾ ਉਸ ਦੇ ਜਜ਼ਬਿਆਂ ਦੀ ਕਦਰ ਕਰਨ ਵਾਲਾ ਟਿੱਕਾ ਚਾਹੀਦਾ ਸੀ। ਕਿੰਨਾ ਕੁਝ ਸੋਚਦੀ ਉਹ ਟਿੱਕੇ ਤੋਂ ਬਿਨਾਂ ਜੀਊਣ ਲਈ ਤਿਆਰ ਹੋਣ ਲੱਗੀ। ਉਸ ਨੇ ਫੈਸਲਾ ਕਰ ਲਿਆ ਕਿ ਨਾ ਤਾਂ ਮੁੜ ਕੇ ਕਦੇ ਉਹ ਟਿੱਕੇ ਨੂੰ ਫੋਨ ਕਰੇਗੀ ਤੇ ਨਾ ਹੀ ਈਮੇਲ। ਉਹ ਆਪਣੇ ਆਪ ਨੂੰ ਇਸ ਮਾਮਲੇ ਵਿਚ ਕਮਜ਼ੋਰ ਨਹੀਂ ਪੈਣ ਦੇਵੇਗੀ।

ਦਿਨ ਲੰਘਣ ਲੱਗੇ। ਭਾਵੇਂ ਮੁੰਦਰੀ ਟਿੱਕੇ ਨੂੰ ਬਹੁਤਾ ਯਾਦ ਨਾ ਕਰਦੀ ਪਰ ਸ਼ਾਮ ਨੂੰ ਐਵੇਂ ਹੀ ਉਡੀਕ ਜਿਹੀ ਬਣੀ ਰਹਿੰਦੀ। ਆਪਣੇ ਫੋਨ ਨੂੰ ਚੈੱਕ ਕਰਨ ਲੱਗ ਪੈਂਦੀ ਕਿ ਕਿਤੇ ਉਸ ਦਾ ਫੋਨ ਹੀ ਨਾ ਆਇਆ ਹੋਵੇ ਜਾਂ ਫਿਰ ਈਮੇਲ ਦਾ ਸਿਗਨਲ। ਨਾਲ ਦੀ ਨਾਲ ਉਸ ਨੂੰ ਇਕ ਤਸੱਲੀ ਵੀ ਸੀ। ਉਸ ਨੂੰ ਮਹਿਸੂਸ ਹੁੰਦਾ ਕਿ ਉਹ ਇਕ ਅਣਦਿਸਦੀ ਕੈਦ ਵਿਚੋਂ ਨਿਕਲ ਆਈ ਹੈ। ਉਹ ਸ਼ੀਸ਼ੇ ਮੂਹਰੇ ਖੜਦੀ, ਉਂਗਲੀ ਦਿਖਾਉਂਦੀ ਬੋਲਦੀ, -'ਮੈਂ ਮੁੰਦਰੀ! ਮੁੰਦਰੀ ਡੌਟ ਕੌਮ ਦੀ ਮਾਲਕਣ, ਅੰਡਰਸਟੈਂਡ!'

ਉਸ ਨੇ ਕਿਸੇ ਪ੍ਰੋਫੈਸ਼ਨਲ ਨੂੰ ਬੁਲਾ ਕੇ ਆਪਣੀ ਸਾਈਟ 'ਮੁੰਦਰੀ ਡੌਟ ਕੌਮ' ਨਵੇਂ ਸਿਰਿਓਂ ਪੂਰੇ ਆਧੁਨਿਕ ਤਰੀਕੇ ਨਾਲ ਡਿਜ਼ਾਈਨ ਕਰਵਾਈ। ਆਪਣਾ ਪਾਸਵ੍ਰਡ ਵੀ ਬਦਲ ਲਿਆ। ਆਪਣੇ ਸਾਰੇ ਸਟਾਫ ਦੀਆਂ ਤੇ ਆਪਣੇ ਕਲਾਇੰਟਸ ਦੀਆਂ ਤੇ ਹੋਰ ਮੌਡਲਾਂ ਦੀਆਂ ਤਸਵੀਰਾਂ ਚਾੜ੍ਹਨੀਆਂ ਸ਼ੁਰੂ ਕਰ ਦਿਤੀਆਂ। 'ਮੁੰਦਰੀ ਡੌਟ ਕੌਮ' ਬਾਰੇ ਲੋਕਾਂ ਦੇ ਵਿਚਾਰਾਂ ਦਾ ਇਕ ਅਲੱਗ ਸਫਾ ਸੀ। ਹੌਲੀਵੁੱਡ ਤੇ ਬੌਲੀਵੁੱਡ ਦੀ ਗੱਪ-ਸ਼ੱਪ ਵੀ ਲੋਕਾਂ ਦੀ ਦਿਲਸਚਪੀ ਲਈ ਪਵਾਉਣ ਲੱਗੀ। ਹੁਣ ਉਸ ਦੀ ਸਾਈਟ ਬਹੁਤ ਹੀ ਦਿਲ ਖਿੱਚਵੀਂ ਸੀ। ਹੁਣ ਉਹ ਇੰਟਰਨੈੱਟ ਉਪਰ ਹੀ ਬੁੱਕਿੰਗ ਲੈਣ ਲੱਗ ਪਈ। ਟਿੱਕੇ ਤੋਂ ਬਿਨਾਂ ਉਸ ਦਾ ਕੰਮ ਆਮ ਵਾਂਗ ਚੱਲ ਰਿਹਾ ਸੀ।

ਭਾਵੇਂ ਉਹ ਚਾਹੁੰਦੀ ਸੀ ਕਿ ਉਸ ਦੇ ਆਲੇ-ਦੁਆਲੇ ਵਿਚੋਂ ਟਿੱਕੇ ਦੀ ਕਿਸੇ ਕਿਸਮ ਦੀ ਸੁੰਘ ਨਾ ਆਵੇ ਪਰ ਫਿਰ ਵੀ ਉਹ ਕਈ ਵਾਰ ਦਰਵਾਜ਼ੇ ਵਲ ਦੇਖਣ ਲੱਗ ਪੈਂਦੀ। ਟਿੱਕਾ ਜਿਵੇਂ ਕਿਧਰੇ ਗਾਇਬ ਹੋ ਗਿਆ ਹੋਵੇ।

## ਅਠਾਈ

ਠੱਗਿਆ ਹੋਇਆ ਟਿੱਕਾ 'ਮੁੰਦਰੀ ਡੌਟ ਕੌਮ' ਦੇ ਬਾਹਰ ਖੜਾ ਸੀ। ਹੈਰਾਨ-ਪਰੇਸ਼ਾਨ। ਉਹ ਸੋਚ ਰਿਹਾ ਸੀ ਕਿ ਇਹ ਮੁੰਦਰੀ ਨਹੀਂ ਸੀ, ਇਹ ਕੋਈ ਹੋਰ ਔਰਤ ਸੀ। ਉਸ ਨੂੰ ਮੁੰਦਰੀ ਦੀ ਉਸ ਵਲ ਕੱਢੀ ਹੋਈ ਉਂਗਲ ਪਸਤੌਲ ਵਾਂਗ ਜਾਪ ਰਹੀ ਸੀ ਤੇ ਉਸ ਦੇ ਬੋਲ 'ਮੈਂ ਮੁੰਦਰੀ' ਕੰਨਾਂ ਵਿਚ ਸਿੱਕੇ ਵਾਂਗ ਢਲ਼ ਰਹੇ ਸਨ। ਉਸ ਦਾ ਮੂੰਹ ਵਾਰ ਵਾਰ ਗਾਲ਼ ਨਾ ਭਰ ਰਿਹਾ ਸੀ। ਉਹ ਆਪਣੀ ਕਾਰ ਵਿਚ ਆ ਬੈਠਾ। ਕਿੰਨੀ ਦੇਰ ਤਕ ਉਵੇਂ ਹੀ ਬੈਠਾ ਰਿਹਾ ਤੇ ਫਿਰ ਕਾਰ ਸਟ੍ਹਾਟ ਕਰਕੇ ਘਰ ਨੂੰ ਤੁਰ ਪਿਆ। ਉਸ ਦਿਨ ਉਸ ਨੇ ਨਾ ਕੁਝ ਬਣਾਇਆ ਤੇ ਨਾ ਹੀ ਕੁਝ ਖਾਧਾ। ਬਿਸਤਰ ਵਿਚ ਪਿਆਂ ਵੀ ਮੁੰਦਰੀ ਦੀ ਉਂਗਲ ਹੀ ਦਿਸਦੀ ਜਾ ਰਹੀ ਸੀ।

ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਮੁੰਦਰੀ ਵੀ ਏਹੋ ਜਿਹੀ ਨਿਕਲੇਗੀ, ਏਨੀ ਮੌਕਾ ਪ੍ਰਸਤ! ਕਿ ਚਾਰ ਪੈਸੇ ਆਉਣ 'ਤੇ ਮੁੰਦਰੀ ਬਦਲ ਜਾਵੇਗੀ, ਆਪਣੀ ਹੋਂਦ ਦਿਖਾਉਣ ਲੱਗੇਗੀ। ਉਹ ਜ਼ਖ਼ਮੀ ਸੱਪ ਵਾਂਗ ਪਲਸੇਟੇ ਮਾਰਨ ਲਗਦਾ। ਕੀ ਨਹੀਂ ਕੀਤਾ ਸੀ ਉਸ ਨੇ ਮੁੰਦਰੀ ਲਈ। ਉਸ ਨੂੰ ਨੌਕਰਾਣੀ ਤੋਂ ਰਾਣੀ ਬਣਾ ਦਿਤਾ ਸੀ। ਮਿੱਟੀ ਤੋਂ ਪਹਾੜ। ਮੁੰਦਰੀ ਵੀ ਇਹ ਸਭ ਜਾਣਦੀ ਹੀ ਸੀ। ਕਿੱਡੀ ਕੁ ਮੰਗ ਸੀ ਉਸ ਦੀ। ਇਹ ਕੰਮ ਕਿਹੜਾ ਉਸ ਨੇ ਪਹਿਲੀ ਵਾਰ ਕਰਨਾ ਸੀ। ਏਨਾ ਹੱਕ ਤਾਂ ਉਸ ਦਾ ਬਣਦਾ ਹੀ ਸੀ। ਉਸ ਨੂੰ ਹਾਲੇ ਵੀ ਜਾਪਦਾ ਸੀ ਕਿ ਮੁੰਦਰੀ ਉਸ ਨੂੰ ਫੋਨ ਕਰਕੇ ਮੁਆਫੀ ਮੰਗੇਗੀ। ਫੋਨ ਨਹੀਂ ਤਾਂ ਉਹ ਈਮੇਲ ਹੀ ਕਰ ਲਵੇਗੀ ਪਰ ਮੁੰਦਰੀ ਆਪਣੀ ਜਗਾਹ ਤੋਂ ਨਾ ਹਿੱਲੀ। ਮੁੰਦਰੀ ਨੂੰ ਹੁਣ ਉਸ ਦੀ ਲੋੜ ਹੀ ਨਹੀਂ ਸੀ ਤਾਂ ਹੀ ਤਾਂ ਮੱਖਣ ਦੇ ਵਾਲ ਵਾਂਗ ਕੱਢ ਕੇ ਰੱਖ ਦਿਤਾ ਸੀ। ਉਹ ਛੇਤੀ ਹੀ ਸਾਵਾਂ ਹੋਣ ਲਗਿਆ। ਕਿਸੇ ਨੂੰ ਬਹੁਤਾ ਚੇਤੇ ਕਰਨਾ ਉਸ ਦੇ ਸੁਭਾਅ ਵਿਚ ਨਹੀਂ ਸੀ। ਪਹਿਲੀਆਂ ਤੀਵੀਆਂ ਵੀ ਉਸ ਨੂੰ ਕਦੇ ਚੇਤੇ ਨਹੀਂ ਸਨ ਆਈਆਂ, ਹੁਣ ਮੁੰਦਰੀ ਨੇ ਕੀ ਆਉਣਾ ਸੀ। ਪਿਛਲੇ ਕੁਝ ਅਰਸੇ ਤੋਂ ਉਸ ਨੇ ਸ਼ਾਮੋ ਵੱਲ ਧਿਆਨ ਦੇਣਾ ਘੱਟ ਕੀਤਾ ਹੋਇਆ ਸੀ। ਉਹ ਸ਼ਾਮੋ ਨੂੰ ਮਿਲਣ ਜਾਣ ਬਾਰੇ ਸੋਚਣ ਲਗਿਆ।

ਦਿਨ ਲੰਘ ਰਹੇ ਸਨ ਪਰ ਮੁੰਦਰੀ ਕਿਸੇ ਨਾ ਕਿਸੇ ਰੂਪ ਵਿਚ ਉਹਦੇ ਮੂਹਰੇ ਆ ਖੜਦੀ। ਉਸ ਨੇ ਤਾਂ ਆਪਣੇ ਕੰਪਿਊਟਰ ਦਾ ਪਾਸਵ੍ਰਡ ਵੀ ਮੁੰਦਰੀ ਦੇ ਨਾਂ 'ਤੇ ਹੀ ਬਣਾਇਆ ਹੋਇਆ ਸੀ। ਉਸ ਨੇ ਸਾਰੇ ਪਾਸਵ੍ਰਡ ਬਦਲ ਦਿਤੇ। ਇਕ ਦਿਨ ਉਸ ਨੇ 'ਮੁੰਦਰੀ ਡੌਟ ਕੌਮ' ਵਾਲੀ ਸਾਈਟ ਖੋਹਲੀ। ਉਹ ਦੇਖ ਕੇ ਹੈਰਾਨ ਰਹਿ ਗਿਆ ਕਿ ਸਾਰੀ ਸਾਈਟ ਹੀ ਬਦਲੀ ਹੋਈ ਸੀ। ਉਸ ਨੇ ਦੇਖਿਆ ਕਿ ਇਸ ਦਾ ਪਾਸਵ੍ਰਡ ਵੀ ਬਦਲਿਆ ਹੋਇਆ ਸੀ। ਉਸ ਨੂੰ ਬਹੁਤ ਗੁੱਸਾ ਆਇਆ ਕਿਉਂਕਿ ਇਸ ਸਾਈਟ ਦਾ ਮੁੱਖ ਐਡਮਿਨ ਤਾਂ ਉਹ ਆਪ ਸੀ। ਉਸ ਤੋਂ ਬਿਨਾਂ ਇਸ ਸਾਈਟ 'ਤੇ ਕੋਈ ਹੋਰ ਕੁਝ ਵੀ ਪੋਸਟ ਨਹੀਂ ਸੀ ਕਰ ਸਕਦਾ। ਫਿਰ ਉਸ ਨੂੰ ਖਿਆਲ ਆਇਆ ਕਿ ਮੁੰਦਰੀ ਕੋਲ ਵੀ ਤਾਂ ਪਾਸਵ੍ਰਡ ਤੇ ਹੋਰ ਜਾਣਕਾਰੀ ਹੈ ਹੀ ਸੀ।

ਉਸ ਨੇ ਫੇਸਬੁੱਕ ਤੋਂ ਵੀ ਮੁੰਦਰੀ ਨੂੰ ਅਨਫਰੈਂਡ ਕਰਨ ਕਰਨਾ ਚਾਹਿਆ ਪਰ ਕਰ ਨਾ ਸਕਿਆ। ਉਸ ਦੀ ਹੀ ਖਿੱਚੀ ਹੋਈ ਫੋਟੋ ਵਿਚ ਉਥੇ ਮੁੰਦਰੀ ਖਿੜ-ਖਿੜਾ ਕੇ ਹੱਸ ਰਹੀ ਸੀ।। ਮੁੰਦਰੀ ਨੇ ਆਪਣਾ ਅਕਾਊਂਟ ਜ਼ਰੂਰ ਬਣਾ ਲਿਆ ਸੀ ਪਰ ਫੇਸਬੁੱਕ 'ਤੇ ਜਾਣ ਜੋਗਾ ਉਸ ਕੋਲ ਵਕਤ ਹੀ ਨਹੀਂ ਸੀ ਹੁੰਦਾ। ਉਹ ਪੌਲ ਦੇ ਫੇਸਬੁੱਕ ਅਕਾਊਂਟ 'ਤੇ ਗਿਆ। ਕਰਨਾ ਤਾਂ ਉਹ ਪੌਲ ਨੂੰ ਵੀ ਬਲੌਕਡ ਚਾਹਿਆ ਸੀ ਪਰ ਜਦ ਉਸ ਨੇ ਪੌਲ ਵਾਲਾ ਸਫਾ ਖੋਹਲਿਆ ਤਾਂ ਸਾਹਮਣੇ ਲਾਟ ਦਿਸ ਪਿਆ। ਬਾਕੀ ਦੇ ਦੋਨਾਂ ਬੱਚਿਆਂ ਵਿਚ ਉਹ ਬਾਹਾਂ ਖੋਹਲੀ ਖੜ੍ਹਾ ਸੀ ਜਿਵੇਂ ਕਹਿ ਰਿਹਾ ਹੋਵੇ ਕਿ ਮੈਨੂੰ ਚੁੱਕ। ਟਿੱਕੇ ਨੇ ਇਕ ਦਮ ਸਫਾ ਬਦਲ ਲਿਆ ਤੇ ਬੁੜਬੁੜਾਇਆ, -'ਗੰਦੀ ਔਰਤ ਦਾ ਗੰਦਾ ਖ਼ੂਨ!'

ਮੋਹਣ ਨਾਲ ਸਪਤਾਹ-ਅੰਤ ਕੰਮ ਕਰਾਉਣ ਗਿਆ ਤਾਂ ਉਸ ਨੇ ਟਿੱਕੇ ਨੂੰ ਪੁੱਛਿਆ,

—ਤੂੰ ਬਦਲਿਆ ਬਦਲਿਆ ਜਾਪਦੈਂ, ਸਭ ਠੀਕ ਤਾਂ ਹੈ ਨਾ?

—ਠੀਕ ਐ ਯਾਰ, ਆਹ ਜ਼ਰਾ ਮੁੰਦਰੀ ਗੰਦੀ ਔਰਤ ਨਿਕਲ ਗਈ, ਪੈਸੇ ਉਹਦੇ ਸਿਰ ਨੂੰ ਚੜ੍ਹ ਗਏ, ਹੁਣ ਕਹਿੰਦੀ ਕਿ ਹਮ ਮੁੰਦਰੀ ਹੈਂ!

—ਅੱਛਾ! ਏਦਾਂ ਦੀ ਲੱਗਦੀ ਤਾਂ ਹੈ ਨਾ ਸੀ।

—ਬੱਸ ਏਦਾਂ ਹੀ ਹੁੰਦਾ, ਜਿਹੜੀਆਂ ਏਦਾਂ ਦੀਆਂ ਨਹੀਂ ਲਗਦੀਆਂ ਉਹ ਏਦਾਂ ਦੀਆਂ ਹੀ ਹੁੰਦੀਆਂ।

—ਟਿੱਕੇ, ਚੱਲ ਦਫਾ ਕਰ, ਭੁੱਲ ਜਾਹ ਉਹਨੂੰ, ਇਹ ਕਿਹੜੀ ਪਹਿਲੀ ਔਰਤ ਐ ਦੁਨੀਆਂ ਦੀ।

—ਮੋਹਣ ਸਿਆਂ, ਮੈਂ ਤਾਂ ਹੁਣ ਉਹਨੂੰ ਘੈਂਟੇ 'ਤੇ ਨਹੀਂ ਮਾਰਦਾ!

—ਜਿਹੜਾ ਉਹ ਇਕ ਮੁੰਡਾ ਤੇਰੇ ਅਕਾਊਂਟ ਵਿਚ ਪਾਈ ਜਾਂਦੀ ਆ, ਉਹਦਾ ਕੀ ਬਣੂੰ?

—ਪਤਾ ਨਹੀਂ ਸਾਲ਼ਾ ਮੇਰਾ ਮੁੰਡਾ ਕਿ ਕਿਸੇ ਹੋਰ ਦਾ! ਏਦਾਂ ਦੀਆਂ ਛਿੰਟਾਂ ਦਾ ਕੁਸ਼ ਨਹੀਂ ਪਤਾ ਹੁੰਦਾ!

ਕਹਿਣ ਨੂੰ ਟਿੱਕਾ ਕਹਿ ਰਿਹਾ ਸੀ ਪਰ ਉਸ ਨੂੰ ਪਤਾ ਸੀ ਕਿ ਲਾਟ ਉਸ ਦਾ ਹੀ ਖ਼ੂਨ ਸੀ।

ਸ਼ਿੰਦੇ ਨਾਲ ਉਹ ਇਸ ਬਾਰੇ ਕੋਈ ਗੱਲ ਨਹੀਂ ਸੀ ਕਰਨੀ ਚਾਹੁੰਦਾ। ਸ਼ਿੰਦਾ ਪੱਬ ਵਿਚ ਜਾਂ ਕਿਤੇ ਹੋਰ ਮਿਲਦਾ ਤਾਂ ਪੁੱਛਣ ਲਗਦਾ,

—ਕੀ ਹਾਲ ਬਈ ਤੇਰੀ ਮੁੰਦਰੀ ਦਾ?

—ਬਈ, ਹੁਣ ਮੈਂ ਵੀ ਬੀਜ਼ੀ ਤੇ ਉਹ ਵੀ, ...ਨਾਲ਼ੇ ਹੁਣ ਉਹ ਦੀ ਆਪਣੀ ਲਾਈਫ ਐ, ਹਸਬੈਂਡ ਆ, ਮੈਂ ਕੀ ਕਰਾਉਣਾ।

—ਫੇਰ ਬੁੱਤਾ ਕਿੱਦਾਂ ਲਗਦਾ?

—ਸ਼ਾਮੋ ਹੈਗੀ ਤੇ ਤੈਨੂੰ ਦੱਸਿਆ ਸੀ ਕਿ ਕੰਮ ਤੇ ਸ਼ੈਰਨ ਵੀ, ਹੋਰ ਹੁਣ ਉਹ ਜਵਾਨੀ ਵਾਲੀਆਂ ਗੱਲਾਂ ਤਾਂ ਰਹੀਆਂ ਨਹੀਂ!

ਟਿੱਕਾ ਉਸ ਨੂੰ ਗਲ਼ੋਂ ਲਾਹੁਣ ਵਾਂਗ ਕਹਿੰਦਾ।

ਹੌਲੀ ਹੌਲੀ ਮੁੰਦਰੀ ਉਸ ਤੋਂ ਦੂਰ ਜਾਣ ਲੱਗੀ। ਕਦੇ ਕਦੇ ਉਹ 'ਮੁੰਦਰੀ ਡੌਟ ਕੌਮ' ਜ਼ਰੂਰ ਖੋਹਲ ਲੈਂਦਾ। ਹਰ ਵਾਰ ਹੀ ਇਸ ਸਾਈਟ 'ਤੇ ਕੁਝ ਨਵਾਂ ਹੁੰਦਾ। ਮੁੰਦਰੀ ਦੇ ਬਿਊਟੀ ਪਾਰਲਰ ਦੀਆਂ ਤਾਰੀਫਾਂ ਦੇ ਪੁੱਲ ਤਾਂ ਬੱਝੇ ਹੋਏ ਹੀ ਹੁੰਦੇ। ਹੁਣ ਮੁੰਦਰੀ ਨੇ ਨਾਲ ਦੀ ਨਾਲ ਟਰੇਨਿੰਗ ਸੈਂਟਰ ਵੀ ਖੋਹਲ ਲਿਆ ਸੀ। ਹੁਣ ਮੁੰਦਰੀ ਤਸਵੀਰਾਂ ਵਿਚ ਆਪਣੀਆਂ ਸਿਖਿਆਰਥਣਾਂ

ਦੇ ਵਿਚਕਾਰ ਕਿਸੇ ਬੌਸ ਬਣੀ ਖੜੀ ਹੁੰਦੀ। ਇਕ ਦਿਨ ਉਸ ਨੇ ਉਹ ਸਾਈਟ ਖੋਹਲੀ ਤਾਂ ਦੇਖਿਆ ਕਿ ਮੁੰਦਰੀ ਆਪਣੀ ਨਵੀਂ ਕਢਾਈ ਕਾਲੇ ਰੰਗ ਦੀ ਮਰਸਡੀਜ਼ ਦੇ ਨਾਲ ਖੜੀ ਮੁਸਕ੍ਰਾ ਰਹੀ ਸੀ। ਉਸ ਨੂੰ ਕੋਈ ਹੈਰਾਨੀ ਤਾਂ ਨਾ ਹੋਈ ਪਰ ਉਹ ਮੁੰਦਰੀ ਦੇ ਜੀਵਨ ਦੇ ਸਫਰ ਨੂੰ ਚੇਤੇ ਕਰਨ ਲੱਗਿਆ। ਮੁੰਦਰੀ ਵੱਖ ਵੱਖ ਰੂਪਾਂ ਵਿਚ ਉਸ ਦੇ ਸਾਹਮਣੇ ਆਉਣ ਲੱਗੀ। ਜਦੋਂ ਉਸ ਨੇ ਮੁੰਦਰੀ ਨੂੰ ਪਹਿਲੀ ਵਾਰ ਦੇਖਿਆ ਸੀ, ਜਦ ਉਹ ਇਕਰਾ ਹੁੰਦੀ ਸੀ। ਫਿਰ ਉਹ ਇਕਰਾ ਤੋਂ ਮੁੰਦਰੀ ਬਣ ਗਈ, ਚਾਚੇ ਚਾਹਲ ਨੇ ਉਸ ਨੂੰ ਮੁੰਦਰੀ ਤੋਂ ਪੂਨਮ ਬਣਾ ਦਿਤਾ। ਪੂਨਮ ਉਸ ਤੋਂ ਪਾਸਾ ਵੱਟਣ ਲੱਗੀ। ਚਾਚੇ ਚਾਹਲ ਦੀ ਮੌਤ ਸਮੇਂ ਤਾਂ ਉਸ ਨੇ ਟਿੱਕੇ ਦੀ ਅਵਾਜ਼ ਵੀ ਨਹੀਂ ਸੀ ਪੱਛਾਣੀ। ਉਹ ਮੁੜ ਮੁੰਦਰੀ ਬਣ ਗਈ। ਪੌਲ ਨਾਲ ਵਿਆਹ ਕਰਾਉਣ ਵੇਲੇ ਮੁੰਦਰੀ ਦੀਆਂ ਬਦਲੀਆਂ ਅੱਖਾਂ ਵੀ ਉਸ ਦੇ ਸਾਹਮਣੇ ਆਈਆਂ ਪਰ ਉਸ ਨੂੰ ਏਨੀਆਂ ਬੁਰੀਆਂ ਨਾ ਲੱਗੀਆਂ। ਫਿਰ ਅਚਾਨਕ ਉਸ ਨੂੰ ਮੁੰਦਰੀ ਦੀ ਤਣੀ ਹੋਈ ਉਂਗਲ ਦਿਸਣ ਲੱਗੀ ਤੇ ਨਾਲ ਹੀ ਬੋਲ ਉਸ ਦੇ ਕੰਨਾਂ ਵਿਚ ਗੂੰਜਣ ਲੱਗੇ, -'ਟਿੱਕਾ ਜੀ, ਗੈੱਟ ਆਊਟ!' ਉਹ ਉਦਾਸ ਹੋ ਗਿਆ। ਉਸ ਨੇ ਕੰਪਿਊਟਰ ਬੰਦ ਕੀਤਾ ਤੇ ਬਾਹਰ ਵੱਲ ਸੈਰ ਕਰਨ ਨਿਕਲ ਗਿਆ।...

ਪਿਛਲੇ ਸਾਲਾਂ ਵਿਚ ਟਿੱਕੇ ਦੀ ਆਪਣੀ ਭੈਣ ਨਾਲ ਤਾਂ ਸੁਲਾਹ ਨਹੀਂ ਸੀ ਹੋਈ ਪਰ ਭੈਣ ਦੀਆਂ ਦੋਵੇਂ ਕੁੜੀਆਂ ਕਦੇ ਕਦੇ ਟਿੱਕੇ ਨੂੰ ਮਿਲਣ ਆ ਜਾਂਦੀਆਂ। ਉਹ ਉਹਨਾਂ ਨੂੰ ਉਹਨਾਂ ਦੇ ਜਨਮ ਦਿਨ 'ਤੇ ਕੋਈ ਤੋਹਫਾ ਲੈ ਦਿਆ ਕਰਦਾ ਜਾਂ ਉਹਨਾਂ ਦੇ ਅਕਾਊਂਟ ਵਿਚ ਪੈਸੇ ਟਰਾਂਸਫਰ ਕਰ ਦਿੰਦਾ। ਇਵੇਂ ਹੀ ਇੰਡੀਆ ਆਪਣੇ ਭਰਾ ਦੇ ਮੁੰਡੇ-ਕੁੜੀ ਲਈ ਕਦੇ ਲੈਪਟੌਪ ਲੈ ਜਾਂਦਾ ਤੇ ਕਦੇ ਮੁਬਾਈਲ ਫੋਨ। ਟਿੱਕਾ ਚਾਹੁੰਦਾ ਸੀ ਕਿ ਦੋਨੋ ਬੱਚੇ ਕੰਪਿਊਟਰ ਵਿਚ ਮਾਹਰ ਹੋ ਜਾਣ। ਬੱਚਿਆਂ ਲਈ ਘਰ ਵਿਚ ਇੰਟਰਨੈੱਟ ਵੀ ਲਵਾ ਦਿਤਾ ਹੋਇਆ ਸੀ। ਫਿਰ ਜਦ ਫੇਸਬੁੱਕ ਸ਼ੁਰੂ ਹੋਈ ਤਾਂ ਦੋਨਾਂ ਨੂੰ ਹੀ ਉਸ ਦਾ ਮੈਂਬਰ ਬਣਾਇਆ। ਆਪ ਵੀ ਉਹ ਸਾਇੰਸ ਦੀ ਇਸ ਨਵੀਂ ਯੁਕਤ ਰਾਹੀਂ ਉਹਨਾਂ ਨਾਲ ਲਗਾਤਾਰ ਜੁੜਿਆ ਰਹਿੰਦਾ ਸੀ। ਟਿੱਕੇ ਕਾਰਨ ਹੀ ਜਗਮੀਤ ਨੇ ਵੀ ਕਾਰ ਬਦਲ ਲਈ ਹੋਈ ਸੀ। ਇੰਡੀਆ ਗਏ 'ਤੇ ਜਗਮੀਤ ਦੀ ਘਰਵਾਲੀ ਵੀ ਟਿੱਕੇ ਦਾ ਪਾਣੀ ਭਰਦੀ ਸੀ। ਉਹਨਾਂ ਨੂੰ ਲੱਗਣ ਲੱਗ ਪਿਆ ਸੀ ਕਿ ਟਿੱਕੇ ਦਾ ਸਭ ਕੁਝ ਉਹਨਾਂ ਦਾ ਹੀ ਹੈ। ਹੁਣ ਟਿੱਕੇ ਦੀ ਵਿਆਹ ਕਰਾਉਣ ਦੀ ਉਮਰ ਵੀ ਨਹੀਂ ਸੀ ਰਹੀ। ਉਸ ਦੀ ਮਾਂ ਭਾਵੇਂ ਬਹੁਤ ਬੁੱਢੀ ਹੋ ਚੁੱਕੀ ਸੀ ਪਰ ਉਸ ਦੀ ਸਿਹਤ ਠੀਕ ਸੀ।

ਦੋ ਕੁ ਸਾਲ ਟਿੱਕਾ ਇੰਡੀਆ ਨਹੀਂ ਸੀ ਗਿਆ ਪਰ ਹੁਣ ਮੁੜ ਕੇ ਲਗਾਤਾਰ ਜਾਣ ਲੱਗਿਆ ਸੀ। ਇਸ ਵਾਰ ਉਹ ਇੰਡੀਆ ਗਿਆ ਤਾਂ ਮੁੰਦਰੀ ਦਾ ਕੋਈ ਸੁਨੇਹਾ ਨਹੀਂ ਸੀ। ਜਦੋਂ ਮੁੰਦਰੀ ਨੇ ਵਿਆਹ ਕਰਾ ਲਿਆ ਤਾਂ ਟਿੱਕੇ ਦੀ ਮਾਂ ਨੇ ਜ਼ੁਬੈਦਾ ਨਾਲ ਲੜਾਈ ਕਰਨੀ ਛੱਡ ਦਿਤੀ ਹੋਈ ਸੀ ਸਗੋਂ ਹੁਣ ਤਾਂ ਮੁੰਦਰੀ ਦੀ ਵੱਡੀ ਭੈਣ ਫਰੀਦਾ ਉਹਨਾਂ ਦੇ ਘਰ ਕੰਮ ਵੀ ਕਰਦੀ ਸੀ। ਪਹਿਲਾਂ ਜਦ ਵੀ ਉਹ ਆਉਂਦਾ ਤਾਂ ਇਕ ਅਟੈਚੀ ਮੁੰਦਰੀ ਹੀ ਆਪਣੇ ਪੁਰਾਣੇ ਕਪੜਿਆਂ ਦਾ ਭਰ ਦਿਆ ਕਰਦੀ ਸੀ। ਇਸ ਵਾਰ ਟਿੱਕਾ ਘਰ ਪੁੱਜਿਆ ਤਾਂ ਹਮੇਸ਼ਾ ਵਾਂਗ ਮੁੰਦਰੀ ਦੀ ਮਾਂ ਜ਼ੁਬੈਦਾ ਇਕ ਦਮ ਉਸ ਨੂੰ ਮਿਲਣ ਆ ਗਈ ਤੇ ਉਸ ਦੇ ਸਮਾਨ ਨੂੰ ਦੇਖਣ ਲੱਗੀ। ਟਿੱਕਾ ਬੋਲਿਆ,

—ਜ਼ੁਬੈਦਾ, ਮੈਂ ਇਸ ਵਾਰ ਕਾਹਲੀ ਵਿਚ ਸਾਂ ਇਸ ਲਈ ਤੁਹਾਡੀ ਕੁੜੀ ਨੂੰ ਮਿਲਣ ਨਹੀਂ ਜਾ ਸਕਿਆ।

ਸੁਣ ਕੇ ਜ਼ੁਬੈਦਾ ਦਾ ਚਿਹਰਾ ਉਤਰ ਗਿਆ। ਕੁਝ ਸੋਚਦਿਆਂ ਜ਼ੁਬੈਦਾ ਨੇ ਅੱਖਾਂ ਭਰ



ਲਈਆਂ ਤੇ ਆਖਿਆ,

—ਕਾਕਾ, ਇਕ ਗੱਲੋਂ ਤਾਂ ਚੰਗਾ ਕਿ ਉਸ ਨੇ ਕੁਸ਼ ਨਹੀਂ ਭੇਜਿਆ, ...ਭੇਜਦੀ ਵੀ ਕੀ ਆ?...ਪੁਰਾਣੇ-ਹੰਢੇ ਲੀੜੇ! ਕੋਈ ਟੁੱਟਾ ਜਿਹਾ ਫੋਨ! ਜਾਂ ਫੇਰ ਗੁਲਾਲੀ ਜਿਹੀ! ...ਮੈਂ ਓਹਦੀ ਮਾਂ ਆਂ, ਪਾਲ਼ਿਆ ਪੋਸਿਆ, ਤੁਹਾਡੀ ਮਿੰਨਤ ਕਰਕੇ ਬਾਹਰ ਕੱਢਿਆ ਤੇ ਓਹਨੇ ਕੀ ਕਦਰ ਪਾਈ? ...ਕੁਸ਼ ਵੀ ਨਹੀਂ!

ਟਿੱਕੇ ਦੀ ਮਾਂ ਰਾਜ ਕੌਰ ਨੂੰ ਪਤਾ ਸੀ ਕਿ ਜ਼ੁਬੈਦਾ ਆਏ ਦਿਨ ਇਹੋ ਰੋਣੇ ਲੈ ਕੇ ਬਹਿ ਜਾਂਦੀ ਹੈ। ਉਹ ਬੋਲੀ,

—ਜ਼ੁਬੈਦਾ, ਕੁੜੀ ਨੇ ਤੈਨੂੰ ਐਡਾ ਵੱਡਾ ਘਰ ਬਣਾ 'ਤਾ, ਹਰ ਮਹੀਨੇ ਖਰਚ ਭੇਜਦੀ ਆ, ਹੋਰ ਤੈਨੂੰ ਕੀ ਚਾਹੀਦਾ, ਹੁਣ ਉਹਦਾ ਆਪਣਾ ਟੱਬਰ ਵੀ ਆ, ਨਿਆਣੇ ਆਂ, ...ਓਹਨੇ ਆਪਣੇ ਬਾਰੇ ਵੀ ਸੋਚਣਾ ਹੋਇਆ!

—ਮਾਤਾ, ਤੈਨੂੰ ਪਤਾ ਈ ਘਰਾਂ ਦੇ ਖਰਚਾਂ ਦਾ, ...ਅਸਲ 'ਚ ਓਹਨੂੰ ਨਵੇਂਸ਼ਹਿਰ ਵਾਲੇ ਖਾਈ ਜਾਂਦੇ ਆ।

—ਬਈ ਉਹਨਾਂ ਦਾ ਮੁੰਡਾ ਐ, ਜਿੱਦਾਂ ਮਰਜ਼ੀ ਕਰੇ।

—ਸਾਡੀ ਵੀ ਤਾਂ ਧੀ ਆ, ਓਨਾ ਈ ਹੱਕ ਆ।

—ਜ਼ੁਬੈਦਾ, ਚੱਲ ਹੁਣ ਕੋਈ ਹੋਰ ਕੰਮ ਕਰ, ਮੁੰਡੇ ਨੂੰ ਜ਼ਰਾ 'ਰਾਮ ਕਰਨ ਦੇਹ।

ਰਾਜ ਕੌਰ ਨੇ ਦਬਕਾ ਜਿਹਾ ਮਾਰਦਿਆਂ ਜ਼ੁਬੈਦਾ ਨੂੰ ਉਥੋਂ ਉਠਾ ਦਿਤਾ। ਜ਼ੁਬੈਦਾ ਪਹਿਲਾਂ ਵੀ ਇਹੋ ਜਿਹੀਆਂ ਸ਼ਿਕਾਇਤਾਂ ਲਾਉਣ ਲਗਦੀ ਸੀ। ਟਿੱਕਾ ਕਹਿ ਦਿਆ ਕਰਦਾ ਸੀ ਕਿ ਜਾ ਕੇ ਉਹ ਮੁੰਦਰੀ ਨੂੰ ਉਹਨਾਂ ਦਾ ਸੁਨੇਹਾ ਦੇ ਦੇਵੇਗਾ।

ਇਕ ਦਿਨ ਟਿੱਕੇ ਨੂੰ ਇਕੱਲਿਆਂ ਦੇਖ ਕੇ ਫਰੀਦਾ ਆ ਕੇ ਆਪਣਾ ਦੁੱਖ ਦੱਸਦੀ ਨੇ ਕਿਹਾ,

—ਟਿੱਕਾ ਜੀ, ਤੁਸੀਂ ਜਾ ਕੇ ਮੁੰਦਰੀ ਨਾਲ ਗੱਲ ਕਰਿਓ, ਮੇਰੀ ਗੱਲ ਤਾਂ ਉਹਨੇ ਸੁਣਨੀ ਈ ਬੰਦ ਕਰ ਦਿਤੀ, ਜੇ ਫੋਨ ਕਰਾਂ ਤਾਂ ਕੱਟ ਕਰ ਦਿੰਦੀ ਆ, ਉਹਨੂੰ ਕਹੋ ਕਿ ਉਹਦੀ ਆਪਣੀ ਬੇੜੀ ਤਾਂ ਕਿਨਾਰੇ ਲਗ ਗਈ ਹੁਣ ਮੇਰਾ ਵੀ ਕੁਸ਼ ਸੋਚੇ, ਕਿਸੇ ਬੰਦੇ ਨੂੰ ਖੜਾ ਕਰਕੇ ਮੈਨੂੰ ਲੰਘਾ ਲਵੇ, ਕੰਮ ਦਾ ਤਾਂ ਤੁਹਾਨੂੰ ਮੇਰਾ ਪਤਾ ਈ ਆ ਕਿ ਮੈਂ ਕੰਮ ਤੋਂ ਨਹੀਂ ਡਰਦੀ, ਹੁਣ ਦੇਖੋ ਮੇਰੀਆਂ ਕੁੜੀਆਂ ਵੀ ਵਿਆਹੁਣ ਵਾਲ਼ੀਆਂ ਹੋ ਚਲੀਆਂ।...ਰੱਬ ਕਰਕੇ ਉਹਦੇ ਨਾਲ ਗੱਲ ਕਰੋ!

ਟਿੱਕੇ ਨੇ ਉਸ ਦੀ ਗੱਲ ਵੀ 'ਹਾਂ-ਹੂੰ' ਕਰਕੇ ਟਾਲ਼ ਦਿਤੀ।

ਉਸ ਦੀ ਮਾਂ ਹਾਲੇ ਵੀ ਉਸ ਦੇ ਵਿਆਹ ਦਾ ਫਿਕਰ ਕਰੀ ਜਾਂਦੀ ਸੀ। ਇਕੱਲੇ ਪੁੱਤ ਨੂੰ ਤੁਰੇ-ਫਿਰਦੇ ਦੇਖ ਕੇ ਉਸ ਦੇ ਮਨ ਨੂੰ ਡੋਲ ਪੈਣ ਲਗਦਾ। ਟਿੱਕੇ ਦੇ ਹਾਣੀਆਂ ਦੇ ਤਾਂ ਬੱਚੇ ਵੀ ਵਿਆਹੇ ਗਏ ਸਨ। ਜਗਮੀਤ ਦੀ ਕੁੜੀ ਹੀ ਹੁਣ ਜਵਾਨ ਹੋਈ ਖੜੀ ਸੀ। ਇਕ ਦਿਨ ਰਾਜ ਕੌਰ ਨੇ ਕਿਹਾ,

—ਦੇਖ ਟਿੱਕੇ ਪੁੱਤ, ਹਾਲੇ ਵੀ ਤੇਰੇ ਕੋਲ ਟੈਮ ਹੈਗਾ, ਵਿਆਹ ਕਰਾ ਲਾ।

—ਮਾਤਾ, ਆਹ ਹੁਣ ਵਿਆਹ ਦੀ ਉਮਰ ਨਹੀਂ ਰਹੀ।

—ਪੁੱਤ, ਜਵਾਨੀ ਨਿਕਲ ਜਾਂਦੀ ਹੁੰਦੀ ਆ, ਮਰਦ ਲਈ ਪਿਛਲੀ ਉਮਰ ਇਕੱਲਿਆਂ ਕੱਢਣੀ ਮੁਸ਼ਕਲ ਹੁੰਦੀ ਆ, ਸਾਨੂੰ ਕੋਈ 'ਤਰਾਜ਼ ਨਹੀਂ, ਜਿਹਦੇ ਨਾਲ਼ ਮਰਜ਼ੀ ਕਰਾ ਲਾ ਪਰ

ਮੈਥੋਂ ਤੂੰ 'ਕੱਲਾ ਨਹੀਂ ਦੇਖਿਆ ਜਾਂਦਾ।

ਟਿੱਕਾ ਮਾਂ ਦੀ ਗੱਲ 'ਤੇ ਹੱਸਣ ਲਗਿਆ।

ਜਗਮੀਤ ਵੀ ਕਦੇ ਕਦੇ ਉਸ ਦੇ ਵਿਆਹ ਦੀ ਗੱਲ ਤੋਰ ਲੈਂਦਾ ਸੀ ਪਰ ਡਰਦਾ ਵੀ ਰਹਿੰਦਾ ਕਿ ਟਿੱਕਾ ਲੜ ਹੀ ਨਾ ਪਵੇ। ਜਦ ਕਦੇ ਦੋ ਹਾੜੇ ਲਾਏ ਹੁੰਦੇ ਤਾਂ ਜਗਮੀਤ ਜ਼ਰਾ ਖੁਲ੍ਹ ਕੇ ਗੱਲ ਕਰਦਾ। ਇਕ ਦਿਨ ਉਹ ਬੈਠੇ ਪੀ ਰਹੇ ਸਨ। ਜਗਮੀਤ ਕਹਿਣ ਲੱਗਿਆ,

—ਸੁੱਲੀ ਤਾਂ ਬਈ ਹੁਣ ਚੜ੍ਹਾਈਆਂ 'ਤੇ ਆ।

—ਏਦਾਂ ਈ ਆ, ਤੇਜ਼ ਔਰਤ ਆ, ਚੜ੍ਹਾਈਆਂ 'ਤੇ ਤਾਂ ਹੋਣਾ ਈ ਆ।

—ਤੇਰਾ ਬੁੱਤਾ ਲਾਈ ਜਾਂਦਾ ਆ ਕਿ ਨਹੀਂ?

ਟਿੱਕੇ ਨੇ ਉਸ ਵੱਲ ਕੌੜ ਅੱਖ ਨਾਲ ਦੇਖਿਆ ਤੇ ਜਗਮੀਤ ਨੀਵੀਂ ਪਾ ਗਿਆ।

## ਉਣੱਤੀ

ਮੁੰਦਰੀ ਨੂੰ ਇੰਡੀਆ ਗਈ ਨੂੰ ਦੇਰ ਹੋ ਗਈ ਸੀ। ਜਦੋਂ ਦਾ ਉਸ ਨੇ ਬਿਊਟੀ ਪਾਰਲਰ ਖੋਹਲਿਆ ਸੀ, ਉਸ ਲਈ ਜਾਣਾ ਅਸੰਭਵ ਜਿਹਾ ਸੀ। ਪਹਿਲਾਂ ਉਹ ਦੀਪੇ ਚਾਹਲ ਦੇ ਹੁੰਦਿਆਂ ਤਾਂ ਕਈ ਚੱਕਰ ਮਾਰ ਆਈ ਸੀ ਪਰ ਉਸ ਤੋਂ ਬਾਅਦ ਦੋ ਵਾਰ ਹੀ ਜਾ ਸਕੀ। ਆਪਣੇ ਵਿਆਹ ਤੋਂ ਬਾਅਦ ਉਹ ਸਿਰਫ ਇਕ ਵਾਰ ਹੀ ਗਈ ਸੀ। ਉਸ ਦੇ ਸੁਹਰੇ ਉਸ ਦੇ ਪਿਛੋਕੜ ਨੂੰ ਲੈ ਕੇ ਭਾਵੇਂ ਬਹੁਤੇ ਖੁਸ਼ ਨਾ ਹੋਣ ਪਰ ਮੁੰਦਰੀ ਵੱਲ ਦੇਖ ਕੇ ਉਹਨਾਂ ਨੂੰ ਚਾਅ ਚੜ੍ਹ ਜਾਂਦਾ। ਪੌਲ ਨਾਲ ਉਸ ਦੀ ਜੋੜੀ ਬਹੁਤ ਸਜਦੀ ਸੀ।...

ਮੁੰਦਰੀ ਕੰਮ ਵਿਚ ਸਿਰ ਤੋਂ ਲੈ ਕੇ ਪੈਰਾਂ ਤਕ ਖੁੱਭੀ ਪਈ ਸੀ। ਸਿਰ ਖੁਰਕਣ ਦੀ ਵੀ ਵਿਹਲ ਨਹੀਂ ਸੀ। ਉਹ ਕੰਮ ਦੇ ਬੋਝ ਥੱਲੇ ਦੱਬੀ ਜਾ ਰਹੀ ਸੀ। ਟਿੱਕੇ ਨੇ ਉਸ ਦਾ ਇਹ ਬੋਝ ਵੰਡਾਇਆ ਹੋਇਆ ਸੀ ਜਾਂ ਨਹੀਂ ਪਰ ਮੁੰਦਰੀ ਨੂੰ ਲਗਦਾ ਇਵੇਂ ਹੀ ਸੀ। ਟਿੱਕਾ ਹੁੰਦਾ ਤਾਂ ਉਸ ਨੂੰ ਹੁਣ ਵਰਗਾ ਫਿਕਰ ਨਾ ਹੁੰਦਾ। ਨਿੱਕੀ ਜਿਹੀ ਗੱਲ ਹੁੰਦੀ ਟਿੱਕਾ ਇਕ ਦਮ ਮੱਦਦ ਲਈ ਆ ਖੜਦਾ। ਹੁਣ ਉਸ ਨੂੰ ਲੱਗਦਾ ਜਿਵੇਂ ਸਾਰੀ ਦੁਨੀਆਂ ਦਾ ਬੋਝ ਉਸੇ ਨੇ ਹੀ ਚੁੱਕਿਆ ਹੋਇਆ ਹੋਵੇ। ਉਹ ਹਰ ਵੇਲੇ ਦਬਾਅ ਹੇਠ ਰਹਿਣ ਲੱਗੀ। ਭਾਵੇਂ ਹੁਣ ਉਹ ਐਤਵਾਰ ਦੀ ਛੁੱਟੀ ਕਰਦੀ ਪਰ ਇਸ ਨਾਲ ਦਬਾਅ ਘਟਦਾ ਨਹੀਂ ਸੀ। ਸੋਮਵਾਰ ਉਸ ਨੇ ਬੈਕਿੰਗ ਕਰਨੀ ਹੁੰਦੀ ਜਿਸ ਦੀ ਤਿਆਰੀ ਉਹ ਐਤਵਾਰ ਨੂੰ ਹੀ ਕਰਨ ਲਗਦੀ। ਬੈਂਕ ਦੁਕਾਨ ਦੇ ਨਜ਼ਦੀਕ ਹੀ ਸੀ। ਮਾਰੀਆ ਨੂੰ ਉਹ ਆਪਣੇ ਨਾਲ ਬੈਂਕ ਲੈ ਜਾਂਦੀ। ਮੰਗਲਵਾਰ ਨੂੰ ਸਮਾਨ ਦੀ ਡਿਲਵਰੀ ਆਉਣੀ ਹੁੰਦੀ। ਬੁੱਧਵਾਰ ਦਾ ਦਿਨ ਤਨਖਾਹਾਂ ਤਿਆਰ ਕਰਨ ਦਾ ਹੁੰਦਾ। ਤਨਖਾਹਾਂ ਬਣਾਉਣ ਲਈ ਭਾਵੇਂ ਉਸ ਨੇ ਅਕਾਊਟੈਂਟ ਰੱਖਿਆ ਹੋਇਆ ਸੀ ਪਰ ਫਿਕਰ ਸਾਰਾ ਉਸ ਨੂੰ ਹੀ ਹੁੰਦਾ। ਵੀਰਵਾਰ ਨੂੰ ਉਸ ਨੇ ਤਨਖਾਹਾਂ ਵੰਡਣੀਆਂ ਹੁੰਦੀਆਂ। ਸ਼ੁਕਰਵਾਰ ਨੂੰ ਖਤਮ ਹੋ ਰਹੇ ਸਮਾਨ ਦੀ ਲਿਸਟ ਤਿਆਰ ਕਰਕੇ ਆਰਡਰ ਦੇਣਾ ਹੁੰਦਾ। ਜੇ ਕੋਈ ਚੀਜ਼ ਇਕਦਮ ਚਾਹੀਦੀ ਹੋਵੇ ਤਾਂ ਉਹ ਕਾਰ ਚੁੱਕ ਕੇ 'ਪੈਰਾਡਾਈਜ਼ ਬਿਊਟੀ ਕੰਪਲੈਕਸ' ਨੂੰ ਭੱਜ ਤੁਰਦੀ ਜਿਹੜਾ ਕਿ ਇਲਾਕੇ ਦਾ ਹੀ ਮੰਨਿਆਂ ਹੋਇਆ ਬਿਊਟੀ ਦੇ ਸਮਾਨ ਦਾ ਵੇਅਰ ਹਾਊਸ ਸੀ। ਉਸ ਨੂੰ ਇਕ ਮਿੰਟ ਦਾ ਵਿਹਲ



ਵੀ ਨਾ ਲਗਦਾ। ਕਈ ਵਾਰ ਤਾਂ ਖਾਣਾ ਵੀ ਭੱਜ ਭੱਜ ਕੇ ਖਾਂਦੀ। ਸ਼ਾਮ ਨੂੰ ਛੇ ਵਜੇ ਟਰੇਨਿੰਗ ਸੈਂਟਰ ਵਾਲਾ ਕੰਮ ਸ਼ੁਰੂ ਹੋ ਜਾਂਦਾ। ਰਾਤ ਦੇ ਨੌਂ ਵਜੇ ਤੋਂ ਪਹਿਲਾਂ ਉਹ ਘਰ ਨਾ ਵੜ ਸਕਦੀ। ਉਹਦੇ ਕੋਲ ਤਾਂ ਬੱਚਿਆਂ ਨੂੰ ਵੀ ਮਿਲਣ ਦਾ ਵਕਤ ਨਾ ਹੁੰਦਾ। ਕਈ ਵਾਰ ਉਹ ਇਸ ਸਭ ਕਾਸੇ ਤੋਂ ਅੱਕਣ ਵੀ ਲਗਦੀ ਤੇ ਦਿਲ ਕਰਦਾ ਕਿ ਇਹ ਬਿਊਟੀ ਪਾਰਲਰ ਬੰਦ ਕਰਕੇ ਕੋਈ ਛੋਟੀ ਮੋਟੀ ਨੌਕਰੀ ਕਰ ਲਵੇ। ਘੱਟੋ ਘੱਟ ਜ਼ਿੰਦਗੀ ਤਾਂ ਸੌਖੀ ਹੋ ਜਾਵੇ।

ਇਸ ਬੇਹੱਦ ਵਿਅਸਤ ਜ਼ਿੰਦਗੀ ਵਿਚ ਜੇ ਉਸ ਨੂੰ ਕਿਸੇ ਦੀ ਮੱਦਦ ਸੀ ਤਾਂ ਉਹ ਸੀ ਪੌਲ ਦੀ। ਏਨਾ ਜ਼ਰੂਰ ਸੀ ਕਿ ਪੌਲ ਉਸ ਦੇ ਬਿਜ਼ਨਿਸ ਵਿਚ ਕੋਈ ਸਹਾਇਤਾ ਨਹੀਂ ਸੀ ਕਰਦਾ ਪਰ ਘਰ ਸਾਰਾ ਉਹੀ ਸੰਭਾਲਦਾ ਸੀ। ਬੱਚਿਆਂ ਦੀਆਂ ਤੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਉਸ ਨੇ ਮੁੰਦਰੀ ਨੂੰ ਵਿਹਲਾ ਕਰ ਦਿਤਾ ਹੋਇਆ ਸੀ। ਕੰਮ ਤੋਂ ਆ ਕੇ ਪੌਲ ਬੱਚਿਆਂ ਤੇ ਘਰ ਦੁਆਲੇ ਹੋ ਜਾਂਦਾ। ਰਾਤ ਨੂੰ ਉਹ ਕੰਮ 'ਤੇ ਜਾਂਦਾ ਸੀ। ਸਵੇਰੇ ਆਉਂਦਾ ਹੀ ਬੱਚਿਆਂ ਨੂੰ ਤਿਆਰ ਕਰਕੇ ਸਕੂਲ ਛੱਡ ਆਉਂਦਾ ਤੇ ਸ਼ਾਮੀ ਲੈ ਆਇਆ ਕਰਦਾ। ਉਹ ਘਰ ਦੀ ਸਫਾਈ ਵੀ ਕਰ ਲੈਂਦਾ ਤੇ ਰਸੋਈ ਵੀ ਸੰਭਾਲ ਲੈਂਦਾ ਸੀ। ਪੌਲ ਦੇ ਸ਼ੌਂਕ ਸਨ; ਨਵੀਆਂ ਕਾਰਾਂ, ਨਵੇਂ ਨਵੇਂ ਮੁਬਾਈਲ-ਫੋਨ, ਲੈਪਟੌਪ ਤੇ ਇੰਟਰਨੈੱਟ। ਮੁੰਦਰੀ ਉਸ ਨੂੰ ਇਹਨਾਂ ਗੱਲਾਂ ਤੋਂ ਕਦੇ ਨਹੀਂ ਸੀ ਰੋਕਦੀ। ਪੌਲ ਦੀ ਤਨਖਾਹ ਸਿੱਧੀ ਬੈਂਕ ਵਿਚ ਆਉਂਦੀ ਸੀ। ਮੁੰਦਰੀ ਨੇ ਉਸ ਨੂੰ ਕਦੇ ਨਹੀਂ ਸੀ ਪੁੱਛਿਆ ਕਿ ਉਹ ਆਪਣੀ ਤਨਖਾਹ ਦਾ ਕੀ ਕਰਦਾ ਹੈ। ਉਸ ਨੂੰ ਏਨਾ ਪਤਾ ਸੀ ਕਿ ਪੌਲ ਫਜ਼ੂਲ ਖਰਚ ਨਹੀਂ ਸੀ।

ਜਦੋਂ ਛੋਟਾ ਮੁੰਡਾ ਲਾਟ ਸਕੂਲ ਜਾਣ ਲਗਿਆ ਤਾਂ ਉਸ ਦੇ ਲੰਮੇ ਵਾਲ ਵਾਹੁਣੇ ਬਹੁਤ ਔਖੇ ਸਨ। ਲਾਟ ਚੀਕਾਂ ਮਾਰਦਾ ਰੋਣ ਲਗਦਾ।ਪੌਲ ਨੇ ਮੁੰਦਰੀ ਨੂੰ ਕਿਹਾ,

—ਡਾਰਲਿੰਗ, ਆਹ ਲਾਟ ਦਾ ਵਾਲ਼ਾਂ ਦਾ ਯੱਭ ਕੀ ਪਾਇਆ ਹੋਇਐ? ਇਹ ਹਾਲੇ ਬੱਚਾ ਐ, ਜੇ ਏਹਨੇ ਵੱਡੇ ਹੋ ਕੇ ਰੱਖਣੇ ਹੋਏ ਤਾਂ ਆਪੇ ਰੱਖ ਲਊ।

—ਹਾਂ ਪੌਲ, ਤੂੰ ਠੀਕ ਕਹਿ ਰਿਹੈਂ।

ਉਸ ਨੇ ਇਕਦਮ ਕਹਿ ਦਿਤਾ। ਉਸ ਨੂੰ ਲੱਗਿਆ ਜਿਵੇਂ ਟਿੱਕੇ ਦਾ ਇਕ ਹੋਰ ਨਿਸ਼ਾਨ ਮਿਟਾ ਦਿਤਾ ਹੋਵੇ। ਉਹ ਖੁਸ਼ ਵੀ ਹੋਈ ਤੇ ਦੁਖੀ ਵੀ।

ਟਿੱਕੇ ਦਾ ਉਸ ਨੂੰ ਇੰਡੀਆ ਗਏ ਦਾ ਪਤਾ ਚੱਲ ਜਾਂਦਾ। ਉਸ ਦੀ ਮਾਂ ਫੋਨ ਕਰ ਦਿਆ ਕਰਦੀ। ਉਸ ਨੇ ਮਾਂ ਨੂੰ ਟਿੱਕੇ ਨਾਲ ਪਏ ਵਿਗਾੜ ਬਾਰੇ ਕੁਝ ਨਹੀਂ ਸੀ ਦੱਸਿਆ। ਮਾਂ ਨੂੰ ਤਾਂ ਆਪਣੀਆਂ ਸ਼ਿਕਾਇਤਾਂ ਤੋਂ ਬਿਨਾਂ ਕੁਝ ਹੋਰ ਸੁਝਦਾ ਹੀ ਨਹੀਂ ਸੀ। ਉਹ ਹਰ ਵੇਲੇ ਪੈਸੇ ਮੰਗਦੀ ਰਹਿੰਦੀ ਸੀ। ਮੁੰਦਰੀ ਪੈਸੇ ਲਗਤਾਰ ਪੈਸੇ ਭੇਜਦੀ ਪਰ ਜਿੰਨੇ ਉਹ ਭੇਜਦੀ ਜੁਬੈਦਾ ਓਨੇ ਹੀ ਖਰਚ ਲੈਂਦੀ। ਜੁਬੈਦਾ ਹੋਰ ਪੈਸੇ ਮੰਗਣ ਲੱਗਦੀ ਤਾਂ ਮੁੰਦਰੀ ਖਿਝਦੀ ਹੋਈ ਆਖਦੀ,

—ਮਾਂ, ਤੂੰ ਮੇਰੀ ਟੈਨਸ਼ਨ ਨਾ ਵਧਾ!

ਫਰੀਦਾ ਫੋਨ ਕਰਦੀ ਤਾਂ ਉਸ ਦੀ ਇਕੋ ਫਰਮਾਇਸ਼ ਹੁੰਦੀ ਕਿ ਕਿਸੇ ਬੁੱਢੇ-ਠੇਰੇ ਨੂੰ ਖੜਾ ਕਰ ਕੇ ਉਸ ਨੂੰ ਇੰਗਲੈਂਡ ਲੰਘਾ ਲਵੇ। ਜਦੋਂ ਮੁੰਦਰੀ ਕਹਿੰਦੀ ਕਿ ਮੈਂ ਇਹ ਕੰਮ ਨਹੀਂ ਕਰਦੀ ਤਾਂ ਫਰੀਦਾ ਮਿਹਣੇ ਮਾਰਨ ਲੱਗ ਪੈਂਦੀ। ਕਦੇ ਕਦੇ ਫਰੀਦਾ ਉਸ ਨੂੰ ਚਾਹਲ ਜਾਂ ਟਿੱਕੇ ਦਾ ਨਾਂ ਲੈ ਕੇ ਬਹੁਤ ਹੀ ਨਿੱਜੀ ਜਿਹੇ ਤਾਹਨੇ ਵੀ ਦੇ ਜਾਂਦੀ।ਅਜਿਹੇ ਸਮੇਂ ਉਹ ਫਰੀਦਾ ਦਾ ਫੋਨ ਕੱਟ ਦਿੰਦੀ ਤੇ ਬੁੜਬੁੜਾਉਂਦੀ ਆਖਦੀ, -'ਇਹਨੂੰ ਪਤਾ ਨਹੀਂ ਇਹ ਗੱਲ ਕਿਹਦੇ

ਨਾਲ ਕਰ ਰਹੀ ਐ! ...ਮੁੰਦਰੀ ਨਾਲ! ...ਮੈਂ ਮੁੰਦਰੀ!'

ਫੋਨ ਉਪਰ ਉਸ ਨੂੰ ਤੰਗ ਕਰਨ ਵਾਲਿਆਂ ਵਿਚ ਲੱਛਮੀ ਦੇਵੀ ਤੇ ਰਾਮ ਪ੍ਰਕਾਸ਼ ਵੀ ਸਨ। ਪੌਲ ਦੇ ਮਾਂਪਿਓ। ਉਹ ਵੀ ਹੁਣ ਹਰ ਵੇਲੇ ਪੈਸੇ ਦੀ ਮੰਗ ਹੀ ਕਰਦੇ ਸਨ। ਮੁੰਦਰੀ ਨੂੰ ਪਤਾ ਸੀ ਕਿ ਉਹਨਾਂ ਨੂੰ ਪੈਸੇ ਦੀ ਲੋੜ ਨਹੀਂ ਤੇ ਫਿਰ ਪੌਲ ਉਹਨਾਂ ਨੂੰ ਭੇਜਦਾ ਵੀ ਰਹਿੰਦਾ ਸੀ ਪਰ ਤਦ ਵੀ ਉਹ ਮੰਗਣੋ ਨਾ ਹਟਦੇ। ਹੁਣ ਉਹਨਾਂ ਨੂੰ ਕੋਠੀ ਬਣਾਉਣ ਦਾ ਭੂਤ ਸਵਾਰ ਹੋਇਆ ਪਿਆ ਸੀ। ਕਈ ਫੋਨ ਆ ਚੁੱਕੇ ਸਨ। ਅਸਲ ਵਿਚ ਪਿਛਲੇ ਕੁਝ ਸਮੇਂ ਤੋਂ ਪੌਲ ਘਰ ਨੂੰ ਪੈਸੇ ਨਹੀਂ ਸੀ ਭੇਜ ਸਕਿਆ। ਉਸ ਦੇ ਜਮ੍ਹਾਂ ਪਏ ਪੈਸੇ ਮੁੰਦਰੀ ਨੇ ਕਢਵਾ ਲਏ ਸਨ। ਇਹ ਦੁਕਾਨ ਜਿਥੇ ਉਹਨਾਂ ਦਾ ਬਿਊਟੀ ਪਾਰਲਰ ਸੀ ਇਹ ਫ੍ਰੀ-ਹੋਲਡ ਵਿਕਾਊ ਸੀ। ਮੁੰਦਰੀ ਨੇ ਲੈਸਟਰ ਵਾਲਾ ਘਰ ਵੇਚ ਕੇ ਤੇ ਜੋ ਕੁਝ ਪੌਲ ਕੋਲ ਜੁੜਿਆ ਸੀ, ਕਢਾ ਕੇ ਪੂਰੀ ਇਮਾਰਤ ਖਰੀਦ ਲਈ ਸੀ। ਹੁਣ ਕਿਰਾਇਆ ਦੇਣ ਦੀ ਲੋੜ ਨਹੀਂ ਸੀ ਪੈਣੀ ਸਗੋਂ ਉਪਰ ਫਲੈਟਾਂ ਦਾ ਹੋਰ ਕਿਰਾਇਆ ਆਉਣਾ ਸੀ। ਇਕ ਦਿਨ ਪੌਲ ਕਹਿਣ ਲੱਗਿਆ,

—ਅੱਜ ਝਾਈ ਦਾ ਫੋਨ ਆਇਆ ਸੀ।

—ਪੈਸੇ ਮੰਗਦੇ ਸੀ?

—ਨਹੀਂ, ਉਹ ਘੁੰਮਣ ਆਉਣਾ ਚਾਹੁੰਦੇ ਆ।

ਮੁੰਦਰੀ ਸੋਚਾਂ ਵਿਚ ਪੈ ਗਈ। ਉਹ ਆਉਣਾ ਚਾਹੁੰਦੇ ਸਨ ਤਾਂ ਉਹ ਰੋਕ ਨਹੀਂ ਸੀ ਸਕਦੀ ਪਰ ਆ ਕੇ ਉਹਨਾਂ ਉਸ ਦਾ ਵਕਤ ਵੀ ਖਰਾਬ ਕਰਨਾ ਸੀ ਤੇ ਦਿਮਾਗ ਵੀ। ਜੁਬੈਦਾ ਵੀ ਕਿੰਨੀ ਵਾਰ ਉਸ ਨੂੰ ਕਹਿ ਚੁੱਕੀ ਸੀ ਕਿ ਉਸ ਨੂੰ ਇੰਗਲੈਂਡ ਸੱਦ ਲਵੇ ਭਾਵੇਂ ਕੁਝ ਮਹੀਨਿਆਂ ਲਈ ਹੀ ਪਰ ਮੁੰਦਰੀ ਨੇ ਉਸ ਦੀ ਇਕ ਨਹੀਂ ਸੀ ਸੁਣੀ। ਫਿਰ ਫਰੀਦਾ ਤਾਂ ਆਏ ਦਿਨ ਹੀ ਸੱਦਣ ਲਈ ਕਹਿੰਦੀ ਸੀ। ਹੁਣ ਪੌਲ ਦੇ ਮਾਂ ਜਾਂ ਪਿਓ ਨੂੰ ਰੋਕਣਾ ਮੁਸ਼ਕਲ ਸੀ। ਉਸ ਨੇ ਕਿਹਾ,

—ਪੌਲ, ਸੋਚ ਲੈ, ਇਕ ਤਾਂ ਆਪਾਂ ਹੁਣੇ ਦੁਕਾਨ ਲਈ ਆ ਤੇ ਸਾਡਾ ਹੱਥ ਸਾਵਾਂ ਹੀ ਐ ਤੇ ਦੂਜੇ ਆਪਣੇ ਕੋਲ ਉਹਨਾਂ ਨੂੰ ਘੁਮਾਉਣ ਲਈ ਟਾਈਮ ਵੀ ਨਹੀਂ ਹੋਣਾ, ਬਹੁਤੀ ਗੱਲ ਤਾਂ ਤੂੰ ਬੱਚੇ ਲੈ ਕੇ ਉਹਨਾਂ ਨੂੰ ਮਿਲ ਆ।

—ਨਹੀਂ ਡਾਰਲਿੰਗ, ਉਹ ਆਪ ਆਉਣਾ ਚਾਹੁੰਦੇ ਆ।

—ਦੇਖ ਲੈ ਜਿੱਦਾਂ ਕਰਨੀ ਆਂ, ਮੇਰੀ ਜਾਨ ਔਖੀ ਹੋਣੀ ਆਂ, ਹੋਰ ਕੁਝ ਨਹੀਂ।

ਮੁੰਦਰੀ ਨੇ ਕਿਹਾ। ਪਹਿਲਾਂ ਵੀ ਇਕ ਦੋ ਵਾਰ ਉਹਨਾਂ ਦੇ ਆਉਣ ਦੀ ਗੱਲ ਹੋ ਚੁੱਕੀ ਸੀ ਤੇ ਉਹ ਟਰਕਾਉਂਦੀ ਰਹੀ ਸੀ। ਵਾਰ ਵਾਰ ਇਵੇਂ ਕਰਨਾ ਉਸ ਨੂੰ ਠੀਕ ਨਹੀਂ ਸੀ ਲੱਗਿਆ। ਉਸ ਨੇ ਪੌਲ ਨੂੰ ਕਿਹਾ,

—ਬਾਕੀ ਸਭ ਤਾਂ ਠੀਕ ਐ, ਤੂੰ ਇਕ ਵਾਰੀ ਬਿਜ਼ਨਿਸ ਦਾ ਹਿਸਾਬ ਕਿਤਾਬ ਤਾਂ ਦੇਖ ਲੈ, ਉਹਨਾਂ ਨੇ ਤਾਂ ਆ ਕੇ ਸੋਚਣਾ ਕਿ ਪਤਾ ਨਹੀਂ ਅਸੀਂ ਕੀ ਕਮਾਈ ਜਾਨੇ ਆਂ।

—ਡਾਰਲਿੰਗ, ਮੇਰਾ ਤਾਂ ਪਹਿਲਾਂ ਹੀ ਸਿਰ ਦਰਦ ਕਰਦਾ, ਬਿਜ਼ਨਿਸ ਦੀ ਗੱਲ ਕਰਕੇ ਹੋਰ ਨਾ ਦੁਖਣ ਲਾ ਦੇਵੀਂ।

ਪੌਲ ਨੇ ਆਪਣੇ ਬੇਫਿਕਰੇ ਸੁਭਾਅ ਅਨੁਸਾਰ ਕਿਹਾ। ਮੁੰਦਰੀ ਸੋਚਦੀ ਸੀ ਕਿ ਬਾਹਰੋਂ ਦੇਖਣ ਵਾਲੇ ਨੂੰ ਬਹੁਤ ਵੱਡੀ ਗੱਲ ਲੱਗਦੀ ਸੀ ਪਰ ਕਰ-ਕਰਾ ਕੇ ਉਸ ਦਾ ਕਾਰੋਬਾਰ ਖਰਚੇ ਹੀ ਪੂਰੇ ਕਰ ਰਿਹਾ ਸੀ। ਇਕ ਤਾਂ ਉਸ ਨੇ ਖਰਚੇ ਵੀ ਬਹੁਤ ਵਧਾ ਲਏ ਸਨ। ਘਰ



ਵਿਚ ਐਕਸਟੈਂਸ਼ਨ ਕਰਾ ਕੇ ਵੱਡਾ ਕਰ ਲਿਆ ਸੀ। ਸਾਰੇ ਘਰ ਵਿਚ ਮਹਿੰਗਾ ਸਮਾਨ ਪਵਾ ਲਿਆ ਹੋਇਆ ਸੀ। ਉਸ ਦੀ ਮਰਸਡੀਜ਼ ਵੀ ਕਿਸ਼ਤਾਂ ਉਪਰ ਸੀ। ਪੌਲ ਦੀ ਕੰਮ ਉਪਰ ਜਾਣ ਵਾਲੀ ਕਾਰ ਵੀ ਨਵੀਂ ਹੀ ਸੀ। ਸਟਾਫ ਦੀਆਂ ਤਨਖਾਹਾਂ ਸਨ, ਕੌਂਸਲ ਟੈਕਸ ਸੀ। ਅਕਾਊਂਟੈਂਟ, ਵਕੀਲ, ਬੈਂਕ ਆਦਿ, ਖਰਚੇ ਹੀ ਖਰਚੇ ਸਨ। ਤਿੰਨ ਮਹੀਨੇ ਬਾਅਦ ਵੀ. ਏ. ਟੀ. ਆ ਜਾਂਦੀ ਤੇ ਸਾਲ ਬਾਅਦ ਟੈਕਸ। ਜੋ ਕੁਝ ਬਚਦਾ ਸੀ ਸਭ ਇਹਨਾਂ ਮੋਰੀਆਂ ਰਾਹੀਂ ਬਾਹਰ ਚਲੇ ਜਾਂਦਾ ਸੀ। ਇੰਡੀਆ ਤੋਂ ਆਏ ਨੌਕਰੀ-ਪੇਸ਼ਾ ਲੋਕਾਂ ਨੂੰ ਏਹਨਾਂ ਗੱਲਾਂ ਦੀ ਸਮਝ ਨਹੀਂ ਸੀ ਲੱਗਣੀ।

ਲੱਛਮੀ ਦੇਵੀ ਤੇ ਰਾਮ ਪ੍ਰਕਾਸ਼ ਇੰਗਲੈਂਡ ਆ ਗਏ। ਛੇ ਮਹੀਨੇ ਦਾ ਉਹਨਾਂ ਕੋਲ ਵੀਜ਼ਾ ਸੀ ਤੇ ਛੇ ਮਹੀਨੇ ਹੀ ਉਹ ਰਹਿਣਾ ਚਾਹੁੰਦੇ ਸਨ। ਹੁਣ ਉਹ ਬਿਲਕੁਲ ਵਿਹਲੇ ਸਨ। ਉਹਨਾਂ ਦੀ ਛੋਟੀ ਧੀ ਤੇ ਦੂਜਾ ਪੁੱਤ ਆਪੋ ਆਪਣੇ ਘਰ ਸਨ। ਸੋ ਹੁਣ ਉਹ ਭਾਵੇਂ ਇੰਗਲੈਂਡ ਰਹਿਣ ਜਾਂ ਇੰਡੀਆ। ਉਹਨਾਂ ਨੇ ਆਉਂਦਿਆਂ ਸਭ ਤੋਂ ਪਹਿਲਾਂ ਜਿਹੜੀ ਗੱਲ ਦੇਖੀ ਉਹ ਇਹ ਸੀ ਕਿ ਉਹਨਾਂ ਦੇ ਪੁੱਤ ਦੀ ਘਰ ਵਿਚ ਬਹੁਤੀ ਵੁੱਕਤ ਨਹੀਂ ਸੀ ਤੇ ਦੂਜੇ ਕਿ ਉਹਨਾਂ ਦੀ ਨੂੰਹ ਘਰ ਵਿਚ ਬਹੁਤ ਵੱਡੀ ਚੀਜ਼ ਸੀ। ਜਦ ਲੱਛਮੀ ਦੇਵੀ ਮੁੰਦਰੀ ਨਾਲ ਉਸ ਦੇ ਬਿਊਟੀ ਪਾਰਲਰ ਵਿਚ ਜਾਂਦੀ ਤੇ ਸਾਰੇ ਉਸ ਨੂੰ 'ਮੈਡਮ ਮੈਡਮ' ਕਰਦੇ ਸਤਿਕਾਰ ਦਿੰਦੇ ਤਾਂ ਉਸ ਨੂੰ ਆਪਣਾ ਆਪ ਛੋਟਾ ਜਾਪਣ ਲੱਗ ਪੈਂਦਾ। ਜਿਹੜੀ ਸਭ ਤੋਂ ਵੱਡੀ ਗੱਲ ਉਸ ਨੇ ਭਾਂਪ ਲਈ ਸੀ ਉਹ ਇਹ ਸੀ ਕਿ ਮੁੰਦਰੀ ਲੋਹੜੇ ਦੇ ਪੈਸੇ ਕਮਾ ਰਹੀ ਸੀ। ਦੋਵੇਂ ਪਤੀ-ਪਤਨੀ ਹਰ ਵੇਲੇ ਮੁੰਦਰੀ ਦੀ ਕਮਾਈ ਬਾਰੇ ਹੀ ਗੱਲਾਂ ਕਰਦੇ ਰਹਿੰਦੇ ਤੇ ਉਹਨਾਂ ਨੂੰ ਕੋਠੀ ਬਣਾਉਣ ਦਾ ਆਪਣਾ ਸੁਫਨਾ ਸੱਚਾ ਹੁੰਦਾ ਦਿਸਦਾ। ਉਹ ਮੁੰਦਰੀ ਨਾਲ ਗੱਲ ਕਰਨ ਤੋਂ ਝਿਜਕਦੇ ਵੀ ਸਨ ਪਰ ਗੱਲ ਤਾਂ ਕਰਨੀ ਹੀ ਪੈਣੀ ਸੀ। ਸਭ ਤੋਂ ਪਹਿਲਾਂ ਉਹਨਾਂ ਨੇ ਪੌਲ ਨੂੰ ਹੀ ਕਿਹਾ,

—ਦੇਖ ਕਾਕਾ, ਅਸੀਂ ਪਲਾਟ ਤਾਂ ਚੰਡੀਗੜ੍ਹ ਰੋਡ ਤੇ ਲੈ ਲਿਆ ਹੋਇਆ, ਹੁਣ ਕੋਠੀ ਬਣਾਉਣੀ ਆਂ, ਇਹ ਹੁਣ ਤੁਹਾਡਾ ਕੰਮ ਆਂ।

—ਭਾਪਾ ਜੀ, ਤੁਸੀਂ ਇਹਦੇ ਨਾਲ ਹੀ ਗੱਲ ਕਰੋ।

ਪੌਲ ਨੇ ਹੱਥ ਝਾੜਦਿਆਂ ਕਿਹਾ। ਇਸ ਗੱਲ 'ਤੇ ਲੱਛਮੀ ਦੇਵੀ ਗੁੱਸੇ ਵਿਚ ਆਉਂਦੀ ਬੋਲੀ,

—ਤੇਰੇ ਨਾਲ ਕਿਉਂ ਨਹੀਂ? ਘਰ ਦਾ ਮਾਲਕ ਤੂੰ ਐਂ, ...ਗੱਲ ਅਸੀਂ ਉਹਦੇ ਨਾਲ ਕਿਉਂ ਕਰੀਏ?

—ਝਾਈ, ਪਿੱਛੇ ਜਿਹੇ ਦੁਕਾਨ ਫਰੀ ਕਰ ਲਈ ਸੀ, ਸਾਲੇ ਪੈਸੇ ਤਾਂ ਓਧਰ ਖਰਚੇ ਗਏ ਆ।

—ਆਹ ਜਿਹੜਾ ਓਹਦਾ ਏਨਾ ਕੰਮ ਚਲਦਾ, ਏਹਦੇ ਬਾਰੇ ਤੈਨੂੰ ਉਹ ਕੁਝ ਨਹੀਂ ਦਸਦੀ?

—ਝਾਈ, ਏਦਾਂ ਦੀ ਗੱਲ ਨਹੀਂ, ਉਹਦਾ ਕੰਮ ਹੈਗਾ ਬੁੜੀਆਂ ਵਾਲਾ, ਮੈਂ ਬਹੁਤਾ ਧਿਆਨ ਨਹੀਂ ਦਿੰਦਾ।

—ਤੂੰ ਝੁੱਡੂ ਜਿਹਾ ਬਣ ਕੇ ਹਰ ਵੇਲੇ ਆਹ ਮਸ਼ੀਨ ਜਿਹੀ 'ਚ ਮੂੰਹ ਦੇਈ ਰੱਖਦਾਂ, ਕੁਸ਼ ਕੰਨ ਰੱਖ। ਐਡੇ ਬੜੇ ਬਿਜ਼ਨਿਸ ਦਾ ਮਾਲਕ ਐਂ, ਜ਼ਰਾ ਓਧਰ ਜਾ ਕੇ ਵੀ ਖ਼ਬਰ ਲਿਆ ਕਰ।

ਲੱਛਮੀ ਦੇਵੀ ਉਸ ਦੇ ਕੰਪਿਊਟਰ ਵਲ ਇਸ਼ਾਰਾ ਕਰਦੀ ਕਹਿ ਰਹੀ ਸੀ। ਪੌਲ ਨੇ

ਆਪਣੀ ਮਾਂ ਨੂੰ ਕੋਈ ਤਸੱਲੀ ਬੱਖਸ਼ ਉੱਤਰ ਨਾ ਦਿਤਾ। ਪੁੱਤ ਵਲੋਂ ਹਾਰ ਕੇ ਲੱਛਮੀ ਦੇਵੀ ਤੇ ਰਾਮ ਪ੍ਰਕਾਸ਼ ਨੇ ਮੁੰਦਰੀ ਨਾਲ ਗੱਲ ਸਾਰੀ ਗੱਲ ਕੀਤੀ। ਮੁੰਦਰੀ ਬੋਲੀ,

—ਡੈਡੀ ਜੀ, ਅਸੀਂ ਤਾਂ ਇੰਡੀਆ ਜਾਣਾ ਨਹੀਂ, ਤੁਹਾਡੇ ਜੋਗਾ ਉਹ ਘਰ ਬਹੁਤ ਐ।

—ਸਾਰੀ ਦੁਨੀਆਂ ਇੰਡੀਆ ਵਿਚ ਘਰ ਬਣਾਉਂਦੀ ਆ, ਤੁਹਾਨੂੰ ਵੀ ਚਾਹੀਦਾ।

—ਹਾਲੇ ਸਾਡੇ ਵਿਚ ਹਿੰਮਤ ਨਹੀਂ।

ਮੁੰਦਰੀ ਦੀ ਇਸ ਗੱਲ 'ਤੇ ਲੱਛਮੀ ਦੇਵੀ ਭੜਕ ਪਈ। ਉਸ ਨੇ ਤਾਂ ਬਿਊਟੀ ਪਾਰਲਰ ਵਿਚ ਪੌਂਡਾਂ ਦਾ ਮੀਂਹ ਪੈਂਦਾ ਦੇਖਿਆ ਹੋਇਆ ਸੀ। ਉਹ ਬੋਲੀ,

—ਦੇਖ ਬੇਟਾ, ਮੈਂ ਤੇ ਤੇਰੇ ਡੈਡੀ ਜੀ ਨੇ ਸਾਰਾ ਹਿਸਾਬ ਲਾਇਆ, ਨਿੱਕੇ ਜਿਹੇ ਕੰਮ ਦੇ ਤੂੰ ਔਸਤਨ ਚਾਲ੍ਹੀ ਪੌਂਡ ਲੈਨੀ ਆਂ, ਜਾਣੀ ਕਿ ਸਾਢੇ ਤਿੰਨ ਹਜ਼ਾਰ ਰੁਪਏ, ਦਿਨ ਵਿਚ ਸੌ ਗਾਹਕ ਭੁਗਤਦੇ ਆ, ਉਪਰੋਂ ਦੀ ਤੇਰਾ ਟਰੇਨਿੰਗ ਸੈਂਟਰ ਵੀ ਖੂਬ ਚਲਦਾ, ਮਹੀਨੇ ਦੇ ਤੂੰ ਕੋਰੜਾਂ ਕਮਾਉਨੀ ਆਂ, ਕੋਠੀ ਤਾਂ ਥੋੜੇ ਜਿਹੇ ਲੱਖ ਵਿਚ ਬਣ ਜਾਣੀ ਆਂ।

ਲੱਛਮੀ ਦੇਵੀ ਦੀ ਗੱਲ ਸੁਣ ਕੇ ਮੁੰਦਰੀ ਹੈਰਾਨ ਰਹਿ ਗਈ ਤੇ ਉਸ ਵਲ ਟੇਡਾ-ਟੇਡਾ ਝਾਕਣ ਲਗੀ। ਉਸ ਨੂੰ ਪਤਾ ਸੀ ਕਿ ਉਹ ਉਸ ਦੇ ਕਾਰੋਬਾਰ ਨੂੰ ਤਾੜ ਰਹੀ ਹੈ ਪਰ ਇਥੇ ਤਕ ਹਿਸਾਬ ਲਾ ਲਵੇਗੀ ਇਸ ਬਾਰੇ ਉਸ ਨੇ ਸੋਚਿਆ ਵੀ ਨਹੀਂ ਸੀ। ਮੁੰਦਰੀ ਦੇ ਤੇਵਰ ਦੇਖ ਕੇ ਰਾਮ ਪ੍ਰਕਾਸ਼ ਬੋਲਿਆ,

—ਬੇਟਾ, ਤੇਰੀ ਝਾਈ ਤਾਂ ਸਾਧਾਰਨ ਗੱਲ ਕਰ ਰਹੀ ਐ, ਬੱਚੇ ਬਹੁਤਾ ਕਮਾਉਣ ਇਸ ਤੋਂ ਵੱਡੀ ਫ਼ਖ਼ਰ ਦੀ ਗੱਲ ਮਾਪੇ ਲਈ ਕਿਹੜੀ ਹੋ ਸਕਦੀ ਐ!

—ਡੈਡੀ ਜੀ, ਤੁਹਾਨੂੰ ਪੈਸੇ ਆਉਂਦੇ ਦਿਸਦੇ ਆ ਪਰ ਜਾਂਦੇ ਨਹੀਂ।

ਕਹਿੰਦੀ ਉਹ ਆਪਣੇ ਖਰਚੇ ਗਿਣਵਾਉਣ ਲੱਗੀ। ਲੱਛਮੀ ਦੇਵੀ ਤੇ ਰਾਮ ਪ੍ਰਕਾਸ਼ ਉਸ ਵੱਲ ਇਵੇਂ ਦੇਖ ਰਹੇ ਸਨ ਜਿਵੇਂ ਉਹ ਝੂਠ ਬੋਲ ਰਹੀ ਹੋਵੇ। ਮੁੰਦਰੀ ਨੇ ਫਿਰ ਕਿਹਾ,

—ਜੇ ਨਹੀਂ ਯਕੀਨ ਤਾਂ ਆਪਣੇ ਪੁੱਤ ਨੂੰ ਪੁੱਛ ਲਵੋ।

—ਬੇਟਾ, ਤੂੰ ਏਦਾਂ ਕਰ ਕਿ ਸਾਨੂੰ ਆਪਣੀਆਂ ਬੈਂਕ ਬੁੱਕਾਂ ਦਿਖਾ ਦੇਹ।

—ਝਾਈ ਜੀ, ਅਸੀਂ ਕਦੇ ਤੁਹਾਨੂੰ ਕਿਹਾ ਕਿ ਆਪਣੀਆਂ ਬੁੱਕਾਂ ਦਿਖਾਓ, ਕਦੇ ਪੁੱਛਿਆ ਕਿ ਕਿੰਨਾ ਕਿਰਾਇਆ ਆਉਂਦਾ ਤੇ ਕਿੰਨੀ ਪੈਨਸ਼ਨ ਮਿਲਦੀ ਐ?

—ਤੂੰ ਆਪਣੀ ਮਾਂ ਨੂੰ ਪਿੰਡ ਵਿਚ ਕੋਠੀ ਬਣਾ ਕੇ ਦਿਤੀ ਐ, ਹਾਲੇ ਵੀ ਉਹਨਾਂ ਦਾ ਸਾਰਾ ਖਰਚ ਚੁੱਕਦੀ ਐਂ, ਸਾਡਾ ਵੀ ਤਾਂ ਓਨਾ ਹੀ ਹੱਕ ਬਣਦੈ, ਸਾਡੇ ਤਾਂ ਸਗੋਂ ਪੁੱਤ ਦਾ ਘਰ ਐ।

ਲੱਛਮੀ ਦੇਵੀ ਦੀ ਇਸ ਗੱਲ 'ਤੇ ਮੁੰਦਰੀ ਭੜਕ ਉਠੀ ਪਰ ਆਪਣੇ ਆਪ ਤੇ ਕਾਬੂ ਰੱਖਦੀ ਉਹ ਬੋਲੀ,

—ਝਾਈ ਜੀ, ਮੈਂ ਆਪਣੀ ਮਾਂ ਨੂੰ ਵਿਆਹ ਤੋਂ ਪਹਿਲਾਂ ਦਾ ਘਰ ਬਣਾ ਕੇ ਦਿਤਾ ਹੋਇਐ, ਦੂਜੀ ਗੱਲ ਮੈਂ ਇਹ ਸਾਰੀਆਂ ਗੱਲਾਂ ਪੌਲ ਨਾਲ ਸਾਫ ਕਰ ਲਈਆਂ ਸਨ, ਪੁੱਛੋ ਏਹਨੂੰ।

—ਜੇ ਏਹ ਕੁਸ਼ ਦੱਸਣ ਜੋਗਾ ਹੋਵੇ ਤਾਂ ਗੱਲ ਹੀ ਕਾਹਦੀ ਸੀ! ਇਹਦੇ ਵਿਚ ਦਮ ਹੋਵੇ ਤਾਂ ਇਹ ਸਭ ਕੁਸ਼ ਦਾ ਮਾਲਕ ਹੋ ਕੇ ਏਦਾਂ ਫਕੀਰਾਂ ਵਾਂਗੂੰ ਬੈਠਾ ਹੋਵੇ?

ਲੱਛਮੀ ਦੇਵੀ ਅਣਜਾਣੇ ਵਿਚ ਆਪਣੇ ਦਿਲ ਦੀ ਗੱਲ ਕਹਿ ਗਈ। ਮੁੰਦਰੀ ਦਾ



ਗੱਸਾ ਹੋਰ ਵੱਧ ਗਿਆ। ਉਸ ਨੇ ਉਂਗਲ ਲੱਛਮੀ ਦੇਵੀ ਵੱਲ ਸਿੱਧੀ ਕੀਤੀ ਤੇ ਬੋਲੀ,

—ਝਾਈ ਜੀ, ਪਹਿਲੀ ਗੱਲ ਤਾਂ ਤੁਹਾਡਾ ਪੁੱਤ ਫਕੀਰਾਂ ਵਾਂਗੂੰ ਨਹੀਂ ਮਾਲਕਾਂ ਵਾਂਗੂੰ ਬੈਠਾ। ਮੈਂ ਕਦੇ ਇਹਦਾ ਕਿਸੇ ਗੱਲੋਂ ਹੱਥ ਨਹੀਂ ਫੜਿਆ। ਦੂਜੀ ਗੱਲ; ਇਹ ਬਿਜ਼ਨਿਸ, ਇਹ ਘਰ ਸਭ ਮੈਂ ਬਣਾਇਆ, ਤੁਹਾਡੇ ਪੁੱਤ ਨੇ ਨਹੀਂ, ਸਮਝੇ!

ਆਖਦੀ ਮੁੰਦਰੀ ਉਹਨਾਂ ਕੋਲੋਂ ਉਠ ਕੇ ਚਲੇ ਗਈ। ਉਹਨਾਂ ਨੇ ਮੁੰਦਰੀ ਦਾ ਇਹ ਰੂਪ ਪਹਿਲਾਂ ਨਹੀਂ ਸੀ ਦੇਖਿਆ। ਰਾਮ ਪ੍ਰਕਾਸ਼ ਪੌਲ ਨੂੰ ਕਹਿਣ ਲਗਿਆ,

—ਤੂੰ ਹੀ ਏਹਨੂੰ ਸਿਰੇ ਚੜ੍ਹਾਇਆ ਹੋਇਆ!

—ਭਾਪਾ ਜੀ, ਤੁਸੀਂ ਕੋਠੀ ਕੋਠੀ ਗਾ ਕੇ ਘਰ ਵਿਚ ਲੜਾਈ ਪਾਈ ਹੋਈ ਐ, ਇਕ ਵਾਰੀ ਵੀਂ ਨਹੀਂ ਸੋਚਦੇ ਕਿ ਮੈਂ ਆਪਣੇ ਘਰ ਖ਼ੁਸ਼ ਆਂ।...ਦੇਖੋ, ਕਿਹੜੀ ਚੀਜ਼ ਦਾ ਘਾਟਾ ਮੈਨੂੰ, ਤੁਹਾਡੇ ਤੋਂ ਮੇਰੀ ਖ਼ੁਸ਼ੀ ਦੇਖੀ ਨਹੀਂ ਜਾ ਰਹੀ!

ਪੌਲ ਦੀ ਇਸ ਗੱਲ ਨਾਲ ਉਹਨਾਂ ਦੇ ਬਚਦੇ ਸੁਫਨੇ ਵੀ ਠੁੱਸ ਹੋ ਗਏ ਤੇ ਉਹ ਵਾਪਸ ਇੰਡੀਆ ਮੁੜਨ ਨੂੰ ਕਾਹਲੇ ਪੈਣ ਲੱਗੇ।

## ਤੀਹ

ਲੱਛਮੀ ਦੇਵੀ ਤੇ ਰਾਮ ਪ੍ਰਕਾਸ਼ ਤਾਂ ਵਾਪਸ ਮੁੜ ਗਏ ਪਰ ਮੁੰਦਰੀ ਨੂੰ ਉਹ ਬਹੁਤ ਇਕੱਲੀ ਕਰ ਗਏ। ਏਨੀ ਇਕੱਲੀ ਉਹ ਪਹਿਲਾਂ ਕਦੇ ਨਹੀਂ ਸੀ ਹੋਈ। ਪੌਲ ਉਸ ਦਾ ਪਤੀ ਸੀ ਪਰ ਕਹਿਣ ਦਾ ਹੀ ਪਤੀ ਸੀ। ਜਿਹੜੀ ਗੱਲ ਉਹ ਕਹਿੰਦੀ ਮੰਨੀ ਜਾਂਦਾ। ਉਸ ਦੀ ਆਪਣੀ ਕੋਈ ਰਾਏ ਹੀ ਨਹੀਂ ਸੀ, ਉਸ ਦੀ ਆਪਣੀ ਕੋਈ ਸਲਾਹ ਹੀ ਨਹੀਂ ਸੀ। ਉਹ ਆਪਣੀ ਘਰ, ਬੱਚਿਆਂ ਤੇ ਕੰਪਿਊਟਰ ਦੀ ਦੁਨੀਆਂ ਵਿਚ ਹੀ ਖ਼ੁਸ਼ ਸੀ। ਅਜਿਹੇ ਸਮੇਂ ਉਸ ਨੂੰ ਟਿੱਕੇ ਦੀ ਯਾਦ ਆਉਣੀ ਕੁਦਰਤੀ ਸੀ। ਉਸ ਨੇ ਆਪਣੇ ਦਫਤਰ ਵਿਚ ਸਾਰੇ ਪਰਿਵਾਰ ਦੀਆਂ ਫੋਟੋ ਲਾਈਆਂ ਹੋਈਆਂ ਸਨ। ਟਿੱਕੇ ਦੀ ਫੋਟੋ ਵੀ ਪਹਿਲੀਆਂ ਦੀ ਹੀ ਟੰਗੀ ਹੋਈ ਸੀ। ਉਹ ਕਦੇ ਕਦੇ ਦੇਖਦੀ ਤਾਂ ਕਿੰਨੀ ਦੇਰ ਤਕ ਇਸ ਫੋਟੋ ਵੱਲ ਦੇਖਦੀ ਰਹਿੰਦੀ। ਜਦੋਂ ਉਸ ਨੇ ਨਵੀਂ ਮਰਸੀਡੀਜ਼ ਖਰੀਦੀ ਸੀ ਤਾਂ ਉਸ ਦਾ ਦਿਲ ਕੀਤਾ ਸੀ ਕਿ ਕਿਸੇ ਤਰ੍ਹਾਂ ਟਿੱਕੇ ਨੂੰ ਇਸ ਬਾਰੇ ਪਤਾ ਚੱਲੇ। ਉਸ ਨੇ ਆਪਣੀ ਫੋਟੋ ਕਾਰ ਨਾਲ ਖਿਚਵਾ ਕੇ ਆਪਣੀ ਸਾਈਟ 'ਮੁੰਦਰੀ ਡੌਟ ਕੌਮ' 'ਤੇ ਪਾ ਦਿਤੀ ਸੀ। ਉਸ ਨੂੰ ਯਕੀਨ ਸੀ ਕਿ ਟਿੱਕਾ ਇਸ ਸਾਈਟ ਨੂੰ ਜ਼ਰੂਰ ਖੋਹਲਦਾ ਹੋਵਗਾ। ਸ਼ਾਇਦ ਉਸ ਦੀ ਫੋਟੋ ਦੇਖ ਕੇ ਫੋਨ ਕਰੇ ਜਾਂ ਈਮੇਲ ਭੇਜੇ ਪਰ ਟਿੱਕਾ ਖਾਮੋਸ਼ ਸੀ। ਉਸ ਸੋਚਦੀ ਕਿ ਕਸੂਰ ਵੀ ਟਿੱਕੇ ਦਾ ਤੇ ਔਖਾ ਵੀ ਉਹੀ। ਫਿਰ ਜਦ ਉਸ ਨੇ ਟਰੇਨਿੰਗ ਸੈਂਟਰ ਖੋਹਲ ਲਿਆ ਤਾਂ ਉਸ ਦਾ ਦਿਲ ਚਾਹਿਆ ਕਿ ਇਕ ਵਾਰ ਤਾਂ ਟਿੱਕੇ ਨੂੰ ਦੱਸ ਸਕੇ ਕਿ ਉਸ ਕੋਲ ਪੰਦਰਾਂ ਸਟੂਡੈਂਟਸ ਹਨ। ਫਿਰ ਉਸ ਨੇ ਸਾਰੀ ਬਿਲਡਿੰਗ ਹੀ ਫ੍ਰੀ-ਹੋਲਡ ਖਰੀਦ ਲਈ ਸੀ। ਉਸ ਨੇ ਇਹ ਖ਼ਬਰ ਆਪਣੀ ਸਾਈਟ 'ਤੇ ਪਾ ਦਿਤੀ ਸੀ ਪਰ ਪਤਾ ਨਹੀਂ ਟਿੱਕੇ ਨੇ ਪੜ੍ਹ ਲਈ ਜਾਂ ਨਹੀਂ। ਹੌਲੀ ਹੌਲੀ ਉਸ ਨੂੰ ਟਿੱਕੇ ਉਪਰ ਹੋਰ ਵੀ ਗੁੱਸਾ ਆਉਣ ਲਗਿਆ ਸੀ। ਉਸ ਨੇ ਤਾਂ ਲਾਟ ਵੱਲ ਵੀ ਮੁੜ ਕੇ ਨਹੀਂ ਸੀ ਦੇਖਿਆ। ਉਹ ਕਦੇ ਕਦੇ ਟਿੱਕੇ ਦੀ ਫੋਟੋ ਦੇਖਦੀ ਬੁੜਬੁੜਾਉਣ ਲਗਦੀ,
-'ਇਟਸ ਨੌਟ ਫੇਅਰ ਟਿੱਕਾ ਜੀ, ਇਟਸ ਨੌਟ ਫੇਅਰ!'

ਹੁਣ ਟਿੱਕੇ ਦੀ ਯਾਦ ਉਸ ਨੂੰ ਤੜਫਾਉਣ ਲਗਦੀ। ਜਦ ਕਦੇ ਵੀ ਕੁਝ ਗਲਤ ਹੋ ਜਾਂਦਾ ਤਾਂ ਉਹ ਸੋਚਦੀ ਕਿ ਟਿੱਕੇ ਦੇ ਹੁੰਦਿਆਂ ਅਜਿਹਾ ਨਹੀਂ ਸੀ ਹੋਣਾ। ਉਸ ਨੂੰ ਆਪਣੇ ਸੱਸ-ਸੁਹਰੇ 'ਤੇ ਵੀ ਬਹੁਤ ਗੁੱਸਾ ਸੀ ਜਿਹੜੇ ਉਸ ਨੂੰ ਬਹੁਤ ਕੁਝ ਬੋਲ ਗਏ ਸਨ। ਅਜਿਹਾ ਗੁੱਸਾ ਉਸ ਦੇ ਮਨ ਵਿਚ ਹਰ ਵੇਲੇ ਕਲੇਸ਼ ਪਾਈ ਰੱਖਦਾ। ਉਹ ਹਰ ਵੇਲੇ ਖਿਝੀ-ਖਿਝੀ ਰਹਿੰਦੀ। ਆਪਣੇ ਮਨ ਦੀ ਗੱਲ ਉਹ ਕਿਸੇ ਨਾਲ ਬਹੁਤ ਕਰ ਵੀ ਨਹੀਂ ਸੀ ਸਕਦੀ। ਉਸ ਦੀਆਂ ਪੁਰਾਣੀਆਂ ਸਹੇਲੀਆਂ ਮਨਜੀਤ ਤੇ ਮਿਸਜ਼ ਭੰਗੂ ਹੁਣ ਉਸ ਲਈ ਬਹੁਤ ਛੋਟੀਆਂ ਰਹਿ ਗਈਆਂ ਸਨ। ਨਵੀਂ ਸਹੇਲੀ ਕੋਈ ਬਣੀ ਨਹੀਂ ਸੀ ਕਿ ਜਿਸ ਨਾਲ ਦਿਲ ਦੀ ਗੱਲ ਕਰ ਸਕੇ। ਜ਼ਿਆਦਾ ਪਰੇਸ਼ਾਨੀ ਦੇ ਵੇਲੇ ਉਹ ਟਿੱਕੇ ਦੀ ਤਸਵੀਰ ਮੂਹਰੇ ਜਾ ਖੜ੍ਹਦੀ ਤੇ ਕਹਿਣ ਲਗਦੀ, 'ਇਟਸ ਨੌਟ ਫੇਅਰ ਟਿੱਕਾ ਜੀ, ਇਟਸ ਨੌਟ ਫੇਅਰ!'

ਉਸ ਨੂੰ ਟਿੱਕੇ ਦੀ ਘਾਟ ਪੈਰ ਪੈਰ 'ਤੇ ਮਹਿਸੂਸ ਹੋਣ ਲੱਗੀ। ਕਈ ਵਾਰ ਦੁਕਾਨ ਬੰਦ ਕਰਕੇ ਜਦ ਉਹ ਇਕੱਲੀ ਹੁੰਦੀ ਤਾਂ ਟਿੱਕੇ ਦੀ ਤਸਵੀਰ ਨਾਲ ਗੱਲਾਂ ਕਰਨ ਜਾ ਲਗਦੀ। ਕਈ ਕਿਸਮ ਦੀਆਂ ਗੱਲਾਂ ਕਰਦੀ। ਉਹ ਕਹਿੰਦੀ, -'ਇਹ ਕੀ ਕੀਤਾ ਟਿੱਕਾ ਜੀ, ਆਪਣੀ ਮੁੰਦਰੀ ਨੂੰ ਏਸ ਭਰੀ ਦੁਨੀਆਂ ਵਿਚ ਇਕੱਲੀ ਛੱਡ ਦਿਤਾ! ਜਿਸ ਹਰਾਮੀ ਦਾ ਦਿਲ ਕਰਦਾ ਮੂੰਹ ਚੁੱਕ ਕੇ ਆ ਜਾਂਦਾ ਤੇ ਜੋ ਦਿਲ ਕਰਦਾ ਕਹਿ ਜਾਂਦਾ! ...ਪਹਿਲਾਂ ਤਾਂ ਮੈਨੂੰ ਏਡੇ ਏਡੇ ਸੁਫਨੇ ਦਿਖਾਏ, ਪੂਰੇ ਵੀ ਕਰਾਏ, ਮੇਰਾ ਹੱਥ ਫੜ ਕੇ ਮੇਰੀਆਂ ਉੱਚੀਆਂ ਉਡਾਰੀਆਂ ਭਰਾਈਆਂ ਤੇ ਫਿਰ ਕਿਤੇ ਲੁਕ ਗਏ, ਇਕ ਵਾਰ ਵੀ ਨਹੀਂ ਸੋਚਿਆ ਕਿ ਏਹ ਸੁਫਨੇ ਮੇਰੇ ਸਾਂਭਣ ਦੇ ਨਹੀਂ, ਮੈਂ ਇਕੱਲੀ ਟਿੱਕਾ ਜੀ, ਬਹੁਤ ਇਕੱਲੀ...!'

ਉਹ ਅੱਖਾਂ ਭਰ ਲੈਂਦੀ ਪਰ ਆਪਣੇ ਆਪ ਨੂੰ ਹਲਕਾ ਹਲਕਾ ਮਹਿਸੂਸ ਕਰਦੀ। ਉਸ ਨੂੰ ਟਿੱਕੇ ਦਾ ਪਿਆਰ ਬਾਕੀ ਦੁਨੀਆਂ ਦੇ ਮੁਕਾਬਲੇ ਬਹੁਤ ਹੀ ਬੇਗਰਜ਼ ਜਾਪਦਾ। ਉਸ ਨੂੰ ਆਪਣੇ ਆਪ 'ਤੇ ਗੁੱਸਾ ਆਉਣ ਲਗਦਾ ਕਿ ਟਿੱਕੇ ਦੀ ਨਿੱਕੀ ਜਿਹੀ ਗੱਲ ਨਹੀਂ ਸੀ ਮੰਨ ਸਕੀ। ਫਿਰ ਟਿੱਕੇ ਨਾਲ ਵੀ ਹਿਰਖ ਜਾਗ ਪੈਂਦਾ ਕਿ ਨਿੱਕੀ ਜਿਹੀ ਗੱਲ ਨੂੰ ਹੀ ਏਡੀ ਵੱਡੀ ਬਣਾ ਲਿਆ।

ਮੁੰਦਰੀ ਫੇਸਬੁੱਕ 'ਤੇ ਘੱਟ ਹੀ ਜਾਇਆ ਕਰਦੀ ਸੀ। ਕਦੇ-ਕਦਾਈਂ ਆਈ-ਫੋਨ 'ਤੇ ਹੀ ਫੇਸਬੁੱਕ ਖੋਹਲ ਲਿਆ ਕਰਦੀ ਸੀ, ਉਹ ਵੀ ਪਲ ਦੋ ਪਲ ਲਈ। ਟਿੱਕੇ ਦੇ ਅਕਾਊਂਟ 'ਤੇ ਜਾ ਕੇ ਦੇਖਦੀ, ਉਹੀ ਪੁਰਾਣੀਆਂ ਪੋਸਟਾਂ ਤੋਂ ਅੰਦਾਜ਼ਾ ਲਗਾ ਲੈਂਦੀ ਕਿ ਉਹ ਵੀ ਫੇਸਬੁੱਕ ਉਪਰ ਘੱਟ ਹੀ ਜਾਂਦਾ ਸੀ। ਇਕ ਦਿਨ ਉਸ ਨੇ ਟਿੱਕੇ ਦੇ ਮੈਸਜ਼ ਬੌਕਸ ਵਿਚ 'ਹੈਲੋ' ਦਾ ਸੁਨੇਹਾ ਛੱਡ ਦਿਤਾ ਪਰ ਟਿੱਕੇ ਨੇ ਕੋਈ ਜਵਾਬ ਨਾ ਦਿਤਾ। ਉਹ ਕਈ ਦਿਨ ਤਕ ਉਡੀਕਦੀ ਰਹੀ। ਇਕ ਦਿਨ ਉਸ ਦੇ ਮਨ ਵਿਚ ਕੁਝ ਅਜਿਹੀ ਕਾਹਲ ਪਈ ਕਿ ਉਸ ਨੇ ਟਿੱਕੇ ਨੂੰ ਈਮੇਲ ਕਰ ਦਿਤੀ। ਲਿਖਿਆ, -'ਟਿੱਕਾ ਜੀ, ਜਿਉਂਦੇ ਹੋ ਕਿ ਮਰ ਗਏ?'

ਟਿੱਕੇ ਨੇ ਉਸ ਦੀ ਈਮੇਲ ਦੇਖੀ ਪਰ ਕੋਈ ਜਵਾਬ ਨਾ ਦਿਤਾ। ਈਮੇਲ ਪੜ੍ਹ ਕੇ ਮਨ ਵਿਚ ਕਹਿਣ ਲਗਿਆ, -'ਮਾਂ ਯਾਵੀ ਖੇਖਨ ਕਰਦੀ ਆ।' ਉਸ ਦਾ ਗੁੱਸਾ ਹਾਲੇ ਤਕ ਠੰਡਾ ਨਹੀਂ ਸੀ ਹੋਇਆ ਸਗੋਂ ਈਮੇਲ ਪੜ੍ਹ ਕੇ ਵਧ ਗਿਆ ਸੀ। ਉਸ ਨੂੰ ਇੰਟਰਨੈੱਟ ਤੋਂ ਮੁੰਦਰੀ ਦਾ ਪਤਾ ਚਲਦਾ ਰਹਿੰਦਾ ਸੀ। ਕਈ ਵਾਰ ਉਹ ਰਾਤ-ਬਰਾਤੇ ਆਪਣੀ ਕਾਰ ਹੌਕਲੀ ਦੇ ਇਲਾਕੇ ਵੱਲ ਲੈ ਨਿਕਲਦਾ। ਮੁੰਦਰੀ ਦੇ ਬਿਊਟੀ ਪਾਰਲਰ ਦੇ ਮੂਹਰ ਦੀ ਗੇੜਾ ਕੱਢ ਆਉਂਦਾ। ਉਸ ਨੂੰ ਇਸ ਗੱਲ ਦਾ ਕੋਈ ਪਛਤਾਵਾ ਨਹੀਂ ਸੀ ਕਿ ਉਸ ਨੇ ਮੁੰਦਰੀ ਲਈ ਕੁਝ ਕੀਤਾ ਸੀ। ਉਸ ਨੂੰ ਤਾਂ



ਏਨਾ ਹੀ ਗੁੱਸਾ ਸੀ ਕਿ ਮੁੰਦਰੀ ਪੈਸਾ ਆ ਜਾਣ ਕਰਕੇ ਬਦਲ ਗਈ। ਉਸ ਨੇ ਮੁੰਦਰੀ ਦੀ ਫੇਸਬੁੱਕ 'ਤੇ 'ਹੈਲੋ' ਦੇਖ ਲਈ ਸੀ ਪਰ ਅਣਦੇਖੀ ਕਰ ਦਿਤੀ। ਪੌਲ ਦੀ ਫੇਸਬੁੱਕ ਉਪਰ ਵੀ ਉਹ ਫੇਰਾ ਪਾ ਲੈਂਦਾ। ਆਪਣੇ ਲਾਟ ਨੂੰ ਦੇਖ ਲੈਂਦਾ ਪਰ ਲਾਟ ਨੂੰ ਦੇਖ ਕੇ ਉਹ ਕਦੇ ਵੀ ਭਾਵੁਕ ਨਹੀਂ ਸੀ ਹੋਇਆ। ਇਕ ਵਾਰ ਉਸ ਨੇ ਏਨਾ ਜ਼ਰੂਰ ਕੀਤਾ ਸੀ ਕਿ ਲਾਟ ਦੀ ਫੋਟੋ ਡਾਊਨਲੋਡ ਕਰਕੇ ਆਪਣੇ ਲੈਪਟੌਪ 'ਤੇ ਸੇਵ ਕਰ ਲਈ ਸੀ। ਇਹ ਫੋਟੋ ਤਾਂ ਸਾਰੇ ਹੀ ਬੱਚਿਆਂ ਦੀ ਸੀ ਪਰ ਉਸ ਨੇ ਕਰੌਪ ਕਰਕੇ ਲਾਟ ਦੀ ਫੋਟੋ ਅਲੱਗ ਕੱਢ ਲਈ। ਉਸ ਨੇ ਲਾਟ ਦੀ ਇਹ ਫੋਟੋ ਡੈੱਸਕਟੌਪ ਬੈਕਗਰਾਊਂਡ ਬਣਾ ਲਈ। ਕਈ ਦਿਨਾਂ ਤਕ ਲਾਟ ਦੀ ਇਹ ਫੋਟੋ ਉਸ ਵਲ ਦੇਖਦੀ ਰਹੀ ਤੇ ਫਿਰ ਇਕ ਦਿਨ ਉਸ ਦੇ ਮਨ ਵਿਚ ਕੁਝ ਅਜੀਬ ਜਿਹੀ ਮਹਿਸੂਸਣਾ ਆਈ ਤੇ ਫੋਟੋ ਡੀਲੀਟ ਕਰ ਦਿਤੀ। ਇਵੇਂ ਹੀ ਇਕ ਵਾਰ ਉਸ ਨੇ ਮੁੰਦਰੀ ਦੀ ਕਾਰ ਨਾਲ ਖੜੀ ਫੋਟੋ ਨੂੰ ਵੀ ਡੈੱਸਕਟੌਪ ਬੈਕਗਰਾਊਂਡ ਬਣਾ ਲਿਆ ਸੀ ਪਰ ਕੁਝ ਦਿਨ ਬਾਅਦ ਡੀਲੀਟ ਕਰ ਦਿਤਾ ਸੀ।

ਮੁੰਦਰੀ ਦੀਆਂ ਦੋ ਈਮੇਲਾਂ ਉਸ ਨੂੰ ਹੋਰ ਆ ਚੁੱਕੀਆਂ ਸਨ। ਇਕ ਵਿਚ ਤਾਂ ਉਸ ਨੇ ਲਾਟ ਦੀਆਂ ਫੋਟੋ ਭੇਜ ਕੇ ਪੁੱਛਿਆ ਸੀ ਕਿ ਆਪਣੇ ਪੁੱਤ ਦੀ ਵੀ ਯਾਦ ਨਹੀਂ ਸੀ ਆਉਂਦੀ। ਉਸ ਦਾ ਮਨ ਕੁਝ ਨਰਮ ਪੈ ਰਿਹਾ ਸੀ। ਕਦੇ ਕਦੇ ਉਸ ਦਾ ਦਿਲ ਕਰਦਾ ਕਿ ਮੁੰਦਰੀ ਦੀ ਈਮੇਲ ਦਾ ਜਵਾਬ ਦੇਵੇ। ਇਕ ਦੋ ਵਾਰ ਅਜਿਹਾ ਵੀ ਹੋਇਆ ਕਿ ਉਸ ਨੇ ਮੁੰਦਰੀ ਦਾ ਈਮੇਲ ਐਡਰਸ ਪਾ ਕੇ ਕੁਝ ਲਿਖਣਾ ਚਾਹਿਆ ਪਰ ਉਸ ਤੋਂ ਲਿਖਿਆ ਹੀ ਨਹੀਂ ਗਿਆ। ਉਸ ਨੂੰ ਮੁੰਦਰੀ ਦੇ ਫੋਨ ਦੀ ਉਡੀਕ ਤਾਂ ਹਰ ਵੇਲੇ ਬਣੀ ਰਹਿੰਦੀ।

ਇਕ ਦਿਨ ਕਿਸੇ ਪੇਂਡੂ ਦੀ ਮੌਤ 'ਤੇ ਉਹ ਅਫਸੋਸ ਕਰਨ ਗਿਆ ਤਾਂ ਉਸ ਨੂੰ ਅਮਰਜੀਤ ਸਿੰਘ ਮਿਲ ਪਿਆ। ਅਫਸੋਸ ਤੋਂ ਬਾਅਦ ਉਹ ਅਮਰਜੀਤ ਸਿੰਘ ਨਾਲ ਗੱਲੀਂ ਪੈ ਗਿਆ। ਪੌਲ ਤੇ ਮੁੰਦਰੀ ਬਾਰੇ ਗੱਲਾਂ ਕਰਦਾ ਅਮਰਜੀਤ ਬੋਲਿਆ,

—ਪੌਲ ਤਾਂ ਸਿੱਧਾ ਜਿਹਾ ਹੀ ਐ ਪਰ ਇਹ ਸੁੱਲੀ ਬੜੀ ਤੇਜ ਨਿਕਲੀ, ਸਾਨੂੰ ਵੀ ਵਰਤ ਲਿਆ ਤੇ ਤੈਨੂੰ ਵੀ।

ਟਿੱਕੇ ਨੂੰ ਉਸ ਦਾ ਮੁੰਦਰੀ ਬਾਰੇ 'ਸੁੱਲੀ' ਸ਼ਬਦ ਵਰਤਣਾ ਚੰਗਾ ਨਾ ਲਗਿਆ। ਉਸ ਨੇ ਪੁੱਛਿਆ,

—ਤੁਹਾਨੂੰ ਕਿੱਦਾਂ ਵਰਤ ਲਿਆ?

—ਅਸੀਂ ਆਹ ਸੋਨੇ ਵਰਗਾ ਮੁੰਡਾ ਲੱਭ ਕੇ ਵਿਆਹ ਕਰ ਦਿਤਾ ਤੇ ਹੁਣ ਤੂੰ ਕੌਣ ਤੇ ਮੈਂ ਕੌਣ!

—ਸੋਨੇ ਵਰਗਾ ਕਿਥੋਂ, ਉਹ ਤਾਂ ਸਾਲ਼ਾ ਮਿੱਟੀ ਦਾ ਮਾਧੋ ਆ, ...ਨਾਲ਼ੇ ਭਾਈ ਸਾਬ, ਜਿਹੜੇ ਬੰਦੇ ਵਿਚ ਦਰਿਆ ਟੱਪਣ ਦੀ ਹਿੰਮਤ ਹੋਵੇ ਉਹਨੂੰ ਖਾਲ਼ ਤਕ ਕਿੱਦਾਂ ਸੀਮਤ ਕਰ ਦਿਓਗੇ? ਤੁਸੀਂ ਤਾਂ ਚਾਹੁੰਦੇ ਸੀ ਕਿ ਸਾਰੀ ਉਮਰ ਉਹ ਤੁਹਾਡੀਆਂ ਹੀ ਬੁੱਤੀਆਂ ਕਰਦੀ ਰਹੇ।

ਟਿੱਕਾ ਦੇ ਬੋਲਾਂ ਵਿਚ ਤਲਖ਼ੀ ਸੀ। ਅਮਰਜੀਤ ਸਿੰਘ ਕੰਨ ਲਪੇਟਦਾ ਤੁਰ ਗਿਆ। ਉਸ ਨੂੰ ਤਾਂ ਆਸ ਸੀ ਕਿ ਟਿੱਕਾ ਵੀ ਮੁੰਦਰੀ ਦੇ ਖਿਲਾਫ ਬੋਲੇਗਾ ਕਿਉਂਕਿ ਸਭ ਜਾਣਦੇ ਸਨ ਕਿ ਟਿੱਕੇ ਨੇ ਦੁਕਾਨ ਖਰੀਦਣ ਵਿਚ ਉਸ ਦੀ ਮੱਦਦ ਕੀਤੀ ਸੀ। ਅਮਰਜੀਤ ਸਿੰਘ ਦੀ ਉਮੀਦ ਗੱਲਤ ਸੀ, ਟਿੱਕਾ ਕਦੇ ਵੀ ਮੁੰਦਰੀ ਦੇ ਖਿਲਾਫ ਨਹੀਂ ਸੀ ਬੋਲਦਾ।

ਮੁੰਦਰੀ ਵੀ ਕਦੇ ਟਿੱਕੇ ਦੇ ਵਿਰੁਧ ਨਹੀਂ ਸੀ ਬੋਲਦੀ। ਕਿਸੇ ਹੋਰ ਕੋਲ ਕੀ ਆਪਣੇ

ਆਪ ਕੋਲ ਵੀ ਨਹੀਂ। ਹੁਣ ਤਾਂ ਉਹ ਹਮੇਸ਼ਾ ਟਿੱਕੇ ਨੂੰ ਉਡੀਕਦੀ ਰਹਿੰਦੀ ਸੀ। ਟਿੱਕੇ ਨੇ ਉਸ ਦੀ ਈਮੇਲ ਦਾ ਵੀ ਕੋਈ ਜਵਾਬ ਨਾ ਦਿਤਾ। ਉਸ ਨੇ ਦੋ ਵਾਰ ਟਿੱਕੇ ਨੂੰ ਮਿਸ-ਕਾਲ ਵੀ ਕੀਤੀ ਸੀ ਪਰ ਟਿੱਕੇ ਨੇ ਮੁੜਵਾਂ ਫੋਨ ਨਹੀਂ ਸੀ ਕੀਤਾ। ਮੁੰਦਰੀ ਦਾ ਮਨ ਉਚਾਟ ਰਹਿਣ ਲਗਿਆ। ਕੈਟਰੀਨਾ ਉਸ ਦਾ ਫਿਕਰ ਕਰਦੀ ਬੋਲੀ,

—ਮਿਸਜ਼ ਪਰਾਸ਼ਰ, ਯੂ ਡੌਂਟ ਲੁੱਕ ਵੈੱਲ, ਇਵੇਂ ਕਰ ਕਿ ਹਫਤੇ ਜਾਂ ਦੋ ਹਫਤੇ ਲਈ ਕਿਤੇ ਛੁੱਟੀਆਂ 'ਤੇ ਚਲੇ ਜਾਹ, ਬੱਚਿਆਂ ਨੂੰ ਤੇ ਹਸਬੈਂਡ ਨੂੰ ਲੈ ਕੇ ਡਿਜ਼ਨੀਲੈਂਡ ਦਾ ਚੱਕਰ ਮਾਰ ਆ, ਚੇਂਜ ਹੋ ਜਾਵੇਗੀ। ਨਹੀਂ ਤਾਂ ਕੰਮ ਦਾ ਬੋਝ ਤੈਨੂੰ ਲੈ ਲਵੇਗਾ।

—ਨਹੀਂ ਕੈਟ, ਮੈਨੂੰ ਕੁਝ ਨਹੀਂ ਹੁੰਦਾ। ਮੈਂ ਬਹੁਤ ਮਜ਼ਬੂਤ ਹੱਡੀ ਦੀ ਬਣੀ ਹੋਈ ਆਂ।

ਮੁੰਦਰੀ ਨੇ ਕਿਹਾ ਪਰ ਦਿਲੋਂ ਉਸ ਨੂੰ ਲਗਦਾ ਸੀ ਕਿ ਉਸ ਨੂੰ ਡਾਕਟਰ ਨੂੰ ਮਿਲਣਾ ਚਾਹੀਦਾ ਸੀ।

ਇਕ ਦਿਨ ਆਪਣੇ ਦਫਤਰ ਵਿਚ ਖੜੀ ਨੇ ਉਸ ਨੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖਿਆ ਤਾਂ ਉਸ ਨੂੰ ਜਾਪਿਆ ਕਿ ਉਹ ਪਹਿਲੇ ਵਾਲੀ ਮੁੰਦਰੀ ਨਹੀਂ ਸੀ ਰਹੀ। ਉਸ ਦਾ ਥੱਕਿਆ ਚਿਹਰਾ ਉਸ ਦੀ ਉਮਰ ਨੂੰ ਬਹੁਤ ਵਧਾ ਕੇ ਦੱਸ ਰਿਹਾ ਸੀ। ਉਸ ਨੇ ਉਂਗਲੀ ਸਿੱਧੀ ਕੀਤੀ ਤੇ ਬੋਲੀ, -'ਹੇ ਮੁੰਦਰੀ! ...ਏਸ ਹਰਾਮੀ ਟਿੱਕੇ ਮਗਰ ਲੱਗ ਕੇ ਆਪਣਾ ਸਭ ਕੁਝ ਖਰਾਬ ਕਰ ਲਵੇਂਗੀ? ਨਹੀਂ, ਕਦੇ ਵੀ ਨਹੀਂ, ਮੁੰਦਰੀ ਏਦਾਂ ਨਹੀਂ ਕਰ ਸਕਦੀ। ਉਹਨੂੰ ਦੱਸ ਦੇ ਕਿ ਜੇ ਉਹ ਟਿੱਕਾ ਐ ਤਾਂ ਤੂੰ ਮੁੰਦਰੀ ਐਂ!'

ਅਚਾਨਕ ਮੁੰਦਰੀ ਨੂੰ ਮਹਿਸੂਸ ਹੋਣ ਲਗਿਆ ਕਿ ਜਿਵੇਂ ਉਸ ਦੇ ਮਨ ਤੋਂ ਕੋਈ ਬੋਝ ਲਹਿ ਗਿਆ ਹੋਵੇ। ਉਹ ਕਾਹਲੀ ਨਾਲ ਜਾ ਕੇ ਕਾਰ ਵਿਚ ਬੈਠ ਗਈ, ਕਾਰ ਸਟਾਰਟ ਕਰਕੇ ਭਜਾ ਲਈ। ਘਰ ਦੇ ਬਾਹਰ ਕਾਰ ਕਾਹਲੀ ਨਾਲ ਖੜੀ ਕਰਕੇ ਅੰਦਰ ਜਾ ਵੜੀ। ਉਸ ਨੇ ਦੇਖਿਆ ਕਿ ਲਾਟ ਕੰਪਿਊਟਰ 'ਤੇ ਗੇਮ ਖੇਡ ਰਿਹਾ ਸੀ। ਬਿਲਕੁਲ ਟਿੱਕੇ ਵਾਂਗ ਹੀ ਉਹ ਗਰਦਨ ਇਕ ਪਾਸੇ ਨੂੰ ਕਰਕੇ ਕੰਪਿਊਟਰ ਵਿਚ ਖੁੱਭਾ ਹੋਇਆ ਸੀ। ਉਸ ਦਾ ਮੂੰਹ ਕੁਸੈਲਾ ਜਿਹਾ ਹੋ ਗਿਆ। ਉਹ ਟਿੱਕੇ ਨੂੰ ਈਮੇਲ ਕਰਨ ਬਹਿ ਗਈ, ਲਿਖਿਆ, -'ਟਿੱਕਾ ਜੀ, ਲਾਟ ਪੰਜ ਸਾਲ ਦਾ ਹੋ ਗਿਆ, ਸਕੂਲ ਜਾਣ ਲਗਿਆ ਹੈ। ਹੁਣ ਮੈਂ ਇਸ ਦੀ ਹੋਰ ਸੰਭਾਲ ਨਹੀਂ ਕਰ ਸਕਦੀ, ਕਿਰਪਾ ਕਰਕੇ ਇਹਨੂੰ ਹੁਣ ਲੈ ਜਾਵੋ।'

ਉਸ ਨੇ ਨਾਲ ਹੀ ਲਾਟ ਦੀ ਫੋਟੋ ਵੀ ਭੇਜ ਦਿਤੀ।

ਈਮੇਲ ਭੇਜ ਕੇ ਉਸ ਨੂੰ ਰਾਹਤ ਜਿਹੀ ਮਹਿਸੂਸ ਹੋ ਰਹੀ ਸੀ ਪਰ ਫਿਰ ਵੀ ਕੁਝ ਅਜਿਹਾ ਸੀ ਜਿਹੜਾ ਉਸ ਦੇ ਅੰਦਰਲੇ ਸ਼ੋਰ ਨੂੰ ਸ਼ਾਂਤ ਨਹੀਂ ਸੀ ਹੋਣ ਦੇ ਰਿਹਾ। ਉਸ ਨੇ ਸੌਣ ਲਈ ਕਪੜੇ ਬਦਲੇ। ਆਮ ਵਾਂਗ ਸਿਰ ਉਪਰ ਚਾਦਰ ਲੈ ਲਈ। ਚਾਦਰ ਲੈਂਦਿਆਂ ਬਹੁਤਾ ਚਿਹਰਾ ਢਕ ਲਿਆ, ਥੋੜਾ ਜਿਹਾ ਨੰਗਾ ਰੱਖਿਆ ਜਿਸ ਨੂੰ ਟਿੱਕਾ ਤੀਜੇ ਦਿਨ ਦਾ ਚੰਦ ਕਿਹਾ ਕਰਦਾ ਸੀ। ਉਹ ਕੁਰਸੀ 'ਤੇ ਢੋ ਲਾ ਕੇ ਬਹਿ ਗਈ ਤੇ ਗਈ ਤੇ ਪਤਾ ਨਹੀਂ ਕਦ ਤਕ ਬੈਠੀ ਰਹੀ।...

ਇਕ ਦਿਨ, ਦੋ ਦਿਨ ਲੰਘ, ਹਫਤੇ ਲੰਘ ਗਿਆ। ਟਿੱਕੇ ਨੇ ਕੋਈ ਜਵਾਬ ਨਾ ਦਿਤਾ। ਮੁੰਦਰੀ ਦੀਆਂ ਸੋਚਾਂ ਕੁਝ ਜ਼ਿਆਦਾ ਹੀ ਸਰਗਰਮ ਹੋਣ ਲਗੀਆਂ। ਉਸ ਨੂੰ ਹਰ ਵੇਲੇ ਅੱਚਵੀ ਜਿਹੀ ਲੱਗੀ ਰਹਿੰਦੀ। ਆਪਣਾ ਆਈ-ਫੋਨ ਵਾਰ ਵਾਰ ਚੈੱਕ ਕਰਦੀ ਕਿ ਕਿਧਰੇ ਕੋਈ ਈ-



ਮੇਲ ਜਾਂ ਕੋਈ ਫੋਨ ਹੀ ਆਇਆ ਹੋਵੇ, ਉਸ ਕੋਲੋਂ ਕੁਝ ਮਿਸ ਨਾ ਹੋ ਗਿਆ ਹੋਵੇ ਪਰ ਟਿੱਕਾ ਖਾਮੋਸ਼ ਸੀ। ਹੁਣ ਉਹ ਅਕਸਰ ਸ਼ੀਸ਼ੇ ਮੂਹਰੇ ਜਾ ਖੜਦੀ ਤੇ ਕਿੰਨਾ ਚਿਰ ਖੜਦੀ ਆਪਣੇ ਚਿਹਰੇ ਨੂੰ ਨਿਹਾਰਦੀ ਰਹਿੰਦੀ। ਕਈ ਵਾਰ ਉਹ ਕੁਝ ਕਹਿਣ ਲਈ ਉਂਗਲ ਕੱਢਦੀ ਪਰ ਬੋਲ ਉਸ ਦਾ ਸਾਥ ਨਾ ਦਿੰਦੇ।

ਐਤਵਾਰ ਦਾ ਦਿਨ ਸੀ। ਅੱਜ ਉਸ ਦੀ ਛੁੱਟੀ ਸੀ। ਮੁੰਦਰੀ ਜਲਦੀ ਉਠੀ। ਉਸ ਨੇ ਲਾਟ ਨੂੰ ਜਗਾਇਆ। ਸੁੱਤ-ਉਣੀਂਦਾ ਲਾਟ ਜ਼ਰਾ ਕੁ ਰੋਇਆ ਤੇ ਫਿਰ ਮਾਂ ਵਲ ਦੇਖਣ ਲਗਿਆ। ਮਾਂ ਦੇ ਕਹਿਣ 'ਤੇ ਉਸ ਨੇ ਨਵੇਂ ਕਪੜੇ ਪਾਏ। ਆਪਣੇ ਕਪੜਿਆਂ ਦਾ ਭਰਿਆ ਅਟੈਚੀ ਦੇਖ ਉਹ ਹੈਰਾਨ ਵੀ ਸੀ ਤੇ ਉਤਸੁਕਤ ਵੀ। ਉਹ ਸੋਚ ਰਿਹਾ ਸੀ ਕਿ ਜ਼ਰੂਰ ਕਿਧਰੇ ਖਾਸ ਜਾਣਾ ਹੋਵੇਗਾ। ਮੁੰਦਰੀ ਨੇ ਲਾਟ ਨੂੰ ਵੱਡਾ ਸਾਰਾ ਚੁੰਮਣ ਦਿਤਾ ਤੇ ਪੌਲ ਨੂੰ ਅਵਾਜ਼ ਮਾਰੀ। ਪੌਲ ਤਾਂ ਸਦਾ ਹੀ ਉਸ ਦੀ ਅੱਧੀ ਕੁ ਹਾਕ 'ਤੇ ਉਠ ਖੜ੍ਹਦਾ ਸੀ। ਉਹ ਉਸ ਦੇ ਸਾਹਮਣੇ ਆਇਆ ਤਾਂ ਮੁੰਦਰੀ ਬੋਲੀ,

—ਪੌਲ, ਜਾਹ ਲਾਟ ਨੂੰ ਟਿੱਕੇ ਦੇ ਘਰ ਛੱਡ ਆ।

ਪੌਲ ਬਿਨਾਂ ਕੁਝ ਬੋਲੇ ਲਾਟ ਦਾ ਹੱਥ ਫੜਦਾ ਚਲ ਪਿਆ। ਲਾਟ ਨੇ ਇਕ ਵਾਰ ਮੁੰਦਰੀ ਵਲ ਦੇਖਿਆ ਤੇ ਫਿਰ ਚਾਅ ਜਿਹੇ ਵਿਚ ਪੌਲ ਨਾਲ ਤੁਰਨ ਲਗਿਆ। ਉਹ ਦੋਵੇਂ ਦਰਵਾਜ਼ਾ ਖੋਹਲ ਬਾਹਰ ਨਿਕਲ ਗਏ। ਮੁੰਦਰੀ ਭੱਜ ਕੇ ਖਿੜਕੀ ਮੂਹਰੇ ਜਾ ਖੜੀ। ਨਿੱਕਾ ਜਿਹਾ ਲਾਟ ਛਾਲ਼ ਮਾਰ ਕੇ ਕਾਰ ਵਿਚ ਚੜ੍ਹ ਗਿਆ ਤੇ ਪੌਲ ਨੇ ਕਾਰ ਭਜਾ ਲਈ। ਮੁੰਦਰੀ ਕਿੰਨੀ ਦੇਰ ਤਕ ਉਵੇਂ ਹੀ ਖਿੜਕੀ ਮੂਹਰੇ ਖੜੀ ਰਹੀ।

## ਗ਼ਜ਼ਲ/ਨਿਰਪਾਲ ਸਿੰਘ

ਮੌਸਮ ਵਾਰ ਵਾਰ ਰੰਗ ਆਪਣੇ ਬਦਲਦੇ ਹੀ ਰਹੇ,
ਕਾਫ਼ਲੇ ਜ਼ਿੰਦਗੀ ਦੇ ਨਿਰੰਤਰ ਚਲਦੇ ਹੀ ਰਹੇ।

ਸਫ਼ਰ ਜ਼ਿੰਦਗਾਨੀ ਦਾ ਆਖ਼ਰ ਤੈਅ ਕਰ ਹੀ ਲਿਆ,
ਨੰਗੇ ਪੈਰੀਂ ਅੰਗਿਆਰਾਂ 'ਤੇ ਅਸੀਂ ਚਲਦੇ ਹੀ ਰਹੇ।

ਹਨੇਰੇ ਮਨਾਂ ਵਿਚ ਕਦੇ ਵੀ ਨਾ ਉਜਾਲੇ ਹੋਏ,
ਚਿਰਾਗ ਮੰਦਰਾਂ ਵਿੱਚ ਬੇਸ਼ੱਕ ਸਦਾ ਬਲਦੇ ਹੀ ਰਹੇ।

ਕਾਲੀਆਂ ਰਾਤਾਂ ਵਿੱਚ ਜੁਗਨੂੰ ਟਿਮਟਿਮਾਉਂਦੇ ਰਹੇ,
ਸਿਲਸਿਲੇ ਰੌਸ਼ਨੀ ਦੇ ਹਮੇਸ਼ਾ ਚਲਦੇ ਹੀ ਰਹੇ।

ਕਦਮ ਕਦਮ ਬਿਖੜੇ ਪੈਂਡਿਆਂ 'ਤੇ ਚਲਦੇ ਹੀ ਰਹੇ,
ਇਹ ਹਾਦਸੇ ਜ਼ਿੰਦਗੀ ਵਿੱਚ ਹਮੇਸ਼ਾ ਛਲਦੇ ਹੀ ਰਹੇ।

## ਟਿੰਡਾਂ/ਮੇਜਰ ਮਾਂਗਟ

"ਤੀਹ ਸਾਲ ਦਾ ਸਫਰ ਕੋਈ ਥੋੜ੍ਹਾ ਹੁੰਦਾ ਹੈ ?" ਤੀਹ ਸਾਲ ਕਹਿੰਦਿਆਂ ਟੈਕਸੀ ਵਾਲੇ 313 ਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਰਹਿ ਗਿਆ। "ਬਲਿਹਾਰ ਸਿਆਂ ਤੀਹ ਸਾਲ ਤਾਂ ਬੜੇ ਭਾਈ ਬਹੁਤ ਹੁੰਦੇ ਨੇ। ਸਾਡੇ ਲਈ ਕਦੋਂ ਆਏ ਤੀਹ ਸਾਲ,ਜਿਹਨਾਂ ਅਜੇ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ...। ਪੰਜ ਸੱਤ ਸਾਲ ਹੋਏ ਨੇ ਅਜੇ ਕਨੇਡਾ ਆਇਆਂ ਨੂੰ ਹੁਣੇ ਈ ਢੂਹੀ ਸਿੱਧੀ ਨੀ ਹੁੰਦੀ"। ਤਿੰਨ ਸੌ ਤੇਰ੍ਹਾਂ ਨੇ ਪਿੱਠ ਤੇ ਇਉਂ ਹੱਥ ਫੇਰਿਆ ਜਿਵੇਂ ਅਜੇ ਵੀ ਢੂਹੀ ਦਰਦ ਕਰ ਰਹੀ ਹੋਵੇ। ਉਹ ਫੇਰ ਬੋਲਿਆ "ਬਲਿਹਾਰ ਭਾਅ ਜੀ ਮੈਂ ਤਾਂ ਨੀ ਕੱਟਦਾ ਤੀਹ ਸਾਲ ਏਸ ਮੁਲਕ ਵਿੱਚ...। ਪਰ ਇੱਕ ਗੱਲ ਤਾਂ ਹੈ ਤੀਹਾਂ ਸਾਲਾਂ ਵਿੱਚ ਡਾਲਰਾਂ ਦੇ ਤਾਂ ਢੇਰ ਲਾ ਤੇ ਹੋਣੇ ਨੇ।" "313 ਤੈਨੂੰ ਗੱਲਾਂ ਆਉਂਦੀਆਂ ਨੇ।" ਬਲਿਹਾਰ ਬਨਾਉਟੀ ਜਿਹੀ ਹਾਸੀ ਹੱਸਦਾ ਬੋਲਿਆ। ਉਸ ਦਾ ਨਾਉਂ ਭਾਵੇਂ ਗੁਰਮੀਤ ਸਿੰਘ ਸੀ, ਪਰ ਕੋਈ ਨਹੀਂ ਸੀ ਜਾਣਦਾ, ਸਾਰੇ ਉਸ ਦਾ ਟੈਕਸੀ ਨੰਬਰ ਕਹਿ ਹੀ ਬਲਾਉਂਦੇ। ਜਿਵੇਂ 313 ਉਸ ਦਾ ਅਸਲੀ ਨਾਉਂ ਹੀ ਹੋਵੇ। ਉਹ ਏਅਰਪੋਰਟ ਤੇ ਟੈਕਸੀ ਚਲਾਉਂਦਾ ਸੀ ਤੇ ਅਕਸਰ ਹੀ ਗੱਡੀ ਠੀਕ ਕਰਵਾਉਣ ਬਲਿਹਾਰ ਦੇ ਗੈਰਾਜ ਤੇ ਆਇਆ ਕਰਦਾ ਸੀ। ਕਾਰ ਠੀਕ ਕਰਦੇ ਕਰਦੇ ਬਲਿਹਾਰ ਨੇ ਜ਼ਿਕਰ ਕੀਤਾ ਸੀ ਕਿ "ਅੱਜ ਉਸ ਨੂੰ ਕਨੇਡਾ ਆਏ ਨੂੰ ਤੀਹ ਸਾਲ ਪੂਰੇ ਹੋ ਗਏ ਹਨ।" ਤਿੰਨ ਸੌ ਤੇਰਾਂ ਨੂੰ ਜਿਵੇਂ ਇਸ ਗੱਲ ਦਾ ਯਕੀਨ ਨਹੀਂ ਸੀ ਆ ਰਿਹਾ। ਕਾਰਾਂ ਠੀਕ ਕਰਵਾਉਣ ਆਏ ਕੁੱਝ ਹੋਰ ਲੋਕ ਅਤੇ ਇੱਕ ਦੋ ਮਕੈਨਿਕ ਵੀ ਇਸ ਗੱਲ ਬਾਤ ਵਿੱਚ ਸ਼ਾਮਲ ਹੋ ਗਏ।

ਫੇਰ ਹਰ ਗੱਲ ਨੂੰ ਹਾਸੇ ਠੱਠੇ ਵਿੱਚ ਉਡਾਇਆ ਜਾਣ ਲੱਗਾ। ਉਧਰ ਸੂਰਜ ਦੀ ਰੌਸ਼ਨੀ ਮੱਧਮ ਪੈਣ ਲੱਗੀ। ਲੈਂਪ ਪੋਸਟਾਂ ਤੇ ਲੱਗੇ ਬੱਲਵ ਰੌਸ਼ਨੀ ਬਿਖੇਰਨ ਲੱਗੇ। 313 ਦੀ ਕਾਰ ਅਜੇ ਠੀਕ ਹੋਣ ਵਿੱਚ ਨਹੀਂ ਸੀ ਆ ਰਹੀ। ਬਲਿਹਾਰ ਕਹਿ ਰਿਹਾ ਸੀ ਕਿ ਉਹ ਕੋਈ ਹੋਰ ਕਾਰ ਲੈ ਕੇ ਘਰ ਚਲਾ ਜਾਵੇ ਤੇ ਕੱਲ੍ਹ ਨੂੰ ਗੱਡੀ ਠੀਕ ਹੋ ਜਾਵੇਗੀ। ਪਰ ਗੁਰਮੀਤ ਦੀ ਜ਼ਿੱਦ ਸੀ ਕਿ ਉਹ ਟੈਕਸੀ ਦੀ ਦਿਹਾੜੀ ਭੰਨਣੀ ਨਹੀਂ ਚਾਹੁੰਦਾ, ਗੱਡੀ ਠੀਕ ਕਰਵਾਕੇ ਹੀ ਘਰ ਜਾਵੇਗਾ। ਉਸ ਨੇ ਬਲਿਹਾਰ ਨੂੰ ਲਾਲਚ ਦਿੱਤਾ, "ਲੈ ਮੈਂ ਸਕਾਚ ਦੀ ਬੋਤਲ ਫੜ ਕੇ ਲਿਆਉਂਦਾ ਹਾਂ ਤੇਰੇ ਆਉਣ ਦੀ ਤੀਹਵੀਂ ਬਰਸੀ ਮਨਾਵਾਂਗੇ। ਬਸ ਜਲਦੀ ਨਾਲ ਕੰਮ ਨਬੇੜ ਦੇ।" ਬਲਿਹਾਰ ਉਸ ਨੂੰ ਜਵਾਬ ਨਾ ਦੇ ਸਕਿਆ ਤੇ ਅੱਗੋਂ ਬਿਫਰ ਕੇ ਬੋਲਿਆ, "ਬਰਸੀ' ਮਰਿਆਂ ਹੋਇਆਂ ਦੀ ਹੁੰਦੀ ਹੈ ਜਿਊਂਦਿਆਂ ਦੀ ਨਹੀਂ।"ਇਸ ਗੱਲ ਤੇ ਖ਼ੂਬ ਹਾਸਾ ਮੱਚਿਆ ਤੇ ਫੇਰ ਕਾਰ ਥੱਲੇ ਪਏ ਬਲਿਹਾਰ ਦਾ ਵੀ ਹਾਸਾ ਨਿੱਕਲ ਗਿਆ।

ਨੀਲੇ ਰੰਗ ਦੀ ਕੰਮ ਵਾਲੀ ਡਾਂਗਰੀ ਵਿੱਚ ਉਹ ਕਾਲਖ ਨਾਲ ਕਾਲਖ ਹੋਇਆ ਪਿਆ ਸੀ। ਇਹ ਕਾਲਖ ਉਸਦੇ ਹੱਥਾਂ, ਪੈਰਾਂ, ਨੌਹਾਂ ਅਤੇ ਪੂਰੇ ਜਿਸਮ ਵਿੱਚ ਰਚ ਚੁੱਕੀ ਸੀ। ਭਾਵੇਂ ਉਹ ਕਦੀ ਕਦਾਈਂ ਬਣ ਸੰਵਰ ਕੇ ਕੋਟ ਪੈਂਟ ਪਾਕੇ ਅਤੇ ਟਾਈ ਬਗੈਰਾ ਲਾਕੇ ਪਾਰਟੀਆਂ ਤੇ ਜਾਂਦਾ ਪਰ ਇਹ ਕਾਲਖ ਦੇ ਨਿਸ਼ਾਨ ਤਾਂ ਵੀ ਉਸਦੇ ਹੱਥਾਂ ਤੋਂ ਅਲੋਪ ਨਾ ਹੁੰਦੇ। ਕੋਲ ਖੜੇ ਇੱਕ ਹੋਰ ਟੈਕਸੀ ਡਰਾਈਵਰ ਦੇਵ ਨੇ ਕਿਹਾ, "ਦਸ ਡਾਲਰ ਮੈਂ ਪਾ ਦਿੰਦਾ ਹਾਂ। ਮੰਗਵਾ ਫੇਰ ਬੋਤਲ ਬਲਿਹਾਰ ਦੀ ਬਰਸੀ ਮਨਾਈਏ।"ਹਾਸਾ ਫੇਰ ਕਪਾਹ ਦੀਆਂ ਫੁੱਟੀਆਂ ਵਾਂਗੂੰ ਖਿੜਿਆ। ਇੱਕ ਮਕੈਨਿਕ ਨੂੰ ਪੈਸੇ ਦੇ ਕੇ ਬੋਤਲ ਮੰਗਵਾ ਲਈ ਗਈ। ਏਨੇ ਨੂੰ 313 ਦੀ ਟੈਕਸੀ ਵੀ ਠੀਕ ਹੋ ਗਈ ਸੀ। ਬੋਤਲ ਦੇਖ ਕੇ



ਕਈਆਂ ਦੀਆਂ ਬਾਚੀਆਂ ਖਿਲ ਗਈਆਂ। ਉਹ ਗੈਰਾਜ ਦੀ ਦੂਸਰੀ ਮੰਜ਼ਿਲ ਤੇ ਬਣੇ ਇੱਕ ਛੋਟੇ ਜਿਹੇ ਕਮਰੇ ਵਿੱਚ ਜਾ ਬੈਠੇ। ਉੱਥੇ ਵੀ ਹਰ ਪਾਸੇ ਕਾਲਖ ਫੈਲੀ ਹੋਈ ਸੀ। ਕੁਰਸੀਆਂ ਮੇਜ ਧੂੜ ਨਾਲ ਭਰੇ ਹੋਏ ਸਨ। ਟੁੱਟਿਆ ਫੁੱਟਿਆ ਬੇਤਰਤੀਬਾ ਸਮਾਨ ਹਰ ਪਾਸੇ ਖਿਲਰਿਆ ਪਿਆ ਸੀ। ਵਾਸ਼ਰੂਮ ਦਾ ਵੀ ਬਹੁਤ ਬੁਰਾ ਹਾਲ ਸੀ। ਨਾ ਕੋਈ ਟੂਟੀ ਚੱਜ ਨਾ ਚੱਲਦੀ ਤੇ ਨਾ ਹੀ ਫਲੱਸ਼। ਸਫਾਈ ਦਾ ਬੁਰਾ ਹਾਲ ਸੀ। ਜੇ ਕਿਸੇ ਚੀਜ਼ ਨੂੰ ਸੰਭਾਲਿਆ ਗਿਆ ਸੀ ਤਾਂ ਉਹ ਸਨ ਔਰਤਾਂ ਦੇ ਨਗਨ ਚਿੱਤਰ, ਵੱਖੋ ਵੱਖਰੇ ਅੰਦਾਜ਼ਾਂ ਵਿੱਚ।313 ਨੇ ਇਹ ਗੱਲ ਇਕੱਲੇ ਬਲਿਹਾਰ ਦੇ ਗੈਰਾਜ ਤੇ ਹੀ ਨਹੀਂ ਸੀ ਦੇਖੀ ਸਗੋਂ ਇੰਡੀਅਨਾਂ ਦੇ ਸਾਰੇ ਗੈਰਾਜਾਂ ਤੇ ਇੱਕੋ ਜਿਹੀ ਦਸ਼ਾ ਸੀ। ਏਹੋ ਕਾਰਨ ਸੀ ਕਿ ਕੋਈ ਵੀ ਭਾਰਤੀ ਔਰਤ ਏਨ੍ਹਾਂ ਗੈਰਾਜ਼ਾਂ ਤੇ ਆਪ ਕਾਰ ਠੀਕ ਕਰਵਾਉਣ ਨਾ ਲੈ ਕੇ ਜਾਂਦੀ। ਏਥੋਂ ਡਰਦੀ ਜਿਵੇਂ ਇਹ ਮੁਸ਼ਟੰਡਿਆਂ ਦੇ ਅੱਡੇ ਹੋਣ। ਏਥੇ ਹਰ ਕੋਈ ਉਨ੍ਹਾਂ ਨੂੰ ਭੁੱਖੀਆਂ ਨਜ਼ਰਾਂ ਨਾਲ ਵੇਖਦਾ। ਸਮਾਨ ਦੀ ਤਰ੍ਹਾਂ ਜਿਵੇਂ ਗੰਦਗੀ ਲੋਕਾਂ ਦੇ ਮਨਾਂ ਵਿੱਚ ਵੀ ਭਰੀ ਹੋਵੇ। ਇਹ ਗੰਦਗੀ ਨੂੰ ਸਾਫ ਕਰਨ ਦਾ ਕੋਲ ਸਮਾਂ ਹੀ ਕਿੱਥੇ ਸੀ। ਵਾਸ਼ਰੂਮਾਂ ਦਾ ਏਹੋ ਹਾਲ ਭਾਰਤੀ ਗਰੌਸਰੀ ਸਟੋਰਾਂ ਤੇ ਸੀ। ਮੀਡੀਏ ਨਾਲ ਸਬੰਧਤ ਲੋਕ ਕਈ ਕਿਸਮ ਦੇ ਝੂਠ ਬੋਲ ਕੇ ਮਾਲਕਾਂ ਤੋਂ ਪੈਸੇ ਬਟੋਰਦੇ। ਸਫਾਈ ਦੇ ਹੋਕੇ ਦਿੱਤੇ ਜਾਂਦੇ ਜਦੋਂ ਕਿ ਇਹ ਕੋਰਾ ਝੂਠ ਹੁੰਦਾ। ਪੈਸੇ ਲਈ ਕੁੱਝ ਵੀ ਕਿਹਾ ਜਾ ਸਕਦਾ ਸੀ। ਪੈਸਾ ਹੀ ਲੋਕਾਂ ਦਾ ਮਜ਼ਹਬ ਬਣ ਚੁੱਕਾ ਸੀ। ਪੈਸੇ ਲਈ ਰੈਸਟੋਰੈਂਟਾਂ ਵਾਲੇ ਲੋਕਾਂ ਨੂੰ ਗਲੀਆਂ ਸੜੀਆਂ ਸਬਜੀਆਂ ਤੇ ਬੇਹਾ ਮੀਟ ਮਸਾਲਿਆਂ ਦੀ ਮਹਿਕ ਹੇਠ ਪਰੋਸਦੇ। ਪੈਸੇ ਲਈ ਕਾਰ ਮਕੈਨਿਕ ਪੁਰਾਣੇ ਪੁਰਜੇ ਪਾਕੇ ਨਵਿਆਂ ਦੇ ਪੈਸੇ ਵਸੂਲਦੇ। ਕਈ ਤਾਂ ਆਪਣੀਆਂ ਔਰਤਾਂ ਨੂੰ ਬੜੀ ਸਫਾਈ ਨਾਲ ਬਿਲੇ ਲਾਕੇ ਉਨ੍ਹਾਂ ਦੀ ਇੰਨਸ਼ੋਰੈਂਸ ਨਾਲ ਵਿਉਪਾਰ ਖੋਹਲ ਕੇ ਕਮਿਊਨਟੀ ਦੇ ਸਰਕਰਦਾ ਨੁਮਾਇੰਦੇ ਬਣੇ ਬੈਠੇ ਸਨ। ਪੈਸੇ ਲਈ ਕੋਈ ਕੁੱਝ ਵੀ ਕਰ ਸਕਦਾ ਸੀ ਜਿਸ ਬਾਰੇ ਸੁਣ ਕੇ ਆਮ ਬੰਦੇ ਦਾ ਦਿਮਾਗ ਚਕਰਾ ਜਾਂਦਾ। ਇਸੇ ਪੈਸੇ ਦੀ ਦੌੜ ਵਿੱਚ ਪਿਛਲੇ ਪੰਝੀ ਤੀਹ ਸਾਲ ਤੋਂ ਬਲਿਹਾਰ ਵੀ ਡਾਂਗਰੀ ਪਾ ਕੇ ਕਾਲਖ ਨਾਲ ਕਾਲਖ ਹੋਇਆ ਰਹਿੰਦਾ ਤੇ ਅੱਧਾ ਦਿਨ ਉਸ ਦਾ ਕਾਰਾਂ ਹੇਠ ਪਏ ਦਾ ਹੀ ਗੁਜਰ ਜਾਂਦਾ। ਉਹ ਤੜਕੇ ਘਰੋਂ ਨਿਕਲ ਆਉਂਦਾ ਅਤੇ ਰਾਤ ਦੇ ਦਸ ਗਿਆਰ੍ਹਾਂ ਤੇ ਕਈ ਵਾਰੀ ਬਾਰਾਂ ਵਜੇ ਜਾਕੇ ਘਰ ਵੜਦਾ। ਜਦੋਂ ਉਹ ਕੰਮ ਤੇ ਆਉਂਦਾ ਤਾਂ ਪਰਿਵਾਰ ਸੁੱਤਾ ਪਿਆ ਹੁੰਦਾ ਤੇ ਜਦੋਂ ਰਾਤ ਨੂੰ ਘਰ ਜਾਂਦਾ ਉਦੋਂ ਨੂੰ ਸਾਰੇ ਸੌਂ ਚੁੱਕੇ ਹੁੰਦੇ। ਉਹ ਰੁਟੀਨ ਅਨੁਸਾਰ ਬਗੈਰ ਕਿਸੇ ਨੂੰ ਜਗਾਏ ਠੰਢਾ ਖਾਣਾ ਫਰਿੱਜ ਚੋਂ ਕੱਢ ਕੇ ਮਾਈਕਰੋਵੇਵ ਵਿੱਚ ਗਰਮ ਕਰਦਾ, ਇੱਕ ਦੋ ਪੈੱਗ ਲਾਉਂਦਾ, ਖਾਣਾ ਖਾਅ ਕੇ ਸੌਂ ਜਾਂਦਾ ਤੇ ਸਵੇਰੇ ਉੱਠ ਕੇ ਫੇਰ ਤੁਰ ਜਾਂਦਾ। ਖੂਹ ਦੀਆਂ ਟਿੰਡਾਂ ਵਾਂਗ ਇਹ ਚੱਕਰ ਨਿਰੰਤਰ ਚੱਲਦਾ ਰਿਹਾ।

313 ਨੇ ਗਲਾਸ ਧੋ ਕੇ ਚਾਰ ਪੈੱਗ ਬਣਾਏ, ਇੱਕ ਆਪਣਾ, ਬਲਿਹਾਰ ਦਾ, ਮਕੈਨਿਕ ਦਾ ਅਤੇ ਦੇਵ ਦਾ ਜੋ ਆਪਣੇ ਆਪ ਨੂੰ ਦੇਵ ਨਾਲੋਂ ਡੇਵ ਕਹਾ ਕੇ ਵਧੇਰੇ ਖੁਸ਼ ਹੁੰਦਾ। ਬਲਿਹਾਰ ਨੇ ਵੀ ਆਪਣੇ ਗੈਰਾਜ਼ ਦਾ ਨਾਂ ਬਿੱਲ ਆਟੋ ਰਿਪੇਅਰ ਰੱਖਿਆ ਹੋਇਆ ਸੀ। 313 ਨੇ ਜਦੋਂ ਪੁੱਛਿਆ ਕਿ "ਬਲਿਹਾਰ ਭਾਅ ਜੀ ਤੁਹਾਡਾ ਨਾਉਂ ਤਾਂ ਬਲਿਹਾਰ ਹੈ ਫੇਰ ਤੁਸੀਂ ਆਪਣੇ ਗੈਰਾਜ ਦਾ ਨਾਉਂ ਬਿੱਲ ਆਟੋ ਕਾਹਤੋਂ ਰੱਖਿਆ ਹੈ ?" ਤਾਂ ਉਹ ਅੱਗੋਂ ਦੱਸਣ ਲੱਗਾ, "ਲੈ ਇਹ ਵੀ ਸੁਣ ਲੈ ਜਦੋਂ ਮੈਂ ਨਵਾਂ ਨਵਾਂ ਕਨੇਡਾ ਆਇਆ ਸੀ 1969 ਵਿੱਚ ਤਾਂ ਗੋਰਿਆਂ ਨੂੰ ਮੇਰਾ ਨਾਂ ਨਹੀਂ ਸੀ ਲੈਣਾ ਆਉਂਦਾ, ਉਹ ਮੈਨੂੰ ਕਿਹਾ ਕਰਨ ਬਿੱਲ-ਹਾੜ ਜੋ ਮੈਨੂੰ ਬਹੁਤ ਭੈੜਾ ਲੱਗਦਾ ਸੀ। ਕਈ ਸੌਖ ਦੇ ਮਾਰੇ ਬਿੱਲ ਕਹਿ ਕੇ ਹੀ ਸਾਰ ਲੈਂਦੇ। ਬਸ ਉਦੋਂ ਤੋਂ ਹੀ ਮੇਰਾ ਨਾ ਬਿੱਲ ਪੈ ਗਿਆ। ਮੇਰੀ ਵਾਈਫ ਜੋ ਮੇਰੇ ਤੋਂ ਪਹਿਲਾਂ ਏਧਰ ਆਈ ਸੀ ਉਹ ਕੁਝ ਜ਼ਿਆਦਾ ਹੀ ਕਨੇਡੀਅਨ ਸੀ, ਉਹ ਵੀ ਮੈਨੂੰ ਬਿੱਲ ਕਹਿ ਕੇ ਹੀ ਬਲਾਉਣ ਲੱਗ ਪਈ। ਤੇ ਇਸ ਤਰ੍ਹਾਂ ਜਦੋਂ ਗੈਰਾਜ਼ ਖੋਹਲਿਆ ਤਾਂ ਇਸ ਦਾ ਨਾਂ ਵੀ

ਬਿੱਲ ਆਟੋ ਹੀ ਰੱਖ ਲਿਆ।"

"ਇਹਦੇ ਵਿੱਚ ਮਾੜੀ ਗੱਲ ਵੀ ਕੀ ਹੈ ਭਲਾਂ ਮੇਰਾ ਨਾਂ ਦੇਵ ਸੀ ਪਰ ਗੋਰਿਆ ਨੇ ਡੇਵ ਬਣਾ ਦਿੱਤਾ।ਹੁਣ ਤੂੰ ਹੀ ਦੱਸ ਕਿ ਤੇਰਾ ਅਸਲ ਨਾਂ ਕੋਈ ਜਾਣਦਾ ਹੈ ਸਾਰੇ ਤੈਨੂੰ ਥ੍ਰੀ ਥਰਟੀਨ ਹੀ ਕਹਿੰਦੇ ਹਨ।ਮਾਪਿਆਂ ਨੇ ਤਾਂ ਬਥੇਰਾ ਛਾਂਟ ਕੇ ਤੇਰਾ ਨਾਂ ਗੁਰਮੀਤ ਸਿੰਘ ਰੱਖਿਆ ਸੀ।" ਦੇਵ ਪਹਿਲਾਂ ਹੀ ਆਪਣੇ ਨਾਂ ਦੀ ਸਫਾਈ ਪੇਸ਼ ਕਰਨ ਲੱਗ ਪਿਆ। "ਯਾਰ ਇਸ ਤਰ੍ਹਾਂ ਨਾਉਂ ਬਦਲ ਕੇ ਤੇ ਤੁਹਾਨੂੰ ਓਪਰਾ ਜਿਹਾ ਨਹੀਂ ਲੱਗਦਾ ?" 313 ਨੇ ਪੁੱਛਿਆ। "ਪਹਿਲਾਂ ਪਹਿਲਾਂ ਬਹੁਤ ਲੱਗਦਾ ਸੀ।ਜਦੋਂ ਮੈਂ ਇੰਡੀਆ ਤੋਂ ਆਇਆ ਸੀ ਤਾਂ ਦਾੜੀ ਵੀ ਰੱਖੀ ਹੋਈ ਸੀ ਤੇ ਪੱਗ ਵੀ ਬੰਨਦਾ ਸੀ। ਵਤਨ ਦੀ ਬੜੀ ਯਾਦ ਆਉਂਦੀ ਸੀ।ਪਰ ਮੇਰੀ ਵਾਈਫ ਸਾਰਾ ਦਿਨ ਇਸ ਗੱਲ ਦੇ ਪਿੱਛੇ ਪਈ ਰਹਿੰਦੀ ਕਿ ਜੇ ਹੁਣ ਕਨੇਡਾ ਆ ਹੀ ਗਏ ਤਾਂ ਹੁਣ ਏਥੇ ਦੇ ਹੋ ਜਾਈਏ।ਇੰਡੀਆ ਬਾਰੇ ਸੋਚਣਾ ਛੱਡ ਕੇ ਏਥੇ ਸੈੱਟ ਹੋਣ ਬਾਰੇ ਸੋਚੀਏ।ਫੇਰ ਕਈ ਪਹਿਲਾਂ ਆਏ ਹੋਏ ਰਿਸ਼ਤੇਦਾਰ ਵੀ ਇਹ ਹੀ ਗੱਲ ਆਖਣ ਲੱਗੇ।ਤੇ ਮੇਰੀਆਂ ਤਿੰਨੋ ਚੀਜ਼ਾਂ ਮੇਰੇ ਤੋਂ ਖੋਹ ਕੇ ਹਟੇ ਪੱਗ, ਦਾੜੀ ਅਤੇ ਮੇਰਾ ਨਾਉਂ।ਅਖੇ ਪੱਗ ਤੇ ਦਾੜੀ ਨਾਲ ਤੂੰ ਫੱਨੀ ਲੱਗਦਾ ਏਂ, ਗੋਰਿਆਂ ਦੀ ਫੈਕਟਰੀ ਵਿੱਚ ਤੈਨੂੰ ਕੰਮ ਨਹੀਂ ਮਿਲਣਾ। ਫੇਰ ਮੇਰਾ ਨਾਉਂ ਵੀ ਫੱਨੀ ਲੱਗਣ ਲੱਗ ਪਿਆ।" ਤੇ ਬਲਿਹਾਰ ਨੇ ਗਲਾਸ ਵਿੱਚ ਪਾਇਆ ਸਾਰਾ ਪੈੱਗ ਇੱਕੋ ਸਾਹੇ ਡੀਕ ਲਿਆ।

ਦੇਵ ਨੇ ਕਿਹਾ , "ਬਹੁਤ ਚਿਰ ਤਾਂ ਮੈਨੂੰ ਵੀ ਏਹੋ ਭੁਲੇਖਾ ਰਿਹਾ ਕਿ ਸ਼ਾਇਦ ਇਹ ਗੋਰਿਆਂ ਦਾ ਗੈਰਾਜ਼ ਹੈ।ਪਰ ਏਥੇ ਖੜੇ ਹੋਇਆ ਕਰਨੇ ਆਪਣੇ ਬੰਦੇ।"

"ਇਹ ਨਾਂ ਗੋਰੇ ਗਾਹਕ ਖਿੱਚਣ ਨੂੰ ਵੀ ਰੱਖਿਆ ਹੈ।ਜੇ ਇੰਡੀਅਨ ਨਾਂ ਲਿਖ ਦਈਏ ਤਾਂ ਗੋਰੇ ਤਾਂ ਏਧਰ ਨੂੰ ਮੂੰਹ ਹੀ ਨਾ ਕਰਨ।" ਬਲਿਹਾਰ ਘੁੱਟ ਲੰਘਾਉਂਦੇ ਹੋਏ ਨੇ ਕਿਹਾ।

"ਆਹੋ ਆਪਣਾ ਇੰਡੀਅਨਾਂ ਦਾ ਰੈਪੂਟੇਸ਼ਨ ਜੋ ਬਹੁਤ ਵਧੀਆ ਹੈ।" 313 ਬੋਲਿਆ ਤੇ ਦੇਵ ਵੱਲ ਮੂੰਹ ਕਰਕੇ ਕਹਿਣ ਲੱਗਾ।

"ਦੇਵ ਤੋਂ ਡੇਵ ਲਿਖਣ ਨਾਲ ਕਾਗਾਂ ਨੇ ਹੰਸ ਨਹੀਂ ਬਣ ਜਾਣਾ।ਸ਼ੇਰ ਦੀ ਖੱਲ ਪਾਕੇ ਜੇ ਗਧਾ ਆਪਣੇ ਆਪ ਨੂੰ ਸ਼ੇਰ ਸਮਝਣ ਲੱਗ ਪਏ ਇਹ ਤਾਂ ਉਹਦੀ ਬੇਵਕੂਫੀ ਹੀ ਹੈ।"

313 ਦੀ ਗੱਲ ਸੁਣ ਕੇ ਮਕੈਨਿਕ ਨੂੰ ਉਥੂ ਆਕੇ ਸਾਰੀ ਸ਼ਰਾਬ ਨਿੱਕਲ ਗਈ।ਉਸ ਤੋਂ ਹਾਸਾ ਰੋਕਿਆ ਨਹੀਂ ਸੀ ਜਾ ਰਿਹਾ।ਉਹ ਬੋਲਿਆ, "ਭਾਅ ਜੀ ਨਾਂ ਬਦਲਣ ਨਾਲ ਕਿਹੜਾ ਸਾਡਾ ਰੰਗ ਬਦਲ ਜਾਣਾ ਹੈ।ਨਾਲੇ ਕਈ ਗੋਰੇ ਦਾ ਰੰਗ ਦੇ ਗੋਰੇ ਹੁੰਦੇ ਹਨ ਪਰ ਦਿਲਾਂ ਦੇ ਕਾਲੇ। ਇਨ੍ਹਾਂ ਨੂੰ ਸਾਡਾ ਚੰਮ ਪਹਿਲਾਂ ਦਿੱਸਦਾ ਹੈ ਤੇ ਕੰਮ ਬਾਅਦ ਵਿੱਚ।ਇਹ ਸੋਚਦੇ ਨੇ ਕਿ ਇਹ ਮੁਲਕ ਏਹਨਾਂ ਦਾ ਹੈ,ਅਸੀਂ ਤਾਂ ਏਨ੍ਹਾਂ ਦੀ ਗੁਲਾਮੀ ਕਰਨ ਵਾਲੇ ਮਜ਼ਦੂਰ ਹਾਂ।ਤਾਂ ਹੀ ਤਾਂ ਇਹ ਸਾਡੇ ਨਾਉਂ ਬਦਲ ਦਿੰਦੇ ਨੇ।ਇਹ ਸਾਨੂੰ ਕਦੇ ਚੰਗਾ ਕੰਮ ਨਹੀਂ ਦੇਣਗੇ।ਤੇ ਨਾਂ ਕੰਮਾਂ ਤੇ ਉੱਪਰ ਆਉਣ ਦੇਣਗੇ।" ਉਹ ਆਪਣੇ ਹੱਥਾਂ ਦੀ ਕਾਲਖ ਨੂੰ ਘੂਰਦਾ ਹੋਇਆ ਬੋਲਿਆ।ਗੁਰਮੀਤ ਨੇ ਗੱਲ ਅੱਗੇ ਸ਼ੁਰੂ ਕੀਤੀ, "ਚੱਲੋ ਉਹ ਤਾਂ ਗੋਰੇ ਨੇ ਪਰ ਕਈ ਸਾਡੇ ਏਥੋਂ ਦੇ ਜੰਮੇਪਲੇ ਆਪਣੇ ਆਪ ਨੂੰ ਇੰਡੀਅਨ ਨਸਲ ਦੇ ਕਹਾ ਕੇ ਰਾਜੀ ਨਹੀਂ।ਉਹ ਇੰਡੀਅਨ ਨਾਵਾਂ ਨੂੰ ਨਫਰਤ ਕਰਦੇ ਹਨ।"

ਬਲਿਹਾਰ ਨੂੰ ਦੋ ਤਿੰਨ ਪੈੱਗ ਲਾ ਕੇ ਸਰੂਰ ਜਿਹਾ ਆ ਗਿਆ ਸੀ।ਦੇਵ ਉਸ ਤੋਂ ਸ਼ਰਾਬ ਨਾਲ ਖਾਣ ਲਈ ਨਮਕੀਨ ਮੰਗ ਰਿਹਾ ਸੀ ਪਰ ਉਹ ਆਖ ਰਿਹਾ ਸੀ, "ਨਮਕੀਨ ਏਥੇ ਕਿੱਥੋਂ ਲੱਭਣਾ ਹੈ ਚਿੱਟੇ ਮੁਰਗੇ ਨਾਲ ਹੀ ਸਾਰ ਲਉ।" ਭਾਵ ਲੂਣ ਦੀ ਚੁਟਕੀ ਨਾਲ ਹੀ ਮੂੰਹ ਦਾ ਸਵਾਦ ਬਦਲ ਲਉ।ਉਹ ਕਿਸੇ ਵੀ ਗੱਲ ਦਾ ਜਵਾਬ ਚੱਜ ਨਹੀਂ ਸੀ ਦੇ ਰਿਹਾ।ਸ਼ਾਇਦ ਤੀਹ ਸਾਲ ਦੇ ਲੇਖੇ ਜੋਖੇ ਵਿੱਚ ਪੈ ਗਿਆ ਸੀ।ਕੈਨੇਡਾ ਆਇਆ ਤਾਂ ਉਹ ਤਾਂ ਸੀ ਕਿ ਪੈਸੇ ਕਮਾ ਕੇ ਆਪਣੇ



ਘਰ ਦੀ ਦਸ਼ਾ ਨੂੰ ਸੁਧਾਰ ਸਕੇਗਾ।ਪਿੰਡ ਵਿੱਚ ਉਨ੍ਹਾਂ ਦੇ ਇੱਜਤ ਮਾਣ ਵਿੱਚ ਵਾਧਾ ਹੋਵੇਗਾ।ਪਰ ਏਥੇ ਆਕੇ ਉਸਦੇ ਪੈਰ ਅਜਿਹੀ ਦਲਦਲ ਵਿੱਚ ਫਸ ਗਏ ਸਨ ਕਿ ਉਹ ਕੈਨੇਡਾ ਦਾ ਹੀ ਹੋ ਕੇ ਰਹਿ ਗਿਆ।ਉਸਦੇ ਬੱਚੇ ਆਪਣੇ ਇੰਡੀਅਨ ਹੋਣ ਨੂੰ ਘਟੀਆ ਸਮਝਦੇ ਸਨ।ਉਹ ਘਰ ਵਿੱਚ ਕਦੀ ਵੀ ਪੰਜਾਬੀ ਵਿੱਚ ਗੱਲ ਨਾ ਕਰਦੇ ਸਗੋਂ ਬਲਿਹਾਰ ਨੂੰ ਕਹਿੰਦੇ ਕਿ ਜੇ ਉਸਨੇ ਕੈਨੇਡਾ ਵਿੱਚ ਰਹਿਣਾ ਸੀ ਤਾਂ ਸਾਡੇ ਇਹ ਸਟੂਪਿੱਡ ਨਾਉਂ ਕਿਉਂ ਰੱਖਣੇ ਸੀ।ਕੁੜੀ ਆਖਦੀ ਹੁਣ ਬਾਹਰ ਗੋਰੇ ਮੁੰਡੇ ਕੁੜੀਆਂ ਉਸ ਨੂੰ ਸੱਕ-ਡੀਪ ਕਹਿਕੇ ਉਸਦਾ ਮਖੌਲ ਉਡਾਉਂਦੇ ਹਨ।ਕੁੜੀ ਆਪਣੇ ਆਪਣੇ ਆਪ ਨੂੰ ਸੁਖਦੀਪ ਕਹਾਉਣ ਦੀ ਬਜਾਏ ਕੋਈ ਇੰਗਲਿਸ਼ ਨਾਂ ਕਹਾਉਣ ਨੂੰ ਬੇਹਤਰ ਸਮਝਦੀ ਸੀ। ਬਲਿਹਾਰ ਨੇ ਕਈ ਵਾਰੀ ਕੋਸ਼ਿਸ਼ ਕੀਤੀ ਵੀ ਕਿ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਦੱਸਿਆ ਜਾਵੇ ਪਰ ਉਨ੍ਹਾਂ ਦੀ ਮਾਂ ਆਖਦੀ ਕਿ ਉਨ੍ਹਾਂ ਨੂੰ ਬੈਕਵਰਡ ਬਣਨ ਦੀ ਬਜਾਏ ਅਗਾਂਹ ਵਧਣਾ ਚਾਹੀਦਾ ਹੈ।ਜੇ ਬਲਿਹਾਰ ਕਦੀ ਪੰਜਾਬੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਦੋਵੇਂ ਬੱਚੇ ਆਖਦੇ, "ਵੀ ਡੌਂਨਟ ਨੋਅ ਵੱਟ ਯੂ ਸੇਇੰਗ।" ਇੱਕ ਵਾਰੀ ਬਲਿਹਾਰ ਨੇ ਬੜੇ ਮਾਣ ਨਾਲ ਆਪਣੀ ਵਿਆਹ ਵਾਲੀ ਫੋਟੋ ਦਿਖਾਈ ਤਾਂ ਵੱਡੀ ਕੁੜੀ ਨੇ ਨੱਕ ਸਿਕੋੜਦੇ ਹੋਏ ਆਖਿਆ "ਯੂ ਲੁਕਿੰਗ ਵੈਰੀ ਅਗਲੀ ਵਾਈ ਯੂ ਵੀਅਰ ਦਿਸ ਫੱਨੀ ਟਰਬਨ ?" ਫੇਰ ਕਿਸੇ ਦਿਨ ਬਲਿਹਾਰ ਨੇ ਆਪਣੇ ਸਵਰਗਵਾਸੀ ਪਿਤਾ ਜੀ ਦੀ ਫੋਟੋ ਦਿਖਾਈ ਤਾਂ ਲੜਕਾ ਬੋਲਿਆ, "ਆਈ ਕੈਨ ਨਾਟ ਬਿਲੀਵ ਦਿਸ ਓਲਡਮੈਨ, ਲਾਈਕ ਸੈਂਟਾ ਕਲਾਜ਼ ਇਜ਼ ਮਾਈ ਗਰੈਂਡਫਾਦਰ ?" ਉਹ ਪਾਗਲਾਂ ਵਾਂਗੂੰ ਹੱਸੀ ਜਾ ਰਿਹਾ ਸੀ ਜਿਵੇਂ ਉਸ ਨੇ ਕੋਈ ਅਜੀਬ ਚੀਜ਼ ਵੇਖ ਲਈ ਹੋਵੇ।ਬਲਿਹਾਰ ਦੇ ਮਨ ਨੂੰ ਬੜਾ ਧੱਕਾ ਲੱਗਾ।ਉਹ ਤਾਂ ਇਹ ਵੀ ਨੋਟ ਕਰ ਰਿਹਾ ਸੀ ਕਿ ਬੱਚੇ ਆਪਣੇ ਨਾਂ ਨਾਲ ਢਿੱਲੋਂ ਕਹਿਣ ਦੀ ਬਜਾਏ ਡਿਲਨ ਕਹਿਣ ਨੂੰ ਤਰਜੀਹ ਦਿੰਦੇ ਕਿਉਂਕਿ ਇਹ ਗੋਰਿਆਂ ਦਾ 'ਫੈਮਲੀ ਨੇਮ' ਸੀ।ਉਹ ਪਹਿਰਾਵਾ ਵੀ ਉਸੇ ਤਰ੍ਹਾਂ ਦਾ ਪਾਉਂਦੇ ਤੇ ਵਾਲਾਂ ਦਾ ਸਟਾਈਲ ਵੀ ਉਸੇ ਤਰਾਂ ਬਣਾਉਂਦੇ ਜਿਸ ਨਾਲ ਉਹ ਇੰਡੀਅਨ ਨਾ ਲੱਗਣ।ਅਪਣੇ ਭਾਰਤੀ ਮੂਲ ਨੂੰ ਉਹ ਇਸ ਤਰਾਂ ਲੁਕਾਉਂਦੇ ਜਿਵੇਂ ਕੋਈ ਅਪਰਾਧੀ ਆਪਣਾ ਅਪਰਾਧ ਛੁਪਾ ਰਿਹਾ ਹੋਵੇ।ਉਹ ਭਾਰਤੀ ਸੱਭਿਆਚਾਰ ਦੇ ਸਾਰੇ ਨਾਮੋ ਨਿਸ਼ਾਨ ਆਪਣੇ ਘਰ ਚੋਂ ਮਿਟਾ ਦੇਣਾ ਚਾਹੁੰਦੇ ਸਨ।

ਜੇ ਕਦੀ ਬਲਿਹਾਰ ਦੇ ਜ਼ੋਰ ਦੇਣ ਤੇ ਉਨ੍ਹਾਂ ਦੇ ਘਰ ਪੰਜਾਬੀ ਖਾਣਾ ਬਣ ਜਾਂਦਾ।ਤਾਂ ਬੱਚੇ ਨੱਕ ਸਿਕੋੜਦੇ ਤੇ ਚੀਖਦੇ, "ਮੱਮ ਵਾਈ ਯੂ ਮੇਕ ਐਵਰੀ ਡੇਅ ਰੋਟੀ ਔਰ ਚਿਕਨ ਕਰੀ ? ਸਮੈੱਲ ਇਜ਼ ਵੈਰੀ ਬੈਡ ਵੀ ਹੇਟ ਦਿਸ "।ਤੇ ਬਾਹਰੋਂ ਖਾਣ ਲਈ ਦੌੜਦੇ।ਤੇ ਹੌਲੀ ਹੌਲੀ ਘਰ ਵਿੱਚ ਪੰਜਾਬੀ ਖਾਣਾ ਬਣਨਾ ਬੰਦ ਹੋ ਗਿਆ।ਜੇ ਕਦੀ ਬਲਿਹਾਰ ਡਰਦਾ ਡਰਦਾ ਅਪਣੀ ਪਤਨੀ ਕੋਲ ਸਾਗ ਮੱਕੀ ਦੀ ਰੋਟੀ ਜਾਂ ਕੋਈ ਤੁੜਕੇ ਵਾਲੀ ਦਾਲ ਸਬਜ਼ੀ ਖਾਣ ਦੀ ਇੱਛਾ ਜ਼ਾਹਰ ਕਰਦਾ ਤਾਂ ਕਰਮਜੀਤ ਤੋਂ ਕੈਮੀ ਬਣੀ ਉਸਦੀ ਪਤਨੀ ਆਖਦੀ, "ਬੱਚੇ ਲਾਈਕ ਨਹੀਂ ਕਰਦੇ।ਨਾਲੇ ਘਰ 'ਚੋਂ ਸਮੈੱਲ ਆਉਣ ਲੱਗ ਜਾਂਦੀ ਹੈ।ਉਨ੍ਹਾਂ ਦੇ ਫਰੈਂਡਾਂ ਨੇ ਘਰ ਆਉਣਾ ਹੁੰਦਾ ਹੈ ਫੇਰ ਉਹ ਗੁੱਡ ਫੀਲ ਨਹੀਂ ਕਰਦੇ।" ਤੇ ਬਲਿਹਾਰ ਮਨ ਮਾਰ ਆਪਣੀ ਇੱਛਾ ਨੂੰ ਸ਼ਰਾਬ ਵਿੱਚ ਡਬੋਣ ਦਾ ਯਤਨ ਕਰਦਾ।ਤੇ ਏਸੇ ਤਰ੍ਹਾਂ ਉਸ ਨੇ ਫੇਰ ਇੱਕੋ ਸਾਹੇ ਪੈੱਗ ਡੀਕਿਆ।

ਸੋਚਾਂ ਵਿੱਚ ਡੁੱਬੇ ਬਲਿਹਾਰ ਨੂੰ ਵੇਖ ਕੇ ਦੇਵ ਨੇ ਆਖਿਆ, "ਮਿਸਟਰ ਬਿੱਲ ਕਿਥੇ ਡੁੱਬ ਗਿਆਂ ਏਂ......।ਛੇਤੀ ਖਿੱਚ ਅੱਜ ਤਾਂ ਤੈਨੂੰ ਘਰੇ ਤੇਰੀ ਵਾਈਫ ਤੇ ਬੱਚੇ ਵੀ ਉਡੀਕਦੇ ਹੋਣੇ ਨੇ, ਤੇਰੀ ਤੀਹ ਸਾਲਾ ਐਨਵਰਸਰੀ ਮਨਾਉਣ ਲਈ।" ਤਾਂ ਬਲਿਹਾਰ ਨੇ ਲੰਬਾ ਸਾਹ ਭਰਿਆ ਤੇ ਕਿਹਾ, "ਇਹ ਕੋਈ ਪੰਜਾਬ ਥੋੜੋ ਹੈ ਬਈ ਤੀਵੀਂ ਥੋਨੂੰ ਬੂਹੇ 'ਚ ਖੜੀ ਉਡੀਕਦੀ ਹੋਊ ਤੇ ਬੱਚੇ ਤੁਹਾਨੂੰ ਜੀ ਜੀ ਕਰਦੇ ਫਿਰਨਗੇ।ਏਥੇ ਆਕੇ ਤਾਂ ਜ਼ਿੰਦਗੀ ਮਰ ਗਈ।ਜ਼ਿੰਦਗੀ ਤਾਂ ਪੰਜਾਬ ਵਿੱਚ

ਹੀ ਜੀ ਆਏ ਜੋ ਜੀਣੀ ਸੀ।ਉੱਥੇ ਸ਼ੌਂਕ ਨਾਲ ਕੱਪੜੇ ਪਾਉਣੇ, ਖਾਣਾ ਪੀਣਾ ਅਤੇ ਘੁੰਮਣਾ ਫਿਰਨਾ।ਤੇ ਏਥੇ ਆਕੇ ਬਸ ਇਹ ਡਾਂਗਰੀ ਚੁੰਬੜ ਗਈ।ਹੁਣ ਏਹੋ ਨਹੀਂ ਗਲੋਂ ਲਹਿਣ ਵਿੱਚ ਨਹੀਂ ਆਉਂਦੀ।ਤੀਹ ਸਾਲ ਵਿੱਚ ਕਿਤੇ ਵੀ ਘੁੰਮਣ ਫਿਰਨ ਵੀ ਨਹੀਂ ਜਾ ਹੋਇਆ।ਆਹ ਸੀ ਐੱਨ ਟਾਵਰ ਅਤੇ ਨਿਆਗਰਾ ਫਾਲ ਮੈਂ ਐਨੇ ਸਮੇਂ ਵਿੱਚ ਮੈਂ ਸਿਰਫ ਇੱਕ ਵਾਰੀ ਦੇਖੇ ਹਨ, ਉਹ ਵੀ ਭੱਜ ਦੌੜ ਵਿੱਚ ਹੀ।ਹੁਣ ਤਾਂ ਸੋਚੀਦਾ ਹੈ ਕਿ ਦਿਹਾੜੀ ਭੰਨ ਕੇ ਕਿੱਥੇ ਜਾਵਾਂਗਾ।ਬਸ ਇੰਡੀਆ ਤੋਂ ਲਿਆਂਦੇ ਕੱਪੜੇ ਅਟੈਚੀਆਂ ਵਿੱਚ ਹੀ ਪਏ ਰਹਿ ਗਏ।ਤੇ ਸ਼ੌਂਕ ਮਰ ਹੀ ਗਏ।ਮੈਨੂੰ ਤਾਂ ਸਾਲਾਂ ਦੇ ਸਾਲ ਬੀਤ ਗਏ ਕਦੇ ਪੰਜਾਬੀ ਫਿਲਮ ਵੀ ਨਹੀਂ ਦੇਖੀ।" ਦੇਵ ਨੇ ਪੁੱਛਿਆ, "ਭਾਅ ਜੀ ਕਦੇ ਪੰਜਾਬ ਤਾਂ ਗੇੜਾ ਲੱਗਿਆ ਹੋਊ ?" "ਬਸ ਇੱਕ ਵਾਰੀ ਗਿਆ ਸੀ ਮਾਂ ਮਰੀ ਤੇ ਉਹ ਵੀ ਸਿਰਫ ਪੰਦਰ੍ਹਾਂ ਦਿਨਾਂ ਲਈ।...ਹੁਣ ਬਾਪ ਵਿਚਾਰਾ ਮੰਜੇ ਤੇ ਪਿਆ ਉਡੀਕ ਰਿਹਾ ਹੈ ਕਿ ਮੇਰਾ ਕਨੇਡਾ ਗਿਆ ਪੁੱਤ ਆਊ ਤੇ ਇਲਾਜ ਕਰਵਾਊ।ਪਰ ਏਥੋਂ ਨਿੱਕਲ ਹੀ ਨਹੀਂ ਹੁੰਦਾ।" ਬਲਿਹਾਰ ਨੇ ਇੱਕ ਹੋਰ ਪੈੱਗ ਇੱਕੋ ਸਾਹੇ ਖਿੱਚਿਆ।

313 ਨੇ ਗੱਲ ਅੱਗੇ ਤੋਰੀ, "ਭਾਅ ਜੀ ਤੀਹਾਂ ਸਾਲਾਂ ਵਿੱਚ ਹੋਰ ਬਥੇਰੇ ਰਿਸ਼ਤੇਦਾਰ ਏਧਰ ਕੱਢ ਲਏ ਹੋਣਗੇ ?" "ਰਿਸ਼ਤੇਦਾਰ... ਮੈਂ ਤਾਂ ਭੈਣ ਭਰਾ ਵੀ ਕੋਈ ਨਹੀਂ ਕੱਢਿਆ।" ਉਸ ਨੇ ਠੰਢਾ ਸਾਹ ਭਰਿਆ ਤੇ ਸੋਚਣ ਲੱਗਿਆ। ਭਾਰਤ ਵਿੱਚ ਉਸਦੇ ਦੋ ਛੋਟੇ ਭਰਾ ਅਤੇ ਦੋ ਹੀ ਛੋਟੀਆਂ ਭੈਣਾਂ ਸਨ।ਉਹ ਸਭ ਤੋਂ ਵੱਡਾ ਸੀ।ਮਾਂ ਬਾਪ ਨੇ ਉਸ ਨੂੰ ਬੜੇ ਚਾਵਾਂ ਨਾਲ ਪਾਲਿਆ ਤੇ ਪੜ੍ਹਾਇਆ।ਉਦੋਂ ਉਸ ਦਾ ਪਿਉ ਇਕੱਲਾ ਦੋ ਬਲਦਾਂ ਦੀ ਖੇਤੀ ਕਰਿਆ ਕਰਦਾ ਸੀ।ਉਹ ਪੜ੍ਹਾਈ ਦੇ ਨਾਲ ਨਾਲ ਖੇਤੀ ਦੇ ਕੰਮ ਵਿੱਚ ਵੀ ਹੱਥ ਵਟਾਉਂਦਾ।ਜ਼ਮੀਨ ਉਨ੍ਹਾਂ ਕੋਲ ਕੋਈ ਬਹੁਤੀ ਨਹੀਂ ਸੀ।ਪਰ ਜਿੰਨੀ ਕੁ ਵੀ ਸੀ, ਹੈ ਸੀ ਤਕੜੀ ਨਿਆਈਂ ਵਾਲ਼ੀ।ਇਹ 1964-65 ਦੀਆਂ ਗੱਲਾਂ ਹਨ।ਉਦੋਂ ਅਜੇ ਪੰਜਾਬ ਵਿੱਚ ਹਰਾ ਇਨਕਲਾਬ ਨਹੀਂ ਸੀ ਆਇਆ।ਖੇਤੀਬਾੜੀ ਪੁਰਾਣੇ ਢੰਗਾਂ ਅਨੁਸਾਰ ਹੀ ਹੋ ਰਹੀ ਸੀ।ਬਹੁਤੇ ਪਿੰਡਾਂ ਵਿੱਚ ਅਜੇ ਬਿਜਲੀ ਨਹੀਂ ਸੀ ਆਈ। ਕਿਸੇ ਕਿਸੇ ਕੋਲ ਬੰਬਾ ਚਲਾਉਣ ਲਈ ਪੀਟਰ ਇੰਜਣ ਸੀ ਜਾਂ ਕੋਈ ਕੋਈ ਥਰੈਸ਼ਰ।ਸਰਦੇ ਪੁੱਜਦੇ ਘਰਾਂ ਕੋਲ ਟਰੈਕਟਰ ਸਨ। ਬਸ ਉਹ ਵੀ ਸਾਰੇ ਪਿੰਡ ਵਿੱਚ ਇੱਕ ਦੋ।ਪਰ ਉਨ੍ਹਾਂ ਦੇ ਪਰਿਵਾਰ ਲਈ ਇਹ ਸਾਰੀਆਂ ਗੱਲਾਂ ਅਜੇ ਸੁਪਨਾ ਹੀ ਸਨ।ਆਪਣੇ ਖੂਹ ਨੂੰ ਜੁੜੇ ਬਲਦਾਂ ਨੂੰ ਹਿੱਕਦਾ ਉਹ ਇਨ੍ਹਾਂ ਚੀਜ਼ਾਂ ਬਾਰੇ ਸੋਚਦਾ ਰਹਿੰਦਾ।ਪਰ ਐਨਾ ਪੈਸਾ ਕਿੱਥੋਂ ਆਉਂਦਾ।ਉਹ ਸੋਚਦਾ ਜੇ ਕਿਤੇ ਉਸ ਕੋਲ ਪੈਸਾ ਆ ਜਾਵੇ ਉਹ ਵੀ ਆਪਣੇ ਖੇਤ ਵਿੱਚ ਬੰਬਾ ਲੁਆਵੇ।ਪਾਣੀ ਦੀ ਮੋਟੀ ਧਾਰ ਪਵੇ ਤੇ ਖਾਲ਼ ਡੱਕਿਆ ਜਾਵੇ।ਕਿੱਥੇ ਹੁਣ ਰੋਜ਼ ਬਲ਼ਦਾ ਮਗਰ ਤੁਰਨ ਦਾ ਜੱਭ....।ਕੁੱਤੇ ਦੀ ਟਿੱਕ-ਟਿੱਕ ਤੇ ਮਾਹਲ ਦੀ ਚੀਂ ਚੀਂ ਉਸਦੇ ਦਿਮਾਗ ਵਿੱਚ ਹਥੌੜੇ ਵਾਂਗ ਬੱਜਦੀ ਰਹਿੰਦੀ।ਖੂਹ ਵਿੱਚੋਂ ਪਾਣੀ ਦੀਆਂ ਟਿੰਡਾਂ ਭਰ ਭਰ ਆਉਂਦੀਆਂ, ਪਾੜਸ਼ੇ ਵਿੱਚ ਡੁੱਲਦੀਆਂ, ਖਾਲੀ ਹੁੰਦੀਆਂ ਅਤੇ ਖੂਹ ਵਿੱਚ ਫੇਰ ਉੱਤਰ ਜਾਂਦੀਆਂ।ਉਹ ਸੋਚਦਾ ਇਹ ਟਿੰਡਾਂ ਵਾਲਾ ਗੇੜ ਕਦੋਂ ਖਤਮ ਹੋਵੇਗਾ।ਕਈ ਗੀਤਾਂ ਵਿੱਚ ਜੀਵਨ ਦੀ ਟਿੰਡਾਂ ਨਾਲ ਤੁਲਨਾ ਕੀਤੀ ਹੁੰਦੀ ਪਰ ਉਹ ਉਸ ਨੂੰ ਸਮਝ ਨਾ ਪੈਂਦੀ ਕਿ ਕਿਵੇਂ ? ਉਸ ਨੂੰ ਤਾਂ ਬਸ ਇਹ ਹੀ ਕਿ ਕਦੋਂ ਉਸ ਕੋਲ ਪੈਸਾ ਆਵੇ ਤੇ ਉਹ ਵੀ ਮੁਰੱਬੇ ਵਾਲੇ ਮਹਿੰਦਰ ਸਿੰਘ ਵਾਂਗ ਆਪਣੇ ਨਿਆਈਂ ਵਾਲੇ ਖੇਤ ਵਿੱਚ ਬੰਬਾ ਲੁਆਵੇ। ਤੇ ਉਸਦਾ ਪਿਉ ਗੱਜਣ ਸਿੰਘ ਫੇਰ ਫੁੱਲਿਆ ਨਾ ਸਮਾਵੇ।ਉਸ ਨੇ ਆਪਣੇ ਪਿਤਾ ਨਾਲ ਕਈ ਵਾਰੀ ਇਹ ਗੱਲ ਸਾਂਝੀ ਕੀਤੀ।ਪਰ ਜਦੋਂ ਸਬੱਬੀ ਹੀ ਉਸ ਦਾ ਕਨੇਡਾ ਜਾਣਾ ਪੱਕਾ ਹੋ ਗਿਆ ਤਾਂ ਉਸ ਦਾ ਬਾਪ ਗੱਜਣ ਸਿੰਘ ਕਹਿਣ ਲੱਗਾ, "ਲੈ ਹੁਣ ਕਨੇਡੇ ਚੱਲਿਆਂ ਏ ਘਰ ਦੇ ਰੋਗ ਹੀ ਕੱਟੇ ਜਾਣਗੇ ਜਿੰਨੇ ਮਰਜੀ ਬੰਬੇ ਛੱਡ ਚਾਹੇ ਟਰੈਕਟਰ ਲੈ ਲਈਂ।" ਬਲਿਹਾਰ ਨੇ ਆਪਣੇ ਆਪ ਹੀ ਸ਼ਰਾਬ ਦਾ ਗਲਾਸ



ਭਰਿਆ ਮੂੰਹ ਵਿੱਚ ਇਉਂ ਡੋਲਿਆ ਜਿਵੇਂ ਪਾੜਸ਼ੇ ਵਿੱਚ ਪਾਣੀ ਡੁੱਲਦਾ ਸੀ।

ਕਨੇਡਾ ਆਕੇ ਉਸ ਨੇ ਪਹਿਲਾਂ ਪਹਿਲਾਂ ਬਾਪੂ ਨੂੰ ਬੜੀਆਂ ਚਿੱਠੀਆਂ ਲਿਖੀਆਂ, ਝੂਠੇ ਦਿਲਾਸੇ ਦਿੱਤੇ ਕਿ ਉਹ ਜਲਦੀ ਬੰਬਾ ਲੁਆਉਣ ਲਈ ਪੈਸੇ ਭੇਜੇਗਾ।ਕਦੇ ਉਸਦਾ ਪਿਉ ਆਖਦਾ ਕਿ "ਆਪਣੀ ਨਿਆਂਈਂ ਨਾਲ ਦੋ ਕਿੱਲੇ ਰੰਗੜਾਂ ਵਾਲੇ ਮਿਲਦੇ ਹਨ ਜੇ ਤੂੰ ਆਖੇਂ ਤਾਂ ਲੈ ਲਈਏ।" ਪਿਤਾ ਦਾ ਭਾਵ ਪੈਸਿਆਂ ਤੋਂ ਸੀ।ਪਰ ਜਦੋਂ ਉਸ ਨੇ ਆਪਣੀ ਪਤਨੀ ਨੂੰ ਪੁੱਛਿਆ ਸੀ ਤਾਂ ਉਹ ਅੱਗੋਂ ਮੂੰਹ ਜਿਹਾ ਮਰੋੜ ਕੇ ਬੋਲੀ, "ਤੇਰੀ ਕੱਲੇ ਦੀ ਕਮਾਈ ਨਹੀਂ ਮੇਰੀ ਵੀ ਹੈ। ਅਸੀਂ ਜੁਆਕ ਵੀ ਪਾਲਣੇ ਨੇ।ਜੇ ਦਿਨ ਰਾਤ ਮਰਦੇ ਹਾਂ ਤਾਂ ਕਿਸੇ ਨੂੰ ਪੈਸੇ ਭੇਜਣ ਲਈ ਨੀ ਮਰਦੇ।ਏਥੇ ਤਾਂ ਖਰਚਾ ਮਸਾਂ ਤੁਰਦਾ ਹੈ ਉਥੇ ਜਮੀਨਾਂ ਖਰੀਦ ਕੇ ਕੀ ਕਰਨਾਂ ਹੈ।ਜਦ ਅਸੀਂ ਉੱਥੇ ਰਹਿਣਾ ਹੀ ਨਹੀਂ।ਉਹ ਆਪੇ ਲੈ ਲੈਣ ਜ਼ਮੀਨ ਜੇ ਉਨ੍ਹਾਂ ਨੂੰ ਲੋੜ ਹੈ।ਹੁਣ ਉਥੇ ਥੋੜੇ ਵਾਲਾ ਹਿੱਸਾ ਵੀ ਉਹ ਹੀ ਖਾਂਦੇ ਨੇ ਹੋਰ ਹੁਣ ਅਸੀਂ ਉਨ੍ਹਾਂ ਨੂੰ ਕੀ ਦੇ ਦਈਏ ?"

ਇੱਕ ਵਾਰ ਭਰਾਵਾਂ ਦੀ ਚਿੱਠੀ ਆਈ ਕਿ ਜੇ ਸਾਡਾ ਕੁੱਝ ਨਹੀਂ ਬਣਦਾ ਤਾਂ ਕੁੱਝ ਪੈਸੇ ਭੇਜ ਦੇ ਏਧਰ ਹੀ ਚੰਗਾ ਘਰ ਬਣਾ ਕੇ ਸੈੱਟ ਹੋ ਜਾਂਦੇ ਹਾਂ।ਪਰ ਉਸ ਦੀ ਪਤਨੀ ਕਹਿੰਦੀ, "ਏਥੇ ਕਿਰਾਏ ਤੇ ਰੁਲਦੇ ਹਾਂ ਉੱਧਰ ਘਰ ਬਣਾ ਕੇ ਦਵੋ।ਫੇਰ ਜੁਆਕਾਂ ਨੂੰ ਕਿਸੇ ਗੁਰਦਵਾਰੇ ਛੱਡ ਆਉਂਦੇ ਹਾਂ।ਜਾਂ ਜੇ ਪਹਿਲਾਂ ਪਤਾ ਹੁੰਦਾ ਤਾਂ ਜੰਮਦੇ ਹੀ ਨਾਂ।" ਜੇ ਬਲਿਹਾਰ ਕਹਿੰਦਾ ਪਰਿਵਾਰ ਨੂੰ ਏਧਰ ਮੰਗਵਾ ਲੈਂਦੇ ਹਾਂ ਤਾਂ ਕੈਮੀਂ ਆਖਦੀ, "ਆਪਣੇ ਰਹਿਣ ਨੂੰ ਤਾਂ ਥਾਂ ਨਹੀਂ ਉਨ੍ਹਾਂ ਨੂੰ ਕਿੱਥੇ ਰੱਖੋਂਗੇ ? ਇਹ ਥੋੜ ਜਿਹੀ ਥਾਂ ਵਿੱਚ ਐਨੇ ਬੰਦੇ ਕਿਵੇਂ ਰਹਿ ਪੈਣਗੇ ? ਉਹ ਉੱਥੇ ਚੰਗੀ ਰੋਟੀ ਖਾਂਦੇ ਨੇ, ਐਸ਼ਾਂ ਕਰਦੇ ਨੇ, ਉਨ੍ਹਾਂ ਨੂੰ ਏਥੇ ਕਾਹਦੇ ਲਈ ਸੱਦਣਾ ਹੈ ?" ਕੈਮੀਂ ਨੇ ਕਿਸੇ ਵੀ ਗੱਲ ਵਿੱਚ ਉਸਦਾ ਸਾਥ ਨਾ ਦਿੱਤਾ।ਉਸਦਾ ਆਪਣਾ ਪਰਿਵਾਰ ਪਹਿਲਾਂ ਹੀ ਕੈਨੇਡਾ ਸੀ ਤੇ ਉਹ ਖੁਸ਼ ਸੀ।ਕੰਮ ਤੋਂ ਜੋ ਪੈਸੇ ਮਿਲਦੇ ਉਹ ਖਰਚ ਲੈਂਦੇ।ਇਸ ਤਰ੍ਹਾਂ ਨਾਲ ਨਾ ਤਾਂ ਬਲਿਹਾਰ ਇੰਡੀਆ ਹੀ ਗਿਆ ਤੇ ਨਾ ਹੀ ਉਸਨੇ ਆਪਣੇ ਮਾਂ ਬਾਪ ਅਤੇ ਭੈਣਾਂ ਭਰਾਵਾਂ ਨੂੰ ਸਪੌਂਸਰ ਹੀ ਕੀਤਾ।ਭੈਣਾਂ ਭਰਾਵਾਂ ਦੇ ਵਿਆਹ ਹੋਏ ਉਹ ਤਾਂ ਨਾ ਗਿਆ।ਉਹ ਸੋਚਦਾ ਮੈਂ ਬਾਪੂ ਅੱਗੇ ਕਿਹੜਾ ਮੂੰਹ ਲੈ ਕੇ ਜਾਵਾਂਗਾ।ਮਾਂ ਮਰੀ ਤਾਂ ਵੀ ਉਹ ਮਜਬੂਰੀ ਵਸ ਭੱਜ ਨੱਸ ਵਿੱਚ ਹੀ ਗਿਆ।ਬੱਚਿਆਂ ਨੇ ਤਾਂ ਜਾਣਾ ਹੀ ਕਿੱਥੇ ਸੀ।ਉਹ ਤਾਂ ਏਧਰੋਂ ਸੁਣ ਸਣਾ ਕੇ ਹੀ ਇੰਡੀਆ ਨੂੰ ਨਫਰਤ ਕਰਦੇ ਸਨ।ਪਤਨੀ ਦੇ ਸਾਰੇ ਘਰਦੇ ਕੈਨੇਡਾ ਹੋਣ ਕਾਰਨ ਉਹ ਉਂਜ ਹੀ ਜਾਣਾ ਨਹੀਂ ਸੀ ਚਾਹੁੰਦੀ।ਬੱਚੇ ਤਾਂ ਬਸ ਗੋਰਿਆਂ ਵਿੱਚ ਰਚ ਜਾਣਾ ਚਾਹੁੰਦੇ ਸਨ।

ਬਲਿਹਾਰ ਨੇ ਫੈਕਟਰੀ ਦਾ ਕੰਮ ਛੱਡ ਕੇ ਕਾਰਾਂ ਦਾ ਕੰਮ ਸਿੱਖਿਆ ਤੇ ਫੇਰ ਆਟੋ ਮਕੈਨਿਕ ਦਾ ਡਿਪਲੋਮਾ ਕਰ ਲਿਆ।ਪਹਿਲਾਂ ਕਿਸੇ ਹੋਰ ਗੈਰਾਜ ਨਾਲ ਕੰਮ ਕਰਦਾ ਰਿਹਾ ਤੇ ਫੇਰ ਆਪਣਾ ਖੋਹਲ ਲਿਆ।ਜਦੋਂ ਪੈਸੇ ਜੁੜਨ ਲੱਗ ਪਏ ਤਾਂ ਗੋਰਿਆਂ ਦੀ ਵਧੇਰੇ ਵਸੋਂ ਵਾਲੇ ਇਲਾਕੇ ਵਿੱਚ ਘਰ ਲਿਆ। ਤਾਂ ਕਿ ਬੱਚੇ ਕਿਸੇ ਗੱਲ ਵਿੱਚ ਪਿੱਛੇ ਨਾ ਰਹਿ ਜਾਣ। ਵੱਡੇ ਘਰ ਦੇ ਵੱਡੇ ਖਰਚੇ।ਤੇ ਫੇਰ ਉਹ ਕੰਮ ਤੇ ਹੀ ਰਹਿੰਦਾ।ਬੱਚੇ ਵੱਡੇ ਹੁੰਦੇ ਰਹੇ ਤੇ ਦੂਰ ਹੁੰਦੇ ਰਹੇ।ਜਿਨ੍ਹਾਂ ਨੂੰ ਸੁੱਤੇ ਪਏ ਛੱਡ ਕੇ ਉਹ ਗੈਰਾਜ ਆ ਜਾਂਦਾ ਤੇ ਉਨ੍ਹਾਂ ਦੇ ਸੁੱਤਿਆਂ ਤੇ ਘਰ ਜਾਂਦਾ।ਹੁਣ ਤਾਂ ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਬੱਚੇ ਰਾਤ ਨੂੰ ਆਪਣੇ ਕਮਰੇ ਵਿੱਚ ਹੁੰਦੇ ਵੀ ਹਨ ਜਾਂ ਨਹੀਂ।ਜਾਂ ਫੇਰ ਕਦੋਂ ਘਰ ਆਉਂਦੇ ਤੇ ਜਾਂਦੇ ਹਨ।ਉਸ ਦਾ ਪਿਤਾ ਉਸਦੇ ਬੱਚਿਆਂ ਲਈ 'ਫੱਨੀ ਓਲਡਮੈਨ' ਸੀ।ਤੇ ਉਹ ਬਗੈਰ ਰੀੜ ਦੀ ਹੱਡੀ ਵਾਲਾ ਮਨੁੱਖ, ਜਿਸ ਦੀ ਘਰ ਵਿੱਚ ਕੋਈ ਹੋਂਦ ਨਹੀਂ। ਕਈ ਵਾਰ ਆਪਣਾ ਆਪਾ ਉਸ ਨੂੰ ਗੰਡਗਡੋਏ ਵਰਗਾ ਜਾਪਦਾ ਜੋ ਨੀਲੀ ਡਾਂਗਰੀ ਪਾਈ ਕਾਰਾਂ ਹੇਠ ਰੀਂਗਦਾ ਰਹਿੰਦਾ।ਗੈਰਾਜ ਦੀ ਕਮਾਈ ਨਾਲ ਘਰਦੇ ਅਤੇ ਗੈਰਾਜ ਦੇ ਖਰਚੇ ਹੀ ਪੂਰੇ ਹੁੰਦੇ। ਬਚਦਾ

ਕੁੱਝ ਵੀ ਨਾਂ। ਉਹ ਖਿੱਚ ਧੂਹ ਕੇ ਹੀ ਕਾਮਿਆਂ ਦੀਆਂ ਤਨਖਾਹਾਂ ਪੂਰੀਆਂ ਕਰਦਾ।

ਇੱਕ ਦਿਨ ਬੱਚਿਆਂ ਨੇ ਕਿਹਾ ਕਿ ਅਗਲੇ ਸਾਲ ਉਨ੍ਹਾਂ ਨੇ ਯੂਨੀਵਰਸਿਟੀ ਜਾਣਾ ਹੈ ਉਨ੍ਹਾਂ ਨੂੰ ਖਰਚਾ ਚਾਹੀਦਾ ਹੈ। ਪਰ ਉਸ ਕੋਲ ਤਾਂ ਕੁੱਝ ਵੀ ਨਹੀਂ ਸੀ। ਬੱਚਿਆਂ ਨੇ ਆਪਣੇ ਖਰਚੇ ਪੂਰੇ ਕਰਨ ਲਈ ਬਾਹਰ ਨੌਕਰੀਆਂ ਕਰ ਲਈਆਂ। ਉਹ ਪੂਰੇ ਆਜ਼ਾਦ ਅਤੇ ਮੂੰਹ ਫੱਟ ਬਣ ਗਏ। ਇੱਕ ਦਿਨ ਵੱਡੀ ਕੁੜੀ ਆਪਣੇ ਗੋਰੇ ਬੁਆਏ ਫਰੈਂਡ ਨਾਲ ਸ਼ਰਾਬ ਪੀ ਕੇ ਘਰ ਆਈ। ਅੱਗੋਂ ਬਲਿਹਾਰ ਵੀ ਪੀਈਂ ਬੈਠਾ ਸੀ। ਉਸਨੇ ਕੁੱਝ ਬਹਿਸ ਤੋਂ ਬਾਅਦ ਕੁੜੀ ਨੂੰ ਧੱਕਾ ਮਾਰਿਆ ਤਾਂ ਉਹ ਗਰਜੀ "ਹੂ ਦਾ ਹੈੱਲ ਆਰ ਯੂ ਦਿਸ ਇਜ਼ ਮਾਈ ਔਨ ਲਾਈਫ ਨੌਟ ਯੂਅਰ ਬਿਜ਼ਨਿਸ। ਯੂ ਆਰ ਸਟੂਪਿਡ ਇੰਡੀਅਨ ਐਨੀਮਲ। ਡੌਂਟ ਟੱਚ ਮੀ ਅਦਰਵਾਈਜ਼ ਆਈ ਵਿੱਲ ਕਾਲ ਦਾ ਪੋਲੀਸ।" ਤੇ ਬਲਿਹਾਰ ਤ੍ਰਬੱਕ ਕੇ ਪਿੱਛੇ ਹਟ ਗਿਆ ਸੀ। ਬੱਚੇ ਅਕਸਰ ਆਖਦੇ ਕਿ ਉਸਨੇ ਉਨ੍ਹਾਂ ਲਈ ਕੀ ਕੀਤਾ? ਉੱਧਰ ਇੰਡੀਆ ਵਾਲੇ ਆਖਦੇ ਕਿ ਉਨ੍ਹਾਂ ਲਈ ਕੀ ਕੀਤਾ। ਜਿਵੇਂ ਉਸਦੀ ਕੋਈ ਹੋਂਦ ਹੀ ਨਾ ਹੋਵੇ। ਉਸਦੀ ਪਛਾਣ ਤਾਂ ਬਸ ਕਾਲਖ ਨਾਲ ਲਿੱਬੜੀ ਇਹ ਡਾਂਗਰੀ ਹੀ ਸੀ। ਉਹ ਭੈਣਾਂ ਭਰਾਵਾਂ ਲਈ ਕੁੱਝ ਨਹੀਂ ਸੀ ਕਰ ਸਕਿਆ ਉਹ ਤਾਂ ਮੁੱਖ ਮੋੜ ਗਏ। ਪਰ ਜਿਸ ਔਲਾਦ ਲਈ ਕੀਤਾ ਸੀ ਉਹ ਵੀ ਹੱਥੋਂ ਨਿੱਕਲ ਗਈ। "ਸਾਲੇ ਸੁਆਰਥੀ, ਪੈਸੇ ਦੇ ਪੁੱਤ। ਝੂਠ ਹਨ ਇਹ ਰਿਸ਼ਤੇ। ਕੋਈ ਕਿਸੇ ਦਾ ਕੁੱਝ ਨਹੀਂ ਹੁੰਦਾ। ਸਾਰੇ ਲਾਲਚ ਨਾਲ ਜੁੜੇ ਹੁੰਦੇ ਹਨ।" ਉਹ ਮੂੰਹ ਹੀ ਮੂੰਹ ਬੁੜਬੜਾਇਆ। 313 ਬੋਲਿਆ, "ਲੈ ਬਈ ਇਹ ਨੂੰ ਕਹਿੰਦੇ ਨੇ ਖੁਸ਼ੀ, ਭਾਅ ਜੀ ਤਾਂ ਪੈਰ ਚੁੱਕੇ ਗਏ।" ਦੇਵ ਬੋਲਿਆ "ਤੀਹ ਸਾਲਾ ਐਨਵਰਸਰੀ ਦਿਹਾੜਾ ਆਇਆ ਏ ਕੋਈ ਛੋਟੀ ਮੋਟੀ ਖੁਸ਼ੀ ਵਾਲੀ ਗੱਲ ਹੈ।"

ਬਲਿਹਾਰ ਨਸ਼ੇ ਦੀ ਲੋਰ ਵਿੱਚ ਆਖ ਰਿਹਾ ਸੀ, "ਤੀਹ ਸਾਲ ਹੋ ਗਏ ਪਰ ਨਿਆਂਈਂ ਵਾਲਾ ਖੂਹ ਨਹੀਂ ਭੁੱਲਦਾ। ਅੱਜ ਵੀ ਬੜਾ ਯਾਦ ਆਉਂਦਾ ਹੈ ਕਿਵੇਂ ਪਾਣੀ ਦੀਆਂ ਭਰ ਭਰ ਟਿੰਡਾਂ ਆਉਣੀਆਂ ਤੇ ਖਾਲੀ ਹੋ ਕੇ ਫੇਰ ਚਲੇ ਜਾਣੀਆਂ। ਇੱਕ ਨਿਰੰਤਰ ਗੇੜਾ।" ਉਸ ਨੇ ਸਾਹਮਣੇ ਕਲਾਕ ਵੱਲ ਵੇਖਿਆ। ਗਿਆਰਾਂ ਬੱਜਣ ਵਾਲੇ ਸਨ। ਉਹ ਇੱਕ ਦਮ ਉੱਠਿਆ। "ਚਲੋ ਬਈ ਛੇਤੀ ਕਰੋ ਸਵੇਰੇ ਕੰਮ ਤੇ ਫੇਰ ਆਉਣਾ ਹੈ। ਘਰਦੇ ਵੀ ਉਡੀਕਦੇ ਹੋਣਗੇ।" ਹਾਲਾਂ ਕਿ ਉਹ ਜਾਣਦਾ ਸੀ ਕਿ ਉਸ ਨੂੰ ਕੋਈ ਨਹੀਂ ਉਡੀਕ ਰਿਹਾ ਹੋਵੇਗਾ। ਸਾਰੇ ਉਸ ਦੇ ਜਾਂਦੇ ਨੂੰ ਸੌਂ ਚੁੱਕੇ ਹੋਣਗੇ। ਕਿਸੇ ਨੂੰ ਤੀਹ ਸਾਲ ਵਾਲੀ ਗੱਲ ਦਾ ਚਿੱਤ ਚੇਤਾ ਵੀ ਨਹੀਂ ਹੋਵੇਗਾ। ਇਹ ਗੱਲ ਤਾਂ ਸਿਰਫ ਉਹ ਹੀ ਜਾਣਦਾ ਹੈ ਤੇ ਜਾਂ ਉਸਦਾ ਬਾਪੂ। ਉਸਨੇ ਜਾਂਦੀ ਵਾਰ ਦਾ ਇੱਕ ਪੈੱਗ ਫੇਰ ਗਟ ਗਟ ਕਰਕੇ ਸੁੱਟਿਆ। ਤੇ ਬਾਹਰ ਵੱਲ ਤੁਰ ਪਿਆ ਇਹ ਸੋਚਦਾ ਹੋਇਆ ਕਿ ਪਤਾ ਨਹੀਂ ਇਹ ਗੇੜ ਕਦੋਂ ਖਤਮ ਹੋਵੇਗਾ। ਜਿਵੇਂ ਉਹ ਨਿਆਂਈਂ ਵਾਲੇ ਖੂਹ ਦੀ ਟਿੰਡ ਹੋਵੇ। ਬਾਕੀਆਂ ਵੱਲ ਵੇਖ ਕੇ ਉਹ ਉੱਚੀ ਦੇਣੇ ਹੱਸਿਆ। "ਅਜੇ ਤਾਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ ਕਦੋਂ ਆਏ ਤੀਹ ਸਾਲ? ਸਾਲੀਆਂ ਟਿੰਡਾਂ...." ਜਿਵੇਂ ਉਹ ਵੀ ਉਸੇ ਗੇੜ ਵਿੱਚ ਪਈਆਂ ਹੋਣ। ਤੇ ਹੁਣ ਉਹ ਘਰ ਨੂੰ ਜਾ ਰਿਹਾ ਸੀ ਸਵੇਰੇ ਫੇਰ ਆਉਣ ਲਈ।

---


ਨੌਜੁਆਨ ਕਹਾਣੀਕਾਰ

**ਹਰਪ੍ਰੀਤ ਸਿੰਘ ਸੇਖਾ**

ਦਾ ਨਵਾਂ ਕਹਾਣੀ ਸੰਗ੍ਰਹਿ

**ਬਾਰਾਂ ਬੂਹੇ**




## ਪੁੰਨ/ਹਰਮਹਿੰਦਰ ਚਹਿਲ

ਉਦੋਂ ਜੇਠ ਹਾੜ ਦੇ ਦਿਨ ਸਨ ਤੇ ਲੋਹੜਿਆਂ ਦੀ ਗਰਮੀ ਪੈ ਰਹੀ ਸੀ। ਦਿਨ ਚੜ੍ਹਦਿਆਂ ਹੀ ਗਰਮੀ ਸ਼ੁਰੂ ਹੋ ਜਾਂਦੀ। ਤਿੱਖੜ ਦੁਪਹਿਰੇ ਤਾਂ ਇਉਂ ਲੱਗਦਾ ਜਿਵੇਂ ਭੱਠੀ ਤਪ ਰਹੀ ਹੋਵੇ। ਕਾਂ ਅੱਖ ਨਿਕਲਦੀ। ਅੱਗ ਵਰਗੀ ਲੂਅ ਸਹਾਰੀ ਨਾ ਜਾਂਦੀ। ਤੱਤਾ ਰੇਤਾ ਵਰੋਲੇ ਬਣ ਬਣ ਕੇ ਅਸਮਾਨ ਨੂੰ ਚੜ੍ਹਦਾ। ਚਾਰ ਚੁਫੇਰੇ ਵਰਨਾਂ ਉੱਡਦੀਆਂ। ਰੋਟੀ ਪਾਣੀ ਖਾਂਦਿਆਂ ਹੀ ਲੋਕ, ਢਾਣੀਆਂ ਬਣਾ ਕੇ ਦਰਖਤਾਂ ਦੀ ਛਾਵੇਂ ਆ ਬਹਿੰਦੇ। ਕੁਝ ਕੁ ਤਾਸ਼ ਬਗੈਰਾ ਖੇਡਣ ਲੱਗਦੇ ਪਰ ਜ਼ਿਆਦਾ ਲੋਕ ਗੱਲਾਂ ਵਿਚ ਰੁੱਝੇ ਹੁੰਦੇ। ਹਰ ਪਾਸੇ ਗੱਲਾਂ ਦਾ ਤੇ ਬਹਿਸਾਂ ਦਾ ਬਾਜ਼ਾਰ ਗਰਮ ਹੁੰਦਾ। ਸਭ ਤੋਂ ਜ਼ਿਆਦਾ ਲੋਕਾਂ ਦੀਆਂ ਢਾਣੀਆਂ ਪਿੱਪਲਾਂ ਬੋਹੜਾਂ ਥੱਲੇ ਜੁੜਦੀਆਂ। ਇਹ ਥਾਂ ਪਿੰਡੋਂ ਚੜ੍ਹਦੇ ਵੱਲ ਸੀ। ਬਹੁਤ ਵੱਡੇ ਥੜ੍ਹੇ ਦੇ ਵਿਚਕਾਰ ਵੱਡੇ ਤੇ ਪੁਰਾਣੇ ਪਿੱਪਲ ਅਤੇ ਬੋਹੜ ਸਨ। ਥੜੇ ਨੂੰ ਤਿੰਨ ਪਾਸਿਉਂ ਛੱਪੜ ਨੇ ਘੇਰਿਆ ਹੋਇਆ ਸੀ। ਇਸ ਕਰਕੇ ਇੱਥੇ ਗਰਮੀ ਤੋਂ ਕੁਝ ਰਾਹਤ ਮਿਲਦੀ ਸੀ। ਖੁੱਲ੍ਹੀ ਥਾਂ ਹੋਣ ਕਰਕੇ ਇਥੇ ਜ਼ਿਆਦਾ ਲੋਕ ਬੈਠ ਸਕਦੇ ਸਨ। ਸਭ ਤੋਂ ਵੱਡੀ ਗੱਲ ਕਿ ਪਿੰਡ ਦੇ ਚੜ੍ਹਦੇ ਪਾਸਿਉਂ ਲੰਘਦੀ ਨਹਿਰ ਦੇ ਦੋਨੋਂ ਪੁਲ ਇੱਥੋਂ ਦਿਖਾਈ ਦਿੰਦੇ ਸਨ। ਨਹਿਰ ਕਾਫੀ ਡੂੰਘੀ ਸੀ ਤੇ ਇਸ ਨੂੰ ਪਾਰ ਕਰਨਾ ਹਰ ਇਕ ਦੇ ਵੱਸ ਨਹੀਂ ਸੀ। ਬਸ ਇਹ ਪੁਲ ਹੀ ਸਨ ਜਿਹਨਾਂ ਉਪਰੋਂ ਦੀ ਲੰਘ ਕੇ ਉਹ, ਪਿੰਡ ਵਿਚ ਦਾਖਲ ਹੋ ਸਕਦੇ ਸਨ। ਪੁਲਾਂ ਉਪਰ ਵੱਡੀਆਂ ਸੂਲਾਂ ਵਾਲੇ ਭਾਰੀ ਝਾਫੇ ਸੁੱਟ ਕੇ ਰਸਤਾ ਬੰਦ ਕੀਤਾ ਹੋਇਆ ਸੀ, ਤਾਂ ਕਿ ਉਹ ਇੱਕਦਮ ਪਿੰਡ ਵੱਲ ਨਾ ਆ ਸਕਣ। ਦੋਨਾਂ ਪੁਲਾਂ 'ਤੇ ਦਿਨ ਰਾਤ ਬੰਦੇ ਪਹਿਰਾ ਦਿੰਦੇ ਸਨ। ਪਿੰਡ ਦੇ ਲੋਕਾਂ ਨੇ ਹਿਫਾਜ਼ਤ ਰੱਖਣ ਦੀ ਕੋਈ ਕਸਰ ਨਹੀਂ ਸੀ ਛੱਡੀ। ਸਾਰਾ ਦੁਪਹਿਰਾ ਲੋਕ ਪਿੱਪਲਾਂ ਬੋਹੜਾਂ ਥੱਲੇ ਆਪੋ ਆਪਣੇ ਹਥਿਆਰਾਂ ਸਮੇਤ ਤਿਆਰ ਬਰ ਤਿਆਰ ਰਹਿੰਦੇ। ਕਿਸੇ ਕੋਲ ਟਕੂਆ, ਗੰਡਾਸਾ ਹੁੰਦਾ ਤੇ ਕਿਸੇ ਕੋਲ ਬਰਛਾ। ਪੱਕੀਆਂ ਰਾਈਫਲਾਂ ਪਿੰਡ ਵਿਚ ਦੋ ਹੀ ਸਨ। ਇਕ ਜੈਲਦਾਰ ਕੋਲ ਤੇ ਦੂਜੀ ਬਾਬੇ ਫੌਜੀ ਕੋਲ। ਉਹ ਆਪੋ ਆਪਣਿਆਂ ਚੁਬਾਰਿਆਂ 'ਚ ਬੈਠੇ ਹਰ ਵੇਲੇ ਚੁਕੰਨੇ ਰਹਿੰਦੇ। ਨਹਿਰ ਵਾਲੇ ਪਾਸਿਉਂ ਹਮਲਾ ਹੋਣ ਦੀ ਸੂਰਤ ਵਿੱਚ ਉਹਨਾਂ ਤੱਕ ਸੁਨੇਹਾ ਪਹੁੰਚਣ ਦੀ ਦੇਰ ਸੀ ਕਿ ਉਹਨਾਂ ਪੁਲਾਂ ਵੱਲ ਪੱਕੀਆਂ ਗੋਲੀਆਂ ਦਾ ਮੀਂਹ ਵਰ੍ਹਾ ਦੇਣਾ ਸੀ।

ਇਸ ਔਖ ਦੀ ਘੜੀ 'ਚ ਸਾਰਾ ਪਿੰਡ ਆਪਸੀ ਗੁੱਸੇ-ਗਿਲੇ ਭੁਲਾ ਕੇ ਇਕ ਹੋਇਆ ਖੜ੍ਹਾ ਸੀ। ਇਸ ਮੌਕੇ ਕਿਸੇ ਨੂੰ ਹੋਰ ਕੰਮ ਵੀ ਨਹੀਂ ਸੀ। ਸਾਰਿਆਂ ਤੋਂ ਵੱਡਾ ਕੰਮ ਸੀ ਪਿੰਡ ਦੀ ਹਿਫਾਜ਼ਤ ਕਰਨਾ। ਦੁਪਹਿਰਾਂ ਵੇਲੇ ਹਰ ਪਾਸੇ ਤੇ ਖਾਸ ਕਰਕੇ ਪਿੱਪਲਾਂ ਬੋਹੜਾਂ ਹੇਠਾਂ ਇਸ ਔਖ ਦੀ ਘੜੀ ਬਾਰੇ ਹੀ ਗੱਲਾਂ ਹੁੰਦੀਆਂ। ਕੋਈ ਦਿਲ ਢਾਹੂ ਗੱਲ ਕਰਦਾ ਤੇ ਕੋਈ ਆਪਣੀ ਬਹਾਦਰੀ ਦਿਖਾਉਂਦਿਆਂ ਅਸਮਾਨ ਨੂੰ ਟਾਕੀਆਂ ਲਾਉਣ ਤੱਕ ਜਾਂਦਾ। ਕਈ ਪੱਜ਼ਲ ਰੱਬ ਦਾ ਆਸਰਾ ਲੈਂਦਿਆਂ ਦਲੀਲਾਂ ਦਿੰਦੇ ਕਹਿੰਦੇ, "ਭਾਈ ਕਿਸੇ ਦੇ ਸਾਰੇ ਦੀ ਗੱਲ ਨ੍ਹੀਂ, ਹੁਣ ਤਾਂ ਗਰੰਥਾਂ ਦੀ ਲਿਖਤਕਾਰ ਮੁਤਾਬਕ ਦੁਨੀਆ ਖਤਮ ਹੋ ਜਾਣੀ ਐਂ।" ਗੱਲ ਕੀ ਸਾਰਾ ਦਿਨ ਲੋਕਾਂ ਦਾ ਜਬਲਘਾਟਾ ਚਲਦਾ ਰਹਿੰਦਾ ਪਰ ਗੱਲ ਦਾ ਹੱਲ ਕੋਈ ਨਾ ਲੱਭਦਾ। ਅਖੀਰ ਸਾਰੇ ਇਕ ਰਾਇ ਹੋ ਕੇ ਕਹਿੰਦੇ, "ਚਲੋ ਦੇਖੀ ਜਾਊ ਜੋ ਵੀ ਹੋਊ ਪਰ ਆਪਣਾ ਫਰਜ਼ ਹੈ, ਕਿ ਪਿੰਡ ਦੀ ਰਾਖੀ ਕਰੀਏ।" ਰਾਤ ਨੂੰ ਵੀ ਪਿੰਡਵਾਸੀ ਸੌਂ ਨਾ ਸਕਦੇ। ਢਾਣੀਆਂ ਬਣਾ ਕੇ ਤੇ ਗਲੀਆਂ ਵੰਡ ਕੇ ਲੋਕੀਂ ਠੀਕਰੀ ਪਹਿਰਾ ਦਿੰਦੇ। ਸਾਰਾ ਦਿਨ ਲੋਹੜਿਆਂ ਦੀ ਗਰਮੀ ਪਿੱਛੋਂ ਦੁਪਹਿਰਾਂ ਢਲਦੀਆਂ ਤਾਂ ਆਲੇ ਦੁਆਲਿਉਂ ਰੇਤਾ ਚੜ੍ਹਨਾ ਸ਼ੁਰੂ ਹੋ ਜਾਂਦਾ ਤੇ ਅਖੀਰ ਕਾਲੀ ਬੋਲੀ ਹਨੇਰੀ ਬਣ ਜਾਂਦੀ। ਆਥਣ ਵੇਲੇ ਹੱਥ ਨੂੰ ਹੱਥ ਮਾਰਿਆ ਨਾ ਦਿੱਸਦਾ। ਲੋਕ ਸ਼ਾਮ ਦੀ ਰੋਟੀ ਖਾ ਕੇ ਠੀਕਰੀ ਪਹਿਰਾ ਦੇਣ ਵਾਸਤੇ

ਤਿਆਰ ਹੋ ਜਾਂਦੇ। ਰਾਤ ਨੂੰ ਵੱਡੀ ਮੁਸ਼ਕਲ ਭੁਲੇਖਿਆਂ ਤੇ ਅਫਵਾਹਾਂ ਨਾਲ ਹੁੰਦੀ। ਭਾਵੇਂ ਸ਼ਾਮ ਨੂੰ ਲੋਕ ਬਹਿ ਕੇ ਪਹਿਲਾਂ ਪੂਰੀ ਸਕੀਮ ਬਣਾਉਂਦੇ ਤੇ ਫਿਰ ਪਹਿਰਾ ਸ਼ੁਰੂ ਕਰਦੇ, ਪਰ ਜੇ ਕਿਸੇ ਨੂੰ ਮਾੜਾ ਜਿਹਾ ਭੁਲੇਖਾ ਲੱਗ ਜਾਂਦਾ ਤਾਂ ਉਹ ਰੌਲਾ ਪਾ ਦਿੰਦਾ ਕਿ ਇਧਰ ਫਲਾਣੇ ਪਾਸਿਉਂ ਕੋਈ ਓਪਰਾ ਬੰਦਾ ਆਇਆ ਲੱਗਦਾ ਹੈ। ਬਸ ਫਿਰ ਹਫੜਾ ਦਫੜੀ ਮੱਚ ਜਾਂਦੀ। ਲੋਕ ਅੰਨ੍ਹੇ ਵਾਹ ਇਧਰ ਉਧਰ ਭੱਜਦੇ। ਸਾਰੇ ਪਾਸੇ ਕਾਵਾਂ ਰੌਲੀ ਮੱਚ ਜਾਂਦੀ। ਦਿਨ ਚੜ੍ਹਦੇ ਤੱਕ ਲੋਕ ਗਲੀਆਂ 'ਚ ਦਗੜ ਦਗੜ ਕਰਦੇ ਫਿਰਦੇ। ਅਜਿਹੇ ਵੇਲੇ ਬੁੜੀਆਂ ਕੁੜੀਆਂ ਜੁਆਕਾਂ ਨੂੰ ਲੈ ਕੇ ਕੋਠਿਆਂ ਤੇ ਸ਼ਹਿ ਕੇ ਬੈਠੀਆਂ ਰਹਿੰਦੀਆਂ। ਦਿਨ ਚੜ੍ਹੇ ਜਾ ਕੇ ਕਿਤੇ ਭੁਲੇਖਾ ਦੂਰ ਹੁੰਦਾ ਤਾਂ ਲੋਕ ਸੁੱਖ ਦਾ ਸਾਹ ਲੈਂਦੇ। ਉਨ੍ਹੀਂ ਦਿਨੀਂ ਬਸ ਹਰ ਰੋਜ਼ ਇਹੀ ਕੁਝ ਚਲਦਾ ਰਹਿੰਦਾ।

ਮੇਰੀ ਉਮਰ ਉਦੋਂ ਕੋਈ ਅਠਾਰ੍ਹਾਂ ਕੁ ਸਾਲਾਂ ਦੇ ਲਗਭਗ ਸੀ। ਪਿੰਡ ਦੇ ਹਾਲਾਤਾਂ ਮੁਤਾਬਕ ਡਰ ਲੱਗਣ ਦੀ ਬਜਾਇ ਕੁਝ ਕਰ ਗੁਜ਼ਰਨ ਦਾ ਉਤਸ਼ਾਹ ਜ਼ਿਆਦਾ ਸੀ। ਮੈਂ ਤੇ ਮੇਰੀ ਉਮਰ ਦੇ ਹੋਰ ਮੁੰਡੇ ਆਪਣੇ ਡਾਗਾਂ ਸੋਟਿਆਂ ਨਾਲ ਹਰ ਵਕਤ ਤਿਆਰ-ਬਰ-ਤਿਆਰ ਰਹਿੰਦੇ। ਜਿਧਰ ਕਿਧਰੇ ਵੀ ਹਮਲੇ ਦੀ ਗੱਲ ਚੱਲ ਰਹੀ ਹੁੰਦੀ ਅਸੀਂ ਝੱਟ ਉੱਥੇ ਜਾ ਖਲੋਂਦੇ। ਗਰੁੱਪਾਂ 'ਚ ਪਿੰਡ ਦੀ ਰਾਖੀ ਕਰਨਾ ਜਾਂ ਰਾਤ ਨੂੰ ਠੀਕਰੀ ਪਹਿਰੇ 'ਚ ਹਿੱਸਾ ਲੈਣਾ ਮੈਨੂੰ ਬੜਾ ਚੰਗਾ ਲੱਗਦਾ। ਹਮਲੇ ਦੀਆਂ ਗੱਲਾਂ ਹਰ ਵੇਲੇ ਚਲਦੀਆਂ ਰਹਿੰਦੀਆਂ ਤੇ ਨਵੀਆਂ ਸਕੀਮਾਂ ਬਣਦੀਆਂ ਰਹਿੰਦੀਆਂ। ਪਰ ਲੱਗਦਾ ਸੀ ਕਿ ਹੁਣ ਕੁਝ ਨਾ ਕੁਝ ਬਹੁਤ ਭਿਆਨਕ ਹੋਵੇਗਾ। ਸਭ ਪਾਸੇ ਅਫਰਾ ਤਫਰੀ ਮੱਚੀ ਹੋਈ ਸੀ। ਆਉਣ ਵਾਲੇ ਸਮੇਂ ਦਾ ਕੋਈ ਭਰੋਸਾ ਨਹੀਂ ਸੀ। ਕਿਸੇ ਨੂੰ ਕੋਈ ਕੰਮ ਕਾਰ ਵੀ ਨਹੀਂ ਸੀ। ਸਾਹਮਣੇ ਦਿੱਸਦਾ ਸੀ ਕਿ ਹਮਲਾ ਤਾਂ ਹੋਣਾ ਹੀ ਹੋਣਾ ਹੈ ਤੇ ਫਿਰ ਕਿਸੇ ਨੇ ਸਿੱਧੇ ਹਮਲੇ ਵਿਚ ਤੇ ਕਿਸੇ ਨੇ ਲੜਦਿਆਂ ਮਾਰਿਆ ਜਾਣਾ ਹੈ। ਖ਼ੂਨ ਉਬਾਲੇ ਲੈਂਦਾ ਕਿ ਜੇ ਮਰਨਾ ਹੀ ਹੈ, ਤਾਂ ਮੁਕਾਬਲਾ ਕਰਦਿਆਂ ਮਰਨਾ ਹੈ। ਜੇ ਬਚ ਰਹੇ ਤਾਂ ਵਾਹ ਭਲੀ, ਨਹੀਂ ਸਭ ਦੇ ਨਾਲ ਹੀ ਹਾਂ। ਜਿਉਂ ਜਿਉਂ ਖਤਰਾ ਵਧਦਾ ਜਾ ਰਿਹਾ ਸੀ, ਉਵੇਂ ਹੀ ਪਿੰਡ ਵਾਲੇ ਆਪਣੀ ਨਾਕਾਬੰਦੀ ਹੋਰ ਤਕੜੀ ਕਰਦੇ ਜਾ ਰਹੇ ਸਨ। ਕੋਈ ਪਤਾ ਨਹੀਂ ਸੀ ਕਿ ਉਨ੍ਹਾਂ ਨੇ ਕਦੋਂ ਟਿੱਡੀ ਦਲ ਦੀ ਤਰ੍ਹਾਂ ਪਿੰਡ ਵਿੱਚ ਆ ਵੜਨਾ ਸੀ।

ਕੰਮ ਧੰਦੇ ਸਭ ਠੱਪ ਪਏ ਸਨ। ਫਸਲਾਂ ਰੱਬ ਆਸਰੇ ਹੀ ਪਲ ਰਹੀਆਂ ਸਨ ਕਿਉਂਕਿ ਲੋਕਾਂ ਦਾ ਖੇਤੀਂ ਆਉਣਾ ਜਾਣਾ ਤਕਰੀਬਨ ਬੰਦ ਸੀ। ਮੇਰਾ ਕਦੇ ਖੇਤ ਗੇੜਾ ਮਾਰਨ ਨੂੰ ਜੀਅ ਕਰਦਾ ਤਾਂ ਮੈਂ ਕਿਸੇ ਵੇਲੇ ਵਕਤ ਕੱਢ ਕੇ ਖੇਤ ਚੱਕਰ ਮਾਰ ਆਉਂਦਾ ਸੀ। ਸਾਡਾ ਇਹ ਖੇਤ ਦੂਰ ਵੀ ਨਹੀਂ ਸੀ ਤੇ ਨਹਿਰ ਦੇ ਅੰਦਰਲੇ ਪਾਸੇ ਹੀ ਪੈਂਦਾ ਸੀ। ਇਸ ਕਰਕੇ ਇਸ ਖੇਤ ਜਾਣਾ ਇੰਨਾ ਖਤਰਨਾਕ ਵੀ ਨਹੀਂ ਸੀ। ਖੇਤ ਸਰਕੰਡੇ ਦੇ ਕਾਨਿਆਂ ਦੀ ਝੁੰਬੀ ਬਣੀ ਹੋਈ ਸੀ। ਉਸ ਦਿਨ ਜਦੋਂ ਮੈਂ ਖੇਤ ਪਹੁੰਚਿਆ ਤਾਂ ਮੈਨੂੰ ਝੁੰਬੀ ਵੱਲੋਂ ਕਿਸੇ ਦੇ ਕਰਾਹੁਣ ਦੀ ਆਵਾਜ਼ ਆਈ, ਜਿਵੇਂ ਕੋਈ ਦਰਦ ਨਾਲ ਤੜਪ ਰਿਹਾ ਹੋਵੇ। ਮੈਂ ਇਕ ਦਮ ਤ੍ਰੱਭਕ ਕੇ ਖੜ੍ਹੋ ਗਿਆ। ਮੇਰਾ ਅਗਾਂਹ ਜਾਣ ਦਾ ਹੀਆਂ ਨਹੀਂ ਸੀ ਪੈ ਰਿਹਾ। ਕੁਝ ਦੇਰ ਮੈਂ ਦਰਦ ਭਰੀਆਂ ਆਹਾਂ ਸੁਣਦਾ ਰਿਹਾ। ਫਿਰ ਮੈਂ ਆਲੇ ਦੁਆਲੇ ਦੇਖਿਆ। ਕਿਸੇ ਪਾਸੇ ਕੋਈ ਨਜ਼ਰ ਨਹੀਂ ਆ ਰਿਹਾ ਸੀ। ਜੱਕੋ-ਤੱਕੀ 'ਚ ਮੈਂ ਹੌਲੀ ਹੌਲੀ ਝੁੰਬੀ ਵੱਲ ਤੁਰ ਪਿਆ। ਜਿਉਂ ਜਿਉਂ ਮੈਂ ਨੇੜੇ ਜਾ ਰਿਹਾ ਸੀ, ਤਾਂ ਸਹਿਕਣ ਦੀ ਆਵਾਜ਼ ਉੱਚੀ ਹੁੰਦੀ ਜਾ ਰਹੀ ਸੀ। ਕੋਲ ਜਾ ਕੇ ਵੇਖਿਆ ਕਿ ਝੁੰਬੀ ਦੇ ਅੰਦਰ ਕੋਈ ਗੁੱਛਾ ਮੁੱਛਾ ਜਿਹਾ ਹੋਇਆ ਪਿਆ ਸੀ ਤੇ ਦਰਦ ਨਾਲ ਤੜਪ ਰਿਹਾ ਸੀ। ਮੈਂ ਬਿਲਕੁਲ ਨੇੜੇ ਹੋ ਕੇ ਧਿਆਨ ਨਾਲ ਨਜ਼ਰ ਮਾਰੀ। ਇਹ ਕੋਈ ਲੰਬੀ ਦਾੜ੍ਹੀ ਤੇ ਕੱਟੀਆਂ ਮੁੱਛਾਂ ਵਾਲਾ ਬੰਦਾ ਖ਼ੂਨ ਨਾਲ ਲੱਥ-ਪੱਥ ਪਿਆ ਸੀ। ਮੈਥੋਂ ਬੇਖ਼ਬਰ ਉਹ ਦਰਦ ਨਾਲ ਉਸੇ ਤਰ੍ਹਾਂ ਤੜਪ ਰਿਹਾ ਸੀ। ਮੈਂ ਡਰਦਿਆਂ ਡਰਦਿਆਂ ਪੁੱਛਿਆ



ਕਿ ਬਾਬਾ ਤੂੰ ਕੌਣ ਐਂ। ਕੋਈ ਜੁਆਬ ਦੇਣ ਦੀ ਬਜਾਏ ਉਸਨੇ ਪਾਣੀ ਮੰਗਿਆ। ਮੈਂ ਛੇਤੀ ਦੇਣੇ ਖੂੰਝੇ 'ਚ ਪਏ ਤੌੜੇ 'ਚੋਂ ਪਾਣੀ ਦਾ ਡੱਬਾ ਭਰਿਆ ਤੇ ਆਸਰਾ ਜਿਹਾ ਦਿੰਦਿਆਂ ਪਾਣੀ ਉਸਦੇ ਮੂੰਹ ਨੂੰ ਲਾਇਆ। ਥੋੜ੍ਹਾ ਪਾਣੀ ਹੀ ਉਸਦੇ ਅੰਦਰ ਜਾ ਸਕਿਆ। ਉਸਦੀ ਬਹੁਤ ਬੁਰੀ ਹਾਲਤ ਸੀ। ਸਾਰੇ ਸਰੀਰ ਤੇ ਵੱਡੇ ਵੱਡੇ ਟੱਕਾਂ ਦੇ ਜ਼ਖ਼ਮ ਸਨ। ਜ਼ਖ਼ਮ ਪੂਰੀ ਤਰ੍ਹਾਂ ਗਲ਼-ਸੜ ਚੁੱਕੇ ਸਨ। ਉਸਦੇ ਸਰੀਰ 'ਚੋਂ ਬੁਰੀ ਸੜਾਂਦ ਮਾਰਦੀ ਸੀ। ਉਸਦੀ ਇਕ ਬਾਂਹ ਨੂੰ ਛੱਡ ਕੇ ਸਾਰਾ ਸਰੀਰ ਹੀ ਵੱਡਿਆ ਟੁੱਕਿਆ ਪਿਆ ਸੀ। ਥੋੜ੍ਹਾ ਪਾਣੀ ਪੀ ਕੇ ਉਸਨੂੰ ਕੁਝ ਰਾਹਤ ਮਿਲੀ ਪਰ ਉਹ ਅਜੇ ਬੋਲ ਨਹੀਂ ਸੀ ਸਕਿਆ। ਮੈਂ ਉਦਾਸਿਆ ਜਿਹਾ ਪਿੰਡ ਨੂੰ ਮੁੜ ਪਿਆ।

ਪਿੰਡ ਪਹੁੰਚ ਕੇ ਮੈਂ ਦੇਖਿਆ ਕਿ ਸਾਰਾ ਪਿੰਡ ਪਿੱਪਲਾਂ ਬੋਹੜਾਂ ਥੱਲੇ ਜੁੜਿਆ ਬੈਠਾ ਸੀ। ਸਭ ਦੇ ਮੂੰਹਾਂ 'ਤੇ ਪਿਲੱਤਣ ਛਾਈ ਹੋਈ ਸੀ। ਪਿੰਡ ਦੇ ਸੂਹੀਏ ਸਾਰੀ ਖ਼ਬਰ ਲੈ ਕੇ ਹੁਣੇ ਹੁਣੇ ਪਿੰਡ ਮੁੜੇ ਸਨ। ਉਨ੍ਹਾਂ ਦੱਸਿਆ ਕਿ ਉਹ ਪੂਰੀ ਤਿਆਰੀ 'ਚ ਹਨ ਤੇ ਇਕ ਦੋ ਦਿਨਾਂ ਵਿਚ ਤੁਰ ਪੈਣਗੇ। ਹੁਣ ਉਹ ਸਿਰਫ ਰਾਹ ਬਣਨ ਦੀ ਉਡੀਕ ਕਰ ਰਹੇ ਹਨ। ਇਕ ਅੱਧ ਦਿਨ ਵਿਚ ਪਾਣੀ ਬਿਲਕੁਲ ਥੱਲੇ ਜਾ ਲੱਗੇਗਾ ਤੇ ਉਨ੍ਹਾਂ ਦੀਆਂ ਧਾੜਾਂ ਹਰਲ-ਹਰਲ ਪਾਰ ਲੰਘ ਜਾਣਗੀਆਂ ਤੇ ਫਿਰ ਕੁਝ ਹੀ ਘੰਟਿਆਂ 'ਚ ਮੌਤ ਰੂਪੀ ਦੈਂਤ ਪਿੰਡ ਦੀਆਂ ਗਲੀਆਂ 'ਚ ਆ ਵੜੇਗਾ।

ਸਾਡੇ ਪਿੰਡ ਦੇ ਚੜ੍ਹਦੇ ਵੱਲ ਪੰਜ ਕੁ ਮੀਲ ਦੂਰ ਘੱਗਰ ਨਦੀ ਲੰਘਦੀ ਸੀ। ਪਿੰਡ ਦੇ ਸਾਹਮਣੇ ਜੋ ਨਦੀ ਦਾ ਪੱਤਣ ਸੀ, ਉਸਨੂੰ ਸ਼ੇਖਾ ਪੱਤਣ ਕਹਿੰਦੇ ਸਨ। ਇਥੇ ਪੁਲ ਨਹੀਂ ਸੀ। ਪਰ ਜਦੋਂ ਘੱਗਰ 'ਚ ਪਾਣੀ ਘੱਟ ਹੁੰਦਾ ਤਾਂ ਲੋਕੀਂ ਇਸ ਪੱਤਣ ਤੋਂ ਨਦੀ ਪਾਰ ਕਰ ਲੈਂਦੇ ਸਨ। ਵਗਦੇ ਪਾਣੀ 'ਚ ਇਥੋਂ ਨਹੀਂ ਲੰਘਿਆ ਜਾ ਸਕਦਾ ਸੀ, ਪਰ ਘੱਟ ਪਾਣੀ ਵੇਲੇ ਲੰਘਣ ਵਾਸਤੇ ਸ਼ੇਖਾ ਪੱਤਣ ਬਹੁਤ ਵਧੀਆ ਰਸਤਾ ਸੀ। ਉਂਝ ਇਸ ਪੱਤਣ ਦੇ ਵੀਹ ਪੰਝੀ ਮੀਲ ਉਪਰ ਵੱਲ ਤੇ ਇਤਨੀ ਦੂਰ ਹੀ ਥੱਲੇ ਵੱਲ ਕੋਈ ਪੁਲ ਨਹੀਂ ਸੀ। ਸਭ ਤੋਂ ਨੇੜਲਾ ਵੱਡਾ ਪੁਲ ਇੱਥੋਂ ਲਹਿੰਦੇ ਵੱਲ ਪੰਝੀ ਮੀਲ ਦੂਰ ਜਰਨੈਲੀ ਸੜਕ 'ਤੇ ਬਣਿਆ ਹੋਇਆ ਸੀ।

ਇਹ ਸੰਨ ਸੰਤਾਲੀ ਦਾ ਮੁਲਕ ਦੀ ਵੰਡ ਵੇਲੇ ਦਾ ਸਮਾਂ ਸੀ। ਸਾਰੇ ਪਾਸੇ ਵੱਢਾ ਟੁੱਕੀ ਤੇ ਕਤਲੋਗਾਰਦ ਦੀ ਹਨੇਰੀ ਚੱਲੀ ਹੋਈ ਸੀ। ਘੱਗਰੋਂ ਪਾਰ ਦੇ ਲੁੱਟੇ-ਪੁੱਟੇ ਤੇ ਵੱਢੇ ਟੁੱਕੇ ਮੁਸਲਮਾਨ, ਘੱਗਰ ਦੇ ਇਸ ਸ਼ੇਖਾ ਪੱਤਣ 'ਤੇ ਇਕੱਠੇ ਹੋ ਰਹੇ ਸਨ ਤਾਂ ਕਿ ਨਦੀ ਦਾ ਪਾਣੀ ਉਤਰਨ 'ਤੇ ਇਥੋਂ ਘੱਗਰ ਨਦੀ ਪਾਰ ਕਰਕੇ ਪਾਕਿਸਤਾਨ ਜਾ ਸਕਣ। ਇਸ ਪੱਤਣੋਂ ਲੰਘ ਕੇ ਉਹਨਾਂ ਛੇਤੀ ਪਾਕਿਸਤਾਨ ਜਾ ਪਹੁੰਚਣਾ ਸੀ। ਕਿਉਂਕਿ ਇਥੋਂ ਪਾਕਿਸਤਾਨ ਦੀ ਸਰਹੱਦ ਵੀਹ ਕੁ ਮੀਲ ਪੈਂਦੀ ਸੀ। ਪਿੱਛੋਂ ਇਸ ਲਾਂਘੇ ਵੱਲ ਆ ਰਹੇ ਲੋਕ ਇਸ ਪੱਤਣ 'ਤੇ ਇਕੱਠੇ ਹੋ ਰਹੇ ਸਨ ਅਤੇ ਪਾਣੀ ਦੇ ਉਤਰਣ ਦੀ ਉਡੀਕ ਕਰ ਰਹੇ ਸਨ। ਇਕੱਠੇ ਹੁੰਦੇ ਲੋਕਾਂ ਦਾ ਹੌਲੀ ਹੌਲੀ ਇਹ ਇਕ ਵੱਡਾ ਕਾਫਲਾ ਬਣ ਚੁੱਕਿਆ ਸੀ। ਜਿਉਂ ਹੀ ਇਸ ਕਾਫਲੇ ਨੇ ਇਥੋਂ ਤੁਰਨਾ ਸੀ ਤਾਂ ਇਸ ਨੇ ਸਾਡੇ ਪਿੰਡਾਂ ਵਿੱਚੋਂ ਦੀ ਲੰਘਣਾ ਸੀ ਤੇ ਇਹ ਸਭ ਨੂੰ ਪਤਾ ਸੀ ਕਿ ਜ਼ੁਲਮੋ ਸਿਤਮ ਦੇ ਸਤਾਏ ਇਹਨਾਂ ਲੋਕਾਂ ਨੇ ਜਿੱਥੋਂ ਦੀ ਵੀ ਲੰਘਣਾ ਸੀ, ਸਭ ਕਾਸੇ ਦੀ ਤਬਾਹੀ ਕਰਦੇ ਜਾਣਾ ਸੀ। ਜੋ ਕੁਝ ਵੀ ਇਹਨਾਂ 'ਤੇ ਬੀਤਿਆ ਸੀ, ਉਸਦਾ ਬਦਲਾ ਇਹਨਾਂ ਨੇ ਰਸਤੇ 'ਚ ਮਿਲਦੇ ਲੋਕਾਂ ਤੋਂ ਲੈਣਾ ਸੀ। ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਸੀ ਇੱਥੇ ਇਕੱਠੇ ਹੋਏ ਮੁਸਲਮਾਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਪਾਣੀ ਦੇ ਉਤਰਣ ਦੀ ਦੇਰ ਸੀ ਤੇ ਰਾਹ ਬਣਦਿਆਂ ਹੀ ਇਸ ਕਾਫਲੇ ਨੇ ਤੂਫਾਨ ਦੀ ਤਰ੍ਹਾਂ ਚੱਲ ਪੈਣਾ ਸੀ। ਇਸੇ ਕਰਕੇ ਰਸਤੇ 'ਚ ਪੈਂਦੇ ਸਾਰੇ ਪਿੰਡ, ਆਉਣ ਵਾਲੇ ਬੁਰੇ ਵਕਤ ਦੀ ਉਡੀਕ ਕਰ ਰਹੇ ਸਨ। ਪਿੰਡਾਂ 'ਚ ਸਹਿਮ ਫੈਲਿਆ ਹੋਇਆ ਸੀ। ਹੁਣ ਕਈ ਦਿਨਾਂ ਤੋਂ ਘੱਗਰ ਨਦੀ ਦਾ ਪਾਣੀ ਲਗਾਤਾਰ ਉਤਰ ਰਿਹਾ ਸੀ ਤੇ ਲਗਦਾ ਸੀ ਕਿ ਛੇਤੀ ਹੀ ਰਾਹ ਬਣ ਜਾਵੇਗਾ ਤੇ ਕਾਫਲਾ ਚੱਲ

ਪਵੇਗਾ। ਇਹੀ ਖ਼ਬਰ ਸੁਣ ਕੇ ਪਿੰਡ ਦੇ ਲੋਕੀਂ ਇਕੱਠੇ ਹੋਏ ਬੈਠੇ ਸਨ। ਪ੍ਰੇਸ਼ਾਨ ਲੋਕ ਆਪੋ-ਆਪਣੀਆਂ ਸਲਾਹਾਂ ਦੇ ਰਹੇ ਸਨ। ਪਰ ਇਸ ਗੱਲ ਦਾ ਕੋਈ ਹੱਲ ਨਹੀਂ ਸੀ। ਅਖੀਰ ਸਿਆਣੇ ਬੰਦਿਆਂ ਫੈਸਲਾ ਕੀਤਾ ਕਿ ਪਿੰਡ ਦੀਆਂ ਬੁੜ੍ਹੀਆਂ ਕੁੜੀਆਂ ਤੇ ਬੱਚਿਆਂ ਨੂੰ ਦੂਰ ਦੀਆਂ ਰਿਸ਼ਤੇਦਾਰੀਆਂ 'ਚ ਭੇਜ ਦਿੱਤਾ ਜਾਵੇ ਤੇ ਇਕੱਲੇ ਮਰਦ ਪਿੱਛੇ ਰਹਿ ਕੇ ਪਿੰਡ ਦੀ ਰਾਖੀ ਕਰਨ। ਅਗਲੇ ਦਿਨ ਅੱਧਾ ਪਿੰਡ ਖਾਲੀ ਹੋ ਗਿਆ।

ਖੈਰ ਖੇਤੋਂ ਮੁੜ ਕੇ ਮੈਂ ਸਿੱਧਾ ਘਰੇ ਗਿਆ। ਮਾਂ ਨਾਲ ਖੇਤ ਪਏ ਜ਼ਖ਼ਮੀ ਆਦਮੀ ਬਾਰੇ ਗੱਲ ਕੀਤੀ। ਮਾਂ ਨੇ ਤੁਰੰਤ ਮੇਰਾ ਮੂੰਹ ਬੰਨ੍ਹਦਿਆਂ ਇਸ ਬਾਰੇ ਕਿਸੇ ਨਾਲ ਵੀ ਗੱਲ ਨਾ ਕਰਨ ਦੀ ਹਦਾਇਤ ਕੀਤੀ। ਕਿਉਂਕਿ ਪਿਛਲੇ ਮਹੀਨੇ ਜਦੋਂ ਪਿੰਡ ਦੇ ਮੁਸਲਮਾਨਾਂ 'ਤੇ ਬਾਹਰਲੀ ਧਾੜ ਨੇ ਹਮਲਾ ਕੀਤਾ ਤਾਂ ਜਿਸ ਕਿਸੇ ਵੀ ਪਿੰਡ ਵਾਲੇ ਨੇ ਉਹਨਾਂ ਦੀ ਮੱਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਧਾੜਵੀਆਂ ਨੇ ਉਸ ਨਾਲ ਬਹੁਤ ਭੈੜਾ ਸਲੂਕ ਕੀਤਾ ਸੀ। ਅਜਿਹੇ ਮੌਕੇ ਹਰ ਕੋਈ ਚਾਹੁੰਦਿਆਂ ਹੋਇਆਂ ਵੀ ਅੱਗ 'ਚ ਹੱਥ ਪਾਉਣੋਂ ਡਰਦਾ ਸੀ। ਮਾਂ ਸਮਝ ਗਈ ਕਿ ਖੇਤ ਪਿਆ ਵੱਢਿਆ ਟੁੱਕਿਆ ਆਦਮੀ ਕੋਈ ਮੁਸਲਮਾਨ ਹੀ ਹੈ। ਉਸ ਨੇ ਮੈਨੂੰ ਪਰਦੇ ਨਾਲ ਉਸਦੀ ਮਦਦ ਕਰਨ ਨੂੰ ਕਿਹਾ। ਉਸ ਨੇ ਕੁਝ ਦੇਸੀ ਕਾੜ੍ਹੇ ਤੇ ਦਲੀਆ ਬਗੈਰਾ ਤਿਆਰ ਕਰਕੇ ਮੈਨੂੰ ਫੜਾਇਆ ਤੇ ਮੈਂ ਖੇਤ ਮੁੜ ਗਿਆ। ਖੇਤ ਜਾ ਕੇ ਪਹਿਲਾਂ ਮੈਂ ਗਿੱਲਾ ਕੱਪੜਾ ਲੈ ਕੇ ਉਸਦਾ ਸਾਰਾ ਸਰੀਰ ਸਾਫ਼ ਕੀਤਾ। ਉਸਦੇ ਜ਼ਖ਼ਮਾਂ 'ਤੇ ਕੁਝ ਦੇਸੀ ਦਵਾਈਆਂ ਲਾਈਆਂ। ਉਸਨੂੰ ਆਸਰਾ ਦੇ ਕੇ ਕਾੜ੍ਹੇ ਪਿਆਏ ਤੇ ਕੁਝ ਦਲੀਆ ਖੁਆਇਆ। ਫਿਰ ਝੁੰਬੀ ਦੇ ਇਕ ਖੂੰਝੇ 'ਚ ਸਿਰ ਹੇਠਾਂ ਸਿਰਹਾਣਾ ਦੇ ਕੇ ਲਿਟਾ ਦਿੱਤਾ ਤੇ ਘਰ ਮੁੜ ਆਇਆ।

ਅਗਲੇ ਦਿਨ ਸਵੇਰੇ ਜਾ ਕੇ ਦੇਖਿਆ ਤਾਂ ਉਸਦੀ ਹਾਲਤ ਪਹਿਲਾਂ ਨਾਲੋਂ ਕੁਝ ਠੀਕ ਸੀ। ਉਹ ਹੌਲੀ ਹੌਲੀ ਬੋਲ ਵੀ ਸਕਦਾ ਸੀ। ਮੇਰੇ ਜ਼ੋਰ ਦੇਣ 'ਤੇ ਉਹ ਆਪਣੇ ਬਾਰੇ ਦੱਸਦਾ ਹੋਇਆ ਬੋਲਿਆ, "ਮੇਰਾ ਨਾਂ ਰਹਿਮਤ ਅਲੀ ਐ। ਫਤਿਆਬਾਦ ਕੋਲ ਮੇਰਾ ਪਿੰਡ ਐ। ਸਾਰਿਆਂ ਦੇ ਨਾਲ ਮੈਂ ਵੀ ਆਪਣਾ ਘਰਬਾਰ ਛੱਡ ਕੇ ਕਾਫਲੇ 'ਚ ਰਲ ਗਿਆ। ਬਹੁਤ ਹੀ ਖਤਰਨਾਕ ਹਾਲਤਾਂ 'ਚ ਕਾਫਲਾ ਅੱਗੇ ਵਧ ਰਿਹਾ ਸੀ। ਰਾਹ ਦੇ ਪਾਸੀਂ ਲੁਕੇ ਹੋਏ ਧਾੜਵੀ ਮੌਕਾ ਵੇਖ ਕੇ ਕਾਫਲੇ 'ਤੇ ਟੁੱਟ ਪੈਂਦੇ ਸਨ। ਲੁੱਟਾ ਖੋਹੀ ਕਰਕੇ ਤੇ ਵੱਢਾ-ਟੁੱਕੀ ਕਰਦਿਆਂ ਜੁਆਨ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਸਨ। ਸ਼ਾਮ ਵੇਲੇ ਮੇਰਾ ਪਰਿਵਾਰ ਅਚਾਨਕ ਕਾਫਲੇ ਤੋਂ ਪਿੱਛੇ ਰਹਿ ਗਿਆ। ਨਹਿਰ ਦਾ ਪੁਲ ਚੜ੍ਹਦਿਆਂ ਹੀ ਕੁਝ ਹਥਿਆਰਬੰਦ ਆਦਮੀਆਂ ਮੇਰੇ ਟੱਬਰ ਨੂੰ ਘੇਰ ਲਿਆ। ਇਕ ਨੇ ਮੇਰੇ ਘਰ ਵਾਲੀ ਤੋਂ ਸਾਮਾਨ ਦੀ ਗੰਢੜੀ ਖੋਹਦਿਆਂ ਤੇ ਢਿੱਡ 'ਚ ਬਰਛੀ ਖੋਭਦਿਆਂ ਉਸਨੂੰ ਮਾਰ ਮੁਕਾਇਆ। ਕਿਸੇ ਦੂਸਰੇ ਨੇ ਬਚ ਕੇ ਭੱਜਦੇ ਛੋਟੇ ਮੁੰਡੇ ਦੀ ਧੌਣ ਵੱਢ ਸੁੱਟੀ। ਫਿਰ ਮੇਰੇ ਦੁਆਲੇ ਹੋ ਗਏ ਤੇ ਮੈਨੂੰ ਵੱਢ ਟੁੱਕ ਕੇ ਸੁੱਟ ਦਿੱਤਾ। ਮੇਰੀਆਂ ਦੋਨਾਂ ਕੁੜੀਆਂ ਨੂੰ ਰੋਂਦੀਆਂ ਕੁਰਲਾਉਂਦੀਆਂ ਨੂੰ ਚੁੱਕ ਕੇ ਲੈ ਗਏ।" ਇੰਨਾ ਬੋਲ ਕੇ ਉਹ ਚੁੱਪ ਹੋ ਗਿਆ ਤੇ ਖਲਾਅ ਵੱਲ ਵੇਖਣ ਲੱਗਿਆ। ਮੈਂ ਅਗਾਂਹ ਹੋ ਕੇ ਰਹਿਮਤ ਅਲੀ ਦੇ ਦੋਨੋਂ ਹੱਥ ਫੜ ਕੇ ਘੁੱਟ ਲਏ ਤੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ। ਉਸਨੇ ਖੰਘਾਰ ਕੇ ਗਲ਼ਾ ਸਾਫ਼ ਕੀਤਾ ਤੇ ਫਿਰ ਟੁੱਟਦੀ ਆਵਾਜ਼ 'ਚ ਬੋਲਿਆ, "ਰਾਤ ਨੂੰ ਕਾਫੀ ਦੇਰ ਬਾਅਦ ਮੈਨੂੰ ਹੋਸ਼ ਆਈ ਤਾਂ ਡਿਗਦਾ ਢਹਿੰਦਾ ਇਧਰ ਨੂੰ ਤੁਰਦਾ ਆਇਆ। ਇਸ ਹਾਦਸੇ ਨੂੰ ਕਿੰਨਾ ਚਿਰ ਹੋ ਗਿਆ ਇਸਦੀ ਮੈਨੂੰ ਕੋਈ ਸੁਧ ਬੁੱਧ ਨ੍ਹੀਂ ਐ।" ਕਾਫੀ ਦੇਰ ਉਹ ਚੁੱਪ ਰਿਹਾ ਤੇ ਫਿਰ ਤਾਕਤ ਇਕੱਠੀ ਕਰਦਾ ਬੋਲਿਆ, "ਮੇਰੇ ਜ਼ਖ਼ਮ ਗਲ ਸੜ ਗਏ ਨੇ। ਸਾਰੇ ਸਰੀਰ 'ਚ ਪੀਕ ਪੈ ਗਈ ਐ। ਸਰੀਰ ਅੱਗ ਵਾਂਗੂੰ ਮੱਚ ਰਿਹੈ। ਮੈਨੂੰ ਪਤਾ ਐ ਕਿ ਬਚਣਾ ਮੈਂ ਹੈ ਨ੍ਹੀਂ। ਸਾਰਾ ਕੁਝ ਲੁੱਟਣ ਪੁੱਟਣ ਤੋਂ ਬਾਅਦ ਮੈਂ ਜਿਉਂਦਾ ਰਹਿਣਾ ਵੀ ਨ੍ਹੀਂ ਚਾਹੁੰਦਾ। ਪਤਾ ਨਹੀਂ ਕਿੰਨਾ ਕੁ ਚਿਰ



ਕਸ਼ਟ ਭੋਗਣਾ ਐ। ਤੂੰ ਮੇਰੀ ਮੱਦਦ ਕਰ।"

ਮੈਂ ਛੇਤੀ ਦੇਣੇ ਉਸਦੇ ਉਪਰ ਝੁਕਦਿਆਂ ਹੋਇਆਂ ਬੋਲਿਆ, "ਬਾਬਾ ਦੱਸ ਸਹੀ ਮੈਂ ਤੇਰੀ ਕਿਵੇਂ ਮਦਦ ਕਰਾਂ। ਤੂੰ ਜਿਵੇਂ ਕਹੇਂਗਾ ਮੈਂ ਉਵੇਂ ਕਰੂੰਗਾ।"

"ਦੇਖ ਪੁੱਤਰ ਬਚਣਾ ਤਾਂ ਮੈਂ ਹੈ ਨ੍ਹੀਂ। ਮੈਥੋਂ ਸਰੀਰ ਦੀ ਇਹ ਪੀੜ ਹੁਣ ਬਰਦਾਸ਼ਤ ਨ੍ਹੀਂ ਹੁੰਦੀ। ਤੂੰ ਇਉਂ ਕਰ....," ਉਹ ਬੋਲਦਿਆਂ ਹੋਇਆਂ ਰੁਕ ਕੇ ਮੇਰੇ ਮੂੰਹ ਵੱਲ ਦੇਖਣ ਲੱਗਾ।

"ਹਾਂ ਬਾਬਾ ਦੱਸ ਕੀ ਕਰਾਂ?" ਮੈਂ ਉਤਾਵਲਾ ਹੁੰਦਿਆਂ ਕਾਹਲੀ ਨਾਲ ਬੋਲਿਆ।

"ਤੂੰ ਪੁੰਨ ਵਾਲਾ ਕੰਮ ਕਰ। ਕਿਸੇ ਤਕੜੇ ਹਥਿਆਰ ਨਾਲ ਮੇਰੀ ਧੌਣ ਵੱਢ ਕੇ ਮੈਨੂੰ ਇਸ ਗਲ ਚੁੱਕੇ ਸਰੀਰ ਤੋਂ ਛੁਟਕਾਰਾ ਦਿਵਾ।"

ਇਤਨਾ ਸੁਣਦਿਆਂ ਹੀ ਮੇਰੇ ਹੱਥੋਂ ਉਸਦੇ ਹੱਥ ਛੁੱਟ ਗਏ ਤੇ ਮੈਂ ਸੁੰਨ ਜਿਹਾ ਹੁੰਦਾ ਬੋਲਿਆ, "ਬਾਬਾ ਇਹ ਤੂੰ ਕੀ ਕਹਿ ਦਿੱਤਾ। ਜਿਵੇਂ ਵੀ ਹੋਵੇ ਮੈਂ ਦਵਾ ਦਾਰੂ ਨਾਲ ਤੈਨੂੰ ਠੀਕ ਕਰੂੰਗਾ।"

ਫਿਰ ਉਸਨੂੰ ਸਿਰ ਥੱਲੇ ਸਰਾਹਣਾ ਦੇ ਕੇ ਲੰਮਾ ਪਾ ਦਿੱਤਾ ਤੇ ਮੈਂ ਬੋਝਲ ਕਦਮਾਂ ਨਾਲ ਪਿੰਡ ਵੱਲ ਤੁਰ ਪਿਆ।

ਅਗਾਂਹ ਪਿੰਡ ਵਿਚ ਉਵੇਂ ਅਫਰਾ-ਤਫਰੀ ਫੈਲੀ ਹੋਈ ਸੀ। ਲੋਕਾਂ ਦੇ ਚਿਹਰਿਆਂ 'ਤੇ ਡਰ ਛਾਇਆ ਹੋਇਆ ਸੀ। ਕਿਉਂਕਿ ਹੁਣ ਤਾਂ ਇਕ ਅੱਧ ਦਿਨ ਵਿਚ ਘੱਗਰ ਨਦੀ ਨੇ ਕਾਫਲੇ ਨੂੰ ਰਾਹ ਦੇ ਦੇਣਾ ਸੀ ਤੇ ਪਿੰਡ ਵਿਚ ਪਰਲੋਂ ਆ ਜਾਣੀ ਸੀ। ਪਿੰਡ ਵਾਲੇ ਪੂਰੀ ਮੁਸਤੈਦੀ ਨਾਲ ਪਿੰਡ ਦੀ ਰਾਖੀ ਵਿਚ ਰੁੱਝੇ ਹੋਏ ਸਨ।

ਅਗਲੇ ਦਿਨ ਮੈਂ ਖੇਤ ਜਾ ਕੇ ਦੇਖਿਆ ਕਿ ਰਹਿਮਤ ਅਲੀ ਦੀ ਹਾਲਤ ਬਹੁਤ ਖਰਾਬ ਸੀ। ਉਸਦੇ ਗਲੇ-ਸੜੇ ਜ਼ਖ਼ਮਾਂ 'ਚ ਕੀੜੇ ਪੈ ਚੁੱਕੇ ਸਨ। ਫਿਰ ਮੈਂ ਉਸਦੇ ਜ਼ਖ਼ਮਾਂ 'ਤੇ ਦਵਾਈ ਬਗੈਰਾ ਲਾਈ। ਆਸਰਾ ਦੇ ਕੇ ਕੁਝ ਕਾੜ੍ਹੇ ਉਸਨੂੰ ਪਿਲਾਏ। ਜੋ ਕੁਝ ਓਹੜ-ਪੋਹੜ ਹੋ ਸਕਦਾ ਸੀ, ਮੈਂ ਕੀਤਾ। ਜਿਉਂ ਹੀ ਮੈਂ ਕੰਮ ਮੁਕਾ ਕੇ ਉੱਠਣ ਲੱਗਾ ਤਾਂ ਉਸਨੇ ਪੋਲੇ ਜਿਹੇ ਮੇਰਾ ਹੱਥ ਫੜ ਲਿਆ ਤੇ ਬੋਲਿਆ, "ਦੇਖ ਪੁੱਤਰ, ਤੂੰ ਜੋ ਵੀ ਕਰ ਰਿਹਾ ਐਂ ਅੱਲਾ ਤਾਲਾ ਦੀ ਨਜ਼ਰ 'ਚ ਇਹ ਬਹੁਤ ਮਹਾਨ ਕੰਮ ਐ। ਪਰ ਖ਼ੁਦਾ ਦੇ ਵਾਸਤੇ ਤੂੰ ਮੈਨੂੰ ਇਸ ਸਰੀਰ ਤੋਂ ਛੁਟਕਾਰਾ ਦੁਆ ਦੇ। ਮੈਥੋਂ ਇਹ ਦਰਦਾਂ ਮਾਰਿਆ ਸਰੀਰ ਹੋਰ ਬਰਦਾਸ਼ਤ ਨਹੀਂ ਹੁੰਦਾ।"

ਮੈਂ ਚੁੱਪ ਚਾਪ ਉਦਾਸ ਬੈਠਾ ਉਸ ਵੱਲ ਵੇਖਦਾ ਰਿਹਾ। ਉਹ ਫਿਰ ਬੋਲਿਆ, "ਪੁੱਤਰ ਇਹ ਗੁਨਾਹ ਨ੍ਹੀਂ ਇਹ ਤਾਂ ਸਗੋਂ ਇਸ ਮਜ਼ਲੂਮ ਦੀ ਬਹੁਤ ਵੱਡੀ ਮੱਦਦ ਹੋਵੇਗੀ। ਤੂੰ ਤਲਵਾਰ ਫੜ ਕੇ ਮੇਰੀ ਖਲਾਸੀ ਕਰ। ਰੱਬ ਤੇਰਾ ਭਲਾ ਕਰੂ।"

"ਬਾਬਾ ਇਹ ਕੰਮ ਮੈਂ ਨ੍ਹੀਂ ਕਰ ਸਕਦਾ," ਮੈਂ ਲਾਚਾਰੀ ਦਿਖਾਉਂਦਿਆਂ ਉੱਠ ਖੜ੍ਹਾ ਹੋਇਆ। ਉਹ ਨਿਰਾਸ਼ ਆਵਾਜ਼ 'ਚ ਬੋਲਦਾ ਰਿਹਾ, "ਮੇਰਾ ਪਲ ਪਲ ਸਾਲਾਂ ਦੀ ਤਰ੍ਹਾਂ ਲੰਘਦਾ ਐ। ਪੁੱਤਰ ਤੇਰੇ ਇਸ ਅਹਿਸਾਨ ਲਈ ਮੇਰੀ ਰੂਹ ਸਦੀਆਂ ਤੱਕ ਤੇਰੀ ਰਿਣੀ ਰਹੂ।"

ਮੈਂ ਉਸਦੀਆਂ ਗੱਲਾਂ ਅਣਸੁਣੀਆਂ ਕਰਦਾ ਬਾਹਰ ਨੂੰ ਤੁਰ ਪਿਆ। ਉਸ ਰਾਤ ਮੇਰੀ ਪਹਿਰੇ 'ਤੇ ਡਿਊਟੀ ਲੱਗੀ ਹੋਈ ਸੀ। ਉਧਰੋਂ ਮਿਲੀ ਖ਼ਬਰ ਮੁਤਾਬਕ ਅੱਜ ਸ਼ਾਮ ਤੱਕ ਘੱਗਰ ਦਾ ਪਾਣੀ ਬਿਲਕੁਲ ਖੜ੍ਹੋ ਗਿਆ ਸੀ। ਰਾਹ ਸਾਫ ਹੋ ਗਿਆ ਸੀ। ਸਾਰਾ ਕਾਫਲਾ ਤੁਰਨ ਲਈ ਤਿਆਰੀਆਂ ਵੱਟ ਰਿਹਾ ਸੀ। ਸਵੇਰੇ ਮੂੰਹ ਹਨੇਰੇ ਹੀ ਉਸਨੇ ਦਰਿਆ ਪਾਰ ਕਰਨੇ ਚਾਲੇ ਪਾ ਦੇਣੇ ਸਨ। ਪਿੰਡ ਦੇ ਲੋਕੀਂ ਬਹੁਤ ਸਹਿਮੇ ਹੋਏ ਸਨ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਸਭ ਸਮਝੀ ਖੜ੍ਹੇ ਸਨ ਕਿ ਅੱਜ ਦੀ ਰਾਤ ਬਸ ਆਖਰੀ ਰਾਤ ਹੈ। ਸ਼ਾਇਦ ਹੀ ਕੋਈ ਜਿਉਂਦਾ ਬਚੇ।

ਹੋਣੀ ਨਾ ਟਲੀ, ਅਖੀਰ ਦਰਵਾਜ਼ਿਆਂ ਤੱਕ ਆ ਹੀ ਪਹੁੰਚੀ। ਕੁਝ ਘੰਟਿਆਂ ਦੀ ਰਾਤ ਬਾਕੀ ਸੀ। ਦਿਨ ਚੜ੍ਹਦੇ ਨੂੰ ਤਾਂ ਪਿੰਡ ਦੀਆਂ ਗਲੀਆਂ ਵਿੱਚ ਮੌਤ ਨੇ ਨੰਗਾ ਨਾਲ ਖੇਡਣਾ ਸੀ।

ਮੈਂ ਹੱਥ 'ਚ ਤਲਵਾਰ ਫੜ੍ਹੀ ਸਾਥੀਆਂ ਨਾਲ ਗਲੀਆਂ 'ਚ ਗੇੜੇ ਕੱਢ ਰਿਹਾ ਸੀ। ਅਸੀਂ ਬੇਮਤਲਬੇ ਜਿਹੇ ਇਧਰ ਉਧਰ ਘੁੰਮ ਰਹੇ ਸੀ। ਅੱਧੀ ਕੁ ਰਾਤ ਤੋਂ ਬਾਅਦ ਅਚਾਨਕ ਅਸਮਾਨ ਵੱਲ ਨਜ਼ਰ ਮਾਰੀ। ਦਿਨ ਵੇਲੇ ਅਸਮਾਨ 'ਚ ਘੁੰਮਦੀਆਂ ਨਿੱਕੀਆਂ-ਨਿੱਕੀਆਂ ਤਿੱਤਰ ਖੰਭੀਆਂ ਜਿਹੀਆਂ ਭਾਰੀ ਬੱਦਲਾਂ ਦਾ ਰੂਪ ਧਾਰੀ ਖੜ੍ਹੀਆਂ ਸਨ। ਫਿਰ ਮਾੜੀ ਮਾੜੀ ਕਿਣਮਿਣ ਜਿਹੀ ਸ਼ੁਰੂ ਹੋ ਗਈ। ਕਣੀਆਂ ਦੇਖ ਕੇ ਅਚਾਨਕ ਮੈਨੂੰ ਰਹਿਮਤ ਅਲੀ ਦਾ ਖ਼ਿਆਲ ਆ ਗਿਆ। ਮੈਂ ਸਾਥੀਆਂ ਨਾਲੋਂ ਖਿਸਕ ਕੇ ਖੇਤ ਵੱਲ ਤੁਰ ਪਿਆ। ਮੈਂ ਝੁੰਬੀ 'ਚ ਜਾ ਕੇ ਦੀਵਾ ਜਗਾਇਆ। ਉਹ ਜਾਗਦਾ ਹੀ ਪਿਆ ਸੀ। ਦੀਵੇ ਦੇ ਚਾਨਣ 'ਚ ਉਸਨੇ ਜਦੋਂ ਮੇਰੇ ਹੱਥ ਤਲਵਾਰ ਵੇਖੀ ਤਾਂ ਉਹ ਸਮਝਿਆ ਕਿ ਸ਼ਾਇਦ ਮੈਂ ਉਸਦੀ ਮੁਰਾਦ ਪੂਰੀ ਕਰਨ ਆ ਗਿਆ ਹਾਂ। ਉਹ ਹੱਥ ਦੇ ਇਸ਼ਾਰੇ ਨਾਲ ਮੈਨੂੰ ਆਪਣੇ ਕੋਲ ਬੁਲਾਉਂਦਾ ਬੋਲਿਆ, "ਪੁੱਤਰਾ ਮੈਨੂੰ ਬੈਠਾ ਕਰਦੇ ਤੇ ਬਸ ਪੰਜ ਕੁ ਮਿੰਟ ਖੜ੍ਹੋ ਜਾ। ਮੈਂ ਜਾਂਦੀ ਵਾਰ ਦਾ ਪਰਵਰਦਿਗਾਰ ਅੱਗੇ ਸਿਜਦਾ ਕਰ ਲਵਾਂ। ਫਿਰ ਤੂੰ ਪੁੰਨ ਵਾਲਾ ਕੰਮ ਕਰੀਂ ਤੇ....।"

ਮੇਰਾ ਮਨ ਭਰ ਆਇਆ। ਮੈਂ ਉਸਨੂੰ ਫੜ੍ਹ ਕੇ ਦੁਬਾਰਾ ਪਾਇਆ ਤੇ ਦੱਸਿਆ ਕਿ ਮੈਂ ਤਾਂ ਮੀਂਹ ਦਾ ਕਰਕੇ ਸਿਰਫ ਉਸਦਾ ਪਤਾ ਲੈਣ ਆਇਆ ਸੀ। ਉਸਨੂੰ ਲਿਟਾ ਕੇ ਮੈਂ ਵਾਪਸ ਮੁੜ ਪਿਆ।

ਪਿੰਡ ਪਹੁੰਚਦਿਆਂ ਤੱਕ ਮੀਂਹ ਵਾਹਵਾ ਵੱਧ ਗਿਆ ਸੀ। ਪਹਿਰੇ ਵਾਲੇ ਸਭ ਖਿੰਡ ਪੁੰਡ ਗਏ ਸਨ। ਮੈਂ ਵੀ ਸਿੱਧਾ ਘਰੇ ਹੀ ਚਲਾ ਗਿਆ। ਮੰਜੇ 'ਤੇ ਟੇਢਾ ਪੈ ਕੇ ਕਣੀਆਂ ਵੱਲ ਦੇਖਦੇ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ। ਦਿਨ ਚੜ੍ਹਦੇ ਜਿਹੇ ਜਦੋਂ ਅੱਖ ਖੁੱਲ੍ਹੀ ਤਾਂ ਦੇਖਿਆ ਕਿ ਬਾਹਰ ਬਹੁਤ ਤੇਜ਼ ਮੀਂਹ ਪੈ ਰਿਹਾ ਸੀ। ਵਿਹੜੇ ਵਿਚ ਗੋਡੇ ਗੋਡੇ ਪਾਣੀ ਚੜ੍ਹਿਆ ਖੜ੍ਹਾ ਸੀ। ਮੈਂ ਪਾਸਾ ਮਾਰ ਕੇ ਫਿਰ ਸੌਂ ਗਿਆ। ਪਿਛਲੇ ਦਿਨਾਂ ਦਾ ਥੱਕਿਆ ਟੁੱਟਿਆ ਸਾਰਾ ਦਿਨ ਸੁੱਤਾ ਰਿਹਾ। ਆਥਣ ਵੇਲੇ ਉੱਠਿਆ ਤਾਂ ਘਮਸਾਨ ਦਾ ਮੀਂਹ ਉਸੇ ਤਰ੍ਹਾਂ ਵਰ੍ਹ ਰਿਹਾ ਸੀ। ਐਨਾ ਮੀਂਹ ਜਿਵੇਂ ਕਿ ਸਾਰਾ ਸਮੁੰਦਰ ਹੀ ਉਲਟ ਪਿਆ ਹੋਵੇ। ਸਾਰੇ ਪਾਸੇ ਜਲ ਥਲ ਹੋਇਆ ਪਿਆ ਸੀ। ਇਸੇ ਤਰ੍ਹਾਂ ਲਗਾਤਾਰ ਦੋ ਦਿਨ ਤੇ ਦੋ ਰਾਤਾਂ ਮੁਸਲੇਧਾਰ ਮੀਂਹ ਵਰਦਾ ਰਿਹਾ। ਚਾਰ ਚੁਫੇਰੇ ਇਤਨਾ ਮੀਂਹ ਪਿਆ ਕਿ ਘੱਗਰ ਨਦੀ ਵਿੱਚ ਪਾਣੀ ਇਕਦਮ ਦਸ ਫੁੱਟ ਉੱਚਾ ਜਾ ਚੜ੍ਹਿਆ। ਹੁਣ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ ਕਿ ਕੋਈ ਵੀ ਸ਼ੇਖਾ ਪੱਤਣ ਤੋਂ ਨਦੀ ਪਾਰ ਕਰ ਸਕੇ। ਕੱਲ੍ਹ ਤੱਕ ਜਿਸ ਘੱਗਰ ਤੋਂ ਲੋਕ ਡਰ ਰਹੇ ਸਨ ਅੱਜ ਉਹੀ ਘੱਗਰ ਨਦੀ ਇਹਨਾਂ ਪਿੰਡਾਂ ਦੀ ਹਿਫਾਜ਼ਤ ਲਈ ਕਾਫਲੇ ਦੇ ਸਾਹਮਣੇ ਛਾਤੀ ਡਾਹ ਕੇ ਖੜੋਤੀ ਲੱਗਦੀ ਸੀ।

ਮੈਨੂੰ ਇਕ ਦਮ ਰਹਿਮਤ ਅਲੀ ਯਾਦ ਆਇਆ। ਮੈਂ ਖੇਤ ਵੱਲ ਭੱਜਿਆ। ਉਥੇ ਜਾ ਕੇ ਦੇਖਿਆ ਕਿ ਸਾਰੇ ਪਾਸੇ ਪਾਣੀ ਹੀ ਪਾਣੀ ਖੜ੍ਹਾ ਸੀ। ਝੁੰਬੀ ਢਹਿ ਢੇਰੀ ਹੋ ਚੁੱਕੀ ਸੀ ਤੇ ਸਿਰਫ ਕਾਨਿਆਂ ਦਾ ਢੇਰ ਜਿਹਾ ਦਿੱਸਦਾ ਸੀ। ਪਰ ਉੱਚੀ ਥਾਂ ਹੋਣ ਕਰਕੇ ਉੱਥੇ ਪਾਣੀ ਨਾ ਚੜ੍ਹਿਆ। ਨੇੜੇ ਗਿਆ ਤਾਂ ਵੇਖਿਆ ਕਿ ਰਹਿਮਤ ਅਲੀ ਕਾਨਿਆਂ 'ਚ ਦਬਿਆ ਪਿਆ ਸੀ। ਉਸਦਾ ਸਿਰ ਬਾਹਰ ਦਿੱਸ ਰਿਹਾ ਸੀ। ਮੇਰੀ ਆਮਦ ਦੀ ਵਿੜਕ ਲੈਂਦਿਆਂ ਉਹ ਬੋਲਿਆ, "ਵੇਖ ਪੁੱਤਰ ਇੰਨਾ ਕਹਿਰ ਝੁਲ ਚੁੱਕਿਐ ਪਰ ਅੱਲਾ ਤਾਲਾ ਮੇਰੇ 'ਤੇ ਫਿਰ ਵੀ ਮਿਹਰਬਾਨ ਨ੍ਹੀਂ ਹੋਇਆ। ਮੈਂ ਰੁੜ ਕੇ ਪਾਣੀ 'ਚ ਡੁੱਬਣ ਦੀ ਸੋਚੀ ਪਰ ਸਫਲ ਨ੍ਹੀਂ ਹੋ ਸਕਿਆ। ਹੁਣ ਤਾਂ ਪੁੱਤਰਾ ਤੇਰੇ 'ਤੇ ਈ ਮੇਰੀ ਸਾਰੀ ਉਮੀਦ ਐ।"



ਹੱਡੀਆਂ ਦੀ ਮੁੱਠੀ ਬਣੇ ਪਏ ਰਹਿਮਤ ਅਲੀ ਦੀ ਹਾਲਤ ਮੈਥੋਂ ਵੇਖੀ ਨਾ ਗਈ। ਉਸਨੇ ਬਾਂਹ ਦੇ ਆਸਰੇ ਸਰੀਰ ਹਿਲਾਇਆ ਤੇ ਉਸਦੀ ਧੌਣ ਮੇਰੇ ਸਾਹਮਣੇ ਆ ਗਈ। ਉਹ ਹੌਲੀ ਜਿਹੀ ਬੋਲਿਆ, "ਲੈ ਪੁੱਤਰਾ ਹੁਣ ਨਾਂਹ ਨਾ ਕਹੀਂ। ਮੈਨੂੰ ਛੁਟਕਾਰਾ ਦਿਵਾ।" ਮੈਂ ਆਲੇ ਦੁਆਲੇ ਵੇਖਿਆ। ਹਰ ਪਾਸੇ ਪਾਣੀ ਹੀ ਪਾਣੀ ਦਿੱਸ ਰਿਹਾ ਸੀ। ਇੱਧਰ ਉੱਧਰ ਵੇਖਦਿਆਂ ਮੈਂ ਹੇਠਾਂ ਵੱਲ ਨਜ਼ਰ ਮਾਰੀ। ਰਹਿਮਤ ਅਲੀ ਦੀ ਧੌਣ ਮੇਰੇ ਸਾਹਮਣੇ ਸੀ। ਫਿਰ ਮੈਂ ਕਸੀਸ ਜਿਹੀ ਵੱਟੀ ਤੇ ਤਲਵਾਰ ਦਾ ਭਰਵਾਂ ਵਾਰ ਕੀਤਾ। 'ਗੱਚ' ਦੀ ਆਵਾਜ਼ ਹੋਈ ਤੇ ਉਸਦਾ ਸਿਰ ਧੜ ਨਾਲੋਂ ਅਲੱਗ ਹੋ ਕੇ ਪਰ੍ਹੇ ਆੜ 'ਚ ਜਾ ਡਿੱਗਿਆ। ਆਲੇ ਦੁਆਲੇ ਨਜ਼ਰ ਮਾਰਦਿਆਂ ਲੱਗਿਆ ਜਿਵੇਂ ਕਿ ਸਾਰਾ ਪਾਣੀ ਲਾਲ ਹੋ ਗਿਆ ਹੋਵੇ। ਪਰ ਅਗਲੇ ਹੀ ਪਲ ਲੱਗਿਆ ਜਿਵੇਂ ਉੱਥੇ ਕੁਛ ਵੀ ਨਾ ਹੋਇਆ ਹੋਵੇ। ਮੁੱਦਤਾਂ ਹੋ ਗਈਆਂ ਉਸ ਹਾਦਸੇ ਨੂੰ ਵਾਪਰਿਆਂ। ਹੁਣ ਵੀ ਕਦੇ-ਕਦਾਈਂ ਮੈਨੂੰ ਇਉਂ ਲੱਗਦਾ ਰਹਿੰਦਾ ਹੈ ਜਿਵੇਂ ਮੈਂ ਉਸ ਰਾਤ ਕੋਈ ਪੁੰਨ ਵਾਲਾ ਕੰਮ ਕੀਤਾ ਸੀ।

## ਇਕ ਛੋਟੀ ਜਿਹੀ ਲੜਾਈ/ਕੁਮਾਰ ਵਿਕਲ

ਮੈਂ ਤਾਂ ਲੜਨੀ ਹੈ ਇਕ ਛੋਟੀ ਜਿਹੀ ਲੜਾਈ
ਝੂਠੀ ਲੜਾਈ ਤੋਂ ਮੈਂ ਐਨਾ ਥੱਕ ਗਿਆ ਹਾਂ
ਕਿ ਕਿਸੇ ਵੱਡੀ ਲੜਾਈ ਜੋਗਾ ਵੀ
ਨਹੀਂ ਰਿਹਾ।

ਮੈਂ ਨਹੀਂ ਲੜਨਾ ਹੁਣ
ਕਿਸੇ ਮੱਧਰੇ ਜਿਹੇ ਕੱਦ ਵਾਲੇ ਆਦਮੀ ਦੇ
ਇਸ਼ਾਰੇ 'ਤੇ
ਜੋ ਆਪਦਾ ਕੱਦ ਲੰਬਾ ਕਰਨ ਖਾਤਰ
ਪੂਰੇ ਦੇਸ਼ ਨੂੰ ਯੁੱਧ ਵਿਚ ਝੌਂਕ ਦਿੰਦਾ ਹੈ।

ਮੈਂ ਲੜਨਾ ਨਹੀਂ
ਕਿਸੇ ਪ੍ਰਤੀਕ ਖਾਤਰ
ਕਿਸੇ ਨਾਂ ਦੇ ਲਈ
ਕਿਸੇ ਵੱਡੇ ਪ੍ਰੋਗਰਾਮ ਲਈ,
ਮੈਂ ਤਾਂ ਲੜਨੀ ਹੈ ਇਕ ਛੋਟੀ ਜਿਹੀ ਲੜਾਈ
ਛੋਟੇ ਲੋਕਾਂ ਦੇ ਲਈ
ਛੋਟੀਆਂ ਗੱਲਾਂ ਖਾਤਰ।

ਮੈਂ ਲੜਨਾ ਹੈ ਇਕ ਮਾਮੂਲੀ ਕਲੱਰਕ ਲਈ
ਜੋ ਬਿਨਾਂ ਦੋਸ਼ ਦੇ ਮੁਅੱਤਲ ਹੋ ਜਾਂਦਾ ਹੈ,
ਜੋ ਮਾਰੂ ਰੋਗ ਦੇ ਦਰਦ ਦਾ ਵਿੰਨ੍ਹਿਆ
ਜੇਬ ਵਿਚ ਇਨਸਾਫ਼ ਲਈ ਅਰਜ਼ੀ ਬੁੰਨ ਕੇ
ਨੌਕਰਸ਼ਾਹੀ ਦੇ ਫੌਲਾਦੀ ਦਰਵਾਜ਼ੇ ਨੂੰ
ਕਮਜ਼ੋਰ ਹੱਥਾਂ ਨਾਲ ਖਟਖਟਾਉਂਦਾ ਹੈ।
ਮੈਂ ਤਾਂ ਲੜਨਾ ਹੈ
ਜਨਤੰਤਰ 'ਚ ਉੱਗੇ ਵਨ-ਤੰਤਰ ਦੇ ਖਿਲਾਫ਼
ਜਿਸ 'ਚੋਂ ਗੈਂਡੇ ਮੂੰਹਾਂ ਆਦਮੀ ਦਨਦਨਾਉਂਦਾ ਹੈ
ਮੈਂ ਤਾਂ ਲੜਨਾ ਹੈ
ਆਪਦੀਆਂ ਨਜ਼ਮਾਂ ਵਿਚਲੇ ਬਿੰਬਾਂ ਦੇ ਖਿਲਾਫ਼
ਜਿਨ੍ਹਾਂ ਦੇ ਨ੍ਹੇਰੇ 'ਚ ਮੈਥੋਂ
ਜ਼ਿੰਦਗੀ ਦਾ ਉਜਾਲਾ ਛੁੱਟ ਜਾਂਦਾ ਹੈ।

**ਅਨੁਵਾਦਕ : ਤੇਜਵੰਤ ਸਿੰਘ ਗਿੱਲ**

# ਮੈਂ ਕਿੱਥੇ ਜਾਵਾਂ/ਮੁਮਤਾਜ ਹਸੈਨ

ਹਾਂ ਤੇ ਮੈਂ ਕਹਿ ਰਿਹਾ ਸੀ।

ਜੇਕਰ ਤੁਸੀਂ ਮੇਰੀ ਕਹਾਣੀ ਪੜ੍ਹ ਰਹੇ ਹੋ ਤੇ ਤੁਹਾਨੂੰ ਕੋਈ ਗੱਲ ਪਸੰਦ ਆਏ, ਪੀਲੇ ਰੰਗ ਦੀ ਪੈਨਸਲ ਜਿਸ ਦੇ ਦੂਸਰੇ ਸਿਰੇ ਤੇ ਮਿਟਾਉਣ ਵਾਲਾ ਰਬੜ ਲੱਗਿਆ ਹੈ, ਉਸ ਦੇ ਹੇਠਾਂ ਲਕੀਰ ਲਾ ਦਿਉ ਤੇ ਜੇਕਰ ਆਪ ਸੁਣ ਰਹੇ ਹੋ ਤਾਂ ਹੁੰਗਾਰਾ ਜ਼ਰੂਰ ਭਰਦੇ ਰਹਿਣਾ ਤਾਂ ਕਿ ਮੈਨੂੰ ਚੇਤੇ ਰਹੇ ਕਿ ਤੁਸੀਂ ਧਿਆਨ ਨਾਲ ਸੁਣ ਰਹੇ ਹੋ।

ਹਾਂ ਯਾਦ ਆਇਆ। ਏਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਅੰਗਰੇਜ਼ ਹਿੰਦੋਸਤਾਨ ’ਤੇ ਕਾਬਜ਼ ਸੀ। ਤੁਸੀਂ ਕਹੋਗੇ ਵਾਹ ਜੀ ਵਾਹ ਕਿਆ ਵਕਤ ਸੀ। ਜਿੰਨੀ ਤਰੱਕੀ ਅੰਗਰੇਜ਼ ਦੇ ਜ਼ਮਾਨੇ ਵਿਚ ਹੋਈ, ਓਨੀ ਕਦੀ ਨਹੀਂ ਹੋਈ। ਜੋ ਪੁਲ ਤੇ ਸੜਕਾਂ ਤੇ ਇਮਾਰਤਾਂ ਅੰਗਰੇਜ਼ ਬਣਾ ਗਿਆ, ਅਜੇ ਤੱਕ ਕੰਮ ਦੇ ਰਹੀਆਂ ਨੇ। ਤੁਹਾਡੀ ਜਾਣਕਾਰੀ ਲਈ ਅਰਜ਼ ਹੈ। ਅੰਗਰੇਜ਼ ਨੂੰ ਪਤਾ ਸੀ ਹਿੰਦੋਸਤਾਨ ਵਿਚ ਖਜ਼ਾਨਾ ਕਿੱਥੇ-ਕਿੱਥੇ ਛੁਪਿਆ ਹੈ। ਉੱਥੇ ਤੱਕ ਪਹੁੰਚਣ ਲਈ ਉਸ ਨੇ ਸੁਰੰਗਾਂ ਬਣਵਾਈਆਂ, ਸੜਕਾਂ ਬਣਵਾਈਆਂ। ਹਿੰਦੋਸਤਾਨ ਦੇ ਲੋਕਾਂ ਨੂੰ ਬੀਮਾਰੀਆਂ ਲਾਈਆਂ ਤੇ ਫਿਰ ਹਸਪਤਾਲ ਖੋਲ੍ਹ ਦਿੱਤੇ ਤਾਂ ਕਿ ਇਲਾਜ ਕਰਕੇ ਪੈਸਾ ਇਕੱਠਾ ਕੀਤਾ ਜਾ ਸਕੇ। ਸਕੂਲ ਖੋਲ੍ਹੇ ਤਾਂ ਕਿ ਇਨ੍ਹਾਂ ਨੂੰ ਵਧੀਆ ਢੰਗ ਨਾਲ ਗੁਲਾਮ ਬਣਾਇਆ ਜਾ ਸਕੇ। ਆਪਣੀਆਂ ਬਣਾਈਆਂ ਚੀਜ਼ਾਂ ਲੈ ਕੇ ਆਇਆ ਤਾਂ ਕਿ ਉਨ੍ਹਾਂ ਨੂੰ ਵੱਡੀ ਮੰਡੀ ਵਿਚ ਵੇਚਿਆ ਜਾ ਸਕੇ।

ਅਜੀ ਬੈਠੋ ਸਾਹਬ ਤੁਸੀਂ ਤੇ...........

ਕਹਾਣੀ ਸੁਣਾਉਣ ਲਈ ਭੂਮਿਕਾ ਜ਼ਰੂਰੀ ਹੁੰਦੀ ਹੈ।

ਹਾਂ ਤੇ ਮੈਂ ਕਹਿ ਰਿਹਾ ਸੀ।

ਸਾਡੇ ਹਿੰਦੋਸਤਾਨ ਵਿਚ ਕਾਬਲੀਅਤ ਤੇ ਲਿਆਕਤ ਬਹੁਤ ਹੈ ਪ੍ਰੰਤੂ ਸਾਡੇ ਵਿਚ ਇਕੱਠੇ ਹੋ ਕੇ ਰਲ ਮਿਲ ਕੇ ਬਹਿਣ ਦੀ ਤਮੀਜ਼ ਨਾ ਸੀ ਨਾ ਹੈ। ਕਿਆ ਵਕਤ ਸੀ ਲੋਕ ਕੇਲੇ ਦਿਆਂ ਪੱਤਿਆਂ ਦੇ ਬਿਸਤਰ ਉੱਤੇ ਸੌਂ ਜਾਂਦੇ ਸਨ। ਜ਼ਬਾਨ ਨੂੰ ਧਾਗਾ ਬੰਨ੍ਹ ਕੇ ਬਿਰਖ਼ ਦੇ ਤਨੇ ਨਾਲ ਲਟਕ ਜਾਂਦੇ। ਮੂੰਹ ਵਿੱਚੋਂ ਅੱਗ ਦਾ ਫ਼ੁਆਰਾ ਕੱਢਦੇ। ਪਟਾਰੀ ’ਚੋਂ ਸੱਪ ਕੱਢ ਕੇ ਆਪਣੇ ਹੱਥ ਤੇ ਲੜਾਉਂਦੇ ਤੇ ਇਕ ਮਣਕੇ ਨਾਲ ਸਾਰਾ ਜ਼ਹਿਰ ਚੂਸ ਲੈਂਦੇ। ਦੋ ਵੱਡੀਆਂ ਸਾਰੀਆਂ ਇਮਾਰਤਾਂ ਵਿਚ ਰੱਸਾ ਬੰਨ੍ਹ ਕੇ, ਇਕ ਬਾਂਸ ਨੂੰ ਹੱਥ ਵਿਚ ਲੈ ਕੇ ਆਪਣਾ ਭਾਰ ਸਾਵਾਂ ਕਰਕੇ ਨੰਗੇ ਪੈਰੀਂ ਇਹ ਦੂਰੀ ਤਹਿ ਕਰਦੇ।

ਜਦੋਂ ਇਨ੍ਹਾਂ ਸਾਰੇ ਤਮਾਸ਼ਿਆਂ ਨੂੰ ਅੰਗਰੇਜ਼ ਨੇ ਵੇਖਿਆ ਤੇ ਉਹਨੇ ਬਾਜ਼ੀਗਰੀ ਨੂੰ ਸ਼ਾਮਿਲ ਕਰਕੇ ਹਿੰਦੋਸਤਾਨ ਵਿਚ ਸਰਕਸ ਲੈ ਆਂਦੀ। ਸਾਹਬ ਤਿਆਰ ਹੋ ਜਾਉ ਅਸਲ ਕਹਾਣੀ ਹੁਣ ਸ਼ੁਰੂ ਹੁੰਦੀ ਹੈ। ਜਦੋਂ ਵੀ ਜਾਨ ਨੋਬਲ ਸਰਕਸ ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾਂਦੀ ਤਾਂ ਪਹਿਲੋਂ ਸਾਰੇ ਸ਼ਹਿਰ ਵਿਚ ਸਰਕਸ ਦੀ ਮਸ਼ਹੂਰੀ ਵਾਸਤੇ ਵੱਖਰਾ ਜਾਨਵਰਾਂ ਤੇ ਬਾਜ਼ੀਗਰਾਂ ਦਾ ਜਲੂਸ ਕੱਢਿਆ ਜਾਂਦਾ। ਸਾਰਿਆਂ ਤੋਂ ਅੱਗੇ ਹਾਥੀਆਂ ਦੀ ਕਤਾਰ ਦੇ ਅਖੀਰ ਵਿਚ ਡੰਬੋ ਹਾਥੀ ਹੁੰਦਾ। ਉਸ ਦੇ ਪਿੱਛੇ ਤਿੰਨ ਚਾਰ ਆਦਮੀਆਂ ਪੰਦਰਾਂ ਫੁੱਟ ਦੀਆਂ ਬਾਂਸ ਦੀਆਂ ਕੋਕੇ ਲੱਗੀਆਂ ਲੱਤਾਂ ਤੇ ਲਕੀਰਦਾਰ ਪਜਾਮੇ ਪਾਏ ਹੁੰਦੇ। ਉਸ ਤੋਂ ਪਿੱਛੇ ਸ਼ੇਰ ਆਪਣੇ ਪਿੰਜਰੇ ਵਿਚ ਦਹਾੜ ਰਿਹਾ ਹੁੰਦਾ। ਉਸ ਤੋਂ ਮਗਰ ਕੁਝ ਜੋਕਰ ਜਿਨ੍ਹਾਂ ਦੇ ਮੂੰਹ ਦਾ ਚਿੱਟਾ ਤੇ ਲਾਲ ਮੇਕਅੱਪ ਇਸ ਤਰ੍ਹਾਂ ਲੱਗਦਾ ਜਿਵੇਂ ਉਹ ਜ਼ੋਰ-ਜ਼ੋਰ ਦੀ ਹੱਸ ਰਹੇ ਹੋਣ। ਫੇਰ ਲਾਲ ਰੰਗ ਦੀ ਰਬੜ ਦੀ ਗੇਂਦ ’ਚੋਂ ਪਾਣੀ ਦੀ ਪਚਕਾਰੀ ਲੋਕਾਂ ਉੱਤੇ ਸੁੱਟਦੇ ਤੇ ਸੜਕ ਦੇ ਦੋਵੇਂ ਪਾਸੇ ਕਤਾਰਾਂ ਵਿਚ ਖੜੋਤੇ ਲੋਕਾਂ ਨਾਲ ਹੱਥ ਮਿਲਾਉਂਦੇ। ਅੰਤ ਵਿਚ ਤਿੰਨ ਚਾਰ ਔਰਤਾਂ ਭੜਕਾਊ ਲਿਬਾਸ ਪਹਿਨੇ, ਕਤਾਰਾਂ ਵਿਚ ਖੜ੍ਹੇ ਲੋਕਾਂ ਤੇ ਹਵਾਈ ਚੁੰਮਣ ਇਸ ਤਰ੍ਹਾਂ



ਸੁੱਟਦੀਆਂ ਜਿਵੇਂ ਬੱਚਾ ਸਾਬਣ ਦੇ ਪਾਣੀ ਦੇ ਬਣਾਏ ਹੋਏ ਬੁਲਬੁਲੇ ਸੁੱਟ ਰਿਹਾ ਹੋਵੇ। ਮੇਰੀ ਕਹਾਣੀ ਇਸ ਤਰ੍ਹਾਂ ਦੇ ਹਜ਼ਾਰਾਂ ਬੱਚਿਆਂ ਦੀ ਹੈ ਜੋ ਘਰੋਂ ਭੱਜ ਜਾਂਦੇ ਨੇ। ਜਦੋਂ ਕਿਸੇ ਪਿੰਡ ਵਿਚ ਨੌਟੰਕੀ ਆਉਂਦੀ ਹੈ ਜਾਂ ਸਫ਼ਰੀ ਸਿਨੇਮਾ ਘਰ ਵਿਚ, ਮੇਲੇ ਵਿਚ ਮੌਤ ਦੇ ਖੂਹ ਵਿਚ ਚੱਲਣ ਵਾਲੇ ਮੋਟਰ ਸਾਈਕਲ ਸਵਾਰ ਜਾਂ ਸਵਾਰ ਦੇ ਪਿੱਛੇ ਬੈਠੀ ਹੁਸੀਨਾ ਬਣਨ ਦੇ ਸ਼ੌਕ ਵਿਚ ਬੱਚੇ ਘਰਾਂ ਤੋਂ ਭੱਜ ਕੇ ਆਪਣੇ ਸੁਪਨਿਆਂ ਨੂੰ ਉਸ ਮਨੁੱਖ ਵਾਂਗੂੰ ਸਾਕਾਰ ਕਰਦੇ ਜੋ ਹਵਾ ਵਿਚ ਉੱਡ ਕੇ ਦੂਸਰੇ ਝੂਲੇ ਦੇ ਡੰਡੇ ਨੂੰ ਫੜ੍ਹਦਾ ਹੈ। ਦੂਸਰੇ ਡੰਡੇ ਨੂੰ ਫੜਣ ਦੀ ਕੋਸ਼ਿਸ ਵਿਚ ਹੀ ਕਿਸਮਤ ਉਹਨੂੰ ਕਿੱਥੇ ਦੀ ਕਿੱਥੇ ਪੁਚਾ ਦੇਂਦੀ ਹੈ।

ਇਹ ਤਿੰਨੇ ਬੱਚੇ ਮੁਹੰਮਦ ਅਲੀ, ਸ਼ਕੁੰਤਲਾ ਤੇ ਰਾਮ ਪਿਆਰਾ, ਉਨ੍ਹਾਂ ਬੱਚਿਆਂ ਵਿਚੋਂ ਹਨ, ਜਿਨ੍ਹਾਂ ਦੇ ਘਰੋਂ ਭੱਜ ਜਾਣ ਤੇ ਉਨ੍ਹਾਂ ਦੇ ਮਾਪਿਆਂ ਨੇ ਇਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਸ਼ੁਕਰ ਕੀਤਾ। ਸ਼ਾਇਦ ਇਸ ਘਰ ਤੋਂ ਚੰਗਾ, ਜਿੱਥੇ ਵੀ ਉਹ ਹਨ ਉੱਥੇ ਖਾਣਾ ਮਿਲ ਜਾਂਦਾ ਹੋਵੇਗਾ।

ਤਿੰਨੇ ਬੱਚੇ ਜਾਨ ਨੋਬਲ ਸਰਕਸ ਵਿਚ ਉਸ ਵੇਲੇ ਭਰਤੀ ਹੋਏ ਜਦੋਂ ਉਹ ਸੱਤ-ਸੱਤ ਸਾਲ ਦੇ ਸਨ। ਪਹਿਲਾਂ ਤਾਂ ਉਹ ਜਾਨਵਰਾਂ ਨੂੰ ਖਾਣਾ ਖਵਾਉਣ ਤੇ ਨਹਾਉਣ ਦਾ ਕੰਮ ਕਰਦੇ ਸਨ। ਤਰੱਕੀ ਕਰਦੇ-ਕਰਦੇ ਝੂਲਿਆਂ ਤੇ ਝੂਲਣ ਦੀ ਬਾਜ਼ੀਗਰੀ ਸਿੱਖ ਗਏ। ਤਿੰਨਾਂ ਨੇ ਮੁਹਾਰਤ ਹਾਸਲ ਕਰ ਲਈ। ਇਕ ਝੂਲੇ ਤੇ ਮੁਹੰਮਦ ਅਲੀ ਹੁੰਦਾ, ਦੂਸਰੇ ਪਾਸੇ ਰਾਮ ਪਿਆਰਾ ਤੇ ਸ਼ਕੁੰਤਲਾ ਵਿਚਕਾਰ ਝੂਲਾ ਝੂਲ ਕੇ ਕਦੀ ਮੁਹੰਮਦ ਅਲੀ ਦੀ ਪੀਂਘ ਤੇ ਕਦੀ ਰਾਮ ਪਿਆਰੇ ਦੀ ਪੀਂਘ ਉੱਤੇ। ਸ਼ਕੁੰਤਲਾ ਦਾ ਪੀਂਘ ਝੂਲਣਾ ਵੀ ਅਸਲ ਵਿਚ ਉਨ੍ਹਾਂ ਦੀ ਮੁਹੱਬਤ ਦੀ ਪੀਂਘ ਸੀ। ਸ਼ਕੁੰਤਲਾ ਦੋਵਾਂ ਨਾਲ ਮੁਹੱਬਤ ਕਰਦੀ ਸੀ। ਹੁਣ ਤੁਸੀਂ ਕਹੋਗੇ ਕਿ ਇਕ ਲੜਕੀ ਦੋ ਲੜਕਿਆਂ ਨਾਲ ਕਿਸ ਤਰ੍ਹਾਂ ਰਹਿ ਸਕਦੀ ਏ।

ਕੋਈ ਆਦਮੀ ਕਦੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਸ ਦੀ ਮਹਿਬੂਬਾ ਕਿਸੇ ਦੂਸਰੇ ਨਾਲ ਵੀ ਮੁਹੱਬਤ ਕਰੇ। ਇਹ ਸੰਭਵ ਨਹੀਂ। ਇਸ ਦਾ ਜਵਾਬ ਮੈਂ ਇਸ ਤਰ੍ਹਾਂ ਦੇਂਦਾ ਹਾਂ। ਮੁਸਲਮਾਨ ਜੇਕਰ ਦੋ ਬੀਵੀਆਂ ਰੱਖ ਸਕਦਾ ਹੈ। ਉਹ ਦੋਵੇਂ ਔਰਤਾਂ ਇਕ ਦੂਸਰੇ ਨੂੰ ਬਰਦਾਸ਼ਤ ਕਰਦੀਆਂ ਨੇ, ਮਰਦ ਕਿਉਂ ਨਹੀਂ ਕਰ ਸਕਦਾ।

ਭਈ ਤੁਸੀਂ ਮੰਨੋ ਜਾਂ ਨਾ ਮੰਨੋ ਮੈਂ ਆਪਣੀ ਕਹਾਣੀ ਬਦਲ ਨਹੀਂ ਸਕਦਾ। ਸ਼ਕੁੰਤਲਾ ਨੂੰ ਦੋਵਾਂ ਨਾਲ ਬਰਾਬਰ ਪਿਆਰ ਸੀ। ਕਦੀ ਸੋਚ ਵੀ ਨਹੀਂ ਸਕਦੀ ਸੀ ਕਿ ਉਹ ਦੋਵਾਂ ਦੇ ਬਗੈਰ ਰਹਿ ਸਕੇਗੀ।

ਇਨ੍ਹਾਂ ਤਿੰਨਾਂ ਦੀ ਮੁਹੱਬਤ ਨੂੰ ਵੇਖ ਕੇ ਜਾਨ ਨੋਬਲ ਸਰਕਸ ਦੇ ਮਾਲਕ ਦੇ ਦਿਲ ਵਿਚ ਡਰ ਪੈਦਾ ਹੋ ਗਿਆ। ਤਿੰਨੇ ਘੁਲੇ ਮਿਲੇ ਇਕ ਜਾਨ ਸਨ। ਸੋਚਣ ਲੱਗਾ ਕਿ ਇਨ੍ਹਾਂ ਤਿੰਨਾਂ ਨੂੰ ਕਿਸ ਤਰ੍ਹਾਂ ਵੱਖਰਾ ਕੀਤਾ ਜਾਏ। ਇਸ ਤਰ੍ਹਾਂ ਇਸ ਸਰਕਸ ਦੇ ਸਭ ਤੋਂ ਅਹਿਮ ਖੇਲ ਵਾਲੇ ਦੀ ਛੁੱਟੀ ਕਰ ਦਿੱਤੀ ਤੇ ਸ਼ਕੁੰਤਲਾ ਨੂੰ ਕਿਹਾ ਕਿ ਘੁੰਮਣ ਵਾਲੇ ਗੋਲ ਤਖ਼ਤੇ ਨਾਲ ਬੰਨ੍ਹ ਕੇ ਰਾਮ ਪਿਆਰਾ ਤੈਨੂੰ ਖੰਜਰ ਮਾਰੇਗਾ ਜਿਹੜਾ ਤੇਰੇ ਜਿਸਮ ਦੀ ਹੱਦ ਤੋਂ ਬਾਹਰ ਨਿਸ਼ਾਨੇ ’ਤੇ ਲੱਗੇਗਾ। ਇਹ ਸੁਣ ਕੇ ਮੁਹੰਮਦ ਅਲੀ ਡਰ ਗਿਆ। ਰਾਮ ਪਿਆਰੇ ਨੂੰ ਇਸ ਹੁਨਰ ਦੀ ਮੁਹਾਰਤ ਬਿਲਕੁਲ ਨਹੀਂ ਸੀ। ਜੇਕਰ ਨਿਸ਼ਾਨਾ ਉੱਕ ਗਿਆ ਤਾਂ ਸ਼ਕੁੰਤਲਾ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਉਹ ਖ਼ਾਲੀ ਤਖ਼ਤੇ ਤੇ ਨਿਸ਼ਾਨ ਬਣਾ ਕੇ ਦਿਨ ਰਾਤ ਉਸ ਤੇ ਖੰਜਰ ਮਾਰਨ ਦੀ ਮਿਹਨਤ ਕਰਨ ਲੱਗਾ। ਜਦ ਉਸ ਵਿਚ ਮੁਹਾਰਤ ਹਾਸਲ ਕਰ ਲਈ ਤੇ ਸਰਕਸ ਦੇ ਮਾਲਕ ਨੂੰ ਬੇਨਤੀ ਕੀਤੀ ਕਿ ਖੰਜਰ ਮਾਰਨ ਦਾ ਕੰਮ ਮੈਨੂੰ ਸੌਂਪਿਆ ਜਾਏ ਤੇ ਉਸ ਨੇ ਫ਼ੈਸਲਾ ਕੀਤਾ ਕਿ ਤੁਸੀਂ ਦੋਵੇਂ ਵਾਰੋ ਵਾਰੀ ਸ਼ਕੁੰਤਲਾ ਨੂੰ ਖੰਜਰ ਮਾਰੋਗੇ। ਸ਼ਕੁੰਤਲਾ ਖ਼ੁਸ਼ ਸੀ। ਦੋਵੇਂ ਮੈਨੂੰ ਚਾਹੁਣ ਵਾਲੇ ਹਨ। ਜੇਕਰ ਮੌਤ ਆਈ ਵੀ ਤੇ ਕਿਸੇ ਇਕ ਦੇ ਹੱਥੋਂ ਆਏਗੀ, ਜੀਹਦੇ

ਵਾਸਤੇ ਜਾਨ ਵੀ ਹਾਜ਼ਰ ਹੈ। ਪਰੰਤੂ ਰਾਮ ਪਿਆਰੇ ਤੇ ਮੁਹੰਮਦ ਅਲੀ ਵਿਚ ਇਕ ਤਣਾਅ ਸ਼ੁਰੂ ਹੋ ਗਿਆ। ਹਰ ਵਾਰੀ ਆਪਣਾ ਕਰਤਬ ਪੇਸ਼ ਕਰਨ ਤੋਂ ਪਹਿਲਾਂ ਇਕ ਦੂਸਰੇ ਨੂੰ ਐਸੀਆਂ ਨਜ਼ਰਾਂ ਨਾਲ ਵੇਖਦੇ, ਅਗਰ ਸ਼ਕੁੰਤਲਾ ਨੂੰ ਕੁਝ ਹੋਇਆ, ਮੈਂ ਤੈਨੂੰ ਜੀਊਂਦਾ ਨਹੀਂ ਛੱਡਾਂਗਾ। ਲੇਕਿਨ ਇਸ ਕਰਤਬ ਨੇ ਇਨ੍ਹਾਂ ਤਿੰਨਾਂ ਦੀ ਦੋਸਤੀ ਹੋਰ ਵੀ ਗੂਹੜੀ ਕਰ ਦਿੱਤੀ। ਜਿਸ ਦਿਨ ਮੁਹੰਮਦ ਅਲੀ ਦੀ ਖੰਜਰ ਮਾਰਨ ਦੀ ਵਾਰੀ ਹੁੰਦੀ, ਉਹ ਰਾਤ ਸ਼ਕੁੰਤਲਾ ਮੁਹੰਮਦ ਅਲੀ ਦੇ ਜੀਮੇ ਵਿਚ ਗੁਜ਼ਾਰਦੀ ਤੇ ਆਪਣੀ ਮੁਹੱਬਤ ਦਾ ਤੋਹਫਾ ਉਹਦੀਆਂ ਬਾਹਵਾਂ ਵਿਚ ਸਿਮਟ ਕੇ ਦੇਂਦੀ। ਇਸੇ ਤਰ੍ਹਾਂ ਰਾਮ ਪਿਆਰੇ ਦਾ ਇਨਾਮ ਉਹਨੂੰ ਦੇਂਦੀ। ਤਿੰਨਾਂ ਵਿਚ ਮੁਹੱਬਤ ਸਰਕਸ ਵਿਚ ਆਉਣ ਵਾਲੇ ਸ਼ੌਕੀਨਾਂ ਦੇ ਨਾਲ ਨਾਲ ਵਧਦੀ ਗਈ।

ਇਕ ਦਿਨ ਅਜੀਬ ਖ਼ਬਰ ਨੇ ਸਰਕਸ ਵਾਲਿਆਂ ਦੀ ਬਰਾਦਰੀ ਵਿਚ ਤੜਥੱਲੀ ਮਚਾ ਦਿੱਤੀ। ਸ਼ਕੁੰਤਲਾ ਗਰਭਵਤੀ ਹੋ ਗਈ ਸੀ। ਸਾਰਿਆਂ ਵਿਚ ਚੂੰ ਚਾਂ ਸ਼ੁਰੂ ਹੋ ਗਈ ਕਿ ਬਾਪ ਮੁਹੰਮਦ ਅਲੀ ਹੈ ਜਾਂ ਰਾਮ ਪਿਆਰਾ। ਸ਼ਕੁੰਤਲਾ ਨੂੰ ਪੁੱਛਦੇ ਤਾਂ ਉਹ ਕਹਿੰਦੀ ਪਤਾ ਨਹੀਂ ਦੋਵੇਂ ਹੀ ਨੇ।

ਹੁਣ ਤੁਸੀਂ ਮੈਨੂੰ ਪੁੱਛੋਗੇ ਕਿ ਉਨ੍ਹਾਂ ਦਾ ਡੀ. ਐਨ. ਏ ਟੈਸਟ ਕਰਵਾ ਕੇ ਪਤਾ ਕਰੋ। ਭਾਈ ਸਾਹਬ ਉਨ੍ਹਾਂ ਦਿਨਾਂ ਵਿਚ ਸਾਇੰਸ ਦੀ ਐਨੀ ਤਰੱਕੀ ਨਹੀਂ ਸੀ। ਕਰ ਵੀ ਲਈ ਹੋਵੇ ਤਾਂ ਉਸ ਨਾਲ ਕੀ ਫ਼ਰਕ ਪੈਂਦਾ। ਮੁਹੱਬਤ, ਇਲਮ ਤੇ ਧਰਮ ਦੀ ਵੰਡ ਨਾਲ ਥੋੜ੍ਹੀ ਪਹਿਚਾਣ ਬਣਦੀ ਏ।

ਪਰ ਇਹ ਅਣਹੋਣੀ ਹੋ ਗਈ। ਸਰਕਸ ਦਾ ਆਪਣਾ ਮਹੌਲ ਆਪਣਾ ਕਾਨੂੰਨ ਸੀ। ਜਿਸ ਦਾ ਬਾਹਰਲੀ ਦੁਨੀਆਂ ਨਾਲ ਕੋਈ ਲੈਣ ਦੇਣ ਨਹੀਂ ਸੀ। ਜਦੋਂ ਪੂਰੇ ਮੁਲਕ ਵਿਚ ਬਟਵਾਰੇ ਦੇ ਜਲਸੇ ਹੋ ਰਹੇ ਸਨ ਤੇ ਸਰਕਸ ਆਪਣੇ ਸੂਬ੍ਹਾ ਜਲੂਸ ਕੱਢ ਰਹੀ ਸੀ।

ਬੱਚਾ ਪੈਦਾ ਹੋਇਆ, ਸਾਰਿਆਂ ਨੇ ਖੁਸ਼ੀਆਂ ਮਨਾਈਆਂ। ਦੋਵਾਂ ਨੇ ਫੈਸਲਾ ਕੀਤਾ, ਬੱਚੇ ਦਾ ਨਾਂ ਰਾਮ ਅਲੀ ਕਿਉਂ ਨਾ ਰੱਖ ਦਿੱਤਾ ਜਾਏ। ਰਾਮ ਅਲੀ ਸਰਕਸ ਦੇ ਮਹੌਲ ਵਿਚ ਵੱਡਾ ਹੋਣਾ ਸ਼ੁਰੂ ਹੋ ਗਿਆ। ਛੋਟੇ ਹਾਥੀ ਬੱਚੇ ਨਾਲ ਰਾਮ ਅਲੀ ਨੂੰ ਬਹੁਤ ਪਿਆਰ ਸੀ। ਜਦੋਂ ਵੀ ਉਸ ਦਾ ਖੇਲ ਸ਼ੁਰੂ ਹੁੰਦਾ ਰਾਮ ਅਲੀ ਭੱਜ ਕੇ ਸਰਕਸ ਦੇ ਪੰਡਾਲ ਵਿਚ ਜਾ ਬਹਿੰਦਾ। ਜੰਬੂ ਦਾਇਰੇ ਵਿਚ ਇਕ ਲੱਤ ਉੱਪਰ ਕਰਕੇ ਤਿੰਨਾਂ ਲੱਤਾਂ ਨਾਲ ਚੱਲਦਾ। ਫਿਰ ਦੋ ਤੇ ਇਕ ਲੱਤ ਤੇ ਉੱਛਲ-ਉੱਛਲ ਕੇ ਚੱਲਦਾ ਤੇ ਅਖੀਰ ਵਿਚ ਛੋਟੇ ਜਿਹੇ ਸਟੂਲ ਉੱਤੇ ਪਹਿਲੋਂ ਆਪਣੀਆਂ ਦੋਵੇਂ ਲੱਤਾਂ ਟਿਕਾਉਂਦਾ ਤੇ ਫਿਰ ਚੌਹਾਂ ਲੱਤਾਂ ਨਾਲ ਸਟੂਲ ਤੇ ਖਲੋ ਜਾਂਦਾ।

ਸਰਕਸ ਪੂਰੇ ਹਿੰਦੋਸਤਾਨ ਵਿਚ ਮਸ਼ਹੂਰ ਹੁੰਦੀ ਗਈ। ਖੇਲਾਂ ਵਿਚ ਵਾਧੇ ਹੁੰਦੇ ਗਏ। ਕੁੱਤੇ ਬਲਦੇ ਹੋਏ ਲੋਹੇ ਦੇ ਗੋਲ ਦਾਇਰੇ ਵਿਚੋਂ ਦੀ ਛਾਲ ਮਾਰਦੇ। ਜਿਮਨਾਸਟ ਕਰਨ ਵਾਲੇ ਇਕ ਦੂਸਰੇ ਦੇ ਮੋਢਿਆਂ ਤੇ ਖਲੋ ਕੇ ਸਰਕਸ ਦੇ ਜੀਮੇ ਦੀ ਛੱਤ ਤੱਕ ਪਹੁੰਚ ਜਾਂਦੇ। ਬਸ ਸਰਕਸ ਕੀ ਸੀ ਇਕ ਛੋਟਾ ਜਿਹਾ ਸ਼ਹਿਰ ਸੀ ਜੋ ਕਿਸੇ ਵੀ ਸ਼ਹਿਰ ਵਿਚ ਜਾ ਕੇ ਇਨਸਾਨਾਂ ਦੀ ਭੀੜ ਇਕੱਠੀ ਕਰ ਲੈਂਦੀ। ਜਾਨ ਨੋਬਲ ਸਰਕਸ ਦੀ ਹਰ ਦਿਲ ਅਜ਼ੀਜੀ ਦਾ ਰਾਜ਼ ਇਸ ਵਿਚ ਸੀ ਕਿ ਸਰਕਸ ਦੇ ਖੇਲਾਂ ਵਿਚ ਰੋਜ਼ ਨਵੀਆਂ ਖੇਲਾਂ ਦਾ ਵਾਧਾ ਹੁੰਦਾ ਰਹਿੰਦਾ। ਇਕ ਨਵੇਂ ਖੇਲ ਦਾ ਵਾਧਾ ਹੋਇਆ। ਇਕ ਲੰਬੇ ਹੈਟ ਵਾਲਾ ਜਾਦੂਗਰ ਪੂਛ ਵਾਲਾ ਕੋਟ ਪਾ ਕੇ ਤਰ੍ਹਾਂ-ਤਰ੍ਹਾਂ ਦੇ ਜਾਦੂ ਵਿਖਾਉਂਦਾ। ਕਦੀ ਆਪਣੇ ਹੈਟ ਵਿਚ ਬਿੱਲੀ ਪਾਉਂਦਾ ਤੇ ਬਾਹਰ ਖਰਗੋਸ਼ ਕੱਢ ਦੇਂਦਾ। ਰੁਪਏ ਦਾ ਸਿੱਕਾ ਆਪਣੇ ਮੂੰਹ ਵਿਚ ਪਾਉਂਦਾ ਤੇ ਕਿਸੇ ਦਰਸ਼ਕ ਦੀ ਜੇਬ ਵਿਚੋਂ ਉਹ ਸਿੱਕਾ ਕੱਢ ਦੇਂਦਾ।

ਇਕ ਆਈਟਮ ਤੇ ਉਸ ਦੀ ਬਹੁਤ ਹੀ ਮਸ਼ਹੂਰ ਸੀ। ਉਹ ਸੰਦੂਕ ਵਿਚ ਇਕ ਲੜਕੀ ਬੰਦ ਕਰਦਾ। ਉਸ ਸੰਦੂਕ ਦੇ ਇਕ ਸਿਰੇ ਤੋਂ ਲੜਕੀ ਦਾ ਸਿਰ ਬਾਹਰ ਹੁੰਦਾ ਤੇ ਦੂਸਰੇ ਸਿਰੇ ਤੋਂ ਲੱਤਾਂ। ਜਾਦੂਗਰ ਲੜਕੀ ਨੂੰ ਕਹਿੰਦਾ ਆਪਣੀਆਂ ਲੱਤਾਂ ਹਿਲਾ ਤੇ ਉਹ ਆਪਣੇ ਪੈਰ ਹਿਲਾਉਂਦੀ। ਫਿਰ



ਉਹ ਲੜਕੀ ਨੂੰ ਕਹਿੰਦਾ ਆਪਣਾ ਸਿਰ ਹਿਲਾ ਤੇ ਉਹ ਸਿਰ ਹਿਲਾਉਂਦੀ। ਫਿਰ ਇਕ ਵੱਡੇ ਸਾਰੇ ਆਰੇ ਨਾਲ ਸੰਦੂਕ ਨੂੰ ਵਿਚਕਾਰੋਂ ਕੱਟ ਦੇਂਦਾ ਤੇ ਸੰਦੂਕ ਦੇ ਦੋਵੇਂ ਹਿੱਸੇ ਖਿੱਚ ਕੇ ਵੱਖਰੇ ਕਰ ਦੇਂਦਾ ਤੇ ਫਿਰ ਲੜਕੀ ਨੂੰ ਕਹਿੰਦਾ ਸਿਰ ਹਿਲਾ, ਉਹ ਸਿਰ ਹਿਲਾਉਂਦੀ ਤੇ ਫੇਰ ਪੈਰ ਹਿਲਾਉਂਦੀ। ਇਸ ਖੇਲ ਨੂੰ ਵੇਖਣ ਲਈ ਦੁਨੀਆਂ ਦੂਰ-ਦੂਰ ਤੋਂ ਆਉਂਦੀ। ਫਿਰ ਉਹੋ ਹੋਇਆ ਜਾਦੂਗਰ ਨੂੰ ਦੂਸਰੀ ਸਰਕਸ ਵਾਲਿਆਂ ਨੇ ਜ਼ਿਆਦਾ ਪੈਸੇ ਦਿੱਤੇ ਤੇ ਉਸ ਨੇ ਜਾਨ ਨੋਬਲ ਸਰਕਸ ਦੇ ਮਾਲਕ ਤੋਂ ਛੁੱਟੀ ਲੈ ਲਈ। ਉਸ ਨੇ ਕਿਹਾ ਇਸ ਤਰ੍ਹਾਂ ਕਰ ਮੇਰੇ ਕਿਸੀ ਇਕ ਬਾਜ਼ੀਗਰ ਨੂੰ ਸਿਖਲਾਈ ਦੇ ਤੇ ਫਿਰ ਚਲਾ ਜਾਈਂ। ਜਾਦੂਗਰ ਮੰਨ ਗਿਆ। ਸਰਕਸ ਦੇ ਮਾਲਕ ਨੇ ਕਿਹਾ ਇਹ ਕਰਤਬ ਸਾਰਿਆਂ ਤੋਂ ਅਹਿਮ ਹੈ, ਇਸ ਵਿਚ ਮੈਂ ਮੁਹਾਰਤ ਹਾਸਲ ਕਰੂੰਗਾ। ਮਾਲਕ ਉਹ ਕਰਤਬ ਬੜੀ ਕਾਮਯਾਬੀ ਨਾਲ ਕਰਨ ਲੱਗਾ। ਪਰੰਤੂ ਕਈ ਵਾਧੇ ਵੀ ਕਰ ਲਏ। ਕਦੀ ਆਪਣੀ ਜੇਬ ਵਿਚੋਂ ਕਬੂਤਰ ਕੱਢ ਕੇ ਉਡਾਉਂਦਾ, ਪਾਣੀ ਦਾ ਭਰਿਆ ਗਲਾਸ ਦਰਸ਼ਕਾਂ ਉੱਤੇ ਸੁੱਟਦਾ ਤੇ ਫੁੱਲ ਬਣ ਕੇ ਕਿਰਦੇ। ਮੁਹੰਮਦ ਅਲੀ ਤੇ ਰਾਮ ਪਿਆਰਾ ਉਸ ਦੀ ਮਦਦ ਕਰਦੇ। ਸਰਕਸ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰਨ ਲੱਗੀ। ਕਤਾਰਾਂ ਵਿਚ ਲੋਕ ਘੰਟਿਆਂ ਬੱਧੀ ਖਲੋ ਕੇ ਟਿਕਟ ਲੈਣ ਦੀ ਇੰਤਜ਼ਾਰ ਕਰਦੇ। ਇਕ ਦਿਨ ਸੰਦੂਕ ਵਿਚ ਲੇਟਣ ਵਾਲੀ ਲੜਕੀ ਨੂੰ ਬੁਖਾਰ ਹੋ ਗਿਆ ਤੇ ਸਰਕਸ ਦੇ ਮਾਲਕ ਨੇ ਸ਼ਕੁੰਤਲਾ ਨੂੰ ਕਿਹਾ ਕਿ ਅੱਜ ਤੂੰ ਲੇਟ ਜਾ, ਉਹ ਉਹਦੇ ਲਈ ਸਭ ਤੋਂ ਸੌਖਾ ਕੰਮ ਸੀ।

ਸਰਕਸ ਦਾ ਸ਼ੋਅ ਸਿਖਰ 'ਤੇ ਸੀ। ਦਰਸ਼ਕ ਤਾੜੀਆਂ ਵਜਾ ਵਜਾ ਕੇ ਤਮਾਸ਼ਾ ਵਿਖਾਉਣ ਵਾਲੇ ਨੂੰ ਦਾਦ ਦੇ ਰਹੇ ਸਨ। ਅੰਤ ਵਿਚ ਸਭ ਤੋਂ ਮਸ਼ਹੂਰ ਤਮਾਸ਼ਾ ਪੇਸ਼ ਕੀਤਾ ਗਿਆ। ਸਰਕਸ ਦੇ ਜਾਦੂਗਰ ਮਾਲਕ ਨੇ ਆਪਣੇ ਹੈਟ ਵਿਚੋਂ ਕਬੂਤਰ ਖਰਗੋਸ਼ ਪਤਾ ਨਹੀਂ ਕੀ ਕੁਝ ਕੱਢਿਆ। ਸੰਦੂਕ ਵਾਲਾ ਤਮਾਸ਼ਾ ਬੜਾ ਮਸ਼ਹੂਰ ਸੀ। ਸ਼ਕੁੰਤਲਾ ਸੰਦੂਕ ਵਿਚ ਲੇਟ ਗਈ ਅਤੇ ਜਾਦੂਗਰ ਮਾਲਕ ਨੇ ਆਰੇ ਦਾ ਇਕ ਸਿਰਾ ਰਾਮ ਪਿਆਰੇ ਨੂੰ ਫੜਾਇਆ ਤੇ ਦੂਸਰਾ ਮੁਹੰਮਦ ਅਲੀ ਨੂੰ। ਸ਼ਕੁੰਤਲਾ ਨੂੰ ਕਿਹਾ ਸਿਰ ਹਿਲਾ। ਉਹਨੇ ਸਿਰ ਹਿਲਾਇਆ। ਫੇਰ ਉਸ ਨੇ ਕਿਹਾ ਪੈਰ ਹਿਲਾ। ਉਸ ਨੇ ਪੈਰ ਹਿਲਾਏ। ਜਾਦੂਗਰ ਨੇ ਰਾਮ ਪਿਆਰੇ ਤੇ ਮੁਹੰਮਦ ਅਲੀ ਨੂੰ ਇਸ਼ਾਰਾ ਕੀਤਾ, ਆਰਾ ਚਲਾਓ। ਆਰੇ ਦਾ ਚੱਲਣਾ ਸੀ ਕਿ ਸ਼ਕੁੰਤਲਾ ਦੀ ਚੀਕ ਨਿਕਲ ਗਈ। ਸ਼ਾਇਦ ਜਾਦੂਗਰ ਸੰਦੂਕ ਦੇ ਖਾਲੀ ਹਿੱਸੇ ਵਿਚ ਸ਼ਕੁੰਤਲਾ ਨੂੰ ਲਿਟਾਉਣਾ ਭੁੱਲ ਗਿਆ ਸੀ। ਸ਼ਕੁੰਤਲਾ ਦੇ ਜਿਸਮ ਦੇ ਦੋ ਹਿੱਸੇ ਹੋ ਗਏ ਸੀ। ਖੂਨ ਦੇ ਫਵਾਰੇ ਨਾਲ ਜ਼ਮੀਨ ਤੇ ਚਿੱਕੜ ਹੋ ਗਿਆ। ਦਰਸ਼ਕਾਂ ਵਿਚ ਭਗਦੜ ਮੱਚ ਗਈ। ਸ਼ਕੁੰਤਲਾ ਦਾ ਸਿਰ ਤੇ ਪੈਰ ਤੜਫਣ ਬਾਅਦ ਹਿੱਲਣੇ ਬੰਦ ਹੋ ਗਏ।

ਫੌਰਨ ਕੱਟੀ ਹੋਈ ਸ਼ਕੁੰਤਲਾ ਨੂੰ ਉੱਥੋਂ ਬਾਹਰ ਲਿਆਂਦਾ ਗਿਆ। ਰਾਮ ਅਲੀ ਮਾਂ ਮਾਂ ਪੁਕਾਰਦਾ ਹੋਇਆ ਉੱਥੇ ਪਹੁੰਚਿਆ ਤੇ ਆਪਣੀ ਮਾਂ ਦੇ ਖੂਨ ਨੂੰ ਵੇਖਣ ਲੱਗਾ, ਮੈਂ ਵੀ ਉੱਥੇ ਪਹੁੰਚ ਗਿਆ। ਕੀ ਵੇਖਦਾ ਹਾਂ ? ਸ਼ਕੁੰਤਲਾ ਦਾ ਖੂਨ ਪਾਕਿਸਤਾਨ ਦਾ ਨਕਸ਼ਾ ਬਣ ਗਿਆ ਸੀ। ਰਾਮ ਅਲੀ ਰੋ-ਰੋ ਕੇ ਕਹਿ ਰਿਹਾ ਸੀ 'ਮੈਂ ਕਿੱਥੇ ਜਾਵਾਂ ?'

# ਹੁਣ ਅਮਰੀਕਾ ਮੇਰਾ ਦੇਸ਼ ਹੈ—ਸੁਖਵਿੰਦਰ ਕੰਬੋਜ

*ਮੁਲਾਕਾਤੀ : ਅਜਮੇਰ ਸਿੱਧੂ*

ਸੁਖਵਿੰਦਰ ਕੰਬੋਜ ਪੰਜਾਬ/ਭਾਰਤ ਦਾ ਜੰਮਪਾਲ ਤੇ ਅਮਰੀਕਾ ਦੇਸ਼ ਦਾ ਨਾਗਰਿਕ ਹੈ। ਉਹ ਦਾ ਪੰਜਾਬੀ ਦੇ ਚੋਣਵੇਂ ਸ਼ਾਇਰਾਂ ਵਿੱਚ ਸ਼ੁਮਾਰ ਹੈ ਜਿਹੜੇ ਅਨੁਕੂਲ ਤੇ ਪ੍ਰਤਿਕੂਲ ਦੋਹਾਂ ਸਥਿਤੀਆਂ ਵਿਚ ਹੀ ਆਪਣੀ ਕਵਿ ਸਿਰਜਣਾ ਜਾਰੀ ਰੱਖ ਰਹੇ ਹਨ। ਉਹ ਲਗਭਗ ਪਿਛਲੇ ਅਠਾਈ ਸਾਲਾਂ ਤੋਂ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਰਹਿ ਰਿਹਾ ਹੈ। ਆਮ ਪ੍ਰਵਾਸੀਆਂ ਨੂੰ ਘਰ, ਦਫ਼ਤਰ ਅਤੇ ਗੁਰੂ ਘਰ ਦਾ ਹੀ ਗਿਆਨ ਹੁੰਦਾ ਹੈ ਪਰ ਉਸਨੇ ਉੱਥੇ ਜੀਵਨ ਜੀਵਿਆ ਹੀ ਨਹੀਂ ਸਗੋਂ ਬਹੁਤ ਸਾਰੇ ਕੋਣਾਂ ਤੋਂ ਵੇਖਿਆ ਵੀ ਹੈ। ਉਸਨੂੰ ਸਾਹਿਤ ਦੀਆਂ ਸਭ ਵਿਧਾਵਾਂ, ਖ਼ਾਸ ਕਰਕੇ ਕਵਿਤਾ ਬਾਰੇ ਕਾਫ਼ੀ ਸੂਝ ਹੈ। ਮਾਰਕਸ ਦੇ ਫਲਸਫੇ ਅਤੇ ਉੱਘੇ ਪੱਛਮੀ ਵਿਦਵਾਨਾਂ ਦੇ ਸਿਧਾਂਤਾਂ ਬਾਰੇ ਵੀ ਉਸਨੂੰ ਜਾਣਕਾਰੀ ਹੈ।

ਉਸਨੇ ਵਿਦੇਸ਼ੀ ਭਾਸ਼ਾਵਾਂ, ਖ਼ਾਸ ਕਰਕੇ ਪੰਜਾਬੀ ਦੀ ਕਵਿਤਾ ਨਿੱਠ ਕੇ ਪੜ੍ਹੀ ਹੋਈ ਹੈ। ਉਹ ਕਵਿਤਾ ਦਾ ਅਧਿਐਨ ਕਰਨ ਤੋਂ ਖੁੰਝਦਾ ਨਹੀਂ। ਇਕ ਤੇ ਉਹ ਆਪ ਪੰਜਾਬੀ ਦਾ ਅਧਿਆਪਕ (ਕਾਲਜ ਲੈਕਚਰਾਰ) ਰਿਹਾ ਹੈ ਤੇ ਦੂਸਰਾ ਆਪ ਵੀ ਕਵਿਤਾ ਕਹਿੰਦਾ ਹੈ। ਕਾਵਿ ਸਿਰਜਣਾ ਉਹਦੀ ਜ਼ਿੰਦਗੀ ਦਾ ਹਿੱਸਾ ਹੀ ਹੈ। ਜੋ ਉਸਨੇ ਜਾਂ ਉਹਦੇ ਆਲੇ- ਦੁਆਲੇ ਦੇ ਲੋਕਾਂ ਨੇ ਜੀਵਿਆ ਹੈ, ਉਸ ਵਿੱਚੋਂ ਹੀ ਉਸਦੀ ਕਵਿਤਾ ਜਨਮ ਲੈਂਦੀ ਹੈ। ਜਿਸ ਵਿੱਚੋਂ ਆਮ ਮਨੁੱਖ ਦੀ ਜ਼ਿੰਦਗੀ ਦੀ ਧੜਕਣ ਦੀ ਧੁਨੀ ਸੁਣਾਈ ਦਿੰਦੀ ਹੈ। ਉਸਦੀ ਰਚਨਾਕਾਰੀ ਦੇ ਅਨੁਭਵ ਖੇਤਰ ਤੇ ਕਰਮ ਖੇਤਰ, ਦੋਵਾਂ ਖੇਤਰਾਂ ਦਾ ਘੇਰਾ ਬਹੁਤ ਵਿਸ਼ਾਲ ਹੈ।

ਵੱਡੀ ਗਿਣਤੀ ਵਿਚ ਪ੍ਰਵਾਸੀ ਸ਼ਾਇਰ ਵਿਦੇਸ਼ 'ਚ ਰਹਿ ਕੇ ਕਾਵਿ-ਸਿਰਜਣਾ ਕਰਨ ਵਿਚ ਰੁੱਝੇ ਹੋਏ ਹਨ। ਪਰ ਉਹ ਉਨ੍ਹਾਂ ਸ਼ਾਇਰਾਂ ਵਿੱਚੋਂ ਮੋਹਰੀ ਹੈ, ਜਿਹੜੇ ਪੰਜਾਬੀ/ ਭਾਰਤੀ ਤੇ ਵਿਦੇਸ਼ੀ ਸੱਭਿਆਚਾਰ ਦੇ ਸੰਵਾਦ ਰਾਹੀਂ ਪੰਜਾਬੀ ਕਵਿਤਾ ਵਿਚ ਵਾਧਾ ਹੀ ਨਹੀਂ ਕਰ ਰਹੇ, ਸਗੋਂ ਕੁਝ ਨਵਾਂ ਤੇ ਵੱਖਰਾ ਵੀ ਰਚ ਰਹੇ ਹਨ। ਉਸਦੀ ਸ਼ਾਇਰੀ ਦਾ ਉਦੇਸ਼ ਦੱਬੇ-ਕੁਚਲੇ ਤੇ ਸਾਧਾਰਨ ਮਨੁੱਖ ਦੀ ਆਵਾਜ਼ ਬਣਨਾ ਹੈ। ਉਸਦੀ ਸਮੁੱਚੀ ਕਵਿਤਾ ਸਮਾਜਿਕ ਤੇ ਇਤਿਹਾਸਕ ਕ੍ਰਾਂਤੀ ਦੀ ਪੂਰਤੀ ਵੱਲ ਸੇਧਤ ਰਹਿੰਦੀ ਹੈ।

ਉਹ ਇਸ ਬਹਿਸ ਦਾ ਹਿੱਸਾ ਨਹੀਂ ਬਣਦਾ ਕਿ ਕਵਿਤਾ ਛੰਦਬੰਦੀ ਵਿਚ ਹੋਵੇ ਜਾਂ ਛੰਦ ਰਹਿਤ। ਉਸਨੇ ਛੰਦਬੰਦੀ ਵਿਚ ਵੀ ਅਨੇਕਾਂ ਸੁੰਦਰ ਕਵਿਤਾਵਾਂ ਲਿਖੀਆਂ ਹਨ ਤੇ ਛੰਦ ਰਹਿਤ ਵੀ। ਇਸੇ ਕਾਰਨ ਉਸਨੇ ਨਜ਼ਮਾਂ, ਗ਼ਜ਼ਲਾਂ ਤੇ ਗੀਤਾਂ ਦੀ ਸਿਰਜਣਾ ਕੀਤੀ ਹੈ। ਉਸ ਕੋਲ ਕਵਿਤਾ ਕਹਿਣ ਦੀ ਜਾਚ ਹੈ। ਸੋਚਣ ਤੇ ਚਿੰਤਨ ਦਾ ਵੇਗ ਵੀ ਹੈ। ਉਸ ਕੋਲ ਆਪਣੇ ਵਿਰਸੇ ਵਾਲੀ ਕਵਿਤਾ ਅਤੇ ਨਵੀਂ ਕਵਿਤਾ ਦਾ ਗਿਆਨ ਬੋਧ ਵੀ ਹੈ, ਮੁਹਾਵਰਾ ਵੀ ਹੈ ਅਤੇ ਮੁਹਾਂਦਰਾ ਵੀ ਹੈ। ਸਭ ਤੋਂ ਵੱਡੀ ਗੱਲ ਪੰਜਾਬੀ/ਭਾਰਤੀ ਅਤੇ ਵਿਦੇਸ਼ੀ ਸੱਭਿਆਚਾਰ ਦੇ ਮੇਲ ਵਿੱਚੋਂ ਸੱਜਰੇ ਸਿਰਜਣ ਦੀ ਕਲਾ ਹੈ। ਉਸਦੀ ਕਵਿਤਾ ਦੇ ਕੇਂਦਰ ਵਿਚ ਸੰਤ ਰਾਮ ਉਦਾਸੀ ਵਾਲਾ 'ਸੂਰਜ' ਹੈ। ਸੱਚ ਦਾ ਸੂਰਜ। ਕਿਰਤੀਆਂ ਦੇ ਵਿਹੜੇ ਵਿਚ ਮੱਘਣ ਦੀ ਲੋਚਾ। ਸਾਡੇ ਦੌਰ ਦੇ ਇਸ ਕਵੀ ਦਾ ਖ਼ਿਆਲ ਹੈ ਕਿ ਦੁਨੀਆ ਵਿਚ ਸਿਰਫ਼ ਸੂਰਜ ਭਾਵ ਸੱਚ ਹੀ ਚਮਕਦਾ ਹੈ।

ਅਮਰੀਕੀ ਕਵਿਤਾ ਦੇ ਅਨੇਕਾਂ ਪਾਸਾਰ ਹਨ। ਸੁਖਵਿੰਦਰ ਕੰਬੋਜ ਦੀ ਕਵਿਤਾ ਮੁੱਖ ਚਾਰ ਪਾਸਾਰਾਂ ਦੁਆਲੇ ਕੇਂਦਰਤ ਹੈ। (ੳ) ਉਸਦੇ 60 ਸਾਲ ਦੇ ਜੀਵਨ ਦੌਰਾਨ ਵੱਡੀਆਂ ਇਤਿਹਾਸਕ, ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਕ ਤਬਦੀਲੀਆਂ ਆਈਆਂ ਹਨ। ਕੰਬੋਜ ਡੂੰਘੀ ਨੀਝ



ਨਾਲ ਇਨ੍ਹਾਂ ਤਬਦੀਲੀਆਂ ਨੂੰ ਅਤੇ ਜ਼ਿੰਦਗੀ ਨੂੰ ਅੱਡ-ਅੱਡ ਕੋਣਾਂ ਤੋਂ ਵੇਖਣ, ਪਰਖਣ, ਜਾਣਨ ਅਤੇ ਪਹਿਚਾਨਣ ਵਾਲਾ ਸ਼ਾਇਰ ਹੈ। ਉਸਦੇ ਵਿਦਿਆਰਥੀ ਜੀਵਨ ਸਮੇਂ ਮਾਰਕਸੀ-ਲੈਨਿਨੀ ਲਹਿਰ ਜ਼ੋਰਾਂ 'ਤੇ ਸੀ। ਇਹ ਲਹਿਰ ਉਨ੍ਹਾਂ ਹਥਿਆਰਬੰਦ ਕ੍ਰਾਂਤੀਕਾਰੀਆਂ ਦੀ ਸੀ, ਜਿਹੜੇ ਬੰਦੇ ਨੂੰ ਬੰਦਾ ਸਮਝਣ ਅਤੇ ਬਰਾਬਰੀ ਵਾਲਾ ਸਮਾਜ ਬਣਾਉਣ ਵਿਚ ਯਕੀਨ ਰੱਖਦੇ ਹਨ। ਸੁਖਵਿੰਦਰ ਕੰਬੋਜ ਵੀ ਇਸ ਜੁਝਾਰੂ ਲਹਿਰ ਦਾ ਹਮਾਇਤੀ ਬਣ ਗਿਆ ਸੀ। ਇਸ ਲਹਿਰ ਦੀ ਪਿੱਠ ਭੂਮੀ ਵਜੋਂ ਜੁਝਾਰਵਾਦੀ ਕਾਵਿ-ਧਾਰਾ ਉੱਭਰੀ ਸੀ। ਇਹ ਕਾਵਿ-ਭੂਮੀ ਉਸਦੀ ਕਵਿਤਾ ਦੀ ਆਧਾਰਸ਼ਿਲਾ ਬਣਦੀ ਹੈ। ਉਹ ਇਸ ਜੁਝਾਰਵਾਦੀ ਕਾਵਿ-ਧਾਰਾ ਦੀ ਭਾਸ਼ਾ, ਤਕਨੀਕ, ਬਿੰਬ, ਮੁਹਾਵਰੇ, ਇੱਥੋਂ ਤੱਕ ਇਸਦੇ ਪ੍ਰਮੁੱਖ ਕਵੀਆਂ ਦੀ ਕਵਿਤਾ ਤੋਂ ਬੇਹੱਦ ਪ੍ਰਭਾਵਤ ਪ੍ਰਤੀਤ ਹੁੰਦਾ ਹੈ।

(ਅ) ਉਸਦੀ ਕਵਿਤਾ ਦਾ ਦੂਸਰਾ ਪਾਸਾਰ ਉਸਦੀ ਜਨਮ ਭੌਂਇ ਪੰਜਾਬ ਉੱਤੇ ਦੋ ਦਹਾਕੇ ਦਨਦਨਾਉਂਦੀ ਰਹੀ ਦਹਿਸ਼ਤ ਦਾ ਸੱਚ ਹੈ। ਭਾਵੇਂ ਉਹ ਸ਼ੁਰੂਆਤੀ ਸਾਲਾਂ ਵਿਚ ਪੰਜਾਬ ਛੱਡ ਗਿਆ ਸੀ। ਉਦੋਂ ਅਜੇ ਮਾਰ-ਧਾੜ ਸ਼ੁਰੂ ਹੀ ਹੋਈ ਸੀ। ਪਰ ਪਿੱਛੋਂ ਪਾਸ਼, ਬਲਦੇਵ ਸਿੰਘ ਮਾਨ ਸਮੇਤ ਉਸਦੇ ਅਨੇਕਾਂ ਸੰਗੀ ਸਾਥੀਆਂ ਦੇ ਕਤਲ ਕਰ ਦਿੱਤੇ ਗਏ, ਜਿਹੜੇ ਉਸ ਲਈ ਜਾਨ ਨਾਲੋਂ ਵੱਧ ਪਿਆਰੇ ਸਨ। ਉਸਨੇ ਆਪਣੇ ਸਾਥੀਆਂ ਦਾ ਵਿਛੋੜਾ ਵੀ ਝੱਲ ਲਿਆ। ਪਰ ਉਹਨੂੰ ਵੱਡਾ ਦੁੱਖ ਇਸ ਗੱਲ ਦਾ ਹੈ ਕਿ ਜਿਸ ਇਨਕਲਾਬੀ ਲਹਿਰ ਲਈ 82 ਸਾਲ ਦੇ ਬਾਬਾ ਬੂਝਾ ਸਿੰਘ ਵਰਗੇ ਸ਼ਹੀਦ ਹੋ ਗਏ, ਉਹ ਲਹਿਰ ਪਤਾ ਨਹੀਂ ਕਿੰਨੇ ਸਾਲ ਪਿੱਛੇ ਪੈ ਗਈ। ਉਹਦਾ ਇਹ ਮੰਨਣਾ ਕਿ ਇਹ ਸਾਰੀ ਖੇਡ ਸਟੇਟ ਦੀ ਸੀ। ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ। ਉਹ ਇਸ ਖੇਡ ਨਾਲ ਵਾਪਰੇ ਡੂੰਘੇ ਸੰਤਾਪ ਦੀ ਪੀੜ ਦਾ ਸੱਚ ਕਵਿਤਾ ਰਾਹੀਂ ਪੇਸ਼ ਕਰਦਾ ਹੈ। ਉਹ ਪੰਜਾਬ ਤਰਾਸਦੀ ਦੇ ਪੈਣ ਵਾਲੇ ਦੂਰਰਸੀ ਦੁਰਪ੍ਰਭਾਵਾਂ ਨੂੰ ਵੀ ਪੇਸ਼ ਕਰਦਾ ਹੈ ਅਤੇ ਵਿਰੋਧ ਦੀ ਸੁਰ ਵਿਚ ਮੁਖਾਤਬ ਹੁੰਦਾ ਹੈ।

(ੲ) ਪਿਆਰ ਦੇ ਤਿੱਖੇ ਅਹਿਸਾਸਾਂ ਦਾ ਸੱਚ ਉਸਦੀ ਕਵਿਤਾ ਦਾ ਤੀਜਾ ਪਾਸਾਰ ਹੈ।

(ਸ) ਉਸ ਕੋਲ ਪ੍ਰਵਾਸੀ ਜੀਵਨ ਦਾ ਚੋਖਾ ਅਨੁਭਵ ਹੈ। ਉਸਨੇ ਪੰਜਾਬੀ/ਭਾਰਤੀ ਅਤੇ ਵਿਦੇਸ਼ੀ ਦੋ ਸੱਭਿਆਚਾਰਾਂ ਦੇ ਦਬਾਓ ਹੇਠ ਉਸਰਨ ਵਾਲੀ ਮਨੁੱਖੀ ਮਾਨਸਿਕਤਾ ਦੇ ਅੰਤਰ-ਦਵੰਦਾਂ ਨੂੰ ਕਾਵਿ ਸਿਰਜਣਾ ਰਾਹੀਂ ਉਭਾਰਿਆ ਹੈ। ਉਸਨੇ ਇਨ੍ਹਾਂ ਅੰਤਰ-ਦਵੰਦਾਂ ਦੀ ਜਾਣ-ਪਛਾਣ ਹੀ ਨਹੀਂ ਕਰਵਾਈ, ਸਗੋਂ ਨਵੇਂ ਕਾਵਿ-ਬਿੰਬਾਂ ਰਾਹੀਂ ਆਪਣੀ ਕਾਵਿ ਸੰਵੇਦਨਾ ਅਤੇ ਸੁਹਜ ਸਿਰਜਣਾ ਦਾ ਸਿੱਕਾ ਵੀ ਮੰਨਵਾਇਆ ਹੈ। ਉਸ ਦੀਆਂ ਕਵਿਤਾਵਾਂ ਸਾਮਰਾਜ ਵਿਰੋਧੀ ਭਾਵਨਾਵਾਂ ਵਾਲੀਆਂ ਹਨ।

ਸੁਖਵਿੰਦਰ ਕੰਬੋਜ ਦੀ ਕਵਿਤਾ ਨੂੰ ਇਨ੍ਹਾਂ ਚਾਰ ਪਾਸਾਰਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਉਸਦੀ ਬਹੁਤੀ ਕਵਿਤਾ ਇਨ੍ਹਾਂ ਪਾਸਾਰਾਂ ਦੁਆਲੇ ਘੁੰਮਦੀ ਜ਼ਰੂਰ ਹੈ। ਪਰ ਉਸ ਕੋਲ ਵਿਸ਼ਿਆਂ ਦਾ ਅਥਾਹ ਭੰਡਾਰ ਹੈ। ਪਿਆਰ, ਦੇਸ਼ ਦੇ ਅਰਥ, ਪੰਜਾਬ ਦੁਖਾਂਤ, ਯੁੱਧ, ਸਿਟੀਜਨ ਬਣਨ ਦੀਆਂ ਔਕੜਾਂ, ਕੱਚੇ ਹੋਣ ਦਾ ਸੰਤਾਪ, ਅਮਰੀਕੀ ਕਲਚਰ ਦੀ ਖਿੱਚ, ਬੰਦੇ ਦਾ ਸਬੂਤਾ ਰਹਿਣਾ, ਸਪੇਖ ਆਜ਼ਾਦੀ, ਬੰਦੇ ਦਾ ਅਮਾਨਵੀਕਰਨ ਹੋ ਜਾਣਾ, ਸੰਸਕ੍ਰਿਤੀ ਦੀ ਅਧੋਗਤੀ, ਮੈਂ ਕੇਂਦਰ ਸਮਾਜ, ਆਮ ਮਨੁੱਖ ਦੀ ਹੋਣੀ, ਡਰੱਗ ਕਲਚਰ, ਗੈਂਗ ਵਾਰ, ਸਾਮਰਾਜ, ਔਰਤ-ਮਰਦ ਦੇ ਰਿਸ਼ਤੇ, ਵਿਆਹ ਦੇ ਅਰਥ, ਸੰਸਥਾਵਾਂ, ਧਰਮ ਦੇ ਅਰਥ, ਮਾਣ-ਮਰਿਯਾਦਾ, ਇਜੀਮੈਨ ਦੀ ਦਸ਼ਾ, ਬੇਰੁਜ਼ਗਾਰੀ, ਸਟਰੈੱਸ, ਘਰ, ਕਿਸ਼ਤਾਂ, ਤਣਾਅ......ਆਦਿ ਵਿਸ਼ਿਆਂ ਉੱਤੇ ਕਵਿਤਾ ਲਿਖੀ ਮਿਲਦੀ ਹੈ। ਉਸਦੀ ਕਵਿਤਾ, ਖ਼ਾਸ ਤੌਰ 'ਤੇ ਗੀਤ ਮਨੁੱਖੀ ਰਿਸ਼ਤਿਆਂ ਦੇ ਯੁੱਗਾਂ-ਯੁੱਗਾਂ

ਤੋਂ ਚੱਲੇ ਆ ਰਹੇ ਪਿਆਰ, ਮੁਹੱਬਤ ਅਤੇ ਵਿਰੋਧਾਂ ਬਾਰੇ ਵੀ ਹਨ। ਇਹ ਪਰਿਵਾਰਕ ਭਾਵਨਾਵਾਂ ਵਾਲੇ ਵੀ ਹਨ।

ਸੁਖਵਿੰਦਰ ਕੰਬੋਜ ਦੇ ਤਿੰਨ ਕਾਵਿ ਸੰਗ੍ਰਹਿ ਨਵੇਂ ਸੂਰਜ, ਜਾਗਦੇ ਅੱਖਰ, ਇਕੋ ਜਿਹਾ ਦੁੱਖ ਛੱਪ ਚੁੱਕੇ ਹਨ। 2005 ਵਿਚ ਇਨ੍ਹਾਂ ਤਿੰਨ ਕਾਵਿ-ਸੰਗ੍ਰਿਹਾਂ ਅਤੇ ਅਣਛਪੀ ਕਵਿਤਾ ਇਕੋ ਜਿਲਦ ਵਿਚ 'ਉਮਰ ਦੇ ਇਸ ਮੋੜ ਤੀਕ' ਟਾਈਟਲ ਹੇਠ ਛਪ ਚੁੱਕੀ ਹੈ। ਅਕਤੂਬਰ 2012 ਵਿੱਚ ਮੈਂ ਕੈਲੇਫੋਰਨੀਆ (ਅਮਰੀਕਾ) ਦੇ ਸ਼ਹਿਰ ਬਰੈਂਟਵੁੱਡ ਵਿਖੇ ਉਨ੍ਹਾਂ ਨਾਲ ਇੰਟਰਵੀਊ ਕੀਤੀ ਸੀ।

? ਆਪਣੇ ਪਰਿਵਾਰ ਬਾਰੇ ਦੱਸੋ।

—ਸੰਤਾਲੀ ਦੀ ਵੰਡ ਤੋਂ ਪਹਿਲਾਂ ਮੇਰੇ ਬਜ਼ੁਰਗ ਹੁਣ ਵਾਲੇ ਪਾਕਿਸਤਾਨ ਦੇ ਬਾਰ ਦੇ ਇਲਾਕੇ ਵਿਚ 36 ਚਾਦਰ ਚੱਕ ਵਿਚ ਖੇਤੀ ਕਰਦੇ ਸਨ। 1947 ਵਿੱਚ ਉਹ ਉੱਜੜ ਕੇ ਸੁਲਤਾਨਪੁਰ ਲੋਧੀ ਆ ਗਏ। ਮੇਰੇ ਬਾਬਾ ਜੀ ਭਾਨ ਸਿੰਘ ਟੁਰਨਾ ਸ਼੍ਰੋਮਣੀ ਕਮੇਟੀ ਦੇ ਲੇਖਾਕਾਰ ਵਜੋਂ ਮੁਲਾਜ਼ਮ ਸਨ। ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸਾਹਿਬ ਵਿਖੇ ਨੌਕਰੀ ਮਿਲ ਗਈ। ਉਨ੍ਹਾਂ ਦੀ ਹਾਜ਼ਰੀ ਵਿੱਚ ਗੋਲਕ ਖੋਲ੍ਹੀ ਜਾਂਦੀ ਸੀ ਤੇ ਚੜ੍ਹਾਵਾ ਗਿਣਿਆ ਜਾਂਦਾ ਸੀ। ਸ੍ਰ. ਜਗੀਰ ਸਿੰਘ ਅਤੇ ਮਾਤਾ ਸਵਰਨ ਕੌਰ ਦੇ ਘਰ ਇੱਥੇ ਹੀ ਮੇਰਾ ਜਨਮ 11 ਦਸੰਬਰ, 1952 ਨੂੰ ਹੋਇਆ। ਸਾਡੀ ਜ਼ਮੀਨ ਦਾ ਰਿਕਾਰਡ ਪਾਕਿਸਤਾਨ ਵਿਚ ਹੀ ਰਹਿ ਗਿਆ ਸੀ। ਪਿੱਛੋਂ ਰਿਕਾਰਡ ਆਇਆ ਤਾਂ ਸ਼ਾਹਕੋਟ ਦੇ ਨੇੜੇ ਪਿੰਡ ਬਾਹਮਣੀਆ ਵਿਖੇ ਜ਼ਮੀਨ ਦੀ ਅਲਾਟਮੈਂਟ ਹੋਈ ਸੀ। 1956 ਵਿੱਚ ਮੇਰੇ ਵਡਾਰੂ ਜ਼ਮੀਨ ਵੇਚ ਕੇ ਜ਼ਿਲ੍ਹਾ ਜਲੰਧਰ ਦੇ ਹੀ ਪਿੰਡ ਸ਼ਾਹਪੁਰ (ਮਹਿਤਪੁਰ-ਨਕੋਦਰ ਦੇ ਨੇੜੇ) ਆ ਗਏ। ਇਸ ਪਿੰਡ ਵਿੱਚ ਵੱਡੀ ਗਿਣਤੀ ਵਿਚ ਸਾਡੀ ਕੰਬੋਜ ਬਰਾਦਰੀ ਦੇ ਲੋਕ ਹਨ। ਇਕ ਤਰ੍ਹਾਂ ਇਹ ਕੰਬੋਆਂ ਦਾ ਹੀ ਪਿੰਡ ਹੈ। ਪਹਿਲਾਂ ਤੋਂ ਹੀ ਸਰਪੰਚੀ ਕੰਬੋਆਂ ਕੋਲ ਹੀ ਰਹੀ ਹੈ। ਮੇਰੇ ਬਾਬੇ ਨੇ ਵੀ ਇੱਥੇ ਜ਼ਮੀਨ ਖਰੀਦ ਲਈ। ਜ਼ਮੀਨ ਕੋਈ ਬਹੁਤੀ ਨਹੀਂ ਸੀ। ਮੇਰੇ ਪਿਓ ਦੇ ਹਿੱਸੇ ਤਿੰਨ ਕਿੱਲੇ ਆਉਂਦੇ ਸਨ। ਅਸੀਂ 6 ਭੈਣ ਭਰਾ ਹਾਂ। ਸਭ ਤੋਂ ਵੱਡੀ ਭੈਣ ਹੈ। ਮੈਂ ਦੂਜੇ ਨੰਬਰ 'ਤੇ ਸੀ। ਅਸੀਂ ਸ਼ਾਹਪੁਰ ਵਿੱਚ ਹੀ ਪਲੇ ਤੇ ਵੱਡੇ ਹੋਏ ਹਾਂ।

? ਜਦੋਂ ਤੁਹਾਡੇ ਪਰਿਵਾਰ ਦੇ ਮੈਂਬਰ ਬਾਰ (ਪਾਕਿਸਤਾਨ) ਤੋਂ ਉੱਜੜ ਕੇ ਆਏ, ਕਿੰਨਾ ਕੁ ਨੁਕਸਾਨ ਹੋਇਆ।

—ਸਭ ਕੁਝ ਛੱਡ ਕੇ ਖਾਲੀ ਹੱਥ ਆਏ ਸਨ। ਭਰ ਜੁਆਨ ਸੀ ਮੇਰੀ ਭੂਆ ਜੀਤੋ। ਉਹਨੂੰ ਅਗਵਾ ਕਰ ਲਿਆ ਸੀ। ਹਮਲਾਵਰ ਪਤਾ ਨਹੀਂ ਉਹਨੂੰ ਕਿੱਥੇ ਲੈ ਗਏ ਸਨ। 1956 ਜਾਂ 57 ਵਿੱਚ ਭਾਰਤੀ ਮਿਲਟਰੀ ਭੂਆ ਨੂੰ ਲੱਭ ਕੇ ਲੈ ਆਏ ਸਨ। ਉੱਥੇ ਕਿਸੇ ਨੇ ਜਬਰਦਸਤੀ ਰੱਖੀ ਹੋਈ ਸੀ। ਭਾਰਤੀ ਅਨੁਸਾਰ ਉੱਥੇ ਰਹਿ ਗਈਆਂ ਕੁੜੀਆਂ ਨੂੰ ਲੱਭ ਲਿਆਉਂਦੇ ਸਨ। ਮਿਲਟਰੀ ਵਾਲੇ ਭੂਆ ਨੂੰ ਘਰ ਲੈ ਕੇ ਆਏ ਤਾਂ ਸਾਡਾ ਬਾਬਾ ਭੂਆ ਨੂੰ ਆਪਣੀ ਧੀ ਮੰਨਣ ਤੋਂ ਮੁਕਰ ਗਿਆ। ਪਰ ਮਿਲਟਰੀ ਵਾਲੇ ਭੂਆ ਨੂੰ ਪਿੰਡ ਵਿੱਚ ਛੱਡ ਗਏ ਸਨ। ਉਨ੍ਹਾਂ ਦਾ ਰੋਜ਼ ਦਾ ਵਾਹ ਸੀ। ਲੁੱਟ-ਪੁੱਟ ਹੋਈਆਂ ਧੀਆਂ ਨੂੰ ਮਾਪੇ ਉਦੋਂ ਸਵੀਕਾਰਦੇ ਨਹੀਂ ਸਨ। ਮੇਰੀ ਭੂਆ 2-3 ਦਿਨ ਘਰ ਜਬਰਦਸਤੀ ਰਹੀ। ਫਿਰ ਤੀਜੇ ਦਿਨ ਸ਼ਾਮ ਢਲੇ ਭੂਆ ਨੇ ਖੂਹ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਮੇਰੀ ਮਾਂ ਦੱਸਦੀ ਸੀ। ਉਹ ਤੇ ਦਾਦੀ ਬਹੁਤ ਕੁਰਲਾਈਆਂ। ਬਾਬੇ ਅੱਗੇ ਹੱਥ ਜੋੜੇ। ਗੁਰੂਆਂ ਦਾ ਬਾਸਤਾ ਪਾਇਆ। ਧਰਮ ਦੀਆਂ ਉਦਾਹਰਣਾਂ ਦਿੱਤੀਆਂ। ਪਰ ਬਾਬਾ ਟੱਸ ਤੋਂ ਮੱਸ ਨਹੀਂ ਸੀ ਹੋਇਆ। ਉਹਨਾਂ ਦੀਆਂ ਅੱਖਾਂ ਸਾਹਮਣੇ ਘਰ ਦੀ ਇਕ ਧੀ ਧਿਆਣੀ ਘਰੋਂ ਨਿਕਲੀ ਤੇ ਖੂਹ ਵਿਚ ਛਾਲ ਮਾਰ ਦਿੱਤੀ। ਮਰੀ ਹੋਈ ਨੂੰ ਖੂਹ ਵਿੱਚੋਂ



ਕੱਢਿਆ ਸੀ। ਦਾਗ਼ ਦੇ ਦਿੱਤੇ। ਕੋਈ ਕਾਨੂੰਨੀ ਕਾਰਵਾਈ ਨਹੀਂ ਸੀ ਹੋਈ। ਉਦੋਂ ਕੋਈ ਪੁੱਛਦਾ ਨਹੀਂ ਸੀ। ਉਨ੍ਹਾਂ ਸਾਲਾਂ ਵਿੱਚ ਲੱਖਾਂ ਵਿਚ ਤਾਂ ਜਾਨਾਂ ਗਈਆਂ ਸਨ। ਭਾਰਤ-ਪਾਕਿਸਤਾਨ ਦੀ ਅਖੌਤੀ ਆਜ਼ਾਦੀ ਨੇ 10 ਲੱਖ ਪੰਜਾਬੀਆਂ ਦੀਆਂ ਜਾਨਾਂ ਲਈਆਂ ਸਨ।

ਹੁਣ ਮੇਰੇ ਮਾਂ-ਬਾਪ ਤਾਂ ਇਸ ਦੁਨੀਆ ਵਿਚ ਰਹੇ ਨਹੀਂ ਹਨ। ਮੇਰੀ ਪਤਨੀ ਨਵਦੀਪ ਕੌਰ ਹੈ ਜੋ ਮੇਰੇ ਨਾਲ ਸਟੋਰ 'ਤੇ ਕੰਮ ਵਿਚ ਹੱਥ ਵਟਾਉਂਦੀ ਹੈ। ਬੇਟੀ ਰਿਚਾ ਗ੍ਰੈਜੂਏਸ਼ਨ ਕਰਦੀ ਹੈ। ਬੇਟੇ ਪੁਨੀਤ ਤੇ ਡਾਕਟਰ ਵਿਨੀਤ ਵਿਆਹੇ ਹੋਏ ਹਨ। ਨੂੰਹਾਂ ਗਗਨਦੀਪ ਤੇ ਜੱਸ ਚੰਗੇ ਸੰਸਕਾਰਾਂ ਵਾਲੀਆਂ ਹਨ। ਜਾਗੀਰ ਸੰਸਕਾਰ ਤੇ ਅਦਿਤਿਆ ਅਰਮਾਨ ਮੇਰੇ ਲਾਡਲੇ ਪੋਤੇ ਹਨ।

ਸ਼ਾਇਰੀ ਦਾ ਘਰ ਵਿਚ ਮਾਹੌਲ ਸੀ।

ਗੁਰਦੁਆਰਾ ਸਾਹਿਬ ਗੁਰਪੁਰਬ 'ਤੇ ਕਵਿਤਾ ਜਾਂ ਗੀਤ ਬੋਲਦਾ ਹੁੰਦਾ ਸੀ। ਬਾਬਾ ਜੀ ਗੁਰੂ ਘਰ ਲੈ ਜਾਂਦੇ ਹਨ। ਉੱਥੇ ਬੱਚਿਆਂ ਨੂੰ ਮੌਕਾ ਦਿੰਦੇ ਸਨ। ਮੇਰੇ ਪਿਤਾ ਜੀ ਸ੍ਰ. ਜਗੀਰ ਸਿੰਘ ਕੰਬੋਜ ਉਰਦੂ ਵਿੱਚ ਸ਼ਾਇਰੀ ਕਰਦੇ ਸਨ। ਉਹ ਤੁਕਬੰਦੀ ਵਾਲੇ ਸ਼ਾਇਰ ਸਨ। ਉਹ ਕਿਸੇ ਨਾ ਕਿਸੇ ਮੌਕੇ ਆਪਣੀ ਕਲਾ ਦੇ ਫਨ ਦਾ ਮੁਜ਼ਾਹਰਾ ਕਰਦੇ ਸਨ। ਪਿੰਡ ਕੋਟਲੀ ਗਾਜਰਾ ਤੋਂ ਮੇਰੇ ਮਾਮਾ ਜੀ ਗੁਰਦੀਪ ਸਿੰਘ ਚੰਚਲ ਸਨ। ਉਹ ਵੀ ਸਟੇਜੀ ਕਵੀ ਸਨ। ਉਹ ਗੁਰਦਿੱਤ ਸਿੰਘ ਕੁੰਦਨ ਦੇ ਸ਼ਗਿਰਦ ਸਨ। ਉਨ੍ਹਾਂ ਦਾ ਮੇਰੇ ਉੱਤੇ ਜ਼ਿਆਦਾ ਪ੍ਰਭਾਵ ਹੈ। ਮਹਿਤਪੁਰ ਤੋਂ ਗੀਤਕਾਰ ਸੋਹਣ ਸਿੰਘ ਕਲਿਆਣ ਵੀ ਖਿੱਚ ਪਾਉਂਦੇ ਸਨ। ਮੈਂ ਪੰਜਵੀਂ ਜਮਾਤ ਵਿਚ ਇਕ ਧਾਰਮਿਕ ਗੀਤ ਲਿਖਿਆ ਸੀ। ਕਿਸੇ ਗੀਤ ਦੇ ਨਾਲ ਰਲਦਾ-ਮਿਲਦਾ ਸੀ। ਪਿੰਡ ਦੇ ਬਜ਼ੁਰਗ ਕਿੱਸੇ ਪੜ੍ਹਦੇ ਹੁੰਦੇ ਸਨ। ਜ਼ਿੰਦਗੀ ਵਿਲਾਸ ਵਰਗੇ ਕਿੱਸਿਆਂ ਦੀਆਂ ਲਾਈਨਾਂ ਤਾਂ ਬਜ਼ੁਰਗਾਂ ਨੂੰ ਮੂੰਹ ਜ਼ੁਬਾਨੀ ਯਾਦ ਹੁੰਦੀਆਂ ਸਨ।

? ਆਮ ਤੌਰ 'ਤੇ ਸਾਡੇ ਸਕੂਲ ਪੜ੍ਹਾਈ ਅਤੇ ਖੇਡਾਂ ਵਿੱਚ ਤਾਂ ਚੰਗਾ ਰੋਲ ਅਦਾ ਕਰਦੇ ਹਨ। ਪਰ ਸਾਹਿਤ ਨਾਲ ਜੋੜਨ ਵਿੱਚ ਉਨ੍ਹਾਂ ਦਾ ਖ਼ਾਸ ਯੋਗਦਾਨ ਨਹੀਂ ਹੁੰਦਾ। ਤੁਹਾਡੇ ਸਕੂਲ ਦਾ ਕੀ ਰੋਲ ਰਿਹਾ।

—ਮੈਂ 6ਵੀਂ ਜਾਂ 7ਵੀਂ ਜਮਾਤ ਵਿੱਚ ਪੜ੍ਹਦਾ ਸੀ। ਪੰਜਾਬੀ ਅਧਿਆਪਿਕਾ ਨੇ 'ਵੱਡੇ ਹੋ ਕੇ ਕੀ ਬਣਨਾ ਹੈ?' ਵਿਸ਼ੇ 'ਤੇ ਲੇਖ ਲਿਖਣ ਲਈ ਕਿਹਾ। ਸਭ ਵਿਦਿਆਰਥੀਆਂ ਨੇ ਗਾਈਡ ਵਿੱਚ ਜੋ ਲੇਖ ਸੀ, ਉਹ ਯਾਦ ਕਰਕੇ ਲਿਖ ਦਿੱਤਾ। ਮੈਂ ਲਿਖਿਆ ਕਿ ਮੈਂ ਵੱਡਾ ਹੋ ਕੇ ਹਲਵਾਈ ਬਣਾਂਗਾ। ਜਿੰਨੀ ਮਠਿਆਈ ਬਣਾਇਆ ਕਰਾਂਗਾ, ਉਸ ਵਿੱਚੋਂ ਅੱਧੀ ਗਾਹਕਾਂ ਨੂੰ ਵੇਚ ਦਿਆਂ ਕਰਾਂਗਾ ਤੇ ਅੱਧੀ ਆਪਣੇ ਢਿੱਡ ਵਿਚ ਪਾ ਲਿਆ ਕਰਾਂਗਾ। ਪਹਿਲਾਂ ਤਾਂ ਮੇਰੀ ਅਧਿਆਪਿਕਾ ਨੇ ਮੇਰਾ ਲੇਖ ਪੜ੍ਹ ਕੇ ਸਾਰੀ ਜਮਾਤ ਨੂੰ ਸੁਣਾਇਆ। ਸਾਰੀ ਜਮਾਤ ਸੁਣ-ਸੁਣ ਕੇ ਹੱਸ-ਹੱਸ ਕੇ ਲੋਟ ਹੋਈ ਜਾਵੇ। ਫਿਰ ਅਧਿਆਪਿਕਾ ਮੇਰਾ ਲੇਖ ਤੇ ਮੈਨੂੰ ਹੈੱਡਮਾਸਟਰ ਸਾਹਿਬ ਕੋਲ ਲੈ ਗਈ। ਕਵੀ ਬਚਿੰਤ ਰਾਮ ਐਸ਼ ਸਾਡਾ ਹੈੱਡਮਾਸਟਰ ਸੀ। ਉਸਨੇ ਮੇਰਾ ਲੇਖ ਪੜ੍ਹਿਆ। ਜਦੋਂ ਉਹ ਪੜ੍ਹ ਹਟੇ, ਮੈਂ ਦੋਨੋਂ ਹੱਥ ਮੋਹਰੇ ਕਰ ਦਿੱਤੇ। ਹੈੱਡਮਾਸਟਰ ਸਾਹਿਬ ਹੱਸ ਕੇ ਬੋਲੇ। ਭਲਿਆ ਮਾਣਸਾ ਹੱਥ ਕਿਉਂ ਕੀਤੇ ਹਨ। ਮੈਂ ਕਿਹਾ ਡੰਡੇ ਖਾਣ ਲਈ। ਉਹਨੇ ਮੇਰੇ ਹੱਥ ਫੜ ਕੇ ਘੁੱਟੇ। ਮੇਰੇ ਸਿਰ 'ਤੇ ਪਿਆਰ ਦਿੱਤਾ। ਮੈਨੂੰ ਅਗਾਂਹ ਵੀ ਲਿਖਣ ਲਈ ਕਿਹਾ। ਮੇਰੇ ਲੇਖ ਦੀ ਸਿਫ਼ਤ ਕੀਤੀ। ਸਾਡੇ ਸਕੂਲ ਪ੍ਰਾਰਥਨਾ ਸਭਾ ਹੁੰਦੀ ਸੀ। ਮੈਨੂੰ ਉਸ ਵਿੱਚ ਸ਼ਾਮਿਲ ਕਰ ਦਿੱਤਾ। ਮੇਰੀ ਡਿਊਟੀ ਲਾ ਦਿੱਤੀ ਕਿ ਮੈਂ ਹਰ ਹਫ਼ਤੇ ਕੋਈ ਗੀਤ ਜਾਂ ਕਵਿਤਾ ਜਾਂ ਕਹਾਣੀ ਸੁਣਾਇਆ ਕਰਾਂ। ਮੈਂ ਇੱਧਰੋਂ ਉੱਧਰੋਂ ਗੀਤ ਜਾਂ ਕਵਿਤਾ ਲੈ ਲੈਂਦਾ। ਉਹ ਸੁਣਾ ਦਿਆ ਕਰਦਾ।

? ਭਾਅ ਜੀ ਗੁਰਸ਼ਰਨ ਸਿੰਘ ਦਾ ਇਕ ਜਮਾਤੀ ਹੁੰਦਾ ਸੀ ਬੁੱਧੂਆ। ਉਹ ਗਰੀਬੀ ਤੇ ਛੋਟੀ

ਜਾਤ ਕਾਰਨ ਪੜ੍ਹ ਨਹੀਂ ਸੀ ਸਕਿਆ। ਭਾਅ ਜੀ ਦੀ ਕਲਾਸ ਦਾ ਸਭ ਤੋਂ ਹੁਸ਼ਿਆਰ ਮੁੰਡਾ ਸੀ ਉਹ। ਭਾਅਜੀ ਨੂੰ ਉਹ ਸਾਰੀ ਉਮਰ ਝਾੜੂ ਲਾਉਂਦਾ ਦਿਖਾਈ ਦਿੰਦਾ ਰਿਹਾ। ਤੁਹਾਡਾ ਵੀ ਕੋਈ 'ਬੁਧੂਆ' ਹੈ ਜਿਹੜਾ ਜਿਵੇਂ ਭਾਅ ਜੀ ਨੂੰ ਸਾਰੀ ਉਮਰ ਤੰਗ ਕਰਦਾ ਰਿਹਾ, ਤੁਹਾਨੂੰ ਵੀ ਯਾਦ ਆਉਂਦਾ ਹੋਵੇ। ਜਦੋਂ ਕਵਿਤਾ ਲਿਖਣ ਬੈਠੋ, ਉਹ ਤੁਹਾਡੇ ਮੋਹਰੇ ਆ ਖੜ੍ਹਦਾ ਹੋਵੇ।

-ਮੇਰੇ ਹੀ ਪਿੰਡ ਦਾ ਕੈਲਾ ਮੈਤੋਂ ਅੱਗੇ ਪੜ੍ਹਦਾ ਸੀ। ਉਹ ਪੜ੍ਹਾਈ ਵਿਚ ਐਨਾ ਅੱਗੇ ਸੀ, ਉਹਨੇ ਇਲਾਕੇ ਦੀ ਸ਼ਾਨ ਬਣਨਾ ਸੀ। ਸਭ ਤੋਂ ਵੱਧ ਨੰਬਰ ਲੈਂਦਾ। ਉਸ ਵੇਲੇ ਉਹਦੇ ਕੋਲ ਅਧਿਆਪਕਾਂ ਜਿੰਨੀ ਸੂਝ ਸੀ। ਉਹ ਪੁੰਗਰ ਰਿਹਾ ਸ਼ਾਇਰ ਸੀ। ਛੋਟੀ ਉਮਰ ਵਿਚ ਹੀ ਉਹ ਪੁਖਤਾ ਸ਼ਾਇਰੀ ਕਰ ਰਿਹਾ ਸੀ। ਸਭ ਤੋਂ ਵੱਡੀ ਗੱਲ ਉਹ ਰਚਨਾ ਨੂੰ ਸਮਝ ਅਤੇ ਠੀਕ ਕਰ ਸਕਦਾ ਸੀ। ਮੈਂ ਗੀਤ ਲਿਖਦਾ ਜਾਂ ਕੋਈ ਕਵਿਤਾ ਉਹਨੂੰ ਪੜ੍ਹਾਉਂਦਾ। ਉਹ ਮੇਰੀ ਤੁਕਬੰਦੀ ਵਾਲੇ ਗੀਤ ਸੁਧਾਰਦਾ। ਨੁਕਤਾਚੀਨੀ ਕਰਦਾ। ਆਪਣੀ ਮੋਤੀਆਂ ਵਰਗੀ ਸੁੰਦਰ ਲਿਖਾਈ ਵਿਚ ਸੋਧ ਕੇ ਲਿਖ ਦਿੰਦਾ। ਉਹ 4 ਭਾਈ ਤੇ 3 ਭੈਣਾਂ ਦਾ ਪਰਿਵਾਰ ਸੀ। ਉਦੋਂ 6 ਜਾਂ 7 ਬੱਚੇ ਤਾਂ ਆਮ ਹੀ ਹੁੰਦੇ ਸਨ। ਲੋਕਾਂ ਨੂੰ ਜ਼ਿਆਦਾ ਜਨ ਸੰਖਿਆ ਦੀ ਸੋਝੀ ਨਹੀਂ ਸੀ। ਘਰ ਵਿਚ ਗਰੀਬੀ ਬਹੁਤ ਸੀ। ਉਹਨੂੰ ਉਹਦੇ ਘਰਦਿਆਂ ਨੇ 7ਵੀਂ ਜਮਾਤ ਵਿੱਚੋਂ ਹਟਾ ਲਿਆ ਸੀ। ਆਪਣੇ ਨਾਲ ਕੰਮ ਲਾ ਲਿਆ ਸੀ। ਉਹ ਪੜ੍ਹਨ ਤੋਂ ਕੀ ਹਟਿਆ। ਬਸ ਉਹਦੇ ਸਭ ਸੁਪਨੇ ਚਕਨਾਚੂਰ ਹੋ ਗਏ ਸਨ। ਉਹ ਟੁੱਟ ਗਿਆ ਸੀ। ਨਾ ਉਹਨੇ ਪੜ੍ਹਾਈ ਨਾਲ ਵਾਸਤਾ ਰੱਖਿਆ ਤੇ ਨਾ ਸ਼ਾਇਰੀ ਨਾਲ। ਉਹਦੀ ਸ਼ਾਇਰੀ ਕੰਮ ਦੇ ਬੋਝ ਹੇਠ ਦੱਬੀ ਗਈ। ਮੈਨੂੰ ਅੱਜ ਵੀ ਦੁੱਖ ਆ ਕਿ ਗਰੀਬੀ ਕਰਕੇ ਉਹਦਾ ਗਲਾ ਘੁੱਟਿਆ ਗਿਆ। ਯਾਰ, ਇਹ ਕਿਹੋ ਜਿਹਾ ਦੇਸ਼ ਆ ਜਿੱਥੇ ਗਰੀਬੀ ਕਰਕੇ ਬੰਦੇ ਦੀ ਲਿਆਕਤ ਮਾਰੀ ਜਾਂਦੀ ਹੋਵੇ। ਮੈਂ ਆਪਣੀ ਮਾਂ ਨੂੰ ਕਿਹਾ- ਬੀਬੀ ਆਪਾਂ ਕੈਲੇ ਦੀ ਮਦਦ ਕਰੀਏ? ਮੋਹਰੇ ਮਾਂ ਬੋਲੀ ਸੀ—ਇੱਥੇ ਕਿਹੜਾ ਕੋਹਲੂ ਚਲਦਾ। ਇੱਥੇ ਗਰੀਬੀ ਥੋੜ੍ਹੀ ਆ? ਆਹ ਦੋ ਸਿਆੜ ਆ। ਇਹਨਾਂ ਵਿਚ ਕਿਹੜਾ ਕੋਈ ਚੱਜ ਦੀ ਫ਼ਸਲ ਹੁੰਦੀ ਹੈਗੀ ਆ।

? ਤੁਹਾਡੇ ਟਾਈਮ 'ਤੇ ਆਮ ਪੇਂਡੂ ਮੁੰਡੇ ਪੜ੍ਹਾਈ ਵਿਚ ਪੱਛੜ ਜਾਂਦੇ ਸਨ। ਉਹਦੇ ਕੋਈ ਵੀ ਕਾਰਨ ਹੋਣਗੇ। ਤੁਹਾਡਾ ਪੜ੍ਹਾਈ ਵਿੱਚ ਹੱਥ ਤੰਗ ਸੀ ਜਾਂ.....।

—ਦੇਖ ਬਈ ਮੁੰਡਿਆ, ਮੈਂ ਝੂਠ ਨਹੀਂ ਬੋਲਦਾ। ਉਹ ਦੀਪਕ ਮੱਥੇ ਲੱਗਦਾ। ਮੈਂ 8ਵੀਂ ਜਮਾਤ ਤੱਕ ਦਰਮਿਆਨਾ ਵਿਦਿਆਰਥੀ ਸੀ। ਸੱਚ ਪੁੱਛੋਂ ਤਾਂ ਪੜ੍ਹਾਈ ਵਿਚ ਦਿਲ ਨਹੀਂ ਸੀ ਲੱਗਦਾ। ਸ਼ਰਾਰਤਾਂ ਜਾਂ ਘੁੰਮਣ ਫਿਰਨ ਵੱਲ ਜ਼ਿਆਦਾ ਧਿਆਨ ਸੀ। ਜਦੋਂ ਮੈਂ 8ਵੀਂ ਦੇ ਪੇਪਰ ਪਾਏ ਤਾਂ ਹਰ ਰੋਜ਼ ਪਸ਼ੂ ਚਾਰਨ ਲੈ ਕੇ ਜਾਂਦਾ। ਕਿਸੇ ਦੀ ਪੈਲੀ ਵਿਚ ਪਸ਼ੂ ਵਾੜ ਦਿੱਤੇ। ਉਹ ਪੱਠਿਆਂ ਨੂੰ ਲੱਗੇ ਮੂੰਹ ਮਾਰਨ। ਮੈਂ ਕੰਨ 'ਤੇ ਹੱਥ ਰੱਖ ਕੇ ਗੀਤ ਗਾਉਣ ਲੱਗਾ ਰਿਹਾ। ਖੇਤ ਦਾ ਮਾਲਕ ਆ ਗਿਆ। ਉਹਨੇ ਮੈਨੂੰ ਉੱਥੇ ਢਾਹ ਲਿਆ। ਮੇਰਾ ਰੂਹ ਲਾ ਕੇ ਕੁਟਾਪਾ ਕੀਤਾ। ਉਹ ਕੁੱਟ ਮੈਨੂੰ ਅੱਜ ਤੱਕ ਨਹੀਂ ਭੁੱਲੀ। ਰਾਤ ਨੂੰ ਨੀਂਦ ਨਾ ਆਵੇ। ਇਕ ਚੜ੍ਹੇ, ਇੱਕ ਉਤਰੇ। ਪਹਿਲਾ ਵਿਚਾਰ ਆਇਆ ਡਾਕੂ ਬਣਨ ਦਾ। ਡਾਕੂ ਬਣ ਕੇ ਜ਼ਮੀਨਾਂ ਵਾਲੇ ਖੱਬੀ ਖਾਨਾਂ ਨੂੰ ਲੁੱਟਾਂ। ਲੁੱਟ ਦਾ ਮਾਲ ਗਰੀਬਾਂ ਵਿਚ ਵੰਡਾਂ। ਜਿਹਨੇ ਮੇਰੀ ਛਿੱਤਰ ਪਰੇਡ ਕੀਤੀ, ਉਹਦਾ ਸੋਧਾ ਲਾਵਾਂ। ਸਿਰ ਵੱਢ ਕੇ ਉਸ ਜ਼ਮੀਨ ਵਿੱਚ ਗੱਡ ਦੇਵਾਂ। ਦੂਜਾ ਵਿਚਾਰ ਆਇਆ, ਉਨ੍ਹਾਂ ਦੇ ਘਰ ਮੋਹਰੇ ਗੂੰਹ ਦੇ ਢੇਰ ਲਾ ਦਿਆਂ। ਤੀਜਾ ਵਿਚਾਰ ਆਇਆ, ਗਰੀਬੀ ਵਾਲੀ Situation 'ਚੋਂ ਕਿਵੇਂ ਉੱਠਿਆ ਜਾਵੇ। ਤੜਕਸਾਰ ਇਹ ਤੀਜਾ ਵਿਚਾਰ ਹਾਵੀ ਹੋ ਗਿਆ। ਮੈਨੂੰ ਇਕੋ ਰਾਹ ਲੱਭਿਆ, ਵਿਦਿਆ ਦਾ। ਵੱਧ ਤੋਂ ਵੱਧ ਪੜ੍ਹਿਆ ਜਾਵੇ। ਸ਼ਾਇਦ ਪੜ੍ਹਾਈ ਗਰੀਬੀ ਦੇ ਨਰਕ ਵਿਚੋਂ ਕੱਢ ਦੇਵੇ। ਮੇਰੀ ਅੰਗਰੇਜ਼ੀ ਚੰਗੀ ਸੀ ਪਰ ਉਚਾਰਣ ਗਲਤ ਕਰਦਾ ਸੀ। ਮੈਂ ਮਿਹਨਤ



ਕਰਨ ਲੱਗਾ। ਮੈਨੂੰ ਸੀਰੀਅਸ ਹੋਇਆ ਦੇਖ ਮੇਰਾ ਇਕ ਚਾਚਾ ਦਲਵੀਰ ਸਿੰਘ ਮੇਰੀ ਪਿੱਠ 'ਤੇ ਆ ਗਿਆ। ਉਹ ਝਬਾਲ (ਅੰਮ੍ਰਿਤਸਰ) ਰਹਿੰਦਾ ਸੀ। ਉੱਥੇ ਉਹ ਐਸ.ਡੀ.ਓ. ਸਨ। ਉਹ ਜਦੋਂ ਪਿੰਡ ਆਉਂਦੇ, ਮੇਰੀ ਅੰਗਰੇਜ਼ੀ ਸੁਧਾਰਨ ਲੱਗ ਪੈਂਦੇ। ਜਦੋਂ ਮੈਂ ਦਸਵੀਂ ਜਮਾਤ ਵਿਚ ਹੋਇਆ, ਉਹ ਮੈਨੂੰ ਆਪਣੇ ਨਾਲ ਝਬਾਲ ਲੈ ਗਏ। ਉੱਥੇ ਸਰਕਾਰੀ ਸਕੂਲ ਵਿਚ ਪੜ੍ਹਨ ਪਾ ਦਿੱਤਾ।

? ਤੁਸੀਂ ਪਾਸ਼ ਉੱਤੇ 4-5 ਕਵਿਤਾਵਾਂ ਲਿਖੀਆਂ ਹਨ। ਪਾਸ਼ ਨੇ ਵੀ ਤੁਹਾਡੇ ਪਿੰਡ ਵਾਲੇ ਵਾਗੀ (ਪਸ਼ੂ ਚਾਰਨ ਵਾਲਾ) 'ਤੇ ਕਵਿਤਾ 'ਕੰਡੇ ਦਾ ਜ਼ਖ਼ਮ' ਲਿਖੀ ਹੈ। ਪਾਸ਼ ਨਾਲ ਮਿੱਤਰਚਾਰਾ ਕਦੋਂ ਬਣਿਆ।

—ਪਾਸ਼ ਸਰਕਾਰੀ ਹਾਇਰ ਸੈਕੰਡਰੀ ਸਕੂਲ ਨਕੋਦਰ ਵਿਖੇ 11ਵੀਂ ਜਮਾਤ ਵਿੱਚ ਪੜ੍ਹਦਾ ਸੀ। ਮੈਂ ਉਦੋਂ ਮਹਿਤਪੁਰ 9ਵੀਂ ਜਮਾਤ ਵਿੱਚ ਪੜ੍ਹਦਾ ਸੀ। ਮੈਂ ਸਕੂਲ ਦੀ ਕਬੱਡੀ ਟੀਮ ਦਾ ਖਿਡਾਰੀ ਸਾਂ। ਸਕੂਲ ਇਕ ਦੂਜੇ ਨਾਲ ਮੈਚ ਲਾਉਂਦੇ ਹੁੰਦੇ ਸਨ। ਅਸੀਂ ਉੱਥੇ ਮੈਚ ਖੇਡਣ ਗਏ ਸੀ। ਮੇਰਾ ਸਰੀਰ ਭਾਰਾ ਸੀ। ਸਿਹਤ ਚੰਗੀ ਸੀ। ਮੇਰੀ ਖਿਡਾਰੀਆਂ ਵਿਚ ਚੰਗੀ ਪੈਂਠ ਸੀ। ਪਾਸ਼ ਖਿਡਾਰੀ ਨਹੀਂ ਸੀ। ਉਹ ਆਪਣੇ ਸਕੂਲ ਵਾਲੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਵਾਲਾ ਸੀ। ਇਸ ਮੈਚ ਦੌਰਾਨ ਹੀ ਉਹ ਮੇਰੀ ਖੇਡ ਦਾ ਪ੍ਰਸੰਸਕ ਬਣ ਗਿਆ। ਅਸੀਂ ਮੈਚ ਜਿੱਤ ਲਿਆ। ਉਹ ਮੈਨੂੰ ਸਪੈਸ਼ਲ ਮਿਲਿਆ। ਮੈਨੂੰ ਦੁੱਧ ਪਿਲਾਇਆ। ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ। ਇਕ ਦੂਜੇ ਦੇ ਜਾਣੂ ਹੋ ਗਏ। ਮੈਂ ਇਹ ਵੀ ਫੜ੍ਹ ਮਾਰ ਦਿੱਤੀ ਕਿ ਮੈਂ ਬੜੀ ਵਧੀਆ ਕਵਿਤਾ ਲਿਖ ਲੈਂਦਾ। ਉਹਦੇ ਪਿੰਡ ਤਲਵੰਡੀ ਸਲੇਮ ਦੇ ਲਾਗੇ ਉੱਗੀ ਪਿੰਡ ਵਿਚ ਮੇਲਾ ਸੀ। ਮੈਨੂੰ ਉਹਨੇ ਉੱਥੇ ਸੱਦਿਆ। ਨਾਲ ਕਵਿਤਾਵਾਂ ਲਿਆਉਣ ਲਈ ਵੀ ਕਿਹਾ। ਮੈਂ ਮੇਲੇ 'ਤੇ ਗਿਆ। ਕਵਿਤਾਵਾਂ ਵੀ ਪੜ੍ਹਾਈਆਂ। ਉਹ ਮੈਨੂੰ ਦੱਸਣ ਲੱਗ ਪਿਆ ਕਿ ਕਵਿਤਾ ਕਿਵੇਂ ਲਿਖੀਦੀ ਹੈ। ਮੈਂ ਕਈ ਵਾਰ ਮੈਚ ਖੇਡਣ ਨਕੋਦਰ ਗਿਆ। ਪਾਸ਼ ਨੂੰ ਜ਼ਰੂਰ ਮਿਲ ਕੇ ਆਉਂਦਾ। ਮਹਿਤਪੁਰ ਵਿਸਾਖੀ ਮੇਲੇ 'ਤੇ ਮੈਂ ਉਹਨੂੰ ਸੱਦਿਆ। ਮੇਲਾ ਦੇਖਣ ਤੋਂ ਬਾਅਦ ਮੈਂ ਉਹਨੂੰ ਆਪਣੇ ਪਿੰਡ ਸ਼ਾਹਪੁਰ ਲੈ ਆਇਆ। ਉਹ ਮੇਰੇ ਕੋਲ ਰਾਤ ਰਿਹਾ। ਮੈਂ ਬੀਬੀ ਨੂੰ ਕਿਹਾ- ਇਹ ਮੇਰਾ ਦੋਸਤ ਪਾਸ਼ ਹੈ। ਉਹ ਮੋਹਰੋਂ ਕਹਿੰਦੀ- ਜਲਜਾਣਿਓ, ਪਾਸ਼ ਵੀ ਕੋਈ ਨਾਂ ਹੁੰਦਾ। ਨਾਂ ਤਾਂ ਪ੍ਰਕਾਸ਼ ਹੁੰਦਾ ਹੈ। ਮੇਰੀ ਮਾਂ ਲਈ ਉਹ ਹਮੇਸ਼ਾ ਪ੍ਰਕਾਸ਼ ਹੀ ਰਿਹਾ। ਸਾਡੇ ਸਾਰੇ ਜੀਅ ਉਹਨੂੰ ਪ੍ਰਕਾਸ਼ ਹੀ ਕਹਿੰਦੇ ਸਨ। ਫਿਰ ਸਾਡੇ ਘਰੇਲੂ ਸੰਬੰਧ ਬਣ ਗਏ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਨਕਸਲੀ ਲਹਿਰ ਦੀਆਂ ਸਰਗਰਮੀਆਂ ਜਿਵੇਂ ਜ਼ਮੀਨਾਂ 'ਤੇ ਕਬਜ਼ੇ ਕਰਨ ਅਤੇ ਵਿਦਿਆਰਥੀ ਸੰਘਰਸ਼ਾਂ ਨੇ ਜ਼ੋਰ ਫੜ ਲਿਆ ਸੀ। ਪਾਸ਼ ਉਸ ਵੱਲ ਖਿੱਚਿਆ ਗਿਆ ਸੀ। ਉਹ ਮੇਰੇ ਨਾਲ ਵੀ ਉਸ ਲਹਿਰ ਦੀਆਂ ਗੱਲਾਂ ਕਰਦਾ। ਮੈਨੂੰ ਪ੍ਰੇਰਤ ਕਰਦਾ। ਪਰ ਮੈਂ ਪੜ੍ਹ ਕੇ ਕੁਝ ਬਣਨਾ ਚਾਹੁੰਦਾ ਸੀ। ਮੈਂ ਆਪਣੇ ਚਾਚੇ ਕੋਲ ਝਬਾਲ ਪੜ੍ਹਨ ਲੱਗ ਪਿਆ।

? ਮੇਰਾ ਖ਼ਿਆਲ ਇਹ ਲਹਿਰ ਉਦੋਂ ਪੰਜਾਬ ਵਿਚ ਸਾਰੇ ਪਾਸੇ ਫੈਲ ਗਈ ਸੀ। ਝਬਾਲ ਜਾ ਕੇ ਬਚਾਅ ਹੋ ਗਿਆ ਜਾਂ ਕੁੱਦ ਪਏ।

—ਮੈਂ ਝਬਾਲ ਵੀ ਰਹਿੰਦਾ ਸੀ ਤੇ ਪਿੰਡ ਵੀ ਆ ਜਾਂਦਾ ਸੀ। ਸਾਡੇ ਪਿੰਡਾਂ ਵਿੱਚ ਤਾਂ ਪੂਰਾ ਜ਼ੋਰ ਸੀ ਲਹਿਰ ਦਾ। ਅੰਮ੍ਰਿਤਸਰ ਜ਼ਿਲ੍ਹੇ ਵਿਚ ਝਬਾਲ ਵਾਲੇ ਪਾਸੇ ਹਿਲਜੁਲ ਹੋਣ ਲੱਗ ਪਈ ਸੀ। ਯਸ਼ਪਾਲ ਹੁਰਾਂ ਝਬਾਲ ਵਿੱਚ ਇਕ ਮੀਟਿੰਗ ਰੱਖੀ ਸੀ। ਮੈਂ ਉਸ ਮੀਟਿੰਗ ਵਿਚ ਗਿਆ ਸੀ। ਮੈਂ ਛੋਟਾ ਸੀ। ਛੋਟਾ ਹੋਣ ਕਰਕੇ ਮੇਰੇ 'ਤੇ ਕੋਈ ਸ਼ੱਕ ਨਹੀਂ ਸੀ ਕਰਦਾ। ਮੈਂ 2 ਜਾਂ 3 ਵਾਰ ਬਾਬਾ ਬੂਝਾ ਸਿੰਘ ਨੂੰ ਸਾਈਕਲ 'ਤੇ ਬਿਠਾ ਕੇ ਇੱਧਰ-ਉੱਧਰ ਛੱਡ ਕੇ ਆਇਆ। ਫਿਰ ਉਨ੍ਹਾਂ ਦਾ ਪੁਲੀਸ ਨੇ ਕਤਲ ਕਰ ਦਿੱਤਾ। ਦਰਅਸਲ ਪਹਿਲੇ ਸਾਲਾਂ ਵਿਚ ਮਾਝੇ ਵਿਚ ਸਰਗਰਮੀ ਹੋਈ

ਨਹੀਂ। ਜੇ ਕਿਤੇ ਬਾਬਾ ਜੀ ਨੂੰ 2-3 ਸਾਲ ਹੋਰ ਮਿਲ ਜਾਂਦੇ। ਉਨ੍ਹਾਂ ਮਾਝੇ ਵਿੱਚ ਤੂਫ਼ਾਨ ਲਿਆ ਦੇਣਾ ਸੀ। ਇਹ ਤੇ ਜਦੋਂ ਭਗਵੰਤ ਸਿੰਘ ਨੇ ਅੰਮ੍ਰਿਤਸਰ ਵਿਚ ਕੰਮ ਸ਼ੁਰੂ ਕੀਤਾ, ਉਦੋਂ ਉੱਥੇ ਪਾਰਟੀ ਦੇ ਪੈਰ ਲੱਗੇ। ਉਦੋਂ ਬਲਦੇਵ ਸਿੰਘ ਮਾਨ ਵਰਗੇ ਆਗੂ ਪੈਦਾ ਹੋਏ। ਇਹ 1971-72 ਤੋਂ ਬਾਅਦ ਦੀਆਂ ਗੱਲਾਂ। ਮੈਂ ਭਾਵੇਂ ਬਲਦੇਵ ਸਿੰਘ ਮਾਨ, ਦਾਤਾਰ ਸਿੰਘ, ਬਲਦੇਵ ਸਿੰਘ ਬੰਘੋਲ, ਦਰਸ਼ਨ ਕੂਹਲੀ, ਬਾਬਾ ਰਾਮ ਬੈਰਾਗੀ, ਭਗਵੰਤ ਸਿੰਘ, ਸਾਈਮਨ, ਦਰਸ਼ਨ ਖਟਕੜ ਆਦਿ ਆਗੂਆਂ ਦੇ ਨੇੜੇ ਰਿਹਾਂ। ਮੈਂ ਨਕੋਦਰ ਤੇ ਮੁਕਤਸਰ ਵਾਲੇ ਪਾਸੇ ਪੰਜਾਬ ਸਟੂਡੈਂਟ ਯੂਨੀਅਨ ਵਿਚ ਕੰਮ ਕੀਤਾ। ਦਰਅਸਲ ਮੈਂ ਖੁੱਲ੍ਹ ਕੇ ਕੰਮ ਨਹੀਂ ਕੀਤਾ। ਮੈਂ ਕੰਟੈਕਟ ਬਣਾ ਦਿੰਦਾ ਸੀ। ਪਾਰਟੀ ਦੇ ਲੀਡਰ ਆਪਣਾ ਜਥੇਬੰਦਕ ਕੰਮ ਕਰਦੇ ਸਨ। ਜਿਵੇਂ ਦਰਸ਼ਨ ਦੁਸਾਂਝ ਤੇ ਦਰਸ਼ਨ ਖਟਕੜ ਨੇ ਕਵਿਤਾ ਵੀ ਲਿਖੀ ਤੇ ਰਾਜਨੀਤਕ ਕੰਮ ਵੀ ਕੀਤਾ। ਮੈਂ ਉਵੇਂ ਨਹੀਂ ਕਰ ਸਕਿਆ। ਮੇਰੇ ਅੰਦਰ ਕਿਤੇ ਨਾ ਕਿਤੇ ਪੜ੍ਹ-ਲਿਖ ਕੇ ਤੇ ਨੌਕਰੀ ਕਰਕੇ ਜੀਵਨ ਸੁਧਾਰਨ ਦੀ ਖ਼ਾਹਿਸ਼ ਪਈ ਸੀ। ਮੈਂ ਲਹਿਰ ਦਾ ਹਮਦਰਦ ਹੀ ਸੀ। ਪਹਿਲਾਂ ਵਿਦਿਆਰਥੀ ਫਰੰਟ 'ਤੇ ਕੰਮ ਕੀਤਾ। ਫੇਰ ਲਿਖਤ ਪੱਖੋਂ ਹੀ ਹਿੱਸਾ ਪਾਇਆ ਹੈਗਾ। ਮੈਂ ਬਾਬਾ ਬੁੱਢਾ ਕਾਲਜ ਝਬਾਲ, ਗੌਰਮਿੰਟ ਕਾਲਜ ਮੁਕਤਸਰ, ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੜ੍ਹਿਆਂ। ਇਨ੍ਹਾਂ ਥਾਵਾਂ 'ਤੇ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਜੜ੍ਹਾਂ ਲਾਉਣ ਦੀ ਕੋਸ਼ਿਸ਼ ਕੀਤੀ। ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਅੰਗਰੇਜ਼ੀ ਦੀ ਐਮ.ਏ. ਕਰਨ ਗਿਆ ਤਾਂ ਉੱਥੇ ਡਾ. ਰਵਿੰਦਰ ਰਵੀ ਮਿਲ ਗਏ। ਉਹ ਮੈਨੂੰ ਪੰਜਾਬੀ ਯੂਨੀਵਰਸਿਟੀ ਪਟਿਆਲੇ ਲੈ ਗਏ। ਜਿੱਥੇ ਉਨ੍ਹਾਂ ਦੇ ਕਹਿਣ 'ਤੇ ਮੈਂ ਪਹਿਲਾਂ ਪੰਜਾਬੀ ਦੀ ਐਮ.ਏ. ਕੀਤੀ ਤੇ ਫਿਰ ਅੰਗਰੇਜ਼ੀ ਦੀ। ਮੈਂ ਉਨ੍ਹਾਂ ਕੋਲੋਂ ਵੀ ਮਾਰਕਸਵਾਦ ਦੀ ਸੋਝੀ ਲਈ। ਆਖ਼ਿਰ ਉਹ ਮੇਰੇ ਅਧਿਆਪਕ ਸਨ।

? ਕਿਸੇ ਵੀ ਸ਼ਖ਼ਸੀਅਤ ਦੇ ਬਣਨ ਪਿੱਛੇ ਇਕ ਮਾਹੌਲ ਹੁੰਦਾ। ਦੋਸਤ ਮਿੱਤਰ, ਪਰਿਵਾਰ, ਅਧਿਆਪਕ, ਕਿਤਾਬਾਂ ਜਾਂ ਲਹਿਰਾਂ ਦੇ ਆਗੂ ਰੋਲ ਨਿਭਾਉਂਦੇ ਹਨ। ਤੁਹਾਡੀ ਸ਼ਖ਼ਸੀਅਤ ਆਪ ਹੀ ਵਿਕਾਸ ਕਰ ਗਈ ਜਾਂ ਕਿਸੇ ਦਾ ਰੋਲ ਰਿਹਾ।

—ਮੈਨੂੰ ਜ਼ਿਆਦਾ ਸੋਝੀ ਪਾਸ਼ ਨੇ ਦਿੱਤੀ। ਮੈਂ ਉਹਨੂੰ ਆਪਣਾ ਆਗੂ ਮੰਨਦਾਂ। ਰਾਜ ਕਿਸਨੂੰ ਕਹਿਦੇ ਹਨ? ਸਰਕਾਰ ਕੀ ਹੁੰਦੀ ਹੈ? ਕਿਹੜੀਆਂ ਤਾਕਤਾਂ ਇਸਨੂੰ ਚਲਾਉਂਦੀਆਂ ਹਨ? ਰਾਸ਼ਟਰਵਾਦ ਕੀ ਹੈ? ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦਾ ਸੁਪਨਾ ਹੀ ਅਸਲ ਭਾਰਤ ਦਾ ਸੁਪਨਾ ਹੋ ਸਕਦਾ ਹੈ। ਗਾਂਧੀ-ਨਹਿਰੂ ਦੇ ਸੁਪਨਿਆਂ ਦਾ ਭਾਰਤ, ਭਾਰਤ ਦੇ ਮਿਹਨਤਕਸ਼ ਲੋਕਾਂ ਨਾਲ ਫਰਾਡ ਹੈ। ਇਹ ਸਭ ਕੁਝ ਬਾਰੇ ਪਾਸ਼ ਨੇ ਹੀ ਮੈਨੂੰ ਸਮਝਾਇਆ। ਕਵਿਤਾ ਕੀ ਹੁੰਦੀ ਹੈ? ਕਵਿਤਾ ਲੋਕਾਂ ਲਈ ਹੁੰਦੀ ਹੈ। ਗੀਤ-ਸੰਗੀਤ ਦੀਆਂ ਬਾਰੀਕੀਆਂ ਪਾਸ਼ ਨੇ ਹੀ ਸਾਨੂੰ ਸਮਝਾਈਆਂ। ਮੇਰੇ ਜੀਜੇ ਦਾ ਭਰਾ ਵਿਦੇਸ਼ ਤੋਂ ਇੰਡੀਆ ਗਿਆ ਸੀ। ਉਹ ਟੇਪ ਰਿਕਾਰਡ ਲੈ ਕੇ ਗਿਆ ਸੀ। ਮੇਰਾ ਜੀਜਾ ਉਹ ਟੇਪ ਰਿਕਾਰਡ ਇਕ ਵਾਰ ਸਾਡੇ ਘਰ ਲੈ ਆਇਆ। ਉਹਦੇ ਕੋਲ ਬੜੇ ਅੱਛੇ ਗੀਤਾਂ ਦੀਆਂ ਟੇਪਾਂ ਸਨ। ਖ਼ਾਸ ਤੌਰ 'ਤੇ ਪੁਰਾਣੇ ਹਿੰਦੀ ਫ਼ਿਲਮਾਂ ਦੀਆਂ। ਉੱਦਣ ਪਾਸ਼ ਵੀ ਪਿੰਡ ਆਇਆ ਹੋਇਆ ਸੀ। ਗੀਤ- 'ਜੱਗ ਸਾਰਾ ਧੀਰੇ-ਧੀਰੇ ਜਾਗੇ ਰੇ' ਸੁਣਿਆ ਤਾਂ ਪਾਸ਼ ਰੋ ਪਿਆ। ਫਿਰ ਉਹਨੇ ਭਾਰਤੀ ਸੰਗੀਤ ਬਾਰੇ ਭਾਸ਼ਣ ਦਿੱਤਾ ਕਿ ਭਾਰਤੀ ਸੰਗੀਤ ਸ਼ਬਦ ਤੇ ਲੈਅ ਦਾ ਸੰਗੀਤ ਹੈ। ਮੈਂ ਦਰਅਸਲ ਗੀਤਕਾਰ ਬਣ ਕੇ ਰਹਿ ਜਾਣਾ ਸੀ। ਪਰ ਕਵਿਤਾ ਵੱਲ ਮੈਨੂੰ ਮੋੜਨ ਵਾਲਾ ਪਾਸ਼ ਸੀ। ਭਾਵੇਂ ਮੈਨੂੰ ਰਾਜਨੀਤਕ ਚੇਤਨਾ ਦਰਸ਼ਨ ਖਟਕੜ ਨੇ ਦਿੱਤੀ। ਜੁਝਾਰਵਾਦੀ ਕਵਿਤਾ ਵੱਲ ਮੈਂ ਇਨ੍ਹਾਂ ਦੋਵਾਂ ਕਰਕੇ ਮੁੜਿਆ। ਪਾਸ਼ ਨੇ ਮੈਨੂੰ ਹਿੰਦੀ ਤੇ ਹੋਰ ਭਾਸ਼ਾਵਾਂ ਦਾ ਸਾਹਿਤ ਪੜ੍ਹਾਇਆ। ਦੁਨੀਆ ਭਰ ਦੇ ਕ੍ਰਾਂਤੀਕਾਰੀ/ਇਨਕਲਾਬੀ ਲੇਖਕਾਂ ਨੂੰ ਪੜ੍ਹਾਇਆ।



ਰਾਹੁਲ ਸ਼ੰਕਰ ਤਿਨਿਆਨ, ਮਾਓ-ਜੇ-ਤੁੰਗ, ਕਮਲਾ ਦਾਸ, ਹਜ਼ਾਰੀ ਪ੍ਰਸਾਦਿ ਦਵੈਦੀ, ਲੈਨਿਨ, ਧੂਮਿਲ, ਪਾਬਲੋ ਨਰੂਦਾ, ਮੇਘਦੂਤ, ਭਰਤ ਮੁਨੀ, ਰਸ਼ੀਅਨ ਸਾਹਿਤ ਪੜ੍ਹਿਆ। ਰਸ਼ੀਅਨ ਸਾਹਿਤ ਪਹਿਲਾਂ ਹਿੰਦੀ ਵਿਚ ਆਉਂਦਾ ਸੀ, ਫਿਰ ਪੰਜਾਬੀ ਵਿੱਚ। ਮੈਂ ਪਹਿਲਾਂ ਹੀ ਹਿੰਦੀ ਵਿਚ ਪੜ੍ਹ ਲੈਂਦਾ ਸੀ। ਮੈਂ ਰਿਗਵੇਦ, ਰਮਾਇਣ, ਮਹਾਭਾਰਤ, ਵੇਦ, ਗੀਤਾ, ਬਾਈਬਲ, ਕੁਰਾਨ ਸ਼ਰੀਫ਼, ਗੁਰੂ ਗ੍ਰੰਥ ਸਾਹਿਬ ਤੇ ਅਨੇਕਾਂ ਧਾਰਮਿਕ ਪੁਸਤਕਾਂ, ਖ਼ਾਸ ਕਰ ਹਿੰਦੂ ਧਰਮ ਦੀਆਂ, ਦਾ ਗਹਿਰਾ ਅਧਿਐਨ ਕੀਤਾ। ਇਨ੍ਹਾਂ ਪੁਸਤਕਾਂ ਦੀਆਂ ਲੋਕਾਂ ਵਿਚ ਜੜ੍ਹਾਂ ਕਿਉਂ ਲੱਗੀਆਂ ਹੋਈਆਂ ਹਨ ? ਇਹ ਮੇਰੇ ਲਈ ਅਹਿਮ ਸਵਾਲ ਸੀ। ਮੈਂ ਵਿਰਸਾ ਤੇ ਧਾਰਮਿਕ ਸਾਹਿਤ ਪੜ੍ਹਦਾ ਸੀ। ਇਸ ਨੂੰ ਕਿਵੇਂ ਇਨਕਲਾਬੀ ਸਾਹਿਤ ਵਿੱਚ ਵਰਤਿਆ ਜਾ ਸਕਦਾ ਹੈ। ਮੈਂ ਪੰਜਾਬੀ ਦੇ ਸਾਰੇ ਸ਼ਾਇਰਾਂ ਦੀ ਸ਼ਾਇਰੀ ਦਾ ਡੂੰਘਾਈ ਨਾਲ ਅਧਿਐਨ ਕੀਤਾ। ਪਾਸ਼ ਕਹਿੰਦਾ ਹੁੰਦਾ ਸੀ, ਤੁਸੀਂ ਰਾਜਨੀਤਕ ਕੰਮ ਵੀ ਕਰੋ ਪਰ ਪੜ੍ਹੋ ਜ਼ਰੂਰ। ਜਿਹਨੇ ਪੜ੍ਹਨਾ ਛੱਡ ਦਿੱਤਾ, ਉਹਦੀ ਮੌਤ ਹੋ ਗਈ। ਅਸੀਂ ਕਿਤਾਬਾਂ ਚੁਣ ਕੇ ਪੜ੍ਹਦੇ। ਸਮਾਂ ਬੰਨ੍ਹਦੇ। ਫਿਰ ਉਸ ਪੁਸਤਕ 'ਤੇ ਗੱਲਬਾਤ ਕਰਦੇ। ਲਿਖਣ ਵੇਲੇ ਵੀ ਇਵੇਂ ਕਰਦੇ। ਕੋਈ ਕਵਿਤਾ ਲਿਖ ਲੈਂਦੇ। ਇਕੱਠੇ ਹੋ ਕੇ ਪੜ੍ਹਦੇ। ਉਹ 'ਤੇ ਚਰਚਾ ਕਰਦੇ। ਸੋਧ ਕਰਨ ਦੀ ਸਲਾਹ ਦਿੰਦੇ।

? ਉਨ੍ਹਾਂ ਸਮਿਆਂ ਵਿਚ ਕਵੀ ਦੇ ਤੌਰ 'ਤੇ ਤੁਹਾਡਾ ਨਾਂ ਅੱਗੇ ਨਹੀਂ ਆਇਆ।

—ਮੈਂ ਤੇ ਭਾਈ ਉਦੋਂ ਸਿਖਿਆਰਥੀ ਸੀ। ਕਵਿਤਾ ਪੜ੍ਹਦਾ ਸੀ। ਲਿਖਣੀ ਸਿੱਖਦਾ ਸੀ। ਮੈਂ, ਪਾਸ਼ ਤੇ ਨਕੋਦਰ ਵਾਲਾ ਪਰਮਿੰਦਰ (ਜੱਖੂ) ਦੋਸਤ ਹੁੰਦੇ ਸਾਂ। ਮੈਂ ਤੇ ਪਰਮਿੰਦਰ ਜਮਾਤੀ ਵੀ ਸਾਂ। ਅਸੀਂ ਦੋਨੋਂ ਪ੍ਰਤੀਯੋਗਤਾ ਮੁਕਾਬਲਿਆਂ ਵਿਚ ਹਿੱਸਾ ਲੈਂਦੇ। ਪਾਸ਼ ਦੀਆਂ ਕਵਿਤਾਵਾਂ, ਖ਼ਾਸ ਤੌਰ 'ਤੇ ਯੁੱਧ ਤੇ ਸ਼ਾਂਤੀ, ਖੁਦਕਸ਼ੀ ਆਪਣੇ ਨਾਂ ਹੇਠ ਮੁਕਾਬਲਿਆਂ ਵਿਚ ਪੜ੍ਹ ਆਉਂਦੇ। ਜਿਹੜੀ ਪਾਸ਼ ਨੇ ਨਵੀਂ ਕਵਿਤਾ ਲਿਖਣੀ, ਅਸੀਂ ਉਹ ਮੁਕਾਬਲਿਆਂ ਵਿਚ ਲੈ ਜਾਣੀ। ਅਸੀਂ ਬੜੇ ਮੁਕਾਬਲੇ ਜਿੱਤੇ। ਅਸੀਂ ਪਾਸ਼ ਨਾਲੋਂ ਵਧੀਆ ਢੰਗ ਨਾਲ ਕਵਿਤਾ ਦੀ ਪੇਸ਼ਕਾਰੀ ਕਰਦੇ। ਅਸੀਂ ਨਕੋਦਰ ਕਾਲਜ ਨੂੰ ਬਹੁਤ ਸ਼ੀਲਡਾਂ ਜਿੱਤ ਕੇ ਦਿੱਤੀਆਂ। ਹੁਣ ਦੇ ਪੰਜਾਬੀ ਦੇ ਮਸ਼ਹੂਰ ਤੇ ਸਥਾਪਤ ਲੇਖਕ ਅਸੀਂ ਕਈ ਵਾਰ ਮੁਕਾਬਲਿਆਂ ਵਿਚ ਹਰਾਏ। ਕਵਿਤਾ ਪਾਸ਼ ਦੀ, ਨਾਂ ਸਾਡਾ ਤੇ ਪੇਸ਼ਕਾਰੀ ਸਾਡੀ। ਜ਼ਿੰਦਾਬਾਦ।

? ਮੈਨੂੰ ਕਿਸੇ ਨੇ ਦੱਸਿਆ ਸੀ ਤੁਸੀਂ 3-4 ਜਣੇ ਪੁਲਿਸ ਨੂੰ ਪੈ ਗਏ ਸੀ। ਤੁਹਾਨੂੰ ਲੋਕਾਂ ਨੇ ਘੇਰਾ ਪਾ ਲਿਆ ਸੀ।

—ਪਾਸ਼ ਨੂੰ ਇਕ ਝੂਠੇ ਕਤਲ ਕੇਸ ਵਿਚ ਪੁਲੀਸ ਨੇ ਫਸਾ ਲਿਆ ਸੀ। ਜੇਲ੍ਹ ਵਿੱਚ ਜਿਸ ਸਿਪਾਹੀ ਨੇ ਉਸ 'ਤੇ ਸਭ ਤੋਂ ਵੱਧ ਤਸ਼ੱਦਦ ਢਾਹਿਆ। ਉਹ ਨਕੋਦਰ ਥਾਣੇ ਆ ਗਿਆ। ਜਦੋਂ ਪਾਸ਼ ਨੂੰ ਪਤਾ ਲੱਗਾ, ਉਹਦੇ ਅੱਗ ਲੱਗ ਗਈ। ਉਹਨੇ ਮੇਰੇ ਤੇ ਪਰਮਿੰਦਰ ਨਾਲ ਉਸ ਸਿਪਾਹੀ ਨੂੰ ਕੁੱਟਣ ਦੀ ਸਕੀਮ ਬਣਾ ਲਈ। ਸਾਨੂੰ ਪਾਸ਼ ਕਹਿੰਦਾ- 'ਤੁਸੀਂ ਉਸਨੂੰ ਕੁੱਟਣਾ ਨਹੀਂ। ਕੁਟਾਂਗਾ ਮੈਂ। ਤੁਸੀਂ ਸਿਰਫ ਆਸਾ ਪਾਸਾ ਸਾਂਭ ਲਈਓ। ਲੋਕ ਨਾ ਪੈ ਜਾਣ।' ਉਹ ਸਿਪਾਹੀ ਨਕੋਦਰ ਬੱਸ ਅੱਡੇ ਵਿਚ ਖੜ੍ਹਾ ਸੀ। ਅਸੀਂ ਤਿੰਨੋਂ ਉਹਦੇ ਕੋਲ ਜਾ ਖੜ੍ਹੇ ਹੋਏ। ਮੈਂ ਤੇ ਪਰਮਿੰਦਰ ਨੇ ਕੱਛਾਂ ਵਿੱਚ ਹੱਥ ਦੇ ਲਏ। ਪਾਸ਼ ਨੇ ਉਹਦੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹਨੇ ਰੂਹ ਨਾਲ ਚਪੇੜਾਂ ਮਾਰੀਆਂ। ਜਦੋਂ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਅਸੀਂ ਖੜ੍ਹੇ ਰਹੇ। ਲੋਕ ਸਾਨੂੰ ਜਾਣਦੇ ਸਨ। ਲੋਕ ਨਾ ਹੱਕ ਵਿਚ, ਨਾ ਵਿਰੋਧ ਵਿਚ ਕੁਝ ਨਹੀਂ ਬੋਲੇ। ਅਸੀਂ ਅਰਾਮ ਨਾਲ ਉੱਥੋਂ ਆਏ। ਪਾਸ਼ ਸਾਨੂੰ ਪੈ ਗਿਆ- "ਕੰਜਰ ਦਿਓ, ਕੱਛਾਂ ਵਿੱਚ ਹੱਥ ਦੇ ਕੇ ਖੜ੍ਹ ਗਏ ਸੀ। ਤੁਸੀਂ ਜੇਬਾਂ ਵਿੱਚ ਹੱਥ ਪਾ ਲੈਂਦੇ। ਘੱਟੋ-ਘੱਟ ਲੋਕਾਂ ਨੂੰ ਡਰ ਰਹਿੰਦਾ ਕਿ ਇਨ੍ਹਾਂ ਕੋਲ ਕੋਈ ਹਥਿਆਰ ਹੈ। ਜੇ ਲੋਕ ਪੈ ਜਾਂਦੇ

ਫੇਰ?"

? ਪਾਸ਼ ਦਾ ਸਿਖ਼ਰ ਕੀ ਹੈ।

—ਪਾਸ਼ ਹੋਣ ਦਾ ਅਰਥ ਉਸਦਾ ਇਨਕਲਾਬੀ ਕਵੀ ਹੋਣਾ ਹੈ। ਕਵਿਤਾ ਨੂੰ ਨਵੇਂ ਅਰਥ ਦੇਣੇ ਹਨ। ਪ੍ਰਯੋਗਵਾਦੀ, ਪ੍ਰਗਤੀਵਾਦੀ ਤੇ ਆਮ ਕਵਿਤਾ ਦੇ ਸਾਹਮਣੇ ਇਕ ਨਵੀਂ ਨਕੋਰ ਧਾਰਾ ਖੜ੍ਹੀ ਕਰ ਦੇਣੀ ਉਸਦੇ ਹਿੱਸੇ ਆਈ। ਜੁਝਾਰਵਾਦੀ ਕਾਵਿ-ਧਾਰਾ ਨੂੰ ਬਲ ਬਖ਼ਸ਼ਣ ਵਿਚ ਉਸਦਾ ਅਹਿਮ ਯੋਗਦਾਨ ਹੈ। ਉਸਨੇ ਪੰਜਾਬੀ ਕਵਿਤਾ ਦਾ ਇਕ ਮਾਡਲ ਵਿਕਸਤ ਕੀਤਾ। ਜਦੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਦਿੱਲੀ ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਉਹ ਪੰਜਾਬੀਆਂ ਦਾ ਇਕੋ ਇਕ ਸ਼ਾਇਰ ਸੀ ਜਿਸਨੇ ਕਵਿਤਾ ਲਿਖੀ ਕਿ ਜੇਕਰ ਸਾਰਾ ਦੇਸ਼ ਉਸ ਦੇ ਕਤਲ ਦੇ ਸੋਗ ਵਿਚ ਸ਼ਾਮਿਲ ਹੈ ਤਾਂ ਮੇਰਾ ਇਸ ਦੇਸ਼ ਵਿੱਚੋਂ ਨਾਂ ਕੱਟ ਦਿਓ। ਤੇ ਉਨ੍ਹਾਂ ਕਾਤਲਾਂ ਵਿਚ ਮੇਰਾ ਨਾਂ ਸ਼ਾਮਿਲ ਕਰ ਦਿਓ। ਸਟੇਟ ਨੂੰ ਉਸ ਸ਼ਰ੍ਹੇਆਮ ਲਲਕਾਰਿਆ। ਤੇ ਹਕੂਮਤ ਨੇ ਆਪਣੇ ਬੰਦਿਆਂ ਰਾਹੀਂ ਉਸਦਾ ਕਤਲ ਕਰਵਾ ਦਿੱਤਾ।

? ਪਾਸ਼ ਦੇ ਕਤਲ ਬਾਰੇ ਕਈ ਦੰਦ-ਕਥਾਵਾਂ ਪ੍ਰਚੱਲਤ ਹੋ ਗਈਆਂ ਹਨ।

—ਪੰਜਾਬ ਵਿੱਚ ਹਕੂਮਤ ਨੇ ਪਲੇਨਿੰਗ ਨਾਲ ਫ਼ਿਰਕਾਪ੍ਰਸਤੀ ਫੈਲਾਈ। ਉਸ ਲਹਿਰ ਦੀਆਂ ਕਈ ਪਰਤਾਂ ਹਨ। ਇਕ ਪਰਤ ਇਹ ਹੈ ਕਿ ਬਲਦੇਵ ਸਿੰਘ ਮਾਨ ਵਰਗੇ ਜਿਨ੍ਹਾਂ ਆਗੂਆਂ ਦਾ ਲੋਕਾਂ ਵਿਚ ਆਧਾਰ ਸੀ, ਉਨ੍ਹਾਂ ਨੂੰ ਖਤਮ ਕਰਵਾਉਣ ਦੀ ਮੁਹਿੰਮ ਚੱਲੀ। ਹਕੂਮਤ ਲੋਕਾਂ ਨੂੰ ਆਗੂ ਰਹਿਤ ਕਰਨਾ ਚਾਹੁੰਦੀ ਸੀ। ਜਿੰਨੇ ਨਕਸਲੀ ਆਗੂਆਂ ਦੇ ਕਤਲ ਕੀਤੇ ਗਏ, ਉਨ੍ਹਾਂ ਪੁਲਿਸ ਦਾ ਅੰਤਾਂ ਦਾ ਤਸ਼ੱਦਦ ਵੀ ਸਹਿਆ ਸੀ। ਜੇਲ੍ਹਾਂ ਵਿਚ ਵੀ ਸੜਦੇ ਰਹੇ ਸਨ। ਉਨ੍ਹਾਂ ਦੀ ਪਹਿਚਾਣ ਹੀ ਸਟੇਟ ਵਿਰੁੱਧ ਲੜੇ ਸੰਘਰਸ਼ਾਂ ਦੌਰਾਨ ਹੋਈ। ਇਹ ਆਮ ਘਰਾਂ ਦੇ ਗਰੀਬ ਮੁੰਡੇ ਸਨ। ਇਹ ਗਰੀਬਾਂ ਦੇ ਹੱਕ ਵਿਚ ਡਟੇ। ਉਨ੍ਹਾਂ ਦੀ ਆਵਾਜ਼ ਬਣੇ। ਸਰਕਾਰ ਨੇ ਉਨ੍ਹਾਂ 'ਤੇ ਜਬਰ ਢਾਹੇ। ਇਸ ਜਬਰ ਵਿੱਚੋਂ ਹੀ ਇਹ ਲੋਕਾਂ ਦੇ ਆਗੂ ਹੀ ਨਹੀਂ ਬਣੇ, ਸਗੋਂ ਨਾਇਕ ਬਣ ਕੇ ਉੱਭਰੇ। ਇਹ ਹਕੂਮਤ ਦੇ ਰਾਹ ਵਿਚ ਰੋੜਾ ਸਨ। ਉਨ੍ਹਾਂ ਨੂੰ ਰਾਹ ਵਿੱਚੋਂ ਹਟਾ ਦਿੱਤਾ ਗਿਆ। ਅੱਜ 20 ਸਾਲ ਬਾਅਦ ਪੰਜਾਬ ਸਮੱਸਿਆ ਤੋਂ ਬਾਅਦ ਇਹ ਸੋਚਣ ਦਾ ਸਮਾਂ ਹੈ। ਤੇ ਪਾਸ਼ ਵੀ ਇਸੇ ਸਾਜ਼ਿਸ਼ ਦਾ ਸ਼ਿਕਾਰ ਹੋਇਆ।

? ਪਾਸ਼ ਦੇ ਕਤਲ ਨਾਲ ਕੁੜੀ ਦੇ ਇਸ਼ਕ ਨੂੰ ਜੋੜਿਆ ਜਾ ਰਿਹਾ ਹੈ।

—ਪਾਸ਼ ਦੇ ਪਿੰਡ ਤਲਵੰਡੀ ਸਲੇਮ ਦੀ ਇਕ ਕੁੜੀ ਕਿਸੇ ਰਜਮੈਂਟ ਫੋਰਸ ਦੀ ਮੈਂਬਰ ਸੀ। ਉਸਨੇ ਹਥਿਆਰ ਲਿਆਉਣ ਅਤੇ ਕਾਤਲਾਂ ਨੂੰ ਸਹੀ ਸਲਾਮਤ ਪਿੰਡ ਵਿਚੋਂ ਬਾਹਰ ਕੱਢਣ ਵਿਚ ਅਹਿਮ ਭੂਮਿਕਾ ਨਿਭਾਈ। ਪਾਸ਼ ਨਾਲ ਜਾਂ ਉਸਦੀ ਵਿਚਾਰਧਾਰਾ ਨਾਲ ਦੁਸ਼ਮਣੀ ਕਮਾਉਣ ਵਾਲੇ ਲੋਕ ਇਹ ਕੁਪ੍ਰਚਾਰ ਕਰ ਰਹੇ ਹਨ ਕਿ ਪਾਸ਼ ਦੇ ਉਸ ਕੁੜੀ ਨਾਲ ਸੰਬੰਧ ਸਨ। ਪਾਸ਼ ਨੇ ਉਸ ਨਾਲ ਧੋਖਾ ਕੀਤਾ। ਉਸਨੇ ਬਦਲੇ ਵਜੋਂ ਉਸਦਾ ਕਤਲ ਕਰ ਦਿੱਤਾ। ਪਹਿਲੀ ਗੱਲ ਪਾਸ਼ ਨੂੰ ਕਤਲ ਕਰਨ ਵਾਲਿਆਂ ਨੇ ਜ਼ੁੰਮੇਵਾਰੀ ਲਈ। ਫਿਰ ਉਨ੍ਹਾਂ ਇਸ ਕਤਲ ਦੀ ਗਲਤੀ ਮੰਨਦਿਆਂ ਹੋਇਆਂ ਅਖ਼ਬਾਰ ਵਿਚ ਡਾਇਰੀ ਵੀ ਲਿਖੀ। ਬਾਕੀ ਰਹੀ ਪਾਸ਼ ਦੇ ਇਸ਼ਕ ਦੀ ਗੱਲ। ਪੰਜਾਬ ਵਿਚ ਅਸੀਂ ਇਕੱਠੇ ਰਹੇ ਹਾਂ। ਅਮਰੀਕਾ ਵੀ ਮਿਲਦੇ ਸਾਂ। ਅਸੀਂ ਲੰਗੋਟੀਏ ਯਾਰ ਸਾਂ। ਇਕ ਦੂਜੇ ਦੇ ਭੇਤਾਂ ਤੋਂ ਜਾਣੂ ਹਾਂ।

ਪਹਿਲਾ ਇਸ਼ਕ ਉਹਦੇ ਸਕੂਲ ਸਮੇਂ ਦਾ ਸੀ। ਇਕ ਨਕੋਦਰ ਦੀ ਕੁੜੀ ਸੀ। ਉਹ ਪੜ੍ਹਨ ਆਉਂਦੀ ਤਾਂ ਪਾਸ਼ ਉਹਨੂੰ ਦੇਖਦਾ ਜ਼ਰੂਰ। ਮੈਂ, ਪਾਸ਼ ਤੇ ਪਰਮਿੰਦਰ ਨੇ ਨਕੋਦਰ ਸਾਈਕਲ ਖੜ੍ਹੇ



ਕਰਨੇ। ਕੁੜੀ ਦੀ ਇੰਤਜ਼ਾਰ ਕਰਨੀ। ਉਹਦੇ ਆਉਣ 'ਤੇ ਉਹਦੇ ਅੱਗੇ ਪਿੱਛੇ ਤੁਰ ਪੈਣਾ। ਅਸੀਂ ਡਰਦੇ ਬਹੁਤ ਹੁੰਦੇ ਸਾਂ। ਉਹਨੂੰ ਬੁਲਾਉਂਦੇ ਨਾ। ਉਹ ਤੇ ਉਹਦੀ ਸਹੇਲੀ ਅਰਾਮ ਨਾਲ ਸੜਕ 'ਤੇ ਤੁਰੀਆਂ ਹੁੰਦੀਆਂ। ਪਾਸ਼ ਨੇ ਉਹਨੂੰ ਬੁਲਾਉਣਾ ਤਾਂ ਕੀ, ਦੇਖਣ ਵੇਲੇ ਵੀ ਆਲਾ-ਦੁਆਲਾ ਦੇਖਦਾ ਸੀ। ਅਸੀਂ ਉਹਨੂੰ ਸਕੂਲ ਤੋਂ ਘਰ ਤੱਕ ਛੱਡਣ ਦੀ ਸੇਵਾ ਨਿਭਾਉਂਦੇ। ਉਹਨੂੰ ਪਾਸ਼ ਨੇ ਇਕ ਪ੍ਰੇਮ-ਪੱਤਰ ਲਿਖਿਆ। ਸ਼ਬਦ ਪਾਸ਼ ਦੇ ਸਨ ਤੇ ਲਿਖਾਈ ਮੇਰੀ। ਪੱਤਰ ਉਸਦੇ ਬਸਤੇ ਵਿੱਚ ਪਾ ਦਿੱਤਾ ਗਿਆ। ਉਹਦਾ ਜਵਾਬ ਅੱਜ ਤੱਕ ਨਹੀਂ ਆਇਆ। ਪਾਸ਼ ਨੇ ਬੇਇੱਜ਼ਤੀ ਬੜੀ ਮਹਿਸੂਸ ਕੀਤੀ। ਜਮਾਤ ਦੇ ਸਾਰੇ ਮੁੰਡਿਆਂ ਨੂੰ ਪਤਾ ਸੀ। ਪਾਸ਼ ਕਹਿੰਦਾ- 'ਯਾਰ, ਕਾਲਿਆ। ਕੁੜੀ ਵੱਲੋਂ ਤੂੰ ਹੀ ਖ਼ਤ ਲਿਖ ਦੇ।' ਉਹ ਮੇਰਾ ਘਰ ਵਾਲਾ ਨਾਂ ਲੈਂਦਾ ਸੀ। ਮੈਂ ਖ਼ਤ ਲਿਖ ਦਿੱਤਾ। ਉਹ ਖ਼ਤ ਮਾਸਟਰ ਦੇ ਹੱਥ ਲੱਗ ਗਿਆ। ਮਾਸਟਰ ਨੇ ਪਾਸ਼ ਦੀ ਹਲਕੀ ਜਿਹੀ ਝਾੜ ਝੰਬ ਕੀਤੀ।

ਉਨ੍ਹਾਂ ਦਿਨਾਂ ਵਿੱਚ ਪਾਸ਼ ਦੇ ਪਿੰਡ ਦੀ ਇਕ ਕੁੜੀ ਉਹ 'ਤੇ ਜਾਨ ਦਿੰਦੀ ਸੀ ਪਰ ਇਹ ਧਿਆਨ ਨਹੀਂ ਸੀ ਦਿੰਦਾ। ਪਿੰਡ ਦੇ ਭਾਈਚਾਰੇ ਤੋਂ ਡਰਦਾ ਸੀ। ਭਾਵੇਂ ਉਦੋਂ ਪੰਜਾਬ ਵਿਚ ਲਹਿਰ ਨਹੀਂ ਸੀ ਚੱਲੀ। ਇਹ ਛੋਟੇ ਹੁੰਦਿਆਂ ਦੀਆਂ ਗੱਲਾਂ ਹਨ। ਉਦੋਂ ਪਿੰਡਾਂ ਵਿੱਚ ਅਜਿਹੇ ਸੰਬੰਧਾਂ ਨੂੰ ਵੀ ਬਹੁਤ ਮਾੜਾ ਗਿਣਿਆ ਜਾਂਦਾ ਸੀ। ਪਾਸ਼ ਡਰਦਾ ਧੌਣ ਨਹੀਂ ਸੀ ਚੁੱਕਦਾ। ਸਕੂਲ ਵਾਲੀ ਕੁੜੀ ਵੱਲੋਂ ਨਿਰਾਸ਼ ਹੋ ਗਿਆ ਸੀ। ਪਿੰਡ ਵਾਲੀ ਕੁੜੀ ਤਾਂ ਪਾਸ਼ ਲਈ ਦਿਨ ਰਾਤ ਤੜਪਦੀ ਸੀ। ਫਿਰ ਪਾਸ਼ ਇਸ ਕੁੜੀ ਦੇ ਨੇੜੇ ਹੋ ਗਿਆ। ਇਸ ਕੁੜੀ ਨੂੰ ਅਸੀਂ ਇਕੱਠੇ ਮੇਲਿਆਂ ਵਿਚ ਮਿਲਦੇ ਰਹੇ ਹਾਂ। ਬਹੁਤ ਸਾਰੀਆਂ ਕਵਿਤਾਵਾਂ ਵਿਚ ਪਾਸ਼ ਇਸ ਕੁੜੀ ਦਾ ਜ਼ਿਕਰ ਕਰਦਾ ਹੈ। ਉਸਨੂੰ ਕਵਿਤਾ ਵਿਚ ਲੈ ਕੇ ਆਉਂਦਾ ਹੈ।

ਇਕ ਵਾਰ ਉਹ ਆਪਣੀ ਮਾਸੀ ਕੋਲ ਗਈ ਹੋਈ ਸੀ। ਮਾਸੀ ਦੀ ਕੁੜੀ ਤੇ ਉਹ ਰੈਣਕ ਬਾਜ਼ਾਰ ਜਲੰਧਰ ਮਿਲੀਆਂ। ਮੈਂ, ਪਰਮਿੰਦਰ ਤੇ ਪਾਸ਼ ਉਨ੍ਹਾਂ ਨੂੰ ਬਾਜ਼ਾਰ ਵਿਚ ਮਿੱਥੇ ਥਾਂ 'ਤੇ ਮਿਲ ਪਏ। ਗੱਲਾਂ ਕਰਦਿਆਂ ਦੋ ਘੰਟੇ ਲੰਘ ਗਏ। ਉਹਦੀ ਮਾਸੀ ਦੀ ਕੁੜੀ ਕਹਿੰਦੀ- 'ਕੁਝ ਖੁਆਓਗੇ ਵੀ ਜਾਂ ਸੁੱਕੀਆਂ ਗੱਲਾਂ ਹੀ ਕਰੀਂ ਜਾਓਂਗੇ?' ਫਿਰ ਅਸੀਂ ਸਾਰਿਆਂ ਨੇ ਸਮੋਸੇ ਖਾਧੇ। ਭੁੱਖ ਲੱਗੀਓ ਸੀ। ਸਾਈਕਲਾਂ 'ਤੇ ਆਏ ਸੀ। ਢਿੱਡ ਭਰ ਕੇ ਸਮੋਸੇ ਖਾਧੇ। ਮੈਂ ਸੋਚਿਆ ਪਾਸ਼ ਕੋਲ ਪੈਸੇ ਹੋਣੇ ਹਨ, ਉਹਨੇ ਸੋਚਿਆ ਮੇਰੇ ਕੋਲ ਜਾਂ ਪਰਮਿੰਦਰ ਕੋਲ ਹੋਣਗੇ। ਸਾਡੇ ਕੋਲ ਕੁਲ ਡੇਢ ਰੁਪਈਆ ਸੀ। ਕੁੜੀਆਂ ਕਹਿਣ ਫ਼ਿਲਮ ਦੇਖਣ ਚੱਲੀਏ? ਅਸੀਂ ਕਿਹਾ-ਕੱਲ੍ਹ ਚੱਲਾਂਗੇ। ਉਹ ਕਹਿੰਦੀਆਂ ਅਸੀਂ ਰੋਜ਼ ਨਹੀਂ ਆ ਸਕਦੀਆਂ। ਉਹ ਚਲੇ ਗਈਆਂ। ਫਿਰ ਮੈਂ ਸਮੋਸਿਆਂ ਵਾਲੇ ਨੂੰ ਘੜੀ ਦਿੱਤੀ। ਉਹ ਅਗਲੇ ਦਿਨਾਂ ਵਿੱਚ ਪੈਸੇ ਦੇ ਕੇ ਛੁਡਾਈ।

ਪਾਸ਼ ਨੇ ਇਸ ਕੁੜੀ ਨੂੰ ਟੁੱਟ ਕੇ ਪਿਆਰ ਕੀਤਾ। ਉਹਦੇ ਉਸਦੇ ਨਾਲ ਸਰੀਰਕ ਸੰਬੰਧ ਨਹੀਂ ਸਨ। ਅਸੀਂ ਕਵੀ ਵਾਰ ਪੁੱਛਣਾ- 'ਕਿੱਦਾਂ ਬਈ ਪਾਸ਼ ਸੈਰ ਕਰ ਲਈ ਜਾਂ ਅਜੇ....?' ਉਹਨੇ ਕਹਿਣਾ- 'ਕੰਜਰੋ, ਪਿਆਰ ਇਕੱਲੇ ਸਰੀਰਾਂ ਦੀ ਖੇਡ ਨਹੀਂ ਹੈ। ਇਹ ਕੁੜੀ ਚਿੜੀ ਦੀ ਜੀਭ ਵਰਗੀ ਆ। ਝਿਮਣਾਂ ਵਿੱਚ ਪਾਲ ਕੇ ਜੁਆਨ ਕੀਤਾ। ਇਸ਼ਕ ਕਮਾਇਆ ਹੋਇਆ।' ਇਹ ਕੁੜੀ ਵਿਆਹੀ ਵੀ ਗਈ। ਮੁੜ ਪਾਸ਼ ਹੁਰੀਂ ਇਕ ਦੂਜੇ ਨੂੰ ਨਹੀਂ ਮਿਲੇ। ਉਹ ਕਿਤੇ ਮਿਲ ਪੈਂਦੀ ਤਾਂ ਅੱਖਾਂ ਭਰ ਲੈਂਦੀ। ਇਹੀ ਪਾਸ਼ ਦਾ ਇਕ ਸੱਚਾ ਸੁੱਚਾ ਇਸ਼ਕ ਸੀ।

ਪਿੱਛੇ ਸਮਸ਼ੇਰ ਸੰਧੂ ਦੀ ਕਿਤਾਬ 'ਇਕ ਪਾਸ਼ ਇਹ ਵੀ' ਆਈ ਹੈ। ਉਹ ਪਾਸ਼ ਦੀ ਜਿਸ ਸਹੇਲੀ ਦੀ ਗੱਲ ਕਰਦਾ ਹੈ, ਉਹ ਟੀਚਰ ਸੀ। ਪਾਸ਼ ਨਾਲੋਂ ਉਮਰ ਵਿੱਚ ਵੱਡੀ ਸੀ। ਉਹ ਪਾਸ਼ ਦੇ ਵਾਲਾਂ ਅਤੇ ਅੱਖਾਂ ਉੱਤੇ ਮਰਦੀ ਸੀ। ਪਾਸ਼ ਉਹਤੋਂ ਤ੍ਰਭਕਦਾ ਹੁੰਦਾ ਸੀ। ਉਹ ਕਹਿੰਦੀ ਹੁੰਦੀ ਸੀ- 'ਪਾਸ਼ ਆਪਾਂ ਅਗਲੇ ਜਨਮ ਵਿਚ ਇਕੱਠੇ ਹੋਵਾਂਗੇ।' ਕਦੇ ਕਹਿੰਦੀ- 'ਮੈਂ ਸਾਰੀ ਉਮਰ ਤੇਰੇ

ਘੁੰਗਰਾਲੇ ਵਾਲਾਂ ਵਿੱਚ ਹੱਥ ਫੇਰਦੀ ਰਹਾਂ।'

ਜਦੋਂ ਮੈਂ ਅਮਰੀਕਾ ਆ ਗਿਆ। ਮੈਂ ਉਹਨੂੰ ਅਮਰੀਕਾ ਆਏ ਨੂੰ ਇਸ਼ਕਾਂ ਬਾਰੇ ਪੁੱਛਿਆ। ਉਹ ਹੱਸ ਕੇ ਬੋਲਿਆ, 'ਕਾਲਿਆ, ਪੰਛੀ ਜਿੱਥੇ ਬੈਠਦਾ, ਉੱਥੇ ਬਿੱਠ ਨਹੀਂ ਕਰਦਾ।' ਉਹ ਪ੍ਰਚੱਲਤ ਮੁਹਾਵਰੇ ਦੇ ਉਲਟ ਗੱਲ ਕਰਦਾ।

? ਤੁਹਾਡੀ ਕਵਿਤਾ ਵਿਚ ਪਿਆਰ ਦੇ ਤਿੱਖੇ ਅਹਿਸਾਸਾਂ ਦਾ ਸੱਚ ਵੀ ਸਾਹਮਣੇ ਆਉਂਦਾ ਹੈ। ਉਂਝ ਪਿਆਰ ਕਿਸੇ ਇਕ ਰਿਸ਼ਤੇ ਦਾ ਬੰਧਕ ਨਹੀਂ ਹੈ। ਫਿਰ ਵੀ ਤੁਸੀਂ ਆਪਣੇ ਇਸ਼ਕ ਬਾਰੇ ਚਾਨਣਾ ਪਾਓ।

—ਮੇਰੇ ਇਸ਼ਕ ਦੀਆਂ ਕਹਾਣੀਆਂ ਬਹੁਤੀਆਂ ਨਹੀਂ ਹਨ। ਇਕ ਤਾਂ ਚੜ੍ਹਦੀ ਜਵਾਨੀ ਕਮਿਊਨਿਸਟਾਂ ਵਿਚ ਰਲ ਗਏ। ਉਹ ਇਸ਼ਕ ਦੇ ਚੱਕਰ ਵਿਚ ਪੈਣ ਦੀ ਸਖ਼ਤ ਮਨਾਹੀ ਕਰਦੇ ਸਨ। ਉਨ੍ਹਾਂ ਨੇ ਕਹਿਣਾ- 'ਜਿਸ ਘਰ ਵੀ ਜਾਓ, ਆਪਣੇ ਆਪ ਨੂੰ ਸੰਭਾਲ ਕੇ ਰੱਖੋ। ਪੰਜਾਬ ਜਗੀਰੂ ਇਲਾਕਾ ਆ। ਲੋਕ ਧੀ ਭੈਣ ਵਾਲੇ ਮਾਮਲੇ 'ਤੇ ਕਤਲ ਕਰਨ ਤੱਕ ਜਾਂਦੇ ਹਨ। ਜੇਕਰ ਕੋਈ ਆਪਣਾ ਸਾਥੀ ਫੀਲਡ ਵਿਚ ਇਹੋ ਜਿਹੀ ਹਰਕਤ ਕਰੇਗਾ, ਉਹਦੇ ਨਾਲ ਲਹਿਰ ਨੂੰ ਸੱਟ ਲੱਗਦੀ ਹੈ। ਲੋਕਾਂ ਦਾ ਵਿਸ਼ਵਾਸ ਚੁੱਕ ਹੋ ਜਾਂਦਾ ਹੈ।' ਇਸ਼ਕ-ਮੁਸ਼ਕ ਦੀਆਂ ਗੱਲਾਂ ਤਾਂ ਸਾਡੇ ਸ਼ਾਇਰਾਂ ਲੋਕਾਂ ਵਿਚ ਜ਼ਿਆਦਾ ਹੁੰਦੀਆਂ ਹਨ। ਕਿਉਂਕਿ ਇਹ ਪਾਰਟੀ ਦੇ ਡਿਸਪਲਿਨ ਵਿਚ ਨਹੀਂ ਹੁੰਦੇ। ਥੋੜ੍ਹੇ ਆਜ਼ਾਦ ਹੁੰਦੇ ਹਨ। ਆਮ ਪਾਰਟੀ ਵਰਕਰ ਜਾਂ ਆਗੂ ਤਾਂ ਇਸ਼ਕ ਦੇ ਚੱਕਰ ਵਿਚ ਹੀ ਨਹੀਂ ਫਸਦੇ। ਜਿਹੜੇ ਫਸਦੇ ਹਨ, ਉਨ੍ਹਾਂ ਦੀ ਛੁੱਟੀ ਹੋ ਜਾਂਦੀ ਹੈ।

ਮੈਂ ਵੀ ਜਿੰਨਾ ਚਿਰ ਜਥੇਬੰਦੀ ਵਿਚ ਰਿਹਾ, ਇਸ ਪਾਸੇ ਧਿਆਨ ਨਹੀਂ ਦਿੱਤਾ। ਬਾਅਦ ਵਿੱਚ ਇਕ ਘਟਨਾ ਵਾਪਰੀ ਸੀ। ਮੇਰੇ 'ਤੇ ਪ੍ਰੀਤਲੜੀ ਦਾ ਪ੍ਰਭਾਵ ਸੀ। ਉਸ ਪ੍ਰਭਾਵ ਤਹਿਤ ਅਸੀਂ ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ, ਦੇ ਮੁਦੱਈ ਸਾਂ। ਇਕ ਕੁੜੀ ਨੂੰ ਪਿਆਰ ਕਰ ਬੈਠਾ। ਮੈਂ ਉਹਨੂੰ ਬਹੁਤ ਪਿਆਰੇ ਖ਼ਤ ਲਿਖਦਾ। ਮੈਂ ਉਹਨੂੰ ਮਾਨਸਿਕ ਤੌਰ 'ਤੇ ਇਸ਼ਕ ਕਰਦਾ ਸੀ। ਉਹਨੂੰ ਇਹ ਸਮਝ ਨਹੀਂ ਸੀ। ਉਹਦੇ ਲਈ ਪਿਆਰ ਸਿਰਫ਼ ਸਰੀਰਾਂ ਦੀ ਖੇਡ ਸੀ। ਉਹ ਮੇਰੇ ਭਰਾ ਨਾਲ ਹੀ ਸੌਂ ਗਈ। ਤੇ ਕਹਿਣ ਲੱਗੀ- 'ਜਦ ਦੇਖੋ, ਹਰ ਵਕਤ ਖ਼ਤ ਲਿਖਦਾ ਰਹਿੰਦਾ। ਇਨ੍ਹਾਂ ਖ਼ਤਾਂ ਨੂੰ ਕੌਣ ਪੁੱਛਦਾ।' ਇਸ ਪਿੱਛੋਂ ਮੇਰਾ ਉਹਦੇ ਨਾਲੋਂ ਇਸ਼ਕ ਟੁੱਟ ਗਿਆ। ਇਸ ਪਿੱਛੋਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ। ਕੋਈ ਯਾਦਗਾਰੀ ਜਾਂ ਮਾਣ ਕਰਨ ਵਾਲੀਆਂ ਨਹੀਂ ਹਨ।

? ਸੁਣਿਆ ਤੁਹਾਡੇ ਦੋ ਤਿੰਨ ਵਿਆਹ ਹੋਏ ਹਨ। ਵਿਆਹਾਂ ਦਾ ਕੀ ਰਹੱਸ ਹੈ ?

—ਮੈਂ ਪੰਜਾਬੀ ਤੇ ਅੰਗਰੇਜ਼ੀ ਦੀ ਐਮ.ਏ. ਕਰਨ ਤੋਂ ਬਾਅਦ 'ਨਵੀਂ ਪੰਜਾਬੀ ਕਵਿਤਾ' 'ਤੇ ਪੀ.ਐਚ.ਡੀ. ਕਰਨ ਲੱਗ ਪਿਆ ਸੀ। ਰੋਜ਼ੀ ਰੋਟੀ ਦੀ ਖ਼ਾਤਿਰ ਐਡਹਾਕ 'ਤੇ ਜੌਬ ਵੀ ਕਰਨ ਲੱਗ ਪਿਆ ਸੀ। ਮੈਂ ਪਹਿਲਾਂ ਬੇਅਰਿੰਗ ਯੂਨੀਅਨ ਕਰਿਸ਼ੀਅਨ ਕਾਲਜ ਬਟਾਲਾ ਵਿਖੇ, ਫਿਰ ਗੌਰਮਿੰਟ ਸ਼ਿਵਾਲਕ ਕਾਲਜ ਨੰਗਲ ਵਿਖੇ ਪੰਜਾਬੀ ਲੈਕਚਰਾਰ ਵਜੋਂ ਨੌਕਰੀ ਕੀਤੀ। ਇਸ ਦੌਰਾਨ ਅਮਰਜੋਤ ਕੌਰ ਸੰਧੂ ਨਾਲ ਮੇਰਾ ਸੰਪਰਕ ਹੋ ਗਿਆ। ਉਹ ਪੰਜਾਬ ਦੀ ਆਈ.ਏ.ਐਸ. ਅਫ਼ਸਰ ਸੀ। ਉਸਦੀ ਕੁੱਖੋਂ ਮੇਰੇ ਦੋ ਬੇਟੇ ਪੁਨੀਤ ਤੇ ਵਿਨੀਤ ਹੋਏ। ਪਹਿਲੇ ਕੁਝ ਸਾਲ ਤਾਂ ਠੀਕ ਰਹੇ। ਬਾਅਦ ਵਿੱਚ ਗੜਬੜ ਹੋਣ ਲੱਗ ਪਈ। ਇਕ ਤੇ ਉਹ ਆਈ.ਏ.ਐਸ. ਅਫ਼ਸਰ ਸੀ। ਉਹਦਾ ਸੋਚਣ ਦਾ ਢੰਗ ਸਰਕਾਰੀ ਕਿਸਮ ਦਾ ਸੀ ਜਦੋਂ ਕਿ ਮੈਂ ਨਕਸਲੀ ਲਹਿਰ ਦਾ ਹਮਾਇਤੀ ਸੀ। ਪਰ ਇਸ ਮੁੱਦੇ 'ਤੇ ਸਾਡੀ ਬਹਿਸ ਹੀ ਹੁੰਦੀ ਸੀ। ਕੋਈ ਵੱਡੀ ਪ੍ਰਾਬਲਮ ਨਹੀਂ ਸੀ। ਵੱਡੀ ਪ੍ਰਾਬਲਮ ਉਹਦਾ ਅਫ਼ਸਰਸ਼ਾਹੀ ਵਾਲਾ ਵਤੀਰਾ ਤੇ ਉੱਚ ਜਾਤ ਦੀ ਹੈਂਕੜ ਸੀ। ਉਹ ਮੇਰੇ ਪਿੰਡ ਜਾ ਕੇ ਰਹਿਣਾ ਪਸੰਦ ਨਹੀਂ ਸੀ ਕਰਦੀ। ਮੈਂ ਹੀ ਉਹਦੀਆਂ ਸਰਕਾਰੀ ਕੋਠੀਆਂ ਵਿੱਚ ਰਹਿੰਦਾ



ਸਾਂ। ਮੇਰੇ ਮਾਂ-ਬਾਪ ਸਾਡੇ ਕੋਲ ਆ ਕੇ ਰਹਿ ਨਹੀਂ ਸਕਦੇ ਸਨ। ਕਿਤੇ ਪਿੰਡ ਚਲੇ ਜਾਂਦੀ ਤਾਂ ਮਾਂ ਦੇ ਹੱਥੋਂ ਰੋਟੀ ਨਹੀਂ ਸੀ ਖਾਂਦੀ। ਕਹਿਣ ਲੱਗਦੀ-

"ਇਹ ਬੁੜ੍ਹੀਏ, ਰੋਟੀ ਚੁੱਕ ਲੈ। ਮੈਂ ਨਹੀਂ ਖਾਣੀ। ਤੇਰੇ ਨਾਲੋਂ ਤਾਂ ਮੇਰੇ ਨੌਕਰ ਦਾ ਕੋਈ ਸਟੈਂਡਰਡ ਹੋਏਗਾ। ਅਸੀਂ ਖਾਣ-ਪੀਣ ਵੇਲੇ ਸੌ ਸੋਚੀਦਾ ਕਿ ਜਿਹਦੇ ਹੱਥੋਂ ਲੈ ਕੇ ਖਾ ਰਹੀ ਹਾਂ।"

ਉਹਦੀ ਅੰਦਰਲੀ ਜੱਟਾਂ ਵਾਲੀ ਹੈਂਕੜ ਬੋਲੀ ਸੀ। ਮੇਰੀ ਮਾਂ ਨਾਲ ਮੇਰਾ ਬਹੁਤ ਮੋਹ ਸੀ। ਬਾਪੂ ਦੇ ਮੁਕਾਬਲੇ ਮਾਂ ਨੇ ਮੈਨੂੰ ਜ਼ਿਆਦਾ ਪਿਆਰ ਦਿੱਤਾ। ਔਖੇ ਟਾਈਮ 'ਤੇ ਮੇਰਾ ਖ਼ਿਆਲ ਰੱਖਦੀ ਰਹੀ। ਮੈਂ ਹੋਰ ਬਹੁਤ ਕੁਝ ਬਰਦਾਸ਼ਤ ਕਰ ਸਕਦਾ ਸੀ ਪਰ ਆਪਣੀ ਮਾਂ ਨਾਲ ਵਿਤਕਰਾ ਬਿਲਕੁਲ ਸਹਿ ਨਹੀਂ ਸੀ ਸਕਦਾ। ਉਹਨੂੰ ਜ਼ਲੀਲ ਹੁੰਦਾ ਦੇਖ ਨਹੀਂ ਸੀ ਸਕਦਾ। ਮੇਰਾ ਉਹਦੇ ਨਾਲ ਕਲੇਸ਼ ਰਹਿਣ ਲੱਗਾ।

? ਅਮਰੀਕਾ ਆਉਣ ਦਾ ਸਬੱਬ ਕਿਵੇਂ ਬਣਿਆ।

—ਜਦੋਂ ਮੇਰਾ ਖੇਤ ਵਿੱਚ ਮੱਝਾਂ ਚਾਰਨ ਬਦਲੇ ਕੁਟਾਪਾ ਚਾੜ੍ਹਿਆ ਸੀ, ਉਦੋਂ ਮੈਂ ਪੜ੍ਹ-ਲਿਖ ਕੇ ਸੈੱਟ ਹੋਣ ਨੂੰ ਤਰਜੀਹ ਦਿੱਤੀ ਸੀ। ਅਸਲ ਵਿਚ ਤਾਂ ਅਮਰੀਕਾ ਆਉਣਾ ਉਹਦਾ ਹਿੱਸਾ ਹੀ ਸੀ। ਪਰ ਉਦੋਂ ਜਿਹੜੇ ਤਤਕਾਲੀ ਕਾਰਨ ਬਣੇ, ਉਨ੍ਹਾਂ ਵਿੱਚੋਂ ਇਕ ਕਾਰਨ ਪੰਜਾਬ ਦੇ ਹਾਲਾਤ ਸਨ। ਹੋਇਆ ਇਉਂ ਸੀ- ਬੱਸ ਵਿੱਚੋਂ ਹਿੰਦੂ ਯਾਤਰੀਆਂ ਨੂੰ ਕੱਢ ਕੇ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਇਸ ਦੇ ਵਿਰੁੱਧ ਜਲੰਧਰ ਕਮਿਊਨਿਸਟਾਂ ਨੇ ਇਕ ਮੁਜ਼ਾਹਰਾ ਕੀਤਾ ਸੀ। ਅਸੀਂ ਲੇਖਕ ਵੀ ਮੋਹਰੇ ਹੋ ਕੇ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸਾਂ। ਅੱਤਵਾਦੀਆਂ ਨੇ ਸਾਨੂੰ ਵੀ ਹਿਟ ਲਿਸਟ ਵਿਚ ਸ਼ਾਮਿਲ ਕਰ ਲਿਆ ਸੀ। ਮੈਨੂੰ ਧਮਕੀ—ਪੱਤਰ ਆ ਗਿਆ ਸੀ। ਮੈਂ ਵਿਆਹਿਆ ਹੋਇਆ ਸੀ। ਮੇਰੇ ਦੋ ਬੱਚੇ ਸਨ। ਮੈਂ ਗੌਰਮਿੰਟ ਸ਼ਿਵਾਲਕ ਕਾਲਜ ਪੜ੍ਹਾਉਂਦਾ ਸੀ। ਮੈਂ ਕਿੱਥੇ ਲੁਕ ਜਾਂਦਾ। ਅੱਤਵਾਦੀ ਵੀ ਏਹੀ ਚਾਹੁੰਦੇ ਸਨ ਕਿ ਮੈਂ ਚੁੱਪ ਕਰ ਜਾਂਹ ਜਾਂ ਲੁਕ ਜਾਵਾਂ। ਦੂਜਾ ਕਾਰਨ ਮੇਰਾ ਪਰਿਵਾਰਕ ਕਲੇਸ਼ ਸੀ। ਇਹ ਕਲੇਸ਼ ਸਿਖ਼ਰ 'ਤੇ ਸੀ। ਮੇਰੀ ਪਤਨੀ ਵੱਡੀ ਅਫ਼ਸਰ ਸੀ। ਮੈਂ ਉਹਦੇ ਸਾਹਮਣੇ ਕੋਈ ਚਾਰਾ ਨਹੀਂ ਸੀ ਕਰ ਸਕਦਾ। ਉਹ ਪਾਵਰ ਵਿਚ ਸੀ। ਉਹ ਕੁਝ ਵੀ ਕਰ ਸਕਦੀ ਸੀ। ਘਰ ਵਿਚ ਗਰੀਬੀ ਪੂਰੀ ਸੀ। ਜਿਉਣ ਹਾਲਤਾਂ ਮਾੜੀਆਂ ਸਨ। ਘਰ ਦੀ ਆਰਥਿਕ ਹਾਲਤ ਸੁਧਾਰਨ ਦਾ ਵੱਡਾ ਸਵਾਲ ਸੀ।

ਇਨ੍ਹਾਂ ਕਾਰਨਾਂ ਨੇ ਮੈਨੂੰ ਵਿਦੇਸ਼ ਆਉਣ ਲਈ ਉਕਸਾਇਆ। ਇਹ 1984 ਦਾ ਸਮਾਂ ਸੀ। ਮੇਰਾ ਇਕ ਮਿੱਤਰ ਡਾ. ਕੁਲਦੀਪ ਅਗਨੀਹੋਤਰੀ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਵਾਲੇ ਨਿਊਯਾਰਕ (ਅਮਰੀਕਾ) ਵਿਖੇ ਪੰਜਾਬ ਦੇ ਹਲਾਤਾਂ ਉੱਤੇ ਇਕ ਕਾਨਫਰੰਸ ਕਰਵਾ ਰਹੇ ਸਨ। ਉਨ੍ਹਾਂ ਵੱਲੋਂ ਡਾ. ਕੁਲਦੀਪ ਅਗਨੀਹੋਤਰੀ ਨੂੰ ਸੱਦਾ-ਪੱਤਰ ਆਇਆ ਸੀ। ਡਾਕਟਰ ਸਾਹਿਬ ਕਾਨਫਰੰਸ ਅਟੈਂਡ ਕਰਨੀ ਚਾਹੁੰਦੇ ਸਨ ਪਰ ਉਨ੍ਹਾਂ ਕੋਲ ਜਹਾਜ਼ ਦੀ ਟਿਕਟ ਲਈ ਪੈਸੇ ਨਹੀਂ ਸਨ। ਮੈਂ ਡਾ. ਅਗਨੀਹੋਤਰੀ ਨੂੰ ਪੇਸ਼ਕਸ਼ ਕੀਤੀ ਕਿ ਉਹ ਮੇਰੇ ਲਈ ਵੀ ਸੱਦਾ-ਪੱਤਰ ਮੰਗਵਾ ਦੇਣ, ਮੈਂ ਦੋਨਾਂ ਦੀਆਂ ਟਿਕਟਾਂ ਲਾ ਦੇਵਾਂਗਾ। ਉਸਨੇ ਮੇਰੇ ਲਈ ਵੀ ਸੱਦਾ-ਪੱਤਰ ਮੰਗਵਾ ਦਿੱਤਾ। ਅਸੀਂ 'ਪੰਜਾਬ ਸਮੱਸਿਆ' 'ਤੇ ਪੇਪਰ ਲਿਖ ਕੇ ਇੰਟਰਵੀਊ ਦਿੱਤੀ। ਸਾਨੂੰ ਵੀਜ਼ਾ ਮਿਲ ਗਿਆ। ਮੇਰੇ ਬਾਪ ਨੇ ਉਧਾਰ ਪੈਸੇ ਫੜ ਕੇ ਆਉਣ-ਜਾਣ ਦੀਆਂ ਦੋ ਟਿਕਟਾਂ ਦਾ ਪ੍ਰਬੰਧ ਕਰ ਦਿੱਤਾ। ਅਸੀਂ ਦੋਨੋਂ ਕਾਨਫਰੰਸ ਤੋਂ ਪਹਿਲਾਂ ਨਿਊਯਾਰਕ ਪੁੱਜ ਗਏ। ਮੈਂ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਵੀ ਖਾਲਿਸਤਾਨੀਆਂ ਦੇ ਬਰਾਬਰ ਰੱਖਦਾ ਸੀ। ਇਸ ਕਰਕੇ ਮੈਂ ਉਨ੍ਹਾਂ ਦੀ ਕਾਨਫਰੰਸ ਨਾ ਅਟੈਂਡ ਕੀਤੀ ਸਗੋਂ ਨਿਊਯਾਰਕ ਤੋਂ ਕੈਲੇਫੋਰਨੀਆ ਆ ਗਿਆ। ਇੱਥੇ ਮੈਂ ਆਪਣੇ ਵਾਕਫ਼ਾਂ ਕੋਲ ਪੁੱਜ ਕੇ ਕੰਮ ਲੱਗ ਪਿਆ ਅਤੇ ਪੁਲੀਟੀਕਲ ਸਟੇਅ ਲਈ ਅਪਲਾਈ ਕਰ ਦਿੱਤਾ।

? ਆਮ ਤੌਰ ’ਤੇ 1980 ਤੋਂ ਅਮਰੀਕਾ ਜਾਂ ਹੋਰ ਦੇਸ਼ਾਂ ਵਿਚ ਰਾਜਨੀਤਕ ਸ਼ਰਨ ਲੈਣ ਵਾਲੇ ਕੋਰਟ ਵਿਚ ਆਪਣੇ ਆਪ ਨੂੰ ਖਾਲਿਸਤਾਨੀ ਸਿੱਧ ਕਰਦੇ। ਭਾਰਤ ਸਰਕਾਰ ਦੇ ਜਬਰ ਦਾ ਦੱਸ ਕੇ ਅਮਰੀਕਾ ਵਿਚ ਠਹਿਰਨ ਦੀ ਬੇਨਤੀ ਕਰਦੇ। ਤੁਸੀਂ ਵੀ ਖਾਲਿਸਤਾਨੀ ਬਣੇ।

—ਨਹੀਂ, ਮੈਂ ਖਾਲਿਸਤਾਨੀ ਨਹੀਂ ਬਣਿਆ। ਸਗੋਂ ਮੈਂ ਅਸਲੀਅਤ ਦੱਸੀ। ਮੈਂ ਦੱਸਿਆ ਕਿ ਮੈਂ ਮਨੁੱਖੀ ਅਧਿਕਾਰਾਂ ਦਾ ਕਾਰਕੁੰਨ ਹਾਂ। ਭਾਰਤ ਵਿਚ ਖਾਲਿਸਤਾਨੀ ਅਤੇ ਸਰਕਾਰ ਜਿੱਥੇ ਆਮ ਲੋਕਾਂ ’ਤੇ ਜਬਰ ਢਾਹ ਰਹੇ ਹਨ, ਉੱਥੇ ਉਹ ਹਿਊਮਨ ਰਾਈਟਸ ਦੇ ਰਾਖਿਆਂ ਨੂੰ ਵੀ ਕਤਲ ਕਰ ਰਹੇ ਹਨ। ਮੈਂ ਇਹ ਵੀ ਦੱਸਿਆ ਕਿ ਇਹ ਦਿਖਾਵੇ ਵਜੋਂ ਦੋਵੇਂ ਅੱਡ-ਅੱਡ ਹਨ ਪਰ ਇਹ ਸਾਂਝੀ ਮੁਹਿੰਮ ਚਲਾ ਰਹੇ ਹਨ। ਮੈਂ ਦੱਸਿਆ ਕਿ ਪੰਜਾਬ ਵਿਚ ਆਮ ਲੋਕਾਂ ਜਾਂ ਸਿੱਖਾਂ ਦੇ ਜੋ ਕਤਲ ਹੋ ਰਹੇ ਹਨ, ਉਹਦੇ ਪਿੱਛੇ ਭਾਰਤ ਸਰਕਾਰ ਅਤੇ ਉਸਦੀਆਂ ਏਜੰਸੀਆਂ ਕੰਮ ਕਰ ਰਹੀਆਂ ਹਨ। ਜੱਜ ਮੇਰੀ ਗੱਲ ਸੁਣ ਕੇ ਹੱਸ ਪਿਆ। ਜਿਵੇਂ ਉਹਨੂੰ ਇਹ ਗੱਲ ਪਚੀ ਨਾ ਹੋਵੇ। ਮੈਂ ਕਿਹਾ- ਜੱਜ ਸਾਹਿਬ, ਅੱਜ ਤੋਂ 40-50 ਸਾਲ ਬਾਅਦ ਜਦੋਂ ਇਤਿਹਾਸ ਲਿਖਿਆ ਜਾਏਗਾ, ਇਹ ਸੱਚ ਸਾਹਮਣੇ ਆਏਗਾ। ਇਹ ਗੱਲ ਸੁਣ ਕੇ ਜੱਜ ਨੇ ਮੈਨੂੰ ਪੁਲੀਟੀਕਲ ਸਟੇਅ ਦੇ ਦਿੱਤੀ।

? ਜਿਵੇਂ ਲੋਹੇ ਨੂੰ ਪਿਘਲਾ ਕੇ ਸਾਂਚੇ ਵਿਚ ਪਾ ਲਿਆ ਜਾਂਦਾ ਹੈ ਤੇ ਮਨ ਪਸੰਦ ਦਾ ਔਜਾਰ ਬਣਾ ਲਿਆ ਜਾਂਦਾ ਹੈ। ਇਵੇਂ ਅਮਰੀਕੀ ਸਿਸਟਮ ਆਪਣੇ ਮਤਲਬ ਦਾ ਬੰਦੇ ਨੂੰ ਬਣਾ ਲੈਂਦਾ ਹੈ। ਤੁਸੀਂ ਤਾਂ ਪਿੱਛੇ ਇਨਕਲਾਬ ਦੇ ਨਾਅਰੇ ਮਾਰਦੇ ਆਏ ਸੀ। ਇੱਥੇ ਆ ਕੇ ਨਾਅਰੇ ਲਾਏ ਜਾਂ ਅਮਰੀਕਨ ਬਣ ਗਏ।

—ਇੱਥੇ ਕਮਿਊਨਿਸਟ ਪਾਰਟੀ ਆਫ਼ ਅਮੇਰਿਕਾ ਹੈ। ਉਹਦੇ ਮੈਂਬਰ ਕਿਸੇ ਮੁੱਦੇ ’ਤੇ ਪੀਸ ਮਾਰਚ ਕਰਦੇ ਹਨ ਜਾਂ ਵਿਰੋਧ ਪ੍ਰਦਰਸ਼ਨ ਕਰਦੇ ਹਨ ਜਾਂ ਮੀਟਿੰਗ ਕਰਦੇ ਹਨ, ਜੇਕਰ ਤੁਸੀਂ ਉਨ੍ਹਾਂ ਵਿੱਚ ਹਿੱਸਾ ਲੈਂਦੇ ਹੋ ਤਾਂ ਖੁਫ਼ੀਆ ਏਜੰਸੀਆਂ ਤੁਹਾਡਾ ਨੋਟਿਸ ਲੈਂਦੀਆਂ ਹਨ। ਪੁਲੀਸ ਤੁਹਾਡੀ ਪੁੱਛ-ਗਿੱਛ ਕਰਦੀ ਹੈ। ਜਦੋਂ ਮੈਂ ਨਵਾਂ-ਨਵਾਂ ਆਇਆ, ਮੈਂ ਇਕ ਪੀਸ ਮਾਰਚ ਵਿਚ ਹਿੱਸਾ ਲਿਆ ਸੀ। ਮੈਨੂੰ ਸੱਦਿਆ ਗਿਆ ਤੇ ਪੁੱਛਿਆ ਗਿਆ- ‘ਤੁਸੀਂ ਅਮਰੀਕਾ ਦੇ ਸਿਟੀਜਨ ਬਣਨਾ ਜਾਂ ਭਾਰਤ ਵਾਪਸ ਜਾਣਾ ?’ ਮੈਂ ਸਿਟੀਜਨ ਬਣਨਾ ਸੀ। ਫਿਰ ਮੈਂ ਮੁੜ ਕਿਸੇ ਮਾਰਚ ਜਾਂ ਮੀਟਿੰਗ ਵਿੱਚ ਹਿੱਸਾ ਨਾ ਲਿਆ। ਕੋਈ ਵੀ ਏਸ਼ੀਅਨ ਦੇਸ਼ਾਂ ਦਾ ਬੰਦਾ ਇਸੇ ਡਰ ਕਾਰਨ ਹਿੱਸਾ ਨਹੀਂ ਲੈਂਦਾ। ਖੁਫ਼ੀਆ ਏਜੰਸੀਆਂ ਦਾ ਬਹੁਤ ਵੱਡਾ ਤੰਤਰ ਹੈ। ਉਹ ਝੱਟ ਸੂਹ ਕੱਢ ਲੈਂਦੇ ਹਨ। ਬਾਕੀ ਤੁਸੀਂ ਜੋ ਮਰਜ਼ੀ ਬੋਲੀ ਜਾਓ। ਜੋ ਮਰਜ਼ੀ ਲਿਖੀ ਜਾਓ। ਕੁਝ ਨਹੀਂ ਹੁੰਦਾ। ਪੂਰੀ ਆਜ਼ਾਦੀ ਹੈ। ਜਦੋਂ ਤੁਸੀਂ ਆਪਣੀ ਲਿਖਤ ਨੂੰ ਐਕਸ਼ਨ ਵਿਚ ਬਦਲਦੇ ਹੋ ਤਾਂ ਨੋਟਿਸ ਲੈਂਦੇ ਹਨ।

? ਸ਼ਬਦ ਏਨੇ ਗਰੀਬ ਤੇ ਨਿਤਾਣੇ ਹੋ ਜਾਣਗੇ
ਦੁਨੀਆ ਦੇ ਸਭ ਤੋਂ ਅਮੀਰ ਮੁਲਕ ਅੰਦਰ
ਮੈਂ ਕਦੇ ਨਾ ਸੋਚਿਆ ਸੀ।

ਮੈਂ ਤੁਹਾਡੀ ਕਵਿਤਾ ਦਾ ਹਵਾਲਾ ਦੇ ਕੇ ਪੁੱਛਣਾ ਚਾਹੁੰਦਾ ਕਿ ਤੁਹਾਡੀ ਨਜ਼ਰ ਵਿਚ ਅਮਰੀਕਾ ਕੀ ਹੈ।

—ਅਸੀਂ ਜਿਸ ਸਮਾਜਵਾਦ ਦੀ ਕਲਪਨਾ ਕਰਦੇ ਹਾਂ, ਉਸ ਵਿਚ ਮਿਲਣ ਵਾਲੀਆਂ ਸਹੂਲਤਾਂ ਇੱਥੇ ਅਮਰੀਕਾ ਦੇ ਰਿਹਾ ਹੈ। ਤੁਸੀਂ ਮਿਹਨਤ ਕਰੋ। ਤੁਹਾਨੂੰ ਕੰਮ ਵੀ ਮਿਲਦਾ ਹੈ। ਕੰਮ ਦਾ ਮੁੱਲ ਵੀ ਮਿਲਦਾ ਹੈ। ਕੰਮ ਕਰਨ ਬਦਲੇ ਆਦਰ ਮਾਣ ਵੀ ਮਿਲਦਾ ਹੈ। ਮਿਹਨਤ ਨਾਲ ਕਮਾਏ ਡਾਲਰਾਂ ਨਾਲ ਸੁੱਖ ਸਹੂਲਤਾਂ ਮਿਲਦੀਆਂ ਹਨ। ਖਾਣ-ਪੀਣ ਸਸਤਾ ਹੈ ਅਤੇ ਆਮ ਕਿਰਤੀ ਦੀ ਪਹੁੰਚ ਵਿਚ ਹੈ। ਅਮਰੀਕਾ ਨੇ ਆਮ ਨਾਗਰਿਕ ਨੂੰ ਸਾਫ਼ ਸੁਥਰਾ ਪ੍ਰਸ਼ਾਸਨ, ਰੁਜ਼ਗਾਰ,



ਯੋਗ ਪੁਲੀਸ ਪ੍ਰਬੰਧ, ਚੰਗਾ ਆਵਾਜਾਈ ਪ੍ਰਬੰਧ, ਸਾਫ਼ ਸੁਥਰਾ ਵਾਤਾਵਰਣ ਅਤੇ ਚੰਗੀ ਖੁਰਾਕ ਦਿੱਤੇ ਹੋਏ ਹਨ। ਹਰੇਕ ਨੂੰ ਵਿਦਿਆ ਦੇ ਮੌਕੇ ਅਤੇ ਸਿਹਤ ਸਹੂਲਤਾਂ ਵੀ ਦਿੱਤੀਆਂ ਹੋਈਆਂ ਹਨ। ਇਸਦੇ ਬਾਵਜੂਦ ਸਿਰਾਂ ਵਾਲੇ ਸੋਚਦੇ ਹਨ ਕਿ ਇੱਥੇ ਗੈਂਗਵਾਦ ਕਿਉਂ ਹੈ ? ਜੀਵਨ ਦੇ ਆਦਰਸ਼ ਕਿੱਥੇ ਹਨ ? ਬੰਦੇ ਨੂੰ ਇਕੱਲਾ ਕਿਉਂ ਕਰ ਦਿੱਤਾ ? ਅਮਰੀਕਾ ਚੌਧਰੀ ਕਿਉਂ ਬਣਿਆ ਹੋਇਆ ? ਇਹ ਦੂਜੇ ਮੁਲਕਾਂ ’ਤੇ ਹਮਲੇ ਕਿਉਂ ਕਰਦਾ ਹੈ ? ਯੂਥ ਨੂੰ ਕਿਸ ਪਾਸੇ ਤੋਰ ਦਿੱਤਾ ਹੈ ? ਆਮ ਬੰਦਾ ਇੱਥੇ ਗੁੰਮ ਕਿਉਂ ਹੋ ਰਿਹਾ ਹੈ ? ਉਹ ਕੰਮ ਵਾਲੀ ਮਸ਼ੀਨ ਹੀ ਕਿਉਂ ਬਣਦਾ ਜਾ ਰਿਹਾ ਹੈ ? ਕੋਹਲੂ ਦੇ ਬੈਲ ਵਾਂਗ ਕੰਮ ਕਰਨਾ, ਖਾਣਾ-ਪੀਣਾ ਤੇ ਸੌਣਾ-24 ਘੰਟੇ ਇਨ੍ਹਾਂ ਤਿੰਨਾਂ ਕੰਮਾਂ ਦੁਆਲੇ ਕਿਉਂ ਲਾ ਦਿੱਤਾ ਗਿਆ ਹੈ ?

? 1. ਇਸ ਤਰ੍ਹਾਂ ਹੀ ਆਉਂਦੇ ਨੇ ਉਹ ਅੱਜ ਕੱਲ੍ਹ
ਪਾਪ ਦੀ ਜੰਞ ਲੈ ਕੇ
ਉਹ ਨਾਦਰ ਵਾਂਗ ਨਹੀਂ ਆਉਂਦੇ
ਉਹ ਤਾਂ ਆਉਂਦੇ ਨੇ
ਇਸ ਨਾਹਰੇ ’ਤੇ ਬੈਠ ਕੇ
ਕਿ ਵਿਸ਼ਵ ਤਾਂ ਇਕ ਪਿੰਡ ਬਣ ਗਿਆ ਹੈ
ਕਿ ਅਸੀਂ ਤਾਂ ਸਾਰੇ ਹੀ ਆਜ਼ਾਦ ਹਾਂ।

2 ਤੂੰ ਬਹੁਤ ਕਮਾਲ ਹੈਂ- ਪਿਆਰੇ ਸਾਮਰਾਜ!
ਤੂੰ ਇਕ ਜਾਲ ਹੈਂ!! ਸਾਮਰਾਜ!!!

ਤੁਹਾਡੀਆਂ ਅਨੇਕਾਂ ਕਵਿਤਾਵਾਂ ਸਾਮਰਾਜ ਬਾਰੇ ਹਨ। ਅਮਰੀਕਾ ਕੀ ਹੈ ? ਸਾਮਰਾਜ ਕੀ ਹੈ ? ਇਸਦਾ ਵਰਤਾਓ ਕੀ ਹੈ ? ਤੁਸੀਂ ਦੱਸੋ ਅਮਰੀਕਾ ਤੇ ਸਾਮਰਾਜ ਇਕ ਹੈ ?

—ਤੁਸੀਂ ਪੁੱਛਿਆ ਸੀ- ਅਮਰੀਕਾ ਕੀ ਹੈ ? ਮੇਰੇ ਲਈ ਨਾ ਅਮਰੀਕਾ ਸੁਨਹਿਰੀ ਪਰਾਂ ਵਾਲੀ ਚਿੜੀ ਹੈ ਤੇ ਨਾ ਹੀ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ। ਅਮਰੀਕੀ ਪੂੰਜੀਵਾਦੀ ਢਾਂਚਾ ਸਾਮਰਾਜ ਦੀ ਨਿਰਦੱਈ ਤੇ ਕੁਟਲ ਨੀਤੀ ਦੇ ਚਰਿੱਤਰ ਦੀ ਸਿਰਜਣਾ ਹੈ ਜੋ ਮਹਾ ਸ਼ਕਤੀ ਦੇ ਰੂਪ ਵਿਚ ਆਪਣੀ ਦਾਦਾਗਿਰੀ ਨਾਲ ਦੁਨੀਆ ਦੀ ਰਾਜਨੀਤੀ ਵਿਚ ਨਿੰਦਣਯੋਗ ਤੇ ਘਿਨਾਉਣੀ ਭੂਮਿਕਾ ਨਿਭਾ ਰਿਹਾ ਹੈ। ਸਾਮਰਾਜ ਤਾਂ ਇਕ ਬਹੁਤ ਵੱਡਾ ਜਾਲ ਹੈ। ਇਹਦੇ ਬਹੁਤ ਪਾਸਾਰ ਹਨ। ਇਹਨੂੰ ਸਮਝਣਾ ਹੀ ਬਹੁਤ ਔਖਾ। ਅਮਰੀਕਾ, ਸਾਮਰਾਜ ਨਹੀਂ ਹੈ। ਸਗੋਂ ਅਮਰੀਕਾ, ਸਾਮਰਾਜ ਦੀ ਅਗਵਾਈ ਕਰ ਰਿਹਾ ਹੈ।

ਜੇ ਤੁਸੀਂ ਸਾਮਰਾਜ ਦੀ ਪਰਿਭਾਸ਼ਾ ਪੁੱਛਦੇ ਹੋ ? ਪਰਿਭਾਸ਼ਾ ਹੈ— ਸਾਰੀ ਦੁਨੀਆ ਵਿੱਚੋਂ ਪੈਸਾ ਕਸ਼ੀਦ ਕਰਕੇ ਲੈ ਕੇ ਆਉਣਾ ਅਤੇ ਆਪਣੇ ਮੁਲਕ ਦੇ ਲੋਕਾਂ ਨੂੰ ਖੁਸ਼ ਰੱਖਣਾ ਹੀ ਅਸਲ ਵਿਚ ਸਾਮਰਾਜ ਦਾ ਤਾਣਾ-ਬਾਣਾ ਹੈ। ਸਾਮਰਾਜ ਬੰਦੇ ਨੂੰ ਇਕੱਲਾ ਕਰ ਦਿੰਦਾ ਹੈ ਤੇ ਉਸਨੂੰ ਕੰਮ ’ਤੇ ਲਾਈ ਰੱਖਦਾ ਹੈ। ਇਹ ਸਾਮਰਾਜ ਦੀ ਵੱਡੀ ਦੇਣ ਹੈ। ਜਿਹੜੇ ਵਿਹਲੇ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵਿਹਲੇ ਰੱਖਿਆ ਜਾਂਦਾ ਹੈ। ਨਸ਼ੇ, ਸੈਕਸ ਤੇ ਮਾਰਧਾੜ ਦੀ ਵੀ ਖੁੱਲ੍ਹ ਹੈ। ਇਹ ਸਾਮਰਾਜ ਦਾ ਬਾਈ ਪ੍ਰੋਡਕਟ ਹੈ। ਉਨ੍ਹਾਂ ਨੂੰ ਨਿੰਦੀ ਵੀ ਜਾਣਾ ਤੇ ਹੱਲਾਸ਼ੇਰੀ ਵੀ ਦੇਈ ਜਾਣੀ। ਦੁਨੀਆ ਵਿਚ ਸਭ ਤੋਂ ਵੱਧ ਅਪਰਾਧ ਅਮਰੀਕਾ ਵਿਚ ਹੋ ਰਹੇ ਹਨ। ਇਹ ਅਪਰਾਧ ਹਟਾਉਣਾ ਵੀ ਨਹੀਂ ਚਾਹੁੰਦਾ ਅਤੇ ਵਿਰੁੱਧ ਵੀ ਬੋਲੀ ਜਾਂਦਾ ਹੈ।

? ਅਸੀਂ ਸ਼ਾਇਦ ਬਿਲਡਿੰਗਾਂ ਅੰਦਰ ਉੱਗੇ
ਪਲਾਸਟਿਕ ਦੇ ਉਹ ਦਰਖਤ ਹਾਂ

ਜੋ ਉਪਰੋਂ ਸਦਾ ਹੀ ਹਰੇ ਲੱਗਦੇ ਨੇ
ਪਰ ਜਿਨ੍ਹਾਂ ਦੀਆਂ ਜੜ੍ਹਾਂ ਕਿਤੇ ਨਹੀਂ ਹਨ।

ਆਮ ਪ੍ਰਵਾਸੀਆਂ ਨੇ ਅਮਰੀਕਾ ਵਿਚ ਆਪਣੀਆਂ ਜੜ੍ਹਾਂ ਲਾ ਲਈਆਂ ਹਨ। ਉਹ ਕਹਿ ਰਹੇ ਹਨ ਹੁਣ ਅਮਰੀਕਾ ਹੀ ਉਨ੍ਹਾਂ ਦਾ ਆਪਣਾ ਦੇਸ਼ ਹੈ। ਪਰ ਖੱਬੇ ਪੱਖੀ ਲੇਖਕ ਸਭ ਤੋਂ ਵੱਧ ਅਮਰੀਕਾ ਨੂੰ ਨਿੰਦਦੇ ਹਨ। ਤੁਸੀਂ ਅਮਰੀਕਾ ਦਾ ਖਾਂਦੇ ਹੋ। ਇੱਥੋਂ ਦੀਆਂ ਸੁੱਖ ਸਹੂਲਤਾਂ ਲੈਂਦੇ ਹੋ। ਫਿਰ ਵੀ ਅਮਰੀਕਾ ਵਿਰੁੱਧ ਬੋਲਦੇ ਹੋ। ਤੁਹਾਡਾ ਕਾਹਦਾ ਵਿਰੋਧ ਹੈ?

—ਪਹਿਲੀ ਗੱਲ ਅਮਰੀਕਾ ਦਾ ਖਾਣ ਤੇ ਸੁੱਖ-ਸਹੂਲਤਾਂ ਦੀ ਕਰਦੇ ਹਾਂ। ਅਸੀਂ 18-18 ਘੰਟੇ ਕੰਮ ਕਰਦੇ ਹਾਂ। ਫਿਰ ਖਾਣ-ਪੀਣ ਤੇ ਸੁੱਖ-ਸਹੂਲਤਾਂ ਦਾ ਇਸ ਪਿੱਛੋਂ ਆਨੰਦ ਮਾਣਦੇ ਹਾਂ। ਆਮ ਲੋਕ ਵੀ ਇੰਨਾ ਹੀ ਕੰਮ ਕਰਦੇ ਹਨ। 8 ਘੰਟੇ ਦੇ ਕੰਮ ਵਿਚ ਗੁਜ਼ਾਰਾ ਨਹੀਂ ਹੁੰਦਾ। ਘੱਟੋ-ਘੱਟ 12 ਘੰਟੇ ਕੰਮ ਕਰਕੇ ਘਰਾਂ ਦੇ ਖਰਚੇ ਚਲਦੇ ਹਨ। ਤੁਹਾਨੂੰ ਅਮਰੀਕਾ ਪਰੋਸ ਕੇ ਨਹੀਂ ਦਿੰਦਾ। ਜਾਨ ਹਲੂਣ ਕੇ ਕੰਮ ਕਰਨਾ ਪੈਂਦਾ ਹੈ। ਪੰਜਾਬ/ਭਾਰਤ ਵਿਚ ਰਹਿੰਦੇ ਹੋਏ ਕੰਮ ਤਾਂ ਕਰਦੇ ਸਾਂ ਪਰ ਉਹਦਾ ਮੁੱਲ ਨਹੀਂ ਸੀ ਮਿਲਦਾ। ਜਦੋਂ ਜਵਾਨ ਹੋਇਆ ਤਾਂ ਪਤਾ ਲੱਗਾ ਭਾਰਤੀ ਢਾਂਚੇ ਦੀ ਲੁੱਟ-ਖਸੁੱਟ ਦੀ ਅਸਲ ਮੁਕਤੀ ਲੋਕ ਯੁੱਧ ਹੈ। ਪਰ ਮੇਰੇ ਵਿਚ ਸ਼ਾਇਦ ਉੱਨਾ ਹੌਸਲਾ ਤੇ ਕੁਰਬਾਨੀ ਦੀ ਤੜਪ ਨਹੀਂ ਸੀ। ਮੈਂ ਉੱਥੇ ਉਸ ਢਾਂਚੇ ਦੇ ਖਿਲਾਫ਼ ਵੀ ਬੋਲਦਾ ਸਾਂ ਤੇ ਲਿਖਦਾ ਵੀ ਸਾਂ। ਕਿਉਂਕਿ ਲੋਕ ਮੁਕਤੀ ਦੇ ਰਾਹ ਤੁਰਨ ਲਈ ਲੰਮੇ ਦ੍ਰਿੜ ਇਰਾਦੇ ਤੇ ਪਰਬਤ ਵਾਂਗ ਅਣਥੱਕ ਹੌਸਲੇ ਤੇ ਹਿੰਮਤ ਦੀ ਲੋੜ ਹੁੰਦੀ ਹੈ। ਉਹ ਮੇਰੇ ਵਿਚ ਨਹੀਂ ਹੈ। ਇਹ ਲੇਖਕਾਂ ਵਿਚ ਬਹੁਤ ਘੱਟ ਹੁੰਦੀ ਹੈ। ਆਪਣੀ ਤੇ ਆਪਣੇ ਪਰਿਵਾਰ ਦੀ ਸੀਮਤ ਜਿਹੀ ਆਰਥਿਕ ਆਜ਼ਾਦੀ ਲਈ ਮੈਂ ਵੀ ਪਰਵਾਸ ਦੇ ਰੁਜ਼ਗਾਰ ਨੂੰ ਤਰਜੀਹ ਦਿੱਤੀ ਜੋ ਇਕ ਸੌਖਾ ਤੇ ਆਸਾਨ ਰਸਤਾ ਸੀ। ਮੈਂ ਜਾਂ ਮੇਰੇ ਪਰਿਵਾਰ ਨੇ ਦਿਨ ਰਾਤ ਕੰਮ ਕੀਤਾ। ਆਪਣੀ ਕਮਾਈ ਦਾ ਵੱਡਾ ਹਿੱਸਾ ਇਨਸੋਰਸਾਂ, ਸਿਹਤ ਵਿਭਾਗ ਅਤੇ ਟੈਕਸ ਦੇ ਰੂਪ ਵਿਚ ਅਮਰੀਕੀ ਸਰਕਾਰ ਨੂੰ ਦਿੱਤਾ। ਭਾਰਤ ਮੇਰੀ ਜਨਮ ਭੌਂਇ ਹੈ। ਪਰ ਹੁਣ ਅਮਰੀਕਾ ਮੇਰਾ ਆਪਣਾ ਦੇਸ਼ ਹੈ। ਜੇ ਇਹਦੇ ਵਿਚ ਚੰਗਾ ਹੋ ਰਿਹਾ ਹੈ ਤਾਂ ਮੈਂ ਉਹ ਸਲਾਹੁਣਾ ਹੈ। ਜੇ ਬੁਰਾ ਹੋ ਰਿਹਾ ਹੈ ਤਾਂ ਮੈਂ ਉਹਦੀ ਨਿੰਦਾ ਕਰਨੀ ਹੈ। ਜੇ ਮੈਂ ਭਾਰਤ ਵਿੱਚ ਹੁੰਦਾ, ਉੱਥੇ ਵੀ ਅਜਿਹਾ ਹੀ ਕਰਦਾ। ਮੈਂ ਅਮਰੀਕਾ ਦੇ ਅਵਾਮ ਨਾਲ ਖੜ੍ਹਾਂ। ਇਸਦੇ ਹਾਕਮਾਂ ਦੀਆਂ ਹਾਲਤ ਨੀਤੀਆਂ ਦਾ ਵਿਰੋਧ ਕਰਦਾਂ। ਇਸਦੇ ਹਾਕਮਾਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਦਾਂ। ਜਿਨ੍ਹਾਂ ਲੇਖਕਾਂ ਦੀ ਰੀੜ੍ਹ ਦੀ ਹੱਡੀ ਨਹੀਂ ਹੈ, ਉਹ ਗਲਤ ਨੀਤੀਆਂ ’ਤੇ ਚੁੱਪ ਰਹਿੰਦੇ ਹਨ। ਜੋ ਖੱਬੇ ਪੱਖੀ ਲੇਖਕ ਬੋਲਣ ਦੀ ਜੁਰੱਅਤ ਰੱਖਦੇ ਹਨ ਜਾਂ ਲਿਖਣ ਦੀ ਹਿੰਮਤ ਕਰਦੇ ਹਨ ਤਾਂ ਉਨ੍ਹਾਂ ਨੂੰ ਨਿੰਦਣਾ ਨਹੀਂ ਚਾਹੀਦਾ। ਮੇਰੇ ਲਈ ਦੇਸ਼ ਦੇ ਅਰਥ ਆਪਣੇ ਫੌਜੀ ਬੱਚਿਆਂ ਨੂੰ ਮਰਵਾਉਣਾ ਨਹੀਂ, ਸਗੋਂ ਉਨ੍ਹਾਂ ਨੂੰ ਬਚਾਉਣਾ ਹੈ। ਜੇ ਮੇਰਾ ਮੁਲਕ ਤੇਲ ਦੀ ਖ਼ਾਤਿਰ ਜਾਂ ਦੂਜੇ ਮੁਲਕਾਂ ’ਤੇ ਚੌਧਰ ਕਾਇਮ ਰੱਖਣ ਲਈ ਫ਼ੌਜੀ ਹਮਲੇ ਕਰਦਾ ਹੈ ਜਿਹਦੇ ਵਿਚ ਸਾਡੇ ਫ਼ੌਜੀ ਮਰਦੇ ਹਨ, ਦੂਜੇ ਮੁਲਕਾਂ ਦੀ ਜਨਤਾ ਮਰਦੀ ਹੈ ਤਾਂ ਮੈਂ ਵਿਰੋਧ ਕਰਾਂਗਾ। ਅਸੀਂ ਘੱਟ ਗਿਣਤੀਆਂ ਦੇ ਹੱਕ ਵਿਚ ਖੜ੍ਹੇ ਹਾਂ। ਮੈਂ ਗਰੀਬ ਮੁਲਕਾਂ ’ਤੇ ਜਬਰ ਨਹੀਂ ਸਹਿ ਸਕਦਾ। ਅਸੀਂ ਖੱਬੇ ਪੱਖੀ ਲੇਖਕ ਆਪਣੇ ਯੁੱਗ ਦੇ ਵਿਰੋਧਾਂ ਨੂੰ ਮੁਖਾਤਬ ਹੁੰਦੇ ਹਾਂ। ਮੈਂ ਇਸੇ ਟੋਨ ਵਿੱਚ ਕਵਿਤਾ ਲਿਖੀ। ਜਿਹੜੇ ਇੱਥੋਂ ਦੇ ਗੋਰੇ ਜੰਮਪਲ ਹਨ। ਉਹ ਵੀ ਇਸ ਕਿਸਮ ਦੀ ਗੱਲ ਕਰਦੇ ਹਨ। ਅਲਟਰ ਮੀਡੀਏ ਵਾਲੇ ਨੌਮ ਚੌਮਕਸੀ ਹੁਰੀਂ ਸਭ ਤੋਂ ਵੱਧ ਤੇ ਤਿੱਖਾ ਵਿਰੋਧ ਕਰਦੇ ਹਨ। ਸਾਨੂੰ ਇੱਥੋਂ ਦੇ ਵਿਰੋਧ ਸਤਾਉਂਦੇ ਹਨ। ਇਹ ਵੀ ਮੇਰੀ ਧਰਤੀ ਹੈ। ਇੱਥੇ ਮੇਰਾ ਘਰ ਹੈ। ਮੈਂ ਆਪਣੇ ਘਰ ਦੀ ਗੱਲ ਕਿਉਂ ਨਹੀਂ ਕਰਾਂਗਾ? ਇੱਥੋਂ ਦੀਆਂ ਗਲਤ ਨੀਤੀਆਂ ਦੇ ਖਿਲਾਫ਼ ਬੋਲਾਂਗਾ।



? ਅੱਗੇ ਵੱਧ ਰਿਹਾ ਹੈ ਉਹ
ਐਟਮੀ ਹਥਿਆਰਾਂ ਦੇ ਜਹਾਜ਼ਾਂ ਤੇ ਹੋ ਕੇ ਸਵਾਰ
ਤੇ ਡਰ ਰਿਹਾ ਹੈ
ਕਵੀ ਦੀਆਂ ਕਵਿਤਾਵਾਂ ਕੋਲੋਂ।
ਹਰ ਰੋਜ਼ ਪਹਿਨਦੀ ਏਂ ਤੂੰ
ਬੱਦਲਾਂ ਦੀਆਂ ਵੰਗਾਂ
ਤੇ ਚਾਨਣੀ ਦੇ ਖੂਬਸੂਰਤ ਕਲੀਰੇ
ਗੀਤਾਂ ਦੀ ਬੰਸਰੀ ਤੇਰੇ ਹੋਠਾਂ ਤੋਂ ਪਰੇ
ਦੂਰ ਪਹਾੜੀ ਦੀ ਨੀਵਾਣ ਵੱਲ ਵਧਦੀ ਹੈ।

ਇਹ ਕਵਿਤਾ ਤੁਸੀਂ ਆਪਣੀ ਪਤਨੀ ਨਵਦੀਪ ਲਈ ਲਿਖੀ ਹੋਈ ਹੈ। ਕਵਿਤਾ ਪੜ੍ਹਨ ਤੋਂ ਬਾਅਦ ਲੱਗਦਾ ਹੈ ਕਿ ਤੁਹਾਡਾ ਪਤੀ ਪਤਨੀ ਦਾ ਅਥਾਹ ਪਿਆਰ ਹੈ। ਇਹਦੀ ਵਿਆਖਿਆ ਕਰੋਗੇ।

—ਮੈਂ ਆਪਣੀ ਪਹਿਲੀ ਪਤਨੀ ਅਮਰਜੋਤ ਕੌਰ ਸੰਧੂ ਤੋਂ ਦੂਰ ਅਮਰੀਕਾ ਆ ਗਿਆ ਸੀ। ਆਪਣੇ ਬੇਟੇ ਪੁਨੀਤ ਸਿੰਘ ਤੇ ਵਿਨੀਤ ਸਿੰਘ ਵੀ ਮੰਗਵਾ ਲਏ ਸਨ। ਇੱਥੇ ਮੈਨੂੰ ਕੋਈ ਚਾਹੀਦਾ ਸੀ ਜੋ ਮੈਨੂੰ ਤੇ ਮੇਰੇ ਬੱਚਿਆਂ ਨੂੰ ਸਾਂਭ ਲਵੇ। ਅਥਾਹ ਪਿਆਰ ਦੇਵੇ। ਜੋ ਸਾਡੀ ਜ਼ਿੰਦਗੀ ਵਿੱਚ ਖਾਲੀਪਣ ਆਇਆ ਸੀ, ਉਹ ਕੋਈ ਭਰ ਲਵੇ। ਇਕ ਤੇ ਮੈਂ ਪਿਆਰ ਚਾਹੁੰਦਾ ਸੀ। ਦੂਜਾ ਮੈਂ ਅੰਤਰ-ਜਾਤੀ ਵਿਆਹ ਕਰਵਾਉਣ ਦੇ ਹੱਕ ਵਿਚ ਸੀ। ਕਿਉਂਕਿ ਮੈਂ ਜਾਤ ਵੀ ਤੋੜਣੀ ਚਾਹੁੰਦਾ ਸੀ। ਮੈਂ ਇਹ ਵੀ ਸਿੱਧ ਕਰਨਾ ਚਾਹੁੰਦਾ ਸੀ ਕਿ ਅੰਤਰ-ਜਾਤੀ ਵਿਆਹ ਵੱਧ ਸਫ਼ਲ ਹੁੰਦੇ ਹਨ। ਮੇਰਾ ਪਹਿਲਾ ਵਿਆਹ ਵੀ ਅੰਤਰ-ਜਾਤੀ ਸੀ। ਪਰ ਉਸ ਔਰਤ ਵਿਚ ਜਾਤੀ ਤੇ ਅਫ਼ਸਰਸ਼ਾਹੀ ਅਭਿਮਾਨ ਜ਼ਿਆਦਾ ਸੀ। ਮੈਂ ਤਾਂ ਪਿਆਰ ਦਾ ਭੁੱਖਾ ਸੀ। ਮੈਂ ਜਿੱਥੇ ਕੰਮ ਕਰਦਾ ਸੀ, ਨਵਦੀਪ ਉੱਥੇ ਕੰਮ ਕਰਦੀ ਸੀ। ਉਹ ਵਿਆਹੀ ਹੋਈ ਸੀ। ਪਰ ਉਹਦਾ ਵੀ ਆਪਣੇ ਘਰ ਵਾਲੇ ਨਾਲ ਕਲੇਸ਼ ਸੀ। ਦਰਅਸਲ ਉਹਦਾ ਰਿਸ਼ਤਾ ਟੁੱਟਿਆ ਹੋਇਆ ਸੀ। ਤਲਾਕ ਵੀ ਹੋ ਗਿਆ ਸੀ। ਜਦੋਂ ਮੈਂ ਉਹਨੂੰ ਮਿਲਿਆ, ਇਹ ਸਭ ਕੁਝ ਵਾਪਰ ਚੁੱਕਾ ਸੀ। ਫ਼ੇਰ ਤਾਂ ਇੱਕੋ ਕੰਮ ਰਹਿ ਗਿਆ ਸੀ- ਦੋ ਟੁੱਟੇ ਹੋਏ ਦਿਲ ਇਕ ਹੋ ਜਾਣ। ਅਸੀਂ ਵਿਆਹ ਕਰਵਾ ਲਿਆ। ਮੇਰਾ ਤੇ ਨਵਦੀਪ ਦਾ ਧਰਮ, ਜਾਤ, ਸਟੇਟ ਸਭ ਕੁਝ ਅੱਡ-ਅੱਡ ਹੈ। ਉਹ ਦਿੱਲੀ ਦੀ ਰਹਿਣ ਵਾਲੀ ਹੈ। ਵੱਡੀ ਕੰਪਨੀ ਦੇ ਮਾਲਕ ਦੀ ਧੀ ਹੈ। ਘਰ ਵਿਚ ਨੌਕਰ ਸਨ। ਉਸਦਾ ਪਾਲਣ ਪੋਸ਼ਣ ਉੱਚੇ ਘਰਾਣਿਆਂ ਵਾਲਾ ਹੈ। ਪਰ ਉਹ ਮੇਰੇ ਘਰ ਆਈ। ਘਰ ਨੂੰ ਸਾਂਭਿਆ। ਮੇਰੀ ਪਿਆਰ ਤੋਂ ਸੱਖਣੀ ਝੋਲੀ ਭਰ ਦਿੱਤੀ। ਬੇਟੀ ਰਿਚਾ ਦਾ ਜਨਮ ਹੋਇਆ। ਮੇਰੇ ਬੇਟਿਆਂ ਨੂੰ ਕਦੇ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਮਤਰੇਈ ਮਾਂ ਹੈ। ਅਜੇ ਮੇਰੇ ਵੱਲੋਂ ਤਾਂ ਕੋਈ ਘਾਟ ਰਹਿ ਗਈ ਹੋਵੇਗੀ ਪਰ ਉਹਨੇ ਉਹ ਕੁਝ ਕੀਤਾ ਕਿ ਬੇਟੇ ਉਹਦੇ ਹੋ ਕੇ ਰਹਿ ਗਏ। ਗਗਨ ਤੇ ਜੱਸ ਸਾਡੀਆਂ ਨੂੰਹਾਂ ਹਨ। ਉਹ ਉਨ੍ਹਾਂ ਨਾਲ ਸਹੇਲੀਆਂ ਵਾਂਗ ਰਹਿੰਦੀ ਹੈ। ਬੇਟੇ ਤੇ ਨੂੰਹਾਂ ਮੇਰੇ ਨਾਲੋਂ ਉਹਦਾ ਜ਼ਿਆਦਾ ਖ਼ਿਆਲ ਰੱਖਦੇ ਹਨ।

? ਜਿਸ ਦਿਨ ਸੁਰਜੀਤ ਪਾਤਰ ਘਰ ਆਏ ਸਨ, ਉਸ ਪਾਰਟੀ ਵਿਚ ਇਕ ਬੰਦੇ ਨੇ ਰਿਚਾ ਨੂੰ ਰੱਬ ਬਾਰੇ ਕੁਝ ਸਵਾਲ ਕੀਤੇ ਸਨ। ਰਿਚਾ ਨੇ ਸਵਾਲਾਂ ਦੀ ਥਾਂ ਬਹੁਤ ਪਿਆਰੀ ਕਵਿਤਾ ‘ਮੇਰਾ ਰੱਬ’ ਲਿਖੀ ਸੀ। ਉਹ ਰੱਬ ਦੀ ਹੋਂਦ ਤੋਂ ਮੁਨਕਰ ਹੈ। ਤੁਸੀਂ ਰਿਚਾ ਦੇ ਹਵਾਲੇ ਨਾਲ ਅਮਰੀਕਾ ਵਿਚ ਭਾਸ਼ਾ ਬਾਰੇ ਕੁਝ ਕਹੋਗੇ? ਪੰਜਾਬੀ ਭਾਸ਼ਾ ਮਰ ਜਾਵੇਗੀ।

—ਇੱਥੇ ਰਹਿੰਦੇ ਭਾਰਤੀਆਂ ਦਾ ਸਭ ਤੋਂ ਵੱਡਾ ਤੇ ਮੁੱਖ ਡਰ ਆਪਣੀ ਭਾਸ਼ਾ ਦਾ ਉਨ੍ਹਾਂ ਦੇ ਬੱਚਿਆਂ ਦੀਆਂ ਜ਼ਿੰਦਗੀਆਂ ਵਿੱਚੋਂ ਗੁਆਚ ਜਾਣ ਦਾ ਹੈ। ਇੱਥੇ ਜੰਮੇ ਤੇ ਪੜ੍ਹੇ-ਲਿਖੇ ਬੱਚੇ ਆਪਣੀ ਮਾਤ ਭਾਸ਼ਾ ਨੂੰ ਭੁੱਲ ਰਹੇ ਹਨ। ਜੇ ਇਹ ਇਨ੍ਹਾਂ ਦਾ ਹਾਲ ਹੈ ਤਾਂ ਆਉਣ ਵਾਲੀਆਂ ਨਸਲਾਂ ਦਾ ਕੀ ਹੋਏਗਾ ? ਭਾਸ਼ਾ ਕਿਸੇ ਵੀ ਸੱਭਿਆਚਾਰ ਦੀ ਆਹਾਰ ਨਾੜੀ ਹੁੰਦੀ ਹੈ, ਜੇ ਇਹ ਕੱਟ ਦਿੱਤੀ ਗਈ ਤਾਂ ਸੱਭਿਆਚਾਰ ਸ਼ਾਇਦ ਗੁਰੂ ਘਰਾਂ ਤੱਕ ਹੀ ਸੀਮਤ ਹੋ ਜਾਵੇਗਾ। ਇਸ ਡਰ ਦੇ ਬਾਵਜੂਦ ਇਕ ਨਵੀਂ ਆਸ ਬੱਝੀ ਹੈ। ਸਾਡੇ ਬੱਚੇ ਪੰਜਾਬੀ ਬੋਲਦੇ ਹਨ ਪਰ ਇਨ੍ਹਾਂ ਨੂੰ ਪੰਜਾਬੀ ਲਿਖਣੀ ਨਹੀਂ ਆਉਂਦੀ। ਕੁਝ ਬੱਚੇ ਕਵਿਤਾ ਵਾਲੇ ਪਾਸੇ ਆਏ ਹਨ। ਉਹ ਰੋਮਨ ਲਿੱਪੀ ਵਿਚ ਪੰਜਾਬੀ ਲਿਖਦੇ ਹਨ। ਮੇਰੀ ਬੇਟੀ ਰਿਚਾ ਕੰਬੋਜ ਵੀ ਕਾਵਿ-ਸਿਰਜਣਾ ਵਾਲੇ ਪਾਸੇ ਧਿਆਨ ਦੇ ਰਹੀ ਹੈ। ਹੋਰ ਵੀ ਇੱਥੋਂ ਦੇ ਜੰਮਪਲ ਪੰਜਾਬੀ ਇਸ ਪਾਸੇ ਲੱਗੇ ਹਨ। ਅਜੇ ਵੱਡੇ ਪੱਧਰ ’ਤੇ ਸਾਹਮਣੇ ਨਹੀਂ ਆ ਰਹੇ ਪਰ ਸਾਡੀਆਂ ਸਭਾਵਾਂ ਦੀਆਂ ਮੀਟਿੰਗਾਂ ਵਿਚ ਆਉਂਦੇ ਹਨ। ਬਾਕੀ ਪੰਜਾਬ ਤੋਂ ਕਿੰਨੇ ਲੋਕ ਕਿਹੜੇ ਢੰਗ ਨਾਲ ਇੱਥੇ ਆਉਂਦੇ ਹਨ, ਉਸ ’ਤੇ ਜ਼ਿਆਦਾ ਨਿਰਭਰ ਹੈ ਪੰਜਾਬੀ ਸਾਹਿਤ ਸਿਰਜਣਾ ਦੇ ਕੰਮ ਦਾ।

? ਜੇ ਕਵੀ ਸੁਖਵਿੰਦਰ ਕੰਬੋਜ ਨੂੰ ਪੁੱਛਿਆ ਜਾਵੇ ਕਿ ਉਸਦੀ ਕਵਿਤਾ ਕੀ ਹੈ ਤਾਂ ਕੀ ਜਵਾਬ ਦਿਓਂਗੇ।

—ਮੈਂ ਸੱਚ ਦੀ ਭਾਲ ਵਿਚ ਨਿਕਲੇ ਅੱਖਰਾਂ ਨਾਲ ਯਾਰੀ ਪਾਈ। ਕਿਉਂਕਿ ਸੱਚ ਦੀ ਭਾਲ ਲਈ ਨਿਕਲੇ ਅੱਖਰ ਹੀ ਮੇਰੀ ਨਜ਼ਰ ਵਿਚ ਜਾਗਦੇ ਅੱਖਰ ਹਨ। ਮੇਰੀਆਂ ਕਵਿਤਾਵਾਂ ‘ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ’ ਵਾਲੀ ਮਨੋਸਥਿਤੀ ਦੀ ਪੈਦਾਵਾਰ ਹਨ। ਇਸੇ ਕਰਕੇ ਮੈਂ ਵਿਦੇਸ਼ ਵਿੱਚ ਰਹਿੰਦਾ ਹੋਇਆ ਵੀ ਦੇਸ਼ ਨੂੰ ਯਾਦ ਰੱਖਦਾ ਹਾਂ, ਦੇਸ਼ ਲਈ ਤੜਫਦਾ ਹਾਂ। ਹੱਕ ਤੇ ਸੱਚ ਦੀ ਕਵਿਤਾ ਲਿਖਣ ਨੂੰ ਤਰਜੀਹ ਦਿੰਦਾ ਹਾਂ। ਸ਼ਹੀਦ ਭਗਤ ਸਿੰਘ, ਰਵੀ, ਪਾਸ਼ ਤੇ ਉਨ੍ਹਾਂ ਦੀ ਸੋਚ ਰੱਖਣ ਵਾਲੇ ਮੇਰੇ ਨਾਇਕ ਹਨ। ਉਨ੍ਹਾਂ ਦਾ ਰਾਹ ਹੀ ਅਸਲ ਵਿਚ ਸੱਚ ਦਾ ਰਾਹ ਹੈ। ਮੇਰੇ ਅੱਖਰ ਸਦਾ ਕ੍ਰਾਂਤੀ ਤੇ ਵਿਦਰੋਹ ਦੀਆਂ ਹੀ ਗੱਲਾਂ ਨਹੀਂ ਕਰਦੇ, ਸਗੋਂ ਇਹ ਮਨੁੱਖੀ ਚੇਤਨਾ ਦੇ ਸਦੀਵੀ ਵਿਰੋਧਾਂ ਤੇ ਰਿਸ਼ਤਿਆਂ ਬਾਰੇ ਵੀ ਗੱਲਾਂ ਕਰਦੇ ਹਨ। ਪਰ ਇਹ ਇਤਿਹਾਸਕ ਚੇਤਨਾ ਦਾ ਪੱਲਾ ਨਹੀਂ ਛੱਡਦੇ। ਮੇਰੀਆਂ ਕਵਿਤਾਵਾਂ, ਖ਼ਾਸ ਕਰਕੇ ਗੀਤ ਮਨੁੱਖੀ ਰਿਸ਼ਤਿਆਂ ਦੇ ਯੁੱਗਾਂ-ਯੁੱਗਾਂ ਤੋਂ ਚੱਲੇ ਆ ਰਹੇ ਪਿਆਰ, ਮੁਹੱਬਤ ਤੇ ਵਿਰੋਧਾਂ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਵਿਸ਼ਿਆਂ ’ਤੇ ਸਦੀਆਂ ਤੋਂ ਲਿਖਿਆ ਜਾ ਰਿਹਾ ਹੈ। ਪਰ ਮੇਰੀ ਵੱਖਰਤਾ ਕੀ ਹੈ ? ਮਿੱਤਰ ਪਿਆਰੇ, ਵੱਖਰਤਾ ਇਹ ਹੈ ਕਿ ਤੁਸੀਂ ਆਪਣੇ ਸਮਕਾਲੀ ਚੇਤਨਾ ਦੇ ਵਿਰੋਧਾਂ ਨੂੰ ਕਿਸ ਵੱਖਰੀ ਸ਼ੈਲੀ ਤੇ ਭਾਸ਼ਾ ਦੇ ਕਿਸ ਸੱਜਰੇਪਣ ਰਾਹੀਂ ਪੇਸ਼ ਕੀਤਾ ਹੈ।

ਮੇਰੀ ਕਵਿਤਾ ਦੇਸ਼ ਦੀ ਵੀ ਗੱਲ ਕਰਦੀ ਹੈ ਤੇ ਪ੍ਰਦੇਸ਼ ਦੀ ਵੀ। ਪੰਜਾਬ ਦੇ ਪਿੰਡਾਂ/ਸ਼ਹਿਰਾਂ ਦੀ ਵੀ ਗੱਲ ਕਰਦੀ ਹੈ ਤੇ ‘ਸੇਨ ਹੋਜ਼ੇ ਸ਼ਹਿਰ ਦੀ ਰਾਤ’ ਦਾ ਵੀ ਜ਼ਿਕਰ ਕਰਦੀ ਹੈ। ਅਮਰੀਕੀ ਡੇਟਿੰਗ ਨੂੰ ਵੀ ਪੰਜਾਬੀ ਸਾਹਿਤ ਵਿਚ ਲੈ ਕੇ ਆਉਂਦੀ ਹੈ। ਮੇਰੀਆਂ ਕਵਿਤਾਵਾਂ ਸਮਾਜਿਕ ਤੇ ਸੱਭਿਆਚਾਰਕ ਮਹੱਤਵ ਨੂੰ ਦਰਸਾਉਂਦੀਆਂ ਹਨ। ਪ੍ਰਵਾਸੀਆਂ ਦੀ ਹੱਡ ਭੰਨਵੀਂ ਮਿਹਨਤ ਅਤੇ ਇਕੱਲਤਾ ਨੂੰ ਵੀ ਦਰਸਾਉਂਦੀਆਂ ਹਨ। ਪ੍ਰਦੇਸ਼ ਵਿਚ ਜਾ ਕੇ ਸੁਰਗ ਮਾਨਣ ਦੇ ਬਿੰਬ ਨੂੰ ਵੀ ਤੋੜਦੀਆਂ ਹਨ। ਮੇਰੀ ਕਵਿਤਾ ਦੀ ਮੁਹੱਬਤ ਲੋਕ ਤੇ ਲੋਕਾਈ ਨਾਲ ਹੈ। ਸੱਭਿਅਤਾ ਦੇ ਚੰਗੇ ਪਹਿਲੂਆਂ ਨਾਲ ਹੈ। ਸਵੇਰ ਦੇ ਚਾਨਣ ਤੋਂ ਚੇਤਨਾ ਦੀ ਬੁਲੰਦੀ ਰਾਹੀਂ ਹਨੇਰਿਆਂ ਨੂੰ ਦੂਰ ਕਰਨ ਦੇ ਯਤਨਾਂ ਨਾਲ ਹੈ। ਇਹ ਮੁਹੱਬਤ ਕਠੋਰਤਾ ਦੇ ਮੁਕਾਬਲੇ ਤੇ ਮਾਸੂਮੀਅਤ ਨੂੰ ਧਾਰਨ ਕਰਦੀ ਹੈ। ਇਨਸਾਨਾਂ ਦੀ ਬਦਨਸੀਬੀ ਦੂਰ ਕਰਨ ਦੀ ਹੈ। ਸੁੱਕੇ ਬਾਂਸ ਹਰੇ ਕਰਨ ਦੇ ਆਸ਼ਾਵਾਦੀ ਪੈਗਾਮ ਪੇਸ਼ ਕਰਨ ਦੀ ਹੈ। ਭਰਪੂਰ ਜੀਵਨ ਜਿਉਣ ਨਾਲ ਹੈ।



? ਤੈਨੂੰ ਤੇ ਪਤਾ ਵੀ ਨਹੀਂ ਚੱਲਿਆ
ਕਿ ਰੂੜ ਸਿੰਘ ਦੇ ਬਲਦ ਕਿੰਝ ਹੌਲੀ-ਹੌਲੀ ਹਾਰ ਗਏ
ਵਿਰਕਾਂ ਦੇ ਟਰੈਕਟਰ ਕੋਲੋਂ।

ਤੁਹਾਡੀ ਕਵਿਤਾ ਦੀਆਂ ਸਤਰਾਂ ਮੈਂ ਇਸ ਕਰਕੇ ਵਰਤੀਆਂ ਕਿ ਇਹ ਤੁਹਾਡੇ ’ਤੇ ਵੀ ਢੁੱਕਦੀਆਂ ਹਨ। ਤੁਸੀਂ ਪਿਛਲੇ ਸਾਲਾਂ ਵਿਚ ਟਰੱਕ ਸਟੌਪ ਦੇ ਮਾਲਕ ਸੀ। ਉਹਦੇ ਵਿਚ ਪੈਟਰੋਲ ਪੰਪ ਵੀ ਸੀ ਤੇ ਸਟੋਰ ਵੀ ਸਨ। ਜਦੋਂ ਰਿਸੈਸ਼ਨ ਆਇਆ ਬੈਂਕਾਂ ਸਭ ਕੁਝ ਹੂੰਝ ਕੇ ਲੈ ਗਈਆਂ। ਵੱਡੀਆਂ ਕੰਪਨੀਆਂ ਤੁਹਾਨੂੰ ਛੋਟਿਆਂ ਨੂੰ ਹੜੱਪ ਗਏ। ਕੀ ਕਹਿੰਦਾ ਫਿਰ ਮਨ ਤੁਹਾਡਾ ਇਹਦੇ ਬਾਰੇ।

—ਮੈਂ, ਪਤਨੀ ਤੇ ਬੇਟਿਆਂ ਨੇ ਦਿਨ ਰਾਤ ਕੰਮ ਕੀਤਾ। ਪਹਿਲਾ ਲੋਕਾਂ ਦੇ ਸਟੋਰਾਂ ’ਤੇ ਕੰਮ ਕਰਦੇ ਸਾਂ। ਫਿਰ ਆਪਣੇ ਸਟੋਰ ਬਣ ਗਏ। ਸਟੋਰਾਂ ਤੋਂ ਸਬ ਵੇ ਲੈ ਲਿਆ। ਪੈਟਰੋਲ ਪੰਪ ਦੇ ਮਾਲਕ ਬਣ ਗਏ। ਜਦੋਂ ਰਿਸੈਸ਼ਨ ਆਇਆ, ਲੁੱਟ-ਪੁੱਟ ਹੋ ਗਏ। ਘਰੋਂ ਬੇਘਰੇ ਹੋ ਗਏ। ਮੈਂ ਆਪਣੇ ਮਾਮੇ ਦਾ ਪਰਿਵਾਰ ਇੱਥੇ ਮੰਗਵਾਇਆ ਸੀ। ਉਨ੍ਹਾਂ ਕੋਲ ਸਟੋਰ ਬਚ ਗਏ ਸਨ। ਇਕ ਸਿਗਰਟਾਂ ਦੀ ਸ਼ਾਪ ਉਨ੍ਹਾਂ ਮੈਨੂੰ ਦੇ ਦਿੱਤੀ। ਬਸ ਇਹਦੇ ਗੁਜ਼ਾਰਾ ਕੀਤਾ। ਵੱਡਾ ਮੁੰਡਾ ਪੁਨੀਤ ਵੀ ਸਟੋਰ ਕਰਦਾ। ਛੋਟਾ ਵਿਨੀਤ ਡਾਕਟਰੀ ਕਰ ਗਿਆ। ਬੇਟੀ ਗ੍ਰੈਜੂਏਸ਼ਨ ਕਰਦੀ ਆ। ਡਾਕਟਰ ਬੇਟੇ ਨੂੰ ਜੇ ਜੌਬ ਮਿਲ ਜਾਵੇ, ਫਿਰ ਘਰ ਦੀ ਹਾਲਤ ਚੰਗੀ ਹੋ ਜਾਊਗੀ। ਬਾਕੀ ਰਹੀ ਤੇਰੇ ਸਵਾਲ ਦੀ ਗੱਲ। ਇਹ ਸਾਮਰਾਜ ਬੜੀ ਚੀਜ਼ ਹੈ। ਇਹ ਆਪ ਹੀ ਰਿਸੈਸ਼ਨ ਲੈ ਕੇ ਆਉਂਦਾ। ਪਹਿਲਾਂ ਸਾਨੂੰ ਕਿਸ਼ਤਾਂ ’ਤੇ ਬੜੇ-ਬੜੇ ਘਰ ਤੇ ਕਾਰੋਬਾਰ ਦੇ ਦਿੱਤੇ। ਅਸੀਂ ਮਿਹਨਤਾਂ ਕਰ-ਕਰ ਇਨ੍ਹਾਂ ਨੂੰ ਲੋਨ ਮੋੜੇ। ਫਿਰ ਅਚਾਨਕ ਸਾਡੇ ਉੱਤੇ ਰਿਸੈਸ਼ਨ ਦੀ ਤਲਵਾਰ ਲਟਕਾ ਦਿੱਤੀ। ਇਕ ਝਪਟ ਨਾਲੋਂ ਸਾਤੋਂ ਸਾਰਾ ਕੁਝ ਖੋਹ ਲਿਆ। ਵੱਡੀਆਂ-ਵੱਡੀਆਂ ਕੰਪਨੀਆਂ ਨੇ ਸਾਡੇ ਕਾਰੋਬਾਰ ਨਿਗਲ ਲਏ।

? ਤੁਹਾਡੀ ਇਕ ਕਵਿਤਾ ‘ਅਮਰੀਕੀ ਡੇਟਿੰਗ : ਸੱਤ ਪਰਤਾਂ’ ਹੈ। ਤੁਸੀਂ ਇਸ ਕਵਿਤਾ ਵਿਚ ਅਮਰੀਕੀ ਜੀਵਨ ਦੀਆਂ ਦੁਖਦਾਇਕ ਅਤੇ ਘਨੌਣੀਆਂ ਪਰਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਇਸ ਵਿਚ ਜਵਾਨੀ ਛਕ ਰਹੀ ਨਸ਼ੇ-ਪੱਤੇ ਦਾ ਵੀ ਜ਼ਿਕਰ ਹੈ। ਕੁੜੀ ਨੂੰ ਮਰ ਰਹੀ ਮਾਂ ਦੀ ਮੌਤ ਨਾਲੋਂ ਵੀਕ ਐਂਡ ’ਤੇ ਡੇਟਿੰਗ ਦਾ ਫ਼ਿਕਰ ਹੈ। ਕੁੱਖ ਦਾ ਕਾਰੋਬਾਰ ਕਰਵਾਉਣ ਦੀ ਲਾਲਸਾ ਹੈ। ਕਾਮ ਵਿਚ ਅੰਨ੍ਹੀ ਹੋਈ ਕੁੜੀ ਦੀ ਸੈਕਸ ਟੁਆਏ ਨਾਲ ਹਥਰਸੀ ਆਦਿ ਕੁਰੀਤੀਆਂ ਦਾ ਜ਼ਿਕਰ ਹੈ। ਇਹ ਬਹੁਤ ਵੱਡੀ ਕਵਿਤਾ ਹੈ। ਇਹ ਪਾਠਕ ਦੀ ਸੰਜੀਦਾ ਸੋਚ ਦਾ ਹਿੱਸਾ ਨਹੀਂ ਬਣੀ। ਇਹਦਾ ਕੀ ਕਾਰਨ ਹੈ ?

—ਅਜਮੇਰ ਸਿਆਂ, ਮੈਂ ਅਮਰੀਕੀ ਮਾਡਰਨ ਕਵਿਤਾ ਵੀ ਪੜ੍ਹੀ ਹੈ। ਯੂਥ ਨਾਲ ਵਿਚਰਦਾ ਵੀ ਹਾਂ। ਮੈਂ ਗੱਲ ਗੋਰੇ ਸਮਾਜ ਦੀ ਕਰਦਾ ਹਾਂ। ਮੇਰੀ ਸਮੋਕ ਸ਼ਾਪ ਹੈ। ਰੋਜ਼ ਯੂਥ ਨਾਲ ਵਾਹ ਪੈਂਦਾ ਹੈ। ਮੇਰੀਆਂ ਇਹ ਕਵਿਤਾਵਾਂ ਅੰਗਰੇਜ਼ੀ ਲੇਖਕਾਂ ਨੇ ਪਸੰਦ ਕੀਤੀਆਂ। ਪਰ ਪੰਜਾਬੀ ਪਾਠਕਾਂ ਤੇ ਆਲੋਚਕਾਂ ਨੇ ਇਹਦਾ ਨੋਟਿਸ ਨਹੀਂ ਲਿਆ। ਡਾ. ਗੁਰਮੇਲ ਸਿੱਧੂ ਨੇ ‘ਪਰਦੇ ਪਿਛਲੀ ਨੰਗੀ ਕਵਿਤਾ’ ਟਾਈਟਲ ਹੇਠ ਇਨ੍ਹਾਂ ਕਵਿਤਾਵਾਂ ਨੂੰ ਵੀ ਵਿਚਾਰਿਆ। ਉਸ ਤੋਂ ਬਿਨਾਂ ਕਿਸੇ ਨੇ ਚਾਰ ਅੱਖਰ ਨਹੀਂ ਲਿਖੇ। ਪ੍ਰਗਤੀਵਾਦੀ ਤਾਂ ਕਾਮੁਕ ਤ੍ਰਿਪਤੀ ਬਣ ਜਾਣ ਦਾ ਖਦਸ਼ਾ ਪ੍ਰਗਟ ਕਰਦੇ ਹੋਣਗੇ। ਬਾਕੀ ਵੀ ਕੋਈ ਬੋਲਿਆ ਨਹੀਂ। ਜਦ ਕਿ ਮੈਂ ਠਰਕ ਭੋਰਨ ਵਾਲੀ ਸੋਝੀ ਨਾਲ ਇਹ ਕਵਿਤਾਵਾਂ ਨਹੀਂ ਲਿਖੀਆਂ। ਮੇਰੀ ਕੋਈ ਸਮਾਜਿਕ ਜ਼ੁੰਮੇਵਾਰੀ ਬਣਦੀ ਹੈ।

? ਤੇ ਜਦੋਂ ਮੈਂ ਸਮਝ ਲਿਆ

ਕਿ ਮਾਂ ਦੇ ਅੱਥਰੂਆਂ ਦਾ ਅਸਲੀ ਕਾਰਨ
ਦਿੱਲੀ ਦੇ ਸੰਸਦ ਭਵਨ ਤੋਂ ਤੁਰਦਾ ਹੈ
ਤਾਂ ਮੇਰੇ ਕੋਲ ਵਾਰਨ ਲਈ ਸਿਰਫ਼ ਸਿਰ ਸੀ।

ਭਾਵੇਂ ਤੁਹਾਡੀ ਕਵਿਤਾ ਦੀਆਂ ਇਹ ਸਤਰਾਂ ਪੜ੍ਹ ਲਓ। ਭਾਵੇਂ ਸਮੁੱਚੀ ਕਵਿਤਾ 'ਤੇ ਨਜ਼ਰ ਮਾਰ ਲਈਏ। ਤੁਹਾਡੀ ਕਵਿਤਾ 'ਤੇ ਪਾਸ਼ ਦੀ ਕਵਿਤਾ ਦਾ ਬਹੁਤ ਪ੍ਰਭਾਵ ਹੈ। ਕੁਝ ਕਵਿਤਾਵਾਂ 'ਤੇ ਜੇ ਲੇਖਕ ਦਾ ਨਾਂ ਨਾ ਲਿਖੀਏ ਤਾਂ ਪਤਾ ਨਹੀਂ ਚਲਦਾ ਦੋਹਾਂ ਵਿੱਚੋਂ ਕਿਸ ਦੀ ਕਵਿਤਾ ਹੈ। ਉੱਥੇ ਤੁਹਾਡਾ ਨਾਂ ਵੀ ਲਿਖ ਸਕਦੇ ਹਾਂ ਤੇ ਪਾਸ਼ ਦਾ ਵੀ।

—ਮੇਰੀ ਕਵਿਤਾ ਪਾਸ਼ ਦੀ ਕਵਿਤਾ ਦੀ ਨਕਲ ਨਹੀਂ ਹੈ। ਬਾਕੀ ਪਾਸ਼ ਦਾ ਮੇਰੇ ਉੱਤੇ ਪ੍ਰਭਾਵ ਹੈ। ਇਕ ਤੇ ਉਹ ਮੇਰਾ ਯਾਰ ਸੀ। ਦੂਜਾ ਉਹ ਸਾਡਾ ਆਗੂ ਸੀ। ਸਫ਼ਲ ਕ੍ਰਾਂਤੀਕਾਰੀ ਕਵਿਤਾ ਦਾ ਮਾਡਲ ਪਾਸ਼ ਹੀ ਹੈ। ਮੈਂ ਉਸ ਮਾਡਲ ਦੀ ਕਵਿਤਾ ਲਿਖਦਾਂ।

? ਇਹਦੇ ਨਾਲ ਤੁਹਾਡੀ ਕਵਿਤਾ ਨੂੰ ਨੁਕਸਾਨ ਨਹੀਂ ਹੋਇਆ।

—ਮੈਨੂੰ ਨਹੀਂ ਲੱਗਦਾ। ਅਸੀਂ ਉਹਦੀ ਕਵਿਤਾ ਦੀ ਵਿਚਾਰਧਾਰਾ ਤੇ ਸ਼ੈਲੀ ਦੇ ਵਾਰਿਸ ਹਾਂ। ਮਸਲਿਆਂ ਨੂੰ ਸੰਬੋਧਨ ਹੋਣ ਦਾ ਢੰਗ ਇਸੇ ਰੂਪ ਵਿੱਚ ਹੀ ਹੋਇਆ ਜਾ ਸਕਦਾ। ਮੈਂ ਪਾਸ਼ ਤੋਂ ਹੀ ਨਹੀਂ ਪ੍ਰਭਾਵਤ ਹੋਇਆ। ਸਗੋਂ ਪਾਸ਼, ਧੂਮਿਲ, ਨਾਜ਼ਮ ਹਿਕਮਤ, ਲੋਰਕਾ, ਪਾਬਲੋ ਨਰੂਦਾ ਅਤੇ ਰੋਕੇ ਡਾਲਟਨ ਵੀ ਮੇਰੇ ਹੱਡਾਂ ਵਿਚ ਵਸੇ ਹੋਏ ਹਾਂ। ਇਨ੍ਹਾਂ ਸ਼ਾਇਰਾਂ ਦੀਆਂ ਕਵਿਤਾਵਾਂ ਪੜ੍ਹਦਿਆਂ ਮੇਰੀ ਹਾਲਤ ਉਸ ਵਿਅਕਤੀ ਵਰਗੀ ਹੋ ਜਾਂਦੀ ਹੈ ਜਿਹਨੂੰ ਅੰਤਾਂ ਦਾ ਤਾਪ ਚੜ੍ਹ ਗਿਆ ਹੋਵੇ। ਮੈਂ ਇਸ ਕਿਸਮ ਦੀ ਕਵਿਤਾ ਤੋਂ ਹੀ ਨਹੀਂ ਪ੍ਰਭਾਵਤ ਹੋਇਆ। ਸਗੋਂ ਸਾਹਿਤ ਦੇ ਦੂਜੇ ਰੂਪਾਂ ਕਹਾਣੀ, ਨਾਵਲ, ਨਾਟਕ ਆਦਿ ਤੋਂ ਕਵਿਤਾ ਜਿੰਨਾ ਹੀ ਪ੍ਰਭਾਵਤ ਹਾਂ।

? ਤੁਸੀਂ ਜਿਸ ਜੁਝਾਰਵਾਦੀ ਮਾਡਲ ਕਵਿਤਾ ਦੀ ਗੱਲ ਕਰਦੇ ਹੋ। ਉਹ ਵੇਲਾ ਵਹਾਅ ਚੁੱਕੀ ਹੈ ਜਾਂ ਇਹਦਾ ਕੋਈ ਭਵਿੱਖ ਹੈ। ਇਹ ਭਾਸ਼ਣ ਤਾਂ ਨਹੀਂ ਹੈ।

—ਮੈਂ ਨਹੀਂ ਸਮਝਦਾ। ਸੰਬੋਧਨਮਈ ਕਵਿਤਾ ਇਤਿਹਾਸਕ ਚੇਤਨਾ ਮੁਖੀ ਕਵਿਤਾ ਹੈ। ਹਰ ਯੁੱਗ ਵਿੱਚ ਵੱਡੇ ਸ਼ਾਇਰ ਵੱਡੀਆਂ ਸਮੱਸਿਆਵਾਂ ਨੂੰ ਸੰਬੋਧਨ ਹੁੰਦੇ ਰਹੇ ਹਨ। ਇਸ ਕਿਸਮ ਦੀ ਕਵਿਤਾ ਦਾ ਵਿਸ਼ਾ-ਵਸਤੂ ਤੇ ਰੂਪ ਇਸੇ ਰੂਪ ਵਿਚ ਹੋ ਸਕਦੇ ਹਨ। ਬਾਬੇ ਨਾਨਕ ਦੀ, ਗੁਰੂ ਰਵਿਦਾਸ ਦੀ, ਕਬੀਰ ਜੀ ਦੀ ਕਵਿਤਾ ਨੂੰ ਇਸੇ ਰੂਪ ਵਿੱਚ ਦੇਖੋਗੇ। ਵਾਰਿਸ ਸ਼ਾਹ ਵੀ ਇਸੇ ਕਰਕੇ ਵੱਡਾ ਸ਼ਾਇਰ ਹੈ। ਪ੍ਰੋ. ਮੋਹਣ ਸਿੰਘ, ਹਰਿਭਜਨ ਸਿੰਘ, ਐਸ.ਐਸ. ਮੀਸ਼ਾ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਪਾਪੂਲਰ ਸ਼ਾਇਰ ਹਨ। ਵੱਡੇ ਸ਼ਾਇਰ ਨਹੀਂ ਹਨ। ਵੱਡਾ ਲੇਖਕ ਉਹ ਹੁੰਦਾ ਹੈ ਜਿਹਦੀ ਰਚਨਾ ਵਿਚ ਰੂਪ ਤੇ ਵਸਤੂ ਬਰਾਬਰ ਦੀ ਸਮੰਜਸਤਤਾ ਵਿੱਚ ਪੇਸ਼ ਹੋਣ। ਆਪਣੇ ਯੁੱਗ ਦੇ ਇਤਿਹਾਸਕ ਵਿਰੋਧਾਂ ਨੂੰ ਮੁਖ਼ਾਤਬ ਹੋ ਕੇ ਵੱਡਾ ਸ਼ਾਇਰ ਬਣ ਸਕਦਾ ਹੈ। ਜੇ ਕਵੀ ਆਪਣੇ ਯੁੱਗ ਦੇ ਇਤਿਹਾਸਕ ਵਿਰੋਧਾਂ ਨੂੰ ਮੁਖ਼ਾਤਬ ਨਹੀਂ ਹੁੰਦਾ, ਕੇਵਲ ਰਿਸ਼ਤਿਆਂ ਦੇ ਦਵੰਦ ਦੀ ਬਿਆਨੀ ਹੀ ਕਹੀ ਜਾਂਦਾ ਹੈ। ਮੈਂ ਇਹਨੂੰ ਬਹੁਤ ਵੱਡੀ ਸ਼ਾਇਰੀ ਨਹੀਂ ਮੰਨਦਾ। ਜੋ ਸ਼ਾਇਰ ਮੱਧ ਸ਼੍ਰੇਣਿਕ ਵਿਅਕਤੀਵਾਦ ਦੀ ਖੱਡ ਵਿਚ ਡਿੱਗ ਪੈਂਦਾ ਹੈ, ਉਹ ਸਾਰੀ ਉਮਰ ਉਸ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ। ਇਸਦੇ ਉਲਟ ਆਪਣੇ ਯੁੱਗ ਦੇ ਮੁੱਖ ਇਤਿਹਾਸਕ ਸੰਸਕ੍ਰਿਤਕ ਵਿਰੋਧਾਂ ਨੂੰ ਜੁਝਾਰਵਾਦੀ ਕਾਵਿ ਧਾਰਾ ਵਾਲੇ ਹੀ ਪੇਸ਼ ਕਰ ਸਕੇ ਹਨ। ਪੰਜਾਬੀ ਦਾ ਸਭ ਤੋਂ ਵੱਡਾ ਪਹਿਲਾਂ ਸ਼ਾਇਰ ਡਾ. ਜਗਤਾਰ ਹੈ। ਫੇਰ ਪਾਸ਼ ਦਾ ਨੰਬਰ ਆਉਂਦਾ ਹੈ। ਦਰਸ਼ਨ ਖਟਕੜ, ਹਰਭਜਨ ਹਲਵਾਰਵੀ, ਸੰਤ ਸੰਧੂ, ਅਮਰਜੀਤ ਚੰਦਨ, ਗੁਰਦੀਪ ਗਰੇਵਾਲ ਤੇ ਹੋਰ ਬਾਅਦ ਵਿਚ ਆਉਂਦੇ ਹਨ। ਮੈਂ ਪ੍ਰਵਾਸ ਬਾਰੇ, ਦੇਸ਼ ਬਾਰੇ ਜਾਂ ਸਾਮਰਾਜ ਵਿਰੋਧੀ ਭਾਵਨਾ ਵਾਲੀ



ਕਵਿਤਾ ਲਿਖੀ ਪਰ ਸਾਰੀ ਕਵਿਤਾ ਇਸੇ ਟੋਨ ਵਿਚ ਲਿਖੀ।

? ਮੈਂ 2006 ਵਿਚ ਤੀਜੀ ਅਮਰੀਕੀ ਕਹਾਣੀ ਕਾਨਫਰੰਸ 'ਤੇ ਅਮਰੀਕਾ ਆਇਆ ਸੀ। ਉਦੋਂ ਮੈਂ ਅਮਰੀਕਾ ਦੇ ਕਹਾਣੀਕਾਰਾਂ ਅਤੇ ਕਵੀਆਂ ਦੀ ਸੂਚੀ ਬਣਾਈ ਸੀ। ਉਦੋਂ 21 ਕਹਾਣੀਕਾਰ ਤੇ 71 ਕਵੀ ਸਨ। ਤੁਸੀਂ ਅਮਰੀਕਾ ਵਿਚ ਵਸਦੇ ਕਿਹੜੇ ਪੰਜਾਬੀ ਸ਼ਾਇਰਾਂ ਨੂੰ ਕਵੀ ਮੰਨਦੇ ਹੋ।

—ਮੈਂ ਆਪਣੇ ਤੋਂ ਬਿਨਾਂ ਰਵਿੰਦਰ ਸਹਿਰਾਅ, ਕੁਲਵਿੰਦਰ, ਡਾ. ਗੁਰੂਮੇਲ, ਰੇਸ਼ਮ ਸਿੱਧੂ ਤੇ ਜਗਜੀਤ ਨੌਸ਼ਿਆਰਵੀ ਨੂੰ ਸ਼ਾਇਰ ਮੰਨਦਾ ਹਾਂ। ਸ਼ਾਇਰ ਤਾਂ ਹੋਰ ਵੀ ਹਨ ਪਰ ਉਹ ਆਪਣੇ ਯੁੱਗ ਦੇ ਮੁਹਾਵਰੇ ਨੂੰ ਫੜ ਨਹੀਂ ਰਹੇ। ਅਸੀਂ ਆਪਣੇ ਸਮਿਆਂ ਦੇ ਇਤਿਹਾਸ ਦੇ ਮੁੱਖ ਵਿਰੋਧਾਂ ਨੂੰ ਫੜ ਰਹੇ ਹਾਂ। ਤੇਲ ਲਈ ਖ਼ੂਨ ਡੋਲਿਆ ਜਾ ਰਿਹਾ ਹੈ। ਸਭਿਆਤਾਵਾਂ ਖਤਮ ਹੋ ਰਹੀਆਂ ਹਨ। ਮਨੁੱਖ ਮਰ ਰਹੇ ਹਨ। ਉਨ੍ਹਾਂ ਬਾਰੇ ਲਿਖਿਆ ਨਹੀਂ ਜਾਂਦਾ। ਉਦਾਹਰਣ ਦੇ ਤੌਰ 'ਤੇ ਅਮਰੀਕਾ ਵਿਚ ਕਾਲੇ ਚੋਰੀ ਕਰਦੇ ਹਨ। ਉਹ ਚੋਰ ਕਿਉਂ ਹਨ ? ਉਨ੍ਹਾਂ ਨੂੰ ਚੋਰੀ ਲਈ ਕੌਣ ਉਕਸਾਉਂਦਾ ਹੈ ? ਤੱਥ, ਯਥਾਰਥ ਤੇ ਸੱਚ ਤਿੰਨ ਜ਼ਰੂਰੀ ਤੱਤ ਹਨ। ਚੋਰੀ ਹੁੰਦੀ ਹੈ, ਇਹ ਤੱਥ ਹੈ। ਚੋਰੀ ਕਿਵੇਂ ਹੋਈ, ਇਹ ਯਥਾਰਥ ਹੈ। ਚੋਰੀ ਲਈ ਲੋਕਾਂ ਨੂੰ ਮਜ਼ਬੂਰ ਕੌਣ ਕਰਦਾ ਹੈ ? ਸਿਸਟਮ ਦਾ ਕੀ ਰੋਲ ਹੈ ? ਉਹ ਕਿਹੜੀਆਂ ਹਾਲਤਾਂ ਵਿਚ ਜਿਉਂਦੇ ਹਨ ? — ਇਹ ਸੱਚ ਹੈ। ਸਾਡੇ ਸ਼ਾਇਰ ਯਥਾਰਥ ਤੱਕ ਪੁੱਜ ਜਾਂਦੇ ਹਨ ਪਰ ਸੱਚ ਲਿਖਣ ਤੋਂ ਡਰਦੇ ਹਨ।

---

## ਗ਼ਜ਼ਲ/ਡਾ. ਸਤੀਸ਼ ਠੁਕਰਾਲ 'ਸੋਨੀ'

ਆਪਣੇ ਸੰਬੰਧਾਂ ਵਿੱਚ ਸੱਜਣਾ ਪਾਕੀਜਗੀ ਮੈਂ ਭਾਲਦਾ ਹਾਂ,
ਹੋਰ ਕੁਝ ਨਹੀਂ ਪਿਆਰ ਵਿੱਚ ਸੰਜੀਦਗੀ ਮੈਂ ਭਾਲਦਾ ਹਾਂ।

ਕਰ ਸਕਾਂ ਨੀਸਾਰ ਮੈਂ ਜਾਨ ਵੀ ਤੇਰੇ ਵਾਸਤੇ ਇਹ,
ਬਸ ਮੁਹੱਬਤ ਵਿੱਚ ਐਸੀ ਦੀਵਾਨਗੀ ਮੈਂ ਭਾਲਦਾ ਹਾਂ।

ਕਰ ਸਕੇ ਨਾ ਵੱਖ ਕਦੇ ਕੋਈ ਵੀ ਝੱਖੜ ਹੁਣ ਅਸਾਨੂੰ,
ਸਾਂਝ ਦੀ ਬੁਨਿਆਦ 'ਚ ਐਸੀ ਪੁਖਤਗੀ ਮੈ ਭਾਲਦਾ ਹਾਂ।

ਕੁਤਕੁਤਾਰੀ, ਹਾਸਿਆਂ ਤੇ ਆਨੰਦ ਵਿਚ ਗੁਜ਼ਰਨ ਮਿਰੇ ਦਿਨ,
ਸਮਝ ਵਿਚ ਗਹਿਰਾਈ ਇਸ਼ਕ 'ਚ ਅਕੀਦਗੀ ਮੈਂ ਭਾਲਦਾ ਹਾਂ।

ਚਾਹਤ ਦੀ ਹੱਦ ਕੋਈ ਨਾ ਦਿਸਹੱਦਿਆਂ ਤੋਂ ਪਾਰ ਵੇਖਦੀ ਏ,
ਉਮਰ ਭਰ ਨਿਭ ਜਾਏ, ਤੈਥੋਂ ਪਿਆਰ ਦੀ ਉਹ ਜ਼ਿੰਦਗੀ ਮੈਂ ਭਾਲਦਾ ਹਾਂ।

ਤੂੰ ਹੋਵੇ ਮੈਂ ਹੋਵਾਂ ਤੇ ਹੋ ਜਾਵੇ ਕਾਇਨਾਤ ਮਨਫ਼ੀ,
ਉਹ ਖਿੱਚ, ਉਹ ਅਪੱਣਤ ਉਹ ਤਿਸ਼ਨਗੀ ਮੈਂ ਭਾਲਦਾ ਹਾਂ।

ਹਰ ਬਸਰ ਨੂੰ ਇਹ ਲੱਗੇ ਗੱਲ ਉਸੇ ਦੀ ਹੀ ਮੈਂ ਕਰ ਰਿਹਾਂ ਹਾਂ,
ਆਪਣੇ ਸ਼ੇਅਰਾਂ 'ਚ ਐਸੀ ਰਵਾਨਗੀ ਮੈਂ ਭਾਲਦਾ ਹਾਂ।

ਕਵਿਤਾਵਾਂ

## ਸੁਰਿੰਦਰ ਸੀਹਰਾ ਦੀਆਂ ਦੋ ਗ਼ਜ਼ਲਾਂ

1.
ਕੋਈ ਮੇਰਾ ਪਤਾ ਪੁੱਛੇ, ਤਾਂ ਉਸ ਨੂੰ ਇਹ ਨਹੀਂ ਦਸਣਾ।
ਕਿ ਤੇਰੀ ਓਸ ਮਿੱਟੀ ਨੂੰ, ਕਬਰ ਬਣ ਆ ਗਿਆ ਵਸਣਾ।

ਲੈ ਅੱਜ ਤੋਂ ਬਾਅਦ ਮੈਂ ਸਜਣਾ, ਨਾ ਰੋਣਾ ਹੈ ਤੇ ਨਾ ਰਿਸਣਾ।
ਲਕੋ ਕੇ ਜ਼ਖ਼ਮ ਇਹ ਸਾਰੇ, ਮੈਂ ਸਿਖ ਲੈਣਾ ਕਿਵੇਂ ਹਸਣਾ।

ਇਨ੍ਹਾਂ ਕੁਦਰਤ ਦੇ ਜਾਇਆਂ ਨੂੰ, ਤੇਰੇ ਵੱਲ ਵੇਖ ਕੇ ਬੰਦਿਆ,
ਕਿਸੇ ਨੂੰ ਆ ਗਿਆ ਕਟਣਾ, ਕਿਸੇ ਨੂੰ ਆ ਗਿਆ ਡਸਣਾ।

ਕਦੀ ਵੀ ਜ਼ਿੰਦਗੀ ਵਿਚ ਰਿਸ਼ਤਿਆਂ ਦੇ ਏਸ ਸ਼ੀਸ਼ੇ 'ਚੋਂ,
ਜੇ ਮੈਨੂੰ ਤੂੰ ਨਹੀਂ ਦਿੱਸਿਆਂ, ਤਾਂ ਮੈਨੂੰ ਮੈਂ ਨਹੀਂ ਦਿਸਣਾ।

ਜੁ ਕਹਿਣਾ ਸੀ ਮੈਂ ਕਹਿ ਦਿੱਤਾ, ਇਹ 'ਸੀਹਰਾ' ਫੇਰ ਨਾ ਆਖੇ,
ਬੁਣੇ ਸੀ ਜਾਲ੍ਹ ਜੋ ਏਨ੍ਹਾਂ 'ਚ, ਖੁਦ ਨੂੰ ਪੈ ਗਿਆ ਫਸਣਾ।

2.
ਦਰ ਦਰ ਭਟਕਦਾ ਮੈਂ, ਏਥੇ ਅਖੀਰ ਆਇਆਂ।
ਤੇ ਕਾਗਜ਼ਾਂ 'ਚ ਲੈ ਕੇ, ਅਪਣੀ ਜ਼ਮੀਰ ਆਇਆਂ।

ਤੈਨੂੰ ਵੀ ਮਿਲਣ ਅੱਜ ਮੈਂ ਲੈ ਕੇ ਸਰੀਰ ਆਇਆਂ,
ਖੁਦ ਨੂੰ ਤਾਂ ਮੈਂ ਦਰਾਂ ਦੇ, ਬਾਹਰ ਹੀ ਚੀਰ ਆਇਆਂ।

ਹੁੰਦੀ ਜੇ ਲਚਕ ਫਿਰ ਮੈਂ, ਧੁਨਖੀ ਹੀ ਬਣਦਾ ਸ਼ਾਇਦ,
ਇਹ ਫੈਸਲਾ ਨ੍ਹੀਂ ਮੇਰਾ, ਬਣ ਕੇ ਜੁ ਤੀਰ ਆਇਆਂ।

ਕੁਝ ਪੁਰਖਿਆਂ ਤੋਂ ਡਰਦਾ, ਤੇ ਵਾਰਸਾਂ ਤੋਂ ਲੁਕਦਾ,
ਮੈਂ ਰਿਸ਼ਤਾ 'ਚ ਹੋਰ ਇਕ ਵਾਚ ਕੇ ਲਕੀਰ ਆਇਆਂ।

ਚੱਲਿਆਂ ਏ ਜਿਥੇ ਅੱਜ ਤੂੰ, 'ਸੀਹਰਾ' ਵੀ ਉਥੇ ਹੋਣਾ,
ਸਮਝੀਂ ਨਾ ਜਾ ਕੇ ਓਥੇ, ਇਕ ਤੂੰ ਹੀ 'ਮੀਰ' ਆਇਆਂ।



## ਗ਼ਜ਼ਲ/ਸੁਰਿੰਦਰਪ੍ਰੀਤ ਘਣੀਆ

ਮੇਰੇ ਹੋਣ ਦਾ ਕੀ ਮਤਲਬ ਹੈ
ਨੀਂਦ 'ਚੋਂ ਉਠ-ਉਠ ਕਿਉਂ ਬਹਿੰਦਾ ਹਾਂ।
ਕਿੱਥੇ ਗੁੰਮ ਗਿਆ ਕੀ ਮੇਰਾ,
ਜਿਸ ਨੂੰ ਰੋਜ਼ ਪਿਆ ਲਭਦਾ ਹਾਂ।

ਮਨ ਦੀਆਂ ਕਈ ਅਪੂਰਨ ਰੀਲਾਂ,
ਮੇਰੇ ਹਾਲ ਤੇ ਝੂਰਨ ਰੀਲਾਂ,
ਅਪਣੇ ਮਨ ਦੇ ਉਧੜੇ ਬਸਤਰ,
ਸੀਣ ਦੇ ਹੀਲੇ ਸੌਂ ਕਰਦਾ ਹਾਂ।

ਚੱਪੂ ਉਂਝ ਬੜੇ ਤੇਜ਼ ਚਲਾਵਾਂ,
ਪਰ ਸਾਹਿਲ ਤੋਂ ਦੂਰ ਨਾ ਜਾਵਾਂ,
ਜ਼ਿੰਦਗੀ ਦੀ ਇਹ ਨੈਯਾ ਕੈਸੀ,
ਪਰ ਪਾਰ ਨਾ ਲਾਵੇ ਮੈਂ ਡੁੱਬਦਾ ਹਾਂ।

ਸੁੰਨ-ਮ-ਸੁੰਨੀ ਰੂਹ ਮੇਰੀ ਇਹ,
ਮਨ ਦੀ ਬੰਜਰ ਜੂਹ ਮੇਰੀ ਇਹ,
ਜ਼ਿੰਦਗੀ, ਛੋਹ ਗੁਲਾਬ ਦੀ ਚਾਹੇ,
ਮੈਂ ਸਰਕੰਡਾ ਬਣ ਚੁਭਦਾ ਹਾਂ।

ਮਨ ਚਾਹੇ ਉਦਾਸੀਆਂ ਕਰਨਾ,
ਬੁੱਧ-ਵਿਵੇਕ ਦਾ ਚਾਨਣ ਵਰਨਾ,
ਰਾਹੁਲ ਦੀ ਕਿਲਕਾਰੀ ਸੁਣ ਕੇ,
ਦੇਹਲੀ ਤੋਂ ਪਾਰ ਮੁੜ ਆਉਂਦਾ ਹਾਂ।

# ਈਕੋ-ਸਮੀਖਿਆ ਅਤੇ ਅਜੋਕੀ ਪੰਜਾਬੀ ਕਵਿਤਾ

**ਆਤਮ ਸਿੰਘ ਰੰਧਾਵਾ** (ਡਾ.)

ਇਹ ਗੱਲ ਹੈਰਾਨੀ ਤੋਂ ਵੱਧ ਪਰੇਸ਼ਾਨੀ ਵਾਲੀ ਹੈ ਕਿ ਅਜੋਕੀ ਪੰਜਾਬੀ ਆਲੋਚਨਾ ਨੇ ਅਜੇ ਤਕ ਵਾਤਾਵਰਨ ਤੇ ਸਾਹਿਤ ਸੰਬੰਧੀ ਚਰਚਾ ਵੀ ਨਹੀਂ ਆਰੰਭੀ ਜਦੋਂ ਕਿ ਪੰਜਾਬੀ ਸਾਹਿਤ ਇਸ ਸੰਬੰਧੀ ਮੁੱਢੋਂ ਚੇਤਨ ਰਿਹਾ ਹੈ । ਇਹ ਮਨੁੱਖ ਤੇ ਕੁਦਰਤ ਦੇ ਸਹਿਜ ਰਿਸ਼ਤੇ ਦੇ ਬਦਲਦੇ ਪਰਿਪੇਖ ਨੂੰ ਪਛਾਣਦਾ ਤੇ ਪੇਸ਼ ਵੀ ਕਰਦਾ ਰਿਹਾ ਹੈ ਅਤੇ ਇਸ ਰਿਸ਼ਤੇ ਨੂੰ ਤੋੜਨ ਤੇ ਕੁਦਰਤ ਨੂੰ ਗੁਲਾਮ ਬਣਾਉਣ ਵਾਲੀ ਸਰਮਾਏਦਾਰੀ ਦੇ ਕਪਟ ਨੂੰ ਨੰਗਿਆਂ ਵੀ ਕਰਦਾ ਹੈ । ਇਸ ਪ੍ਰਸੰਗ ਵਿਚ ਭਾਵੇਂ ਸਮੁੱਚੇ ਸਾਹਿਤ ਦੀ ਗੱਲ ਕੀਤੀ ਜਾ ਸਕਦੀ ਹੈ ਪਰ ਇਸ ਪੇਪਰ ਵਿਚ ਮੈਂ ਆਪਣੀ ਗੱਲ ਈਕੋ-ਸਮੀਖਿਆ ਅਤੇ ਅਜੋਕੀ ਪੰਜਾਬੀ ਕਵਿਤਾ ਤਕ ਸੀਮਤ ਰੱਖਾਂਗਾ ।

ਅੱਜਕਲ ਵਿਸ਼ਵ ਪੱਧਰ 'ਤੇ ਵਾਤਾਵਰਨ ਸੰਬੰਧੀ ਸਮੱਸਿਆਵਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿਚ ਲਿਆਂਦਾ ਜਾ ਰਿਹਾ ਹੈ । ਸਾਹਿਤ ਚਿੰਤਨ ਤੇ ਹੋਰ ਅਨੇਕਾਂ ਅਨੁਸ਼ਾਸਨਾਂ ਵਿਚ ਚਰਚਾ ਦਾ ਇਹ ਰੁਝਾਨ ਹੀ ਦਰਸਾਉਂਦਾ ਹੈ ਕਿ ਅਸੀਂ ਵਾਤਾਵਰਨ ਪ੍ਰਤਿ ਕਿੰਨੇ ਚੇਤੰਨ ਹੋ ਰਹੇ ਹਾਂ ! ਇਸਦਾ ਮਤਲਬ ਇਹ ਨਹੀਂ ਕਿ ਪਹਿਲਾਂ ਵਾਤਾਵਰਨ ਸੰਬੰਧੀ ਚਿੰਤਨ-ਮਨਨ ਨਹੀਂ ਹੋਇਆ ਤੇ ਨਾ ਹੀ ਇਸਦਾ ਇਹ ਮਤਲਬ ਹੈ ਕਿ ਅਸੀਂ ਵਾਤਾਵਰਨ ਸੰਬੰਧੀ ਵਕਤ ਸਿਰ ਜਾਗਰੂਕ ਹੋਏ ਹਾਂ । ਭਾਰਤ ਵਿਚ ਵਾਤਾਵਰਨ ਦੇ ਪ੍ਰਸੰਗ ਤੋਂ ਅਸੀਂ ਬੜੇ ਸੰਕਟਮਈ ਸਮੇਂ ਵਿਚ ਜੀਅ ਰਹੇ ਹਾਂ ਤੇ ਉਸ ਤੋਂ ਹੋਰ ਵਧੇਰੇ ਖ਼ਤਰਨਾਕ ਸਮੇਂ ਵੱਲ ਵੱਧ ਰਹੇ ਹਾਂ । ਰਿਗਵੇਦ ਦੇ ਵੇਲੇ ਤੋਂ ਚਿੰਤਨਸ਼ੀਲ ਮਨੁੱਖ ਵਾਤਾਵਰਨ/ਕੁਦਰਤ ਸੰਬੰਧੀ ਪਿਆਰ ਤੇ ਸਤਿਕਾਰ ਦੀ ਭਾਵਨਾ ਰੱਖਦਾ ਰਿਹਾ ਹੈ ਤੇ ਇਸਦੀ ਸ਼ੁੱਧਤਾ ਨੂੰ ਨੈਤਿਕ ਤੇ ਧਾਰਮਿਕ ਫ਼ਰਜ਼ ਸਮਝਦਾ ਰਿਹਾ ਹੈ । ਉਸਦੀ ਵਾਤਾਵਰਨੀ ਚੇਤਨਾ ਵਿਚ ਸ੍ਰਿਸ਼ਟੀ ਤੇ ਮਨੁੱਖ ਦੀ ਹੋਂਦ ਦੇ ਨਿਰਮਾਣਕਾਰੀ ਪੰਜ ਤੱਤਾਂ ਪ੍ਰਿਥਵੀ, ਪਾਣੀ, ਅਗਨ, ਹਵਾ ਤੇ ਆਕਾਸ਼ ਦੀ ਸ਼ੁੱਧਤਾ ਕਿਸੇ ਨਾ ਕਿਸੇ ਰੂਪ ਵਿਚ ਸਮਾਈ ਸੀ । ਮੱਧਕਾਲ ਤੇ ਪੁਰਾਣੇ ਪੰਜਾਬ ਦੇ ਵੇਲ਼ਿਆਂ ਤੋਂ ਇਸੇ ਦ੍ਰਿਸ਼ਟੀ ਤੋਂ ਵਾਤਾਵਰਨ ਦੀ ਨਿਰਮਲਤਾ ਨੂੰ ਕਾਇਮ ਰੱਖਿਆ ਜਾਂਦਾ ਰਿਹਾ ਹੈ ਪਰ ਅਜੋਕੇ ਸਮਿਆਂ ਵਿਚ ਕੁਦਰਤ ਦਾ ਦਮਨ ਸਿਖ਼ਰ 'ਤੇ ਹੈ ।

ਧਰਤੀ 'ਤੇ ਜੀਵਨ ਹੋਣਾ ਇਸਦਾ ਸੂਰਜ ਤੋਂ ਅਨੁਕੂਲਤਮ ਦੂਰੀ 'ਤੇ ਹੋਣ ਕਾਰਨ ਹੈ । ਜਿਸ ਕਾਰਨ ਇਥੇ ਅਨੁਕੂਲਿਤ ਤਾਪਮਾਨ ਤੇ ਜੀਵ-ਖੇਤਰ (Biosphere) ਜਿਥੇ ਉਚਿਤ ਮਾਤਰਾ 'ਚ ਲੋੜੀਂਦੀਆਂ ਗੈਸਾਂ/ਪੌਣ-ਪਾਣੀ ਹੈ ਜੋ ਜੀਵ ਤੇ ਪੌਦਿਆਂ ਦੀ ਸਾਵੀਂ ਪੈਦਾਵਰ ਦਾ ਸਰੋਤ ਹੈ । ਇਹੀ ਸਾਵੀਂ ਪੈਦਾਵਰ ਸੰਤੁਲਿਤ ਵਾਤਾਵਰਨ ਹੈ ਪਰ ਵਕਤੀ ਲਾਲਚ, ਤ੍ਰਿਸ਼ਨਾ, ਹਉਮੈਂ ਜਾਂ ਵਾਤਾਵਰਨੀ ਚੇਤਨਾ ਦੀ ਘਾਟ ਕਰਕੇ ਇਸ ਜੀਵ-ਖੇਤਰ ਵਿਚ ਵਿਗਾੜ ਪੈਦਾ ਕਰਕੇ ਮਨੁੱਖ ਨੇ ਵਾਤਾਵਰਨ ਨੂੰ ਅਸੰਤੁਲਿਤ ਬਣਾ ਦਿੱਤਾ ਹੈ ਤੇ ਆਪਣੇ ਜੀਵਨ ਲਈ ਆਪ ਹੀ ਖ਼ਤਰੇ ਸਹੇੜ ਲਏ ਹਨ । ਪਿਛਲੀ ਸਦੀ ਤੋਂ ਆਧੁਨਿਕਤਾਵਾਦੀ, ਖ਼ਪਤਵਾਦ, ਨਿੱਜੀ ਮੁਨਾਫ਼ੇ ਆਧਾਰਿਤ ਤੇ ਯੋਜਨਾ-ਰਹਿਤ ਉਦਯੋਗੀਕਰਨ, ਵਿਉਂਤਹੀਣੇ ਸ਼ਹਿਰੀਕਰਨ ਅਤੇ ਬੇਤਹਾਸ਼ਾ ਵੱਧਦੀ ਆਬਾਦੀ ਨੇ ਵਾਤਾਵਰਨ ਸੰਬੰਧੀ ਖ਼ਤਰਨਾਕ ਸਮੱਸਿਆਵਾਂ ਸਾਹਮਣੇ ਲਿਆਂਦੀਆਂ ਹਨ ।

ਅਜੋਕੇ ਸਮੇਂ ਵਾਤਾਵਰਨੀ ਚੇਤਨਾ ਤੋਂ ਭਾਵ, ਜੀਵ-ਭੌਤਿਕੀ ਵਾਤਾਵਰਨ ਪ੍ਰਤਿ ਸੋਝੀ ਜਾਂ ਜਾਗਰੂਕਤਾ ਪੈਦਾ ਹੋਣੀ, ਇਸ ਪ੍ਰਤਿ ਪ੍ਰਤਿਬੱਧਤਾ ਦਾ ਵੱਧਣਾ ਤੇ ਇਸ ਦੀਆਂ ਸਮੱਸਿਆਵਾਂ, ਪ੍ਰਸਪਰ ਪ੍ਰਭਾਵ, ਸਿੱਟਿਆਂ ਨੂੰ ਸਮਝਦਿਆਂ ਇਸ ਦੇ ਦੁਰ-ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਫ਼ਿਕਰਮੰਦ ਹੋਣ ਤੋਂ ਹੈ । ਇਸੇ ਚੇਤਨਾ ਤੋਂ ਪੂਰੇ ਵਿਸ਼ਵ ਵਿਚ ਵਾਤਾਵਰਨਵਾਦ ਦੀ ਇਕ ਲਹਿਰ



ਉਤਪਨ ਹੋਈ ਹੈ ਜੋ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਦੇ ਜ਼ਰੀਏ ਜ਼ਿੰਦਗੀ ਦੀ ਨਿਰੰਤਰਤਾ ਤੇ ਗੁਣਵਤਾ ਨੂੰ ਕਾਇਮ ਰੱਖਣ ਦੀ, ਪ੍ਰਦੂਸ਼ਣ ਦੀ ਰੋਕਥਾਮ, ਭੂਮੀ ਦੀ ਸੁਚੱਜੀ ਤੇ ਸੰਜਮਤਾ ਨਾਲ ਵਰਤੋਂ ਨਾਲ ਜੁੜੀ ਹੋਈ ਹੈ । ਸੰਕਟਗ੍ਰਸਤ ਵਾਤਾਵਰਨ ਨੂੰ ਸੁਰੱਖਿਅਤ ਕਰਨ ਲਈ ਨਵੇਂ ਵਾਤਾਵਰਨਵਾਦੀਆਂ ਨੇ 'ਜੰਗਲ ਤੇ ਜੰਗਲੀ ਜੀਵਾਂ ਦੀ ਸੁਰੱਖਿਆ ਦੇ ਨਾਲ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ, ਠੋਸ ਰਹਿੰਦ-ਖੂੰਹਦ ਦੇ ਪ੍ਰਦੂਸ਼ਣ, ਰੇਡੀਏਸ਼ਨ, ਕੀਟਨਾਸ਼ਕੀ ਜ਼ਹਿਰੀਲਾਪਣ, ਸ਼ੋਰ ਪ੍ਰਦੂਸ਼ਣ ਤੇ ਗਲੋਬਲ ਵਾਰਮਿੰਗ ਵਰਗੀਆਂ ਹੋਰ ਵਿਭਿੰਨ ਪ੍ਰਕਾਰ ਦੀਆਂ ਵਾਤਾਵਰਨਿਕ ਸਮੱਸਿਆਵਾਂ ਦਾ ਫ਼ਿਕਰ ਤੇ ਮੁੱਦੇ ਉਭਾਰੇ ਹਨ । ਇਨ੍ਹਾਂ ਮੁੱਦਿਆਂ ਨੂੰ ਪੂਰੀ ਦੁਨੀਆ ਵਿਚ ਲੋਕ ਹਮਾਇਤ ਵੀ ਪ੍ਰਾਪਤ ਹੈ ਤੇ ਇਸਦਾ ਅੰਦਾਜ਼ਾ 'ਅਰਥ-ਡੇ' ਵਿਚ ਲੋਕਾਂ ਦੀ ਭਾਰੀ ਸ਼ਮੂਲੀਅਤ ਤੋਂ ਵੀ ਲਗਾਇਆ ਜਾ ਸਕਦਾ ਹੈ । ਅਸਲ ਵਿਚ ਇਹ ਮਸਲਾ ਧਰਤੀ 'ਤੇ ਜ਼ਿੰਦਗੀ ਦੀ ਸਲਾਮਤੀ ਦਾ ਹੈ । ਵਾਤਾਵਰਨ ਦੇ ਪਰਿਵਰਤਨ ਦੇ ਸਿੱਟੇ ਵਜੋਂ ਧਰਤੀ ਤੋਂ ਮੁਕ ਗਈਆਂ ਤੇ ਮੁਕ ਰਹੀਆਂ ਜਾਤੀਆਂ ਦੇ ਸਬਕ ਨਾਲ ਮਨੁੱਖ ਦੇ ਵਿਵਹਾਰ ਵਿਚ ਵਾਤਾਵਰਨ ਸੰਬੰਧੀ ਹਾਂ-ਪੱਖੀ ਤਬਦੀਲੀ ਆਈ ਹੈ ।

ਪਰ ਭਾਰਤ ਵਰਗੇ ਵਿਕਾਸਸ਼ੀਲ, ਢਿੱਲੇ ਤੇ ਕੁਚੱਜੇ ਪ੍ਰਬੰਧ ਵਾਲੇ ਦੇਸ ਵਿਚ ਖ਼ਪਤੀ ਸਭਿਆਚਾਰ ਦੀ ਭੁਆਂਟਣੀ ਚੜ੍ਹੇ ਬਹੁਤੇ ਬੰਦਿਆਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ ਤੇ ਇਸ ਨਾਲ ਸੰਬੰਧਿਤ ਸਰੋਕਾਰਾਂ ਦੀ ਵਿਹਾਰਕ ਸੋਝੀ ਨਹੀਂ ਹੈ । ਪੂੰਜੀ ਯੁੱਗ ਵਿਚ ਸਮਾਜਿਕ ਜਾਂ ਸਮੂਹਿਕ ਮਸਲਿਆਂ ਦੀ ਥਾਂ ਨਿੱਜ ਅਤੇ ਭਵਿੱਖਮੁਖੀ ਸੋਚ ਦੀ ਥਾਂ ਵਕਤੀ ਲਾਹਾ ਲੈਣ ਦੀ ਰੁਚੀ ਨੇ ਵਾਤਾਵਰਨ/ਕੁਦਰਤ ਦਾ ਬਹੁਤ ਨਿਘਾਰ ਕੀਤਾ ਹੈ । ਕੁਦਰਤੀ ਸਾਧਨਾਂ ਦੀ ਅੰਨੇਵਾਹ ਦੁਰ-ਵਰਤੋਂ ਨੇ ਵਾਤਾਵਰਨ ਸੰਤੁਲਨ ਵਿਚ ਵਿਗਾੜ ਪੈਦਾ ਕਰਕੇ ਸਾਡੇ ਸਾਹਮਣੇ ਵਾਤਾਵਰਨਿਕ ਸੰਕਟ ਖੜਾ ਕਰ ਦਿਤਾ ਹੈ । ਅਸੀਂ ਆਪਣੇ ਆਪ ਹੀ ਇਸ ਗੰਭੀਰ ਖਤਰੇ ਵਿਚ ਘਿਰੀ ਜਾ ਰਹੇ ਹਾਂ । ਇਸ ਵਿਚ ਕੋਈ ਅਤਿ ਕਥਨੀ ਨਹੀਂ ਕਿ ਅਸੀਂ ਵਾਤਾਵਰਨ-ਵਿਹੂਣੀ ਚੇਤਨਾ ਨਾਲ ਪਰਲੋ ਵੱਲ ਵੱਧ ਰਹੇ ਹਾਂ । ਭਾਰਤ ਵਿਚ ਬਸਤੀਵਾਦੀ ਦਮਨ ਦੇ ਦੌਰ ਅਤੇ ਉਸ ਤੋਂ ਬਾਅਦ ਬਸਤੀਵਾਦੀ ਪ੍ਰਵਚਨਾਂ ਦੇ ਗ਼ਲਬੇ ਤੇ ਪ੍ਰਧਾਨਤਾ ਕਾਰਨ ਕੁਦਰਤ ਨਾਲ ਸੰਬੰਧਿਤ ਮਸਲਿਆਂ/ਵਿਸ਼ਿਆਂ ਨੂੰ ਅਣਗੌਲੀ ਰੱਖਿਆ ਗਿਆ ਤੇ ਹੋਰ ਰਾਜਨੀਤਕ, ਜਾਤੀਗਤ ਤੇ ਲਿੰਗਕ ਵਿਸ਼ੇ ਕੇਂਦਰ ਵਿਚ ਰਹੇ ਹਨ । ਪੰਜਾਬੀ ਚਿੰਤਨ/ਸਮੀਖਿਆ ਦੇ ਖੇਤਰ ਵਿਚ ਤਾਂ ਇਹ ਮਸਲੇ ਹਾਸ਼ੀਏ 'ਤੇ ਰਹੇ ਹਨ । ਅੰਗਰੇਜ਼ ਬਸਤੀਵਾਦ ਨੇ ਸਾਡੇ ਕੁਦਰਤੀ ਸਾਧਨਾਂ ਦੀ ਲੁੱਟ ਕੀਤੀ ਤੇ ਸਾਡੇ ਨਵੇਂ ਬਸਤੀਵਾਦੀਆਂ ਨੇ ਇਸ ਲੁੱਟ ਦੀ ਪਰੰਪਰਾ ਨੂੰ ਅੱਗੇ ਵਧਾਇਆ । ਇਸੇ ਦੋਹਰੇ ਬਸਤੀਵਾਦੀ ਰਵੱਈਏ ਕਰਕੇ ਅਸੀਂ ਆਪਣੇ ਇਤਿਹਾਸ ਵਿਚ ਕੁਦਰਤੀ ਸਾਧਨਾਂ ਪ੍ਰਤਿ ਬੇਮੁਖ ਰਹੇ ਹਾਂ । ਜਿਸ 'ਤੇ ਮਨੁੱਖ ਦਾ ਜੀਣ-ਥੀਣ ਨਿਰਭਰ ਹੈ ਉਹੀ ਕੁਦਰਤ ਸਾਡੇ ਇਤਿਹਾਸ ਵਿਚੋਂ ਗ਼ਾਇਬ ਹੈ । ਇਤਿਹਾਸ ਵਿਚ ਕੁਦਰਤੀ ਸਾਧਨਾਂ ਦੀ ਮਹਾਨਤਾ ਦੀ ਥਾਂ ਇਸਦੇ ਦੁਸ਼ਮਣਾਂ ਦੀ ਮਹਾਨਤਾ ਦੇ ਗੁਣ ਗਾਏ ਹਨ । ਸਾਡੇ ਸਾਹਿਤ ਤੇ ਲੋਕ-ਸਾਹਿਤ ਨੇ ਨਾਲੋ ਨਾਲ ਬਸਤੀਵਾਦੀ ਨੀਤੀਆਂ ਦੇ ਪ੍ਰਤਿਰੋਧ ਵੀ ਸਿਰਜਿਆ ਹੈ ਜੋ ਸਮੀਖਿਆ ਦਾ ਹਿੱਸਾ ਨਹੀਂ ਬਣ ਸਕਿਆ ਜਦੋਂ ਕਿ ਇਸ ਮਸਲਾ ਨੂੰ ਪ੍ਰਮੁਖਤਾ ਨਾਲ ਉਭਾਰਨਾ ਸਾਡੇ ਸਮੇਂ ਦੀ ਜ਼ਰੂਰਤ ਹੈ । ਅਜੋਕੇ ਪੰਜਾਬੀ ਚਿੰਤਨ ਨੂੰ ਸਾਹਿਤ ਤੇ ਵਾਤਾਵਰਨ ਦੇ ਬਹੁ-ਦਿਸ਼ਾਵੀ ਸੰਬੰਧਾਂ ਦੀ ਖੋਜ ਦਾ ਉਲੇਖ, ਸਾਹਿਤਕ ਅਭਿਵਿਅਕਤੀ ਤੇ ਵਾਤਾਵਰਨ ਦੇ ਸੰਬੰਧਾਂ ਦੀ ਪੜਚੋਲ ਤੇ ਵਿਸ਼ਲੇਸ਼ਣ ਸਮੇਤ ਇਸ ਪ੍ਰਤਿ ਪ੍ਰਤਿਬੱਧਤਾ ਨੂੰ ਵਧਾਉਣ ਲਈ ਸੰਵਾਦ ਰਚਾਉਣਾ ਚਾਹੀਦਾ ਹੈ । ਵਿਸ਼ਵ ਪੱਧਰ 'ਤੇ ਇਹ ਕੰਮ (ਸਾਹਿਤ ਅਤੇ ਵਾਤਾਵਰਨ ਦੇ ਮੁੱਦੇ 'ਤੇ) ਭਰਪੂਰ ਰੂਪ ਵਿਚ ਪਿਛਲੀ ਸਦੀ ਦੇ ਅਖੀਰਲਿਆਂ/ 90ਵਿਆਂ ਦੇ ਅੱਧ ਵਿਚ ਸਾਹਮਣੇ ਆ ਗਿਆ ਸੀ ਜਦੋਂ ਅਮਰੀਕਾ ਤੇ ਹੋਰ ਬਾਹਰਲੇ ਮੁਲਕਾਂ ਵਿਚ ਵਿਦਵਾਨਾਂ ਨੇ ਇਕ ਜੱਥੇਬੰਦੀ 'ASLE' (Association for the Study of Literature and Environ-

ment) ਦਾ ਗਠਨ ਕੀਤਾ ਤੇ ਮਹੱਤਵਪੂਰਨ ਪਰਚਾ 'ISLE' (Interdisciplinary Studies in Literature and Environment) ਸਾਹਮਣੇ ਲਿਆਂਦਾ।

ਸਾਹਿਤ ਤੇ ਵਾਤਾਵਰਨ ਦੇ ਸੰਬੰਧ ਵਿਚ ਈਕੋ ਸਮੀਖਿਆ (Ecocriticsm) ਦੀ ਦ੍ਰਿਸ਼ਟੀ ਤੋਂ ਸਮਝਣ ਵਾਲੀ ਇਕ ਗੱਲ ਇਹ ਹੈ ਕਿ ਵਾਤਾਵਰਨ/ਕੁਦਰਤ ਕਿਵੇਂ ਮਨੁੱਖ ਦੇ ਅਵਚੇਤਨ ਵਿਚ ਸਮਾ ਕੇ ਮੁੜ ਸਿਰਜਣਾ ਦਾ ਰੂਪ ਅਖ਼ਤਿਆਰ ਕਰਦਾ ਹੈ ਅਤੇ ਵਾਤਾਵਰਨ ਸੰਬੰਧੀ ਸੂਝ ਨੂੰ ਹੋਰ ਸੰਵੇਦਨਸ਼ੀਲ ਕਰਨ ਲਈ ਸਾਹਿਤ ਕਿਵੇਂ ਆਪਣਾ ਰੋਲ ਅਦਾ ਕਰਦਾ ਹੈ ।ਈਕੋ ਸਮੀਖਿਆ ਉਨ੍ਹਾਂ 'ਆਲੋਚਨਾਤਮਕ ਲਿਖਤਾਂ ਦਾ ਉਲੇਖ ਕਰਦੀ ਹੈ ਜੋ ਸਾਹਿਤ ਤੇ ਜੀਵ-ਭੌਤਿਕੀ ਵਾਤਾਵਰਨ ਦੇ ਸੰਬੰਧਾਂ ਨੂੰ ਖੋਜਦੀਆਂ ਤੇ ਉਭਾਰਦੀਆਂ ਹਨ ।ਦੂਜੀ ਵੇਖਣ ਵਾਲੀ ਇਹ ਗੱਲ ਹੈ ਕਿ ਸਾਹਿਤ ਜੀਵ-ਭੌਤਿਕੀ ਵਾਤਾਵਰਨ ਪ੍ਰਤਿ ਕਿਨ੍ਹਾਂ ਕੁ ਜਾਗਰੂਕ ਹੈ, ਇਸਦੀ ਸਾਂਭ-ਸੰਭਾਲ ਲਈ ਕਿਨ੍ਹਾਂ ਕੁ ਪ੍ਰਤਿਬੱਧ ਤੇ ਇਸ ਦੀਆਂ ਅਜੋਕੀਆਂ ਸਮੱਸਿਆਵਾਂ, ਪ੍ਰਸਪਰ ਪ੍ਰਭਾਵ, ਸਿੱਟਿਆਂ ਨੂੰ ਸਮਝਦਿਆਂ ਇਸ ਉਪਰ ਪੈ ਰਹੇ ਦੁਰ-ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਕੀ ਭੂਮਿਕਾ ਨਿਭਾ ਰਿਹਾ ਹੈ । ਉਪਰੋਕਤ ਦੇ ਨਾਲ ਹੀ ਈਕੋ-ਸਾਹਿਤ ਸਮੀਖਿਆਕਾਰ (Ecocritic) ਇਸ ਗੱਲ ਦੇ ਅਧਿਐਨ ਦੀ ਕੋਸ਼ਿਸ ਕਰਦੇ ਹਨ ਕਿ ਕਿਵੇਂ ਕੁਦਰਤ ਤੇ ਸਮਾਜ ਦਾ ਨੇੜਲਾ ਸੰਬੰਧ ਸਾਹਿਤਕ ਪਾਠ ਵਿਚ ਢਲ਼ਦਾ ਹੈ ।

ਕਿਸੇ ਵੀ ਧਰਤ ਦਾ ਵਾਤਾਵਰਨ ਵਿਧਾ/ਰੂਪ ਤੇ ਵਿਸ਼ੇ, ਸਭ ਪੱਧਰਾਂ 'ਤੇ ਸਾਹਿਤਕ ਪਾਠ ਨੂੰ ਨਿਸਚਿਤ ਕਰਨ ਵਿਚ ਬੁਨਿਆਦੀ ਰੋਲ ਅਦਾ ਕਰਦਾ ਹੈ ।ਮਿਸਾਲ ਦੇ ਤੌਰ 'ਤੇ ਭਾਰਤੀ ਸਾਹਿਤਕ ਪਰੰਪਰਾ ਦੇ ਸੁਖਾਂਤਕ ਹੋਣ ਪਿੱਛੇ ਇਕ ਕਾਰਨ ਇਥੇ ਦਾ ਜ਼ਰਖੇਜ਼ ਹੋਣਾ ਹੈ ਤੇ ਸਾਮੀ ਸਾਹਿਤਕ ਪਰੰਪਰਾ ਜਿਸ ਨਾਲ ਸਾਡੇ ਸਾਹਿਤ ਵਿਚ ਦੁਖਾਂਤ ਪ੍ਰਵੇਸ਼ ਕਰਦਾ ਹੈ ਉਥੇ ਦੀ ਧਰਤ ਦਾ ਅਣ-ਉਪਜਾਊ ਹੋਣ ਕਰਕੇ ਵੀ ਹੈ ।ਪੰਜਾਬੀ ਕਲਾਸਿਕ ਸਾਹਿਤ ਦਾ ਰਾਗਮਈ ਹੋਣਾ ਵਾਤਾਵਰਨ ਚੇਤਨਾ ਦੀ ਸਿਖ਼ਰ ਹੈ ਜਿਸ ਰਾਹੀਂ ਹਰ ਰੁੱਤ/ਵੇਲੇ ਦੇ ਹਿਸਾਬ ਤੋਂ ਸਾਹਿਤ ਨਾਲ ਮਨੁਖ ਨੂੰ ਜੋੜਨ ਦਾ ਯਤਨ ਕੀਤਾ ਹੈ ।ਬਾਰਾਂਮਾਹ ਵਰਗੇ ਪੰਜਾਬੀ ਦੇ ਬਹੁਤ ਸਾਰੇ ਸਾਹਿਤ ਦੇ ਰੂਪ ਵਾਤਾਵਰਨ ਦੀ ਹੀ ਉਪਜ ਹਨ ਅਤੇ ਇਹ ਸਾਹਿਤ ਦੇ ਰੂਪ/ਵਿਧਾਵਾਂ ਪ੍ਰਕਿਰਤਕ ਤੇ ਸਮਾਜਿਕ ਹਾਲਤਾਂ ਦੇ ਬਦਲਾਅ ਨਾਲ ਵੀ ਬਦਲਦੇ ਰਹਿੰਦੇ ਹਨ ।

ਪੰਜਾਬੀ ਸਾਹਿਤ ਸਿਰਜਣਾ ਵਿਚ ਇਕ ਲਹਿਰ ਦੇ ਰੂਪ ਵਿਚ ਨਾ ਸਹੀ ਪਰ ਸਮੇਂ ਸਮੇਂ ਇਹ ਵਾਤਾਵਰਨ ਦੇ ਮਸਲਿਆਂ ਨੂੰ ਮੁਖ਼ਾਤਿਬ ਰਿਹਾ ਹੈ ।ਕੁਦਰਤ/ਵਾਤਾਵਰਨ/ਪ੍ਰਕਿਰਤੀ ਬਾਰੇ ਸੰਵੇਦਨਾ ਤੇ ਸੁਹਜ ਸਮਕਾਲੀ ਪੰਜਾਬੀ ਕਵਿਤਾ ਤੋਂ ਪਹਿਲਾਂ ਦੇ ਕਾਵਿ ਵਿਚ ਵੀ ਉਜਾਗਰ ਹੁੰਦਾ ਰਿਹਾ ਹੈ ।ਗੁਰੂ ਨਾਨਕ ਦੀ ਕੁਦਰਤੀ ਸਰੋਕਾਰਾਂ ਨੂੰ ਰੂਪਮਾਨ ਕਰਦੀ ਰਚਨਾ 'ਆਰਤੀ' ਜੇ ਸਮਾਜਿਕ ਕਰਮ-ਕਾਂਡਾਂ ਦੀ ਵਿਸਥਾਪਨਾ ਕਰਦੀ ਹੈ ਤਾਂ ਕੁਦਰਤ ਦੇ ਅਦਭੁਤ ਕਾਰਜ ਨੂੰ ਸਥਾਪਤ ਵੀ ਕਰਦੀ ਹੈ ।ਗੁਰੂ ਬਾਣੀਕਾਰਾਂ ਨੇ ਮਨੁੱਖ ਤੇ ਕੁਦਰਤ ਦੀ ਸਾਂਝ ਤੇ ਪੌਣ-ਪਾਣੀ ਨੂੰ ਬੜੀ ਵਿਸ਼ਾਲਤਾ ਤੇ ਰਹੱਸਮਈ ਕ੍ਰਿਸ਼ਮੇ ਦੇ ਰੂਪ ਵਿਚ ਸਿਰਜਿਆ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
———
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
————



ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥

ਜੇ ਗੁਰਬਾਣੀ 'ਪਹਿਲੇ ਪਾਣੀ ਜੀਓ ਹੈ' ਦੀ ਗੱਲ ਕਰਦੀ ਹੈ ਤਾਂ ਗੁਰਬਾਣੀ ਹੀ ਨਹੀਂ ਸਗੋਂ ਵਿਗਿਆਨਕ ਲੱਭਤਾਂ ਨੇ ਵੀ ਬਨਸਪਤੀ ਤੇ ਮਨੁੱਖ ਨੂੰ ਰਿਸ਼ਤੇਦਾਰ ਹੀ ਦਰਸਾਇਆ ਹੈ । ਡਾਰਵਿਨ ਜਦੋਂ ਖ਼ਾਰੇ ਪਾਣੀ ਵਿਚੋਂ ਮਨੁੱਖ ਜਾਂ ਜਾਤੀਆਂ ਦੀ ਮੂਲ ਉਤਪਤੀ ਦੀ ਗੱਲ ਕਰਦਾ ਹੈ ਤਾਂ ਉਹ ਵੀ ਬਨਸਪਤੀ ਤੇ ਜੀਵਾਂ ਦੇ ਇਕੋ ਮੂਲ ਸਰੋਤ ਦੀ ਗੱਲ ਕਰਦਾ ਹੈ ।ਇਵੇਂ ਜਾਤੀਆਂ ਦੇ ਬਦਲਾਅ, ਕੁਦਰਤ ਦੇ ਬਦਲਾਅ ਨਾਲ ਜੁੜੇ ਹਨ ਅਤੇ ਪ੍ਰਮੁਖ ਗੱਲ ਇਹ ਕਿ ਕਿਸੇ ਖਿੱਤੇ ਦਾ ਵਾਤਾਵਰਨ ਉਥੇ ਦੇ ਲੋਕਾਂ ਦੇ ਕਿਰਦਾਰ ਨੂੰ ਘੜ੍ਹਦਾ ਹੈ ਜਿਸ 'ਚੋਂ ਸਿਰਜਨਾਵਾਂ ਉਪਜਦੀਆਂ ਹਨ ।

ਪਹਿਲੇ ਸਮਿਆਂ 'ਚ ਪੰਜਾਬ ਵਿਚ ਵਾਤਾਵਰਨਿਕ ਪ੍ਰਬੰਧ ਬਹੁ-ਰੰਗੀ ਰਿਹਾ ਹੈ । ਹਿਮਾਲਿਆ ਦੀ ਗੋਦ ਵਿਚ ਵਿਸ਼ਾਲ ਹਰਿਆਵਲ ਤੇ ਉਪਜਾਊ ਮੈਦਾਨਾਂ, ਜੰਗਲਾਂ, ਜੀਵਾਂ ਤੇ ਦਰਿਆਵਾਂ ਨੇ ਇਸ ਧਰਤੀ ਨੂੰ ਇਸ ਪੱਖੋਂ ਅਮੀਰ ਬਣਾਇਆ ਹੋਇਆ ਸੀ ਪਰ ਬੇਤਹਾਸ਼ਾ ਵਧੀ ਆਬਾਦੀ ਤੇ ਪੰਜਾਬੀ ਮਨੁੱਖ ਦੀ ਤ੍ਰਿਸ਼ਨਾ/ਹਿਰਸ ਨੇ ਇਸ ਨੂੰ ਅਮੀਰ ਨਹੀਂ ਰਹਿਣ ਦਿੱਤਾ ਤੇ ਇਕ ਵਾਤਾਵਰਨ ਦੇ ਸੰਕਟ ਦੀ ਸਥਿਤੀ ਬਣਾ ਦਿੱਤੀ ਹੈ ।ਪੰਜਾਬੀਆਂ ਨੇ ਪੰਜਾਬ ਵਿਚ ਜੰਗਲ ਤੇ ਜੰਗਲੀ ਜੀਵਾਂ ਦੇ ਘਾਤ ਦੇ ਨਾਲ ਨਾਲ ਹਵਾ, ਪਾਣੀ, ਭੂਮੀ ਤੇ ਸ਼ੋਰ ਪ੍ਰਦੂਸ਼ਣ, ਠੋਸ ਰਹਿੰਦ-ਖੂੰਹਦ ਦੇ ਪ੍ਰਦੂਸ਼ਣ, ਰੇਡੀਏਸ਼ਨ ਅਤੇ ਕੀਟਨਾਸ਼ਕੀ ਜ਼ਹਿਰੀਲਾਪਣ ਆਦਿ ਨੂੰ ਜਨਮ ਦੇ ਕੇ ਆਪਣੇ ਆਪ ਨੂੰ ਵਿਨਾਸ਼ ਵੱਲ ਧੱਕਿਆ ਹੈ ।ਇਸ ਸੰਕਟਗ੍ਰਸਤ ਵਾਤਾਵਰਨ ਦੀ ਸਥਿਤੀ ਤੋਂ ਅਜੋਕਾ ਸਾਹਿਤ ਕਿਵੇਂ ਅਭਿੱਜ ਰਹਿ ਸਕਦਾ ਹੈ !ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਕਵਿਤਾ ਇਨ੍ਹਾਂ ਮਸਲਿਆਂ ਨੂੰ ਕਿਵੇਂ ਮੁਖ਼ਾਤਿਬ ਹੁੰਦੀ ਹੈ ? ਮਨੁੱਖ ਦੇ ਕੁਦਰਤ ਨਾਲ ਬਦਲਦੇ ਸਰੋਕਾਰ/ਰਿਸ਼ਤੇ (ਸ਼ਰਧਾ ਤੋਂ ਵਿਨਾਸ਼ ਵੱਲ) ਨੂੰ ਕਿਵੇਂ ਲੈਂਦੀ ਰਹੀ ਹੈ ਤੇ ਲੈ ਰਹੀ ਹੈ !ਇਨ੍ਹਾਂ ਨਾਲ ਕਿਹੋ ਜਿਹਾ ਸੰਵਾਦ ਰਚਾ ਰਹੀ ਹੈ !ਇਸ ਸਭ ਕੁਝ ਦਾ ਕਿਹੋ ਜਿਹਾ ਪ੍ਰਤਿਉੱਤਰ ਪੇਸ਼ ਕਰ ਰਹੀ ਹੈ !

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਹੀ ਪ੍ਰਕਿਰਤੀ ਨਾਲ ਪਿਆਰ ਦੀਆਂ ਕਵਿਤਾਵਾਂ ਨਾਲ ਹੁੰਦਾ ਹੈ ।ਭਾਈ ਵੀਰ ਸਿੰਘ ਦਾ ਪ੍ਰਕਿਰਤੀ ਚਿਤਰਨ ਤੇ ਪ੍ਰਕਿਰਤੀ ਦਾ ਮਾਨਵੀਕਰਨ ਭਾਵੇਂ ਧਰਮ/ਰੁਮਾਂਸਕ-ਰਹੱਸ/ਨਿਸ਼ਚਿਤ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਪੇਸ਼ ਹੋਇਆ ਹੈ ਪਰ ਫਿਰ ਵੀ ਇਹ ਪ੍ਰਕਿਰਤੀ-ਪ੍ਰੇਮ ਦੀ ਭਾਵਨਾ ਨਾਲ ਭਰਦਾ ਹੈ ।ਪ੍ਰੋ. ਪੂਰਨ ਸਿੰਘ ਦਾ ਸਮੁੱਚਾ ਕਾਵਿ ਪੰਜਾਬ ਦਾ ਪ੍ਰਕਿਰਤੀਕਰਨ ਕਰਨ ਵੱਲ ਰੁਚਿਤ ਹੈ ਭਾਵੇਂ ਕਿ ਉਸਦੀ ਕਵਿਤਾ ਵਿਚ ਕੁਦਰਤ ਇਕ ਸਭਿਆਚਾਰਕ ਪ੍ਰਵਚਨ ਦਾ ਹੀ ਹਿੱਸਾ ਹੈ ਪਰ ਪੰਜਾਬੀ 'ਸਭਿਆਚਾਰਕ' ਮਨੁੱਖ ਨੂੰ ਕੁਦਰਤ ਵਿਚ ਸਥਾਪਤ ਤੇ ਉਸਦੇ ਜਸ਼ਨ ਵਿਚ ਸ਼ਾਮਲ ਕਰਕੇ ਇਹ ਕਵਿਤਾ ਮਸ਼ੀਨੀ, ਅਸੰਤੁਲਿਤ ਕੰਕਰੀਟ ਵਿਕਾਸ ਤੇ ਬਸਤੀਵਾਦੀ ਪ੍ਰਵਚਨਾਂ ਨੂੰ ਇਕ ਤਰਾਂ ਵਿਸਥਾਪਤ ਹੀ ਕਰਦੀ ਹੈ ।ਇਸ ਤੋਂ ਬਾਅਦ ਪੰਜਾਬੀ ਕਵਿਤਾ ਵਿਚ ਪ੍ਰਕਿਰਤੀ ਤੇ ਮਨੁੱਖ ਦੀ ਅਪਣੱਤ ਸ਼ਿਵ ਕੁਮਾਰ ਬਟਾਲਵੀ ਦੇ ਕਾਵਿ-ਪਾਠ ਵਿਚ ਭਰਪੂਰ ਰੂਪ ਵਿਚ ਢਲ਼ਦੀ ਹੈ ਤੇ ਰੁੱਖ ਉਸਦੀ ਕਵਿਤਾ ਵਿਚ ਰਿਸ਼ਤੇ-ਨਾਤੇ ਦੇ ਪ੍ਰਬੰਧ ਵਿਚ ਚਿਹਨਤ ਹੋਣ ਲਗਦੇ ਹਨ :

ਕੁਝ ਰੁੱਖ ਮੈਨੂੰ ਪੁਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ

ਕੁਝ ਰੁੱਖ ਨੂੰਹਾਂ ਧੀਆਂ ਲਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਣ ਰੁੱਖਾਂ ਦੀਆਂ ਛਾਵਾਂ

ਵਧੇਰੇ ਆਧੁਨਿਕ ਪੰਜਾਬੀ ਕਵਿਤਾ ਸਮਾਜ-ਸੁਧਾਰਕ ਤੇ ਪ੍ਰਗਤੀਵਾਦੀ ਰੁਝਾਨਾਂ ਕਾਰਨ ਜਾਂ ਤਾਂ ਸਮਾਜ ਕੇਂਦਰਿਤ ਅਤੇ ਜਾਂ ਆਧੁਨਿਕਤਾਵਾਦ ਦੇ ਪ੍ਰਭਾਵ ਹੇਠ ਇਹ ਮਨੁੱਖ/ਨਿੱਜ ਕੇਂਦਰਿਤ ਰਹੀ ਹੈ । ਵਾਤਾਵਰਨ ਨਾਲ ਸੰਬੰਧਿਤ ਮੁੱਦੇ ਹਾਸ਼ੀਏ 'ਤੇ ਰਹੇ ਹਨ ਜਿਸ ਕਾਰਨ ਪੰਜਾਬੀ ਕਵਿਤਾ ਵਿਚ ਇਹ ਕੋਈ ਲਹਿਰ ਵਾਂਗ ਨਹੀਂ ਬਣ ਸਕੀ ਫਿਰ ਵੀ ਬਹੁਤ ਸਾਰੇ ਸਮਕਾਲੀ ਸ਼ਾਇਰਾਂ ਨੇ ਇਨ੍ਹਾਂ ਮਸਲਿਆਂ ਨੂੰ ਸੁਚੇਤ ਤੋਰ 'ਤੇ ਛੁਹਿਆ ਹੈ । ਡਾ. ਹਰਿਭਜਨ ਸਿੰਘ ਨੇ 'ਰੁੱਖ ਤੇ ਰਿਸ਼ੀ' ਵਿਚ ਰੁੱਖ ਨਾਲ ਮਨੁੱਖ ਦੀ ਸਾਂਝ ਨੂੰ ਦਾਰਸ਼ਨਿਕ ਨੁਕਤੇ ਤੋਂ ਪੇਸ਼ ਕੀਤਾ । ਇਸੇ ਤਰ੍ਹਾਂ ਸੁਰਜੀਤ ਪਾਤਰ, ਨਵਤੇਜ ਭਾਰਤੀ, ਅੰਬਰੀਸ਼, ਵਰਿੰਦਰ ਪਰਿਹਾਰ, ਪਰਮਜੀਤ ਸੋਹਲ, ਗੁਰਪ੍ਰੀਤ, ਦਰਸ਼ਨ ਬੁੱਟਰ, ਸੁਖਪਾਲ ਤੇ ਸੰਗਤਾਰ ਆਦਿ ਕਵੀਆਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਪ੍ਰਕਿਰਤੀ ਨੂੰ ਕੇਂਦਰ 'ਚ ਰੱਖਦੀਆਂ ਹਨ ।

ਹੁਣ ਮਸਲਾ ਇਹ ਹੈ ਕਿ ਇਹ ਸ਼ਾਇਰੀ ਨਵ-ਪੂੰਜੀਵਾਦੀ ਹਮਲੇ- ਜੋ ਬਹੁਤ ਯੋਜਨਾਬੱਧ ਤੇ ਅਦਿੱਖ ਹਨ, ਨੂੰ ਟੱਕਰ ਦੇ ਸਕਦੀ ਹੈ ? ਮਲਟੀ-ਨੈਸ਼ਨਲ ਕਾਰਪੋਰੇਸ਼ਨਜ਼ ਜਿਵੇਂ ਤੀਜੀ ਦੁਨੀਆਂ ਦੇ ਦੇਸਾਂ ਵਿਚ ਨਵ-ਬਸਤੀਵਾਦ ਦਾ ਪਾਸਾਰਾ ਕਰ ਰਹੀਆ ਹਨ ਤੇ ਵਿਕਾਸ ਦੇ ਨਾਂ 'ਤੇ ਕੁਦਰਤ ਤੇ ਲੋਕਾਈ ਦਾ ਵਿਨਾਸ਼ ਕੀਤਾ ਜਾ ਰਿਹਾ ਹੈ ਉਸ ਸਥਿਤੀ ਵਿਚ ਵਿਚਰਦੇ ਮੱਧਵਰਗੀ ਤੇ ਗਰੀਬ ਲੋਕ ਕੋਮਲ ਕਲਾ ਕਵਿਤਾ ਤੋਂ ਕਿਸ ਤਰ੍ਹਾਂ ਦੀ ਆਸ ਕਰ ਸਕਦੇ ਹਨ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਮਸਲਾ ਇਕ ਖ਼ਾਸ ਕਿਸਮ ਦੇ ਸਿਸਟਮ ਦੀ ਉਪਜ ਹੈ ਤੇ ਉਸ ਸਿਸਟਮ ਨੂੰ ਤੋੜੇ ਬਿਨਾਂ ਇਸਦਾ ਸਥਾਈ ਹੱਲ ਨਹੀਂ ਹੋਣਾ । ਨਵ-ਪੂੰਜੀਵਾਦੀ ਤੇ ਨਵ-ਬਸਤੀਵਾਦੀ ਤਾਕਤਾਂ ਇਸ ਸਿਸਟਮ ਦੀ ਉਮਰ ਵਧਾਉਣ ਲਈ ਪ੍ਰਵਚਨ ਦੀ ਪੱਧਰ 'ਤੇ ਵੱਖੋ ਵੱਖਰੇ ਮੀਡੀਏ ਰਾਹੀਂ ਮੰਡੀ ਤੇ ਖ਼ਪਤ ਨੂੰ ਬੜਾਵਾ ਦੇ ਕੇ ਮਨੁੱਖ ਦੀ ਮਾਨਸਿਕਤਾ ਨੂੰ ਉਪਭੋਗੀ ਤੇ ਗੁਲਾਮ ਬਣਾ ਰਹੀਆਂ ਹਨ । ਨਵੀਂ ਕਵਿਤਾ ਇਸ ਅਟੈਕ ਨੂੰ ਪ੍ਰਵਚਨ ਦੀ ਪੱਧਰ 'ਤੇ ਪਛਾਣਦੀ ਵੀ ਹੈ ਤੇ ਇਸ ਦੇ ਵਿਰੁੱਧ ਅਚੇਤ-ਸੁਚੇਤ ਪ੍ਰਤਿਰੋਧ ਵੀ ਸਿਰਜਦੀ ਹੈ :

ਕਾਸ਼ ! ਰੁਖ ਦੀਆਂ ਬਾਹਾਂ ਹੁੰਦੀਆਂ
ਹੱਥ ਹਥਿਆਰ ਹੁੰਦੇ

ਕਿ ਇੰਜ ਨਿਹੱਥਾ ਉਹ
ਵੱਢਿਆ ਨਾ ਜਾਂਦਾ
--



ਮੈਨੂੰ ਨਾ ਚਾਹੀਏ ਯੰਤਰ ਮਸ਼ੀਨਾਂ
ਸਮੇਂ ਨੂੰ ਟਿਕ ਟਿਕ ਕੁਤਰਦੇ
ਮੈਨੂੰ ਨਾ ਚਾਹੀਏ ਰਾਖ਼ਸ ਦੇਓ
ਪਹੀਆਂ 'ਤੇ ਦੌੜਦੇ
ਜ਼ਹਿਰੀਲਾ ਧੂਆਂ ਉਗਲਦੇ
ਤੇ ਕੁਰਬਲ ਕੁਰਬਲ ਮਹਾਂਨਗਰ

ਨਵ-ਬਸਤੀਵਾਦੀ ਤੇ ਗਲੋਬਲਾਈਜੇਸ਼ਨ ਦੇ ਦੌਰ ਵਿਚ ਨਿੱਜੀ ਮੁਨਾਫ਼ੇ ਦੀ ਹੋੜ ਨੇ ਆਧੁਨਿਕ ਮਨੁੱਖ ਅੰਦਰ ਅੰਤਹੀਣ ਪਿਆਸ/ਤ੍ਰਿਸ਼ਨਾ ਪੈਦਾ ਕੀਤੀ ਹੈ ਜਿਸ ਨੂੰ ਮਿਟਾਉਣ ਲਈ ਮਨੁੱਖ ਨੇ ਆਪਣੀ ਬਸਤੀਵਾਦੀ ਰੁਚੀ ਕਰਕੇ ਹੋਰਨਾਂ ਵਸਤਾਂ ਵਾਂਗ ਪ੍ਰਕਿਰਤੀ 'ਤੇ ਕਬਜ਼ਾ ਕਰਕੇ ਇਸਦਾ ਵੱਧ ਤੋਂ ਵੱਧ ਸੋਸ਼ਣ/ਲੁੱਟ ਕੀਤਾ ਹੈ ਤੇ ਅੱਜ ਵਾਤਾਵਰਨ/ਬ੍ਰਹਿਮੰਡ ਬੇਹੱਦ ਅਸੰਤੁਲਿਤ ਹੋਈ ਜਾ ਰਿਹਾ ਹੈ । ਪੰਜਾਬੀ ਕਵਿਤਾ ਇਸ ਬਸਤੀਵਾਦੀ ਰੁਚੀ ਤੇ ਵਾਤਾਵਰਨਿਕ ਅਸੰਤੁਲਨ ਨੂੰ ਪਹਿਚਾਣਦੀ ਵੀ ਹੈ ਤੇ ਇਕ ਪ੍ਰਤਿਰੋਧ ਦੇ ਪ੍ਰਵਚਨ ਦੀ ਸਿਰਜਣਾ ਵੀ ਕਰਦੀ ਹੈ :

ਏਥੋਂ ਕੁਲ ਪਰਿੰਦੇ ਹੀ ਉੜ ਗਏ
ਏਥੇ ਮੇਘ ਆਉਂਦੇ ਵੀ ਮੁੜ ਗਏ
ਏਥੇ ਕਰਨ ਅਜਕਲ ਬਿਰਖ ਵੀ
ਕਿਤੇ ਹੋਰ ਜਾਣ ਦੇ ਮਸ਼ਵਰੇ

ਚੱਲ ਸੂਰਜਾ , ਚੱਲ ਧਰਤੀਏ
ਮੁੜ ਸੁੰਨ ਸਮਾਧੀ 'ਚ ਪਰਤੀਏ
ਕੱਲ੍ਹ ਰਾਤ ਹੋਏ ਨੇ ਰਾਤ ਭਰ
ਏਹੀ ਤਾਰਿਆਂ ਵਿਚ ਤਜ਼ਕਰੇ
--
ਆਦਮੀ ਦੀ ਪਿਆਸ ਕੈਸੀ ਸੀ ਕਿ ਜੰਗਲ ਕੰਬਦੇ ਸਨ
ਆਦਮੀ ਦੀ ਭੁੱਖ ਕਿੰਨੀ ਸੀ ਕਿ ਜੰਗਲ ਡਰ ਗਿਆ ਸੀ

ਸਮਕਾਲੀ ਪੰਜਾਬੀ ਕਵਿਤਾ ਨੂੰ ਆਧੁਨਿਕੀਕਰਨ, ਵਿਉਂਤਹੀਣੇ ਸ਼ਹਿਰੀਕਰਨ, ਜਾਬਤਾ-ਰਹਿਤ ਉਦਯੋਗੀਕਰਨ, ਖੇਤੀਬਾੜੀ ਦੇ ਰਸਾਇਣੀਕਰਨ, ਜੰਗਲਾਂ ਦੀ ਅੰਨੇਵਾਹ ਕਟਾਈ ਤੇ ਦੁਰਵਰਤੋਂ ਅਤੇ ਆਵਾਜਾਈ ਦੇ ਬੇਮੁਹਾਰੇਪਨ ਆਦਿ ਕਾਰਨ ਹੋਏ ਕੁਦਰਤ ਦੇ ਵਿਨਾਸ਼ ਉਪਰੰਤ ਸਾਹਮਣੇ ਆਏ ਸਿੱਟਿਆਂ ਨੇ ਵਾਤਾਵਰਨ ਦੇ ਫ਼ਿਕਰਾਂ ਨਾਲ ਜੋੜਿਆ ਹੈ । ਪੰਜਾਬੀ ਕਵਿਤਾ ਕੁਦਰਤ ਨੂੰ ਕੇਂਦਰ ਵਿਚ ਲਿਆ ਰਹੀ ਹੈ । ਵਾਤਾਵਰਨ ਦੇ ਫ਼ਿਕਰਾਂ 'ਚੋਂ ਵਰਿੰਦਰ ਪਰਿਹਾਰ ਸੁਚੇਤ ਤੌਰ 'ਤੇ ਆਪਣੀ ਕਾਵਿ-ਪੁਸਤਕ 'ਕੁਦਰਤ' ਸਿਰਜਦਾ ਹੈ ਤੇ ਵਾਤਾਵਰਨ ਨਾਲ ਸੰਬੰਧਿਤ ਬਹੁਤ ਸਾਰੇ ਮਸਲੇ ਉਭਾਰਦਾ ਹੈ :

ਸਿਮਲੀਆਂ ਤੇ ਮੈਟਾਫ਼ਰਾਂ ਵਿੱਚ
ਆਇਰਨੀ ਤੇ ਐਲੀਗਰੀ ਵਿੱਚ
ਸਿਲੇਬਲ ਤੇ ਪੈਰਾਬਲ ਵਿੱਚ

ਕਵਿਤਾ-
ਗਲੋਬਲ ਕੂਲਿੰਗ ਦਾ
ਨੁਸਖਾ ਢੂੰਢ ਰਹੀ !
——
ਕਾਰ ਸਟਾਰਟ ਕਰਨ ਤੋਂ ਪਹਿਲਾਂ
ਬਾਬੂ ਅੱਜ ਥੋੜ੍ਹਾ ਡਰ ਗਿਆ
ਉਹਦਾ ਪੁੱਤ ਪਲੇਠਾ ਅੰਦਰ
ਦਮੇਂ ਦੀ ਖਾਂਸੀ ਖੰਘ ਰਿਹਾ
ਕੋਸਦਾ ਪ੍ਰਦੂਸ਼ਨ ਨੂੰ ਬਾਬੂ, ਬਰੜਾਉਂਦਾ
ਕਾਰ ਬੰਦ ਕਰਕੇ
ਅੱਜ ਤੁਰਕੇ ਹੀ ਦਫ਼ਤਰ ਜਾ ਰਿਹਾ

ਅੱਜ ਪ੍ਰਦੂਸ਼ਿਤ ਵਾਤਾਵਰਨ ਮਨੁੱਖ ਦਾ ਪ੍ਰਮੁਖ ਦੁਸ਼ਮਣ ਹੈ ਤੇ ਸੰਸਾਰ ਵਿਚ ਬਹੁ-ਗਿਣਤੀ ਲੋਕ ਇਸ ਤੋਂ ਪ੍ਰਭਾਵਿਤ ਹਨ ਪਰ ਫਿਰ ਵੀ ਅਸੀਂ ਇਸਨੂੰ ਖਤਮ ਕਰਨ ਵਾਲੇ ਸ੍ਰੋਤ ਪ੍ਰਕਿਰਤੀ/ਹਰਿਆਵਲ/ਦਰੱਖ਼ਤਾਂ ਦਾ ਘਾਣ ਕਰੀ ਜਾ ਰਹੇ ਹਾਂ ।ਪੰਜਾਬੀ ਕਵਿਤਾ ਰਾਹੀਂ ਇਹ ਦੁਖਾਂਤ ਤੇ ਰੁੱਖਾਂ ਦਾ ਦਰਦ ਇਉਂ ਚਿਹਨਤ ਹੋਣ ਲੱਗਦਾ ਹੈ :

ਆਪਣੇ ਪੱਤਿਆਂ ਜਿਹੀਆਂ- ਹਜ਼ਾਰ ਸਿੰਮਦੀਆਂ ਅੱਖਾਂ ਨਾਲ
ਰੁੱਖ ਰੱਬ ਨੂੰ ਆਖਿਆ :
ਹੇ ਰਚਨਹਾਰ !
ਆਪਣੇ ਰਚੇ ਮਨੁੱਖ ਨੂੰ ਆਖ
ਤੇਰੀ ਰਚਨਾ ਦਾ ਇਉਂ ਨਿਰਾਦਰ ਨਾ ਕਰੇ
ਅਸੀਂ ਜਿਉਣ ਦੀ ਭੀਖ ਮੰਗਣ ਨਹੀਂ ਆਏ
ਅਸੀਂ ਇਉਂ ਮਰੀਏ
ਕਿ ਸਾਡਾ ਮੁੱਕਣਾ ਵੀ ਸਫ਼ਲ ਹੋ ਜਾਏ
——
ਬੱਚੇ ਆਪਣੇ
ਬੱਚਿਆਂ ਨੂੰ ਬਾਤਾਂ ਸੁਣਾਉਣਗੇ
ਇਕ ਵੇਰ ਦੀ ਗੱਲ ਹੈ-
ਹੁੰਦਾ ਸੀ ਤੇ ਹੁੰਦਾ ਸੀ ਪਿੰਡ ਇਕ
ਉੱਥੇ ਹੁੰਦਾ ਸੀ ਤੇ ਹੁੰਦਾ ਸੀ ਛੰਭ ਇਕ
ਤੇ ਸੱਤ ਪਹਾੜਾਂ ਪਿੱਛੋਂ
ਸੱਤ ਸਮੁੰਦਰੋਂ ਪਾਰੋਂ
ਪਰੀਆਂ ਦੇ ਲੋਕ 'ਚੋਂ ਹਰ ਸਿਆਲ
ਔਂਦਾ ਸੀ ਇਕ ਸਾਰਸਾਂ ਦਾ ਜੋੜਾ

ਨਵੀਂ ਕਵਿਤਾ ਵਿਚ ਵਾਤਾਵਰਨੀ ਚੇਤਨਾ ਦੇ ਵਿਭਿੰਨ ਚਿੰਤਨੀ ਪਾਸਾਰਾਂ ਦੀ ਕਵਿਤਾ ਅੰਬਰੀਸ਼ ਦੀ ਕਵਿਤਾ ਹੈ ।ਉਸਦੀਆਂ ਕਵਿਤਾਵਾਂ ਕੁਦਰਤ ਦੀ ਮਨੁੱਖ ਨਾਲ ਸਾਂਝ ਹੀ ਪੇਸ਼ ਨਹੀਂ



ਕਰਦੀਆਂ ਸਗੋਂ ਵਾਤਾਵਰਨ ਨੂੰ ਪਲੀਤ ਹੋਣ ਦਾ ਦਰਦ ਤੇ ਪਲੀਤ ਕਰਨ ਵਾਲੇ ਕਾਰਨਾਂ ਅਤੇ ਕੁਦਰਤ ਤੇ ਮਨੁੱਖ ਦੀ ਸਾਂਝ ਨੂੰ ਤੋੜਨ ਵਾਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ । ਇਸੇ ਤਰ੍ਹਾਂ ਨਵਤੇਜ ਭਾਰਤੀ ਦੀ ਕਵਿਤਾ ਵੀ ਇਸ ਦ੍ਰਿਸ਼ਟੀ ਤੋਂ ਨਵ-ਪੂੰਜੀਵਾਦੀ, ਨਵ-ਬਸਤੀਵਾਦੀ ਤੇ ਮਸ਼ੀਨੀ ਦਮਨ ਦੇ ਖ਼ਿਲਾਫ ਪ੍ਰਤਿਰੋਧ ਸਿਰਜਦੀ ਹੈ :

ਆਓ ਕੋਈ ਉਜਾੜ ਭਾਲੀਏ
ਕੋਈ ਬੀਆਬਾਨ ਲੱਭੀਏ
ਜਿੱਥੇ ਕਿਸੇ ਪੰਛੀ ਦੀ ਕੂਕ ਸੁਣੇ
ਵਗਦੇ ਦਰਿਆ ਦੀ
ਕਲ ਕਲ ਸੁਣੇ
ਆਓ ਬੇਥਵੀਆਂ ਮਾਰੀਏ
ਤੇ ਦਾਅ ਉੱਤੇ
ਲੱਗਣ ਤੋਂ ਇਨਕਾਰ ਕਰੀਏ

ਦਾਅ ਤੋਂ ਲੱਗਣ ਤੋਂ ਇਨਕਾਰ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਪਤਾ ਲੱਗੇ ਕਿ ਬੰਦਾ ਦਾਅ 'ਤੇ ਲੱਗ ਰਿਹਾ ਹੈ ।ਸੱਤਾਵਾਨ ਤਾਕਤਾਂ ਐਹੋ ਜਿਹੇ ਪੈਂਤੜੇ ਚਲਦੀਆਂ ਹਨ ਕਿ ਬੰਦਾ ਆਪਣੇ ਕਾਰਜ ਦੇ ਪ੍ਰੇਰਣਾ-ਸ੍ਰੋਤ ਕੁਦਰਤੀ ਰਹੱਸਾਂ ਤੋਂ ਵਾਂਝਿਆਂ ਹੋਕੇ ਉਨ੍ਹਾਂ ਦੇ ਸਿਸਟਮ ਦਾ ਪੁਰਜਾ ਬਣ ਕੇ ਉਨ੍ਹਾਂ ਦੀ ਸੇਵਾ ਵਿਚ ਲੱਗ ਜਾਂਦਾ ਹੈ ।ਤਲਿਸਮੀ ਜੀਵਨ ਦੀ ਦੌੜ-ਭੱਜ ਵਿਚ ਬੰਦਾ ਕੁਦਰਤ ਤਿਆਗਦਾ ਤਿਆਗਦਾ ਹਫ਼ ਜਾਂਦਾ ਹੈ :

ਬਿਰਖ ਨੇ ਕਿਹਾ:
'ਹੇ ਥੱਕੇ ਹਾਰੇ ਆਦਮੀ
ਆ ਮੇਰੀ ਛਾਂਵੇਂ ਬੈਠ ਜਾ'

ਆਦਮੀ ਕਾਹਲਾ ਸੀ
ਮੱਥੇ 'ਚ ਅੰਤਾਂ ਦੀ ਭੀੜ ਹੋਣ ਕਾਰਨ
ਪ੍ਰੇਸ਼ਾਨ ਹੋ ਗਿਆ ਸੀ
ਰੁਕ ਨਾ ਸਕਿਆ
ਤੇ ਆਖ਼ਰ ਹਫ਼ਦਾ ਹੋਇਆ ਹਾਰ ਕੇ
ਧੁੱਪੇ ਹੀ ਮਰ ਗਿਆ

ਨਵੀਂ ਕਵਿਤਾ ਦੇ ਖੇਤਰ ਵਿਚ **ਪ੍ਰਗੀਤ-ਕਾਵਿ** ਵਾਤਾਵਰਨ ਦੇ ਬਹੁਤ ਹੀ ਅਹਿਮ ਮੁੱਦਿਆਂ ਨੂੰ ਮੁਖ਼ਾਤਿਬ ਹੁੰਦਾ ਹੈ ।ਵਾਤਾਵਰਨ ਜਾਗਰੂਕਤਾ ਦੇ ਨੁਕਤੇ 'ਤੇ ਇਹ ਇਕ ਸ਼ਕਤੀਸ਼ਾਲੀ ਮਿਸ਼ਰਤ ਵਿਧਾ ਵਜੋਂ ਉਭਰਦਾ ਹੈ ।ਇਸਨੂੰ ਵੀ ਸੰਵਾਦ ਵਿਚ ਲੈਣਾ ਚਾਹੀਦਾ ਹੈ ।ਜਾਗਰੂਕਤਾ ਦੇ ਮਸਲੇ 'ਤੇ ਇਹ ਬਹੁਤ ਕਾਰਗਰ ਹੈ ।ਰੈਟਰਿਕ, ਲੋਕ-ਕਾਵਿ ਤੇ ਸੰਗੀਤ/ਹਿਪਹਾਪ/ਰੈਪ ਜਾਂ ਪੌਪ ਸੰਗੀਤ ਅਤੇ ਵਿਅੰਗ ਦੀ ਸਾਂਝੀ ਵਿਧੀ ਰਾਹੀਂ ਇਹ ਸ਼ਾਇਰੀ ਵਾਤਾਵਰਨ ਨੂੰ ਬਚਾਉਣ ਦੀ ਦੀ ਬਾਤ ਪਾਉਂਦੀ ਹੈ :

ਦੋ ਦਿਨ ਦੀ ਸਾਡੀ ਜ਼ਿੰਦਗਾਨੀ
ਵਸੇ ਪੰਜਾਬ ਇਹ ਹੀਲਾ ਕਰੀਏ
ਮਾੜੀਆਂ ਸੋਚਾਂ ਲਾਲਚ ਛੱਡੀਏ

ਕੁਦਰਤ ਲੁੱਟ ਨਾ ਝੋਲ਼ੀ ਭਰੀਏ...
ਆਉਂਦੀਆਂ ਨਸਲਾਂ ਮਾਫ਼ ਨ ਕਰਨਾ
ਗਲਤੀ ਨਾ ਸੰਗਤਾਰ ਕਰੋ,
ਧੀਆਂ ਬਚਾਓ, ਰੁੱਖ ਲਗਾਓ
ਪਾਣੀ ਦਾ ਸਤਿਕਾਰ ਕਰੋ
——
ਚੱਕ 'ਤੇ ਟਿੱਬੇ, ਲਾ ਤਾ ਝੋਨਾ
ਧਰਤੀ ਕਹਿੰਦੇ ਉਗਲੇ ਸੋਨਾ
ਸਮਬਰਸੀਬਲਾਂ ਨੇ ਖਿੱਚਤਾ ਪਾਣੀ
ਫਸਲ ਬੀਜ ਲਈ ਧਰਤੀ ਖਾਣੀ
ਰੈਆਂ ਪਾ ਸਪਰੇਆਂ ਕਰਕੇ
ਮੰਡੀਆਂ 'ਚ ਲਾਤੀਆਂ ਢੇਰੀਆਂ
ਅੱਜਕਲ ਦਿੱਸਦੀਆਂ ਨੀਂ ਕਿੱਕਰਾਂ ਟਾਹਲੀਆਂ ਬੇਰੀਆਂ

ਇਉਂ ਅਜੋਕੀ ਪੰਜਾਬੀ ਕਵਿਤਾ ਵਿਭਿੰਨ ਪੱਧਰਾਂ 'ਤੇ ਵਾਤਾਵਰਨ ਪ੍ਰਤਿ ਚੇਤਨ ਹੈ ਤੇ ਇਹ ਮਨੁੱਖ ਤੇ ਕੁਦਰਤ ਦੇ ਸਹਿਜ ਰਿਸ਼ਤੇ ਦੇ ਬਦਲਦੇ ਪਰਿਪੇਖ ਨੂੰ ਪਛਾਣਦੀ ਹੋਈ ਮਨੁੱਖ ਤੇ ਧਰਤੀ ਦੇ ਭਵਿੱਖ ਨੂੰ ਕਾਇਮ ਰੱਖਣ ਲਈ ਮਨੁੱਖ ਦੀ ਸੰਵੇਦਨਸ਼ੀਲਤਾ ਨੂੰ ਹਲੂਣਾ ਦਿੰਦੀ ਹੈ ।ਇਸ ਦੇ ਨਾਲ ਹੀ ਇਹ ਕਵਿਤਾ ਇਸ ਅਸੰਤੁਲਨ ਦੇ ਪਿੱਛੇ ਪਈਆਂ ਤਾਕਤਾਂ ਤੋਂ ਵੀ ਖ਼ਬਰਦਾਰ ਹੈ ਅਤੇ ਇਸ ਖਿਲਾਫ਼ ਪ੍ਰਤਿਰੋਧ ਵੀ ਸਿਰਜਦੀ ਹੈ ।ਆਰੰਭਲੀ ਕਵਿਤਾ ਮਨੁੱਖ ਤੇ ਕੁਦਰਤ ਦੀ ਸਾਂਝ ਨੂੰ ਪੇਸ਼ ਕਰਦੀ ਹੈ ਉਥੇ ਨਵੀਂ ਕਵਿਤਾ ਇਸ ਸਾਂਝ ਤੇ ਉਨ੍ਹਾਂ ਤਾਕਤਾਂ ਦੀ ਪਛਾਣ ਵੱਲ ਵੀ ਰੁਚਿਤ ਹੁੰਦੀ ਹੈ ਜੋ ਇਸ ਸਾਂਝ ਨੂੰ ਤੋੜਦੀਆਂ ਹਨ ।

**ਹਵਾਲੇ ਤੇ ਟਿੱਪਣੀਆਂ :**


__http://www.eionet.europa.eu/gemet/concept?cp=2778

http://encyclopedia2.thefreedictionary.com/environmentalism

George Hart, Scott Slovic, Literature And The Environment, Greenwood Press, Westport, (2004) p. 1.

M. H. Abrams, Geoffrey Galt Harpham, A Glossary Of Literary Terms, Wadsworth, Boston, ( 2011) p. 96.

ਗੁਰੂ ਗ੍ਰੰਥ ਸਾਹਿਬ, ਪੰਨਾ 8.

ਗੁਰੂ ਗ੍ਰੰਥ ਸਾਹਿਬ, ਪੰਨਾ 464.

ਵਾਤਾਵਰਨ ਦੇ ਸੰਕਟ ਦੀ ਸਥਿਤੀ ਦੇ ਨਾਲੋ-ਨਾਲ ਮਹਾਨ ਪੰਜਾਬੀ ਸਮਾਜ ਸੇਵਕ ਭਗਤ ਪੂਰਨ ਸਿੰਘ ਨੇ ਵਿਹਾਰਕ ਜੀਵਨ ਤੇ 'ਪੈਂਫਲਿਟਸ' ਰਾਹੀਂ ਵਾਤਾਵਰਨ ਪ੍ਰਤਿ ਜਿਸ ਤਰ੍ਹਾਂ





ਪੰਜਾਬੀਆਂ ਨੂੰ ਜਾਗਰੂਕ ਕੀਤਾ ਉਹ ਆਪਣੇ ਆਪ ਵਿਚ ਮਿਸਾਲ ਹੈ ।ਇਸ ਸੰਬੰਧੀ ਬਾਬਾ ਬਲਬੀਰ ਸਿੰਘ ਸੀਚੇਵਾਲ ਤੇ ਬਾਬਾ ਸੇਵਾ ਸਿੰਘ ਨੇ ਵਰਨਣਯੋਗ ਕੰਮ ਕੀਤਾ ਹੈ ।

ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ 691.

ਅੰਬਰੀਸ਼, ਅਨੰਤ ਪਰਵਾਸ, ਨੀਲਾਂਬਰ, ਚੰਡੀਗੜ੍ਹ, (1996) ਪੰਨਾ 36.

ਅੰਬਰੀਸ਼, ਬ੍ਰਹਮ ਕਮਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, (2007) ਪੰਨਾ 29.

ਸੁਰਜੀਤ ਪਾਤਰ, ਸੁਰਜ਼ਮੀਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ (2008) ਪੰਨੇ 18,20.

ਉਹੀ, ਪੰਨਾ 21.

ਵਰਿੰਦਰ ਪਰਿਹਾਰ, ਕੁਦਰਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ,(2002) ਪੰਨਾ 275.

ਵਰਿੰਦਰ ਪਰਿਹਾਰ, ਕੁਦਰਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ,(2002) ਪੰਨਾ 285.

ਸੁਖਪਾਲ. ਚੁੱਪ ਚੁਪੀਤੇ ਚੇਤਰ ਚੜ੍ਹਿਆ,ਅੰਤਰਨਾਦ ਪ੍ਰਕਾਸ਼ਨ, ਪਟਿਆਲਾ, (2003) ਪੰਨੇ 44-45.

ਅੰਬਰੀਸ਼, ਅਨੰਤ ਪਰਵਾਸ, ਨੀਲਾਂਬਰ, ਚੰਡੀਗੜ੍ਹ, (1996) ਪੰਨਾ 24.

ਪਰਮਜੀਤ ਸੋਹਲ, ਕਾਇਆ, ਵਰੁਣ ਪ੍ਰਕਾਸ਼ਨ, ਲੁਧਿਆਣਾ, (2003) ਪੰਨਾ 98.

ਸੰਗਤਾਰ, ਢਾਈਆਂ ਨਦੀਆਂ ਦਾ ਪੰਜਾਬ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਭਗਵੰਤ ਮਾਨ, http://www.youtube.com/watch?v=fqd4MflTLt4


---

## ਮੀਰਾ ਮਜੁਮਦਾਰ ਕਹਿੰਦੀ ਹੈ/ਕੁਮਾਰ ਵਿਕਲ

ਸਾਹਮਣੇ ਦੇ ਕੁਆਟਰ ਵਿਚ ਜਿੱਥੇ ਬੱਤੀ ਟਿਮ
ਟਿਮਾਉਂਦੀ ਹੈ
ਉਹ ਮੇਰਾ ਘਰ ਹੈ
ਇਸ ਵਕਤ ਰਾਤ ਦੇ ਬਾਰਾਂ ਵੱਜ ਚੁੱਕੇ ਹਨ
ਮੈਂ ਮੀਰਾ ਮਜੁਮਦਾਰ ਨਾਲ
ਮਾਰਕਸਵਾਦ 'ਤੇ ਇਕ ਨਸ਼ੀਲੀ ਬਹਿਸ ਕਰਕੇ
ਮੁੜਿਆ ਹਾਂ
ਜਿੱਥੋਂ ਇਕ ਔਰਤ ਦੇ ਖੰਘਣ ਦੀ ਆਵਾਜ਼
ਆਉਂਦੀ ਹੈ
ਉਹ ਮੇਰਾ ਘਰ ਹੈ
ਮੀਰਾ ਮਜੁਮਦਾਰ ਦਾ ਕਹਿਣਾ ਹੈ
ਕਿ ਇਨਕਲਾਬ ਦੇ ਰਾਹ 'ਚ ਰੁਕਾਵਟ ਮੇਰਾ
ਘਰ ਹੈ
ਜਿਸ ਵਿਚ ਖੰਘਦੀ ਹੋਈ ਇੱਕ ਬੱਤੀ ਹੈ
ਕੰਬਦਾ ਹੋਇਆ ਇਕ ਡਰ ਹੈ।
ਇਨਕਲਾਬ ਮੀਰਾ ਦੀ ਸਭ ਤੋਂ ਵੱਡੀ ਹਸਰਤ ਹੈ
ਪਰ ਉਸ ਨੂੰ ਨ੍ਹੇਰੇ ਘਰਾਂ ਨਾਲ
ਖੰਘਦੀਆਂ ਬੱਤੀਆਂ ਨਾਲ ਬਹੁਤ ਨਫ਼ਰਤ ਹੈ,
ਉਸਦੀ ਆਪਣੀ ਖਣਕਦੀ ਹੋਈ ਆਵਾਜ਼ ਹੈ
ਜੋ ਰੋਸ਼ਨੀ ਦੀ ਨਦੀ ਵਾਂਗ ਵਹਿੰਦੀ ਹੈ
ਤੇ ਆਪਦੇ ਆਪ ਨੂੰ ਗੁਰੀਲਾ ਨਦੀ
ਕਹਿੰਦੀ ਹੈ
ਮੀਰਾ ਮਜੁਮਦਾਰ ਇਕ ਇਕਲਾਬੀ
ਦਸਤਾਵੇਜ਼ ਹੈ।

**ਅਨੁਵਾਦ : ਤੇਜਵੰਤ ਸਿੰਘ ਗਿੱਲ**

## ਨਵੀਆਂ ਪੁਸਤਕਾਂ

**ਬੁਲਬੁਲਿਆਂ ਦੀ ਕਾਸ਼ਤ/ਕੇਸਰਾ ਰਾਮ**

**-ਪ੍ਰੋ. ਜੇ. ਬੀ. ਸੇਖੋਂ**

ਕੇਸਰਾ ਰਾਮ ਦਾ ਨਾਮ ਸਮਕਾਲੀ ਪੰਜਾਬੀ ਕਹਾਣੀ ਦੇ ਸਮਰੱਥ ਰਚਨਾਕਾਰਾਂ ਵਿਚ ਸ਼ਾਮਿਲ ਹੈ। ਉਹ ਸਮਾਜਕ-ਯਥਾਰਥ ਦੇ ਗੁੰਝਲਦਾਰ ਵਰਤਾਰਿਆਂ ਨੂੰ ਜਟਿਲ ਕਥਾ ਸ਼ੈਲੀ ਵਿਚ ਪੇਸ਼ ਕਰਦਾ ਹੈ। ਉਸਦੀਆਂ ਕਹਾਣੀਆਂ ਵਿੱਚ ਹਾਸ਼ੀਅਤ ਪਾਤਰਾਂ ਦੀ ਅਜਿਹੀ ਗੈਲਰੀ ਉਸਾਰੀ ਜਾਂਦੀ ਹੈ ਜਿੱਥੇ ਇੱਕ ਪਾਸੇ 'ਆਧੁਨਿਕਤਾ' ਦੇ ਨਾਮ ਹੇਠ ਪੂੰਜੀਵਾਦੀ ਵਿਕਾਸ ਮਾਡਲਾਂ ਤੋਂ ਉਪਜਦੇ ਸਮਾਜਕ-ਆਰਥਿਕ ਸੰਕਟ ਪਸਰੇ ਰਹਿੰਦੇ ਹਨ। ਦੂਜੇ ਪਾਸੇ ਸੰਸਕ੍ਰਿਤੀ ਦੀਆਂ ਮਿੱਥਾਂ ਤੋਂ ਪੈਦਾ ਵਿਸ਼ਾਦ ਤੇ ਸੰਤਾਪ ਹਾਵੀ ਰਹਿੰਦੇ ਹਨ।

ਕੇਸਰਾ ਰਾਮ ਨੇ ਇਸ ਤੀਸਰੇ ਪੰਜਾਬੀ ਕਹਾਣੀ ਸੰਗ੍ਰਹਿ ਵਿਚ 6 ਕਹਾਣੀਆਂ ਪੇਸ਼ ਕੀਤੀਆਂ ਹਨ। ਇਸ ਤੋਂ ਪਹਿਲਾਂ ਉਸਦੇ ਦੋ ਕਥਾ-ਸੰਗ੍ਰਹਿ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ' ਅਤੇ 'ਪੁਲਸੀਆ ਕਿਉਂ ਮਾਰਦਾ ਹੈ' ਦੁਆਰਾ ਉਹਨਾਂ ਨੇ ਆਪਣੀ ਵਿਸ਼ੇਸ਼ ਲਿਖਣ-ਪਛਾਣ ਛੱਡੀ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ 'ਬਿੱਛੂ' ਤੇ 'ਆਪਣਾ ਆਪਣਾ ਇਤਿਹਾਸ' ਵਿਚ ਲੇਖਕ ਦਲਿਤ ਤੇ ਦਮਿਤ ਜੀਵਨ ਭੋਗਦੇ ਲੋਕਾਂ ਦੇ ਹਾਸ਼ੀਅਤ ਜੀਵਨ ਨੂੰ ਮੁਲਾਂਕਣੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਸਮਾਜਕ-ਸਭਿਆਚਾਰਕ ਮਿੱਥਾਂ ਤੇ ਅਖੌਤੀ ਵਿਕਾਸ ਮਾਡਲਾਂ ਕਾਰਨ ਚੌਰਾਹੇ 'ਤੇ ਖੜ੍ਹੇ ਕੇਸਰਾ ਰਾਮ ਦੇ ਕਥਾ-ਪਾਤਰ ਪਾਠਕਾਂ ਨੂੰ ਝੰਜੋੜਨ ਦੀ ਸਮਰੱਥਾ ਰੱਖਦੇ ਹਨ। ਖਾਪ ਪੰਚਾਇਤਾਂ ਦੇ ਤਾਲਿਬਾਨ ਫੈਸਲਿਆਂ ਦਾ ਸੰਤਾਪ 'ਬਿੱਛੂ' ਕਹਾਣੀ ਵਿਚ ਫੜਿਆ ਗਿਆ ਹੈ। 'ਆਪਣਾ-ਆਪਣਾ ਇਤਿਹਾਸ' ਕਹਾਣੀ ਦਲਿਤ ਔਰਤ ਪਾਤਰ 'ਸੀਮਾ' ਦੇ ਦੱਬੇ-ਘੁੱਟੇ ਬੋਲਾਂ ਨੂੰ ਜ਼ੁਬਾਨ ਦਿੰਦੀ ਹੈ ਤੇ ਇਤਿਹਾਸ ਦੀ ਮਰਦ ਪ੍ਰਧਾਨ ਸੱਤਾ ਬਣਤਰ ਨੂੰ ਵੰਗਾਰਦੀ ਹੈ। 'ਬੁਲਬੁਲਿਆਂ ਦੀ ਕਾਸ਼ਤ' ਕਹਾਣੀ ਵਿਚ ਵਿਸ਼ਵੀਕਰਨ ਦੀਆਂ ਅਖੌਤੀ ਵਿਕਾਸ ਨੀਤੀਆਂ ਦੇ ਸੱਚ ਨੂੰ ਪੇਸ਼ ਕੀਤਾ ਗਿਆ ਹੈ। 'ਸੋਨੇ ਦਾ ਤਵੀਤ' ਤੇ 'ਤਾ ਕਿ ਸਨਦ ਰਹੇ' ਕਹਾਣੀਆਂ ਵੀ ਗੁੰਝਲਦਾਰ ਬਿਰਤਾਂਤ ਸ਼ੈਲੀ ਦੁਆਰਾ ਸਮਕਾਲ। ਸਮਾਜਕ-ਪ੍ਰਬੰਧ ਦੇ ਜਟਿਲ ਖਾਸੇ ਨੂੰ ਫੜਦੀਆਂ ਹਨ।

ਕੇਸਰਾ ਰਾਮ ਦੀ ਕਹਾਣੀ ਦੇ ਕੇਂਦਰ ਵਿੱਚ ਮੁਸ਼ਕਿਲਾਂ ਨਾਲ ਲਗਾਤਾਰ ਜੂਝਦੇ ਪਾਤਰ ਆਪਣੀ ਸਮਰੱਥਾ ਤੇ ਸੀਮਾ ਅਨੁਸਾਰ ਵਿਚਰਦੇ ਹਨ। ਆਚਲਿਕਤਾ ਉਸਦੀ ਕਹਾਣੀ ਦਾ ਵਿਸ਼ੇਸ਼ ਗੁਣ ਹੈ। ਉਹ ਕਹਾਣੀ ਅੰਦਰ ਕਈ ਵਾਰ ਖੁਦ ਉਤਰ ਆਉਂਦਾ ਹੈ ਤੇ ਸੁਭਾਵਿਕ ਕਥਾ ਉਸਾਰੀ ਨੂੰ ਮਨਮਰਜ਼ੀ ਨਾਲ ਘੁਮਾਉਂਦਾ ਹੈ। ਦਿਸਦੇ ਯਥਾਰਥ ਦੇ ਅਨੇਕਾਂ ਰੂਪ ਦਿਖਾਉਣ ਲਈ ਉਹ ਵਿਸ਼ੇਸ਼ ਉਦਮ ਕਰਦਾ ਹੈ।

**ਗੋਰੀ ਸਰਕਾਰ (ਦਵਿੰਦਰ ਸਿੰਘ ਮਲਹਾਂਸ)**

ਕੈਨੇਡਾ ਵਿਖੇ ਰਹਿੰਦੇ ਕਈ ਕਹਾਣੀਕਾਰ ਵਧੀਆ ਪੰਜਾਬੀ ਕਹਾਣੀ ਦੀ ਸਿਰਜਣਾ ਕਰ ਰਹੇ ਹਨ। ਇਹਨਾਂ ਦੇ ਨਾਵਾਂ ਦੀ ਸੂਚੀ ਲੰਮੀ ਹੈ। ਇਸ ਸੂਚੀ ਵਿੱਚ ਇਕ ਨਾਮ ਦਵਿੰਦਰ ਮਲਹਾਂਸ ਦਾ ਵੀ ਹੈ। ਦਵਿੰਦਰ ਮਲਹਾਂਸ ਨੇ 'ਬੇਰਾਮ ਅਤੇ ਗੁਲਾਮ' ਕਹਾਣੀ ਸੰਗ੍ਰਹਿ ਦੁਆਰਾ ਪੰਜਾਬੀ ਕਥਾ ਜਗਤ ਵਿਚ ਹਾਜ਼ਰੀ ਭਰੀ। ਇਹ ਕਹਾਣੀ ਸੰਗ੍ਰਹਿ 2008 ਵਿਚ ਛਪਿਆ ਸੀ ਜਿਸਦੀ ਸਾਹਿਤ ਹਲਕਿਆਂ ਵਿਚ ਚਰਚਾ ਵੀ ਹੋਈ। ਇਸ ਪਿੱਛੋਂ ਉਹਨਾਂ ਦੀ ਵਿਚਾਰਅਧੀਨ ਪੁਸਤਕ 'ਗੋਰੀ ਸਰਕਾਰ' ਸਾਹਮਣੇ ਆਈ। ਜਿਸ ਵਿਚ ਉਹਨਾਂ ਗਿਆਰਾਂ ਕਹਾਣੀਆਂ ਪੇਸ਼ ਕੀਤੀਆਂ। ਇਹਨਾਂ ਕਹਾਣੀਆਂ ਵਿਚ



ਦਵਿੰਦਰ ਮਲਹਾਂਸ ਨੇ ਪਰਵਾਸੀ ਪੰਜਾਬੀ ਜੀਵਨ-ਵਿਹਾਰ ਦੇ ਪੂੰਪਰਕ ਤੇ ਨਵੀਨ ਮੁੱਦਿਆਂ ਨੂੰ ਪੇਸ਼ ਕੀਤਾ ਹੈ। ਇਹਨਾਂ ਕਹਾਣੀਆਂ ਦੁਆਰਾ ਲੇਖਕ ਪਰਵਾਸੀ ਪੰਜਾਬੀ ਮਨੁੱਖ ਦੇ ਸਭਿਆਚਾਰਕ ਸੰਤਾਪ, ਪੀੜ੍ਹੀ-ਪਾੜ੍ਹੇ, ਆਰਥਿਕ ਤੰਗੀ, ਰਿਸ਼ਤਾ ਪ੍ਰਬੰਧ ਦੀ ਤਿੜਕਣ ਤੇ ਪੂੰਜੀਵਾਦੀ ਸਿਸਟਮ ਦੀਆਂ ਅਲਾਮਤਾਂ ਹੀ ਪੇਸ਼ ਨਹੀਂ ਕਰਦਾ ਸਗੋਂ ਪੰਜਾਬੀਆਂ ਦੀ ਸਵਾਰਥ ਭਾਵਨਾ, ਆਪਸੀ ਈਰਖਾ ਤੇ ਜੀਵਨ ਵਿਸੰਗਤੀਆਂ ਨੂੰ ਵੀ ਬੜੀ ਸ਼ਿੱਦਤ ਨਾਲ ਚਿਤਰਦਾ ਹੈ।

ਪੁਸਤਕ ਦੀ ਕਹਾਣੀ 'ਗੋਰੀ ਸਰਕਾਰ' ਵਿਚ ਲੇਖਕ ਜਗੀਰ ਸਿੰਘ (ਸਿੱਖ) ਤੇ ਫੈਜ਼ (ਮੁਸਲਮਾਨ) ਨਾਮ ਦੇ ਬਜ਼ੁਰਗ ਪਾਤਰਾਂ ਦੇ ਮਿਲਾਪ ਤੇ ਵਿਛੜਨ ਨੂੰ ਭਾਵੁਕਤਾ ਨਾਲ ਚਿਤਰਦਾ ਹੈ। ਉਕਤ ਦੋਵੇਂ ਪਾਤਰ 47 ਦੇ ਦੁਖਾਂਤ 'ਤੇ ਵਿਛੜਦੇ ਹਨ ਪਰ ਪਰਵਾਸ ਵਿਚ ਮਿਲ ਪੈਂਦੇ ਹਨ। ਇਹਨਾਂ ਦਾ ਮਿਲਾਪ ਉਦੋਂ ਦੁਖਾਂਤਕ ਤੇ ਨਿਬੜਦਾ ਹੈ ਜਦੋਂ ਜਗੀਰ ਸਿੰਘ ਦੀ ਨੂੰਹ ਇਸ ਮਿਲਾਪ ਨੂੰ ਵਿਛੋੜੇ ਵਿਚ ਤਬਦੀਲ ਕਰ ਦਿੰਦੀ ਹੈ। ਲੇਖਕ 'ਗੋਰੀ ਸਰਕਾਰ' ਦੇ ਬਿੰਬ ਨੂੰ ਦੋ ਅਰਥਾਂ ਵਿਚ ਵਰਤਦਾ ਹੈ। 'ਮਸ਼ੀਨ' ਕਹਾਣੀ ਪਰਵਾਸੀਆਂ ਦੀ ਹੱਡ ਭੰਨਵੀਂ ਮਿਹਨਤ ਪਰ ਪੂੰਜੀਵਾਦ ਸਿਸਟਮ ਦੇ ਭੇਦ-ਭਾਦ ਦਾ ਪਿਛਲਝਾਤ ਬਿਰਤਾਂਤ ਹੈ। 'ਨਾਈਨ ਅਲੈਵਲ' ਕਹਾਣੀ ਵਿਚ ਉਤਮਪੁਰਖੀ ਔਰਤ ਪਾਤਰ ਦੇ ਪਰਿਵਾਰਕ ਤੇ ਸਿੱਖ ਪਾਤਰਾਂ ਦੀ ਵਰਲਡ ਟਰੇਂਡ ਸੈਂਟਰ 'ਤੇ ਹਮਲੇ ਪਿਛੋਂ ਪਛਾਣ ਦੇ ਸੰਕਟਾਂ ਨਾਲ ਜੂਝਦੀ ਹੋਂਦ ਦਾ ਮਾਰਮਿਕ ਪ੍ਰਗਟਾਵਾਂ ਪੇਸ਼ ਹੈ। 'ਸਰਕਾਰੀ ਨਲਕਾ' ਕਹਾਣੀ ਵਿਚ ਸਾਧੂ ਸਿੰਘ ਦੀ ਪਰਿਵਾਰਕ ਗਾਥਾ ਦਾ ਚਿਤਰਨ ਕਰਦਿਆਂ ਪਰਵਾਸੀ ਪੰਜਾਬੀਆਂ ਦੀ ਵਿਦੇਸ਼ਾਂ ਵਿਚ ਸੈਟਲ ਹੋਣ ਲਈ ਰਿਸ਼ਤਿਆਂ ਦਾ ਘਾਣ ਕਰਨ ਵਾਲੀ ਸੋਚ ਦੀ ਰੌਚਿਕ ਪੇਸਕਾਰੀ ਹੋਈ ਹੈ।

ਦਵਿੰਦਰ ਦੀਆਂ ਹੋਰ ਕਹਾਣੀਆਂ ਵੀ ਕਥਾ-ਰਸ ਨਾਲ ਭਰਪੂਰ ਹਨ। ਸੇਮ, ਮੁੰਡਾ, ਸੂਜਨ-ਪਾਮਿਲਾ ਆਦਿ ਵਿਚ ਉਹ ਪਰਵਾਸ ਦੀਆਂ ਜੀਵਨ ਵਿਸੰਗਤੀਆਂ ਨੂੰ ਭਲੀ ਭਾਂਤ ਫੜਦਾ ਹੈ। ਉਸਦੇ ਇਸ ਯਤਨ 'ਚ ਸਵਾਗਤ ਕਰਨਾ ਬਣਦਾ ਹੈ।

## ਤਿੰਨ ਕਿਤਾਬਾਂ ਦੀ ਗੱਲ/ਗੁਰਪ੍ਰੀਤ

**ਲਿਖਤ ਪੜ੍ਹਤ/ਅਮਰਜੀਤ ਚੰਦਨ**

**ਪ੍ਰਕਾਸ਼ਕ : ਨਵਯੁਗ ਦਿੱਲੀ , ਪੰਨੇ : 138 , ਮੁੱਲ : 125 /-**

ਪੰਜਾਬੀ ਨੂੰ ਬਚਾਉਣ ਲਈ ਬਹੁਤ ਸਾਰੇ ਚੰਦਨਾਂ ਦੀ ਲੋੜ ਹੈ ।ਛੰਨਾ ,ਗੁੜ੍ਹਤੀ ,ਗੁਥਲੀ , ਪੋਟਲੀ , ਪੈਂਤੀ , ਪਨ੍ਹਾਂ , ਤੋਤੋ ਤੇ ਅਜਿਹੇ ਕਿੰਨੇ ਹੀ ਹੋਰ ਸ਼ਬਦ ਚੰਦਨ-ਲਿਖਤ ਦੀ ਲਿਸ਼ਕੋਰ ਹੈ ਜੋ ਹਨੇਰੇ ਡੂੰਘੇਰੇ ਤੇ ਅਣਦੇਖੇ ਨੂੰ ਦਿਖਾਉਂਦੀ ਹੈ ।ਇਹਦੀ ਕਵਿਤਾ ਵੀ ਇਹ ਕੰਮ ਕਰਦੀ ਹੈ ਤੇ ਵਾਰਤਕ ਵੀ ।ਬਹੁਤ ਪਹਿਲਾਂ 'ਫੈਲਸੂਫੀਆ' ਦੇ ਪੁੱਠੇ 'ਲ' ਨੇ ਅਪਣੇ ਵੱਲ ਖਿਚਿਆ ਤੇ ਨਵੀਂ ਕਿਤਾਬ 'ਲਿਖਤ ਪੜ੍ਹਤ' ਦੇ 'ਲ' ਦੀ ਅੱਖਰਕਾਰੀ ਨੇ ਵੀ ,ਜੋ ਸੋਲਵੀਂ ਸਦੀ 'ਚ ਲਿਖੀਆਂ ਗੋਇੰਦਵਾਲ ਦੀਆਂ ਪੋਥੀਆਂ ਦੀ ਪੈਂਤੀ ਹੈ ਦਾ ਨਮੂਨਾ ਹੈ ।ਇਸ ਪੱਖ ਤੋਂ ਇਹ ਕਿਤਾਬ ਪੜ੍ਹਨ ਦੀ ਹੀ ਨਹੀਂ ਦੇਖਣ ਦੀ ਵੀ ਹੈ ।

ਇਸ ਕਿਤਾਬ ਵਿਚ ਅਮਰਜੀਤ ਚੰਦਨ ਨੇ ਚੌਦਾਂ ਲੇਖ ਜੋੜੇ ਹਨ ਤੇ ਪੰਦਰਵੀਂ ਅੰਤਿਕਾ । ਅੰਤਿਕਾ ਵਿਚ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਹੈ ਜੋ ਇਹਦੇ ਲੇਖ 'ਕਲਮ ਦੀ ਕਰਾਮਾਤ' ਦਾ ਹੀ ਹਿੱਸਾ ਹੈ ।ਗੁਰੁਸ਼ਬਦ ਰਤਨਾਕਰ ਮਹਾਨਕੋਸ਼ ਵਿਚ ਕਰਾਮਾਤ ਦਾ ਵਧਾਅ ਹੈ : ਸਿੱਧੀ ,ਅਚਰਜ ,ਕਾਵਯ ਦਾ ਉਹ ਗੁਣ ਜੋ ਸ੍ਰੋਤੇ ਤੇ ਵਕਤੇ ਦਾ ਚਿੱਤ ਰੋਸ਼ਨ ਕਰੇ ।ਇਨ੍ਹਾਂ ਲੇਖਾਂ 'ਚ ਇਹੋ ਅਚੰਭਾ ਚੰਦਨ ਕੋਲ ਹੈ ।

ਮੈਂ ਇਹਦਾ ਆਖਰੀ ਲੇਖ 'ਪੰਜਾਬੀ ਦਾ ਸੱਤਿਆਨਾਸ' ਸਭ ਤੋਂ ਪਹਿਲਾਂ ਪੜ੍ਹਦਾ ਹਾਂ।ਇਹ ਹਰ ਪੰਜਾਬੀ ਨੂੰ ਪੜ੍ਹਨਾ ਚਾਹੀਦਾ ਹੈ , ਘੱਟੋ ਘੱਟ ਹਰ ਲੇਖਕ ਨੂੰ ਜ਼ਰੂਰ ।ਇਹਦੇ ਵਿਚ ਚੰਦਨ ਪੰਜਾਬੀ ਸਰੂਪ ਦੇ ਬਦਲਦੇ ਰੂਪ ਦੀ ਗੱਲ ਕਰਦਾ 'ਇਕ' ਦੀ ਦੁਰਵਰਤੋਂ ਨਾਲ ਲਿਖਤ ਸ਼ੁਰੂ ਕਰਦਾ ਹੈ । ਇਸ 'ਇਕ' ਦੇ ਕੋਕੜੂ ਪੰਜਾਬੀ ਦੇ ਵੱਡੇ ਲੇਖਕਾਂ ਦੀਆਂ ਲਿਖਤਾਂ ਤੋਂ ਸ਼ੁਰੂ ਹੋ ਕੇ ਨਵੇਂ ਲੇਖਕਾਂ ਤਕ ਪਾਏ ਜਾਂਦੇ ਨੇ ।ਅੰਮ੍ਰਿਤਾ ਪ੍ਰੀਤਮ ਤੇ ਸੰਤ ਸਿੰਘ ਸੇਖੋਂ ਦੀਆਂ ਲਿਖਤਾਂ 'ਚ ਵੀ ਇਸ 'ਇਕ' ਦੀ ਭਰਮਾਰ ਰਹੀ ਹੈ ।ਚੰਦਨ ਲਿਖਾਰੀਆਂ ਨੂੰ ਬੇਨਤੀ ਕਰਦਾ ਹੈ , " ਲਿਖਾਰੀ ਅਪਣੀ ਬੋਲੀ ਦਾ ਲੱਜਪਾਲ ਹੁੰਦਾ ਹੈ ; ਬੋਲੀ ਨੂੰ ਸਿਰਫ ਲਿਖਾਰੀ ਹੀ ਸੁੱਚੀ ਰੱਖ ਸਕਦਾ ਹੈ ।ਜਿਸ ਬੋਲੀ ਦੀ ਲਾਜ ਉਹਦੇ ਲਿਖਾਰੀ ਹੀ ਰੋਲਣ ਲੱਗ ਜਾਣ , ਉਹਨੂੰ ਕੋਈ ਰੱਬ ਵੀ ਨਹੀਂ ਬਚਾ ਸਕਦਾ ।ਇਨ੍ਹਾਂ ਨੂੰ ਰੋਲਣਾ ਪਾਪ ਹੈ ।" ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਪੜ੍ਹ ਕੇ ਚੰਦਨ ਨੂੰ ਚਾਉ ਚੜ੍ਹਦਾ ਹੈ , ਇਸੇ ਲਈ ਉੜਾ ਰੋਟੀ ਨਾਲ ਉਹ ਇਹਦੀ ਰੂਹ 'ਚ ਉਤਰਦਾ ਹੈ ।ਜੁਗਨੀ , ਧੀ , ਅਮਿਤੋਜ ਦਾ ਪਲੰਘ ਇਸ ਕਿਤਾਬ ਦੇ ਅਜਿਹੇ ਲੇਖ ਹਨ ਜੋ ਇਸਨੂੰ ਖਾਸ ਤੇ ਵੱਖਰੀ ਕਿਤਾਬ ਬਣਾਉਂਦੇ ਹਨ ।ਅਜਿਹੀਆਂ ਕਿਤਾਬਾਂ ਹਰ ਰੋਜ਼ ਛਪਣ ਤੇ ਪਲ਼ ਪਲ਼ ਪੜ੍ਹੀਆਂ ਜਾਣ ਤਾਂ ਪੰਜਾਬੀ ਦਾ ਸਿਰ ਉੱਚਾ ਰਹੇਗਾ ।

## ਕਦੇ ਕਦਾਈਂ/ਅਰਤਿੰਦਰ ਸੰਧੂ

**ਪ੍ਰਕਾਸ਼ਕ : ਲੋਕਗੀਤ ਚੰਡੀਗੜ੍ਹ , ਪੰਨੇ : 120 , ਮੁੱਲ : 150/-**

'ਕਦੇ ਕਦਾਈਂ' ਅਰਤਿੰਦਰ ਸੰਧੂ ਦੀ ਅੱਠਵੀਂ ਕਿਤਾਬ ਹੈ ਜਿਸ ਦਾ ਨਿਚੋੜ ਇਸ ਦੇ ਸਮਰਪਣ 'ਚ ਹੀ ਪਿਆ ਹੈ , " ਜ਼ਿੰਦਗੀ ਦੇ ਉਨ੍ਹਾਂ ਵਰਤਾਰਿਆਂ ਦੇ ਨਾਮ , ਜੋ ਕਦੇ ਕਦਾਈਂ ਵਾਪਰਦੇ ਪਰ ਸੋਚਾਂ ਵਿਚ ਏਨੇ ਗਹਿਰੇ ਖੁਣ ਜਾਂਦੇ ਕਿ ਜ਼ਿੰਦਗੀ ਦੀਆਂ ਤਰਜੀਹਾਂ ਰਸਤੇ ਤੇ ਪੜਾਅ ਬਦਲ ਜਾਂਦੇ।" ਇਹ ਕਾਵਿ-ਪੋਥੀ 'ਸ਼ੁਕਰੀਆ' ਤੋਂ ਸ਼ੁਰੂ ਹੁੰਦੀ ਹੈ ।ਜ਼ਿੰਦਗੀ ਦਾ ਸ਼ੁਕਰੀਆ ਉਹੀ ਕਰਦਾ ਹੈ ,ਜਿਹੜਾ ਜ਼ਿੰਦਗੀ ਨਾਲ ਖਹਿ ਕੇ ਲੰਘਦਾ, ਉਸ ਦੇ ਇਕ ਇਕ ਪਲ ਨੂੰ ਜਿਉਂਦਾ ਹੈ ।ਅਰਤਿੰਦਰ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਉਹਦੀ ਉਮਰ ਦੇ ਲੰਮੇ ਤਜੁਰਬੇ ਦੇ ਨਾਲ ਲਿਖਣ ਅਨੁਭਵ ਨੂੰ ਵੀ ਵੇਖਿਆ ਜਾ ਸਕਦਾ ਹੈ ।

'ਘਰ' ਨਾਂ ਦੀ ਤੇਰਾਂ ਕਵਿਤਾਵਾਂ ਅਸਲ 'ਚ ਘਰ ਦੇ ਤੇਰਾਂ ਦਰਵਾਜ਼ਿਆਂ ਨੂੰ ਸਿਰਜਦੀਆਂ ਹਨ ਜਿਨ੍ਹਾਂ ਵਿਚ ਦੁੱਖਾਂ-ਸੁੱਖਾਂ ਦਾ ਆਉਣ-ਜਾਣ ਹੀ ਘਰਾਂ ਨੂੰ ਘਰ ਬਣਾਉਂਦਾ ਹੈ : ਘਰ ਜਿੰਨਾ ਹੀ ਜ਼ਰੂਰੀ ਹੁੰਦਾ/ ਘਰ ਦਾ ਅਹਿਸਾਸ ( ਪੰਨਾ 32) 'ਕਵਿਤਾ' ਸਿਰਲੇਖ ਹੇਠ ਚਾਰ ਕਵਿਤਾਵਾਂ ਸਿਰਜਣ ਪ੍ਰਕਿਰਿਆ ਦੇ ਨਾਲ ਨਾਲ ਕਵਿਤਾ ਦੇ ਉਸ ਮਹੱਤਵ ਨੂੰ ਵੀ ਸਿਰਜਦੀਆਂ ਹਨ ਜੋ ਜ਼ਿੰਦਗੀ ਨੂੰ ਜਿਉਣ ਜੋਗਾ ਬਣਾਉਂਦੀਆਂ ਹਨ : ਮੇਰੇ ਸਾਰੇ ਹੁਨਰ ਦਾ ਸੋਮਾ/ਅੰਦਰਲੇ ਧੂੰਏਂ ਨਾਲ ਧੁਆਂਖੀ/ਮਿੱਟੀ ਹੀ ਮਿੱਟੀ ਹੈ ਬਸ ( ਪੰਨਾ 87)

'ਸਮੇਂ ਦੀ ਗੁਆਚੀ ਮਸ਼ੀਨ',ਅਮਲਤਾਸ , ਟੋਹਣੀਆਂ , ਮਾਂ ਤੇ ਕਵਿਤਾ , ਲੀਲ੍ਹਾ ਅਤੇ ਖਿਆਲ ਸੁਖਮਭਾਵੀ ਕਵਿਤਾਵਾਂ ਹਨ ਜਿਹੜੀਆਂ ਮਨੁੱਖ ਦੀ ਉਹਦੇ ਅਸਲ ਦੀ ਤਲਾਸ਼ ਵੱਲ ਤੁਰਦੀਆਂ ਸੁਹਜ ਸਿਰਜਦੀਆਂ ਹਨ : ਆਖਰ ਮਨ ਵੀ ਤਾਂ / ਟੋਹਣੀਆਂ ਲੱਭਦਾ / ਜਿੰਨ੍ਹਾਂ ਦੀ ਉਸ ਨੂੰ/ ਸਰੀਰ ਨਾਲੋਂ ਵੀ / ਵਧੇਰੇ ਜ਼ਰੂਰਤ ਹੁੰਦੀ ( ਪੰਨਾ 113)

ਸ਼ੋਹਣੇ ਕਾਗਜ਼ ਅਤੇ ਸੋਹਣੀ ਛਪੀ ਇਹ ਕਿਤਾਬ ਕਦੇ ਕਦਾਈਂ ਬੰਦੇ ਦੇ ਮਨ ਨੂੰ ਜ਼ਰੂਰ ਸੋਚਣ ਲਾਉਂਦੀ ਹੈ ।




## ਬੈਖਰੀ , ਲੇਖਕ : ਮਨਮੋਹਨ


ਮਨਮੋਹਨ ਪੰਜਾਬੀ ਸਾਹਿਤ ਵਿਚ ਚਿੰਤਕ ਤੇ ਕਵੀ ਵਜੋਂ ਵੱਖਰੀ ਥਾਂ ਰੱਖਦਾ । 'ਬੈਖਰੀ' ਇਹਦੀ ਅੱਠਵੀਂ ਕਾਵਿ-ਕਿਤਾਬ ਤੇ ਸੋਲਵੀਂ ਕਿਤਾਬ ਹੈ ।ਇਹਦੇ ਪਹਿਲੇ ਸ਼ਬਦ ਕਵੀ ਨੇ ਕਾਬੁਲ ਤੋਂ ਈਦ ਵਾਲੇ ਦਿਨ ਲਿਖੇ ਹਨ । ਸਮੱਰਪਣ ਨੂਮ ਇਸੇ ਸੰਦਰਭ 'ਚ ਵੀ ਵੇਖਿਆ ਕਾ ਸਕਦਾ ਹੈ , " ਆਪਣੀਆਂ ਉਦਾਸੀਆਂ ਦੇ ਨਾਮ , ਜਿਨ੍ਹਾਂ ਰਾਹੀਂ ਮੈਂ ਅੰਦਰਲੇ ਦੇਸ ਰਟੇ।" ਹਰ ਕਵਿਤਾ ਉਦਾਸੀ ਹੀ ਹੁੰਦੀ ਹੈ ਜਿਸ ਰਾਹੀਂ ਬੰਦਾ ਅੰਦਰਲੇ ਦੇਸ ਰਟਦਾ ਹੈ : ਸ਼ਬਦ / ਹਰ ਸ਼ਖਸ ਵਾਂਗ / ਸ੍ਰਿਸ਼ਟੀ ਦੇ ਸਮੁੱਚ 'ਚ / ਅਣੂ ਤੱਕ 'ਕੱਲਾ/ ਤਾਂ ਵੀ ਦੇਵੇ ਸੰਦਰਭ / ਆਪਣੇ 'ਚੋਂ ਸਗਲ ਸੰਸਾਰ ਨੂੰ ( ਪੰਨਾ 72)

'ਬੈਖਰੀ' ਸ਼ਬਦ ਦਾ ਚੌਥਾ ਭੇਦ/ ਗਤੀ ਹੈ ।ਇਸ ਸ਼ਬਦ ਦੀ ਪੂਰਣਤਾ ਲਈ ਸੁਣਨ ਤੇ ਸਮਝਣ ਵਾਲੇ ਦੀ ਲੋੜ ਹੁੰਦੀ ਹੈ ।ਪਾਠਕ ਨੇ ਇਹਨੂੰ ਪੂਰਣਾ ਹੈ ।ਕਵੀ ਦਾ ਕੰਮ ਖਤਮ ਹੈ ਤੇ ਪਾਠਕ ਦਾ ਸ਼ੁਰੂ । ਪਾਠਕ ਵੀ ਤਾਂ ਕਵੀ ਹੀ ਹੁੰਦਾ ਹੈ ਜੋ ਲਿਖੇ ਹੋਏ ਨੂੰ ਮੁੜ ਸਿਰਜਦਾ ਹੈ ।ਮੈਨੂੰ ਲਗਦਾ ਹੈ ਕਵਿਤਾ ਵਾਰ ਵਾਰ ਲਿਖੀ ਜਾਂਦੀ ਹੈ ਤੇ ਉਹ ਹਰ ਵਾਰ ਨਿਵੇਕਲੇ ਅਨੁਭਵ ਤੇ ਨਿੱਗਰ ਅਹਿਸਾਸਾਂ ਨਾਲ ਨਵੀਂ ਹੁੰਦੀ ਹੈ : ਪਾਰ .... ਉਸ ਤੋਂ ਵੀ ਪਰ੍ਹਾਂ ...ਕੀ ...?/ ਨਹੀਂ ਜਾਣਦਾ ਮੈਂ ....( ਪੰਨਾ 13)

ਮਨਮੋਹਨ ਦੀਆਂ ਕਵਿਤਾਵਾਂ ਕੋਲ ਕਾਵਿਕ ਸ਼ਬਦ ਵੀ ਨੇ ਕਾਵਿਕ ਪ੍ਰਭਾਵ ਵੀ । ਅਫਗਾਨਿਸਤਾਨ' ਸਿਰਲੇਖ ਹੇਠ ਪੰਜ ਕਵਿਤਾਵਾਂ ਦਰਜ਼ ਹਨ ਜੋ ਬੰਦੇ ਨੂੰ ਅਨੰਤਤਾ ਦੇ ਅਰਥ ਦਸਦੀਆਂ ਇਹਦੇ ਨਾਲ ਜੋੜਦੀਆਂ ਨੇ ।ਮੂਡ ਸਕੇਪ , ਜ਼ੈਨ ਕਵਿਤਾਵਾਂ , ਸੰਗੀਤ ਕਵਿਤਾਵਾਂ ਸਿਰਫ ਕਵਿਤਾਵਾਂ ਹੀ ਨਹੀਂ ਹਨ ਸਗੋਂ ਕਈ ਕਲਾਵਾਂ ਦਾ ਸੁਮੇਲ ਹਨ ।






ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਡੀ-218, ਫੋਕਲ ਪੁਆਇੰਟ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।